142

32

Punjab Vidhan Sabha Debates

2nd June, 1986

Vol. III—No. 1

OFFICIAL REPORT



CONTENTS

Monday, the 2nd June, 1986

Punjab Vidhan Sabha Secretariat, Chandigarh.

Price : Rs 37.00

PUNJAB VIDHAN SABHA

Monday, the 2nd June, 1986

The Vidhan Sabha met in the Punjab Vidhan Sabha Hall, Vidhan Bhavan, Chandigarh, at 2.00 P.M. of the Clock.Mr. Acting Speaker (Pandit Mohan Lal) in the Chair.

Announcement by the Secretary

ਸ੍ਰੀ ਸਕੱਤਰ : ਮੈਂ ਸਦਨ ਨੂੰ ਸੂਚਿਤ ਕਰਨਾ ਹੈ ਕਿ ਸਰਦਾਰ ਰਵੀ ਇੰਦਰ ਸਿੰਘ ਨੇ 27 ਮਈ, 1986 ਬਾਅਦ ਦੁਪਹਿਰ ਨੂੰ ਸਪੀਕਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

ਮੈਂ ਸਦਨ ਨੂੰ ਇਹ ਵੀ ਸੂਚਿਤ ਕਰਨਾ ਹੈ ਕਿ ਸਰਦਾਰ ਨਿਰਮਲ ਸਿੰਘ ਕਾਹਲੋਂ, ਡਿਪਟੀ ਸਪੀਕਰ ਨੇ 6 ਮਈ, 1986 ਬਾਅਦ ਦੁਪਹਿਰ ਨੂੰ ਡਿਪਟੀ ਸਪੀਕਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

(ਜਿਸ ਵੇਲੇ ਸ੍ਰੀ ਸਕੱਤਰ ਅਨਾਊਂਸਮੈਂਟ ਕਰ ਰਹੇ ਸਨ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵਲੋਂ ਨਾਹਰੇ ਲਗਾਏ ਜਾ ਰਹੇ ਸਨ ** ** ** ** ** ** **

I have to inform the House that the Governor under clause (1) of Article 180 of the Constitution of India has appointed Pandit Mohan Lal, M.L.A., to perform the duties of the office of Hon'ble Speaker of the Punjab Vidhan Sabha till a Speaker is chosen under Article 178 of the Constitution of India (Thumping).

(At this stage Pandit Mohan Lal, M.L.A., occupied the Chair amidst cheers)

OBITUARY REFERENCES

ਸ੍ਰੀ ਕਾਰਜਕਾਰੀ ਸਪੀਕਰ: ਮੈਂਬਰ ਸਾਹਿਬਾਨ, ਬੜੇ ਦੁੱਖ ਨਾਲ ਆਪ ਨੂੰ ਸੂਚਿਤ ਕਰ ਰਿਹਾ ਹਾਂ ਕਿ ਸਾਡੇ ਇਕ ਮੈਂਬਰ ਸਾਹਿਬ, ਸਰਦਾਰ ਸੰਤ ਸਿੰਘ ਜੀ ਗਿੱਲ ਔਰ ਦੋ ਸਾਬਕ ਮੈਂਬਰ ਸਾਹਿਬਾਨ ਸਰਦਾਰ ਗੁਰਦੇਵ ਸਿੰਘ ਸ਼ਾਂਤ, ਐਕਸ-ਐਮ.ਐਲ.ਏ., ਔਰ ਸਰਦਾਰ ਜਗਜੀਤ ਸਿੰਘ ਗੋਗੋਆਨੀ, ਐਕਸ-ਐਮ.ਐਲ.ਏ., ਦਾ ਦਿਹਾਂਤ ਹੋ ਗਿਆ ਹੈ ਔਰ ਇਹ ਬੜੇ ਦੁੱਖ ਦੀ ਬਾਤ ਹੈ। ਚੀਫ ਮਨਿਸਟਰ ਸਾਹਿਬ ਇਸ ਦੇ ਮੁਤੱਅਲਕ ਸ਼ੋਕ ਪ੍ਰਸਤਾਵ ਰਖਣਗੇ ਔਰ ਇਸ ਤੋਂ ਬਾਅਦ ਹੋਰ ਮੈਂਬਰ ਸਾਹਿਬਾਨ ਨੂੰ ਇਸ ਤੇ ਕਹਿਣ ਦਾ ਮੌਕਾ ਮਿਲੇਗਾ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਮੈਂ ਬਹੁਤ ਦੁਖ ਅਤੇ ਅਫਸੋਸ ਨਾਲ ਸਰਦਾਰ ਸੰਤ ਸਿੰਘ ਗਿੱਲ ਨੂੰ ਆਪਣੀ ਸਨਿਮਰ ਸ਼ਰਧਾਂਜਲੀ ਭੇਂਟ ਕਰਦਾ ਹਾਂ, ਜਿਨ੍ਹਾਂ ਦੇ ਬੇਦਰਦਾਨਾ ਕਤਲ ਨਾਲ ਰਾਜ ਨੂੰ ਗਹਿਰਾ ਸਦਮਾ ਅਤੇ ਦੁੱਖ ਪੁੱਜਾ ਹੈ। ਉਨ੍ਹਾਂ ਦੀ ਮੌਤ ਨਾਲ ਰਾਜ

**Expunged under orders of the Speaker.

[ਮੁੱਖ ਮੰਤਰੀ]

ਇੱਕ ਗਤੀਸ਼ੀਲ ਅਤੇ ਦੈਵੀ ਗੁਣਾਂ ਵਾਲੇ ਆਗੂ ਤੋਂ ਵਾਂਝਿਆ ਹੋ ਗਿਆ ਹੈ। ਇਸ ਦੁਰਘਟਨਾ ਨੇ ਸਾਨੂੰ ਇਸ ਤੱਥ ਤੋਂ ਚੇਤੰਨ ਕਰ ਦਿੱਤਾ ਹੈ ਕਿ ਹਿੰਸਾ ਅਤੇ ਲੋਕ ਤੰਤਰ ਨਾਲੋ ਨਾਲ ਨਹੀਂ ਚਲ ਸਕਦੇ।

ਉਹ ਪਿਛਲੀਆਂ ਆਮ ਚੋਣਾਂ ਦੌਰਾਨ ਕਾਂਗਰਸ ਪਾਰਟੀ ਵਲੋਂ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਸਨ। ਭਾਵੇਂ ਉਹ ਮੌਜੂਦਾ ਵਿਧਾਨ ਸਭਾ ਦੇ ਥੋੜ੍ਹੀ ਦੇਰ ਹੀ ਮੈਂਬਰ ਰਹੇ ਹਨ ਫੇਰ ਵੀ ਵਿਧਾਨ ਸਭਾ ਦੇ ਇਤਿਹਾਸ ਨੂੰ ਉਨ੍ਹਾਂ ਦੀ ਦੇਣ ਮਹੱਤਵਪੂਰਨ ਅਤੇ ਸ਼ਲਾਘਾ ਯੋਗ ਹੈ। ਉਹ ਆਪਣੇ ਪਿਛੇ ਮਿੱਠੀਆਂ ਯਾਦਾਂ ਛੱਡ ਗਏ ਹਨ। ਉਹ ਅੰਮ੍ਰਿਤਸਰ ਜ਼ਿਲ੍ਹੇ ਵਿਚ ਰਈਆ ਬਲਾਕ ਦੀ ਕਾਂਗਰਸ (ਆਈ) ਕਮੇਟੀ ਦੇ ਪ੍ਰਧਾਨ ਸਨ। ਉਨ੍ਹਾਂ ਦੀ ਮੌਤ ਨਾਲ ਪੰਜਾਬ ਪਾਸੋਂ ਇਕ ਦਿਆਨਤਦਾਰ ਤੇ ਗਤੀਸ਼ੀਲ ਆਗੂ ਖੁਸ ਗਿਆ ਹੈ ਜਿਸ ਨੇ ਰਾਜ ਦੀ ਭਲਾਈ ਲਈ ਆਪਣਾ ਜੀਵਨ ਅਰਪਨ ਕਰ ਦਿੱਤਾ। ਅਸੀਂ ਰਾਜ ਦੇ ਲੋਕਾਂ ਲਈ ਕੀਤੀਆਂ ਉਨ੍ਹਾਂ ਦੀਆਂ ਸੇਵਾਵਾਂ ਕ੍ਰਿਤਗਤਾ ਨਾਲ ਯਾਦ ਕਰਦੇ ਹਾਂ।

ਸਪੀਕਰ ਸਾਹਿਬ, ਸਰਦਾਰ ਗੁਰਦੇਵ ਸਿੰਘ ਸ਼ਾਂਤ ਇੱਕ ਅਨੁਭਵੀ ਰਾਜਸੀ ਆਗੂ ਅਤੇ ਪ੍ਰਸਿਧ ਸਿਆਸਤਦਾਨ ਅਤੇ ਬਹੁਤ ਵਧੀਆ ਬੁਲਾਰੇ ਸਨ। ਉਨ੍ਹਾਂ ਨੇ ਪੰਜਾਬ ਦੀ ਅਨੂਠੀ ਸੇਵਾ ਕੀਤੀ ਅਤੇ ਪੰਜਾਬ ਦੀ ਰਾਜਨੀਤੀ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ। ਉਹ ਘੋਲੀਆਂ ਤੋਂ 1964 ਤੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਅਤੇ 1968 ਵਿਚ ਉਨ੍ਹਾਂ ਨੂੰ ਇਸ ਦੇ ਜੂਨੀਅਰ ਮੀਤ ਪ੍ਰਧਾਨ ਬਣਨ ਦਾ ਮਾਣ ਮਿਲਿਆ। ਉਹ ਅਕਾਲੀ ਦਲ ਦੇ ਇਕ ਸੱਚੇ ਵਰਕਰ ਸਨ ਅਤੇ 1969 ਵਿੱਚ ਇਸ ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਵੀ ਰਹੇ ਹਨ। ਸਿਖਿਆ ਦੇ ਖੇਤਰ ਵਿਚ ਵੀ ਉਨ੍ਹਾਂ ਦਾ ਯੋਗਦਾਨ ਸ਼ਲਾਘਾਯੋਗ ਹੈ। ਉਹ ਗੁਰੂ ਨਾਨਕ ਕਾਲਜ ਮੋਗਾ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੁਆਰਾ ਚਲਾਏ ਸਕੂਲਾਂ ਦੇ ਮੈਂਬਰ ਸਨ। ਉਹ 1977 ਵਿੱਚ ਸਤਵੀਂ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਸਨ। ਵਿਧਾਨ ਸਭਾ ਦੇ ਇਤਿਹਾਸ ਵਿੱਚ ਉਨ੍ਹਾਂ ਦਾ ਯੋਗਦਾਨ ਮਹੱਤਵਪੂਰਨ ਹੈ।

ਉਨ੍ਹਾਂ ਦੀ ਮੌਤ ਨਾਲ ਪੰਜਾਬ ਇਕ ਸਿਦਕੀ ਸਿਆਸਤਦਾਨ ਅਤੇ ਅਨੁਭਵੀ ਸੰਸਦੀ ਤੋਂ ਵਾਂਝਿਆ ਹੋ ਗਿਆ ਹੈ।

ਮੈਂ ਸਰਦਾਰ ਜਗਜੀਤ ਸਿੰਘ ਗੋਗੋਆਨੀ ਨੂੰ ਵੀ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ ਜਿਹੜੇ 1962 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਸਨ। ਉਹ ਵਿਧਾਨ ਸਭਾ ਦੀ ਕਾਰਵਾਈ ਵਿਚ ਸਰਗਰਮ ਹਿੱਸਾ ਲੈਂਦੇ ਸਨ ਅਤੇ ਇਉਂ ਉਨ੍ਹਾਂ ਇਕ ਮਹੱਤਵਪੂਰਨ ਯੋਗਦਾਨ ਪਾਇਆ। ਉਹ ਇਕ ਪ੍ਰਸਿੱਧ ਪੱਤਰਕਾਰ ਸਨ ਅਤੇ ਪੱਤਰਕਾਰੀ ਦੇ ਵਿਕਾਸ ਵਿੱਚ ਵੀ ਉਨ੍ਹਾਂ ਚਿਰਸਥਾਈ ਯੋਗਦਾਨ ਪਾਇਆ ਹੈ। ਉਹ ਖਾਲਸਾ ਸੇਵਕ ਅਤੇ ਦੈਨਿਕ ਕੌਮੀ ਦਰਦ ਦੇ ਸੰਪਾਦਕ ਰਹੇ ਹਨ। ਉਨ੍ਹਾਂ ਆਪਣੀਆਂ ਲਿਖਤਾਂ ਰਾਹੀਂ ਆਮ ਲੋਕਾਂ ਦੀ ਸੋਚ ਨੂੰ ਨਵੀਂ ਸੇਧ ਦਿੱਤੀ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸਨ। ਉਨ੍ਹਾਂ ਨੇ ਸਹਿਕਾਰੀ ਲਹਿਰ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਉਹ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਜ਼ੀਰਾ ਬਲਾਕ ਸਲਾਹਕਾਰ ਕਮੇਟੀ ਦੇ ਵੀ ਮੈਂਬਰ ਸਨ। ਉਨ੍ਹਾਂ ਦੀ ਮੌਤ ਨਾਲ ਪੰਜਾਬ ਪਾਸੋਂ ਪੰਜਾਬੀ ਭਾਸ਼ਾ ਦਾ ਇਕ ਪ੍ਰਸਿੱਧ ਪੱਤਰਕਾਰ ਅਤੇ ਸਿਆਸਤਦਾਨ ਖੁਸ ਗਿਆ ਹੈ।

ਸਪੀਕਰ ਸਾਹਿਬ, ਮੈਂ ਤਜਵੀਜ਼ ਕਰਦਾ ਹਾਂ ਜਦੋਂ ਸਾਰਿਆਂ ਵਲੋਂ ਸ਼ਰਧਾਂਜਲੀਆਂ ਹੋ ਜਾਣ ਤਾਂ ਸਾਰੇ ਮੈਂਬਰ ਸਾਹਿਬਾਨ ਦੋ ਮਿੰਟਾਂ ਲਈ ਖੜ੍ਹੇ ਹੋ ਜਾਣ ਅਤੇ ਮੌਨ ਧਾਰਣ ਕਰਨ ਅਤੇ ਇਸ ਸ਼ੋਕ ਮਤੇ ਦੀਆਂ ਕਾਪੀਆਂ ਉਨ੍ਹਾਂ ਦੇ ਪ੍ਰੀਵਾਰਾਂ ਨੂੰ ਭੇਜ ਦਿੱਤੀਆਂ ਜਾਣ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ (ਮੁਕਤਸਰ) : ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸਰਦਾਰ ਸੰਤ ਸਿੰਘ ਗਿੱਲ ਜੀ ਦੀ ਮੌਤ ਤੇ ਸ਼ਰਧਾਂਜਲੀ ਭੇਂਟ ਕਰ ਰਹੀ ਹਾਂ। ਸਰਦਾਰ ਸੰਤ ਸਿੰਘ ਗਿੱਲ ਦਾ ਜਨਮ 17 ਮਈ, 1939 ਨੂੰ ਹੋਇਆ। ਪਹਿਲੀ ਦਫਾ ਨੌਵੀਂ ਪੰਜਾਬ ਵਿਧਾਨ ਸਭਾ ਵਿੱਚ ਮੈਂਬਰ ਚੁਣਕੇ ਆਏ। ਦੋ ਟਰਮਜ਼ ਲਿੱਦੜ ਪਿੰਡ ਦੇ ਸਰਪੰਚ ਰਹੇ ਔਰ ਮਾਰਕਿਟਿੰਗ ਸੁਸਾਇਟੀ ਰੱਈਆ ਦੇ ਤਿੰਨ ਸਾਲ ਪ੍ਰੈਜ਼ੀਡੈਂਟ ਰਹੇ। ਪ੍ਰੈਜ਼ੀਡੈਂਟ, ਬਲਾਕ ਕਾਂਗਰਸ (ਆਈ) ਰਹੇ, ਬਲਾਕ ਸੰਮਤੀ ਦੇ ਮੈਂਬਰ ਰਹੇ ਔਰ ਮਾਰਕਿਟ ਕਮੇਟੀ ਦੇ ਮੈਂਬਰ ਰਹੇ। ਸਬ ਡਵੀਜ਼ਨ ਪੀਸ ਕਮੇਟੀ ਦੇ ਮੈਂਬਰ ਰਹੇ ਔਰ ਬਹੁਤ ਸਾਰੀਆਂ ਸੋਸ਼ਲ ਆਰਗੇਨਾਈਜ਼ੇਸ਼ਨਜ਼ ਨਾਲ ਅਸੋਸੀਏਟਿਡ ਰਹੇ। 28 ਅਪ੍ਰੈਲ, 1986 ਨੂੰ ਇਸ ਚੜ੍ਹਦੇ ਸਿਤਾਰੇ ਨੂੰ ਖਤਮ ਕਰ ਦਿੱਤਾ ਗਿਆ। ਉਸ ਦਿਨ ਉਨ੍ਹਾਂ ਦੀ 47 ਸਾਲ ਦੀ ਉਮਰ ਸੀ।

ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਕਿਸ ਤਰ੍ਹਾਂ ਉਸ ਆਦਮੀ ਨੂੰ ਖਤਮ ਕਰ ਦਿੱਤਾ ਗਿਆ ਜਿਹੜਾ ਕਿ ਹਿੰਦੂ-ਸਿੱਖ ਏਕਤਾ ਚਾਹੁੰਦਾ ਸੀ। ਜਦੋਂ ਗਵਰਨਰ ਸਾਹਿਬ ਨੂੰ ਮਿਲੇ ਤਾਂ ਉਨ੍ਹਾਂ ਨੇ ਕਿਹਾ ਕਿ ਪਿੰਡਾਂ ਦੇ ਲੋਕ ਬਿਲਕੁਲ ਨਹੀਂ ਚਾਹੁੰਦੇ ਕਿ ਹਿੰਦੂ ਪੰਜਾਬ ਵਿਚੋਂ ਜਾਵੇ ਬਲਕਿ ਪਿੰਡਾਂ ਦੇ ਲੋਕ ਤਾਂ ਹਿੰਦੂ ਜੋ ਕਿ ਇਥੇ ਮਿਨਾਰਿਟੀ ਵਿਚ ਹਨ ਉਨ੍ਹਾਂ ਦੀ ਫੁਲ ਪ੍ਰੋਟੈਕਸ਼ਨ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਤੁਸੀਂ ਮੇਰੇ ਪਿੰਡ ਆਓ ਅਤੇ ਅਸੀਂ ਉਥੇ ਮੀਟਿੰਗ ਕਰੀਏ ਔਰ ਹਿੰਦੂ ਸਿੱਖ ਏਕਤਾ ਦਾ ਪ੍ਰਚਾਰ ਕਰੀਏ। ਮੈਨੂੰ ਉਹ ਦਿਨ ਨਹੀਂ ਭੁਲਣਾ ਜਦੋਂ ਉਨ੍ਹਾਂ ਦੀ ਮੌਤ ਤੋਂ ਬਾਅਦ ਅਸੀਂ ਉਨ੍ਹਾਂ ਦੇ ਪਿੰਡ ਗਏ ਤਾਂ ਕਿਸ ਤਰ੍ਹਾਂ ਨਾਲ ਉਥੇ ਲੋਕ, ਉਨ੍ਹਾਂ ਦੀ ਪਤਨੀ ਅਤੇ ਉਨ੍ਹਾਂ ਦੇ ਬੱਚੇ ਦੁੱਖ ਨਾਲ ਕੁਰਲਾ ਰਹੇ ਸਨ। ਬੜੇ ਅਫਸੋਸ ਦੀ ਗੱਲ ਹੈ ਕਿ ਇਕ ਲੱਖ ਆਦਮੀਆਂ ਨੇ ਚੁਣਕੇ ਉਨ੍ਹਾਂ ਨੂੰ ਐਮ.ਐਲ.ਏ., ਬਣਾਇਆ ਸੀ ਕਿ ਉਨ੍ਹਾਂ ਨੂੰ ਰਿਪਰਜ਼ੈਂਟ ਕਰੇਗਾ, ਇਨ੍ਹਾਂ ਦੀ ਮੌਤ ਨਾਲ ਉਨ੍ਹਾਂ ਤੇ ਇਹ ਇਕ ਵੱਡੀ ਚਪੇੜ ਹੈ।

ਸਰਦਾਰ ਗੁਰਦੇਵ ਸਿੰਘ ਸ਼ਾਂਤ ਨੇ ਪਿੰਡ ਬਲਾਸਪੁਰ, ਤਹਿਸੀਲ ਮੋਗਾ ਵਿਚ ਜਨਮ ਲਿਆ। ਗੌਰਮਿੰਟ ਮਿਡਲ ਸਕੂਲ, ਬਿਲਾਸਪੁਰ ਵਿਚ ਤਾਲੀਮ ਹਾਸਲ ਕੀਤੀ। ਪਹਿਲੀ ਦਫਾ 1977 ਵਿਚ ਵਿਧਾਨ ਸਭਾ ਦੇ ਮੈਂਬਰ ਬਣੇ। ਐਸ.ਜੀ.ਪੀ.ਸੀ. ਦੇ ਜੂਨੀਅਰ ਵਾਈਸ ਪ੍ਰੈਜ਼ੀਡੈਂਟ ਰਹੇ। ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਰਹੇ। ਉਹ 29 ਅਪ੍ਰੈਲ, 1986 ਨੂੰ 51 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

ਇਸੇ ਤਰ੍ਹਾਂ ਸਰਦਾਰ ਜਗਜੀਤ ਸਿੰਘ ਗੋਗੋਆਣੀ ਨੇ 21 ਅਕਤੂਬਰ, 1905 ਨੂੰ ਜਨਮ ਲਿਆ। ਉਨ੍ਹਾਂ ਨੇ ਗੌਰਮਿੰਟ ਹਾਈ ਸਕੂਲ ਫਿਰੋਜ਼ਪੁਰ ਅਤੇ ਦਿਆਲ ਸਿੰਘ ਕਾਲਜ, ਲਾਹੌਰ, ਵਿਚ ਤਾਲੀਮ ਹਾਸਲ ਕੀਤੀ। 1938 ਤੋਂ 1951 ਤਕ ਡੇਅਲੀ ਪੇਪਰ 'ਖਾਲਸਾ ਸੇਵਕ' ਚਲਾਉਂਦੇ ਰਹੇ। 1944 ਤੋਂ ਐਸ.ਜੀ.ਪੀ.ਸੀ. ਦੇ ਮੈਂਬਰ ਰਹੇ। ਸ਼੍ਰੋਮਣੀ ਅਕਾਲੀ ਦਲ ਦੇ ਐਕਟਿਵ ਮੈਂਬਰ ਔਰ ਜਨਰਲ ਸੈਕਟਰੀ ਰਹੇ। 1956--59 ਤਕ ਕੋਆਪ੍ਰੇਟਿਵ ਮੂਵਮੈਂਟ ਵਿਚ ਇਨ੍ਹਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ।

81 ਸਾਲ ਦੀ ਉਮਰ ਭੋਗ ਕੇ 24 ਮਈ, 1986 ਨੂੰ ਅਕਾਲ ਚਲਾਣਾ ਕਰ ਗਏ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਨ੍ਹਾਂ ਸਾਰਿਆਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹਾਂ ਔਰ ਮੇਰੀ,

[ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ]

ਸਪੀਕਰ ਸਾਹਿਬ, ਰਿਕੁਐਸਟ ਹੈ ਕਿ ਹਾਊਸ ਕੁੱਝ ਚਿਰ ਵਾਸਤੇ ਸ਼ਰਧਾਂਜਲੀਆਂ ਭੇਂਟ ਕਰਨ ਤੋਂ ਬਾਅਦ ਐਡਜਰਨ ਕੀਤਾ ਜਾਵੇ ਅਤੇ ਫਿਰ ਸ਼ਾਮ ਨੂੰ ਜਿਸ ਤਰ੍ਹਾਂ ਛੇ ਵਜੇ ਮਿਲਣਾ ਹੈ, ਉਹ ਹੋ ਜਾਵੇ।

ਦੂਸਰਾ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਇਸ ਤਰ੍ਹਾਂ ਇਕ ਮੈਂਬਰ ਦਾ ਮਾਰਿਆ ਜਾਣਾ ਜਿਵੇਂ ਗਿੱਲ ਸਾਹਿਬ ਹਨ, ਮੈਂ ਚੀਫ ਮਨਿਸਟਰ ਨੂੰ ਰਿਕੁਐਸਟ ਕਰਾਂਗੀ ਕਿ ਕੋਈ ਸਕੂਲ ਉਨ੍ਹਾਂ ਦੇ ਨਾਮ ਤੇ ਜਾਂ ਕੋਈ ਐਸੀ ਸੰਸਥਾ ਉਨ੍ਹਾਂ ਦੇ ਨਾਮ ਤੇ ਰੱਖੀ ਜਾਵੇ ਤਾਕਿ ਲੋਕੀ ਉਸ ਨੂੰ ਯਾਦ ਕਰ ਸਕਣ। (ਥੰਪਿੰਗ)

ਸ੍ਰੀ ਮਨਮੋਹਨ ਕਾਲੀਆ (ਜਲੰਧਰ ਕੇਂਦਰੀ) : ਸਪੀਕਰ ਸਾਹਿਬ, ਜੋ ਵੀ ਪੈਦਾ ਹੁੰਦਾ ਹੈ ਉਸ ਨੇ ਮਰਨਾ ਜ਼ਰੂਰ ਹੁੰਦਾ ਹੈ। ਬੜੇ ਆਦਮੀ ਦੀ ਯਾਦ ਰਹਿ ਜਾਂਦੀ ਹੈ। ਲੇਕਿਨ ਗਿੱਲ ਸਾਹਿਬ ਦੀ ਮੌਤ ਬੜੀ ਦੁਖਦਾਈ ਮੌਤ ਹੈ। ਜਿਥੇ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰ ਰਹੇ ਹਾਂ ਉਥੇ ਸਾਨੂੰ ਇਹ ਸੋਚਣਾ ਹੋਵੇਗਾ ਕਿ ਉਨ੍ਹਾਂ ਦੀ ਮੌਤ ਕਿਸ ਹਾਲਤ ਵਿਚ ਹੋਈ। ਅਗਰ ਪੰਜਾਬ ਦੇ ਅੰਦਰ ਇਕ ਐਮ.ਐਲ.ਏ. ਸੇਫ ਨਹੀਂ ਹੈ ਤਾਂ ਆਮ ਆਦਮੀ ਦੀ ਕੀ ਹਾਲਤ ਹੋਵੇਗੀ। ਇਹ ਵੀ ਦੇਖਣ ਵਾਲੀ ਗੱਲ ਹੈ। ਸਰਕਾਰ ਨੂੰ, ਸਾਰਿਆਂ ਨੂੰ ਇਸ ਚੀਜ਼ ਨੂੰ ਦੇਖਣਾ ਪਵੇਗਾ ਕਿ ਇਹ ਜੋ ਕੁੱਟ ਮਾਰ ਹੁੰਦੀ ਹੈ, ਦਿਨ ਦਿਹਾੜੇ ਕਤਲ ਹੁੰਦੇ ਹਨ ਅਤੇ ਇਹ ਕੰਮ ਵਧਦਾ ਹੀ ਗਿਆ, ਇਹ ਇਕ ਬੜੀ ਗਹਿਰਾਈ ਵਿਚ ਸੋਚਣ ਵਾਲੀ ਗੱਲ ਹੈ। ਮੈਂ ਜਿਥੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦਾ ਹਾਂ ਉਥੇ ਉਮੀਦ ਕਰਦਾ ਹਾਂ ਬਰਨਾਲਾ ਜੀ ਕੋਲੋਂ ਕਿ ਐਸੇ ਕਦਮ ਉਠਾਏ ਜਾਣ ਤਾਕਿ ਆਇੰਦਾ ਮਸੂਮਾਂ ਦੇ ਕਤਲ ਬੰਦ ਹੋਣੇ ਚਾਹੀਦੇ ਹਨ।

ਸ਼ਾਂਤ ਜੀ ਮੇਰੇ ਨਾਲ 1977 ਵਿਚ ਮੈਂਬਰ ਰਹੇ। ਉਹ ਬੜੇ ਅੱਛੇ ਪਾਰਲੀਮੈਂਟੇਰੀਅਨ ਸਨ ਔਰ ਡੈਮੋਕਰੇਟਿਕ ਨਾਰਮਜ਼ ਵਿਚ ਪੂਰਾ ਵਿਸ਼ਵਾਸ ਰੱਖਦੇ ਸਨ। ਪੱਤਰਕਾਰ ਦੇ ਨਾਤੇ ਵੀ ਮੇਰਾ ਥੋੜ੍ਹਾ ਜਿਹਾ ਗੋਗੋਆਨੀ ਜੀ ਦੇ ਨਾਲ ਸਬੰਧ ਰਿਹਾ ਹੈ ਕਿਉਂਕਿ ਉਨ੍ਹਾਂ ਦਾ ਅਖਬਾਰ ਜਿਹੜਾ ਸੀ ਉਹ ਮੇਰੇ ਮੁਹੱਲੇ ਤੋਂ, ਸੈਂਟਰਲ ਟਾਊਨ ਵਿਚ ਛਪਦਾ ਸੀ। ਉਹ ਬਹੁਤ ਅੱਛੇ ਇਨਸਾਨ ਸਨ। ਮੈਂ ਅਪਣੇ ਵਲੋਂ ਔਰ ਆਪਣੀ ਪਾਰਟੀ ਵਲੋਂ ਇਨ੍ਹਾਂ ਸਾਰਿਆਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਦੇ ਇਸ ਰੈਜ਼ੋਲਿਊਸ਼ਨ ਦੀ ਅੱਖਰ ਅੱਖਰ ਦੀ ਤਾਈਦ ਕਰਦਾ ਹਾਂ ਔਰ ਉਹ ਜਜ਼ਬਾਤ ਜਿਹੜੇ ਕਾਲੀਆ ਸਾਹਿਬ ਨੇ ਪੇਸ਼ ਕੀਤੇ ਹਨ ਕਿ ਪੰਜਾਬ ਵਿਚ, ਸਾਰੇ ਹਿੰਦੁਸਤਾਨ ਵਿਚ ਜਿਥੇ ਪਹਿਲੇ ਅਮਨ ਸੀ ਅੱਜ ਉਸ ਦੀਆਂ ਦਾਸਤਾਨਾਂ ਦਿਲ ਹਿਲਾ ਦੇਣ ਵਾਲੀਆਂ ਹਨ ਔਰ ਸਾਰੇ ਦੇਸ਼ ਦੇ ਅੰਦਰ ਇਸ ਦਾ ਅਹਿਸਾਸ ਕੀਤਾ ਜਾਂਦਾ ਹੈ। ਇਸ ਦੇ ਕੀ ਕਾਰਨ ਹਨ ? ਇਹ ਕਿਉਂ ਗੱਲ ਹੋਈ ਹੈ ? ਇਸ ਦਾ ਪਿਛੋਕੜ ਕੀ ਹੈ ? ਇਹ ਅੱਜ ਬਹਿਸ ਦਾ ਮਜ਼ਮੂਨ ਨਹੀਂ। ਇਸ ਵੇਲੇ ਅਸੀਂ ਇਸ ਸ਼ੋਕ ਸਭਾ ਵਿਚ ਇਥੇ ਬਾਤ ਕਰ ਰਹੇ ਹਾਂ। ਜਿਸ ਦਿਨ ਗਿੱਲ ਸਾਹਿਬ ਜੀ ਦਾ ਕਤਲ ਹੋਇਆ ਮੈਂ ਉਸ ਦਿਨ ਉਨ੍ਹਾਂ ਦੇ ਪਿੰਡ ਵਿਚ ਪਹੁੰਚਿਆ ਸੀ। ਉਨ੍ਹਾਂ ਦੇ ਪਿਤਾ ਨੂੰ, ਮਾਤਾ ਨੂੰ ਬੱਚਿਆਂ ਨੂੰ ਔਰ ਬਾਕੀ ਬੇਸ਼ੁਮਾਰ ਸ਼ੋਕਨਾਵਾਂ ਨੂੰ ਜਿਥੇ ਉਨ੍ਹਾਂ ਦੀ ਤਾਰੀਫ ਕਰਦੇ ਸਨ ਉਥੇ ਉਸ ਗਮ ਵਿਚ ਨਿਢਾਲ ਹੋਇਆ ਨੂੰ ਵੇਖਿਆ। ਜੋ ਉਸ ਵੇਲੇ ਉਥੇ ਦਾ ਸੀਨ ਸੀ ਉਹ ਸਾਰਾ-ਸੀਨ ਵੇਖਿਆ ਔਰ ਉਹ ਚੀਜ਼ ਸਾਰਿਆਂ ਲਈ ਵੀ, ਸਮਾਜ ਲਈ ਵੀ, ਸਾਡੇ ਲੋਕਾਂ ਵਾਸਤੇ ਵੀ, ਸਰਕਾਰ ਔਰ ਪਾਲੇਟਿਕਸ ਵਿਚ ਜਿਹੜੇ ਹਨ ਔਰ ਜਿਨ੍ਹਾਂ ਦੇ ਸਾਹਮਣੇ ਮਜਿਜ਼ ਆਏ ਨੀਆਂ

ਗਰਜ਼ਾਂ ਹੋਣ ਉਨ੍ਹਾਂ ਦੇ ਦਿਲਾਂ ਦੇ ਅੰਦਰ ਉਹ ਐਸੇ ਐਕਸ਼ਨ, ਮਨ ਨੂੰ ਛੱਡਣ ਦੀ ਕੋਸ਼ਿਸ਼ ਕਰਦੇ ਹਨ, ਇਹ ਸਰਕਾਰ ਲਈ ਵੀ ਚੈਲੰਜ ਹੈ, ਸਰਕਾਰ ਲਈ ਅਤੇ ਸਮਾਜ ਲਈ ਇਕੱਲੇ ਇਕੱਲੇ ਧਰਮ ਦਾ ਇਹ ਫਰਜ਼ ਹੈ ਕਿ ਉਹ ਕੋਸ਼ਿਸ਼ ਕਰਨ ਕਿ ਐਸੇ ਹਾਲਾਤ ਪੰਜਾਬ ਦੇ ਨਾ ਹੋਣ। ਹਾਲਾਤ ਠੀਕ ਬਣਨ। ਇਸ ਦੇ ਵਿਚ ਹੀ ਸਾਰੇ ਹਰ ਕਿਸਮ ਦੇ ਸਹਿਯੋਗ ਜੋ ਸਰਕਾਰ ਨੂੰ ਬਰਕਰਾਰ ਹੋਵੇ ਉਹ ਹਰ ਇਕ ਨੂੰ ਦੇਣਾ ਬਣਦਾ ਹੈ। ਮੈਂ ਇਨ੍ਹਾਂ ਸਾਰੇ ਵਾਕਿਆਤ ਨੂੰ ਜਿਨ੍ਹਾਂ ਵਿਚ ਪੱਤਰਕਾਰ, ਪਾਰਲੀਮੈਂਟੇਰੀਅਨ ਔਰ ਖਾਸ ਕਰਕੇ ਉਹ ਨੌਜਵਾਨ ਜਿਹੜੇ ਸਾਡੇ ਵਿਚੋਂ ਵਿਛੜ ਗਏ ਹਨ, ਇਸ ਰੈਜ਼ੂਲਿਊਸ਼ਨ ਵਿਚ ਸ਼ਾਮਿਲ ਹੁੰਦਾ ਹੋਇਆ ਆਪਣੀ ਪਾਰਟੀ ਵਲੋਂ ਉਨ੍ਹਾਂ ਪ੍ਰਤੀ ਗਮ ਦਾ ਇਜ਼ਹਾਰ ਕਰਦਾ ਹਾਂ ਔਰ ਪੰਜਾਬ ਦੇ ਲੋਕਾਂ ਨੂੰ ਔਰ ਪੰਜਾਬ ਦੀ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਅਸੀਂ ਸਾਂਝੇ ਯਤਨ ਕਰੀਏ ਜਿਹੜੇ ਸਾਰੇ ਹਾਲਾਤ ਨੂੰ ਸੁਖਾਵਾਂ ਕਰ ਸਕਣ ਔਰ ਇਹ ਗੱਲਾਂ ਨਾ ਦੁਹਰਾਈਆਂ ਜਾਣ। ਉਨ੍ਹਾਂ ਵਾਸਤੇ ਹਰ ਕੋਸ਼ਿਸ਼, ਸਾਡਾ ਫਰਜ਼ ਬਣਦਾ ਹੈ, ਕਿ ਸਾਨੂੰ ਕਰਨੀ ਚਾਹੀਦੀ ਹੈ। ਇਨ੍ਹਾਂ ਅਲਫਾਜ਼ ਨਾਲ ਮੈਂ ਇਸ ਰੈਜ਼ੋਲਿਊਸ਼ਨ ਦੀ ਤਾਈਦ ਕਰਦਾ ਹਾਂ।

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ): ਸਪੀਕਰ ਸਾਹਿਬ, ਗਿੱਲ ਸਾਹਿਬ ਦਾ ਜਿਸ ਹਾਲਤ ਵਿਚ ਬੇਰਹਿਮੀ ਦਾ ਕਤਲ ਹੋਇਆ, ਬੜੀ ਦੁਖਦਾਈ ਗੱਲ ਹੈ ਔਰ ਇਸ ਤਰ੍ਹਾਂ ਹੋਰ ਅਨੇਕਾਂ ਮਸੂਮ ਨਿਤ ਦਿਹਾੜੇ ਦੀ ਇਹ ਗੱਲ ਬਣੀ ਹੋਈ ਹੈ। ਹਰ ਰੋਜ਼ ਜਦੋਂ ਅਖਬਾਰ ਆਉਂਦਾ ਹੈ ਤਾਂ ਹਰ ਕੋਈ ਇਹ ਪਤਾ ਕਰਨ ਲਈ ਭੱਜਦਾ ਹੈ ਕਿ ਕੀ ਹੋਇਆ। ਜਿਹੜੇ ਵਿਅਕਤੀ ਸਾਡੇ ਵਿਚੋਂ ਵਿਛੜ ਗਏ ਹਨ ਉਨ੍ਹਾਂ ਨੂੰ ਸਾਰਾ ਹਾਊਸ ਸ਼ਰਧਾਂਜਲੀ ਦੇ ਫੁੱਲ ਭੇਂਟ ਕਰ ਰਿਹਾ ਹੈ। ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਕੀ ਇਸੇ ਤਰ੍ਹਾਂ ਸ਼ਰਧਾਂਜਲੀ ਦੇ ਫੁੱਲ ਜਦੋਂ ਹਾਊਸ ਬੈਠੇ ਤਾਂ ਪੇਸ਼ ਕਰਦੇ ਰਹਾਂਗੇ। ਸਪੀਕਰ ਸਾਹਿਬ, ਅੱਜ ਦੇ ਪੰਜਾਬ ਦੇ ਹਾਲਾਤ ਅਸੀਂ ਸਮਝਦੇ ਹਾਂ ਕਿ ਅੱਜ ਦੀ ਸਰਕਾਰ ਇਥੇ ਅਮਨ ਪੈਦਾ ਕਰੇ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਵੀ ਹਾਲਾਤ ਸੁਖਾਵੇਂ ਨਹੀਂ, ਅਸੁਖਾਵੇਂ ਹਨ ਔਰ ਨਿਤ ਦਿਹਾੜੇ ਦੀ ਗੱਲ ਹੋ ਗਈ ਹੈ। ਅੱਜ ਲੋਕਾਂ ਵਿਚ ਇਸ ਗੱਲ ਦਾ ਸ਼ੱਕ ਹੈ, ਡਰ ਹੈ ਔਰ ਸਰਕਾਰ ਔਰ ਉਸ ਦੀ ਪੁਲਿਸ ਤਮਾਸ਼ਾ ਬਣ ਕੇ ਵੇਖ ਰਹੀ ਹੈ। ਮਸੂਮਾਂ ਦੇ ਕਤਲ ਹੋ ਰਹੇ ਹਨ। ਅੱਜ ਇਹ ਗੱਲ ਬੜੀ ਦੁਖਦਾਈ ਹੈ ਕਿ ਲੋਕ ਇਥੋਂ ਮਾਈਗਰੇਸ਼ਨ ਕਰਕੇ ਜਾ ਰਹੇ ਹਨ ਔਰ ਇਹ ਪੁਰਾਣੀ 1947 ਵਾਲੀ ਗੱਲ ਬਣਦੀ ਜਾ ਰਹੀ ਹੈ। ਅੱਜ ਸਾਨੂੰ ਹਾਊਸ ਨੂੰ, ਜਿਥੇ ਅਸੀਂ ਸ਼ਰਧਾਂਜਲੀ ਭੇਂਟ ਕਰਨੀ ਹੈ, ਇਸ ਗੱਲ ਵੱਲ ਤਵੱਜੋ ਦੇਣੀ ਚਾਹੀਦੀ ਹੈ ਕਿ ਪੁਲਿਸ ਨੂੰ ਚੌਕਸ ਕੀਤਾ ਜਾਵੇ। ਸਰਕਾਰ ਇਸ ਗੱਲ ਵੱਲ ਪੂਰਾ ਧਿਆਨ ਦੇਵੇ ਤਾਕਿ ਅੱਗੇ ਨੂੰ ਇਹ ਕਿਲਿੰਗਜ਼ ਰੋਕੀਆਂ ਜਾਣ ਅਤੇ ਜੋ ਪਹਿਲੇ ਹਾਲਾਤ ਹੋਏ ਹਨ ਉਹ ਦੁਹਰਾਏ ਨਾ ਜਾਣ।

ਸਪੀਕਰ ਸਾਹਿਬ, ਮੈਂ ਸ਼ਰਧਾਂਜਲੀ ਦੇ ਨਾਲ ਨਾਲ ਇਹ ਜਾਣਕਾਰੀ ਵੀ ਦੇਣਾ ਚਾਹੁੰਦਾ ਹਾਂ ਕਿ ਜਿਹੜੀ ਗੱਲ ਮੇਰੇ ਨੋਟਿਸ ਵਿਚ ਆਈ ਹੈ ਕਿ ਕਰਨਾਲ ਵਿਚ ਜਾਂ ਹੋਰ ਜਿਥੇ ਪੰਜਾਬ ਵਿਚੋਂ ਲੋਕ ਗਏ ਹਨ ਉਥੇ ਦੀਆਂ ਉਨ੍ਹਾਂ ਆਰਗੇਨਾਈਜ਼ੇਸ਼ਨਜ਼ ਜਾਂ ਉਨ੍ਹਾਂ ਲੋਕਾਂ ਦੀ ਸਾਡੇ ਉਥੇ ਦੇ ਸਿੱਖਾਂ ਉਤੇ ਨਜ਼ਰ ਹੈ। ਉਹ ਉਨ੍ਹਾਂ ਦੀ ਉਥੇ ਨਜ਼ਰ ਵਿਚ ਬੈਠੇ ਹਨ। ਜੇ ਇਥੋਂ ਹਿੰਦੂ ਇਸੇ ਤਰ੍ਹਾਂ ਜਾਂਦੇ ਰਹੇ, ਇਥੇ ਹਾਲਾਤ ਖਰਾਬ ਹੁੰਦੇ ਰਹੇ ਤਾਂ ਫਿਰ ਉਥੇ ਵੀ ਹਾਲਾਤ ਖਰਾਬ ਹੋਣ ਦਾ ਡਰ ਹੈ ਜਿਸ ਤਰ੍ਹਾਂ ਦਿੱਲੀ ਵਿਚ ਹੋਇਆ। ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪੁਲਿਸ ਨੂੰ ਚੌਕਸ ਕਰੇ। ਇਹ ਜੋ ਕੰਮ ਹੋ ਰਿਹਾ ਹੈ ਇਸ ਨੂੰ ਰੋਕਿਆ ਜਾਵੇ। ਇਸੇ ਤਰ੍ਹਾਂ ਸੈਸ਼ਨ ਆਉਣ ਤੇ ਅਸੀਂ ਸ਼ਰਧਾਂਜਲੀ ਦੇ ਫੁੱਲ ਹੀ ਨਾ ਭੇਂਟ ਕਰਦੇ ਰਹੀਏ।

ਮੈਂ ਸ਼ਾਂਤ ਜੀ ਅਤੇ ਗੋਗੋਆਣੀ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ। ਮੈਨੂੰ ਗੋਗੋਆਣੀ ਜੀ

[ਕਾਮਰੇਡ ਮਹਿਤਾਬ ਸਿੰਘ]

ਦਾ ਬੜਾ ਸਤਿਕਾਰ ਹੈ। ਉਨ੍ਹਾਂ ਬਾਰੇ ਮੈਂਬਰ ਸਾਹਿਬਾਨ ਨੇ ਜ਼ਿਕਰ ਕੀਤਾ ਹੈ ਅਤੇ ਬੜੀ ਹਮਦਰਦੀ ਉਨ੍ਹਾਂ ਪ੍ਰਤੀ ਪ੍ਰਗਟਾਈ ਹੈ। ਮੈਂ ਵੀ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਫੁੱਲ ਭੇਂਟ ਕਰਦਾ ਹਾਂ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਸ ਰੈਜ਼ੋਲਿਊਸ਼ਨ ਵਿਚ ਸ਼ਾਮਿਲ ਹੁੰਦਾ ਹਾਂ ਅਤੇ ਅਸੀਂ ਆਸ ਕਰਦੇ ਹਾਂ ਕਿ ਪੰਜਾਬ ਦਾ ਮਾਹੌਲ ਠੀਕ ਹੋਵੇ ਅਤੇ ਇਸ ਤਰ੍ਹਾਂ ਮਸੂਮਾਂ ਦੇ ਕਤਲ ਰੋਕੇ ਜਾਣ।

ਦੂਸਰੀ, ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਅਤੰਕਵਾਦ ਹੈ ਇਨ੍ਹਾਂ ਦੀ ਨਿਗਾਹ ਹੋਰਨਾਂ ਲੋਕਾਂ ਤੋਂ ਇਲਾਂਵਾ ਸਟੇਟ ਦੇ ਲੀਡਰਾਂ ਉਪਰ ਵੀ ਹੈ। ਭਾਵੇਂ ਕੋਈ ਐਮ.ਐਲ.ਏ. ਨਹੀਂ ਚੁਣੇ ਜਾਂਦੇ ਪਰ ਬਾਹਿਰ ਸਾਡੇ ਬੜੇ ਸਤਿਕਾਰਯੋਗ ਮੈਂਬਰ ਹਨ। ਸਾਡੀ ਪਾਰਟੀ ਦੇ ਮਲਹੋਤਰਾ ਜੀ ਹਨ। ਉਨ੍ਹਾਂ ਦੀ ਕਾਰਬਾਈਨ ਦਾ ਲਾਈਸੰਸ ਮਹੀਨੇ ਦੋ ਮਹੀਨੇ ਤੋਂ ਨਿਕਲ ਨਹੀਂ ਰਿਹਾ। ਇਸ ਵੱਲ ਧਿਆਨ ਦਿਤਾ ਜਾਵੇ। ਅੰਤ ਵਿਚ ਮੈਂ ਆਪਣੀ ਪਾਰਟੀ ਵਲੋਂ ਇਸ ਰੈਜ਼ੋਲਿਊਸ਼ਨ ਵਿਚ ਸ਼ਾਮਿਲ ਹੁੰਦਾ ਹਾਂ ਅਤੇ ਵਿਛੜੀਆਂ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਦੇ ਫੁੱਲ ਭੇਂਟ ਕਰਦਾ ਹਾਂ।

ਕੈਪਟਨ ਅਮਰਿੰਦਰ ਸਿੰਘ (ਤਲਵੰਡੀ ਸਾਬੋ) : ਸਪੀਕਰ ਸਾਹਿਬ, ਗਿੱਲ ਸਾਹਿਬ ਸਾਡੇ ਹਾਊਸ ਦੇ ਮੈਂਬਰ ਸਨ। ਉਨ੍ਹਾਂ ਦਾ ਜੋ ਕਤਲ ਹੋਇਆ, ਉਨ੍ਹਾਂ ਦੇ ਸਬੰਧ ਵਿਚ ਮੈਂ ਆਪਣੀ ਪਾਰਟੀ ਵਲੋਂ ਸ਼ਰਧਾਂਜਲੀ ਦੇ ਫੁੱਲ ਭੇਂਟ ਕਰਦਾ ਹਾਂ। (ਟਰੇਜ਼ਰੀ ਬੈਂਚਿੰਜ਼ ਵਲੋਂ ਆਵਾਜ਼ਾਂ (ਬੈਠੋ, ਬੈਠੋ) : ਕਿਹੜੀ ਪਾਰਟੀ ਹੈ ?) ਅਸੀਂ ਚਾਹੇ ਹਾਊਸ ਵਿਚ ਸਾਡੇ ਆਪਣੇ ਸਿਆਸੀ ਖਿਆਲਾਤ ਕਰਕੇ (ਵਿਘਨ) ਉਹ ਆਪੋਜ਼ੀਸ਼ਨ ਵਿਚ ਰਹੇ ਲੇਕਿਨ ਜਦੋਂ ਵੀ ਉਹ ਮਿਲਦੇ ਸੀ ਜਿਸ ਪਿਆਰ ਨਾਲ ਗੱਲ ਕਰਦੇ ਸੀ, ਉਨ੍ਹਾਂ ਦਾ ਹੱਸਦਾ ਚਿਹਰਾ ਹੁੰਦਾ ਸੀ। ਇਸ ਹਾਊਸ ਵਿਚ ਅਸੀਂ ਉਨ੍ਹਾਂ ਦੀ ਘਾਟ ਮਹਿਸੂਸ ਕਰਾਂਗੇ।

ਸਰਦਾਰ ਗੁਰਦੇਵ ਸਿੰਘ ਸ਼ਾਂਤ ਨੂੰ ਵੀ ਆਪਣੇ ਵਲੋਂ ਤੇ ਆਪਣੀ ਪਾਰਟੀ ਵਲੋਂ ਮੈਂ ਸ਼ਰਧਾਜਲੀ ਦੇ ਫੁੱਲ ਭੇਂਟ ਕਰਦਾ ਹਾਂ। ਉਹ ਸਾਡੀ ਪਾਰਟੀ ਦੇ ਪੁਰਾਣੇ ਮੈਂਬਰ ਰਹੇ ਹਨ। ਉਹ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਵਾਈਸ ਪ੍ਰੈਜ਼ੀਡੈਂਟ ਰਹੇ ਹਨ ਔਰ ਉਨ੍ਹਾਂ ਦਾ ਜੋ ਪੰਜਾਬ ਦੇ ਲਈ, ਸਾਡੀ ਜਮਾਤ ਦੇ ਲਈ ਹਿੱਸਾ ਸੀ ਉਸ ਦੇ ਲਈ ਅਸੀਂ ਸੱਦਾ ਉਨ੍ਹਾਂ ਨੂੰ ਯਾਦ ਰੱਖਾਂਗੇ।

ਸਰਦਾਰ ਜਗਜੀਤ ਸਿੰਘ ਗੋਗੋਆਨੀ ਨੇ ਪੰਜਾਬ ਦੀ ਬਹੁਤ ਸੇਵਾ ਕੀਤੀ। ਉਨ੍ਹਾਂ ਨੇ ਪੱਤਰਕਾਰ ਦੇ ਤੌਰ ਤੇ ਕੰਮ ਕੀਤਾ ਔਰ ਅਖ਼ਬਾਰ ਚਲਾਉਂਦੇ ਰਹੇ। ਉਹ ਐਸ.ਜੀ.ਪੀ.ਸੀ. ਦੇ ਐਕਟਿਵ ਮੈਂਬਰ ਰਹੇ ਅਤੇ ਅਕਾਲੀ ਦਲ ਦੇ ਜਨਰਲ ਸੈਕਟਰੀ ਰਹੇ।

ਇਨ੍ਹਾਂ ਤਿੰਨ ਰੂਹਾਂ ਨੂੰ, ਤਿੰਨ ਆਤਮਾਵਾਂ ਨੂੰ ਜੋ ਸਾਡੇ ਤੋਂ ਵਿਛੜ ਗਈਆਂ ਹਨ ਮੈਂ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਪੂਰੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸ੍ਰੀ ਕਾਰਜਕਾਰੀ ਸਪੀਕਰ : ਮਾਨਯੋਗ ਮੈਂਬਰ ਸਾਹਿਬਾਨ, ਜਿਨ੍ਹਾਂ ਖਿਆਲਾਤ ਦਾ ਇਜ਼ਹਾਰ ਚੀਫ਼ ਮਨਿਸਟਰ ਸਾਹਿਬ ਨੇ, ਲੀਡਰ ਆਫ ਦੀ ਅਪੋਜ਼ੀਸ਼ਨ ਨੇ, ਦੂਸਰੇ ਲੀਡਰਜ਼ ਸਾਹਿਬਾਨ ਨੇ ਔਰ ਮੈਂਬਰ ਸਾਹਿਬਾਨ ਨੇ ਕੀਤਾ ਮੈਂ ਆਪਣੇ ਆਪ ਨੂੰ ਉਨ੍ਹਾਂ ਦੇ ਨਾਲ ਸ਼ਾਮਲ ਕਰਦਾ ਹਾਂ। ਸਰਦਾਰ ਸੰਤ ਸਿੰਘ ਗਿੱਲ ਨੇ ਭਾਵੇਂ ਥੋੜ੍ਹੇ ਸਮੇਂ ਲਈ ਇਸ ਹਾਊਸ ਦੀ ਸੇਵਾ ਕੀਤੀ ਹੈ ਲੇਕਿਨ ਉਸ ਥੋੜ੍ਹੇ ਸਮੇਂ ਵਿੱਚ ਹੀ ਅਸੀਂ ਦੇਖ ਲਿਆ ਹੈ ਕਿ ਉਹ ਇਕ ਉਭਰਦੇ ਹੋਏ ਨੌਜਵਾਨ, ਅਗੇ ਆਉਣ ਵਾਲੇ ਲੀਡਰ ਸਨ। ਉਨ੍ਹਾਂ ਨੇ ਆਪਣੀ ਪਬਲਿਕ ਲਾਈਫ਼ ਪਿੰਡ ਤੋਂ ਸ਼ੁਰੂ ਕੀਤੀ ਔਰ ਉਹ ਪਿੰਡ ਦੇ ਸਰਪੰਚ ਬਣੇ, ਬਲਾਕ ਸੰਮਤੀ ਦੇ ਮੈਂਬਰ ਬਣੇ, ਮਾਰਕਿਟ ਕਮੇਟੀ ਦੇ ਮੈਂਬਰ ਬਣੇ ਔਰ ਉਨ੍ਹਾਂ ਦੀ

ਪੋਲੀਟੀਕਲ ਸਾਖ ਜਿਹੜੀ ਸੀ ਉਹ ਕਾਂਗਰਸ ਨਾਲ ਸਬੰਧਤ ਸੀ ਜਿਥੋਂ ਉਹ ਬਲਾਕ ਸਮਿਤੀ ਦੇ ਮੈਂਬਰ ਬਣੇ ਅਤੇ ਪ੍ਰੈਜ਼ੀਡੈਂਟ ਬਣੇ। ਉਨ੍ਹਾਂ ਨੇ ਜਿੰਨੀ ਵੀ ਜ਼ਿੰਦਗੀ ਗੁਜ਼ਾਰੀ ਉਸ ਦੇ ਵਿੱਚ ਉਹ ਲੋਕਾਂ ਦੀ ਸੇਵਾ ਹੀ ਕਰਦੇ ਰਹੇ ਔਰ ਉਨ੍ਹਾਂ ਨੇ ਆਪਣੀ ਜ਼ਿੰਦਗੀ ਲੋਕਾਂ ਦੀ ਸੇਵਾ ਲਈ ਹੀ ਲਾ ਦਿੱਤੀ। ਸਾਨੂੰ ਬੜਾ ਦੁੱਖ ਹੈ ਕਿ ਉਸ ਉਭਰਦੇ ਨੌਜਵਾਨ ਦੀ ਬਿਨਾਂ ਕਿਸੇ ਵਜਾਹ ਹੀ ਹੱਤਿਆ ਕਰ ਦਿੱਤੀ।

ਇਸੇ ਤਰ੍ਹਾਂ ਸਰਦਾਰ ਗੁਰਦੇਵ ਸਿੰਘ ਸ਼ਾਂਤ ਦੀ ਬਹੁਤ ਦੇਣ ਹੈ। ਭਾਵੇਂ ਉਹ ਅੱਜ ਸਾਡੇ ਮੈਂਬਰ ਨਹੀਂ ਸੀ ਬਹੁਤ ਦੇਰ ਪਹਿਲਾਂ ਸਨ ਲੇਕਿਨ ਫਿਰ ਵੀ ਉਹ ਅਕਾਲੀ ਦਲ ਦੇ ਜ਼ਿਮੇਵਾਰ ਮੈਂਬਰ ਸਨ ਔਰ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਬਹੁਤ ਸੇਵਾ ਕੀਤੀ। ਉਨ੍ਹਾਂ ਨੇ ਲੋਕਾਂ ਦੀ, ਧਰਮ ਦੀ ਅਤੇ ਸਮਾਜ ਦੀ ਬਹੁਤ ਸੇਵਾ ਕੀਤੀ। ਉਨ੍ਹਾਂ ਦੇ ਜਾਣ ਦਾ ਵੀ ਸਾਨੂੰ ਬਹੁਤ ਦੁੱਖ ਹੋਇਆ ਹੈ।

ਸਰਦਾਰ ਜਗਜੀਤ ਸਿੰਘ ਗੋਗੋਆਨੀ ਨੂੰ ਤਾਂ ਮੈਂ ਜ਼ਾਤੀ ਤੌਰ ਤੇ ਜਾਣਦਾ ਸੀ। ਉਹ ਬਹੁਤ ਅੱਛੇ, ਬਹੁਤ ਸਿਆਣੇ ਅਤੇ ਬਹੁਤ ਸੂਝ ਬੂਝ ਰਖਣ ਵਾਲੇ ਬਹੁਤ ਭਾਰੀ ਲੋਕ ਸੇਵਕ ਸਨ। ਜਿਵੇਂ ਤੁਸੀਂ ਜਾਣਦੇ ਹੀ ਹੋ ਕਿ ਉਨ੍ਹਾਂ ਨੇ ਪੱਤਰ-ਕਾਰ ਦੇ ਤੌਰ ਤੇ ਵੀ ਲੋਕਾਂ ਦੀ ਵਿੱਤ ਤੋਂ ਵੱਧ ਸੇਵਾ ਕੀਤੀ। ਸਾਨੂੰ ਇਨ੍ਹਾਂ ਤਿੰਨ ਵਿਅੱਕਤੀਆਂ ਦੇ ਜਾਣ ਨਾਲ ਬੜਾ ਦੁੱਖ ਹੋਇਆ ਹੈ ਜਿਨ੍ਹਾਂ ਵਿਚੋਂ ਇਕ ਵਿਅੱਕਤੀ ਸਿਟਿੰਗ ਮੈਂਬਰ ਸੀ ਅਤੇ ਦੋ ਸਾਬਕਾ ਮੈਂਬਰਜ਼ ਸਨ। ਮੈਂ ਉਸ ਰੈਜ਼ੋਲਿਊਸ਼ਨ ਵਿਚ ਜਿਹੜਾ ਚੀਫ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ ਉਸ ਦੇ ਨਾਲ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ ਔਰ ਮੈਂ ਬੇਨਤੀ ਕਰਦਾ ਹਾਂ ਕਿ ਆਪ ਸਭ ਦੋ ਮਿੰਟ ਲਈ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਅਸੀਂ ਸਾਰੇ ਪ੍ਰਾਰਥਨਾ ਕਰੀਏ ਕਿ ਪ੍ਰਮਾਤਮਾ ਉਨ੍ਹਾਂ ਦੀਆਂ ਆਤਮਾਵਾਂ ਨੂੰ ਸ਼ਾਂਤੀ ਬਖਸ਼ੇ। (ਇਸ ਵਕਤ ਸਦਨ ਵਿਚ ਸਾਰੇ ਹਾਜ਼ਰ ਮਾਨਯੋਗ ਮੈਂਬਰਜ਼ ਸਾਹਿਬਾਨ ਨੇ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਵਿੱਛੜੀਆਂ ਰੂਹਾਂ ਦੀ ਯਾਦ ਵਿਚ ਦੋ ਮਿੰਟ ਲਈ ਮੌਨ ਧਾਰਨ ਕੀਤਾ)

ਮੁੱਖ ਮੰਤਰੀ : ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਰਦਾਰ ਸੰਤ ਸਿੰਘ ਗਿੱਲ ਸਾਡੇ ਇਸ ਸਦਨ ਦੇ ਮੈਂਬਰ ਸਨ, ਇਸ ਲਈ ਉਨ੍ਹਾਂ ਦੀ ਯਾਦ ਵਿਚ ਕੁਝ ਸਮੇਂ ਲਈ ਹਾਊਸ ਐਡਜਰਨ ਕਰ ਦਿੱਤਾ ਜਾਵੇ।

ਸ੍ਰੀ ਕਾਰਜਕਾਰੀ ਸਪੀਕਰ : ਜਿਵੇਂ ਲੀਡਰ ਆਫ਼ ਦੀ ਅਪੋਜ਼ੀਸ਼ਨ ਨੇ ਅਰਜ਼ ਕੀਤੀ ਸੀ, ਚੀਫ ਮਨਿਸਟਰ ਸਾਹਿਬ ਨੇ ਉਹ ਪ੍ਰਵਾਨ ਕਰ ਲਈ ਹੈ। ਹੁਣ ਅਸੀਂ ਕੁਝ ਸਮੇਂ ਲਈ ਹਾਊਸ ਨੂੰ ਐਡਜਰਨ ਕਰਦੇ ਹਾਂ। ਇਸ ਦੇ ਨਾਲ ਹੀ ਮੈਂ ਅਰਜ਼ ਕਰਾਂਗਾ ਕਿ ਜਿਹੜੀ ਸਪੀਕਰ ਸਾਹਿਬ ਔਰ ਡਿਪਟੀ ਸਪੀਕਰ ਸਾਹਿਬ ਦੀ ਚੋਣ ਕਰਨੀ ਹੈ ਉਸ ਦਾ ਵਕਤ ਗਵਰਨਰ ਸਾਹਿਬ ਨੇ ਮੁਕੱਰਰ ਕੀਤਾ ਹੋਇਆ ਹੈ 6.00 ਵਜੇ ਦਾ ਔਰ ਸਾਡੀ ਮਜਬੂਰੀ ਹੈ ਤੇ ਅਸੀਂ ਉਸ ਵਕਤ ਦੇ ਪਾਬੰਦ ਹਾਂ। ਸਾਨੂੰ 6.00 ਵਜੇ ਜਾਂ 6.00 ਵਜੇ ਤੋਂ ਬਾਅਦ ਉਨ੍ਹਾਂ ਦੀ ਚੋਣ ਕਰਨੀ ਹੈ। ਕੁਝ ਹੋਰ ਥੋੜ੍ਹਾ ਜਿਹਾ ਕੰਮ ਹੈ ਅਰਥਾਤ ਕੁਝ ਐਡਜਰਨਮੈਂਟ ਮੋਸ਼ਨਜ਼ ਹਨ ਇਕ ਪ੍ਰਿਵਿਲੇਜ ਮੋਸ਼ਨ ਵੀ ਹੈ, ਕੁਝ ਕੁਅਸਚਨਜ਼ ਹਨ ਅਤੇ ਹੋ ਸਕਦਾ ਹੈ ਕਿ ਕੋਈ ਹੋਰ ਵੀ ਮਸਲਾ ਹੋਵੇ। ਜੇ ਕਹੋ ਤਾਂ ਅਸੀਂ 6.00 ਵਜੇ ਤੋਂ ਕੁਝ ਦੇਰ ਪਹਿਲਾਂ ਜਾਂ 5.00 ਵਜੇ ਮੀਟ ਕਰ ਲਈਏ।

ਮੁੱਖ ਮੰਤਰੀ : 5.00 ਵਜੇ ਕਰ ਲਓ।

ਕੁਝ ਆਵਾਜ਼ਾਂ : 4.00 ਵਜੇ ਕਰ ਲਓ।

ਕੁਝ ਆਵਾਜ਼ਾਂ : 6.00 ਵਜੇ ਹੀ ਕਰ ਲਓ।

ਸ੍ਰੀ ਕਾਰਜਕਾਰੀ ਸਪੀਕਰ : ਜਾਂ ਤਾਂ ਐਸਾ ਕਰ ਲੈਂਦੇ ਹਾਂ ਕਿ 6.00 ਵਜੇ ਹੀ ਮੀਟ ਕਰ ਲੈਂਦੇ ਹਾਂ।

ਆਵਾਜ਼ਾਂ : ਠੀਕ ਹੈ ਜੀ, 6.00 ਵਜੇ ਹੀ ਠੀਕ ਹੈ।

ਸ੍ਰੀ ਕਾਰਜਕਾਰੀ ਸਪੀਕਰ : ਇਕ ਅਰਜ਼ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਨਾਰਮਲੀ ਹਾਊਸ ਦਾ ਜੋ ਟਾਈਮ ਹੈ ਉਹ 6.30 ਵਜੇ ਤਕ ਹੈ। ਹੋ ਸਕਦਾ ਹੈ ਜੇ ਅਸੀਂ 6.00 ਵਜੇ ਦਾ ਟਾਈਮ ਰਖੀਏ ਤਾਂ ਸਾਨੂੰ ਹੋਰ ਵਕਤ ਲਾਉਣਾ ਪਵੇਗਾ ਜਿਹੜਾ ਕਿ ਜ਼ਰੂਰੀ ਲਗਦਾ ਹੈ ਕਿ ਲਾਉਣਾ ਪਵੇਗਾ। ਜੇ ਤੁਹਾਡੀ ਇਜਾਜ਼ਤ ਹੋਵੇ ਤਾਂ ਉਸ ਟਾਈਮ ਨੂੰ ਜਿਹੜਾ 6.30 ਵਜੇ ਖ਼ਤਮ ਕਰਨਾ ਹੈ ਉਹ ਐਕਸਟੈਂਡ ਕਰ ਲਈਏ।

ਕੁਝ ਆਵਾਜ਼ਾਂ : ਉਸ ਵੇਲੇ ਕਰ ਲਵਾਂਗੇ।

ਸ੍ਰੀ ਕਾਰਜਕਾਰੀ ਸਪੀਕਰ : ਹੁਣ ਅਸੀਂ 6.00 ਵਜੇ ਫਿਰ ਮਿਲਾਂਗੇ।

*2.26 ਬਾਅਦ ਦੁਪਹਿਰ	(ਇਸ ਵਕਤ ਸਦਨ *ਸਥਗਿਤ ਹੋ ਗਿਆ ਅਤੇ 6.00 ਵਜੇ ਸ਼ਾਮ ਨੂੰ ਮੁੜ ਇਕੱਤਰ ਹੋਇਆ।

STARRED QUESTIONS AND ANSWERS

Starred Question No. 421

Mr. Acting Speaker : Questions. *421 ਸੁਆਲ ਜਿਹੜਾ ਡਾਕਟਰ ਰਤਨ ਸਿੰਘ ਦਾ ਸੀ ਉਸ ਦੇ ਬਾਰੇ ਐਕਸਟੇਨਸ਼ਨ ਮੰਗੀ ਗਈ ਹੈ। ਅਗਲਾ ਸਵਾਲ ਕਾਮ ਰੇਡ ਮਹਿਤਾਬ ਸਿੰਘ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਪਹਿਲੇ ਸੁਆਲ ਦਾ ਜਵਾਬ ਆਉਣਾ ਬਹੁਤ ਜ਼ਰੂਰੀ ਹੈ।

Mr. Acting Speaker : Extension has been asked for in respect of Starred Question No. 421*.

GOVERNMENT OF PUNJAB

DEPARTMENT OF HOME AFFAIRS AND JUSTICE

(HOME IV BRANCH)

Subject.—Starred Vidhan Sabha Question No. 421 by Dr. Rattan Singh, M.L.A.

The Answer to Starred Assembly Question No. 421 listed for 2nd June, 1986 in the name of Dr. Rattan Singh, M.L.A., is not ready as the requisite information is being collected from the concerned quarters. I, therefore, request that time for answering this question may kindly be extended for a week.

Sd-/

Chief Minister, Punjab.

To

The Pro-tem Speaker,
Punjab Vidhan Sabha.

U.O. No. 8565-SHIV-86, dated, Chandigarh, the 30th May, 1986.

Licence for the Sale of Kerosene Oil in Ferozepur District

***419. Comrade Mehtab Singh :** Will the Chief Minister be pleased to state—

(a) the total number of persons to whom licences for the sale of Kerosene were issued in District Ferozepur during the year 1985-86 ;

(b) the depot-wise quantity of Kerosene sold in District Ferozepur during the said period ?

ਸਰਦਾਰ ਬਲਦੇਵ ਸਿੰਘ ਮਾਨ (ਰਾਜ ਮੰਤਰੀ, ਖੁਰਾਕ ਤੇ ਸਪਲਾਈ): (ੳ) 4 (ਚਾਰ) ।

(ਅ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Statement showing the Sale of K. Oil in Ferozepur District during 1985-86

Serial No.	Name of Depot-Holder/Licensee	Place	Total quantity sold in litres
	M/s		
1	Sushil Karyana Store	.. Guru har Sahai	47,000
2	Ram Lal	.. Ditto	47,450
3	Co-op. Agril. Service Society	.. Gandawali	9,500
4	Ashok Kumar	.. Mohan Ke-Utar	8,000
5	Roshan Lal-Tulsi Ram	.. Rana Panj Grainai	13,750
6	Ashok Kumar	.. Panje Ke Utar	29,000
7	Mohan Lal	.. Dule Ke Nathu	3,000
8	Jiwan Ram	.. Balel Ke Hasal	2,000
9	Des Raj Fateh Chand	.. ..	2,000
10	Dharam Chand	.. Khar Ke Uttar	2,500
11	Hans Raj	.. Peerbaksh Chohan	3,000
12	Rattan Lal Chhanka	.. Chhangarai Uttar	27,000
13	Teja Singh Bawad	.. Sawaisingh Rai	3,000

[Minister of State for Food and Supplies]

Serial No.	Name of Depot-Holder/Licensee	Place	Total quantity sold in litres
	M/s		
14	Banarsi Dass ..	Naubaram Shersingh	4,500
15	Janak Raj ..	Guruhar Sahai	43,500
16	Labha Chand ..	Sawah Wala	3,000
17	Kishan Lal ..	Bajeke	6,000
18	Ashok Kumar ..	Magha Rai	36,000
19	Chand Ram son of Shri Ram Chand ..	Bularai Utar	3,000
20	The Basti Jhanduwala CSS, 73-D ..	73-D	1,000
21	Jagdish Rai ..	Sarinhwala	12,000
22	Lahori Ram ..	Tharasingh Wala	1,600
23	Bachan Singh ..	Kutabgarh	1,700
24	Harbans Singh ..	Guruhar Sahai	65,500
25	The Jiwan Rai Co. Ag. Service Society	Jiwan Raian	2,000
26	Satish Kumar ..	Rajes Baitu	1,200
27	Dargahi Ram ..	Basti Grain Wali	6,000
28	Hans Raj ..	Basti Kesarsingh Wali	35,000
29	Ashok Oil Store ..	Panje Ke	3,000
30	Gakhar Oil Store ..	Guruhar Sahai	..
31	Gakhar Oil Traders ..	Ditto	6,000
32	Om Oil Store ..	Ditto	3,00
33	Nagar Mal-Mohan Lall ..	Ditto	3,000
34	Prem Kumar-Hans Raj ..	Zira	54,000
35	Ved Parkash ..	Do	58,500
36	Khazan Chand-Jamna Dass ..	Do	51,000
37	Bharat Bhushan, Zira ..	Do	54,500
38	Piara Singh-Hazara Singh ..	Do	60,000
39	The Zira Coop. P.-cum-Pro-Society ..	Shop-1, Zira	51,750
40	Ditto	Zira-2	58,000
41	Pawan Kumar-Ashok Kumar ..	Zira	49,500
42	Satpal-Dharampal, Retailer ..	Do	6,000
43	Narinder Oil Store ..	Do	6,000

Serial No.	Name of Depot Holder/Licensee	Place	Total quantity sold in litres
	M/s		
44	Aneja Oil Store, Retailer ..	Zira	6,000
45	Lekh Raj Oil Store, Retailer ..	Do	3,000
46	Sukhdev Raj-Kewal Krishan ..	Do	9,000
47	The Gogiani Agr. Co. Service Society ..	Vosa Dal Singh	10,500
48	Sukhdev Oil Store ..	Malsian	6,000
49	Sarwan Kumar-Chaman Lal ..	Zira	3,000
50	Om Oil Store ..	Zira	6,000
51	Mehta Oil Store ..	Behak Gujra	6,000
52	Bajaj Oil Store ..	Suner	9,000
53	Ved Oil Store ..	Talwandi Mankhan	3,000
54	Bawa Niranjan Dass ..	Zira	3,000
55	Bhagwan Oil Store ..	Do	6,000
56	Rajpoot Oil Store ..	Do	3,000
57	Jain Oil Store ..	Do	3,000
58	Hardeep Singh & Co. ..	Daulwala	4,500
59	Ashok Kumar-Hari Chand ..	Nurpur	9,000
60	Hari Ram, Retailer ..	Nurpur	5,500
61	Manohar Lal ..	Mansoorwala	21,500
62	Gurdeep Singh ..	Wara Powind	23,000
63	Subhash Chander ..	Attari	23,000
64	Amar Singh ..	Talwandi Manghe Khan	8,500
65	Des Raj ..	Santuwala	24,500
66	Sohan Lal ..	Baghailwala	4,500
67	Raj Kumar ..	Bhaghi Patni	3,000
68	Raj Kumar ..	Daulawala	6,000
69	Gian Chand ..	Roshanshah Wala	15,640
70	Subhash Chander ..	Talwandi Nau Bahar	13,000
71	Bhalwant Singh ..	Kuhala	2,600

[Minister of State for Food and Supplies]

Serial No.	Name of Depot-Holder/Licensee	Place	Total quantity sold in litres
	M/s		
72	Bachittar Singh ..	Mardhai	2,206
73	The Coop. Ag. P. Agr. Society ..	Manawan	1,500
74	Walayati Ram-Rajesh Kumar ..	Naurangsingh Wala	3 000
75	Banarsi Dass ..	Talwandi Bhai	58,050
76	Gurbax Lal ..	Do	44,800
77	Satpal-Parkash Chand ..	Do	49,300
78	The Talwandi Bhai Co. Agr. Society ..	Do	35,700
79	Roshan Oil Store ..	Do	12,000
80	Tek Chand-Parven Kumar ..	Do	9,000
81	Ajit Singh-Piara Singh ..	Do	9,000
82	Chaudhary Oil Store ..	Chugatwala	10,100
83	Dharam Pal-Vijay Kumar ..	Do	12,600
84	Balwinder Kishan Lal ..	Sursinghwala	11,200
85	Gupta Oil Store ..	Talwandi Bhai	6,000
86	Ami Chand son of Khushi Ram ..	Rukna Nairu	13,980
87	Janta Oil Store ..	Sulhani	6,000
88	Laxmi Oil Store ..	Talwandi Bhai	9,000
89	Bawa Oil Store ..	Do	6,000
90	Naresh Oil Store ..	Do	9,000
91	Mittal Oil Store ..	Do	9,000
92	Tarlok Oil Store ..	Do	6,000
93	Satnam Singh-Baldev Singh ..	Shakur	3,000
94	Kisan Oil Store ..	Mudki	3,000
95	Subhash Chand son of Karam Chand ..	Ghal Khurd	17,950
96	Surinder Pal ..	Sulhani	14,940
97	Balwant Singh ..	Gill	8,[illegible]00
98	Sukhdev ..	Jandiwala	2,320
99	Avnash Chander ..	Faridewala	2,600
100	Mohan Lal ..	Sursingh Wala	2,820
101	Darshan Singh -Dyal Singh ..	Bhamba Landa	1,540
102	The Coop. Ag. P. Service Society ..	Ferozeshah	5,060

Serial No.	Name of Depot-Holder/Licensee	Place	Total quantity sold in litres
	M/s—		
103	Shashi Kumar	.. Mudki	7,740
104	Sewa Singh	.. Kada Boran	4,140
105	Ram Parkash	.. Haraz	11,680
106	Harnek Singh	.. Toot	7,480
107	Mehal Singh	.. Nawan Purva	1,980
108	Harbans Singh	.. Lohri	440
109	Ami Chand	.. Kasu Dagu	16,000
110	Harnam Singh	.. Wan	2,500
111	Des Raj	.. Machhibugra	2,200
112	The Co. Ag. P. Service Society	.. Lohgarh	1,540
113	Kanwar Narpat Singh	.. Kakuwala	440
114	The Gharyal Cop. Agr. Service Society	.. Gharyal	6,000
115	Chaman Lal-Vijay Kumar	.. Galoti	3,000
116	Kaura Oil Store	.. Cheema	12,000
117	Partap Singh	.. Khosi Randhir	3,000
118	Palta & Co.	.. Kotise Khan	3,000
119	Subhash Oil Store	.. Do	6,000
120	Kapur & Co.	.. Do	21,000
121	Palta Oil Co.	.. Do	10,500
122	Pawan Kumar & Co.	.. Do	12,000
123	Harbans Lal	.. Do	22,500
124	Balbir Singh	.. Kot Sadar Khan	3,900
125	Ramesh Kumar	.. Lohara	1,500
126	Ramesh Chand-Kimiti Lal	.. Kot Ise Khan	6,000
127	Jagan Nath	.. Khos Kotla	3,000
128	Bishan Singh-Maghar Singh	.. Kotise Khan	6,000
129	Ashok Kumar	.. Do	3,000
130	Kishan Singh	.. Dharamkot	45,000
131	Janak Raj-Ram Lal	.. Do	45,000
132	Roshan Lal	.. Do	45,000

[Minister of State for Food and Supplies]

Serial No.	Name of Depot-Holder/Licensee	Place	Total quantity sold in litres
	M/s—		
133	The Co. Agr. Proc. Society	.. Dharamkot	45,000
134	Gurdev Singh	.. Izatwala	19,500
135	Om Parkash	.. Jindra	19,500
136	Sardara Singh	.. Bhinder Khurd	9,000
137	Karnail Singh	.. Sherpur Tawa	22,500
138	Baur Singh	.. Pandori Arian	22,500
139	Khazan Singh	.. Kamal Ke	13,500
140	Mahanta Singh	Aima Wala	16,500
141	Avtar Singh	.. Badduwala	12,000
142	Malkiat Singh	.. Bhinder Kalan	6,000
143	Rajeev Kumar	.. Baja Ke	7,500
144	The Coop. Agr. Service Society	.. Sangla	15,000
145	Resham Singh	.. Rerwan	3,000
146	Multan Singh	.. Bhoipur	13,500
147	The Coop. Agr. Service Society	.. Thoothgarh	16,500
148	Balwant Singh	.. Bhinder Kalan	1,500
149	Mahinder Pal	.. Jalalabad	13,500
150	Mohan Lal	.. Chughan Kalan	3,000
151	Akashdeep	.. Kokri Vehani Wal	1,500
152	Mool Chand	.. Gatti Jatan	3,000
153	Mahinder Singh	.. Jalalabad	6,000
154	Factory Oil Store	.. Dharamkot	3,000
155	Dhingra Oil Store	.. Do	6,000
156	Sidhu Oil Store	.. Pandori	6,000
157	Hukam Singh Gurmit Singh	.. Ami Wala	3,000
158	Narinder Singh	.. Bhinder Kalan	6,000
159	Lahoria Oil Store	.. Dharamkot	6,000
160	Paul Singh	.. Kishanpura	3,000
161	Bhatia Oil Store	.. Do	3,000
162	Sood Oil Store	.. Dharamkot	3,000

Serial No.	Name of Depot-Holder/Licensee	Place	Total quantity sold in litres
	M/s—		
163	Madan Oil Store	.. Parjowal	3,000
164	Arora Oil Store	.. Dharamkot	3,000
165	Anup Oil Store	.. Do	3,000
166	Bansal Oil Store	.. Do	3,000
167	Manmohan Oil Store	.. Do	3,000
168	Subhash Oil Store	.. Do	6,000
169	Rajpal Subhash Chander	.. Do	3,000
170	Bawa Money Oil Store	.. Do	6,000
171	Kisan Oil Store	.. Do	6,000
172	Mohinder Singh Mulkh Raj	.. Jalalabad	1,50,000
173	Kishan Kumar & Co.	.. Do	1,93,000
174	Mangat Ram Ravinder Kumar	.. Jalalabad (W)	1,19,000
175	Fateh Chand Kishore Chand	.. Jalalabad	38,000
176	Jagir Singh	.. Chuk Mohamdwala	23,480
177	Phuman Singh	.. Fattuwala	8,760
178	Des Raj	.. Chak Kamal	880
179	Darshan Singh	.. Kottoowala	22,020
180	Gurditta Singh	.. Paccakale Wala	29,140
181	The Coop. Agr. Service Society	.. Dhamani Wala	17,000
182	Balbir Singh	.. Basti Tiwana	36,000
183	Chan Singh	.. Chak Lambochari	15,760
184	The Coop. Agr. Service Society	.. Roma Wali	7,180
185	The Coop. Agr. Service Society	.. Baghe Ke Hithar	11,380
186	Kashmir Singh	.. Chakdhal Khushhal	1,880
187	Rattan Singh	.. Packa Kala Wala	4,470
188	The C.A.S.S. Chak Vairo Ke	.. Chak Vairo Ke	16,880
189	Surjit Singh	.. Dhandi Kadim	22,260
190	Manohar Lal	.. Mohar Singhwala	5,760
191	Harish Kumar	.. Chaku Arniwala	19,500
192	The Coop. Agr. Service Society	.. Shubaya	31,500
193	Sat Pal	.. Lodhuwala Hithar	10,340

[Minister of State for Food and Supplies]

Serial No.	Name of Depot-Holder/Licensee	Place	Total quantity sold in litres
	M/s—		
194	Harpal Singh	Dhah Bharyal	2,880
195	Mohinder Singh	Bhaghe Ke Uttar	28,640
196	Mangat Ram	Chak Sukarh	12,980
197	Jagir Singh	Santokhsingh Wala	880
198	Gurmit Singh	Kathgarh	37,760
199	Sh. Har Singh	Chajani Sar	28,260
200	Gurcharan Singh	Chakkawarbala	22,000
201	Subhash Chander	Dhab Khushhal Lohia	810
202	Karnail Singh	Lamochar Khurd	2,080
203	Mangat Ram	Chakman Wala	2,760
204	The Coop. Agr. Service Society	Tiwana Kalan	6,930
205	Lota Singh	Chak Balochanwala	3,880
206	Teja Singh	Chak Totian Wala	5,760
207	Teja Singh	Parbhat Singh Wala	9,000
208	Chet Singh	Chuk Arni Wala	1,880
209	Jagir Singh	Khund Wala	1,760
210	Mahala Singh	Dhandi Khurd	2,760
211	Surjit Singh	Tahli Wala	18,000
212	Mulakh Raj	Kahan Wala	1,768
213	Machhi Ram	Mohkam Araian	3,080
214	Dhian Singh	Chaksona Sandhar	3,080
215	Mohinder Singh	Chak Dhawaran	7,880
216	Janak Raj	Mauzdin Wala	1,880
217	Hans Raj	Lamochar Kalan	880
218	Sukhdev Singh	Kamre Wala	5,500
219	The Coop.Agr. Service Society	Chak Motrian	880
220	Amir Chand	Arian Wala	1,000
221	The Coop. Agr. Service Society	Ladhuwala Uttar	6,000
222	Avinash Chander	Hazarram Singh Wala	4,500

Serial No.	Name of Depot-Holder/Licensee	Place	Total quantity sold in litres
223	Bagla Oil Store	.. Jalalabad	33,000
224	Bajaj Oil Store	.. Do	12,000
225	Gupta Oil Store	.. Do	15,000
226	Avtar Singh Oil Store	.. Do	12,000
227	Mukand Lal Vijay Kumar	.. Do	33,500
228	Chhabra Oil Store	.. Do	18,000
229	Fakir Oil Store	.. Do	18,000
230	Sanjeev Oil Store	.. Do	9,000
231	Ashwani & Bros.	.. Do	12,000
232	Madan Oil Store	.. Do	21,500
233	Amar Singh Tarlochan Singh	.. Do	24,000
234	Jarnail Singh Gurbachan Singh	.. Do	10,000
235	Bhushan Oil Store	.. Do	3,000
236	Batheja Oil Store	.. Chak Vairo Ke	89,000
237	Satnam Singh	.. Sukhera Baundla	40,000
238	Karam Chand Des Raj	.. Roaran Wala	9,000
239	Happy Oil Store	.. Do	16,500
240	Subhash Oil Store	.. Ladhuka	44,500
241	Manohar Lal Satish Kumar	.. Do	56,000
242	Vijay Kumar & Co.	.. Do	6,000
243	Chhabra Oil Store	.. Bahak Hasta Uttar	52,500
244	Arora Oil Store	.. Ladhuka	64,000
245	Vijay Kumar Ram Lal	.. Do	6,000
246	Moga Oil Trading Co.	.. Sher Mohamad	3,500
247	Sardar Trading Co.	.. Lamochar Kalan	1,500
248	Bagicha Singh	.. Peer Mohamad	3,000
249	Diwan Chand Vijay Kumar	.. Makhu	25,500
250	Ahuja Oil Store	.. Do	25,500
251	Kataria Oil Store	.. Peer Mohamad	3,000
252	Harbans Lal Grover	.. Makhu	33,000

[Minister of State for Food and Supplies]

Serial No.	Name of Depot-Holder/Licensee	Place	Total quantity sold in litres
	M/s.—		
253	Bhupinder Singh	.. Makhu	3,000
254	Surinder Kumar-Ashvani Kumar	.. Vanjuke	15,000
255	Inderjit-Ramesh Lal	.. Makhu	28,500
256	Didi Oil Store	.. Do	3,000
257	Bhupinder Singh Bedi	.. Do	3,000
258	Harbans Lal Ashvani Kumar	.. Do	24,000
259	Kalia Oil Store	.. Do	22,500
260	Dhir Oil Store	.. Mandar	3,000
261	Subhash & Co.	.. Fatehgarh Panjtur	1,500
262	Kashmiri Lal Gurbachan Lal	.. Ferozepur City	66,000
263	Chanan Singh	.. Do	49,000
264	Dev Raj Sethi	.. Do	47,000
265	Ram Nath	.. Do	47,000
266	Subhash Chander Ahuja	.. Do	48,000
267	Darshan Lal	.. Do	44,000
268	Tej Kaur	.. Do	66,000
269	Tara Wanti	.. Do	57,000
270	Balwinder Nath	.. Do	33,000
271	Bahal Singh	.. Do	44,000
272	Sushil Kumar Sunil Kumar	.. Do	60,000
273	Balwant Singh Sohal	.. Do	60,000
274	Kailash Chander	.. Do	60,000
275	Satish Kumar	.. Do	72,000
276	Mohan Singh	.. Do	69,000
277	Gurmail Singh Kumar	.. Do	69,000
278	Ved Parkash	.. Do	58,000
279	The Coop. Store Delhi Gate	.. Do	75,000
280	Do	.. Basti Bhattian	66,000
281	The Co-op. Store Bzr. No. 5	.. Ferozepur Cantt.	75,000
282	The Co-op. Store Basti Bhattian	.. Ferozepur City	69,000
283	The Co-op. Mktg. Society	.. Ferozepur Cantt	48,000
284	Rakha Singh and Sons	.. Do	2,24,000

Serial No.	Name of Depot-Holder/Licensee		Place	Total quantity sold in litres
285	Prem Provision Store	..	Ferozepur City	49,000
286	Ram Partap Durga Parshad	..	Do	41,000
287	Radhey Shayam and Sons	..	Ferozepur Cantt.	54,000
288	Ahuja Karyana Store	..	Do	9,500
289	Surinder Kumar & Sons	..	Do	42,000
290	Roshan Lal	..	Ferozepur City	13,000
291	Ashok Kumar & Sons	..	Do	19,500
292	Des Raj Bhoor Kalan	..	Do	17,500
293	Kehar Singh	..	Jalalwala	14,500
294	Hardit Singh	..	Bhamba Hazi	17,000
295	Puran Singh	..	Pir Ismail Khan	14,400
296	Om Parkash	..	Tallisadan	15,000
297	Mangat Ram	..	Basti Bhanianwali	21,000
298	Tilak Raj	..	Khilchiayan Kadim	10,200
299	Surinder Kumar	..	Jakhrawan	13,000
300	Mohan Lal	..	Muthian Wali	18,000
301	Surinder Kumar	..	Khai Fame Ki	17,000
302	Kulwant Singh	..	Jang	7,000
303	Ashok Kumar	..	Gandhi Khilchian	10,000
304	Narula Oil Traders	..	Ferozepur City	50,000
305	Hans Raj & Sons	..	Habibwala	41,000
306	Anup Singh Bhadru	..	Bhadru	21,000
307	Verma General Store	..	Ferozepur Cantt.	15,000
308	Gulab S/o Ram Chand	..	Mehalsingh Wala	11,500
309	Mangat Ram	..	Paw Wala	6,000
310	Baldev Singh	..	Tegasingh Wala	11,500
311	Madan Oil Store	..	Ferozepur Cantt.	59,500
312	Chanan Singh Mahalam	..	Mahalam	33,000
313	Jagir Singh	..	Arfak Daulatpura	18,000
314	The Co-op. Society Tibbi Kalan	..	Tibbi Kalan	30,000

[Minister of State for Food and Supplies]

Serial No.	Name of-Depot-Holder/Licensee	Place	Total quantity sola in litres
315	Kikar Singh	.. Peeru Wala	1,200
316	Rajiv Kumar Paramjit Singh	.. Do	1,00,000
317	Gian Chand Daulowala	.. Daulewala	1,400
318	Bharat Bhushan	.. Ferozepur City	93,000
319	Resham Singh	.. Aasal	34,000
320	Narain Singh, son of Gandha Singh	.. Hazara	3,000
321	The Co-op Agr. Service Society	.. Sadardinwala	2,000
322	Labhu Ram	.. Rahim Ke Utar	3,000
323	Anup Singh Atari	.. Atari	8,000
324	Daulat Ram Bansidhar	.. Ferozepur City	4,000
325	Moga Brothers	.. Jhok Harihar	16,500
326	Rakesh Kumar	.. Vahke	14,000
327	Sham Lal & Bros.	.. Basti Jaloki	8,000
328	Aziz S/o Kalu Ram	.. Mamdot Uttar	6,000
329	Parkash Chand & Sons	.. Ferozepur Cantt.	3,000
330	Rajinder Kumar Karori Mal	.. Do	3,000
331	Shiv Shankar Oil Store	.. Barke	3,000
332	Narula Oil Store	.. Mahalsingh Wala	3,000
333	Vohra Oil Store	.. Ferozepur City	3,000
334	Didi Auto Store	.. Do	12,000
335	Mahinder Pal Surinder Pal	.. Do	3,000
336	Vinod Sharma	.. Ferozepur City	25,000
337	Lal Chand	.. Do	21,000
338	Naresh Kumar	.. Do	10,000
339	Lucky Brothers	.. Do	9,000
340	Ravindra Brothers	.. Do	3,000
341	Sharma Oil Store	.. Rajo Kagati	3,000
342	Ashok Kumar Diwan Chand	. Palla Megha	6,000
343	Chaudhary Oil Store	.. Do	3,000
344	Sodhi Oil Store	.. Ferozepur City	3,000
345	Sanjiv Oil Store	.. Do	3,000

Serial No.	Name of Depot Holder/Licensee	Place	Total quantity sold in litres
	M/s.—		
346	Sohan Lal Bros.	Gadhar Dhandi	3,000
347	Sethi Oil Store	Ferozepur City	3,000
348	Zimidara Oil Store	Do	3,000
349	Dhingra Oil Store	Rahime Ke Uttar	3,000
350	Jatindra Oil Store	Ferozepur City	3,000
351	Surinder Kumar Walaiti Ram	Pharuwal	3,000
352	Sham Oil Store	Mamdot	12,000
353	Yashpala Om Parkash	Ferozepur City	3,000
354	Kisan Oil Store	Do	3,000
355	Gurdas Mal Des Raj	Do	3,000
356	Dev Oil Store	Do	3,000
357	Azad Oil Store	Khai Phemke	3,000
358	Ferozepur Oil Store	Ferozepur City	3,000
359	Guru Nanak Oil Store	Jalalwala	3,000
360	Luthra Oil Store	Ferozepur City	3,000
361	Dharam Chand	Do	6,000
362	Sham Lal & Brothers	Mamdot	3,000
363	Roshan Lal	Rodey	6,000
364	Jarnail Singh	Chak Gurditiwala	1,500
365	Sandhu Singh	Kalu Araian	2,000
366	Om Parkash and Sons	Ferozepur Cantt.	3,000
367	Ashok Kumar Mohre Wala	Mohre Wala	8,000
368	Surat Singh	Basti Hazi Botu	1,000
369	Kewal Krishan	Abohar	84,800
370	Vijay Kumar Madan Lal	Do	6,160
371	Shri Bhiwani Consumer Store	Do	6,000
372	Harjinder Singh-Harjit Singh	Do	78,340
373	Raj Kumar-Chander Mohan	Do	34,040
374	Jai Chand-Lila Ram	Do	74,720

[Minister of State for Food and Supplies]

Serial No.	Name of Depot Holder/Licensee	Place	Total quantity sold in litres
375	Hari Chand Sidana ..	Abohar	18,680
376	Mohan Lal-Hans Raj ..	Do	5,940
377	Balram S/o Shri Ram Krishan ..	Do	96,100
378	Tarun Love Karyana Store ..	Do	77,640
379	Kewal Krishan Mukand Lal ..	Do	42,620
380	Dharampal Sharma ..	Do	87,240
381	Amarjit Singh ..	Do	1,760
382	Sham Lal-Madan Lal ..	Do	64,000
383	Lal Chand-Nanak Chand ..	Do	51,100
384	Sadi Lal-Nakki Ram ..	Do	46,440
385	Maan Singh Piara Singh ..	Do	43,460
386	Parbhati Ram ..	Do	59,360
387	Mohan Lal-Labhu Ram ..	Do	55,080
388	Radha Krishan Chuni Lal ..	Dharam Pura	2,640
389	Kashmiri Lal-Beli Ram ..	Alamgarh	1,760
390	Satnam Singh Behal ..	Do	46,700
391	Rajinder Kumar & Bros. ..	Do	55,380
392	Lachhmi Narain-Shiv Kumar ..	Do	34,600
393	Hans Raj-Machhi Ram ..	Do	57,360
394	Gopi Ram-Des Raj ..	Abohar	76,620
395	Charan Dass Gandhi ..	Do	51,880
396	Moti Ram-Tek Chand ..	Do	70,320
397	Mukand Lal-Om Parkash ..	Do	42,860
398	Mahesh Kumar-Parveen Kumar ..	Do	63,000
400	Munshi Ram-Madan Lal	Do	58,820
401	Gurditta Mal-Naresh Kumar ..	Do	11,220
402	Hans Raj & Sons ..	Do	14,040
403	Ravi Kant Bagla ..	Do	16,020
404	Babbar Oil Store ..	Do	12,500

Serial No.	Name of Depot Holder/Licensee		Place	Total Quantity sold in Litres
405	Laxmi Oil Company	..	Abohar	8,280
406	Ghansham Dass & Brothers	..	Do	4,400
407	Parma Nand Surinder Kumar	..	Do	13,240
408	Subhash Chander-Banwari Lal	..	Do	3,000
409	Bhagwan Singh-Mohan Lal	..	Do	1,100
410	Amir Chand-Sat Pal	..	Do	1,100
411	Ved Parkash	..	Do	8,060
412	Roshan Lal & Sons	..	Do	4,100
413	R.L. Malik	..	Do	18,000
414	Parja Ram-Charan Dass	..	Do	18,760
415	Mohri Ram-Kharaiti Lal	..	Do	4,320
416	Guru Nanak Automobile	..	Do	3,880
417	Ahuja & Company	..	Do	3,000
418	Modi Oil Company	..	Do	24,080
419	V.K. Ahuja	..	Do	13,620
420	Kalra Automobile	..	Do	52,000
422	Vijay Kumar Rajesh Kumar	..	Do	18,620
423	Nagpal Automobiles	..	Do	8,200
424	Mohan Lal S/o Shri Girdhari Lal	..	D	440
425	Parbh Dayal S/o Chandi Ram	..	Do	5,280
426	Charan Dass-Amar Nath	..	Do	6,960
427	Subhash Chand Khubhan	..	Do	9,000
428	Kashmiri Lal S/o Shri Balla Ram	..	Alamgarh	880
429	Ved Parkash	..	Do	1,100
430	Tarlok Singh-Saran Singh	..	Kandhwala	1,100
431	Chahalna Oil Store	..	Fazilka Centre	11,000
432	M.M. Goyal Store	..	Do	31,000
433	Niamat Rai Kharait Lal	..	Do	27,058
434	Ramesh & Co.	..	Do	33,000
435	Varinder & Mohan Lal	..	Do	4,000
436	Minda Oil Store	..	Do	3,000

[Minister of State for Food and Supplies]

Serial No.	Name of Depot Holder/Licensee		Place	Total Quantity sold in Litres
437	Vinod Oil Store	..	Fazilka Centre	3,000
438	Kewal Krishan-Jas Rai	..	Do	22,980
439	Surinder Pal Singh	..	Do	59,080
440	Gurdev Singh-Mehar Singh	..	Do	26,115
441	Subash Chander Depot Holder	..	Do	66,900
442	Inderjeet Oil Store	..	Do	6,000
443	Satish & Co.	..	Do	4,000
444	Roshan Lal Depot Holder	..	Do	55,800
445	Narinder Kumar Mulakh Raj	..	Do	1,000
446	Ram Chand Sandeep Kumar	..	Do	7,000
447	Arora Oil Store	..	Do	3,000
448	Chaman Lal Depot Holder	..	Do	13,260
449	Kawran Sain Aggarwal	..	Do	21,760
450	Munshi Ram Nanak Chand	..	Do	52,700
451	Varinder & Co.	..	Do	12,000
452	Aneia & Store	..	Do	6,000
453	Prem Nath-Inder Mohan	..	Do	3,000
454	Sandeep Kumar-Mohan Lal	..	Do	12,000
455	Guru Nanak Oil Store	..	Do	6,000
456	Bharat Oil Store	..	Do	12,000
457	Bhagwan Dass-Kishan Lal	..	Do	6,000
458	Hindustan Sanetory	..	Do	6,000
459	Inder Oil Machinery Store	..	Do	6,000
460	Subash Oil Co.	..	Do	70,500
461	Batra Oil Store	..	Do	70,500
462	Bihar Lal-Roshan Lal	..	Do	3,000
463	Mukand Lal-Gurbachan Singh	..	Do	6,000
464	J.K. Oil Store	..	Do	3,000
465	Tara Chand Brij Bhushan	..	Do	10,500
466	Narinder Kumar-Mohan Lal	..	Do	3,000

Serial No.	Name of Depot Holder/Licensee		Place	Total Quantity sold in Litres
			Fazilka Centre	
467	Surinder Mohan-Ashok Kumar	..	Do	3,000
468	Prem Nath-Inder Mohan	..	Do	3,000
469	Om Parkash Depot Holder	..	Do	60,800
470	Vijay Kumar-Nand Lal	..	Do	6,000
471	Rakesh & Co.	..	Do	3,000
472	Tek Chand Brij Bhushan	..	Do	3,080
473	Mohan Lal-Gurbachan Singh	..	Do	35,480
474	Gurdit Mal Sujusa	..	Do	42,400
475	Ram Gopal-Mata Ram	..	Do	26,680
476	Kishan Oil Store	..	Do	3,000
477	Jasuja Oil & Sanitory Store	..	Do	1,500
478	Satish & Co.	..	Do	2,000
479	Jamna Dass Subash Chander	..	Do	49,700
480	Nand Gopal	..	Do	2,10,100
481	Co-Op. Society	..	Do	48,960
482	Chaman Lal	..	Do	4,280
483	Sohan Lal	..	Do	50,500
484	Charder Pal-Mulkh Raj	..	Do	35,000
485	Kishan Kumar & Co.	..	Do	3,500
486	Co-Op. Store	..	Do	800
487	Bhajan Dass Kheunwali	..	Do	1,200
488	Lachhman Singh Begawali	..	Do	600
489	Rajindera Oil Store	..	Do	3,000
				99,99,481

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਪਹਿਲਾ ਸੁਆਲ ਮੇਰਾ ਸੀ ਇਸ ਦਾ ਜਵਾਬ ਆਉਣਾ ਚਾਹੀਦਾ ਹੈ। (ਵਿਘਨ)

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਫਿਰੋਜ਼ਪੁਰ ਦੀ ਸੂਚੀ ਮੰਗੀ ਸੀ ਉਹ ਉਨ੍ਹਾਂ ਨੇ ਦੇ ਦਿਤੀ ਹੈ। ......

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ, ਸਰ। ਪਹਿਲੇ ਸੁਆਲ ਦਾ ਜਵਾਬ ਨਹੀਂ ਦਿਤਾ। (ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਸਨ ਅਤੇ ਕੁਝ ਬੋਲ ਰਹੇ ਸਨ। ਹਾਊਸ ਵਿਚ ਜ਼ਿਆਦਾ ਸ਼ੋਰ ਹੋਣ ਕਰਕੇ ਕੁਝ ਨਹੀਂ ਸੁਣਾਈ ਦਿੱਤਾ।)

ਸ੍ਰੀ ਕਾਰਜਕਾਰੀ ਸਪੀਕਰ : ਇਕੱਲਾ ਇਕੱਲਾ ਕਰਕੇ ਬੋਲੋ। (ਵਿਘਨ) (ਸ਼ੋਰ) ਕਾਮਰੇਡ ਸਾਹਿਬ, ਤੁਸੀਂ ਕੁਐਸਚਨ ਪੁਟ ਕਰੋ।

ਕਾਮਰੇਡ ਮਹਿਤਾਬ ਸਿੰਘ : ਇਹ 1985-86 ਵਿਚ (ਵਿਘਨ) (ਸ਼ੋਰ) ......

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਕੁਐਸਚਨ ਤਾਂ ਪੁਟ ਕਰੋ ਅਗਰ ਉਸ ਦਾ ਜਵਾਬ ਆਏ। (ਵਿਘਨ)

ਕਾਮਰੇਡ ਮਹਿਤਾਬ ਸਿੰਘ: ਸਪੀਕਰ ਸਾਹਿਬ, ਮਿੱਟੀ ਦੇ ਤੇਲ ਦਾ ਜਿਹੜਾ ਕੋਟਾ ਦਸਿਆ ਗਿਆ ਹੈ 1985-86 ਵਿਚ ਕਿ ਫਿਰੋਜ਼ਪੁਰ ਵਿੱਚ ਗਿਆ, ਇਹ ਸਹੀ ਮਾਨ੍ਹਿਆਂ ਵਿਚ ਖਪਤਕਾਰਾਂ ਵਿੱਚ ਨਹੀਂ ਪਹੁੰਚਿਆ। ਇਹ ਰਸਤੇ ਵਿਚ ਹੀ ਰਹਿ ਗਿਆ। ਕੀ ਮਨਿਸਟਰ ਸਾਹਿਬ ਕੋਈ ਇਨਕੁਆਇਰੀ ਕਰਾਉਣਗੇ ਕਿ ਆਇਆ ਖਪਤਕਾਰਾਂ ਕੋਲ ਤੇਲ ਗਿਆ ਹੈ ਜਾਂ ਨਹੀਂ ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਸਨ ਅਤੇ ਹਾਊਸ ਵਿਚ ਸ਼ੋਰ ਹੋਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਮੈਂਬਰ ਸਾਹਿਬ, ਲਿਖ ਕੇ ਦੇ ਦੇਣ ਅਸੀਂ ਪੜਤਾਲ ਕਰ ਲਵਾਂਗੇ।

ਸਰਦਾਰ ਗੁਰਦੇਵ ਸਿੰਘ ਬਾਦਲ : ਇਹ ਪੰਜਾਬ ਦਾ ਕੋਟਾ ਸੀ। ਇਹ ਪੰਜਾਬ ਦੇ ਚੋਰ ਹਨ। (ਵਿਘਨ) (ਸ਼ੋਰ)

ਸ੍ਰੀ ਕਾਰਜਕਾਰੀ ਸਪੀਕਰ : ਕੀ ਕਾਮਰੇਡ ਮਹਿਤਾਬ ਸਿੰਘ ਆਪਣਾ ਅਗਲਾ ਕੁਐਸਚਨ ਪੁਟ ਕਰਨਾ ਚਾਹੁੰਦੇ ਹਨ ਜਾਂ ਨਹੀਂ ? (ਵਿਘਨ) (ਸ਼ੋਰ)

(ਇਸ ਵਕਤ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਸਨ ਅਤੇ ਕੁਝ ਬੋਲ ਰਹੇ ਸਨ। (ਸ਼ੋਰ ਜ਼ਿਆਦਾ ਹੋਣ ਕਾਰਨ ਕੁਝ ਸੁਣਾਈ ਨਹੀਂ ਸੀ ਦਿੰਦਾ।)

ਡਾਕਟਰ ਰਤਨ ਸਿੰਘ : ਨੌਂ ਲੱਖ ਰੁਪਏ ਦਾ ਗਬਨ ਹੋਇਆ ਹੈ। (ਵਿਘਨ) (ਸ਼ੋਰ)।

ਸ੍ਰੀ ਕਾਰਜਕਾਰੀ ਸਪੀਕਰ : ਅਗਰ ਅਗਲਾ ਕੁਐਸਚਨ ਕਾਮਰੇਡ ਸਾਹਿਬ ਨੇ ਪੁੱਟ ਨਹੀਂ ਕਰਨਾ ਤਾਂ ਕੁਐਸਚਨ ਆਵਰ ਖ਼ਤਮ ਹੈ। (ਵਿਘਨ) (ਸ਼ੋਰ)

ਕਾਮਰੇਡ ਮਹਿਤਾਬ ਸਿੰਘ : ਮੈਂ ਤਾਂ ਪੁੱਛ ਕੀਤਾ ਹੈ। (ਵਿਘਨ) (ਸ਼ੋਰ)

ਸਰਦਾਰ ਸੁਖਜਿੰਦਰ ਸਿੰਘ : ** ** ** **

ਸ੍ਰੀ ਕਾਰਜਕਾਰੀ ਸਪੀਕਰ : ਤੁਹਾਨੂੰ ਤਾਂ ਪਤਾ ਹੈ ਕਿਉਂਕਿ ਤੁਸੀਂ ਤਾਂ ਕਿੰਨੀ ਦੇਰ ਆਪ ਮਨਿਸਟਰ ਰਹੇ ਹੋ। ਸਪੀਕਰ ਕਿਸੇ ਮਨਿਸਟਰ ਨੂੰ ਜਵਾਬ ਦੇਣ ਲਈ ਮਜ਼ਬੂਰ ਨਹੀਂ ਕਰ ਸਕਦਾ। ਇਹ ਗਲ ਕਹਿ ਕੇ ਕਿ ਹਾਲੇ ਸੁਆਲ ਦਾ ਜਵਾਬ ਤਿਆਰ ਨਹੀਂ ਹੋਇਆ, ਐਕਸਟੈਨਸ਼ਨ ਲੈ ਲਈ ਜਾਂਦੀ ਹੈ। ਇਸ ਕੇਸ ਵਿਚ ਚੀਫ ਮਨਿਸਟਰ ਸਾਹਿਬ ਨੇ ਖੁਦ ਮੈਨੂੰ ਲਿਖਿਆ ਹੈ ਕਿ ਇਸ ਸੁਆਲ ਦਾ ਜਵਾਬ ਤਿਆਰ ਨਹੀਂ ਹੋਇਆ। ਇਸ ਕਰਕੇ ਐਕਸਟੈਨਸ਼ਨ ਦਿੱਤੀ ਗਈ ਹੈ। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

(ਇਸ ਵਕਤ ਕਈ ਮੈਂਬਰ ਸਾਹਿਬ ਆਪਣੀਆਂ ਸੀਟਾਂ ਤੇ ਖੜੇ ਸਨ ਅਤੇ ਬੋਲ ਰਹੇ ਸਨ ਪਰ ਸ਼ੋਰ ਜ਼ਿਆਦਾ ਹੋਣ ਕਰਕੇ ਕੁਝ ਸੁਣਾਈ ਨਹੀਂ ਦਿਤਾ।)

ਸੁਆਲ ਨੰਬਰ 419 ਦਾ ਕੀ ਜਵਾਬ ਹੈ ? (ਵਿਘਨ)

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਇਸ ਦਾ ਸੁਆਲ ਜਵਾਬ ਤਾਂ ਹੋ ਗਿਆ ਸੀ ਜੀ।

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਮੈਂ ਸੁਆਲ ਨੰਬਰ 419 ਤੇ ਸਪਲੀਮੈਂਟਰੀ ਕੀਤਾ ਸੀ ਪਰ ਕੋਈ ਜਵਾਬ ਨਹੀਂ ਮਿਲਿਆ। (ਵਿਘਨ) ਮੇਰਾ ਅਗਲਾ ਸੁਆਲ 418 ਹੈ।

Construction Work of Water Tank

*418. **Comrade Mehtab Singh** : Will the Minister of State for Public Health be pleased to state :—

(a) whether it is a fact that the construction work of a water tank at village Ghattian Wali Bodlan in Tehsil Fazilka was started for the supply of drinking water to ten villages in the said Tehsil during the last five years under the water supply scheme ;

(b) if the reply to part (a) above be in the affirmative, the time by which the said work is likely to be completed.

ਸਰਦਾਰ ਸ਼ਸ਼ਪਾਲ ਸਿੰਘ : (ੳ) ਨਹੀਂ ਜੀ

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

(ਇਸ ਵਕਤ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਸਨ ਅਤੇ ਕੁਝ ਨਾਹਰੇ ਲਗਾ ਰਹੇ ਸਨ ** ** **)।

**Expunged not recorded as ordered by the Chair.

ਸ੍ਰੀ ਕਾਰਜਕਾਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ ਇਹ ਨੋਟ ਨਾ ਕੀਤਾ ਜਾਵੇ। ਰਿਪੋਰਟਰ ਸਾਹਿਬਾਨ ਨੋਟ ਕਰ ਲੈਣ। (ਵਿਘਨ) (ਸ਼ੋਰ) ਕੁਐਸਚਨ ਆਵਰ ਵਿਚ ਪੁਆਇੰਟ ਆਫ ਆਡਰ ਰੇਜ਼ ਕਰਨ ਦਾ ਸੁਆਲ ਹੀ ਨਹੀਂ ਉਠਦਾ। (ਵਿਘਨ)

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਸਪੀਕਰ ਸਾਹਿਬ, ਸੁਆਲ ਨੰਬਰ 421 ਦਾ ਜਵਾਬ ਦਿਵਾਓ (ਵਿਘਨ) (ਸ਼ੋਰ) ਜਿਹੜਾ ਵਜ਼ੀਰ ਸਾਹਿਬ ਦੇ ਬਾਰੇ ਕੁਐਸਚਨ ਹੈ, ਉਸ ਦੀ ਜੁਰਤ ਨਹੀਂ ਕਿ ਉਹ ਹਾਊਸ ਵਿਚ ਆ ਕੇ ਬੈਠਣ।

Mr. Acting Speaker: Question Hour is over please.

QUESTION OF PRIVILEGE

Mr. Acting Speaker : I have received a notice of Privilege Motion from Dr. Kewal Krishan, M.L.A. and his other colleagues. I will request Dr. Kewal Krishan to read out his Privilege motion.

(At this stage, some hon. members of the Shiromani Akali Dal were standing in their seats and raising slogans ** ** **

Whatever is being said and slogans being raised by the members should not be recorded.

WALK OUT

(At this stage some hon. members of the Shiromani Akali Dal staged a walk out).

QUESTION OF PRIVILEGE (*Resumption*)

Dr. Kewal Krishan : Sir, we want to raise a question of breach of privilege under rule 254 of the Rules of Procedure and Conduct of Business in the Punjab Vidhan Sabha. I read my privilege motion :—

While coming to Vidhan Sabha for attending session today on 2nd June, 1986, on the main gate which is meant for the Members only, on entering we were searched thoroughly by the Police Officials, even our diaries and office documents were also searched. We were unnecessarily harassed and humiliated. This sort of search of Members of the Legislative Assembly has caused a great resentment amongst the Members of the Congress (I) Party particularly. Even lady members of the Congress (I) have not been spared. Within the precincts of the Vidhan Sabha where Members enjoy immunity such harassment, humiliation and physical search is obviously a breach of privilege of the Legislators.

Hence we raise the question of breach of privilege, Sir.

ਸ੍ਰੀ ਕਾਰਜਕਾਰੀ ਸਪੀਕਰ : ਅਗਰ ਕੋਈ ਮੈਂਬਰ ਆਪ ਜਾਂ ਉਸ ਦੇ ਬੀਹਾਫ ਤੇ ਕੋਈ ਹੋਰ ਮੈਂਬਰ ਸਟੇਟਮੈਂਟ ਦੇਣਾ ਚਾਹੁੰਦਾ ਹੋਵੇ ਤਾਂ ਦੇ ਦੇਵੇ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘ ਵਾਲਾ : ਸਪੀਕਰ ਸਾਹਿਬ, ਮੈਨੂੰ ਬੜੇ ਦੁੱਖ ਨਾਲ ਇਸ ਹਾਊਸ ਵਿਚ ਕਹਿਣਾ ਪੈਂਦਾ ਹੈ ਕਿ ਤਕਰੀਬਨ 30 ਸਾਲ ਤੋਂ ਮੈਂ ਇਸ ਹਾਊਸ ਦਾ ਮੈਂਬਰ ਹਾਂ, ਅੱਜ ਤਕ ਐਸਾ ਵਾਕਿਆ ਨਹੀਂ ਜ਼ਿੰਦਗੀ ਵਿਚ ਵੇਖਿਆ ਜੋ ਅੱਜ ਵੇਖਿਆ ਹੈ। ਹਾਊਸ ਦਾ

**Not recorded as ordered by the Chair.

ਟਾਈਮ ਹੋਣ ਵਾਲਾ ਸੀ । ਮੈਂ ਡਰਾਇਵਰ ਨੂੰ ਕਿਹਾ ਕਿ ਮੈਨੂੰ ਸਪੀਕਰ ਗੇਟ ਤੇ ਲਾਹ ਦੇਵੇ । ਮੈਨੂੰ ਉਸ ਨੇ ਉਥੇ ਬਾਹਰ ਲਾਹ ਦਿੱਤਾ ਤੇ ਆਪ ਚਲਾ ਗਿਆ ਖਾਣਾ ਖਾਣ ਵਾਸਤੇ । ਜਦੋਂ ਮੈਂ ਅੰਦਰ ਜਾਣ ਲਗਾ ਤਾਂ ਸਿਕਿਉਰਿਟੀ ਵਾਲਿਆਂ ਨੇ ਕਿਹਾ ਕਿ ਤੁਸੀਂ ਅੰਦਰ ਇਸ ਗੇਟ ਰਾਹੀਂ ਨਹੀਂ ਜਾ ਸਕਦੇ। ਮੈਂ ਪੁੱਛਿਆ ਕੀ ਗੱਲ ਕਿਸੇ ਨੂੰ ਅਗਰ ਖਤਰਾ ਹੋਵੇ ਤਾਂ ਇਹ ਨਹੀਂ ਕਿ ਦੂਸਰੇ ਨੂੰ ਲੰਘਣ ਹੀ ਨਾ ਦਿਓ। ਪਰ ਉਨ੍ਹਾਂ ਕਿਹਾ ਕਿ ਅਸੀਂ ਤੁਹਾਨੂੰ ਨਹੀਂ ਜਾਣ ਦੇਣਾ ਅਤੇ ਸਿਰਫ ਏਥੋਂ ਮਨਿਸਟਰ ਸਾਹਿਬ ਜਾ ਸਕਦੇ ਹਨ । ਮੈਂ ਕਿਹਾ ਕਿ ਸਪੀਕਰ ਸਾਹਿਬ ਦਾ ਗੇਟ ਹੈ, ਇਥੋਂ ਦੀ ਸਾਰੀ ਦੁਨੀਆ ਜਾਂਦੀ ਹੈ ਪਰ ਉਹ ਨਹੀਂ ਮੰਨੇ। ਖੈਰ ਗੱਡੀ ਚਲੀ ਗਈ ਸੀ। ਮੈਂ ਟੈਲੀਫੂਨ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਅੰਦਰ ਤਾਂ ਜਾ ਨਹੀਂ ਸੀ ਸਕਦਾ। ਮੈਂ ਕਿਸੇ ਜੈਂਟਲਮੈਨ ਨੂੰ ਕਿਹਾ ਕਿ ਮੇਰੇ ਰੈਜ਼ੀਡੈਂਸ ਤੇ ਟੈਲੀਫੂਨ ਕਰ ਦੇਵੇ but he could not get it. ਮੈਂ ਅੱਧਾ ਘੰਟਾ ਉਥੇ ਖੜਾ ਰਿਹਾ ਅਤੇ ਫਿਰ ਇਕ ਮੀਲ ਚਲ ਕੇ ਆਇਆ ਹਾਂ । ਸਪੀਕਰ ਸਾਹਿਬ, ਤੁਸੀਂ ਦੱਸੋ ਕਿ ਇਸ ਵਿਧਾਨ ਸਭਾ ਦੇ ਵਿਚ ਕੌਣ ਕਾਨੂੰਨ ਲਾਗੂ ਕਰਦਾ ਹੈ ? ਇਹ ਵਾਚ ਐਂਡ ਵਾਰਡ ਸਟਾਫ ਕਿਸ ਦੇ ਇਖਤਿਆਰ ਵਿਚ ਹੈ। ਕੌਣ ਪੁਲਿਸ ਨੂੰ ਵਿਧਾਨ ਸਭਾ ਵਿਚ ਦਾਖਲ ਕਰਦਾ ਹੈ ? ਹਾਊਸ ਵਿਚ ਪੁਰਾਣੇ ਸਪੀਕਰ ਬੈਠੇ ਹਨ, ਤੁਸੀਂ ਵੀ ਪ੍ਰੋਟਿਮ ਸਪੀਕਰ ਬੈਠੇ ਹੋ । ਉਹ ਕਹਿੰਦੇ ਹਨ ਕਿ ਹੁਕਮ ਹੈ ਕਿ ਜਨਤਾ ਨੂੰ ਲੰਘਣ ਨਹੀਂ ਦੇਣਾ। ਮੈਨੂੰ ਅੱਧਾ ਘੰਟਾ ਖੜਨਾ ਪਿਆ ਹੈ । ਮੈਂ ਸਮਝਦਾ ਹਾਂ ਕਿ ਇਹ ਸ਼ਰਮਨਾਕ ਗੱਲ ਹੈ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਨਾ ਤੁਸੀਂ ਕਿਹਾ ਹੈ, ਜੇ ਕਿਹਾ ਹੈ ਤਾਂ ਦਸੋ, ਨਾ ਤੁਸੀਂ ਹੁਕਮ ਦਿੱਤਾ ਹੈ । ਜੇਕਰ ਕੋਈ ਮੈਂਬਰ ਲੰਘਣ ਲਗੇ ਤਾਂ ਮੈਟਲ ਡੀਟੈਕਟਰ ਲਗਾ ਕੇ ਸਿਪਾਹੀ ਉਸ ਆਨਰੇਬਲ ਮੈਂਬਰ ਨੂੰ ਸਰਚ ਕਰਨ, ਮੈਂ ਬਿਲਕੁਲ ਤਲਾਸ਼ੀ ਨਹੀਂ ਦੇਵਾਂਗਾ। ਸਪੀਕਰ ਸਾਹਿਬ ਮੈਂ ਅਫਸੋਸ ਨਾਲ ਕਹਿੰਦਾ ਹਾਂ ਕਿ ਇਕ ਦਿਨ ਬਰਨਾਲਾ ਸਾਹਿਬ ਦਾ ਬਿਆਨ ਆਇਆ ਸੀ ਕਿ ਸਰਕਾਰ ਗਰੀਬਾਂ ਦੇ ਬਚਾਅ ਵਾਸਤੇ ਹੈ। ਕੀ ਇਹ ਗਰੀਬਾਂ ਦੇ ਬਚਾਅ ਵਾਲੇ ਕੰਮ ਹਨ ? ਸਾਰੀ ਵਿਧਾਨ ਸਭਾ ਨੂੰ, ਸਪੀਕਰ ਸਾਹਿਬ, ਸੈਂਟਰਲ ਜੇਲ੍ਹ ਬਣਾ ਦਿੱਤਾ ਹੈ। ਜੇਕਰ ਮੁਨਾਸਿਬ ਕਦਮ ਨਾ ਉਠਾਏ, ਆਉਣ ਵਾਲੇ ਸਪੀਕਰ ਨੇ ਕਦਮ ਨਾ ਉਠਾਏ ਤਾਂ I will be the last man to enter the House. ਮੈਂ ਬਿਲਕੁਲ ਹਾਊਸ ਵਿਚ ਨਹੀਂ ਆਵਾਂਗਾ। ਮੈਂ ਬਰਦਾਸ਼ਤ ਨਹੀਂ ਕਰਾਂਗਾ। ਕੀ ਇਖਤਿਆਰ ਹੈ ਗੌਰਮਿੰਟ ਨੂੰ ਕਿ ਇਹ ਇਸ ਤਰ੍ਹਾਂ ਦੇ ਕਾਨੂੰਨ ਬਣਾਉਣ ਅਤੇ ਥਾਣੇਦਾਰਾਂ ਨੂੰ ਗੇਟਾਂ ਤੇ ਖੜੇ ਕਰ ਦੇਣ। ਇਹ ਸ਼ਰਮ ਦੀ ਗੱਲ ਹੈ ਕਿ ਲੇਡੀ ਮੈਂਬਰ ਦੀ ਸਾਰੇ ਜਿਸਮ ਦੀ ਤਲਾਸ਼ੀ ਲਈ ਜਾਵੇ। ਈਵਨ ਪਾਰਲੀਮੈਂਟ ਵਿਚ, ਸਪੀਕਰ ਸਾਹਿਬ, ਇਸ ਤਰ੍ਹਾਂ ਨਹੀਂ ਹੈ। (ਵਿਘਨ) ਸੁਣੋ। ਅਸੀਂ ਇਥੇ ਦਿਹਾੜੀ ਲੈਣ ਨਹੀਂ ਆਉਂਦੇ । ਐਗਜ਼ਿਉਜ਼ ਮੀ, ਇਹ ਸਾਡਾ ਰਾਈਟ ਹੈ। ਅਸੀਂ ਲੱਖਾਂ ਬੰਦਿਆਂ ਨੂੰ ਰੀਪਰੈਜ਼ੈਂਟ ਕਰਦੇ ਹਾਂ, ਜੇਕਰ ਦੋ ਦੋ ਪੈਸੇ ਦੇ ਸਿਪਾਹੀਆਂ ਨੇ ਜੁੱਤੀਆਂ ਮਾਰਨੀਆਂ ਹਨ ਤਾਂ ਅਸੀਂ ਇਥੇ ਨਹੀਂ ਆਵਾਂਗੇ। ਇਸ ਲਈ ਇਹ ਵਜ਼ਾਹਤ ਕਰੋ ਕਿ ਕੀ ਤੁਸੀਂ ਆਰਡਰ ਕੀਤਾ ਹੈ ਜਾਂ ਆਊਟ-ਗੋਇੰਗ ਸਪੀਕਰ ਨੇ ਕੀਤਾ ਹੈ ?

ਸ੍ਰੀ ਕਾਰਜਕਾਰੀ ਸਪੀਕਰ : ਪ੍ਰਾਇਮਾ-ਫੇਸਾਈ ਤਾਂ ਇਹ ਹੈ ਕਿ ਇਸ ਵਿਚ ਪ੍ਰਿਵਲੇਜ ਦਾ ਕੁਐਸਚਨ ਇਨਵਾਲਵਡ ਹੈ। ਇਸ ਲਈ ਜਿਹੜੇ ਲੀਵ ਦੇਣ ਦੇ ਹੱਕ ਵਿਚ ਹਨ ਉਹ ਕਿਰਪਾ ਕਰਕੇ ਖੜੇ ਹੋ ਜਾਣ ਕਿਉਂਕਿ ਪਰਟੀਕੁਲਰ ਨੰਬਰ ਰਿਕੁਆਇਰਡ ਹੁੰਦਾ ਹੈ ਲੀਵ ਗਰਾਂਟ ਕਰਨ ਵਾਸਤੇ।

(ਇਸ ਸਮੇਂ ਖੜੇ ਮੈਂਬਰ ਸਾਹਿਬਾਨ ਦੀ ਸਕੱਤਰੇਤ ਵਲੋਂ ਗਿਣਤੀ ਕੀਤੀ ਗਈ।)

ਇਥੇ 30 ਚਾਹੀਦੇ ਹਨ ਅਤੇ 59 ਹਨ ਜਿਨ੍ਹਾਂ ਨੇ ਹਾਊਸ ਵਿਚ ਵੋਟ ਦਿੱਤਾ ਹੈ। ਸੋ, ਇਹ ਪ੍ਰਿਵਿਲੇਜ ਮੋਸ਼ਨ ਬਣਦੀ ਹੈ। ਇਹ ਪ੍ਰਿਵਿਲੇਜ ਕਮੇਟੀ ਨੂੰ ਰੈਫਰ ਕੀਤੀ ਜਾਵੇਗੀ। (ਥੰਪਿੰਗ)

(ਇਸ ਸਮੇਂ ਕੁਝ ਮੈਂਬਰ ਸਾਹਿਬਾਨ ਖੜੇ ਹੋ ਕੇ ਪੁਆਇੰਟ ਆਫ ਆਰਡਰ ਉਠਾਉਣ ਦੀ ਅਗਿਆ ਦੀ ਮੰਗ ਕਰ ਰਹੇ ਸਨ।)

PERSONAL EXPLANATION

Sardar Ravi Inder Singh ; On a point of personal explanation, Sir. ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਦਾਰ ਗੁਰਚਰਨ ਸਿੰਘ ਨਿਹਾਲ-ਸਿੰਘ ਵਾਲਾ ਨੇ ਮੇਰੇ ਵਲ ਔਰ ਤੁਹਾਡੇ ਵਲ ਇਸ਼ਾਰਾ ਕਰਕੇ ਪ੍ਰਿਵਿਲੇਜ ਮੋਸ਼ਨ ਦਾ ਜ਼ਿਕਰ ਕੀਤਾ ਹੈ। ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹਵਾਂਗਾ ਕਿ ਮੇਰੇ ਵਲੋਂ ਜਿਤਨਾ ਚਿਰ ਮੈਂ ਸਪੀਕਰ ਰਿਹਾ ਹਾਂ, ਕਦੇ ਵੀ ਐਸਾ ਹੁਕਮ ਨਹੀਂ ਹੋਇਆ ਜਿਸ ਨਾਲ ਇਨ੍ਹਾਂ ਨੂੰ ਕਸ਼ਟ ਹੋਇਆ ਹੋਵੇ ਔਰ ਕਿਸੇ ਦਰਵਾਜ਼ੇ ਤੋਂ ਆਉਣ ਦੀ ਮਨਾਹੀ ਹੋਵੇ। ਅਸਲੀਅਤ ਇਹ ਹੈ ਕਿ ਕੁਝ ਦਿਨ ਪਹਿਲਾਂ ਡੀ.ਆਈ. ਜੀ. ਸਿਕਿਉਰਿਟੀ ਮੇਰੇ ਪਾਸ ਆਇਆ ਸੀ। ਮੈਨੂੰ ਪੁਛਿਆ ਕਿ ਅਸੀਂ ਚਾਹੁੰਦੇ ਹਾਂ ਕਿ ਇਸ ਵਾਰ ਬਹੁਤੇ ਵਿਜ਼ੇਟਰਜ਼ ਅਲਾਓ ਨਾ ਕੀਤੇ ਜਾਣ। ਮੈਂ ਕਿਹਾ ਕਿ ਬੰਦਸ਼ ਕਿਉਂ ਕੀਤੀ ਜਾਵੇ। ਤੁਸੀਂ ਲਾਅ ਐਂਡ ਆਰਡਰ ਕਾਇਮ ਰਖੋ। ਤੁਸੀਂ ਵਿਜ਼ੇਟਰਜ਼ ਨੂੰ ਸਰਚ ਕਰ ਲਵੋ ਲੇਕਿਨ ਜਿੰਨਾਂ ਚਿਰ ਤਕ ਇਹ ਡੈਮੋਕ੍ਰੇਟਿਕ ਪ੍ਰਾਸੈਸ ਹੈ ਜੇਕਰ ਲੋਕਾਂ ਨੂੰ ਨਹੀਂ ਵੇਖਣ ਦਿਉਗੇ ਤਾਂ ਉਨ੍ਹਾਂ ਨੂੰ ਕਿਸ ਤਰ੍ਹਾਂ ਨਜ਼ਰ ਆਵੇਗਾ ਕਿ ਇਹ ਠੀਕ ਚਲ ਰਿਹਾ ਹੈ। Visitors must come, democracy should function. Not only that but appear to function. ਇਸ ਤਰ੍ਹਾਂ ਦੀ ਗੱਲ ਹੈ। ** **

QUESTION OF PRIVILEGE (*Resumption*)

ਸ੍ਰੀ ਕਾਰਜਕਾਰੀ ਸਪੀਕਰ: ਇਹ ਕੁਐਸਚਨ ਪ੍ਰਿਵਿਲੇਜ ਕਮੇਟੀ ਨੂੰ ਰੈਫਰ ਹੋ ਗਿਆ ਹੈ। ਹੁਣ ਪ੍ਰਿਵਲੇਜ ਕਮੇਟੀ ਵੇਖੇਗੀ ਕਿ ਕੀ ਕਰਨਾ ਹੈ।

(ਇਸ ਸਮੇਂ ਕਈ ਮਾਨਯੋਗ ਮੈਂਬਰ ਖੜੇ ਹੋ ਕੇ ਪੁਆਇੰਟ ਆਫ ਆਰਡਰ ਰੇਜ਼ ਕਰਨ ਦੀ ਆਗਿਆ ਮੰਗ ਰਹੇ ਸਨ।)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਮੇਰੀ ਤਾਂ ਰਿਕੁਐਸਟ ਹੈ ਕਿ ਜੋ ਪ੍ਰਿਵਿਲੇਜ ਮੋਸ਼ਨ ਤੇ ਵੋਟਿੰਗ ਹੋਈ ਹੈ ਉਸ ਦੀ ਗਿਣਤੀ ਠੀਕ ਨਹੀਂ ਹੋਈ, ਇਸ ਲਈ ਗਿਣਤੀ ਦੁਬਾਰਾ ਕੀਤੀ ਜਾਵੇ ਤਾਕਿ ਹਾਊਸ ਦਾ ਰਿਕਾਰਡ ਠੀਕ ਹੋ ਜਾਵੇ।

ADJOURNMENT MOTIONS

ਮਾਸਟਰ ਮੋਹਨ ਲਾਲ: ਮੈਂ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ।

ਸ੍ਰੀ ਕਾਰਜਕਾਰੀ ਸਪੀਕਰ: ਪ੍ਰਿਵਿਲੇਜ ਮੋਸ਼ਨ ਦੀ ਪ੍ਰਾਇਰਟੀ ਹੁੰਦੀ ਹੈ। ਇਸ ਲਈ ਉਹ ਲਈਆਂ ਹਨ। ਹਾਲੇ ਐਡਜਰਨਮੈਂਟ ਮੋਸ਼ਨਜ਼ ਹੁਣ ਆਉਣੀਆਂ ਹਨ। ਹਾਲੇ ਨਹੀਂ ਆਈਆਂ। (ਵਿਘਨ)

(ਇਸ ਵੇਲੇ ਬਹੁਤ ਸਾਰੇ ਮੈਂਬਰਜ਼ ਖੜੇ ਹੋ ਕੇ ਬੋਲ ਰਹੇ ਸਨ)।

**Expunged under orders of the Speaker.

ਸ੍ਰੀ ਕਾਰਜਕਾਰੀ ਸਪੀਕਰ : ਤੁਸੀਂ ਬੋਲਦੇ ਕਿਹੜੀ ਮੋਸ਼ਨ ਤੇ ਹੋ। ਮੈਨੂੰ ਸਮਝ ਨਹੀਂ ਆਉਂਦੀ। ਮੈਂ ਹੁਣ ਐਡਜਰਨਮੈਂਟ ਮੋਸ਼ਨ ਰੈਫਰ ਕਰਦਾ ਹਾਂ। ਮੈਂ ਰੂਲ ਅਰਜ਼ ਕੀਤੇ ਹਨ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਸਾਡੇ ਮੈਂਬਰਜ਼ ਨੇ ਐਡਜਰਨਮੈਂਟ ਮੋਸ਼ਨ ਦਿੱਤੀ ਹੈ ਮਾਈਗਰੇਸ਼ਨ ਦੇ ਬਾਰੇ ਵਿਚ। ਇਸ ਤੇ ਤੁਹਾਡੀ ਰੂਲਿੰਗ ਚਾਹੀਦੀ ਹੈ।

ਸ੍ਰੀ ਕਾਰਜਕਾਰੀ ਸਪੀਕਰ : ਮੇਰੇ ਕੋਲ ਦੋ ਐਡਜਰਨਮੈਂਟ ਮੋਸ਼ਨਜ਼ ਹਨ। ਇਕ ਤੁਹਾਡੀ ਪਾਰਟੀ ਵਲੋਂ ਹੈ ਅਤੇ ਇਕ ਸ੍ਰੀ ਮੋਹਨ ਲਾਲ ਵਲੋਂ ਹੈ। ਦੋਨੋਂ ਐਡਜਰਨਮੈਂਟ ਮੋਸ਼ਨਜ਼ ਮੈਂ ਟੇਕ ਅਪ ਕਰ ਲਈਆਂ ਹਨ। ਪ੍ਰਿਵਲੇਜ ਮੋਸ਼ਨ ਨੂੰ ਡਿਸਪੋਜ਼ ਆਫ ਕਰਕੇ ਹੀ ਇਨ੍ਹਾਂ ਨੂੰ ਲਿਆ ਜਾ ਸਕਦਾ ਹੈ।

ਸ੍ਰੀ ਬ੍ਰਹਮ ਮਹਿੰਦਰਾ : ** ** **

ਸ੍ਰੀ ਕਾਰਜਕਾਰੀ ਸਪੀਕਰ : ਤੁਸੀਂ ਆਪਣੀ ਐਡਜਰਨਮੈਂਟ ਮੋਸ਼ਨ ਕਰੋ।

ਸ੍ਰੀ ਬ੍ਰਹਮ ਮਹਿੰਦਰਾ : ਮੇਰੇ ਪੁਆਇੰਟ ਆਫ ਆਰਡਰ ਤੇ ਰੂਲਿੰਗ ਦਿਓ।

Mr. Acting Speaker : It is no point of order.

Master Mohan Lal (Pathankot) : We beg to move a motion for the adjournment of the Business of the Punjab Vidhan Sabha for the purpose of discussing a definite matter of urgent public importance i.e. the mass migration of Hindus from Punjab especially from the districts of Gurdaspur, Amritsar and Kapurthala to other States. This has caused a great anxiety, terror and fear psychosis in the minds of Hindus minority in Punjab. Hence this adjournment motion.

Explanatory Note

The B.J.P. welcomed the Punjab Accord that it will usher a new era of peace and prosperity in Punjab. After the Assembly elections the Punjabis in general and the Hindus in particular had high hopes from the Barnala Government that it would bring normalcy and peace in Punjab. The daily killings would stop. The high hopes have been belied. The killings of innocent people at the hands of extremists have become the order of the day. The fate of the minority community has been shaken. The result is mass migration of the people to other States especially from border villages of Amritsar and Gurdaspur . So to discuss this serious matter the business of the House be adjourned. Hence this Motion.

ਸ੍ਰੀ ਕਾਰਜਕਾਰੀ ਸਪੀਕਰ : ਇਹ ਮੋਸ਼ਨ 11.25 ਤੇ ਮਿਲੀ ਹੈ ਅਤੇ ਦੂਸਰੀ ਸਿਮੀਲਰ ਮੋਸ਼ਨ 11.05 ਤੇ ਆਈ ਹੈ। (ਵਿਘਨ) ਬਰਾੜ ਜੀ ਤੁਸੀਂ ਆਪਣੀ ਐਡਜਰਨਮੈਂਟ ਮੋਸ਼ਨ ਪੜ੍ਹੋ।

**Expunged as ordered by the Chair.

Sardarni Gurbrinder Kaur Brar (Muktsar) : Sir, we would like to move the following Adjournment Motion under rule 59 of the Rules of Procedure and Conduct of Business in Punjab Vidhan Sabha :

We move that the business of today's Session of Punjab Vidhan Sabha be adjourned to discuss the definite matter of urgent public importance, namely, migration of the people of Hindu community from Punjab to other States of the Country due to the deterioration of law and order situation of the State.

Explanatory Note.

The terrorists are committing broad day murders of the innocent and law abiding citizens including the businessmen, government employees, school teachers and passersby. This has created a sense of insecurity and uncertainty amongst the people. The extremists are collecting funds from the people forcibly on one pretext or the other. The administrative set up has miserably failed to protect the life, property and honour of the people resulting in day to day increase of migration of Hindu Community from Punjab to other States of the country. Hence it is a fit matter for adjournment of today's business of the House to discuss this definite matter of the urgent public importance.

ਸ੍ਰੀ ਕਾਰਜਕਾਰੀ ਸਪੀਕਰ : ਦੋਨੋਂ ਐਡਜਰਨਮੈਂਟ ਮੋਸ਼ਨਜ਼ ਬਹੁਤ ਰੇਲੇਵੇਂਟ ਹਨ। ਜੋ ਕੁੱਝ ਸਥਿਤੀ ਇਸ ਵੇਲੇ ਪੰਜਾਬ ਵਿਚ ਹੈ, ਜਿਥੋਂ ਤਕ ਇਕ ਕਮਿਊਨਿਟੀ ਦੀ ਨਿਕਾਸੀ ਦਾ ਸਬੰਧ ਹੈ, ਇਹ ਸਭ ਨੂੰ ਵਾਜ਼ਾਹ ਹੈ। ਇਸ ਦੀ ਇੰਪੌਰਟੈਂਸ ਨੂੰ ਮੁੱਖ ਰਖਦੇ ਹੋਏ ਮੈਂ ਇਹ ਐਡਜਰਨਮੈਂਟ ਮੋਸ਼ਨਜ਼ ਪੜ੍ਹਨ ਦਿੱਤੀਆਂ ਹਨ। ਇਸ ਲਈ ਮੈਂ ਰਿਕੁਐਸਟ ਕਰਾਂਗਾ ਕਿ ਇਹ ਜੋ ਕੁੱਝ ਹੋ ਰਿਹਾ ਹੈ, ਇਹ ਅਸੀਂ ਸਭ ਜਾਣਦੇ ਹਾਂ, ਪਰ ਅਸੀਂ ਇਹ ਵੇਖਣਾ ਹੈ ਕਿ ਇਸ ਲਈ ਗੌਰਮਿੰਟ ਕੀ ਕਰ ਰਹੀ ਹੈ ਅੰਰ ਅਗਾਂਹ ਕੀ ਕਰਨਾ ਹੈ। ਇਸ ਵਾਸਤੇ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਇਸ ਉਤੇ ਡਿਟੇਲਡ ਸਟੇਟਮੈਂਟ ਦੇਣ ਤਾਕਿ ਇਸ ਬਾਰੇ ਸੱਭ ਨੂੰ ਪਤਾ ਲਗ ਜਾਵੇ।

ਪ੍ਰੋਫੈਸਰ ਦਰਬਾਰੀ ਲਾਲ: ਮੇਰੇ ਕੋਲ ਇਕ ਸਟੇਟਮੈਂਟ ਹੈ ਕਿ ਕਿਹੜੇ ਕਿਹੜੇ ਲੋਕ ਵੱਖ ਵੱਖ ਥਾਂ ਤੋਂ ਚਲੇ ਗਏ ਹਨ। ਮੈਂ ਇਹ ਹਾਊਸ ਦੀ ਟੇਬਲ ਤੇ ਲੇਅ ਕਰਦਾ ਹਾਂ।

(ਇਸ ਵੇਲੇ ਸਬੰਧਤ ਮੈਂਬਰ ਸਾਹਿਬ ਨੇ ਇਕ ਸਟੇਟਮੈਂਟ ਹਾਊਸ ਦੀ ਟੇਬਲ ਤੇ ਰਖੀ ਜਿਹੜੀ ਕਿ ਮਾਨਯੋਗ ਕਾਰਜਕਾਰੀ ਸਪੀਕਰ ਨੂੰ ਪਹੁੰਚਾ ਦਿੱਤੀ ਗਈ।)

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ ਆਪ ਨੇ ਕਿਹਾ ਹੈ ਕਿ ਇਹ ਇੰਪਾਰਟੈਂਟ ਮਸਲਾ ਹੈ। ਮੈਂ ਇਹ ਕਹਿਣਾ ਚਾਹਵਾਂਗਾ ਕਿ ਇਹ ਮਸਲਾ ਇਕ ਪਾਰਟੀ ਦਾ ਨਹੀਂ, ਇਕ ਕਮਿਊਨਿਟੀ ਦਾ ਨਹੀਂ, ਸਾਰੇ ਪੰਜਾਬ ਦਾ ਮਸਲਾ ਹੈ ਔਰ ਇਸ ਵੇਲੇ ਸਾਰੇ ਦੇਸ਼ ਦਾ ਮਸਲਾ ਬਣਿਆ ਹੋਇਆ ਹੈ। ਇਸ ਲਈ ਮੈਂ ਇਹ ਕਹਿਣਾ ਚਾਹਵਾਂਗਾ ਕਿ ...... (ਵਿਘਨ)

Sardar Prem Singh Lalpura : On a Point of Order, Sir.

Mr. Acting Speaker : Don't interrupt the Chief Minister. There **is no Point of Order.**

Chief Minister (Sardar Surjit Singh Barnala) : Reports had appeared in the press that as a result of terrorist activities, families belonging to minority communities especially Hindus had started migrating from rural areas in the State, particularly from the border districts of Amritsar and Gurdaspur, to cities within the district, to other cities within the State, being Hindu majority cities and also to other States. The factual position as disclosed by the Deputy Commissioners to the Department of Relief and Rehabilitation are that a total of 271 families have moved out from districts Gurdaspur and Amritsar and no families have migrated from Ludhiana, Kapurthala and Ropar districts.

To protect the lives of our Hindu brethern and to set at rest the apprehensions in their minds, a number of strong measures have been taken by my Government. The Police has started effective implementation of the sector scheme in the affected districts. The Police patrolling has been intensified in the rural areas by the deployment of more troops, provision of augmented transport and wireless communication set-up to police station level and provision of modern weapons to the Police force. Special squads have been set up in each district to apprehend top extremists. There has been an intensification of raids on hide-outs, harbourers and associates of the extremists as a result of which 122 extremists/terrorists were arrested by the Punjab police in May, 1986 alone. Some of the top hard-core extremists apprehended are :—

(1) Gursewak Singh.
(2) Balwinder Singh.
(3) Deep Singh.
(4) Sukhdev Singh.
(5) Narvail Singh.

As many as 4 terrorists were killed in encounter. Seven members of the gang of Sukhdev Singh Sakhira, a dreaded terrorist killed by unknown persons on 15th May, 1986, were arrested by the Police.

During May 1986, 36 pistols, 15 revolvers, 8 rifles/guns, 7 hand grenades and a large number of cartridges were recovered in the State. Three P.Os. were also arrested. Besides this the Village Voluntary Force has been set up to help the villagers, to protect the life and property in their villages.

A Team headed by Shri Tara Singh Lyallpuri, Minister of State, Financial Commissioner, Revenue, Mr. S.L. Kapur, Deputy Commissioner, Amritsar, etc. met some of the families who had migrated from village Fatehabad of Tarn Taran Sub-Division of Amritsar to persuade them to return to their homes. They assured that they would do so as and when situation improves. We hope that the day will come very soon when all Punjabis would live in full security in their homes without any strain or fear.

Subsequently again on hearing that the families had gone to Karnal, some of them were inclined to come back, I again sent a team consisting of the Minister of State for Home and Mr. S.L. Kapur, a Superintendent of Police who was functioning in Tarn Taran area and had been to the village and to their homes and also some public men from Amritsar, well-known public men from Brahaman Sabha, Amritsar. This team was sent to Karnal to persuade them to come back to Punjab. They tried their best to persuade them. But again some miscreants from Amritsar reached there and foiled their attempt to bring them back. But there is every hope that a large number of persons who

[Chief Minister]

have gone to their relations, who have gone temporarily, intend to come back to their homes when slight normalacy comes back in their areas.

I have formed a Committee in District Amritsar comprising top leaders of all the parties including Congressmen, including Janta Party, including B.J.P. C.P.I., C.P.M. and Akali Dal M.L.As, and asked them to go to the villages affected villages, to persuade the people not to leave their homes and enquire from them what type of protection, what type of security they need from the Government and we have assured them that all type of security will be provided.

I have also told the district authorities, the Deputy Commissioners, SSPs, to grant liberal licences to the minority community wherever they are needed and required and asked for. So in fact some of our district officers have gone to the villages to persuade the persons from the minority community to have licences. They have formed some groups of ex-servicemen alongwith villagers concerned, they have formed squads for the protection of the people. So these steps have been taken and similarly I am going to constitute a Committee for the Gurdaspur district also. These are the two most affected districts and with the help of all political parties, we will try to do our best to restore confidence amongst the minority community, particularly, so that they do not have to leave their homes. That is our maximum effort, Sir, and I hope that I will get support of the entire House and also of all the political parties in this effort and they should make constructive suggestions wherever they think proper and if they find some lacunae, I will be willing to help in removing those obstructions and we will try our best to restore confidence amongst the minority community and the poeple.

ELECTION OF SPEAKER

Mr. Acting Speaker : Now we take up Election of Speaker.

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ** ** **

ਸ਼੍ਰੀ ਕਾਰਜਕਾਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

Chief Minister (Sardar Surjit Singh Barnala) **:** Sir, I beg to move—

> That Sardar Surjit Singh Minhas, a Member of the Punjab Vidhan Sabha, who is present in the House do take the Chair as Speaker of the Punjab Vidhan Sabha.

Minister of State for Food and Supplies (Sardar Baldev Singh Maan) **:** Sir, I second the motion.

Mr. Acting Speaker : Motion moved—

> That Sardar Surjit Singh Minhas, a Member of the Punjab Vidhan Sabha, who is present in the House do take the Chair as Speaker of the Punjab Vidhan Sabha.

Mr. Acting Speaker : Is there any other proposal ?

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਸਰ, ਮੈਂ ਗਿਆਨੀ ਅਰਜਨ ਸਿੰਘ ਲਿੱਟ ਦਾ ਨਾਂ ਸਪੀਕਰ-ਸ਼ਿਪ ਵਾਸਤੇ ਪਰਪੋਜ਼ ਕਰਦਾ ਹਾਂ।

ਰਾਜਾ ਨਰਿੰਦਰ ਸਿੰਘ : ਸਰ, ਮੈਂ ਇਸ ਨੂੰ ਸੈਕੰਡ ਕਰਦਾ ਹਾਂ!

**Expunged as ordered by tha Chair.

Mr. Acting Speaker : Motion moved—

That Giani Arjan Singh Litt, a Member of the Punjab Vidhan Sabha, who is present in the House do take the Chair as Speaker of the Punjab Vidhan Sabha.

Mr. Acting Speaker : Is there any other proposal ?

(No other proposal was put forward by any other hon'ble Member).

Mr. Acting Speaker : Question is—

That Sardar Surjit Singh Minhas, a Member of the Punjab Vidhan Sabha, who is present in the House do take the Chair as Speaker of the Punjab Vidhan Sabha.

ਪਹਿਲੀ ਪਰਪੋਜ਼ਲ ਚੀਫ ਮਨਿਸਟਰ ਸਾਹਿਬ ਦੀ ਆਈ ਹੈ ਇਸ ਲਈ ਉਸ ਉਤੇ ਵੋਟਿੰਗ ਪਹਿਲੇ ਹੋਵੇਗੀ। ਚੀਫ ਮਨਿਸਟਰ ਸਾਹਿਬ ਨੇ ਸਰਦਾਰ ਸੁਰਜੀਤ ਸਿੰਘ ਮਿਨਹਾਸ ਜੀ ਦਾ ਨਾਂ ਸਪੀਕਰਸ਼ਿਪ ਲਈ ਪਰਪੋਜ਼ ਕੀਤਾ ਹੈ। ਜੋ ਇਸ ਦੇ ਹੱਕ ਵਿਚ ਹਨ ਉਹ ਪਹਿਲੇ ਆਪਣੀਆ ਸੀਟਾਂ ਤੇ ਖੜੇ ਹੋ ਜਾਣ।

(At this moment the counting was made)

Mr. Acting Speaker : Those who are against the motion they should stand up, now.

(At this moment the counting was made)

Mr. Acting Speaker : 86 are in favour of the motion and 26 are against the motion.

The motion was carried.

(At this stage the Chief Minister conducted Sardar Surjit Singh Minhas to the Chair of the Speaker).

(Thumping)

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਤੁਹਾਨੂੰ ਇਸ ਚੇਅਰ ਉਤੇ ਸੁਸ਼ੋਭਤ ਹੋਇਆਂ ਵੇਖਕੇ ਮੈਨੂੰ ਬੜੀ ਖੁਸ਼ੀ ਹੋ ਰਹੀ ਹੈ। ਮੈਂ ਪੰਡਿਤ ਮੋਹਨ ਲਾਲ ਜੀ ਦਾ ਵੀ ਧੰਨਵਾਦ ਕਰਦਾ ਹਾਂ। (ਵਿਘਨ) (ਸ਼ੋਰ) ** **

ਸ਼੍ਰੀ ਸਪੀਕਰ : ਜੋ ਮੈਂਬਰ ਸਾਹਿਬਾਨ ਬਗੈਰ ਪਰਮਿਸ਼ਨ ਦੇ ਬੋਲ ਰਹੇ ਹਨ It should not form part of the proceedings

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਆਪ ਜੀ ਦੇ ਬਾਰੇ ਹਾਊਸ ਦੇ ਮੈਂਬਰ ਸਾਹਿਬਾਨ ਬਹੁਤ ਸਾਰੇ ਜਾਣਦੇ ਹਨ। ਆਪ ਜੀ ਨੇ ਮਿਹਨਤ ਦੇ ਨਾਲ ਤਾਲੀਮ ਹਾਸਲ ਕੀਤੀ। ਕਾਲਜ ਦੀ ਤਾਲੀਮ ਹਾਸਲ ਕੀਤੀ। ਆਪ ਬਹੁਤ ਮਿਹਨਤ ਕਰਦੇ ਰਹੇ ਔਰ ਉਸ ਤੋਂ ਬਾਅਦ ਆਪ ਜੀ ਨੇ ਲਾਅ ਪਾਸ ਕੀਤਾ। ਲਾਅ ਪਾਸ ਕਰਨ ਤੋਂ ਬਾਅਦ ਆਪ ਜੀ ਨੇ ਪ੍ਰੈਕ-ਟਿਸ ਸ਼ੁਰੂ ਕੀਤੀ। ਵਕੀਲ ਦੇ ਨਾਤੇ ਆਪ ਸਿਰਫ ਜਲੰਧਰ ਵਿਚ ਹੀ ਨਹੀਂ ਬਲਕਿ ਸਾਰੇ ਪੰਜਾਬ ਵਿਚ ਮਸ਼ਹੂਰ ਹੋ। ਫਿਰ ਆਪ ਜਲੰਧਰ ਇਮਪਰੂਵਮੈਂਟ ਟਰੱਸਟ ਦੇ ਚੇਅਰਮੈਨ ਬਣ ਗਏ। ਆਪ ਜੀ ਨੇ ਬੜੀ ਖੂਬਸੂਰਤੀ ਨਾਲ ਆਪਣੇ ਫਰਜ਼ ਨੂੰ ਨਿਭਾਇਆ। ਇਸੇ ਲਈ ਹੀ ਆਪ ਛੋਟੀਆਂ ਸੀਟਾਂ ਤੋ

**Expunged as ordered by the Chair.

[ਮੁੱਖ ਮੰਤਰੀ]

ਉਠ ਕੇ ਇਸ ਪਦਵੀ ਤਕ ਪਹੁੰਚੇ ਹੋ। ਇਸ ਬਾਰੇ ਮੈਂ, ਸਪੀਕਰ ਸਾਹਿਬ, ਆਪ ਜੀ ਨੂੰ ਵਧਾਈ ਦਿੰਦਾ ਹਾਂ। ਮੈਨੂੰ ਆਸ ਹੈ ਕਿ ਤੁਸੀਂ ਆਪਣੇ ਫਰਜ਼ ਸੋਹਣੇ ਢੰਗ ਨਾਲ ਨਿਭਾਉਗੇ। ਤੁਸੀਂ ਬਹੁਤ ਸਮਾਂ ਹਾਈ ਕੋਰਟ ਅਤੇ ਡਿਸਟ੍ਰਿਕਟ ਕੋਰਟਸ ਵਿਚ ਪ੍ਰੈਕਟਿਸ ਕੀਤੀ ਹੈ। ਆਪ ਜੀ ਨੂੰ ਐਡਮਨਿਸਟ੍ਰੇਸ਼ਨ ਦਾ ਔਰ ਬਤੌਰ ਚੇਅਰਮੈਨ ਦਾ ਬਹੁਤ ਤਜਰਬਾ ਹੈ। ਆਪ ਸਪੀਕਰ ਸਾਹਿਬ, ਸਾਰੇ ਹਾਊਸ ਨੂੰ ਇਕ ਨਜ਼ਰ ਨਾਲ ਵੇਖੋਗੇ। ਆਪ ਪਾਰਟੀ ਪੱਧਰ ਤੋਂ ਉਪਰ ਉਠ ਕੇ, ਪਾਰਟੀ ਦਾ ਮੈਂਬਰ ਆਪਣੇ ਆਪ ਨੂੰ ਨਾ ਸਮਝਦਿਆਂ ਹੋਇਆਂ ਸਾਰੇ ਹਾਊਸ ਨੂੰ ਚੰਗੀ ਤਰ੍ਹਾਂ ਚਲਾਉਂਦੇ ਰਹੋਗੇ ਔਰ ਸਾਰਿਆਂ ਨੂੰ ਇਕ ਨਜ਼ਰ ਨਾਲ ਦੇਖਦੇ ਰਹੋਗੇ। ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਜੇਕਰ ਕਿਸੇ ਵੇਲੇ ਵਿਰੋਧੀ ਧਿਰ ਨੂੰ ਸਾਡੇ ਨਾਲੋਂ ਵੱਧ ਵੀ ਟਾਈਮ ਦਿਉਗੇ ਤਾਂ ਸਾਨੂੰ ਕੋਈ ਗਿਲਾ ਨਹੀਂ ਹੋਵੇਗਾ। (ਥੰਪਿੰਗ) ਹਾਊਸ ਦਾ ਡੈਕੋਰਮ ਬਣਿਆ ਰਹੇ। ਹਾਊਸ ਵਿਚ ਠੀਕ ਢੰਗ ਨਾਲ ਸਾਰੇ ਮੈਂਬਰ ਹਿੱਸਾ ਲੈਂਦੇ ਰਹਿਣ। ਅਸੀਂ ਇਥੇ ਨਾਹਰੇ ਮਾਰਨ ਦੀ ਖਾਤਰ ਚੁਣ ਕੇ ਨਹੀਂ ਆਏ ਜਿਹੜੇ ਕਿ ਰਿਕਾਰਡ ਤੇ ਨਾ ਆ ਸਕਣ। ਸਾਰੇ ਮੈਂਬਰ ਹਾਊਸ ਵਿਚ ਠੀਕ ਢੰਗ ਨਾਲ ਰਹਿਣ ਤਾਕਿ ਸੋਹਣੇ ਢੰਗ ਨਾਲ ਹਾਊਸ ਚਲ ਸਕੇ। ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਫਿਰ ਇਕ ਵਾਰ ਵਧਾਈ ਦਿੰਦਾ ਹਾਂ। (ਥੰਪਿੰਗ)

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ (ਮੁਕਤਸਰ) : ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਤੁਹਾਨੂੰ ਵਧਾਈ ਦਿੰਦੀ ਹਾਂ। ਮੈਨੂੰ ਖੁਸ਼ੀ ਹੈ ਕਿ ਅਕਾਲੀ ਪਾਰਟੀ ਨੇ ਇਕ ਬਹੁਤ ਅੱਛਾ ਅਤੇ ਲਾਇਕ ਸਪੀਕਰ ਚੁਣਿਆ ਹੈ। (ਵਿਘਨ) ਮਿਨਹਾਸ ਸਾਹਿਬ, ਤੁਸੀਂ ਮਿਹਨਤ ਕਰਕੇ ਤਾਲੀਮ ਹਾਸਲ ਕੀਤੀ ਅਤੇ ਐਡਵੋਕੇਟ ਹੋ। ਜਲੰਧਰ ਇਮਪਰੂਵਮੈਂਟ ਟਰੱਸਟ ਦੇ ਚੇਅਰ-ਮੈਨ ਵੀ ਰਹੇ ਹੋ। ਅੱਜ ਮੈਂ ਇੱਕ ਗੱਲ ਡਿਸੀਡੈਂਟ ਅਕਾਲੀ ਭਰਾਵਾਂ ਨੂੰ ਕਹਿਣਾ ਚਾਹੁੰਦੀ ਹਾਂ।

(ਇਸ ਸਮੇਂ ਕੁਝ ਮੈਂਬਰ ਸਾਹਿਬਾਨ ਬਿਨਾ ਆਗਿਆ ਦੇ ਬੋਲ ਰਹੇ ਸਨ ** ** **)

ਸ੍ਰੀ ਸਪੀਕਰ : ਜਿਹੜਾ ਬਗੈਰ ਪਰਮਿਸ਼ਨ ਤੋਂ ਹਾਊਸ ਵਿਚ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਇਹ ਇਨ੍ਹਾਂ ਲਈ ਅੱਛੀ ਗੱਲ ਨਹੀਂ ਹੈ। ਹਾਊਸ ਵਿਚ ਡੈਕੋਰਮ ਰਖਣਾ ਚਾਹੀਦਾ ਹੈ।

(ਇਸ ਵੇਲੇ ਸਰਦਾਰ ਬਲਵਿੰਦਰ ਸਿੰਘ ਭੂੰਦੜ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਮਿਨਹਾਸ ਸਾਹਿਬ, ਇਹ ਪਹਿਲਾ ਮੌਕਾ ਹੈ ਜਦੋਂ ਕਿ ਅਕਾਲੀ ਪਾਰਟੀ 73 ਸੀਟਾਂ ਜਿੱਤ ਕੇ ਅਸੈਂਬਲੀ ਵਿਚ ਆਈ ਹੈ ਪ੍ਰੰਤੂ ਅੱਜ ਕਿਤਨੇ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਦੀ ਪਾਰਟੀ ਦੇ ਆਪਣੇ ਹੀ ਮੈਂਬਰ ਆਪਣੀ ਹੀ ਪਾਰਟੀ ਦੀ ਮੁਖਾਲਫਤ ਕਰ ਰਹੇ ਹਨ। (ਵਿਘਨ) ਸਪੀਕਰ ਸਾਹਿਬ, ਮੈਨੂੰ ਇਕ ਸ਼ੇਅਰ ਯਾਦ ਆ ਗਿਆ:—

"ਸੁਨਾ ਥਾ ਗਾਲਬ ਆਜ ਉਡੇਂਗੇ ਉਨਕੇ ਪਰਖਚੇ,
ਤਮਾਸ਼ਾ ਦੇਖਨੇ ਹਮ ਭੀ ਜਾਏਂਗੇ।"

**Not recorded as ordered by the Chair.

ਤੁਸੀਂ, ਸਪੀਕਰ ਸਾਹਿਬ, ਹਾਊਸ ਨੂੰ ਚੰਗੀ ਤਰ੍ਹਾਂ ਕੰਟ੍ਰੋਲ ਕਰੋਗੇ। ਤੁਸੀਂ ਸਾਡੀ ਪਾਰਟੀ ਨੂੰ ਉਸੇ ਤਰ੍ਹਾਂ ਰਖੋਗੇ ਜਿਸ ਤਰ੍ਹਾਂ ਅਕਾਲੀ ਪਾਰਟੀ ਨੂੰ ਰਖੋਗੇ ਔਰ ਤੁਸੀਂ ਦੋਨੋਂ ਪਾਸਿਉਂ ਮੈਂਬਰ ਸਾਹਿਬਾਨ ਦਾ ਪੂਰਾ ਧਿਆਨ ਰਖੋਗੇ। ਸਪੀਕਰ ਸਾਹਿਬ, ਮੈਂ ਇਕ ਵਾਰ ਫੇਰ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਆਪ ਜੀ ਨੂੰ ਵਧਾਈ ਦਿੰਦੀ ਹਾਂ। (ਥੰਪਿੰਗ) (ਵਿਘਨ)

ਸ੍ਰੀ ਸਪੀਕਰ : ਤੁਸੀਂ ਇਨਟਰੱਪਟ ਨਾ ਕਰੋ ਔਰ ਆਪਣੀ ਰਾਏ ਜੀ ਸਦਕੇ ਦਿਓ। ਸ੍ਰੀ ਮਨਮੋਹਨ ਕਾਲੀਆ, ਜੀ ਤੁਸੀਂ ਬੋਲੋ।

ਸ੍ਰੀ ਮਨਮੋਹਨ ਕਾਲੀਆ (ਜਲੰਧਰ ਕੇਂਦਰੀ) : ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਭਾਰਤੀਯ ਜਨਤਾ ਪਾਰਟੀ ਵਲੋਂ ਤੁਹਾਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ। ਤੁਸੀਂ ਮੈਨੂੰ ਸਪੀਕਰ ਸਾਹਿਬ, ਬੋਲਣ ਦੀ ਇਜਾਜ਼ਤ ਦਿੱਤੀ ਹੈ। ਤੁਹਾਡੀ ਸ਼ਖਸੀਅਤ ਦੇ ਬਾਰੇ ਮੇਰੇ ਦਿਲ ਵਿਚ ਬੜੀ ਸ਼ਰਧਾ ਅਤੇ ਪਿਆਰ ਹੈ। ਸਪੀਕਰ ਸਾਹਿਬ, ਮੈਂ 1969 ਵਿਚ ਲੋਕਲ ਬਾਡੀਜ਼ ਮਨਿਸਟਰ ਸੀ। ਜਿਸ ਵਕਤ ਇਮਪਰੂਵਮੈਂਟ ਟਰੱਸਟ ਦੇ ਮੈਂਬਰਾਂ ਦੀ ਨਿਯੁਕਤੀ ਦਾ ਸਵਾਲ ਆਇਆ ਵਿਘਨ) ...... ਸਪੀਕਰ ਸਾਹਿਬ ਮੈਂ ਤੁਹਾਡੀ ਪ੍ਰਸ਼ੰਸਾ ਇਸ ਕਰਕੇ ਨਹੀਂ ਕਰ ਰਿਹਾ ਕਿ ਤੁਸੀਂ ਜਲੰਧਰ ਦੇ ਵਕੀਲ ਰਹੇ ਹੋ ਔਰ ਮੇਰੇ ਦੋਸਤ ਹੋ। ਮੈਂ ਇਸ ਕਰਕੇ ਤੁਹਾਡੀ ਪ੍ਰਸ਼ੰਸਾ ਕਰ ਰਿਹਾ ਹਾਂ ਕਿ ਤੁਸੀਂ ਇਕ ਬੇਹਤਰੀਨ ਇਨਸਾਨ ਹੋ। (ਥੰਪਿੰਗ) ਇਸੇ ਦੇ ਨਾਤੇ ਹੀ ਅਗਰ ਤੁਹਾਡਾ ਸਾਰਾ ਜੀਵਨ, ਸਿਆਸੀ ਜ਼ਿੰਦਗੀ ਅਤੇ ਸਮਾਜਿਕ ਜ਼ਿੰਦਗੀ ਦਾ ਵਰਨਣ ਦੋ ਸ਼ਬਦਾਂ ਲਾਇਲਟੀ ਅਤੇ ਸਿਨਸੀਆਰਿਟੀ ਵਿੱਚ ਹੀ ਕੀਤਾ ਜਾਵੇ ਤਾਂ ਠੀਕ ਹੋਵੇਗਾ। ਚੋਣ ਵਿੱਚ ਤੁਸੀਂ ਅਕਾਲੀ ਟਿਕਟ ਤੇ ਖੜੇ ਹੋਏ ਸੀ ਪਰ ਸਾਰੇ ਫਿਰਕਿਆਂ ਦੇ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਕੀਤਾ। ਅੱਜ ਵੀ ਇਕ ਗੱਲ ਮੈਂ ਆਪਣੇ ਪੂਰੇ ਰਸੂਖ ਦੇ ਨਾਲ ਕਹਿ ਸਕਦਾ ਹਾਂ ਕਿ ਮੇਰਾ ਜੋ ਤੁਹਾਡੇ ਨਾਲ ਸੰਪਰਕ ਹੈ, ਉਸਦੇ ਮੁਤਾਬਿਕ ਹੀ ਕਹਿ ਰਿਹਾ ਹਾਂ ਕਿ ਤੁਸੀਂ ਇਸ ਹਾਊਸ ਦੀਆਂ ਪ੍ਰੋਸੀਡਿੰਗਜ਼ ਬਿਲਕੁਲ ਇਮਪਾਰਸ਼ਲ ਤਰੀਕੇ ਨਾਲ ਚਲਾਉਗੇ ਅਤੇ ਸਾਰੇ ਹਾਊਸ ਦਾ ਵਿਸ਼ਵਾਸ ਪ੍ਰਾਪਤ ਕਰੋਗੇ ਅਤੇ ਜਿਸ ਤਰ੍ਹਾਂ ਲੀਡਰ ਆਫ ਦੀ ਹਾਊਸ ਨੇ ਵਿਸ਼ਵਾਸ ਦਿਵਾਇਆ ਹੈ ਕਿ ਆਪੋਜ਼ੀਸ਼ਨ ਦਾ ਹਮੇਸ਼ਾ ਹੀ ਬੋਲਣ ਦਾ ਵੇਟੇਜ ਰਾਈਟ ਹੁੰਦਾ ਹੈ, ਇਸ ਕਰਕੇ ਤੁਸੀਂ ਆਪੋਜ਼ੀਸ਼ਨ ਦਾ ਜ਼ਿਆਦਾ ਧਿਆਨ ਰਖੋਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਨੂੰ ਦਿੱਲੀ ਮੁਬਾਰਕਬਾਦ ਦੇਂਦਾ ਹਾਂ।

ਕੈਪਟਨ ਅਮਰਿੰਦਰ ਸਿੰਘ (ਤਲਵੰਡੀ ਸਾਬੋ) : ਸਪੀਕਰ ਸਾਹਿਬ, ਅੱਜ ਜਿਸ ਪਦਵੀ ਤੇ ਤੁਹਾਡੀ ਚੋਣ ਹੋਈ ਹੈ, ਤੁਹਾਨੂੰ ਸਤਿਕਾਰਿਆ ਹੈ, ਇਹ ਇੱਕ ਬੜੀ ਉੱਚੀ ਪਦਵੀ ਹੈ ਔਰ ਜਮਹੂਰੀਅਤ ਦੇ ਵਿੱਚ ਇਹ ਬੜੀ ਅਹਿਮ ਜਗ੍ਹਾ ਰਖਦੀ ਹੈ। ਜਦੋਂ ਤੋਂ ਪਾਰਲੀਮੈਂਟਰੀ ਡੈਮੋਕਰੇਸੀ ਆਈ ਹੈ, ਇਹ ਜਿਹੜੀ ਪਦਵੀ ਹੈ, ਇਸ ਨੇ ਹਮੇਸ਼ਾਂ ਹੀ ਉੱਚੀ ਜਗ੍ਹਾ ਰਖ ਹੈ। ਪਰ ਅੱਜ ਸਾਨੂੰ ਅਫਸੋਸ ਹੈ ਕਿ ਪਹਿਲੀ ਵਾਰੀ ਕਿਸੇ ਵੀ ਹਾਊਸ ਵਿਚ ਇਕ ਕੰਟਰੋਵਰਸੀ ਹੋਈ ਹੈ ਸਪੀਕਰ ਦੇ ਬਾਰੇ ਅਤੇ ਇਸ ਗੱਲ ਦਾ ਬਹਾਨਾ ਲਗਾਇਆ ਗਿਆ ਕਿ ਸਪੀਕਰ ਨੇ ਕਾਂਸਟੀਚਿਊਸ਼ਨ ਦੀ ਇਨਫੀਰੀਓਰਟੀ ਕੀਤੀ ਹੈ। ਪਰ ਅਸਲ ਗੱਲ ਇਹ ਹੈ ਕਿ ਸਪੀਕਰ ਨੇ, ਦਰਬਾਰ ਸਾਹਿਬ ਤੇ ਜੋ ਐਕਸ਼ਨ ਲਿਆ ਗਿਆ, ਉਸ ਤੇ ਰੋਸ ਪ੍ਰਗਟ ਕੀਤਾ। ਇਸੇ ਗੱਲ ਤੇ ਇਨ੍ਹਾਂ ਨੇ ਇਕ ਬਹਾਨਾ ਬਣਾ ਕੇ ਸਪੀਕਰ ਨੂੰ ਹਟਾਇਆ। ਸਾਨੂੰ ਅਫਸੋਸ ਇਸ ਗੱਲ ਦਾ ਹੈ ਕਿ ਆਪਣੀਆਂ ਖੁਦਗਰਜ਼ੀਆਂ ਕਰਕੇ, ਆਪਣੀਆਂ ਛੋਟੀਆਂ ਛੋਟੀਆਂ ਗੱਲਾਂ ਕਰਕੇ ਇਕ ਉਚੀ ਪਦਵੀ ਨੂੰ ਕੰਟਰੋਵਰਸੀ ਵਿੱਚ ਲਿਆਂਦਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਅਸੀਂ ਮੁੱਖ ਮੰਤਰੀ ਬਣੇ ਰਹੀਏ ਅਤੇ ਸਾਡੀ ਸਰਕਾਰ ਕਿਸੇ ਨਾ ਕਿਸੇ ਤਰ੍ਹਾਂ ਚਲਦੀ ਰਹੇ। ਅੱਜ ਇਧਰ 27 ਐਮ.ਐਲ.ਏਜ਼ ਬੈਠੇ ਹਨ, ਇਹ ਕਿਸ ਕਰਕੇ ਬੈਠੇ ਹਨ। ....

ਆਵਾਜ਼ਾਂ : 27 ਨਹੀਂ, 23 ਹਾਂ।

ਕੈਪਟਨ ਅਮਰਿੰਦਰ ਸਿੰਘ : ਅਸੀਂ 27 ਐਮ.ਐਲ.ਏਜ਼ ਇਸ ਕਰਕੇ ਇਧਰ ਬੈਠੇ ਹਾਂ ਕਿ ਜਿਹੜੇ ਪਲੇਟਫਾਰਮ ਤੇ ਸਾਡੀ ਇਲੈਕਸ਼ਨ ਹੋਈ ਹੈ, ਉਹ ਅਕਾਲੀ ਦਲ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦਾ ਹੈ, ਉਸ ਅਕਾਲੀ ਦਲ ਦੇ 66 ਸਾਲ ਦੇ ਇਤਿਹਾਸ ਤੇ ਕਾਲਖ ਲਗੀ ਹੈ। (ਵਿਘਨ) (ਸ਼ੋਰ) ਇਹ ਸਿੱਖੀ ਪਰੰਪਰਾਵਾਂ ਨੂੰ ਤੋੜਿਆ ਗਿਆ ਹੈ। ਇਹ 66 ਸਾਲ ਵਿੱਚ ਪਹਿਲੀ ਵਾਰ ਹੋਇਆ ਹੈ ਅਤੇ ਹਾਲੇ ਤੱਕ ਕਿਸੇ ਸਿੱਖ ਦੀ ਇਹ ਜੁਰੱਅਤ ਨਹੀਂ ਸੀ ਕਿ ਉਹ ** **

Chief Minister (Sardar Surjit Singh Barnala): This is not the forum for making a speech. He should maintain the decorum of the House. Mr. Speaker, he should not be allowed to continue like this.

Mr. Speaker: Please be relevant.

ਸਰਦਾਰ ਬਲਵੰਤ ਸਿੰਘ ਸਰਹਾਲ : ਸਪੀਕਰ ਸਾਹਿਬ, ਇਹ ਜੋ ਕੁਝ ਇਨ੍ਹਾਂ ਨੇ ਇਰਰੇਲੇਵੇਂਟ ਕਿਹਾ ਹੈ, ਉਹ ਐਕਸਪੰਜ ਕੀਤਾ ਜਾਵੇ।

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਸਾਨੂੰ ਸਾਰਿਆਂ ਨੂੰ ਹਾਊਸ ਦੇ ਡੈਕੋਰਮ ਨੂੰ ਅੱਛੇ ਢੰਗ ਨਾਲ ਮੇਨਟੇਨ ਕਰਨਾ ਚਾਹੀਦਾ ਹੈ। ਇਹ ਸਾਰੇ ਮੈਂਬਰਾਂ ਨੂੰ ਹੱਕ ਹੈ ਕਿ ਉਹ ਆਪਣੇ ਵਿਚਾਰ ਪ੍ਰਗਟ ਕਰਨ। ਪਰ ਸਾਨੂੰ ਰੈਲੇਵੇਂਸੀ ਦੀ ਸੀਮਾ ਤੋਂ ਅੱਗੇ ਨਹੀਂ ਜਾਣਾ ਚਾਹੀਦਾ।

ਕੈਪਟਨ ਅਮਰਿੰਦਰ ਸਿੰਘ ~~ਸਰਹਾਲ~~ : ** ** **

ਸ੍ਰੀ ਸਪੀਕਰ : ਇਹ ਐਕਸਪੰਜ ਕਰ ਦਿੱਤਾ ਜਾਵੇ। ਇਹ ਸਾਰੇ ਇਰਰੇਲੇਵੇਂਟ ਰਿਮਾਰਕਸ ਰਿਕਾਰਡ ਵਿਚੋਂ ਐਕਸਪੰਜ ਕੀਤੇ ਜਾਂਦੇ ਹਨ। (ਵਿਘਨ) (ਸ਼ੋਰ) (ਇਸ ਵਕਤ ਬਹੁਤ ਜ਼ਿਆਦਾ ਸ਼ੋਰ ਹੋਣ ਕਰਕੇ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ।)

ਸਰਦਾਰ ਬਲਵੰਤ ਸਿੰਘ ਸਰਹਾਲ : ਸਪੀਕਰ ਸਾਹਿਬ, ਇਹ ਸਭ ਕੁਝ ਐਕਸਪੰਜ ਕੀਤਾ ਜਾਵੇ।

ਸ੍ਰੀ ਸਪੀਕਰ : ਜੋ ਵੀ ਇਰਰੇਲੇਵੇਂਟ ਗੱਲ ਕਹੀ ਗਈ ਹੈ, ਉਹ ਸਾਰੀ ਐਕਸਪੰਜ ਕੀਤੀ ਜਾ ਚੁੱਕੀ ਹੈ। I have already expunged (ਵਿਘਨ) (ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਖੜੇ ਹੋ ਕੇ ਬੋਲ ਰਹੇ ਸਨ ਅਤੇ ਕੁੱਝ ਵੀ ਸੁਣਾਈ ਨਹੀਂ ਸੀ ਦੇ ਰਿਹਾ।) ਕੁੱਝ ਵੀ ਰਿਕਾਰਡ ਨਾ ਕੀਤਾ ਜਾਵੇ।

ਸ੍ਰੀ ਬ੍ਰਹਮ ਮਹਿੰਦਰਾ : ** ** **

Mr. Speaker: This is no point of order.

ELECTION OF DEPUTY SPEAKER

Mr. Speaker : Election of Deputy Speaker. Please sit down.

Chief Minister (Sardar Surjit Singh Barnala) : Sir, I beg to move—

That Shri Jaswant Singh, a Member of the Punjab Vidhan Sabha, who is present in the House, be elected as Deputy Speaker of the House.

**Expunged as ordered by the Chair.

Finance Minister (Sardar Balwant Singh) : Sir, I second the motion.

Mr. Speaker : Motion moved—

That Sardar Jaswant Singh, a Member of the Punjab Vidhan Sabha, who is present in the House, be elected as Deputy Speaker of the House.

Mr. Speaker : Is there any other proposal ? ਹੋਰ ਕੋਈ ਤਜਵੀਜ਼ ਹੈ ?

Sardar Kuldip Singh Wadala : Sir, I beg to move—

That Doctor Satwant Singh Mohi, a Member of the Punjab Vidhan Sabha, who is present in the House, be elected as Deputy Speaker of the House.

Sardar Sucha Singh Chhotepur : Sir, I second the motion. (*Noises*)

Mr. Speaker : Motion moved—

That Dr. Satwant Singh Mohi, a Member of the Punjab Vidhan Sabha, who is present in the House, be elected as Deputy Speaker of the House.

Mr. Speaker : Is there any other proposal ? (Noises) ਪਹਿਲੀ ਪਰਪੋਜ਼ਲ ਚੀਫ ਮਨਿਸਟਰ ਵਲੋਂ ਹੈ।

Mr. Speaker : Question is—

That Sardar Jaswant Singh, a Member of the Punjab Vidhan Sabha, who is present in the House, be elected as Deputy Speaker of the House.

ਮੈਂ ਚਾਹਵਾਂਗਾ ਕਿ ਜਿਹੜੇ ਮੈਂਬਰ ਇਸ ਮੋਸ਼ਨ ਦੇ ਹਕ ਵਿਚ ਹਨ, ਉਹ ਖੜ੍ਹੇ ਹੋ ਜਾਣ।

(After ascertaining the votes of the House by voice, Mr. Speaker said, 'I think Ayes have it'. This opinion was challenged. The question was put again and Mr. Speaker said, 'I think Ayes have it'. Again it was challenged. The Members were asked to rise in their seats. Eighty five Members rose in support of the Motion and 26 against the Motion. So the Motion was declared carried).

The motion was carried.

(The Chief Minister conducted Sardar Jaswant Singh to the Chair of the Deputy Speaker.)

Mr. Speaker : Now the Chief Minister would like to make a speech on this issue. (Thumping).

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਅੱਜ ਤੁਸੀਂ ਹਾਊਸ ਦੇ ਵਿਚ ਡਿਪਟੀ ਸਪੀਕਰ ਦੀ ਚੋਣ ਕਰਵਾਈ ਹੈ ਔਰ ਹਾਊਸ ਦੀ ਬਹੁ-ਸੰਖਿਆ ਨੇ ਸਰਦਾਰ ਜਸਵੰਤ ਸਿੰਘ ਨੂੰ ਡਿਪਟੀ ਸਪੀਕਰ ਚੁਣਿਆ ਹੈ। ਸਰਦਾਰ ਜਸਵੰਤ ਸਿੰਘ ਜਿਥੇ ਕਿ ਪਾਰਟੀ ਦੇ ਪੁਰਾਣੇ ਅਤੇ ਉਘੇ ਵਰਕਰ ਨੇ ਅਤੇ ਜ਼ਿਲ੍ਹੇ ਦੇ ਹੈਡ ਨੇ, ਪ੍ਰੈਜ਼ੀਡੈਂਟ ਨੇ ਅਕਾਲੀ ਦਲ ਦੇ, ਉਥੇ ਲਾਅ ਗ੍ਰੈਜੂਏਟ ਹੋਣ ਦੇ ਨਾਤੇ ਪ੍ਰੈਕਟਾਈਜ਼ਿੰਗ ਲਾਇਅਰ ਵੀ ਨੇ ਔਰ ਬਹੁਤ ਵਡੇ

[ਮੁੱਖ ਮੰਤਰੀ]

ਸਮਾਜ ਸੇਵਕ ਵੀ ਨੇ। ਇਨ੍ਹਾਂ ਨੇ ਬਤੌਰ ਸਮਾਜ ਸੇਵਕ ਬਹੁਤ ਸਮਾਂ ਆਪਣੇ ਇਲਾਕੇ ਵਿਚ ਲਾਇਆ। ਇਹ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਵੀ ਬਣੇ ਅਤੇ ਇਨ੍ਹਾਂ ਨੇ ਬੜੀ ਖੂਬੀ ਦੇ ਨਾਲ ਇਸ ਜ਼ਿੰਮੇਵਾਰੀ ਨੂੰ ਨਿਭਾਇਆ। ਅਕਾਲੀ ਦਲ ਨੇ ਇਨ੍ਹਾਂ ਨੂੰ ਇਸ ਪਦਵੀ ਲਈ ਚੁਣ ਕੇ ਮੈਂ ਸਮਝਦਾ ਹਾਂ ਕਿ ਕੋਈ ਅਹਿਸਾਨ ਨਹੀਂ ਕੀਤਾ ਬਲਕਿ ਇਨ੍ਹਾਂ ਦਾ ਬਹੁਤ ਸਮੇਂ ਜੋ ਡਿਊ ਸੀ, ਉਹ ਹੀ ਅਸੀਂ ਦਿੱਤਾ ਹੈ। ਇਹ ਬਹੁਤ ਲਾਇਕ ਅਤੇ ਇਮਾਨਦਾਰ ਆਦਮੀ ਹਨ——ਨਾ ਸਿਰਫ ਜ਼ਿਲ੍ਹੇ ਵਿਚ ਬਲਕਿ ਸਾਰੇ ਇਲਾਕੇ ਵਿਚ ਇਨ੍ਹਾਂ ਨੂੰ ਇਮਾਨਦਾਰ ਸਮਝਿਆ ਜਾਂਦਾ ਹੈ। ਇਕ ਇਮਾਨਦਾਰ ਵਰਕਰ ਦੇ ਤੌਰ ਤੇ ਇਨ੍ਹਾਂ ਨੂੰ ਜਾਣਿਆ ਜਾਂਦਾ ਹੈ। ਇਹ ਘੱਟ ਬੋਲਣ ਵਾਲੇ ਅਤੇ ਹਸ-ਮੁੱਖ ਇਨਸਾਨ ਹਨ। ਇਨ੍ਹਾਂ ਦਾਂ ਕੰਸੇ ਰਿਹਾ ਹੈ...... (ਵਿਘਨ) (ਸ਼ੋਰ)

ਮੈਨੂੰ ਅਫਸੋਸ ਹੈ ਕਿ ਇਹੋ ਜਿਹੇ ਮੌਕੇ ਤੇ ਵੀ ਇਸ ਕਿਸਮ ਦੀਆਂ ਗੱਲਾਂ ਹੁੰਦੀਆਂ ਰਹੀਆਂ ਹਨ ਜਿਹੜੀਆਂ ਕਿ ਅਖੀਰ ਤੁਹਾਨੂੰ ਰਿਕਾਰਡ ਵਿਚੋਂ ਕਟਾਉਣੀਆਂ ਪਈਆਂ। ਮੈਂ ਸਮਝਦਾ ਹਾਂ ਕਿ ਇਹ ਹੀ ਉਹ ਸਮਾਂ ਹੁੰਦਾ ਹੈ ਜਿਸ ਵੇਲੇ ਕਿ ਆਪਣੀ ਲਿਆਕਤ ਦਾ ਇਜ਼ਹਾਰ ਕੀਤਾ ਜਾ ਸਕਦਾ ਹੈ।

(ਇਸ ਵਕਤ ਹਾਊਸ ਵਿਚ ਕਾਫੀ ਸ਼ੋਰ ਹੋ ਰਿਹਾ ਸੀ)

ਇਹ ਲੋਕ ਗਲਤ ਪ੍ਰਚਾਰ ਕਰ ਜਾਂਦੇ ਹਨ ਜਿਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਇਨ੍ਹਾਂ ਨੂੰ ਪਤਾ ਹੀ ਨਹੀਂ ਕਿ ਸਮਾਂ ਕੀ ਹੁੰਦਾ ਹੈ ਅਤੇ ਕਿਸ ਵੇਲੇ ਗੱਲ ਕਹਿਣੀ ਚਾਹੀਦੀ ਹੈ। ਇਹ ਉਹ ਸਮਾਂ ਹੈ ਜਦੋਂ ਇਕ ਅਜਿਹੇ ਆਦਮੀ ਦੀ ਚੋਣ ਹੋਈ ਹੈ ਜਿਸ ਨੇ, ਜਦੋਂ ਤੁਸੀਂ ਹਾਊਸ ਵਿਚ ਨਹੀਂ ਹੋਵੋਗੇ, ਉਸ ਵਕਤ ਇਨ੍ਹਾਂ ਨੇ ਆਪਣੀ ਡਿਊਟੀ ਇਸ ਚੇਅਰ ਤੇ ਬੈਠ ਕੇ ਨਿਭਾਉਣੀ ਹੈ। ਇਸ ਲਈ ਇਸ ਚੋਣ ਦਾ ਬਹੁਤ ਮਹੱਤਵ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਇਹ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਂਦੇ ਆਏ ਹਨ ਉਸੇ ਤਰ੍ਹਾਂ ਹੀ ਇਹ ਅੱਗੇ ਤੋਂ ਨਿਭਾਉਂਦੇ ਰਹਿਣਗੇ। ਇਸ ਦੀ ਸਾਨੂੰ ਆਸ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ (ਮੁਕਤਸਰ): ਸਪੀਕਰ ਸਾਹਿਬ, ਅੱਜ ਡਿਪਟੀ ਸਪੀਕਰ ਦੀ ਚੋਣ ਹੋਈ ਹੈ। ਸਰਦਾਰ ਜਸਵੰਤ ਸਿੰਘ ਜੋ ਕਿ ਬਠਿੰਡਾ ਜ਼ਿਲ੍ਹੇ ਨੂੰ ਰਿਪ੍ਰੇਜ਼ੈਂਟ ਕਰਦੇ ਹਨ, ਅਜ ਉਹ ਡਿਪਟੀ ਸਪੀਕਰ ਬਣੇ ਹਨ ਅਤੇ ਮੈਨੂੰ ਉਮੀਦ ਹੈ ਕਿ ਉਹ ਪਾਰਟੀ ਪਾਲੇਟਿਕਸ ਤੋਂ ਉਪਰ ਉਠ ਕੇ ਜੋ ਵੀ ਸਹੀ ਗੱਲ ਹੋਵੇਗੀ, ਉਸ ਦੇ ਮੁਤਾਬਿਕ ਹੀ ਹਾਊਸ ਨੂੰ ਚਲਾਉਣਗੇ। ਮੈਂ ਜ਼ਿਆਦਾ ਕੁਝ ਨਾ ਕਹਿੰਦੀ ਹੋਈ ਜੋ ਕੁਝ ਸਰਦਾਰ ਸੁਰਜੀਤ ਸਿੰਘ ਬਰਨਾਲਾ, ਲੀਡਰ ਆਫ ਦੀ ਹਾਊਸ, ਨੇ ਕਿਹਾ ਹੈ, ਉਸ ਨਾਲ ਸਹਿਮਤ ਹਾਂ ਔਰ ਆਪਣੇ ਵੱਲੋਂ ਔਰ ਆਪਣੀ ਪਾਰਟੀ ਵਲੋਂ ਇਨ੍ਹਾਂ ਨੂੰ ਬਹੁਤ ਬਹੁਤ ਵਧਾਈ ਦਿੰਦੀ ਹਾਂ। (ਥੰਪਿੰਗ)

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ): ਸਪੀਕਰ ਸਾਹਿਬ ....

(ਇਸ ਵਕਤ ਕਾਂਗਰਸ (ਆਈ) ਪਾਰਟੀ ਦੇ ਬਹੁਤ ਸਾਰੇ ਮਾਨਯੋਗ ਮੈਂਬਰਾਂ ਵਲੋਂ ਇਕਠੇ ਤੌਰ ਤੇ ਕੁਝ ਕਿਹਾ ਜਾ ਰਿਹਾ ਸੀ ਜੋ ਕਿ ਸ਼ੋਰ ਜ਼ਿਆਦਾ ਹੋਣ ਕਰਕੇ ਸਮਝ ਨਹੀਂ ਸੀ ਆ ਰਿਹਾ)।

ਸਪੀਕਰ ਸਾਹਿਬ, ਮੇਰੇ ਬੋਲਣ ਤੇ ਇਨ੍ਹਾਂ ਕਾਂਗਰਸੀ ਭਾਈਆਂ ਨੂੰ ਹਮੇਸ਼ਾਂ ਇਤਰਾਜ਼ ਰਹਿੰਦਾ ਹੈ। ਮੈਂ ਕੋਈ ਕੰਟਰੋਵਰਸੀ ਵਾਲੀ ਗੱਲ ਨਹੀਂ ਕਹਿ ਰਿਹਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬਦਕਿਸਮਤੀ ਦੀ ਬਾਤ ਹੈ ਕਿ ਪੰਜਾਬ ਤੋਂ ਚੁਣ ਕੇ ਆਈ ਹੋਈ ਪਾਰਟੀ ਸਪਲਿੱਟ ਹੋਈ ਹੈ। ਤੁਸੀਂ

ਐਸ ਟਾਈਮ ਤੇ ਸਪੀਕਰ ਬਣੇ ਹੋ ਜਿਸ ਬਾਰੇ ਅਕਾਲੀ ਦਲ ਦੇ ਪ੍ਰਧਾਨ ਨੇ, ਲੀਡਰ ਆਫ ਦੀ ਹਾਊਸ ਨੇ ਵੀ ਬਿਆਨ ਦਿੱਤਾ ਹੈ। ਮੈਂ ਇਹੋ ਜਿਹੇ ਮੌਕੇ ਤੇ ਜ਼ਿਆਦਾ ਕੁਝ ਨਹੀਂ ਕਹਿ ਸਕਦਾ ਮੈਂ ਸਮਝਦਾ ਹਾਂ ਕਿ ਤੁਸੀਂ ਐਸ ਵਕਤ ਸਪੀਕਰ ਬਣੇ ਹੋ ......

(ਇਸ ਵਕਤ ਕਾਫੀ ਸ਼ੋਰ ਹੋ ਰਿਹਾ ਸੀ ਅਤੇ ਕਾਂਗਰਸ (ਆਈ) ਪਾਰਟੀ ਦੇ ਮੈਂਬਰਾਂ ਵਲੋਂ ਇਹ ਕਿਹਾ ਜਾ ਰਿਹਾ ਸੀ ਕਿ ਇਹ ਟਾਈਮ ਡਿਪਟੀ ਸਪੀਕਰ ਦੀ ਚੋਣ ਉਪਰ ਬੋਲਣ ਦਾ ਹੈ ਨਾ ਕਿ ਸਪੀਕਰ ਦੀ ਚੋਣ ਉਤੇ)

ਮੈਂ ਦੋਹਾਂ ਦਾ ਜ਼ਿਕਰ ਕਰਾਂਗਾ ਕਿਉਂਕਿ ਸਪੀਕਰ ਦੀ ਚੋਣ ਦੇ ਵਕਤ ਮੈਨੂੰ ਬੋਲਣ ਨਹੀਂ ਦਿੱਤਾ ਗਿਆ। ਇਹ ਜੋ ਸਪੀਕਰ ਅਤੇ ਡਿਪਟੀ ਸਪੀਕਰ ਬਣੇ ਹਨ, ਇਨ੍ਹਾਂ ਦੇ ਸਾਹਮਣੇ ਬਹੁਤ ਆਲ੍ਹਾ ਸਵਾਲ ਹਨ, ਕਿੰਨੇ ਹੀ ਮਸਲੇ ਹਨ। ਜਿਸ ਤਰ੍ਹਾਂ ਜ਼ਿਕਰ ਆਇਆ ਹੈ ਕਿ ਪੰਜਾਬ ਤੋਂ ਹਿਜਰਤ ਹੋ ਰਹੀ ਹੈ। ਇਹ ਹਿਜਰਤ ਕਾਂਗਰਸ ਗੌਰਮਿੰਟ ਨੇ ....

(ਇਸ ਵਕਤ ਕਾਂਗਰਸ ਪਾਰਟੀ ਦੇ ਮੈਂਬਰ ਸਾਹਿਬਾਨ ਸਖ਼ਤ ਇਤਰਾਜ਼ ਦਾ ਪ੍ਰਗਟਾਵਾ ਕਰ ਰਹੇ ਸਨ ਜਿਸ ਕਰਕੇ ਸ਼ੋਰ ਬਹੁਤ ਜ਼ਿਆਦਾ ਹੋਣ ਦੀ ਵਜਾਹ ਨਾਲ ਸਾਫ ਸੁਣਾਈ ਨਹੀਂ ਸੀ ਦੇ ਰਿਹਾ)

ਉਹ ਸਾਰੇ ਹੀ ਸਾਡੀ ਨਿੰਦਿਆ ਦੇ ਪਾਤਰ ਹਨ। ਸਾਡੀ ਬਾਤ ਇੰਨੀ ਹੈ ਕਿ ਪੰਜਾਬ ਵਿਚ ਜੋ ਹਿਜਰਤ ਹੋਈ ਹੈ। ......

Mr. speaker : Please be relevant-

ਸਰਦਾਰ ਕਿਰਪਾਲ ਸਿੰਘ : ਪੰਜਾਬੀਆਂ ਲਈ ਇਹ ਬੜੀ ਸ਼ਰਮਨਾਕ ਬਾਤ ਹੈ ਕਿ ਕੋਈ ਆਦਮੀ ਪੰਜਾਬ ਦੇ ਵਾਤਾਵਰਣ ਵਿਚ ਘੁਟਨ ਮਹਿਸੂਸ ਕਰੇ। ਇਹ ਤਸੱਲੀ ਦੀ ਗੱਲ ਹੈ ਕਿ ਪੰਜਾਬ ਦੀ ਸਰਕਾਰ ਉਨ੍ਹਾਂ ਸਰਕਾਰਾਂ ਨਾਲ, ਦਿੱਲੀ ਦੀ ਸਰਕਾਰ ਨਾਲ ....

(ਹਾਊਸ ਵਿਚ ਬਹੁਤ ਜ਼ਿਆਦਾ ਸ਼ੋਰ ਹੋ ਰਿਹਾ ਸੀ)

Mr Speaker : Please resume your seat.

ਸਰਦਾਰ ਕਿਰਪਾਲ ਸਿੰਘ : ਮੈਂ ਕੋਈ ਐਸੀ ਬਾਤ ਨਹੀਂ ਕਹਿ ਰਿਹਾ। (ਵਿਘਨ) (ਸ਼ੋਰ)

(ਇਸ ਸਮੇਂ ਕਾਂਗਰਸ ਪਾਰਟੀ ਦੇ ਮੈਂਬਰ ਸਾਹਿਬਾਨ ਵਲੋਂ ਐਨਾ ਸ਼ੋਰ ਪੈ ਰਿਹਾ ਸੀ ਕਿ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

ਸ੍ਰੀ ਸਪੀਕਰ : ਸਰਦਾਰ ਕਿਰਪਾਲ ਸਿੰਘ ਜੀ, ਬੈਠੋ। ਮੈਂ ਤੁਹਾਨੂੰ ਰਿਕੁਐਸਟ ਕਰਾਂਗਾ ਕਿ ਬਰੀਫ ਅਤੇ ਰੈਲੇਵੈਂਟ ਟੂ ਦੀ ਪੁਆਇੰਟ ਰਹੋ। ਕਾਮਰੇਡ ਮਹਿਤਾਬ ਸਿੰਘ ਜੀ, ਤੁਸੀਂ ਬੋਲੋ।

ਸਰਦਾਰ ਕਿਰਪਾਲ ਸਿੰਘ : ਇਹ ਬਦਕਿਸਮਤੀ ਦੀ ਬਾਤ ਹੈ ਕਿ ਇਹ ਜਿਹੜੀ ਪਾਰਟੀ ਹੈ। (ਵਿਘਨ)

ਸ਼੍ਰੀ ਸਪੀਕਰ : ਕਾਮਰੇਡ ਮਹਿਤਾਬ ਸਿੰਘ ਜੀ, ਤੁਸੀਂ ਬੋਲੋ। (ਵਿਘਨ) (ਸ਼ੋਰ) (ਇਸ ਸਮੇਂ ਸਰਦਾਰ ਕਿਰਪਾਲ ਸਿੰਘ ਬੋਲ ਰਹੇ ਸਨ ਪਰ ਸ਼ੋਰ ਐਨਾ ਸੀ ਕਿ ਕੁਝ ਸੁਣਾਈ ਨਹੀਂ ਦੇ ਰਿਹਾ ਸੀ।

ਸਰਦਾਰ ਕਿਰਪਾਲ ਸਿੰਘ ਢਿੱਲੋਂ : ਇਹ ਜਿੰਨੀ ਦੇਰ ਲੜਾਈ ਨਹੀਂ ਕਰਾਏਗਾ ਉਨੀ ਦੇਰ ਇਹ ਚੁੱਪ ਨਹੀਂ ਰਹਿ ਸਕਦਾ। (ਵਿਘਨ) (ਸ਼ੋਰ)

(ਇਸ ਸਮੇਂ ਸਰਦਾਰ ਕਿਰਪਾਲ ਸਿੰਘ ਬੋਲ ਰਹੇ ਸਨ ਪਰ ਸ਼ੋਰ ਐਨਾ ਪੈ ਰਿਹਾ ਸੀ ਕਿ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ।)

(ਇਸ ਸਮੇਂ ਕਾਂਗਰਸ ਪਾਰਟੀ ਦੇ ਕਈ ਮਾਨਯੋਗ ਮੈਂਬਰ ਖੜ੍ਹੇ ਸਨ ਅਤੇ ਕਾਫੀ ਸ਼ੋਰ ਪੈ ਰਿਹਾ ਸੀ ਅਤੇ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

ਸ਼੍ਰੀ ਸਪੀਕਰ : ਤੁਹਾਡਾ ਐਸੈਂਬਲੀ ਦਾ ਬਹੁਤ ਤਜਰਬਾ ਹੈ। ਇਹ ਪ੍ਰਾਪਰ ਨਹੀਂ ਹੈ। ਕਾਮਰੇਡ ਮਹਿਤਾਬ ਸਿੰਘ ਜੀ ਤੁਸੀਂ ਬੋਲੋ।

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ) : ਸਪੀਕਰ ਸਾਹਿਬ, ਮੈਂ ਤੁਹਾਨੂੰ ਅਤੇ ਡਿਪਟੀ ਸਪੀਕਰ ਸਾਹਿਬ ਨੂੰ ਮੁਬਾਰਕਬਾਦ ਦੇਣ ਲਈ ਖੜਾ ਹੋਇਆ ਹਾਂ। ਆਸ ਕੀਤੀ ਜਾ ਸਕਦੀ ਹੈ, ਹਾਊਸ ਵਿਚ ਚਾਹੇ ਆਪੋਜ਼ੀਸ਼ਨ ਦੀ ਘੱਟ ਗਿਣਤੀ ਹੁੰਦੀ ਹੈ ਪਰ ਸਪੀਕਰ ਸਾਹਿਬ ਦਾ ਫਰਜ਼ ਬਣਦਾ ਹੈ ਕਿ ਉਨ੍ਹਾਂ ਵਲ ਧਿਆਨ ਦਿੱਤਾ ਜਾਏ। ਤੁਹਾਨੂੰ ਵਧਾਈ ਦੇਣ ਨਾਲ ਗੱਲ ਮੁੱਕ ਨਹੀਂ ਜਾਣੀ। ਹਾਊਸ ਚਲਦਾ ਰਹੇਗਾ ਔਰ ਤੁਸੀਂ ਸਪੀਕਰ ਬਣੇ ਰਹੋਗੇ। ਪਰ ਸਾਨੂੰ ਆਸ ਹੈ ਕਿ ਤੁਸੀਂ ਆਪਣੀ ਯੋਗਤਾ ਅਨੁਸਾਰ ਹਾਊਸ ਦੇ ਅਸੂਲਾਂ ਨੂੰ, ਹਾਊਸ ਦੀਆਂ ਟਰੈਡੀਸ਼ਨਜ਼ ਨੂੰ ਤੁਸੀਂ ਕਾਇਮ ਰਖੋਗੇ ਔਰ ਕਿਸੇ ਨੂੰ ਇਤਰਾਜ਼ ਕਰਨ ਦਾ ਮੌਕਾ ਨਹੀਂ ਦਿਉਗੇ ਚਾਹੇ ਆਪੋਜ਼ੀਸ਼ਨ ਹੋਵੇ ਔਰ ਚਾਹੇ ਕੋਈ ਹੋਰ ਹੋਵੇ। ਪਰ ਅਫਸੋਸ ਹੈ ਕਿ ਹਾਊਸ ਤੋਂ ਬਾਹਰ ਦੇ ਝਗੜੇ ਇਥੇ ਖੜੇ ਕੀਤੇ ਜਾ ਰਹੇ ਹਨ। ਅਗਰ ਕੋਈ ਆਪਸੀ ਮਤ ਭੇਦ ਹਨ ਤਾਂ ਉਹ ਵਖਰੀ ਥਾਂ ਤੇ ਰਖੇ ਜਾ ਸਕਦੇ ਹਨ। ਸਪੀਕਰ ਸਾਹਿਬ, ਮੈਂ ਤੁਹਾਨੂੰ ਵਧਾਈ ਦਿੰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਹਾਊਸ ਨੂੰ ਐਕਸਟੈਂਡ ਕਰਕੇ ਪੰਜਾਬ ਦੀ ਸਥਿੱਤੀ ਤੇ ਸਾਰੇ ਆਨਰੇਬਲ ਮੈਂਬਰਜ਼ ਨੂੰ ਆਪਣੇ ਵਿਚਾਰ ਰੱਖਣ ਲਈ ਮੌਕਾ ਦੇਣਾ ਚਾਹੀਦਾ ਹੈ ਜਿਹੜੀ ਇਸ ਵੇਲੇ ਇਥੋਂ ਹਿਜਰਤ ਹੋ ਰਹੀ ਹੈ ਇਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ) : ਸਪੀਕਰ ਸਾਹਿਬ, ਇਹ ਓਕੇਜ਼ਨ ਡਿਪਟੀ ਸਪੀਕਰ ਸਾਹਿਬ ਸਰਦਾਰ ਜਸਵੰਤ ਸਿੰਘ ਜੀ ਨੂੰ ਮੁਬਾਰਕਬਾਦ ਦੇਣ ਦਾ ਹੈ। ਪਰ ਅਫਸੋਸ ਹੈ ਕਿ ਸਰਦਾਰ ਜਸਵੰਤ ਸਿੰਘ ਬਾਰੇ ਤਾਂ ਕੋਈ ਗੱਲ ਕੀਤੀ ਨਹੀਂ ਗਈ ਔਰ ਬੇ-ਮੁਤੱਲਕਾ ਗੱਲਾਂ ਕੀਤੀਆਂ ਗਈਆਂ ਹਨ। ਮੈਂ ਸਰਦਾਰ ਜਸਵੰਤ ਸਿੰਘ ਨੂੰ ਮੁਬਾਰਕਬਾਦ ਦਿੰਦਾ ਹਾਂ। ਇਹ ਮੇਰੇ ਗਵਾਂਢੀ ਜ਼ਿਲ੍ਹੇ ਦੇ ਅਕਾਲੀ ਦਲ ਦੇ ਜਥੇਦਾਰ ਹਨ। ਇਹ ਚੰਗੀ ਸ਼ਖਸੀਅਤ, ਨੇਕੀ, ਸ਼ਰਾਫਤ, ਇਮਾਨ-ਦਾਰੀ, ਮਿਲਨਸਾਰੀ ਔਰ ਮਿੱਠਤਾ ਦੇ ਮੁਜੱਸਮਾ ਹਨ। ਸਾਡੀ ਖੁਸ਼ਕਿਸਮਤੀ ਹੈ ਕਿ ਐਸੇ ਗੁਣਾਂ ਵਾਲੇ ਇਹ ਡਿਪਟੀ ਸਪੀਕਰ ਬਣੇ ਹਨ। ਮੈਨੂੰ ਪੂਰਾ ਭਰੋਸਾ ਹੈ ਕਿ ਸਰਦਾਰ ਜਸਵੰਤ ਸਿੰਘ ਨੂੰ ਜਦੋਂ ਇਸ ਕੁਰਸੀ ਤੇ ਬੈਠ ਕੇ ਸਦਾਰਤ ਕਰਨ ਦਾ ਮੌਕਾ ਮਿਲੇਗਾ ਤਾਂ ਇਹ ਆਪਣੀ ਸ਼ਖਸੀਅਤ ਤੋਂ ਹਾਊਸ ਨੂੰ ਪ੍ਰਭਾਵਤ ਕਰਨਗੇ ਔਰ ਹਾਊਸ ਦੇ ਸਾਰੇ ਵਰਗਾਂ ਨਾਲ ਇਨਸਾਫ ਕਰਨਗੇ। ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣ ਦੀ ਇਜਾਜ਼ਤ ਮੰਗਦਾ ਹਾਂ। ਪਹਿਲੇ ਓਕੇਜ਼ਨ ਤੇ ਮੁਬਾਰਕਬਾਦ ਦੇਣ ਵੇਲੇ

ਮੇਰੇ ਪਾਸ ਬੈਠੇ ਮੈਂਬਰ ਸਾਹਿਬ ਜੋ ਕਿ ਨਵੀਂ ਪਾਰਟੀ ਜੋ ਬਣੀ ਹੈ ਦਾ ਨਾਉਂ ਪਤਾ ਨਹੀਂ, ਕੀ ਹੈ, ਸ਼ਾਇਦ ਸ਼੍ਰੋਮਣੀ ਅਕਾਲੀ ਦਲ (ਮਹਾਰਾਜਾ) ਹੈ, ਮਹਾਰਾਜਾ ਅਮਰਿੰਦਰ ਸਿੰਘ ਨੇ ਗੱਲਾਂ ਕੀਤੀਆਂ ਉਸ ਨਾਲ ਮੈਨੂੰ ਮਾਯੂਸੀ ਹੋਈ ਔਰ ਐਨੀ ਮਾਯੂਸੀ ਸ਼ਾਇਦ ਮੈਨੂੰ ਜ਼ਿੰਦਗੀ ਵਿਚ ਕਿਸੇ ਨੂੰ ਸੁਣ ਕੇ ਨਹੀਂ ਹੋਈ ਹੋਣੀ ਜਿੰਨੀ ਕਿ ਇਹ ਮਹਾਰਾਜ ਜੀ ਨੂੰ ਸੁਣ ਕੇ ਹੋਈ (ਵਿਘਨ) (ਥੰਪਿੰਗ) ਮਹਾਰਾਜ ਅਮਰਿੰਦਰ ਸਿੰਘ ਜੀ ਵਲੋਂ ਬੇਤੁਕੀਆਂ, ਬੇਤੁਅਲਕ, inclement ਤੇ ਅਨ-ਪਾਰਲੀਮੈਂਟਰੀ ਗਲਾਂ ਕੀਤੀਆਂ ਗਈਆਂ। (ਸ਼ੋਰ) ਇਨ੍ਹਾਂ ਵਲੋਂ ਕੋਈ ਮੁਤੱਲਕਾ ਗਲ ਨਹੀਂ ਕੀਤੀ ਗਈ। ਇਨ੍ਹਾਂ ਨੇ ਨਾਦਾਨ ਪਾਰਲੀਮੈਂਟੇਰੀਅਨ ਦਾ ਕਿਰਦਾਰ ਕੀਤਾ ਹੈ। (ਸ਼ੋਰ) ਮੈਂ ਮਹਾਰਾਜ ਜੀ ਨੂੰ ਇਹ ਸਵਾਲ ਕਰਨਾ ਚਾਹੁੰਦਾ ਹਾਂ ਕਿ ਕੀ ਮਹਾਰਾਜਾ ਅਮਰਿੰਦਰ ਸਿੰਘ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸਰਦਾਰ ਰਵੀ ਇੰਦਰ ਸਿੰਘ, ਸਰਦਾਰ ਬਲਬੀਰ ਸਿੰਘ ਬਰਾੜ, ਕੀ ਇਹ ਮਿਤੀ 30 ਅਪ੍ਰੈਲ 1986 ਤੋਂ ਪਹਿਲਾਂ ਹਰ ਮੌਕੇ ਤੇ ਬਰਨਾਲਾ ਸਾਹਿਬ ਦੇ ਖਿਲਾਫ ਨਹੀਂ ਸਨ ? (ਵਿਘਨ) ਕੀ ਸ਼੍ਰੋਮਣੀ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਟੌਹੜਾ ਸਾਹਿਬ ਦੀ ਚੋਣ ਸਮੇਂ ਇਹ ਸਾਰੇ ਪਾਰਟੀ whip ਦੇ ਖਿਲਾਫ ਨਹੀਂ ਸੀ। ਬਰਨਾਲਾ ਸਾਹਿਬ ਦੇ ਖਿਲਾਫ ਬਤੌਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਰੀਕੀਊਜ਼ੀਸ਼ਨ ਦਿੱਤੀ, ਇਹ ਸਾਰੇ ਇਕੱਠੇ ਨਹੀਂ ਸਨ। (ਇਸ ਸਮੇਂ ਕਾਫੀ ਸ਼ੋਰ ਸੀ ਅਤੇ ਕੁਝ ਸੁਣਾਈ ਨਹੀਂ ਸੀ ਦੇ ਰਿਹਾ।) ਕੀ ਮਹਾਰਾਜ ਅਮਰਿੰਦਰ ਸਿੰਘ ਜੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ, ਕੀ ਇਹ ਸਾਰੇ ਦੇ ਸਾਰੇ ਬਰਨਾਲਾ ਸਾਹਿਬ ਦੇ ਖਿਲਾਫ ਬਹਾਨਾ ਬਣਾਕੇ 30 ਅਪ੍ਰੈਲ, 1986 ਤੋਂ ਬਾਅਦ ਇਨ੍ਹਾਂ ਦੇ ਖਿਲਾਫ ਨਹੀਂ ਹੋਏ ? (ਵਿਘਨ) ਜੋ ਕੁਝ ਬਰਨਾਲਾ ਸਾਹਿਬ ਵਲੋਂ ਕੀਤਾ ਗਿਆ ਹੈ, ਇਹ ਸਿੱਖ ਧਰਮ ਦੇ ਹੱਕ ਵਿਚ, ਪੰਥ ਅਤੇ ਪੰਜਾਬ ਦੇ ਭਲੇ ਵਿਚ ਕੀਤਾ ਗਿਆ ਹੈ। ਇਹ ਕੁਰਸੀਆਂ ਦੇ ਭੁੱਖੇ ਹਨ (ਥੰਪਿੰਗ) ਅਤੇ ਇਹ ਕੁਰਸੀ ਯੁੱਧ ਕਰ ਰਹੇ ਹਨ।

ਸ੍ਰੀ ਸਪੀਕਰ : ਤੁਸੀਂ ਆਪਣੀ ਸੀਟ ਲਓ। ਚੌਧਰੀ ਰਾਧਾ ਕ੍ਰਿਸ਼ਨ। (ਵਿਘਨ) ਮੈਂ ਬੇਨਤੀ ਕਰਾਂਗਾ ਅਤੇ ਥੋੜ੍ਹੀ ਜਿਹੀ ਸਾਰਿਆਂ ਵਲੋਂ ਆਸ ਕਰਾਂਗਾ ਕਿ ਡੈਕੋਰਮ ਮੇਨਟੇਨ ਕਰੀਏ। ਆਪਣੀ ਰਾਏ ਦਾ ਪ੍ਰਗਟਾਵਾ ਕਰੀਏ ਪਰ ਕੋਈ ਮਾੜੀ ਗੱਲ ਨਹੀਂ ਕਰਨੀ ਚਾਹੀਦੀ ਅਤੇ ਹਾਊਸ ਦਾ ਡੈਕੋਰਮ ਪਰਾਪਰਲੀ ਮੇਨਟੇਨ ਕਰਨਾ ਚਾਹੀਦਾ ਹੈ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਜੋ ਕੁਝ ਡੋਡ ਸਾਹਿਬ ਨੇ ਕਿਹਾ ਹੈ ਇਹ ਐਕਸਪੰਜ ਹੋਣਾ ਚਾਹੀਦਾ ਹੈ।

ਸ੍ਰੀ ਰਾਧਾ ਕ੍ਰਿਸ਼ਨ (ਫਾਜ਼ਿਲਕਾ) : ਸਪੀਕਰ ਸਾਹਿਬ, ਮੈਂ ਤੁਹਾਨੂੰ ਮੁਬਾਰਕਬਾਦ ਦੇਣੀ ਹੈ ਸਰਦਾਰ ਜਸਵੰਤ ਸਿੰਘ ਨੂੰ ਇਨ੍ਹਾਂ ਦੇ ਡਿਪਟੀ ਸਪੀਕਰ ਚੁਣੇ ਜਾਣ ਤੇ ਵੀ ਇਨ੍ਹਾਂ ਨੂੰ ਮੁਬਾਰਕਬਾਦ ਦੇਣੀ ਹੈ। ਇਥੇ ਮਹੌਲ ਨੂੰ ਦੇਖ ਕੇ ਐਸਾ ਲਗਦਾ ਸੀ ਕਿ ਜੋ ਕੁਝ ਪੰਜਾਬ ਵਿਚ ਬਾਹਰ ਹੋ ਰਿਹਾ ਹੈ ਉਹੀ ਇਥੇ ਵੀ ਹੋ ਰਿਹਾ ਹੈ। ਇਨਕਲਾਬ ਦੁਨੀਆਂ ਵਿਚ ਹੁੰਦੇ ਰਹਿੰਦੇ ਹਨ। ਮੈਂ ਇਕ ਬਹੁਤ ਚੰਗੀ ਕਹਾਣੀ ਤੁਹਾਨੂੰ ਸੁਣਾਉਣਾ ਚਾਹੁੰਦਾ ਹਾਂ। ਇਕ ਪਿੰਡ ਵਿਚ ਬੰਦਰ ਸੀ ਉਹ ਪਿੰਡ ਵਾਲਿਆਂ ਨੂੰ ਤੰਗ ਕਰਦਾ ਸੀ। ਸਾਰੇ ਪਿੰਡ ਵਾਲੇ ਡਾਂਗਾਂ ਲੈ ਕੇ ਉਸ ਦੇ ਮਗਰ ਪੈ ਗਏ। ਉਹ ਬੰਦਰ ਦਰਖਤ ਤੇ ਚੜ੍ਹ ਗਿਆ। ਸਾਰੇ ਪਿੰਡ ਵਾਲੇ ਥਲੇ ਖੜੇ ਸੀ। ਇਕ ਜ਼ਿਮੀਂਦਾਰ ਉਥੇ ਆ ਗਿਆ ਉਹ ਪੁੱਛਣ ਲੱਗਾ ਕਿ ਤੁਸੀਂ ਸਾਰੇ ਜਣੇ ਇਥੇ ਕਿਉਂ ਖੜੇ ਹੋ। ਉਹ ਕਹਿਣ ਲੱਗੇ ਕਿ ਬੰਦਰ ਉਪਰ ਦਰਖਤ ਤੇ ਚੜ੍ਹ ਗਿਆ ਹੈ। ਉਹ ਕਹਿਣ ਲੱਗਾ ਕਿ ਸਾਰਾ ਪਿੰਡ ਬਾਂਦਰ ਦੇ ਖਿਲਾਫ ਹੈ, ਉਸ ਨੇ ਕਿਹਾ ਕਿ ਫਿਰ ਅਸੀਂ ਸਾਰੇ ਬਾਂਦਰ ਹਾਂ।

ਸ਼੍ਰੀ ਸਪੀਕਰ : ਮੈਂ ਇਸ ਹਾਊਸ ਦੇ ਸਾਰੇ ਆਨਰੇਬਲ ਮੈਂਬਰਜ਼, ਲੀਡਰ ਆਫ ਦੀ ਰੂਲਿੰਗ ਪਾਰਟੀ ਚੀਫ਼ ਮਨਿਸਟਰ ਸਾਹਿਬ, ਲੀਡੱਰ ਆਫ ਦੀ ਆਪੋਜ਼ੀਸ਼ਨ ਮਿਸਿਜ਼ ਬਰਾੜ ਦਾ ਰਿਣੀ ਹਾਂ। ਮੈਂ ਆਪ ਸਭ ਦਾ ਧੰਨਵਾਦੀ ਹਾਂ (ਵਿਘਨ) ਤੁਸੀਂ ਅੱਜ ਮੈਨੂੰ ਮੌਕਾ ਦਿੱਤਾ ਹੈ ਇਸ ਆਗਸਟ ਹਾਊਸ ਦੇ ਵਿਚ ਪਰੀਜ਼ਾਈਡ ਕਰਨ ਦਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਕੁਝ ਨਾਹਰੇ ਲਗਾ ਰਹੇ ਸਨ ** ** **)

ਸ਼੍ਰੀ ਸਪੀਕਰ : ਇਹ ਜਿਹੜੇ ਨਾਹਰੇ ਲਗਾਏ ਜਾ ਰਹੇ ਹਨ, ਇਹ ਰਿਕਾਰਡ ਨਾ ਕੀਤੇ ਜਾਣ।

ਮੈਂ ਸਾਰਿਆਂ ਦਾ ਰਿਣੀ ਹਾਂ। ਅੱਜ ਤੁਸੀਂ ਮੈਨੂੰ ਇਸ ਆਗਸਟ ਹਾਊਸ ਦਾ ਸਪੀਕਰ ਚੁਣਿਆ ਹੈ ਅਤੇ ਸਰਦਾਰ ਜਸਵੰਤ ਸਿੰਘ ਜੀ ਨੂੰ ਡਿਪਟੀ ਸਪੀਕਰ ਚੁਣਿਆ ਹੈ। ਹਾਊਸ ਵਿਚ ਕਿੰਨੀ ਵੀ ਟੈਨਸ਼ਨ ਹੋਵੇ ਮਗਰ ਮੇਰਾ ਯਤਨ ਰਹੇਗਾ ਕਿ ਹਾਊਸ ਦਾ ਡੈਕੋਰਮ ਚੰਗੀ ਤਰ੍ਹਾਂ ਮੇਨਟੇਨ ਕਰ ਸਕੀਏ। ਹਾਊਸ ਦੀਆਂ ਜੋ ਟਰੈਡੀਸ਼ਨਜ਼ ਹਨ, ਉਨ੍ਹਾਂ ਨੂੰ ਬਰਕਰਾਰ ਰਖਿਆ ਜਾਵੇ। ਜਿਹੜੀਆਂ ਟਰੈਡੀਸ਼ਨਜ਼ ਸਾਡੇ ਲੀਡਰ ਜਿਵੇਂ ਕਿ ਸ਼੍ਰੀ ਮਾਵਲੰਕਰ ਸਪੀਕਰ ਸਨ, ਆਇੰਗਰ ਸਪੀਕਰ ਸਨ, ਸਰਦਾਰ ਹੁਕਮ ਸਿੰਘ ਸਪੀਕਰ ਸਨ, ਡਾਕਟਰ ਸੱਤਪਾਲ ਸਪੀਕਰ ਸਨ, ਉਨ੍ਹਾਂ ਦੀਆਂ ਜਿਹੜੀਆਂ ਟਰੈਡੀਸ਼ਨਜ਼ ਕਾਇਮ ਕੀਤੀਆਂ ਹਨ ਉਨ੍ਹਾਂ ਨੂੰ ਕਾਇਮ ਰੱਖਣ ਦਾ ਮੈਂ ਯਤਨ ਕਰਾਂਗਾ ਅਤੇ ਸਾਰਿਆਂ ਨੂੰ ਇਕ ਅੱਖ ਨਾਲ ਵੇਖ ਕੇ ਪੂਰਾ ਪੂਰਾ ਇਨਸਾਫ ਕਰਾਂਗਾ ਤਾਕਿ ਇਸ ਆਗਸਟ ਹਾਊਸ ਦੀ ਕਾਰਵਾਈ ਚੰਗੀ ਤਰ੍ਹਾਂ ਚੱਲ ਸਕੇ। ਇਸ ਦੇ ਵਿਚ ਮੈਨੂੰ ਤੁਹਾਡੀ ਕੋਆਪਰੇਸ਼ਨ ਦੀ ਲੋੜ ਹੈ। ਮੈਨੂੰ ਆਸ ਹੈ ਕਿ ਮੈਨੂੰ ਤੁਹਾਡੇ ਵਲੋਂ ਕੋਆਪਰੇਸ਼ਨ ਮਿਲਦੀ ਰਹੇਗੀ। ਹੁਣ ਸੈਕਟਰੀ ਸਾਹਿਬ ਅਨਾਊਂਸਮੈਂਟ ਕਰਨਗੇ।

WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਸਾਹਿਬਾਨ ਸਦਨ ਵਿਚੋਂ ਵਾਕ ਆਊਟ ਕਰ ਗਏ ਅਤੇ ਜਾਂਦੇ ਹੋਏ ਉਹ ** ** ** ਨਾਹਰੇ ਮਾਰ ਰਹੇ ਸਨ।)

ਸ਼੍ਰੀ ਸਪੀਕਰ : ਇਹ ਨਾਹਰੇ ਰਿਕਾਰਡ ਨਾ ਕੀਤੇ ਜਾਣ।

ANNOUNCEMENT BY THE SECRETARY

Secretary : Sir, I beg to lay on the Table a statement showing the Bills which were passed by the 9th Punjab Vidhan Sabha during its 2nd Session and which have since been assented to by the Governor :

1. The Punjab Appropriation (No. 1) Bill, 1986.
2. The Punjab Appropriation (No. 2) Bill, 1986.
3. The Punjab Agricultural Produce Markets (Amendment) Bill, 1986.
4. The Punjab Contingency Fund (Amendment) Bill, 1986.
5. The Punjab Entertainments Duty (Amendment) Bill, 1986.

**Not recorded as ordered by the Chair.

6. The Punjab Passengers and Goods Taxation (Amendment) Bill, 1986.

7. The Punjab General Sales Tax (Amendment) Bill, 1986.

8. The Punjab Municipal (Executive Officer) Amendment Bill, 1986.

9. The Punjab Co-operative Land Mortgage Banks (Amendment) Bill, 1986.

10. The Code of Criminal Procedure (Punjab Amendment) Repeal and Miscellaneous Provisions Bill, 1986.

11. The Punjab State Legislature Members (Pension and Medical Facilities Regulation) Amendment Bill, 1986.

12. The Punjab Legislative Assembly (Allowances of Members) Amendment Bill, 1986.

13. The Punjab Gram Panchayat (Amendment) Bill, 1986.

PAPERS LAID ON THE TABLE

Finance Minister (Sardar Balwant Singh) : Sir, I beg to lay on the Table the 4th Annual Report and Accounts of the Punjab Tourism Development Corporation Limited for the year 1982-83, as required under section 619-A(3)(b) of the Companies Act, 1956.

Sir, I also beg to lay on the Table the Fourth and Fifth Annual Reports and Accounts of the Punjab State Seeds Corporation Ltd., for the years 1979-80 and 1980-81 as required under Section 619-A(3)(b) of the Companies Act, 1956.

Sir, I also beg to lay on the Table the 3rd and 4th Reports of the Commissioner for Scheduled Castes and Scheduled Tribes for the years 1980-81 and 1981-82.

MOTION UNDER RULE 16

Finance Minister (Sardar Balwant Singh) : Sir, I beg to move :

That this House at its rising this day shall stand adjourned *sine die.*

Mr. Speaker : Motion moved :

That this House at its rising this day shall stand adjourned *sine die.*

Mr. Speaker : Question is :

That this House at its rising this day shall stand adjourned *sine die,*

That Motion was carried.

Mr. Speaker : The House stands adjourned *sine die.*

(*The Sabha then adjourned* sine die*)

*7.25 p.m.

24478/P.V.S.—.Govt, Press, U.T. Chd.

Published under the authority of the Punjab Vidhan Sabha and printed by the Controller, Printing and Stationery Department (U.T.), Chandigarh.

7, 3

Punjab Vidhan Sabha Debates

17th June, 1986

Vol. III No. 2

OFFICIAL REPORT



CONTENTS

Tuesday, the 17th June, 1986

Punjab Vidhan Sabha Secretariat, Chandigarh.

Price : Rs. 6 25

PUNJAB VIDHAN SABHA

Tuesday, the 17th June, 1986

The Vidhan Sabha met in the Punjab Vidhan Sabha Hall, Vidhan Bhavan, Chandigarh, at 2-00 P. M. of the Clock. Mr. Speaker (Sardar Surjit Singh Minhas, Advocate) in the Chair.

ANNOUNCEMENT BY THE SPEAKER

ਸ੍ਰੀ ਸਪੀਕਰ : ਮੈਨੂੰ ਸਦਨ ਨੂੰ ਇਹ ਸੂਚਨਾ ਦਿੰਦੇ ਹੋਏ ਅਫ਼ਸੋਸ ਅਤੇ ਦੁੱਖ ਹੈ ਕਿ ਇਸ ਸਦਨ ਦੇ ਮੈਂਬਰ ਸ੍ਰੀ ਮਨਮੋਹਨ ਕਾਲੀਆ, ਐਡਵੋਕੇਟ ਜੋ ਜਲੰਧਰ ਜ਼ਿਲ੍ਹੇ ਦੇ ਜਲੰਧਰ ਕੇਂਦਰੀ ਚੋਣ ਹਲਕੇ ਦੀ ਪ੍ਰਤੀਨਿਧਤਾ ਕਰਦੇ ਸਨ, 2 ਜੂਨ, 1986 ਨੂੰ ਅਕਾਲ ਚਲਾਣਾ ਕਰ ਗਏ ਹਨ ।

OBITUARY REFERENCE

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ): ਸਪੀਕਰ ਸਾਹਿਬ, ਮੈਂ ਬੜੇ ਦੁੱਖ ਨਾਲ ਸ੍ਰੀ ਮਨਮੋਹਨ ਕਾਲੀਆ ਜੀ ਦੀ ਅਫ਼ਸੋਸਨਾਕ ਮਿਰਤੂ ਦਾ ਜ਼ਿਕਰ ਕਰਦਾ ਹਾਂ। ਉਹ ਬੜੇ ਹੀ ਇਮਾਨਦਾਰ ਅਤੇ ਸੱਚੇ ਸੁੱਚੇ ਵਿਅੱਕਤੀ ਸਨ। ਉਨ੍ਹਾਂ ਨੇ ਬੜੀ ਪ੍ਰਭਾਵਸ਼ਾਲੀ ਸ਼ਖ਼ਸੀਅਤ, ਨਿਮਰਤਾ, ਮਿੱਠਤ ਅਤੇ ਮਿਲਣਸਾਰ ਸੁਭਾਅ ਨਾਲ ਆਪਣੇ ਆਪ ਨੂੰ ਸਭਨਾਂ ਵਿੱਚ ਹਰਮਨ ਪਿਆਰਾ ਬਣਾ ਲਿਆ ਸੀ। ਉਹ ਇਕ ਮਹਾਨ ਪਾਰਲੀਮੈਂਟੇਰੀਅਨ ਸਨ ਅਤੇ ਉਹ 1967, 1969, 1977 ਅਤੇ ਫਿਰ 1985 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ। ਅਸੈਂਬਲੀ ਵਿੱਚ ਉਨ੍ਹਾਂ ਦਾ ਯੋਗਦਾਨ ਬੜਾ ਉੱਘਾ ਰਿਹਾ ਹੈ। ਉਹ 1969-70 ਵਿੱਚ ਕੈਬਨਿਟ ਮੰਤਰੀ ਬਣੇ। ਮੰਤਰੀ ਦੇ ਤੌਰ ਤੇ ਉਨ੍ਹਾਂ ਨੇ ਰਾਜ ਦੀ ਵਿਸ਼ੇਸ਼ ਸੇਵਾ ਕੀਤੀ ਅਤੇ ਉਹ ਰਾਜ ਸਰਕਾਰ ਲਈ ਸ਼ਕਤੀ ਦਾ ਸੋਮਾ ਸਨ। ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਅਤੇ ਰਾਜ ਦੀ ਬੜੀ ਮਹਾਨ ਸੇਵਾ ਕੀਤੀ ਅਤੇ ਸਮਾਨਤਾਵਾਦੀ ਸਮਾਜ ਦੀ ਸਥਾਪਨਾ ਲਈ ਕੰਮ ਕੀਤਾ। ਜਦੋਂ ਉਨ੍ਹਾਂ ਨੂੰ 26 ਜੂਨ, 1975 ਨੂੰ 'ਮੀਸਾ' ਅਧੀਨ ਗ੍ਰਿਫ਼ਤਾਰ ਕੀਤਾ ਗਿਆ ਤਾਂ ਉਸ ਦੌਰਾਨ ਉਨ੍ਹਾਂ ਨੇ ਕਸ਼ਟ, ਮੁਸ਼ਕਲਾਂ ਅਤੇ ਤੰਗੀ ਦਾ ਸਾਹਮਣਾ ਕੀਤਾ। ਇਸੇ ਦੌਰਾਨ, ਸਪੀਕਰ ਸਾਹਿਬ, ਜਦੋਂ ਮੈਨੂੰ ਜਲੰਧਰ ਦੇ ਇਕ ਸੈਲ ਵਿੱਚ ਬੰਦ ਕੀਤਾ ਗਿਆ ਸੀ ਤਾਂ ਮੇਰੇ ਨਾਲ ਦੇ ਸੈਲ ਵਿੱਚ ਕਾਲੀਆ ਜੀ ਨੂੰ ਵੀ ਬੰਦ ਕਰ ਦਿਤਾ ਗਿਆ। ਉਹ ਜਿੰਨੇ ਦਿਨ ਵੀ ਸਾਡੇ ਕੋਲ ਰਹੇ ਉਨ੍ਹਾਂ ਨੇ ਮੇਰਾ ਸਮਾਂ ਬਹੁਤ ਹੀ ਖੁਸ਼ਹਾਲ ਬਣਾ ਦਿੱਤਾ ਨਹੀਂ ਤਾਂ ਮੈਂ ਸੈਲ ਵਿੱਚ ਇਕੱਲਾ ਹੀ ਸੀ। ਉਨ੍ਹਾਂ ਦੇ ਨਾਲ ਹਰ ਵੇਲੇ ਹੱਸੂ ਹੱਸੂ ਕਰਦੇ ਚੇਹਰੇ ਨੂੰ ਦੇਖ ਕੇ ਸਾਡਾ ਬੜਾ ਚੰਗਾ ਸਮਾਂ ਬੀਤਿਆ ਕਿਉਂਕਿ ਉਨ੍ਹਾਂ ਦੀਆਂ ਗੱਲਾਂ ਹੀ ਐਸੀਆਂ ਹੁੰਦੀਆਂ ਸਨ ਕਿ ਉਹ ਸਾਰਾ ਦਿਨ ਹਸਾਉਂਦੇ ਰਹਿੰਦੇ ਸਨ। ਉਹ ਦਿਨ ਇਸ ਤਰ੍ਹਾਂ ਲੰਘ ਗਏ ਜਿਹੜੇ ਯਾਦ ਵੀ ਨਹੀਂ ਰਹੇ ਪਰ ਹੁਣ ਉਨ੍ਹਾਂ ਦੀ ਯਾਦ ਆਉਂਦੀ ਹੈ। ਭਾਵੇਂ ਅੱਜ ਉਹ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੇ ਯੋਗਦਾਨ ਅਤੇ ਕੁਰਬਾਨੀਆਂ ਮਾਤਭੂਮੀ ਦੀ ਨਿਸ਼ਕਾਮ ਸੇਵਾ ਲਈ ਪ੍ਰੇਰਦੀਆਂ ਰਹਿਣਗੀਆਂ। ਮੈਂ ਬੜੇ ਹੀ ਪਿਆਰ ਤੇ ਸਤਿਕਾਰ ਨਾਲ ਉਨ੍ਹਾਂ ਪ੍ਰਤੀ ਆਪਣੀ ਸਰਧਾਂਜਲੀ ਭੇਟ ਕਰਦਾ ਹਾਂ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ (ਮੁਕਤਸਰ) : ਸਪੀਕਰ ਸਾਹਿਬ, ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸ੍ਰੀ ਮਨਮੋਹਨ ਕਾਲੀਆ ਜੀ ਅੱਜ ਸਾਡੇ ਵਿੱਚ ਨਹੀਂ ਹਨ। ਜਿਸ ਦਿਨ ਤੁਸੀਂ ਸਪੀਕਰ

[ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ]

ਚੁਣੇ ਗਏ ਤਾਂ ਜਦੋਂ ਉਹ ਤੁਹਾਡੇ ਬਾਰੇ ਕੁਝ ਸ਼ਬਦ ਕਹਿ ਰਹੇ ਸਨ, ਕਿਉਂਕਿ ਉਹ ਵੀ ਜਲੰਧਰ ਦੇ ਸਨ ਅਤੇ ਤੁਸੀਂ ਵੀ ਜਲੰਧਰ ਦੇ ਸੀ, ਤਾਂ ਮੈਂ ਖਾਸ ਤੌਰ ਤੇ ਉਨ੍ਹਾਂ ਵਲ ਪਿੱਛੇ ਮੁੜ ਕੇ ਦੇਖਿਆ ਲੇਕਿਨ ਉਸ ਦੇ ਬਾਅਦ ਉਨ੍ਹਾਂ ਦੀ ਮੌਤ ਦੀ ਖ਼ਬਰ ਸਾਨੂੰ ਮਿਲੀ ਜੋ ਐਕਸੀਡੈਂਟ ਕਰਕੇ ਹੋਈ। ਸ਼੍ਰੀ ਮਨਮੋਹਨ ਕਾਲੀਆ ਜੀ 15 ਜੂਨ, 1930 ਨੂੰ ਜਨਮੇ। ਉਨ੍ਹਾਂ ਨੇ ਐਲ. ਐਲ. ਬੀ., ਲਾਅ ਕਾਲਜ, ਜਲੰਧਰ ਤੋਂ ਕੀਤੀ ਅਤੇ ਉਨ੍ਹਾਂ ਨੇ 1955 ਵਿੱਚ ਬਾਰ ਜੁਆਇਨ ਕੀਤੀ। ਸ਼੍ਰੀ ਮਨਮੋਹਨ ਕਾਲੀਆ ਜੀ 1951 ਤੋਂ ਜਨਸੰਘ ਦੇ ਮੈਂਬਰ ਰਹੇ ਅਤੇ ਉਹ ਬੜੇ ਐਕਟਿਵ ਮੈਂਬਰ ਸਨ। 1977 ਵਿੱਚ ਉਹ ਪਾਰਟੀ ਦੇ ਵਾਈਸ-ਪ੍ਰੈਜ਼ੀਡੈਂਟ ਵੀ ਬਣੇ। ਉਹ ਜ਼ਿਲ੍ਹਾ ਜਲੰਧਰ ਦੇ ਜਨਤਾ ਪਾਰਟੀ ਦੇ ਡਿਸਟ੍ਰਿਕਟ ਕਨਵੀਨਰ ਵੀ ਰਹੇ। ਉਨ੍ਹਾਂ ਨੇ 1964 ਵਿੱਚ ਜਲੰਧਰ ਦੀ ਮਿਊਂਸਪਲ ਕਮੇਟੀ ਦੀ ਇਲੈਕਸ਼ਨ ਵੀ ਲੜੀ ਅਤੇ ਕਾਮਯਾਬ ਹੋਏ। ਜਿਸ ਤਰ੍ਹਾਂ ਲੀਡਰ ਆਫ ਦੀ ਹਾਊਸ ਨੇ ਵੀ ਕਿਹਾ ਹੈ ਕਿ ਉਹ ਪੰਜਾਬ ਵਿਧਾਨ ਸਭਾ ਦੇ 1967, 1969, 1977 ਅਤੇ ਫਿਰ ਹੁਣ 1985 ਵਿੱਚ ਮੈਂਬਰ ਬਣੇ। ਉਹ ਜਲੰਧਰ ਸੈਂਟ੍ਰਲ ਕੰਸਟੀਚਿਊਐਂਸੀ ਤੋਂ ਲੜਦੇ ਰਹੇ। ਉਹ 1969-70 ਵਿਚ ਅਕਾਲੀ-ਜਨਸੰਘ ਕੋਲੀਸ਼ਨ ਸਰਕਾਰ ਵੇਲੇ ਕੈਬਨਿਟ ਮੰਤਰੀ ਵੀ ਬਣੇ। ਉਹ ਪੰਜਾਬ ਵਿਧਾਨ ਸਭਾ ਦੀਆਂ ਜੋ ਕਮੇਟੀਆਂ ਹਨ ਉਨ੍ਹਾਂ ਵਿੱਚ ਵੀ ਉਹ ਪਬਲਿਕ ਅਕਾਊਂਟਸ ਕਮੇਟੀ ਅਤੇ ਐਸਟੀਮੇਟਸ ਕਮੇਟੀ ਦੇ ਉਹ ਮੈਂਬਰ ਵੀ ਰਹੇ। ਉਹ ਬੜੇ ਹਰਮਨ ਪਿਆਰੇ ਲੀਡਰ ਸਨ ਅਤੇ ਹਿੰਦੂ-ਸਿੱਖ ਯੂਨਿਟੀ ਦੇ ਆਰਡੈਂਟ ਸਪੋਰਟਰ ਸਨ। ਉਨ੍ਹਾਂ ਦੀ ਪਰਸਨੈਲਿਟੀ ਵਿੱਚ ਕਸ਼ਸ਼ ਸੀ। ਅਸੀਂ ਜਿਸ ਦਿਨ ਇਥੇ ਵੈਲ ਵਿੱਚ ਧਰਨਾ ਦਿੱਤਾ ਸੀ ਬਟਾਲੇ ਸੀਜ ਬਾਰੇ ਤਾਂ ਇਸ ਬਾਰੇ ਉਹ ਵੀ ਆਪਣੀ ਪਾਰਟੀ ਬੀ. ਜੇ. ਪੀ. ਦੇ ਮੈਂਬਰਜ਼ ਨਾਲ ਸਾਡੇ ਨਾਲ ਸ਼ਾਮਲ ਹੋਏ ਅਤੇ ਬੜੀ ਦੇਰ ਤੱਕ ਬੈਠੇ ਰਹੇ। ਉਨ੍ਹਾਂ ਦੀ ਆਪਣੀ ਕਿਸਮ ਦੀ ਪਰਸਨੈਲਿਟੀ ਸੀ ਅਤੇ ਜੋ ਉਹ ਕਹਿੰਦੇ ਸਨ ਉਹਨਾਂ ਦੇ ਕਹਿਣ ਵਿੱਚ ਕਨਵਿਕਸ਼ਨ ਹੁੰਦੀ ਸੀ। ਲੋਕਲ ਬਾਡੀਜ਼ ਦਾ ਜੋ ਦਿਲੀ ਵਿੱਚ ਸੈਮੀਨਾਰ ਹੋਇਆ ਸੀ, ਉਸ ਵਿੱਚ ਵੀ ਉਨ੍ਹਾਂ ਨੇ ਭਾਗ ਲਿਆ ਸੀ। ਉਹ ਬਹੁਤ ਸਾਰੀਆਂ ਰਿਲਿਜੀਅਸ ਆਰਗੇਨਾਈਜ਼ੇਸ਼ਨਜ਼ ਨਾਲ ਵੀ ਐਸੋਸੀਏਟਿਡ ਸਨ ਅਤੇ ਉਨ੍ਹਾਂ ਦੇ ਮੈਂਬਰ ਵੀ ਰਹੇ। ਉਨ੍ਹਾਂ ਦੀ ਉਮਰ ਹਾਲੀਂ 56 ਸਾਲ ਦੀ ਹੀ ਸੀ। ਮੈਂ ਆਪਣੇ ਅਤੇ ਆਪਣੀ ਪਾਰਟੀ ਵਲੋਂ ਲੀਡਰ ਆਫ ਦੀ ਹਾਊਸ ਨਾਲ ਸਹਿਮਤ ਹੁੰਦੀ ਹੋਈ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹਾਂ।

ਸ਼੍ਰੀ ਸਪੀਕਰ: ਸ਼੍ਰੀ ਰਾਧਾ ਕ੍ਰਿਸ਼ਨ।

ਸ਼੍ਰੀ ਰਾਧਾ ਕ੍ਰਿਸ਼ਨ: ਸਰ, ਸਾਡੀ ਪਾਰਟੀ ਵਲੋਂ ਵੈਦ ਓਮ ਪ੍ਰਕਾਸ਼ ਜੀ ਬੋਲਣਗੇ।

ਵੈਦ ਓਮ ਪ੍ਰਕਾਸ਼ ਦੱਤਾ (ਜਲੰਧਰ ਉੱਤਰੀ): ਸਪੀਕਰ ਸਾਹਿਬ, ਸ਼੍ਰੀ ਮਨਮੋਹਨ ਕਾਲੀਆ ਜੀ ਦਾ ਜਿਹੜਾ ਦਿਹਾਂਤ ਹੋਇਆ ਹੈ ਦੁਰਘਟਨਾ ਨਾਲ ਇਸ ਦੇ ਨਾਲ ਹਾਊਸ ਵਿਚ ਹੀ ਨਹੀਂ ਬਲਕਿ ਸਾਰੇ ਪੰਜਾਬ ਵਿੱਚ ਇਕ ਐਸਾ ਖਲਾ ਪੈਦਾ ਹੋਇਆ ਜਿਹੜਾ ਸ਼ਾਇਦ ਕਦੇ ਪੂਰਾ ਨਹੀਂ ਹੋਣਾ। ਉਹ ਇਕ ਲੀਡਿੰਗ ਐਡਵੋਕੇਟ ਸਨ ਅਤੇ ਲੋਕ ਪ੍ਰੀਯ ਨੇਤਾ ਸਨ ਔਰ ਉਹ ਆਪਣੇ ਜੀਵਨ ਵਿੱਚ ਜਿਸ ਤਰੀਕੇ ਨਾਲ ਪ੍ਰਭਾਵਸ਼ਾਲੀ ਕੰਮ ਕਰ ਰਹੇ ਸਨ ਮੈਂ ਸਮਝਦਾ ਹਾਂ ਕਿ ਸਮੁੱਚੇ ਸਮਾਜ ਵਿੱਚ ਅਤੇ ਰਾਜ ਵਿੱਚ ਇਸ ਤਰ੍ਹਾਂ ਦੇ ਘੱਟ ਲੋਕ ਮਿਲਣਗੇ। ਜਦੋਂ 1964 ਵਿੱਚ ਪਹਿਲੀ ਵਾਰੀ ਉਨ੍ਹਾਂ ਨੇ ਮਿਊਂਸਪਲ ਕਮੇਟੀ ਦੀ ਇਲੈਕਸ਼ਨ ਲੜੀ ਤਾਂ ਉਸ ਵਿੱਚ ਉਨ੍ਹਾਂ ਨੇ ਤਹੱਈਆ ਕਰ ਲਿਆ ਸੀ ਕਿ ਆਪਣਾ ਸਾਰਾ ਵਕਤ ਸਮਾਜ ਸੇਵਾ ਵਿੱਚ ਹੀ ਲਾਵਾਂਗਾ। ਉਹ ਕਮੇਟੀ ਵਿੱਚ ਆਪਣੇ ਸ਼ਹਿਰ ਦੀ ਤਰੱਕੀ ਲਈ ਕਾਫੀ ਦਿਲਚਸਪੀ ਨਾਲ ਕੰਮ ਕਰਦੇ ਰਹੇ। ਸਪੀਕਰ ਸਾਹਿਬ, ਜਿਸ ਤਰ੍ਹਾਂ ਇਥੇ ਕਿਹਾ ਗਿਆ ਹੈ ਉਹ ਚਾਰ ਵਾਰੀ

ਪੰਜਾਬ ਵਿਧਾਨ ਸਭਾ ਵਿੱਚ 1967, 1969, 1977 ਅਤੇ ਫਿਰ ਹੁਣ 1985 ਵਿੱਚ ਮੈਂਬਰ ਬਣੇ। 1985 ਵਿੱਚ ਅਸੀਂ ਦੇਖਿਆ ਹੈ ਕਿ ਜਦੋਂ ਉਹ ਆਪਣੇ ਭਾਸ਼ਣ ਦਿੰਦੇ ਸਨ ਤਾਂ ਉਹ ਪੰਜਾਬ ਦੇ ਹਾਲਾਤ ਦੇ ਮੁਤੱਲਕ ਹੀ ਹੁੰਦੇ ਸਨ, ਹਿੰਦੂ-ਸਿੱਖ ਏਕਤਾ ਅਤੇ ਪੰਜਾਬ ਦੀ ਏਕਤਾ ਵਾਸਤੇ ਹੀ ਹੁੰਦੇ ਸਨ। ਉਨ੍ਹਾਂ ਨੇ ਹਿੰਦੂ-ਸਿੱਖ ਏਕਤਾ ਲਈ ਜੋ ਹਿੱਸਾ ਪਾਇਆ ਮੈਂ ਸਮਝਦਾ ਹਾਂ ਕਿ ਉਹ ਬੜਾ ਹੀ ਪ੍ਰਭਾਵਸ਼ਾਲੀ ਹੈ। ਭਾਵੇਂ ਉਹ ਬ੍ਰਾਹਮਣ ਸਨ ਲੇਕਿਨ ਉਨ੍ਹਾਂ ਦੇ ਜੀਵਨ ਵਿੱਚ ਇਸ ਤਰ੍ਹਾਂ ਦਾ ਕੋਈ ਭਾਵ ਨਹੀਂ ਸੀ ਆਇਆ ਅਤੇ ਉਹ ਬਾਲਮੀਕੀਆਂ, ਹਰੀਜਨਾਂ ਵਿੱਚ ਅਤੇ ਖਾਸ ਤੌਰ ਤੇ ਬਾਲਮੀਕੀ ਹਰੀਜਨਾਂ ਵਿੱਚ ਭਾਵੇਂ ਕਿਸੇ ਦੀ ਡੈਥ ਦਾ ਮੌਕਾ ਹੋਵੇ ਜਾਂ ਖੁਸ਼ੀ ਦਾ ਮੌਕਾ ਹੋਵੇ ਉਹ ਬਾਕਾਇਦਾ ਸ਼ਾਮਲ ਹੁੰਦੇ ਰਹੇ ਹਨ। ਪਿਛਲੇ ਦਿਨਾਂ ਵਿੱਚ ਜਦੋਂ ਜਲੰਧਰ, ਨਕੋਦਰ ਅਤੇ ਨਾਲ ਲਗਦੇ ਕਪੂਰਥਲੇ ਵਿੱਚ ਕਰਫਿਊ ਲਗਿਆ ਤਾਂ ਉਹ ਕਰਫਿਊ ਵਿੱਚ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਲਗੇ ਰਹੇ। ਉਹ ਪੀਸ ਕਮੇਟੀਆਂ ਵਿੱਚ ਵੀ ਜਾਂਦੇ ਰਹੇ ਅਤੇ ਲੋਕਾਂ ਪਾਸ ਵੀ ਖੁਦ ਜਾਂਦੇ ਰਹੇ। ਲੋਕਾਂ ਕੋਲ ਚੱਕਰ ਲਾ ਲਾ ਕੇ ਉਨ੍ਹਾਂ ਨੇ ਕਾਫ਼ੀ ਸਮਾਂ ਹਿੰਦੂ-ਸਿੱਖ ਏਕਤਾ, ਪੰਜਾਬ ਦੀ ਏਕਤਾ ਵਾਸਤੇ ਲਾਇਆ। ਬਾਕੀ, ਜੇਲ੍ਹ ਵਿਚ ਉਹ ਗਏ। ਜੇਲ੍ਹ ਜਾਣ ਦੇ ਬਾਅਦ ਵੀ ਉਨ੍ਹਾਂ ਨੇ ਉਥੇ ਆਪਣਾ ਜੀਵਨ ਪੜ੍ਹਾਈ ਵਿੱਚ ਲਗਾਈ ਰਖਿਆ। ਉਨ੍ਹਾਂ ਨੇ ਕਈ ਕਿਸਮ ਦੀਆਂ ਕਿਤਾਬਾਂ ਲਿਖੀਆਂ। ਉਨ੍ਹਾਂ ਨੂੰ ਬਚਪਨ ਤੋਂ ਹੀ ਪੜ੍ਹਨ ਪੜ੍ਹਾਉਣ ਦਾ ਸ਼ੌਕ ਸੀ। ਪੰਜਾਬ ਅਸੰਬਲੀ ਵਿੱਚ ਉਨ੍ਹਾਂ ਦੇ ਜਾਣ ਨਾਲ ਜਿਹੜੀ ਜਗ੍ਹਾ ਖਾਲੀ ਹੋਈ ਹੈ ਉਹ ਕਦੇ ਵੀ ਪੂਰੀ ਨਹੀਂ ਹੋ ਸਕੇਗੀ। ਉਨ੍ਹਾਂ ਦੇ ਕਿਰਿਆ ਵਾਲੇ ਦਿਨ, ਸੰਸਕਾਰ ਵਾਲੇ ਦਿਨ ਗਵਰਨਰ ਸਾਹਿਬ ਵੀ ਆਏ ਸਨ, ਕਾਂਗਰਸ ਪਾਰਟੀ ਵਾਲੇ ਆਏ, ਕਮਿਊਨਿਸਟ ਪਾਰਟੀ ਵਾਲੇ ਆਏ ਅਤੇ ਅਕਾਲੀ ਪਾਰਟੀ ਵਾਲੇ ਆਏ। ਉਨ੍ਹਾਂ ਨੇ ਗਲਾਂ ਕਹੀਆਂ ਕਿ ਇਲੈਕਸ਼ਨਾਂ ਵਿਚ ਕਈ ਵਾਰੀ ਹਾਰੇ ਹਾਂ ਅਤੇ ਕਈ ਵਾਰੀ ਜਿੱਤੇ ਹਾਂ ਪਰ ਉਨ੍ਹਾਂ ਦੇ ਦਿਲ ਵਿਚ ਕਦੇ ਕਿਸੇ ਵਾਸਤੇ ਕੋਈ ਮਲਾਲ ਨਹੀਂ ਸੀ। ਉਨ੍ਹਾਂ ਦੇ ਜਾਣ ਤੋਂ ਇਹ ਸਾਰਾ ਹਾਊਸ, ਜਿਸ ਤਰ੍ਹਾਂ ਬਰਨਾਲਾ ਸਾਹਿਬ ਨੇ ਕਿਹਾ ਹੈ, ਸ਼ੋਕ ਮਤੇ ਵਿਚ ਸ਼ਾਮਲ ਹੁੰਦਾ ਹੈ ਔਰ ਮੈਂ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਦੇ ਜਾਣ ਨਾਲ ਇਹ ਕਮੀ ਪੂਰੀ ਨਹੀਂ ਹੋ ਸਕੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੇ ਅਤੇ ਆਪਣੀ ਪਾਰਟੀ ਵਲੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਕੈਪਟਨ ਅਮਰਿੰਦਰ ਸਿੰਘ (ਤਲਵੰਡੀ ਸਾਬੋ): ਸਪੀਕਰ ਸਾਹਿਬ, ਅੱਜ ਸ੍ਰੀ ਮਨਮੋਹਨ ਕਾਲੀਆ ਜੀ ਸਾਡੇ ਵਿਚੋਂ ਵਿੱਛੜ ਗਏ ਹਨ। ਮੈਨੂੰ ਯਾਦ ਹੈ ਕੁਝ ਦਿਨ ਪਹਿਲਾਂ ਅਸੰਬਲੀ ਸੈਸ਼ਨ ਚਲ ਰਿਹਾ ਸੀ ਅਤੇ ਤੁਹਾਡੀ ਚੋਣ ਦਾ ਮਸਲਾ ਸੀ ਉਸ ਦਿਨ ਸ਼ਾਮ ਨੂੰ ਅਸੀਂ ਇਕੱਠੇ ਹੋਏ, ਕੁਝ ਦੇਰ ਗਲਾਂ ਕਰਦੇ ਰਹੇ। ਕੀ ਪਤਾ ਸੀ ਕਿ ਥੋੜ੍ਹੇ ਸਮੇਂ ਬਾਅਦ ਉਨ੍ਹਾਂ ਨਾਲ ਇਹ ਹਾਦਸਾ ਹੋ ਜਾਣਾ ਹੈ। ਉਨ੍ਹਾਂ ਦੀ ਬਾਬਤ, ਉਨ੍ਹਾਂ ਦੇ ਜੀਵਨ ਬਾਰੇ ਇਥੇ ਕਾਫ਼ੀ ਕੁਝ ਕਿਹਾ ਗਿਆ ਹੈ, ਪੰਜਾਬ ਦੀ ਜੋ ਉਨ੍ਹਾਂ ਨੇ ਸੇਵਾ ਕੀਤੀ। ਜਦ ਤੋਂ ਲਾਅ ਪਾਸ ਕਰ ਲਿਆ ਉਦੋਂ ਤੋਂ ਹੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ।

ਉਹ 1951 ਵਿਚ ਜੰਨ ਸੰਘ ਵਿਚ ਸ਼ਾਮਲ ਹੋਏ ਔਰ ਪੰਜਾਬ ਦੀ ਸੇਵਾ ਕਰਦੇ ਰਹੇ। ਚਾਰ ਦਫ਼ਾ ਇਸ ਅਸੰਬਲੀ ਦੇ ਮੈਂਬਰ ਰਹੇ। 1967 ਤੋਂ 1977 ਤਕ ਅਤੇ ਹੁਣ 1985 ਤੋਂ ਹੁਣ ਤਕ ਮੌਜੂਦਾ ਅਸੰਬਲੀ ਦੇ ਮੈਂਬਰ ਰਹੇ। ਸਾਡੀ ਜਿਹੜੀ ਪਹਿਲੀ ਸਰਕਾਰ ਸੀ ਉਸ ਦੇ ਵਿਚ ਉਹ ਕੈਬਨਿਟ ਮਨਿਸਟਰ ਰਹੇ ਸਨ। ਉਨ੍ਹਾਂ ਦੇ ਜਾਣ ਨਾਲ ਬੜੀ ਘਾਟ ਮਹਿਸੂਸ ਹੋ ਰਹੀ ਹੈ। ਮੈਂ ਆਪਣੀ ਪਾਰਟੀ ਵਲੋਂ ਔਰ ਆਪਣੇ ਵੱਲੋਂ ਇਨ੍ਹਾਂ ਸ਼ਬਦਾਂ ਨਾਲ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ): ਸਪੀਕਰ ਸਾਹਿਬ, ਸਾਡੇ ਵਿੱਚ ਇਕ ਐਸੇ ਦੋਸਤ, ਇਕ ਸੁਹਿਰਦ ਸੱਜਣ ਅੱਜ ਮੌਜੂਦ ਨਹੀਂ ਹਨ, ਜਿਨ੍ਹਾਂ ਦੀ ਯਾਦ ਕਦੇ ਵੀ ਸਾਡੇ ਦਿਲਾਂ ਵਿਚੋਂ

[ਸਰਦਾਰ ਕਿਰਪਾਲ ਸਿੰਘ]

ਅਦਮ-ਮੌਜੂਦ ਨਹੀਂ ਰਹੇਗੀ। ਅੱਜ ਉਨ੍ਹਾਂ ਦੀ ਜ਼ਿੰਦਗੀ ਦੇ ਵਾਕਿਆਤ, ਉਨ੍ਹਾਂ ਦੀ ਸੋਸ਼ਲ ਤੇ ਪੁਲੀਟੀ-ਕਲ ਸਰਗਰਮੀਆਂ ਦਾ ਜ਼ਿਕਰ ਮੇਰੇ ਤੋਂ ਪਹਿਲਾਂ ਕਾਫ਼ੀ ਹੋਇਆ ਹੈ। ਮੈਂ ਉਨ੍ਹਾਂ ਨੂੰ ਬੜੇ ਨਜ਼ਦੀਕ ਤੋਂ ਵੇਖਿਆ ਹੈ। ਸ੍ਰੀ ਮਨਮੋਹਨ ਕਾਲੀਆ ਜਿਸ ਮਹਿਫ਼ਲ ਵਿਚ ਬੈਠੇ ਉਹ ਜ਼ਫਰ ਬਣ ਗਈ। ਇੰਨੀ ਜ਼ਿਆਦਾ ਉਨ੍ਹਾਂ ਵਿਚ ਪ੍ਰਭਾਵਤ ਕਰਨ ਦੀ ਸ਼ਕਤੀ ਸੀ, ਇੰਨੀ ਕਲਚਰਡ ਸ਼ਖ਼ਸੀਅਤ ਸੀ ਜਿਸ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਮੇਰੇ ਨਾਲ ਅਸੰਬਲੀ ਵਿਚ, ਕਮੇਟੀਆਂ ਵਿੱਚ ਅਤੇ ਕਮੇਟੀ ਦੇ ਟੂਰਾਂ ਵਿੱਚ ਉਹ ਇਕੱਠੇ ਹੋਏ। ਉਹ ਇਕ ਐਸਾ ਆਦਮੀ ਸੀ ਜਿਸ ਨਾਲ ਸਫ਼ਰ ਵਿਚ ਬੈਠਿਆਂ ਕਦੇ ਵੀ ਥਕੇਵਾਂ ਮਹਿਸੂਸ ਨਹੀਂ ਸੀ ਹੁੰਦਾ। ਉਨ੍ਹਾਂ ਦੀ ਜ਼ਿੰਦਗੀ ਬਹੁਤ ਹੀ ਅੱਛੀ ਸੀ। ਉਹ ਇਕ ਐਸਾ ਆਦਮੀ ਸੀ ਜਿਹੜਾ ਹਰ ਵੇਲੇ ਗੁਲਾਬ ਦੇ ਫੁਲ ਵਾਂਗ ਖਿੜਿਆ ਰਹਿੰਦਾ ਸੀ, ਉਹ ਅੱਜ ਸਾਡੇ ਵਿਚੋਂ ਚਲੇ ਗਏ। ਮੈਂ ਕਹਿ ਸਕਦਾ ਹਾਂ ਕਿ ਉਨ੍ਹਾਂ ਨੇ ਜਿਹੜੇ ਕੰਮ ਕੀਤੇ ਹਨ, ਜਿਹੜੀ ਜ਼ਿੰਦਗੀ ਜੀਵੀ ਹੈ ਉਹ ਹਮੇਸ਼ਾਂ ਯਾਦ ਤਾਜ਼ਾ ਬਣੀ ਰਹੇਗੀ। ਐਸੇ ਦੌਰ ਵਿਚ ਜਿਹੜੇ ਬੜੇ ਬੜੇ ਲੋਕ ਪੀਸ, ਅਮਨ, ਗਾਂਧੀਵਾਦ ਦੀਆਂ, ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ ਉਹ ਸਾਰੀਆਂ ਉਨ੍ਹਾਂ ਵਿੱਚ ਮੌਜੂਦ ਸਨ । ਪਿਛਲੇ ਸਮੇਂ ਵਿੱਚ ਜਦੋਂ ਪੰਜਾਬ ਵਿਚ ਤਅੱਸਬ-ਦਾ ਭਾਂਬੜ ਮੱਚ ਗਿਆ ਪਰ ਉਨ੍ਹਾਂ ਦੀ ਜ਼ਿੰਦਗੀ ਵਿੱਚ ਉਹ ਭਾਂਬੜ ਨਹੀਂ ਆਇਆ। ਜਲੰਧਰ ਵਿਚ ਸ਼ਰਧਾਂਜਲੀ ਭੇਂਟ ਕਰਦਿਆਂ ਬੀ. ਜੇ. ਪੀ. ਦੇ ਇਕ ਲੀਡਰ ਨੇ ਇਹ ਗਲ ਕਹੀ ਕਿ ਇਹ ਲੀਡਰ ਹਿੰਦੂ ਹੋਣ ਦੇ ਬਾਵਜੂਦ ਸਿੱਖਾਂ ਵਿਚ ਬਹੁਤ ਮਕਬੂਲ ਸੀ। ਇਹ ਗਲ ਦੂਜਿਆਂ ਵਾਸਤੇ ਇਕ ਮਿਸਾਲ ਹੈ ਕਿ ਕਿਸ ਤਰ੍ਹਾਂ ਕੁਰਬਾਨੀ ਦੇ ਕੇ ਲੋਕਾਂ ਕੋਲੋਂ ਸ਼ਰਧਾ ਕਬੂਲਣ ਦਾ ਤਰੀਕਾ ਜੋ ਹੈ ਇਹ ਬਹੁਤ ਹੀ ਅੱਛਾ ਹੈ। ਉਹ ਅੱਜ ਸਾਡੇ ਵਿੱਚ ਮੌਜੂਦ ਨਹੀਂ ਪਰ ਉਨ੍ਹਾਂ ਦੇ ਖਿਆਲ ਮੌਜੂਦ ਹਨ। ਭਾਵੇਂ ਸ਼ਮਾਂ ਬੁਝ ਜਾਏ ਪਰ ਉਜਾਲਾ ਰਹਿੰਦਾ ਹੈ :—

"ਵੋਹ ਸ਼ਖ਼ਸ ਜਿਸ ਕੋ ਖ਼ਿਜ਼ਾਂ ਲੇ ਗਈ ਬਹਾਰੋਂ ਸੇ,
ਅਭੀ ਚਮਨ ਮੇਂ ਸ਼ ਗੁਫਤਾ ਗੁਲਾਬ ਜੈਸਾ ਥਾ।"

ਉਹ ਸ਼ਖ਼ਸ਼ ਅੱਜ ਸਾਡੇ ਵਿੱਚ ਮੌਜੂਦ ਨਹੀਂ। ਅੱਜ ਦੇ ਜ਼ਮਾਨੇ ਵਿਚ ਜਦੋਂ ਤਅੱਸਬ ਦਾ ਜ਼ੋਰ ਹੈ, ਇਨਸਾਨ ਦੇ ਅੰਦਰੋਂ ਇਨਸਾਨੀਅਤ ਦਾ ਮਾਦਾ ਗਾਇਬ ਹੁੰਦਾ ਜਾ ਰਿਹਾ ਹੈ। ਐਸੇ ਬੰਦੇ ਦੀ ਲੋੜ ਹੋਰ ਵੀ ਵੱਧ ਜਾਂਦੀ ਹੈ, ਉਨ੍ਹਾਂ ਦੀ ਗੈਰਹਾਜ਼ਰੀ ਅੱਗੇ ਨਾਲੋਂ ਜ਼ਿਆਦਾ ਚੁਭਦੀ ਹੈ। ਮੈਂ ਆਪਣੇ ਅਤੇ ਆਪਣੀ ਜਨਤਾ ਪਾਰਟੀ ਵਲੋਂ ਸ਼ਰਧਾ ਭੇਂਟ ਕਰਦਾ ਹੋਇਆ ਪ੍ਰਭੂ ਦੇ ਚਰਨਾ ਵਿਚ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਪ੍ਰਵਾਨ ਕਰੇ। ਸਾਡੀ ਜ਼ਿੰਦਗੀ ਦਾ ਜਿਹੜਾ ਥੋੜ੍ਹਾ ਬਹੁਤ ਸਮਾਂ ਬਾਕੀ ਹੈ ਇਨਸਾਨੀਅੱਤ ਵਾਲੀ ਜ਼ਿੰਦਗੀ ਜਿਸ ਵਿਚ ਪਿਆਰ, ਅਮਨ, ਬਰਾਦਰੀ ਦਾ ਜਜ਼ਬਾ ਭਰਿਆ ਹੋਵੇ ਤਾਂ ਚਲੇ ਜਾਣ ਤੇ ਲੋਕਾਂ ਕੋਲੋਂ ਸ਼ਰਧਾਂਜਲੀ ਲੈ ਸਕਦੇ ਹਾਂ। ਇਸ ਤਰ੍ਹਾਂ ਦਾ ਜੀਵਨ ਜੀਣਾ ਸਾਨੂੰ ਪਰਮਾਤਮਾ ਬਖਸ਼ੇ। ਇਨ੍ਹਾਂ ਸ਼ਬਦਾਂ ਨਾਲ ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ ।

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ): ਸਪੀਕਰ ਸਾਹਿਬ, ਅੱਜ ਮੁੱਖ ਮੰਤਰੀ ਸਾਹਿਬ ਨੇ ਜਿਹੜਾ ਸ਼ੋਕ ਮਤਾ ਇਸ ਹਾਊਸ ਵਿਚ ਪੇਸ਼ ਕੀਤਾ ਹੈ, ਮੈਂ ਬੜੇ ਦੁਖੀ ਹਿਰਦੇ ਨਾਲ ਉਸ ਵਿਚ ਸ਼ਾਮਲ ਹੁੰਦਾ ਹੋਇਆ ਕਹਿੰਦਾ ਹਾਂ ਕਿ ਕਾਲੀਆ ਸਾਹਿਬ ਦੀ ਲਿਖਤ ਅਤੇ ਬਿਆਨ ਵਿਚ ਬੜਾ ਪ੍ਰਭਾਵ ਸੀ। ਬਹੁਤ ਥੋੜ੍ਹੇ ਸਮੇਂ ਦੀ ਗਲ ਹੈ ਜਦੋਂ ਉਹ ਮੇਰੀ ਸੀਟ ਤੇ ਇਕੱਠੇ ਬੈਠੇ ਸਨ । ਦੋ ਜੂਨ ਨੂੰ ਜਦੋਂ ਉਹ ਬੈਠੇ ਸਨ ਤਾਂ ਪੰਜਾਬ ਦੀ ਸਥਿਤੀ ਅਤੇ ਮਾਹੌਲ ਜੋ ਪੈਦਾ ਹੋਇਆ ਹੋਇਆ ਹੈ, ਉਸ ਦੇ ਬਾਰੇ ਸਲਾਹ

ਮਸ਼ਵਰਾ ਕੀਤਾ। ਹਾਊਸ ਵਿਚ ਚੰਗੀ ਸ਼ਖ਼ਸੀਅਤ ਹੋਣ ਦੇ ਨਾਲ ਚੰਗੇ ਬਿਆਨ ਦਿੱਤੇ ਔਰ ਅਸੀਂ ਬਹੁਤ ਪ੍ਰਭਾਵਤ ਹੋਏ । ਪਿਛਲੇ ਸਮੇਂ ਜਦੋਂ ਬਟਾਲਾ ਵਿਚ ਕੁਝ ਘਟਨਾਵਾਂ ਹੋਈਆਂ ਤਾਂ ਹਾਊਸ ਦੀ ਇਕ ਕਮੇਟੀ ਬਣੀ। ਉਹ ਮੇਰੇ ਨਾਲ ਉਥੇ ਗਏ। ਅਸੀਂ ਵਿਚਾਰਾਂ ਦਾ ਵਟਾਂਦਰਾ ਕੀਤਾ। ਉਥੇ ਜੋ ਰੋਲ ਉਨ੍ਹਾਂ ਨੇ ਹਿੰਦੂ-ਸਿੱਖਾਂ ਦੀ ਏਕਤਾ ਲਈ ਅਦਾ ਕੀਤਾ ਉਸ ਦੀ ਮਿਸਾਲ ਨਹੀਂ ਮਿਲਦੀ। ਉਸ ਦੌਰਾਨ ਜਿਹੜੀਆਂ ਕਿਲਿੰਗਜ਼ ਹੋ ਰਹੀਆਂ ਸਨ ਉਨ੍ਹਾਂ ਤੇ ਜਿਹੜੇ ਦੁੱਖ ਦਾ ਪ੍ਰਗਟਾਵਾ ਉਨ੍ਹਾਂ ਨੇ ਕੀਤਾ ਉਹ ਆਪਣੇ ਵਿਚ ਇਕ ਮਿਸਾਲ ਸੀ। ਅੱਜ ਇਕ ਚੰਗੀ ਅਤੇ ਪਾਪੂਲਰ ਸ਼ਖਸੀਅਤ ਸਾਡੇ ਨਾਲੋਂ ਵਿਛੜ ਗਈ ਹੈ, ਕੁਦਰਤ ਨੇ ਸਾਨੂੰ ਵਿਛੋੜ ਦਿੱਤਾ। ਉਨ੍ਹਾਂ ਦੀ ਸ਼ਖਸੀਅਤ ਬਾਰੇ ਕਾਫ਼ੀ ਕੁੱਝ ਕਿਹਾ ਗਿਆ ਹੈ ਅਤੇ ਕਿਹਾ ਜਾ ਸਕਦਾ ਹੈ। ਕਿੰਨੇ ਵਾਰੀ ਉਹ ਹਾਊਸ ਵਿੱਚ ਆਏ। ਮੈਂ ਆਪਣੀ ਪਾਰਟੀ ਵੱਲੋਂ, ਕਮਿਊਨਿਸਟ ਪਾਰਟੀ ਵੱਲੋਂ, ਆਪਣੇ ਵੱਲੋਂ ਉਨ੍ਹਾਂ ਨੂੰ ਸਰਧਾਂਜਲੀ ਦੇ ਫੁਲ ਭੇਂਟ ਕਰਦਾ ਹੋਇਆ ਅਰਜ਼ ਕਰਾਂਗਾ ਕਿ ਹਿੰਦੂ-ਸਿੱਖ ਏਕਤਾ ਲਈ ਕੰਮ ਕਰਦੇ ਹੋਏ ਪੰਜਾਬ ਨੂੰ ਖਿੜਿਆ ਫੁੱਲ ਗੁਲਾਬ ਦਾ ਬਣਾਉਣ ਦਾ ਯਤਨ ਕਰੀਏ। ਇਨ੍ਹਾਂ ਸ਼ਬਦਾਂ ਨਾਲ ਮੈਂ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ): ਸਪੀਕਰ ਸਾਹਿਬ, ਸਾਡੇ ਰਾਂਗਲੇ ਸੱਜਣ ਵੀਰ ਮਨਮੋਹਨ ਕਾਲੀਆ ਦੀ ਇਕ ਕਾਰ ਹਾਦਸੇ ਵਿਚ ਦਰਦਨਾਕ ਮੌਤ ਇਸ ਸਾਰੇ ਸਦਨ, ਅਤੇ ਸਮੁਚੇ ਪੰਜਾਬ ਲਈ ਇਕ ਬਹੁਤ ਹੀ ਹਿਰਦੇਵੇਧਕ ਘਟਨਾ ਹੈ। ਕਾਲੀਆ ਸਾਹਿਬ ਦੀ ਸ਼ਖਸੀਅਤ ਨੇਕੀ, ਸ਼ਰਾਫ਼ਤ, ਦਿਆਨਤਦਾਰੀ, ਕੁਰਬਾਨੀ ਅਤੇ ਸੇਵਾ ਦੇ ਗੁਣਾਂ ਨਾਲ ਭਰਪੂਰ ਸੀ। ਉਹ ਮਾਇਆਨਾਜ਼ ਪਾਰਲੀਆਮੈਂਟੇਰੀਅੱਨ ਅਤੇ ਉੱਚ ਕੋਟੀ ਦੇ ਵਕੀਲ ਸਨ ਔਰ ਜਲੰਧਰ ਸ਼ਹਿਰ, ਆਪਣੇ ਹਲਕੇ ਅਤੇ ਸਮੁਚੇ ਪੰਜਾਬ ਦੀ ਹਰਮਨ ਪਿਆਰੀ ਸ਼ਖਸੀਅੱਤ ਸਨ। ਕਾਲੀਆ ਸਾਹਿਬ ਦਾ ਐਸੇ ਸਮੇਂ, ਜਦੋ ਪੰਜਾਬ ਦੇ ਦਰਦਨਾਕ ਔਰ ਐਸੇ ਦੁਖਾਂਤ ਹਾਲਾਤ ਹਨ, ਚਲੇ ਜਾਣਾ ਪੰਜਾਬ ਨੂੰ ਬਹੁਤ ਜ਼ਬਰਦਸਤ ਨੁਕਸਾਨ ਔਰ ਬਹੁਤ ਘਾਟਾ ਪਿਆ ਹੈ। ਪੰਜਾਬ ਅਤੇ ਪੰਜਾਬੀਅਤ ਲਈ ਜਿਵੇਂ ਮੇਰੇ ਮਿੱਤਰ ਸਰਦਾਰ ਕਿਰਪਾਲ ਸਿੰਘ ਨੇ ਬਿਆਨ ਕੀਤਾ ਹੈ ਅੱਜ ਦੇ ਹਾਲਾਤ ਵਿਚ ਜੋ ਭਾਂਬੜ ਮੱਚ ਰਹੇ ਹਨ ਪੰਜਾਬ ਵਿਚ ਜਿਵੇਂ ਬੜੇ ਖਤਰਨਾਕ ਵਾਕਿਆਤ ਹੋ ਰਹੇ ਹਨ ਉਨ੍ਹਾਂ ਹਾਲਾਤ ਵਿਚ ਜੋ ਕੋਈ ਰੋਸ਼ਨੀ ਮਿਲ ਰਹੀ ਸੀ ਕਾਲੀਆ ਸਾਹਿਬ ਦੀ ਸ਼ਖਸੀਅੱਤ ਤੋਂ ਉਹ ਸਾਡੇ ਤੋਂ ਚਲੀ ਗਈ। ਐਸੇ ਹਾਲਾਤ ਵਿਚ ਵੀ ਉਨ੍ਹਾਂ ਦੀ ਅਗਵਾਈ ਸਾਡੇ ਪੰਜਾਬ ਨੂੰ ਠੀਕ ਰਸਤੇ ਤੇ ਲਿਜਾ ਸਕਦੀ ਸੀ। ਫਿਰਕਾਪ੍ਰਸਤੀ ਤੋਂ ਉਹ ਸੈਂਕੜੇ ਕੋਹਾਂ ਦੂਰ ਸਨ ।

ਇਸ ਤਰ੍ਹਾਂ ਦੇ ਵਿਚਾਰਾਂ ਦੇ ਘਟ ਵਿਅਕਤੀ ਹਨ। ਪੰਜਾਬ ਦੀ ਪਬਲਿਕ ਲਾਈਫ ਵਿਚ ਉਨ੍ਹਾਂ ਵਰਗਾ ਸੱਚੇ ਸੁੱਚੇ ਵਿਚਾਰ ਰੱਖਣ ਵਾਲਾ, ਫਿਰਕਾਪ੍ਰਸਤੀ ਤੋਂ ਦੂਰ ਰਹਿਣ ਵਾਲੇ, ਹਿੰਦੂ-ਸਿੱਖਾਂ ਦੋਹਾਂ ਨੂੰ ਇਕ ਸਮਝਣ ਵਾਲੇ ਜਿਸ ਲੈਵਲ ਦੇ ਕਾਲੀਆ ਸਾਹਿਬ ਸਨ ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬ ਨੂੰ ਜ਼ਬਰਦਸਤ ਘਾਟਾ ਪਿਆ ਹੈ ਔਰ ਮੈਨੂੰ ਯਕੀਨ ਹੈ ਕਿ ਉਹ ਘਾਟਾ ਪੂਰਾ ਨਹੀਂ ਹੋ ਸਕਦਾ। ਮੈਂ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ। ਅਸੀਂ ਜੋ ਸੇਵਾਦਾਰ ਹਾਂ ਪੰਜਾਬ ਦੀ ਜਨਤਾ ਦੇ, ਉਨ੍ਹਾਂ ਦੇ ਪੂਰਨਿਆਂ ਤੇ, ਉਨ੍ਹਾਂ ਦੇ ਵਿਚਾਰਾਂ ਦੀ ਕਦਰ ਕਰਦੇ ਹੋਏ ਪੰਜਾਬ ਦੇ ਭਲੇ ਲਈ, ਉਨ੍ਹਾਂ ਦੇ ਪੂਰਨਿਆਂ ਤੇ ਚਲਣ ਦਾ ਬਲ ਬਖਸ਼ੇ। ਇਨ੍ਹਾਂ ਸ਼ਬਦਾਂ ਨਾਲ ਮੈਂ ਉਨ੍ਹਾਂ ਦੇ ਪਵਿੱਤਰ ਚਰਨਾਂ ਵਿਚ ਸ਼ਰਧਾ ਦੇ ਫੁਲ ਭੇਂਟ ਕਰਦਾ ਹਾਂ।

ਸ੍ਰੀ ਰਾਮ ਕਿਸ਼ਨ ਕਟਾਰੀਆ (ਬਲਾਚੌਰ) : ਸਪੀਕਰ ਸਾਹਿਬ, ਸ੍ਰੀ ਮਨਮੋਹਨ ਕਾਲੀਆ ਜੀ ਦੀ ਅਚਾਨਕ ਮਿਰਤੂ ਤੇ ਅਤਿ ਦੁੱਖ ਹੋਇਆ ਹੈ। ਦੋ ਜੂਨ ਨੂੰ ਇਥੇ ਸਪੀਕਰ ਸਾਹਿਬ ਉਹ ਸੰਤ ਸਿੰਘ

[ਸ਼੍ਰੀ ਰਾਮ ਕਿਸ਼ਨ ਕਟਾਰੀਆ]

ਜੀ ਲਿੱਧੜ ਨੂੰ ਸ਼ਰਧਾਂਜਲੀ ਭੇਂਟ ਕਰਨ ਵੇਲੇ ਸ਼ਾਮਲ ਸੀ। ਫਿਰ ਜਿਸ ਵੇਲੇ ਆਪ ਜੀ ਦੀ ਚੋਣ ਹੋਈ ਤਾਂ ਅਕਸਰੀਅਤ ਵਿਚ ਵਧਾਈ ਦਿੱਤੀ। ਉਸ ਤੋਂ ਬਾਅਦ ਐਮ.ਐਲ.ਏਜ਼. ਹੋਸਟਲ ਵਿਚ ਇਹ ਸਾਨੂੰ ਮਿਲੇ, ਤਕਰੀਬਨ ਸਾਰੇ ਮੈਂਬਰ ਉਥੇ ਹੀ ਰਹੇ ਹਾਂ, ਕਿਉਂਕਿ ਦੇਰ ਤਕ ਉਸ ਦਿਨ ਹਾਊਸ ਚਲਦਾ ਰਿਹਾ ਸੀ। ਸਵੇਰੇ ਜਦੋਂ ਇਨ੍ਹਾਂ ਦੀ ਮਿਰਤੂ ਦੀ ਖਬਰ ਸੁਣੀ ਤਾਂ ਐਮ. ਐਲ. ਏ. ਇਕ ਦੂਜੇ ਨੂੰ ਆਪਣੇ ਆਪਣੇ ਕਮਰਿਆਂ ਵਿਚੋਂ ਆ ਕੇ ਪੁੱਛਦੇ ਸਨ ਕਿ ਸ਼ਾਇਦ ਕੋਈ ਕਹਿ ਦੇਵੇ ਕਿ ਇਹ ਖਬਰ ਝੂਠੀ ਹੈ।

ਸਪੀਕਰ ਸਾਹਿਬ, ਸੰਨ 1970 ਤੋਂ 1980 ਤਕ ਮੈਂ ਉਨ੍ਹਾਂ ਦੇ ਨਾਲ ਰਿਹਾ ਹਾਂ। ਉਹ ਬਹੁਤ ਹੀ ਅੱਛੇ ਵਰਕਰ ਸਨ ਪਬਲਿਕ ਦੇ ਔਰ ਇਕ ਬੇਹਤਰੀਨ ਇਨਸਾਨ ਔਰ ਬਹੁਤ ਅੱਛੇ ਵਿਅਕਤੀ ਸਨ। ਜਿਸ ਤਰ੍ਹਾਂ ਪਹਿਲਾਂ ਦੱਸਿਆ ਹੈ ਕਿ ਹਰ ਮੀਟਿੰਗ ਵਿਚ, ਹਰ ਮਾਹੌਲ ਵਿਚ, ਹਰ ਇਕੱਠ ਵਿਚ ਉਹ ਆਪਣੇ ਲਤੀਫਿਆਂ ਦੇ ਨਾਲ ਉਹ ਖੁਸ਼ੀ ਭਰ ਦਿੰਦੇ ਸਨ। ਕੋਈ ਇਸ ਤਰ੍ਹਾਂ ਦਾ ਮਾਹੌਲ ਮਹਿਸੂਸ ਨਹੀਂ ਸੀ ਕਰਦਾ ਜਿਸ ਵਿਚ ਕਾਲੀਆ ਸਾਹਿਬ ਹੋਣ ਅਤੇ ਖੁਸ਼ੀ ਨਾ ਹੋਵੇ। ਉਹ ਮੇਰੇ ਨਾਲ ਕਮੇਟੀ ਵਿਚ ਵੀ ਰਹੇ ਸਨ, ਹੁਣ ਵੀ ਐਸਟੀਮੇਟਸ ਕਮੇਟੀ ਦੇ ਵਿਚ ਉਹ ਮੈਂਬਰ ਸਨ। ਉਨਾਂ ਦੀ ਅੰਤਮ ਯਾਤਰਾ ਦਾ ਜੋ ਦ੍ਰਿਸ਼ ਸੀ ਉਸ ਤੋਂ ਪਤਾ ਲਗਦਾ ਸੀ ਕਿ ਉਹ ਕਿਤਨੇ ਹਰਮਨ ਪਿਆਰੇ ਸਨ। ਉਸ ਵਿਚ ਹਰ ਵਰਗ ਦੇ ਲੋਕ ਸ਼ਾਮਲ ਸਨ। ਉਹ ਇਸ ਗੱਲ ਦਾ ਸਬੂਤ ਸੀ ਕਿ ਉਨ੍ਹਾਂ ਦੀ ਕਿਤਨੀ ਮਾਕੂਲੀਅਤ ਸੀ। ਆਮ ਹਰੀਜਨ ਭਰਾ, ਪਛੜੀਆਂ ਜਾਤੀਆਂ ਉਨ੍ਹਾਂ ਨੂੰ ਆਪਣਾ ਹੀ ਸਮਝਦੀਆਂ ਸਨ। ਉਹ ਉਨ੍ਹਾਂ ਦੇ ਘਰ ਜਾ ਕੇ ਆਪਣਾ ਕੰਮ ਕਰਵਾਉਂਦੇ ਸਨ। ਜਿਸ ਤਰ੍ਹਾਂ ਦੱਸਿਆ ਹੈ ਕਿ ਸਿੱਖ ਭਰਾਵਾਂ ਨਾਲ ਇਤਨੇ ਨੇੜੇ ਦੇ ਸਬੰਧ ਸੀ, ਜਿਸ ਵੇਲੇ ਇਲੈਕਸ਼ਨ ਹੋਈ ਤਾਂ ਉਨ੍ਹਾਂ ਨੇ ਕਿਹਾ ਕਿ ਅਗਰ ਕਿਸੇ ਕਿਸਮ ਦਾ ਵਿੱਪ ਵੀ ਇਸ਼ੂ ਹੋ ਜਾਵੇ ਤਾਂ ਵੀ ਸਿੱਖ ਭਰਾ ਮੈਨੂੰ ਹੀ ਵੋਟ ਪਾਉਣਗੇ। ਸਾਰੇ ਲੀਡਰ ਵੀ ਉਨ੍ਹਾਂ ਦੀ ਸਰਾਹਣਾ ਕਰਦੇ ਸਨ। ਮੇਰੇ ਉਹ ਸਾਥੀ ਸਨ, ਮੈਂ ਅਤਿ ਦੁਖੀ ਹਾਂ, ਮੇਰੇ ਉਹ ਵੀਰ ਸਨ। ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੋਇਆ ਪਰਮਾਤਮਾ ਪਾਸ ਪ੍ਰਾਰਥਨਾ ਕਰਦਾ ਹਾਂ ਕਿ ਉਨ੍ਹਾਂ ਦੇ ਪਰਿਵਾਰ ਨੂੰ ਬਲ ਬਖਸ਼ਣ ਤਾਕਿ ਇਸ ਤਰ੍ਹਾਂ ਦਾ ਸਦਮਾ ਉਹ ਬਰਦਾਸ਼ਤ ਕਰ ਸਕਣ।

ਸ਼੍ਰੀ ਸਪੀਕਰ: ਸ਼੍ਰੀ ਮਨਮੋਹਨ ਕਾਲੀਆ ਜਿੱਥੇ ਮੇਰੇ ਪ੍ਰੋਫੈਸ਼ਨ ਦੇ ਕੁਲੀਗ ਸਨ ਉਥੇ ਉਹ ਮੇਰੇ ਗਵਾਂਢ ਵਿਚ ਵੀ ਰਹਿੰਦੇ ਰਹੇ ਹਨ। ਅਸੀਂ ਇਕੱਠੇ ਜਲੰਧਰ ਵਿਚ ਰਹੇ ਹਾਂ, ਉਹ ਮੇਰੇ ਨਿੱਜੀ ਮਿੱਤਰ ਸਨ। ਜਿਸ ਦਿਨ ਇਸ ਸਦਨ ਨੇ ਆਪਣੇ ਸਪੀਕਰ ਦੀ ਚੋਣ ਕੀਤੀ ਉਨ੍ਹਾਂ ਨੇ ਉਹ ਯਾਦ ਰੱਖਣ ਵਾਲੇ ਮਿੱਠੇ ਤੇ ਨਿੱਘੇ ਸ਼ਬਦ ਕਹੇ ਜੋ ਮੈਂ ਭੁਲਾ ਨਹੀਂ ਸਕਦਾ। ਉਨ੍ਹਾਂ ਦੀ ਉਸੇ ਦਿਨ ਅਕਾਲ ਮ੍ਰਿਤੂ ਹੋਈ ਜਿਸ ਨਾਲ ਮੈਨੂੰ ਬਹੁਤ ਸਦਮਾ ਹੋਇਆ, ਇਸ ਸਦਨ ਨੂੰ ਭੀ ਬਹੁਤ ਵੱਡਾ ਘਾਟਾ ਪਿਆ ਹੈ। ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ, ਪੰਜਾਬ ਦੀ ਹਿੰਦੂ-ਸਿੱਖ ਏਕਤਾ ਨੂੰ ਬਹੁਤ ਲਾਸ ਹੋਇਆ। ਕਈ ਐਸੇ ਮੌਕੇ ਆਏ ਰਾਜਨੀਤਕ ਇਤਿਹਾਸ ਵਿਚ ਕਿ ਉਨ੍ਹਾਂ ਦੇ ਨਾਲ ਤਿੰਨ ਚਾਰ ਦਫਾ ਮੈਨੂੰ ਵੀ ਜੇਲ੍ਹ ਯਾਤਰਾ ਕਰਨ ਦਾ ਮੌਕਾ ਮਿਲਿਆ। ਜਿਵੇਂ ਕਿ ਲੀਡਰ ਆਫ ਦੀ ਹਾਊਸ ਨੇ, ਮੁੱਖ ਮੰਤਰੀ ਨੇ ਕਿਹਾ ਹੈ, ਉਹ ਨਿੱਘੀ ਸਖਸ਼ੀਅਤ ਦੇ ਮਾਲਕ ਸਨ। ਜਿਸ ਤਰ੍ਹਾਂ ਮੈਂਬਰ ਸਾਹਿਬਾਨ ਨੇ ਰੈਫਰ ਵੀ ਕੀਤਾ ਕਿ ਕੋਈ ਵੀ ਕੰਮ ਕਰਾਉਣ ਆਵੇ ਹਮੇਸ਼ਾਂ ਦਿਲੋਂ ਮਨੋਂ ਲੋਕਾਂ ਦਾ ਕੰਮ ਕਰਕੇ ਉਨ੍ਹਾਂ ਨੂੰ ਬਹੁਤ ਪ੍ਰਸੰਨਤਾ ਹੁੰਦੀ ਸੀ। ਉਹ ਜਲੰਧਰ ਬਾਰ ਐਸੋਸੀਏਸ਼ਨ ਦੇ ਮੈਂਬਰ ਸਨ। ਉਹ ਚਾਰ ਮਰਤਬਾ ਇਸ ਸਦਨ ਦੇ ਮੈਂਬਰ ਬਣੇ, ਫਿਰ ਕੈਬਨਿਟ ਮਨਿਸਟਰ ਰਹੇ। ਉਹ ਸੈਲਫ-ਮੇਡ ਆਦਮੀ ਸਨ। ਉਨ੍ਹਾਂ ਨੇ ਛੋਟੇ ਲੈਵਲ ਤੋਂ ਕੰਮ ਸ਼ੁਰੂ ਕੀਤਾ, ਟੀਚਿੰਗ ਦਾ ਪ੍ਰੋਫੈਸ਼ਨ ਸ਼ੁਰੂ ਕੀਤਾ। ਆਪ ਵਿਦਿਆ ਪ੍ਰਾਪਤ ਕੀਤੀ। ਉਸ ਤੋਂ ਬਾਅਦ

ਆਪ ਟੀਚਰ ਲੱਗੇ। ਫਿਰ ਲੀਗਲ ਪ੍ਰੋਫੈਸ਼ਨ ਵਿਚ ਆਏ। ਮਿਊਂਸਪਲ ਕਮੇਟੀ ਦੀ ਇਲੈਕਸ਼ਨ ਲੜੀ। ਉਹ ਛੋਟੀ ਪੱਧਰ ਤੋਂ ਉਠ ਕੇ ਆਏ। ਉਨ੍ਹਾਂ ਦਾ ਸੈਲਫ਼-ਮੇਡ ਇਨਸਾਨ ਦਾ ਜੀਵਨ ਸੀ। ਜੋ ਉਨ੍ਹਾਂ ਨੇ ਪੂਰਨੇ ਪਾਏ ਉਹ ਦੇਸ਼ ਲਈ, ਪੰਜਾਬ ਲਈ ਹਨ। ਪਿਛਲੇ ਇਲੈਕਸ਼ਨ ਵਿਚ ਉਨ੍ਹਾਂ ਨੂੰ ਪਛੜੇ ਸਮਾਜ ਦੇ ਵਰਗਾਂ ਦਾ ਸਹਿਯੋਗ ਪ੍ਰਾਪਤ ਹੋਇਆ ਅਤੇ ਉਨ੍ਹਾਂ ਦੇ ਵਿਛੋੜੇ ਨੂੰ ਜਿਥੇ ਮੈਂ ਜ਼ਾਤੀ ਤੌਰ ਤੇ ਮਹਿਸੂਸ ਕਰਦਾ ਹਾਂ ਉਥੇ ਸਦਨ ਨੂੰ ਵੀ ਬਹੁਤ ਘਾਟਾ ਪਿਆ ਹੈ, ਸਾਰੇ ਪੰਜਾਬ ਨੂੰ ਘਾਟਾ ਪਿਆ ਹੈ । ਅਸੀਂ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾ ਵਿਚ ਨਿਵਾਸ ਬਖਸ਼ੇ। ਇਹ ਜੋ ਦੁਖਦਾਈ ਭਾਣਾ ਵਰਤਿਆ ਹੈ, ਉਹਦੇ ਲਈ ਪਰਵਾਰ ਵਿਚ ਸੰਵੇਦਨਾ ਆਵੇ, ਸਬਰ ਆਵੇ ਤੇ ਵਾਹਿਗੁਰੂ, ਪ੍ਰਮਾਤਮਾ ਬਲ ਬਖਸ਼ੇ ਤਾਕਿ ਇਸ ਵੱਡੇ ਗ਼ਮ ਨੂੰ ਉਹ ਬਰਦਾਸ਼ਤ ਕਰ ਸਕਣ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਤਜਵੀਜ਼ ਕਰਦਾ ਹਾਂ ਕਿ ਕਾਲੀਆ ਜੀ ਦੀ ਮਿੱਠੀ ਯਾਦ ਵਿਚ ਸਦਨ ਦੇ ਸਾਰੇ ਮੈਂਬਰ ਦੋ ਮਿੰਟਾਂ ਲਈ ਖੜੇ ਹੋ ਕੇ ਮੋਨ ਧਾਰਨ ਕਰਨ।

(ਇਸ ਸਮੇਂ ਸਦਨ ਵਿਚ ਹਾਜ਼ਰ ਸਾਰੇ ਮਾਨਯੋਗ ਮੈਂਬਰਾਂ ਨੇ ਖੜੇ ਹੋ ਕੇ ਦੋ ਮਿੰਟਾਂ ਲਈ ਮੋਨ ਧਾਰਨ ਕੀਤਾ।) (ਵਿਘਨ)

ਸ੍ਰੀ ਸਪੀਕਰ : ਜੇ ਹਾਊਸ ਦੀ ਆਗਿਆ ਹੋਵੇ ਤਾਂ ਉਨ੍ਹਾਂ ਦੇ ਪਰਿਵਾਰ ਨੂੰ ਇਕ ਕੰਡੋਲੈਂਸ ਮੈਸਿਜ਼ ਭੇਜ ਦਿੱਤਾ ਜਾਵੇ ?

(**ਆਵਾਜ਼ਾਂ** : ਜ਼ਰੂਰ ਜੀ, ਜ਼ਰੂਰ।)

MOTION UNDER RULE 16

Finance Minister (Sardar Balwant Singh) : Sir, I beg to move—

That this Assembly at its rising this day shall stand adjourned to meet again at 9.00 A.M. on Thursday, the 19th June, 1986.

Mr. Speaker : Motion moved—

That this Assembly at its rising this day shall stand adjourned to meet again at 9.00 A.M. on Thursday, the 19th June, 1986.

Mr. Speaker : Question is—

That this Assembly at its rising this day shall stand adjourned to meet again at 9.00 A.M. on Thursday, the 19th June, 1986.

The motion was carried.

Mr. Speaker : The House stands adjourned till 9.00 A.M. on Thursday, the 19th June, 1986.

*2.30 P.M. — *(The Sabha then adjourned* till 9.00 A.M. on Thursday, the 19th June, 1986.*

22224/PVS—Govt. Press, Chd.

Published under the authority of the Punjab Vidhan Sabha and printed by the Controller, Government Press, U.T., Chandigarh.


34

Punjab Vidhan Sabha Debates

19th June, 1986

VOL III-NO. 3

OFFICIAL REPORT



CONTENTS

Thursday, the 19th June, 1986

Punjab Vidhan Sabha Secretariat, Chandigarh.

Price :

Rs 52-0

ERRATA

TO

PUNJAB VIDHAN SABHA DEBATES

Vol. III No. 3

Dated the 19th June, 1986

Read	*For*	*Page*	*Line*
ਮੋਸ਼ਨਜ਼	ਮੋਸੋਨਜ਼	(3)12	3rd from below
ਟੈਰੀਟੋਰੀ	ਟੈਰੀਟੋਰੀਅਲ	(3)53	4th from below
ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ	ਸਰਦਾਰਨੀ ਗੁਰਬਿੰਦਰ ਕੌਰ ਬਰਾੜ	(3)54	7 & 9
ਨਹੀਂ ਕੀਤਾ ਗਿਆ	ਨਹੀਂ ਗਿਆ	(3)58	15
ਉਸੇ ਤਰ੍ਹਾਂ ਹੀ	ੳਚ	(3)58	7th from below
ਜਾਂਦੀ	ਜਾਦੀ	(3)59	5th from below
ਪੇਜ	ਭੇਜ	(3)59	10th from below
ਉਸ	ੳਹ	(3)60	6
ਆਈਡੈਂਟੀਫਾਈਡ	ਆਈਡੈਂਟੀਫਾਈ	(3)60	12th from below
ਬਾਹਰ	ਬਾਹ	(3)61	28

PUNJAB VIDHAN SABHA

Thursday, the 19th June, 1986

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 *A.M. of the Clock. Mr. Speaker (Sardar Surjit Singh Minhas) in the Chair.*

ANNOUNCEMENT BY THE SPEAKER RE.

(i) Panel of Chairmen

Mr. Speaker : Under Rule 13(1) of the Rules of Procedure and Conduct of Business in the Punjab Vidhan Sabha (Punjab Legislative Assembly), I nominate the following Members to serve on the Panel of Chairmen:—

1. Sardar Parshotam Singh.
2. Shri Radha Krishan.
3. Shri Ram Kishan Kataria.
4. Pandit Mohan Lal.

(ii) Business Advisory Committee

Mr. Speaker : There is another announcement. Under Rule 208(1) of the Rules of Procedure and Conduct of Business in the Punjab Vidhan Sabha (Punjab Legislative Assembly), I nominate the following Members to serve on the Business Advisory Committee:—

1. Sardar Balwant Singh, Finance Minister.
2. Sardar Baldev Singh Maan, Minister of State for Parliamentary Affairs.
3. Sardarni Gurbrinder Kaur Brar, Leader of Opposition.
4. Sardar Karnail Singh Doad.
5. Shri Radha Krishan.

Now we take up Call Attention Notices. Shri Ram Kishan Kataria to please read his Call Attention Notice.

Sardar Sukhdev Singh Dhindsa : Point of order, Sir. (Noise in the House)

Mr. Speaker : There is no occasion for any point of order at this stage. Please take your seat. Call Attention Notices.

CALL ATTENTION NOTICE UNDER RULE 66

(*Serial No.* 4)

Shri Ram Kishan Kataria : Sir, I beg to draw the attention of the Government towards a matter of urgent public importance, namely, the extremely acute shortage of drinking water in Kandi area of Tehsil Balachaur, District Hoshiarpur. There is grave anxiety prevailing amongst the residents of the area in general and inhabitants of village Chandpur Roorki, Chuchewal, Nanowal (Saroa), Katwara, Raumajra, Adowana, Bhanewal villages in particular on account of the famine conditions.

In view of the urgency of the matter, the Government may be asked to make a statement in the House as to the steps it proposes to take to restore the normal supply of drinking water to the residents of the villages mentioned above.

Sardar Prem Singh Lalpura : Point of order.

Mr. Speaker : No point of order. Sardar Shashpal Singh to take the floor.

ਰਾਜ ਮੰਤਰੀ, ਜਨ ਸਿਹਤ (ਸਰਦਾਰ ਸ਼ਸ਼ਪਾਲ ਸਿੰਘ): ਸਪੀਕਰ ਸਾਹਿਬ, ਬਲਾਚੌਰ ਤਹਿਸੀਲ ਦੇ 29 ਪਿੰਡਾਂ ਵਿਚ ਵਾਟਰ ਸਪਲਾਈ ਦੀ ਸਕੀਮ ਚਲ ਰਹੀ ਹੈ ਅੌਰ ਇਸ ਵਕਤ ਜਿਹੜਾ ਵਾਟਰ ਲੈਵਲ ਹੈ ਉਹ ਬਹੁਤ ਨੀਵਾਂ ਚਲਾ ਗਿਆ ਹੈ। ਇਸ ਕਰਕੇ ਪਾਣੀ ਦੀ ਸ਼ਾਰਟੇਜ ਹੈ। ਇਸ ਦੀ ਔਗਮੈਂਟ ਵਾਸਤੇ, ਵਧਾਉਣ ਵਾਸਤੇ ਇਕ ਸਕੀਮ ਇਕ ਕਰੋੜ 30 ਲੱਖ ਰੁਪਏ ਦੀ ਤਿਆਰ ਕੀਤੀ ਗਈ ਹੈ। ਉਸ ਦੀ ਮਨਜ਼ੂਰੀ ਵੀ ਹੋ ਚੁੱਕੀ ਹੈ। ਇਸ ਨਾਲ ਪਾਣੀ ਦੀ ਕਿਲਤ ਦੂਰ ਹੋ ਜਾਵੇਗੀ।

ਸ਼੍ਰੀ ਰਾਮ ਕਿਸ਼ਨ ਕਟਾਰੀਆ : ਮੈਂ ਨਾਰਮਲ ਵਾਟਰ ਸਪਲਾਈ ਰਿਸਟੋਰ ਕਰਨ ਵਾਸਤੇ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ। ਜੋ ਸੁਝਾਵ ਸਰਕਾਰ ਵਲੋਂ ਆਇਆ ਹੈ ਇਹ ਲੌਂਗ ਟਰਮ ਸੌਲੂਸ਼ਨ ਹੈ। ਸਪੀਕਰ ਸਾਹਿਬ, ਮੈਂ ਬਜਟ ਸੈਸ਼ਨ ਵਿੱਚ ਇਨ ਐਡਵਾਂਸ ਸਮਰ ਦੇ ਵਿੱਚ, ਗਰਮੀਆਂ ਦੇ ਵਿਚ ਜੋ ਸਥਿਤੀ ਆਉਣ ਵਾਲੀ ਸੀ ਉਸ ਸ਼ੈਸ਼ਨ ਵਿਚ ਵੀ ਇਸ ਮਤੇ ਰਾਹੀਂ ਸਰਕਾਰ ਦਾ ਧਿਆਨ ਦਿਵਾਇਆ ਸੀ। ਮੇਰੀ ਬੇਨਤੀ ਇਹ ਹੈ ਕਿ ਜੋ ਸਿਚੂਏਸ਼ਨ ਉਥੇ ਹੈ ਉਹ ਅਫ਼ਸਰਾਂ ਦੀ ਅਣਗਹਿਲੀ, ਉਨ੍ਹਾਂ ਦੀ ਕੋਤਾਹੀ ਕਾਰਨ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸਫੀਸ਼ੇਂਟ ਵਾਟਰ ਸਪਲਾਈ ਇਕਦਮ ਹੋ ਜਾਵੇ। ਜੋ ਸਕੀਮ ਉਲੀਕੀ ਗਈ ਹੈ, ਮੈਂ ਸਰਕਾਰ ਦਾ ਇਸ ਬਾਰੇ ਅਭਾਰੀ ਹਾਂ ਕਿ ਔਗਮੈਂਟ ਸਕੀਮ ਬਣਾਈ ਗਈ ਹੈ।

Mr. Speaker: Please put the question directly.

ਸ਼੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜੋ ਵੀ ਸਿਚੂਏਸ਼ਨ ਇਸ ਵੇਲੇ ਉਥੇ ਪ੍ਰੀਵੇਲਿੰਗ ਹੈ ਉਨ੍ਹਾਂ ਪਿੰਡਾਂ ਦੀ ਜਿਨ੍ਹਾਂ ਦਾ ਮੈਂ ਜ਼ਿਕਰ ਕੀਤਾ ਹੈ ਉਥੇ ਪਾਣੀ ਇਕ ਬੂੰਦ ਤਕ ਨਹੀਂ ਪਹੁੰਚਦਾ। ਜੇ ਥੋੜ੍ਹਾ ਬਹੁਤਾ ਪਾਣੀ ਉਥੇ ਪਹੁੰਚੇ ਤਾਂ ਪਿਆਸ ਤਾਂ ਬੁਝਾਈ ਜਾ ਸਕਦੀ ਹੈ। ਲੇਕਿਨ ਕੋਈ ਐਸੀ ਸਥਿਤੀ ਨਹੀਂ ਕਿ ਉਥੇ ਪਾਣੀ ਨਾ ਪਹੁੰਚ ਸਕੇ ਉਥੇ ਮੌਕੇ ਦਾ ਜਿਹੜਾ ਐਸ. ਡੀ. ਓ. ਸੀ ਜੂਨ ਮਹੀਨੇ ਦੇ ਵਿਚ, ਸਪੀਕਰ ਸਾਹਿਬ, ਅਸੀਂ ਉਨ੍ਹਾਂ ਨੂੰ ਲਭਦੇ ਫਿਰਦੇ ਰਹੇ। ਮੈਂ ਉਥੇ ਆਪ ਗਿਆ। ਉਹ ਸਾਡੇ ਜ਼ਿਲ੍ਹੇ ਵਿਚ ਵੀ ਨਹੀਂ ਰਹਿੰਦੇ, ਉਹ ਦੂਜੇ ਜ਼ਿਲ੍ਹੇ ਵਿਚ ਜਾ ਕੇ ਰਹਿੰਦੇ ਹਨ।

ਮੈਂ ਪਤਾ ਕੀਤਾ, ਉਹ ਛੁੱਟੀ ਤੇ ਚਲੇ ਗਏ। ਉਹ ਵਿਦਆਊਟ ਪਰਮਿਸ਼ਨ ਛੁੱਟੀ ਜਾ ਕੇ ਸ੍ਰੀਨਗਰ ਜਾ ਕੇ ਠੰਢ ਵਿਚ ਬੈਠ ਗਏ।

ਸ੍ਰੀ ਸਪੀਕਰ : ਮੈਂ ਫਿਰ ਕਹਾਂਗਾ please put the question directly.

ਸ੍ਰੀ ਰਾਮ ਕਿਸ਼ਨ ਕਟਾਰੀਆ : ਮੇਰੀ ਬੇਨਤੀ ਇਹ ਹੈ ਕਿ ਇਨ੍ਹਾਂ ਪਿੰਡਾਂ ਦੇ ਵਿਚ ਕੋਈ ਪਾਣੀ ਦੀ ਸਪਲਾਈ ਲਗਾਤਾਰ 20--25 ਦਿਨ ਤੋਂ ਨਹੀਂ ਹੈ। ਸਰਕਾਰ ਦਾ ਅਗਰ ਉਹ ਐਸ. ਡੀ. ਓ. ਵਗੈਰਾ ਆਪਣੀ ਅਣਗਹਿਲੀ, ਕੋਤਾਹੀ ਨਾ ਕਰਦਾ ਤਾਂ ਐਸੀ ਸਥਿਤੀ ਕਦੇ ਨਾ ਆਉਂਦੀ। ਅਸੀਂ ਪਬਲਿਕ ਦੇ ਰਿਪ੍ਰੈਜ਼ੇਂਟੇਟਿਵ ਹਾਂ। We are unable to face the public in this situation. ਮੇਰੀ ਬੇਨਤੀ ਹੈ, ਸਪੀਕਰ ਸਾਹਿਬ, ਅਗਰ ਇਹ ਬੇਨਤੀ ਪਰਵਾਨ ਕਰ ਲਈ ਜਾਵੇ ; ਜਿਹੜੀ ਵਾਟਰ ਸਪਲਾਈ ਸਕੀਮ ਕੰਡੀ ਏਰੀਆ ਦੇ ਵਿਚ ਹੈ ਉਥੇ ਪਾਵਰ ਕੱਟ ਨਹੀਂ ਹੋਣੀ ਚਾਹੀਦੀ। (ਵਿਘਨ)

Mr. Speaker : I have to request Mr. Kataria to put a specific question.

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅਗਰ ਇਹ ਸੋਲੂਸ਼ਨ ਕਰ ਲਿਆ ਜਾਵੇ, ਤਾਂ ਇਹ ਹਲ ਹੋ ਸਕਦਾ ਹੈ। ਹਰ ਸਕੀਮ, ਹਰ ਟਿਊਬਵੈਲ ਤੇ ਜੈਨਰੇਟਰ ਸੈਟ ਹੋਣਾ ਚਾਹੀਦਾ ਹੈ। ਅਗਰ ਪਾਵਰ ਨਹੀਂ ਹੈ ਤਾਂ ਜੈਨਰੇਟਰ ਚਲਾ ਕੇ ਉਹ ਹਲ ਕੀਤਾ ਜਾ ਸਕਦਾ ਹੈ।

ਰਾਜ ਮੰਤਰੀ, ਜਨ ਸਿਹਤ: ਸਪੀਕਰ ਸਾਹਿਬ, ਕਟਾਰੀਆ ਸਾਹਿਬ ਨੇ ਮੇਰੇ ਕੋਲ ਇਕ ਅਫ਼ਸਰ ਦੀ ਸ਼ਿਕਾਇਤ ਕੀਤੀ ਸੀ ਜਿਸ ਦਾ ਕੰਮ ਠੀਕ ਨਹੀਂ ਸੀ। ਮੈਂ ਇਨਕੁਆਇਰੀ ਕਰ ਲਵਾਂਗਾ ਜੇ ਕੋਈ ਸ਼ਿਕਾਇਤ ਹੋਈ ਤਾਂ ਮੈਂ ਐਕਸ਼ਨ ਲੈ ਲਵਾਂਗਾ।

Mr. Speaker : Now the Chief Minister to make a statement. (Noise). The Chief Minister is holding the floor. Please take your seat (Noise and Interruptions in the House). Nothing should be recorded without the permission of the Chair.

STATEMENT BY CHIEF MINISTER *Re.* MIGRATION OF MEMBERS OF MINORITY COMMUNITY FROM PUNJAB, POLICE FIRING IN SUJANPUR AND PUNJAB ACCORD

Chief Minister (Sardar Surjit Singh Banala) : I am making a statement on an important issue today.

(Noise) (Interruptions) * * * *

Mr. Speaker : Slogans are not to be recorded.

Chief Minister : The matter regarding the migration of members of the Hindu community in the wake of the stepping up of activities by the extremists, had been raised earlier also through two adjournment motions No. 1 and No. 2, moved on the floor of this August House on 2nd June, 1986. At that time, I had made a statement on the floor of the House disclosing the factual position regarding this migration......(Noise and interruptions in the House).

**Not recorded as ordered by the Chair.

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਮੈਂ ਆਪਣੀ ਐਡਜਰਨਮੈਂਟ ਮੋਸ਼ਨ ਬਾਰੇ ਗੱਲ ਕਰਨੀ ਹੈ ।

Mr. Speaker: The Leader of the House is taking the floor. ਸਾਰੇ ਮੈਂਬਰ ਸਾਹਿਬਾਨ ਜਿਵੇਂ ਕਿ ਦਸਤੂਰ ਹੈ, ਉਸ ਨੂੰ ਆਦਰ ਸਤਿਕਾਰ ਅਤੇ ਅਦਬ ਨਾਲ ਸੁਣ ਲਉ, ਫਿਰ ਜੋ ਤੁਸੀਂ ਗੱਲ ਪੁੱਛਣੀ ਚਾਹੋਗੇ, I will certainly give an occasion to Mr. Gupta and others also. Let us hear what the Leader of the House has to say. Mr. Barnala to please continue.

WALK-OUT

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਤੁਸੀਂ ਮੈਨੂੰ ਮੇਰੀ ਐਡਜਰਨਮੈਂਟ ਮੋਸ਼ਨ ਬਾਰੇ ਬੋਲਣ ਨਹੀਂ ਦੇ ਰਹੇ, ਇਸ ਲਈ ਮੈਂ ਵਾਕ-ਆਊਟ ਕਰਦਾ ਹਾਂ ।

(ਇਸ ਸਮੇਂ ਸ੍ਰੀ ਓਮ ਪ੍ਰਕਾਸ਼ ਗੁਪਤਾ ਜੀ ਵਾਕ ਆਊਟ ਕਰ ਗਏ ।)

ਮੁੱਖ ਮੰਤਰੀ : ਉਹ ਸੁਣਨਾ ਨਹੀਂ ਚਾਹੁੰਦੇ ਮੈਂ ਸਟੇਟਮੈਂਟ ਕਰੀ ਜਾਂਦਾ ਹਾਂ। ਜੇ ਨਹੀਂ ਸੁਣਨਾ ਚਾਹੁੰਦੇ ਤਾਂ ਉਨ੍ਹਾਂ ਦੀ ਮਰਜ਼ੀ। ਮੈਂ ਬੜੇ ਜ਼ਰੂਰੀ ਮਸਲੇ ਤੇ ਅੱਜ ਇਹ ਬਿਆਨ ਦੇ ਰਿਹਾ ਹਾਂ ਹਾਊਸ ਵਿਚ ਔਰ ਇਹ ਮਸਲਾ ਹੈ ਸੂਬੇ ਦੇ ਵਿਚੋਂ ਬਾਹਰ ਜਾਣ ਵਾਲੇ ਲੋਕਾਂ ਦਾ। ਉਹ ਸ਼ਾਇਦ ਸਮਝ ਨਹੀਂ ਰਹੇ ਕਿ ਸਟੇਟਮੈਂਟ ਕਿਸ ਗਲ ਤੇ ਦੇ ਰਿਹਾ ਹਾਂ। ਇਹ ਬਿਨਾਂ ਸੋਚੇ ਸਮਝੇ ਸ਼ੋਰ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਸ਼ਾਇਦ ਨਹੀਂ ਸਮਝੇ ਸਟੇਟਮੈਂਟ ਕਿਸ ਗੱਲ ਦੀ ਹੋ ਰਹੀ ਹੈ। ਬਾਹਰ ਜਾਣਾ ਚਾਹੁੰਦੇ ਹਨ ਇਹ ਚਲੇ ਜਾਣ, ਮਹੌਲ ਸੁਖਾਵਾਂ ਹੋ ਜਾਵੇਗਾ। (ਵਿਘਨ)

Mr. Speaker : After the statement, I will give an opportunity.

ਮੁੱਖ ਮੰਤਰੀ: ਮੈਂ ਦੱਸ ਰਿਹਾ ਸੀ ਕਿ ਮੈਂ ਇਕ ਬਹੁਤ ਜ਼ਰੂਰੀ ਮਸਲੇ ਤੇ ਬਿਆਨ ਦੇਣਾ ਹੈ ਸ਼ਾਇਦ ਇਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਹੈ।

(ਇਸ ਸਮੇਂ ਕੈਪਟਨ ਅਮਰਿੰਦਰ ਸਿੰਘ, ਸਰਦਾਰ ਪ੍ਰੇਮ ਸਿੰਘ ਲਾਲਪੁਰਾ , ਸਰਦਾਰ ਸੁਖਦੇਵ ਸਿੰਘ ਢੀਂਡਸਾ ਅਤੇ ਕੁਝ ਹੋਰ ਮੈਂਬਰਜ਼ ਪੁਆਇੰਟਸ ਆਫ ਆਰਡਰ ਲਈ ਖੜ੍ਹੇ ਸਨ ਅਤੇ ਉਹ ਪੁਆਇੰਟਸ ਆਫ ਆਰਡਰ ਦੀ ਮੰਗ ਕਰ, ਰਹੇ ਸਨ।) (ਸ਼ੋਰ)

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਸੁਣ ਹੀ ਨਹੀਂ ਰਹੇ ਹਨ।

(ਇਸ ਸਮੇਂ ਕੈਪਟਨ ਅਮਰਿੰਦਰ ਸਿੰਘ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਬਹੁਤ ਸਾਰੇ ਮੈਂਬਰਜ਼ ਸਪੀਕਰ ਸਾਹਿਬ ਦੀ ਚੇਅਰ ਵੱਲ ਚਲੇ ਗਏ ਅਤੇ ਉਨ੍ਹਾਂ ਨੇ ਸਪੀਕਰ ਸਾਹਿਬ ਦੀ ਚੇਅਰ ਨੂੰ ਘੇਰਾ ਪਾ ਲਿਆ, ਜਿਸ ਨੂੰ ਮਾਰਸ਼ਲ ਨੇ ਕਾਫੀ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਅੱਗੇ ਵਧਦੇ ਹੀ ਗਏ।' (ਵਿਘਨ) (ਇਸ ਸਮੇਂ ਸਦਨ ਵਿਚ ਬਹੁਤ ਸ਼ੋਰ ਪੈ ਰਿਹਾ ਸੀ।)

SHORT ADJOURNMENT OF THE HOUSE

ਸ਼੍ਰੀ ਸਪੀਕਰ : ਹਾਊਸ ਅੱਧੇ ਘੰਟੇ ਲਈ ਐਡਜਰਨ ਕੀਤਾ ਜਾਂਦਾ ਹੈ ।

**9.13 A. M.* | *(The Sabha then *adjourned and reassembled at 9.43 A.M.)*

(ਇਸ ਵੇਲੇ ਪੋਡੀਅਮ ਦੇ ਉਤੇ ਅਤੇ ਸਪੀਕਰ ਸਾਹਿਬ ਦੀ ਚੇਅਰ ਕੋਲ ਕੁਝ ਮੈਂਬਰਜ਼ ਸਾਹਿਬਾਨ ਧਰਨਾ ਮਾਰ ਕੇ ਬੈਠੇ ਸਨ।)

(At this stage Mr. Deputy Speaker occupied the Chair).

SHORT ADJOURNMENT OF THE HOUSE

ਸ੍ਰੀ ਡਿਪਟੀ ਸਪੀਕਰ : ਹਾਊਸ ਇੱਕ ਘੰਟੇ ਵਾਸਤੇ ਐਡਜਰਨ ਕੀਤਾ ਜਾਂਦਾ ਹੈ ।

*9.43 A.M. (*The Sabha then *adjourned and reassembled at* 10.43 *A.M.*)

SHORT ADJOURNMENT OF THE HOUSE

ਸ੍ਰੀ ਡਿਪਟੀ ਸਪੀਕਰ : ਹਾਊਸ ਅੱਧੇ ਘੰਟੇ ਲਈ ਹੋਰ ਐਡਜਰਨ ਕੀਤਾ ਜਾਂਦਾ ਹੈ ।

10.43 A.M. (*The Sabha then *adjourned and reassembled at* 11.13 A.M.)

SHORT ADJOURNMENT OF THE HOUSE

ਸ੍ਰੀ ਡਿਪਟੀ ਸਪੀਕਰ : ਹਾਊਸ ਦੇ ਮੈਂਬਰਾਂ ਦੇ ਗਿਆਤ ਵਾਸਤੇ ਇਹ ਦਸਿਆ ਜਾਂਦਾ ਹੈ ਕਿ ਹਾਊਸ 15 ਮਿੰਟਾਂ ਵਾਸਤੇ ਫਿਰ ਐਡਜਰਨ ਕੀਤਾ ਜਾਂਦਾ ਹੈ ।

*11.15 A.M. (*The Sabha then *adjourned and reassembled at* 11.30 *A.M.*

SHORT ADJOURNMENT OF THE HOUSE

(At this stage Shri Ram Kishan Kataria, a Member of the Panel of Chairmen, occupied the Chair).

Mr. Chairman : The House stands adjourned for another half an hour.

*11.30 A.M. (*The Sabha then *adjourned and reassembled at* 12.00 *Noon*).

(At this stage Mr. Speaker occupied the chair)

TENDERING OF APPOLOGY BY CAPTAIN AMARINDER SINGH

Captain Amarinder Singh: Sir, I want to make a statement. I feel sorry for the unruly scenes which have been witnessed in the House today, in which the Honourable Speaker has been subjected to insults and which has led to the violation of the traditions of this August House. On behalf of my party, I regret this and offer the Speaker our apology.

Mr. Speaker : In view of the regrets expressed by Captain Amarinder Singh, I hope that the House will agree that the matter need not be pursued further.

(Voices: Yes, Yes)

Shri Om Parkash Gupta: On a point of order, Sir.

ਕੁਝ ਆਵਾਜ਼ਾਂ: ਗੁਪਤਾ ਸਾਹਿਬ, ਬੈਠ ਜਾਓ। ਚੀਫ਼ ਮਨਿਸਟਰ ਸਾਹਿਬ ਸਟੇਟਮੈਂਟ ਦੇਣ ਲਗੇ ਹਨ। (ਵਿਘਨ)

ਸ੍ਰੀ ਸਪੀਕਰ : ਚੀਫ਼ ਮਨਿਸਟਰ ਸਾਹਿਬ, ਗੁਪਤਾ ਸਾਹਿਬ ਪੁਆਇੰਟ ਆਫ਼ ਆਰਡਰ ਰੇਜ਼ ਕਰਨਾ ਚਾਹੁੰਦੇ ਹਨ।

ਸ੍ਰੀ ਓਮ ਪ੍ਰਕਾਸ਼ ਗੁਪਤਾ : ** ** **

Mr. Speaker: This is no point of order.

ਸ੍ਰੀ ਓਮ ਪ੍ਰਕਾਸ਼ ਗੁਪਤਾ : ** ** **

Mr. Speaker : This is no point of order. Your adjournment motion is for discussing the conduct of a Minister which cannot be discussed in this House. ਉਸ ਦੇ ਲਈ ਅਕਾਰਡਿੰਗ ਟੂ ਰੂਲਜ਼, 7 ਦਿਨ ਦਾ ਨੋਟਿਸ ਚਾਹੀਦਾ ਹੈ। Now the Chief Minister will make a statement.

STATEMENT BY CHIEF MINISTER *RE*: MIGRATION OF MEMBERS OF MINORITY COMMUNITY FROM PUNJAB, POLICE FIRING IN SUJANPUR AND PUNJAB ACCORD (*Resumption*).

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਮੈਂ ਸਟੇਟਮੈਂਟ ਦੇਣੀ ਸ਼ੁਰੂ ਕੀਤੀ ਸੀ ਪਰ ਉਸ ਵੇਲੇ ਰੌਲੇ ਗੌਲੇ ਵਿਚ ਤੁਹਾਨੂੰ ਹਾਊਸ ਐਡਜਰਨ ਕਰਨਾ ਪਿਆ। ਇਸ ਲਈ ਮੈਂ ਫਿਰ ਪੜ੍ਹਦਾ ਹਾਂ।

The matter regarding the migration of members of the Hindu community in the wake of the stepping up of activities by the extremists had been raised earlier also through two adjournment motions No. 1 and No. 2, moved on the floor of this August House on 2nd June, 1986. At that time, I had made a statement on the floor of the House disclosing the factual position regarding this migration, as well as the efforts made by my Government to instill a sense of security and confidence in the minds of the people belonging to the minority Community. I had also stressed the determination of the Government to do all in its power to ensure their safety. The features of this phenomenon of migration are that the Hindu families have moved from the rural to the urban areas within the State where there is a pre-dominance of Hindu population, and they have also shifted to other States. As per the latest information available, in Amritsar District, 344 families have migrated to other States, while 13 have shifted to urban areas within the State. In Gurdaspur district, out of a total of 291 families which have moved from their houses, 127 have shifted to urban areas in the State and the remaining 164 have gone to other States. Ten families have moved out of Punjab from Ferozepore District, two each from Faridkot and Ludhiana and one each from Patiala and Bhatinda Districts.

2. In my statement on the floor of the House on the 2nd June, 1986, I had disclosed that a number of strong measures had been initiated by my

**Expunged as ordered by the Chair.

Government to protect the lives and property of our Hindu brethren and to set at rest the apprehensions in their minds. I had also disclosed the decision to further step up and intensify police patrolling in the rural areas, the deployment of more Companies of Para-military Forces, provision of augmented transport and wireless communication facilities down to the Police Station level and the provision of modern weapons for the Police Force. The setting up of Special Squads in each district with the specific task of apprehending top extremists operating in those areas had also been mentioned. I had further disclosed that raids on hide-outs, on harbourers and associates of extremists had been intensified.

3. I would like to inform the Honourable Members that besides the continuation of the aforementioned steps further steps have been taken to deal more effectively with the situation. The existing strength of 222 Companies of Para-military Forces deployed in the Punjab has been further augmented by the addition of twenty-four Companies of these forces. Of these 20 Companies have already reached and have been deployed in the troubled districts. In Amritsar district, 33 focal points have been selected on the basis of extremist crime and density of the population of minority community. There is deployment of one Platoon of C.R.P.F. in each focal point, which has been given a beat of 10 to 12 villages and covers a radius of 5 to 6 kilometres. These would consist of stationary pickets and additional detachments would be on mobile patrol duty round the clock from these focal points. Mobility of the Para-military Forces Personnel is ensured through provision of a vehicle at each of the focal points. The arrangements in Amritsar district are supervised by an I.G. of C.R.P.F. assisted by one D.I.G./C.R.P.F. and one D.I.G. of Punjab Police.

In Gurdaspur district also similar measures have been adopted. 75 Focal points have been set up in district where B.S.F. personnel have been deployed in all the focal points and they are being supervised by an I.G./B.S.F. He is being assisted by one D.I.G./B.S.F. and one D.I.G. from Punjab Police. The deployment of C.R.P.F. is exclusively in Amritsar district and that of the B.S.F. in Gurdaspur District.

This has been done to ensure that the line of command is clear and these forces operate more effectively without the confusion of divided responsibility. The D.G.P. will be responsible for proper coordination and will exercise full control over the C.R.P.F. and the B.S.F. in respect of their operations and he will have ex-officio powers of D.G.P./B.S.F. in relation to these forces. I would like to make it clear that the role of these para-military forces is supplementary to the State Police. The basic responsibility of the State Police remains undiminished That force shall remain responsible, *inter-alia*, for gathering the intelligence, and performing its regulatory functions, including registration and investigation of offences etc.

4. There has also been an intensification of overall efforts for the apprehension of notorious extremists. Raids on hide-outs of harbourers/ associates of the Extremists have been intensifnied. These vigorous and effective steps taken during the past few months have yielded good results. From January, 1986 to 17th June, 1986, 457 extremists/terrorists have been arrested and 26 killed in Police operations. Three proclaimed offenders have also been arrested. A large number of arms and ammunition have also been recovered during the same period. The details of the recovered

[Chief Minister]

arms and ammunition are 448 pistols, 84 revolvers, 17 rifles, 59 guns, 3554 cartridges, 25 hand-grenades and 7 stenguns. This vigorous campaign is continuing and during the last week alone 6 more terrorists have got killed in police operations.

5. To supplement the efforts of the Police Force and to involve the village community in the common cause of providing security to all sections of people, Village Defence Scheme has been introduced which envisages patrolling and guarding of villages by members of the public, who are mostly ex-servicemen. All the villages in the troubed districts of Amritsar and Gurdaspur are to be covered under this scheme in the first instance and ultimately this shceme will cover all the districts in the State. For various reasons, the response of the local people in this behalf has, unfortunately, not been very encouraging so far.

6. As I had mentioned on the previous occasion also, the State Government has been making continued efforts to persuade the migrant-families to return to their hearths and homes where full protection will be provided to them. For this purpose two teams headed by two Ministers of State accompanied by senior Government officials had been sent to Karnal in an attempt to persuade the migrant families to return to the State. Some prominent persons like President of the Punjab Brahaman Sabha had also been associated with those teams. Even though the migrants have not actually returned to their homes, yet some of them had visited their homes off and on with a view to assess the situation. and they have indicated that they would like to return to their homes at the earliest.

Association of public men belonging to all parties in the task of infusing confidence in minority community and persuading people not to leave their homes, is also considered necessary. For this purpose, as I mentioned earlier, an all-party Committee has been set up headed by the Agriculture Minister, S. Harbhajan Singh Sandhu for contacting minority community families in the District of Amritsar. A similar Committee has been set up in respect of Gurdaspur district as well.

It is hoped that all these steps will infuse the required sense of security and confidence in the minds of the people in the State especially the minority community and the painful and unfortunate phenomenon of migration of families will step. It is also hoped that those who have already migrated will soon return to their homes. I wish to reiterate the firm commitment and determination of the State Government to take all possible measures to ensure that security of life and limb is provided to all citizens in the State and conditions are created for them to pursue their avoacations of of life without fear. In this task I seek cooperation of all sections of the House.

7. I would also like to briefly state the facts regarding another matter which was sought to be raised in this House through a Call Attention Motion, even though the Motion has not been admitted i.e. regarding the alleged discrimination in the issue of arms licences, after 31st March, 1986, against the minority community in Gurdaspur District. The fact of the matter is that in Gurdaspur District alone, 275 licenses have been issued to Hindus and 177 licenses have been issued to Sikhs since 31st March, 1986. The liberalisation of arms licenses to citizens is a deliberate policy adopted by the Government to provide means to the citizens

to protect themselves and also to ensure that the extremists do not get away without being challenged by licence holders of arms. The District Magistrates were advised that arms licences should be distributed to cover all sections of the population of specific areas, particularly where there were very few licence holders. The licencing authority was also asked to identify areas, localities and sections of population, where a sense of insecurity or panic prevailed, taking into account the relevant factors and local conditions and to grant licences after due verification of the antecedents of the applicants irrespective of the fact whether they belonged to the majority or minority community.

8. I would also like to make a brief statement regarding another matter which had agitated the minds of the public and regarding which an Adjournment Motion was sought to be made in the House. This concerns the police firing in Sujanpur, District Gurdaspur. Upon finding the body of Tarlok Chand at Banikhet on 12th June 1986 who had earlier been apprehended by the police on 10th June, 1986, in connection with theft of Truck No. JKW-3174, a crowd of 4000/5000 people gathered around the Police post, Sujanpur, alleging that the death had actually occurred in police custody. They damaged one police Matador and tried to set fire to one Jeep belonging to the Police Station, Sadar, Pathankot. The D.S.P. Pathankot was present on the spot at that time and the S.S.P. Gurdaspur also reached on receipt of a wireless message at 7.15 p.m. on 13th June, 1986. An F.I.R. was lodged by the father of the deceased,—*vide* F.I.R. No. 95, dated 13th June, 1986 U/S 302/34 I.P.C. at Police Post, Sujanpur against A.S.I. Gurmeet Singh, H.C. Kuldip Singh, Constable Danesh Masih as also against the President of the Truck Union. All four are under arrest and in police remand till 18th June, 1986.

However, the mob was not mollified and when the S.S.P. came out of the Police Post, the mob which had taken up vantage points on the roofs of the houses surrounding the Police Chauki started pelting stones and throwing acid bottles and also firing on the police as a result of which, 13 officials including the S.S.P. were injured. When 14 tear gas shells and 21 Riot Gun Shots proved ineffective in dispersing the crowd, the police resorted to a controlled firing for the purpose in which they fired 10 rounds which resulted in injury to three persons, namely, Surinder Kumar, Ashok Kumar and Romesh Chander. Romesh Chander later on succumbed to his injuries in the S.G.T.B. Hospital, Amritsar. As a result of brick-batting and firing a case F.I.R. No. 96 dated 13th June, 1986 under section 307/188/148/149/427 IPC and 25 Arms Act was registered at P.S. Sadar Pathankot. In this case no arrests have so far been made.

ਸਪੀਕਰ ਸਾਹਿਬ, ਇਹ ਕੁਝ ਗਲਾਂ ਜਿਹੜੀਆਂ ਅਰਾਈਜ਼ ਹੋਈਆਂ ਸਨ ਕਾਲ ਅਟੈਨਸ਼ਨ ਮੋਸ਼ਨ ਔਰ ਐਡਜਰਨਮੈਂਟ ਮੋਸ਼ਨ ਵਿਚੋਂ। ਅੱਜ ਦੀ ਸਥਿਤੀ ਬਾਰੇ ਮੈਂ ਕੁਝ ਗਲਾਂ ਕਰਨਾ ਚਾਹਾਂਗਾ ......

(ਇਸ ਵਕਤ ਆਪੋਜ਼ੀਸ਼ਨ ਬੈਂਚਾਂ ਵਲੋਂ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀ ਆਪਣੀ ਜਗ੍ਹਾ ਤੇ ਖੜ੍ਹੇ ਹੋ ਕੇ ਪੁਆਇੰਟ ਆਫ਼ ਕਲੈਰੀਫ਼ਿਕੇਸ਼ਨ ਦੀ ਮੰਗ ਕਰ ਰਹੇ ਸਨ। ਸ਼੍ਰੀ ਸਪੀਕਰ ਨੇ ਸ਼੍ਰੀ ਬ੍ਰਿਜ ਭੂਸ਼ਨ ਮਹਿਰਾ ਨੂੰ ਬੋਲਣ ਦੀ ਇਜਾਜ਼ਤ ਦਿੱਤੀ।)

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਕਲੈਰੀਫ਼ਿਕੇਸ਼ਨ ਇਹ ਹੈ ਕਿ ਮੈਂ ਤੁਹਾਡੀ ਇਜਾਜ਼ਤ ਨਾਲ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਦੀ ਇਨ੍ਹਾਂ ਨੇ ਇਹ ਸਕੀਮ ਸ਼ੁਰੂ ਕੀਤੀ ਕਿ ਅੰਮ੍ਰਿਤਸਰ ਸੀ. ਆਰ. ਪੀ. ਨੂੰ ਅਤੇ ਗੁਰਦਾਸਪੁਰ ਬੀ. ਐਸ. ਐਫ਼ ਨੂੰ ਦੇ ਦਿੱਤਾ, ਉਸ ਦੇ ਬਾਅਦ ਕਿੰਨੀਆਂ ਮਾਈਗਰੇਸ਼ਨਜ਼ ਹੋਈਆਂ?

ਦੂਸਰਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਲੋਕਾਂ ਦੇ ਵਿਚ ਬਾਹਰ ਜਾ ਕੇ ਵਜ਼ੀਰ ਲੋਕਾਂ ਪਾਸ ਕਿਉਂ ਨਾ ਜਾਣ, ਲੋਕਾਂ ਨੂੰ ਉਨ੍ਹਾਂ ਪਾਸ ਆਉਣ ਲਈ ਕਿਉਂ ਬੁਲਾਇਆ ਜਾਵੇ? ਮੁੱਖ ਮੰਤਰੀ ਉਨ੍ਹਾਂ ਪਾਸ ਕਿਉਂ ਨਾ ਜਾਵੇ ? ਤਰਨ ਤਾਰਨ ਅਤੇ ਫਤਹਿਗੜ੍ਹ ਚੂੜੀਆਂ ਦੋ ਤਹਿਸੀਲਾਂ ਹਨ ਜਿਹੜੀਆਂ ਬਹੁਤ ਇਫੈਕਟਿਡ ਹਨ। ਕੀ ਮੁੱਖ ਮੰਤਰੀ ਜੀ ਆਪ ਜਾ ਕੇ ਉਥੇ ਦੇ ਲੋਕਾਂ ਨੂੰ ਧਰਵਾਸ ਦੇਣਗੇ ਔਰ ਉਨ੍ਹਾਂ ਦੀ ਗੱਲ ਸੁਣਨਗੇ ਔਰ ਜੋ ਖਾਮੀਆਂ ਪ੍ਰਬੰਧ ਵਿਚ ਰਹਿ ਗਈਆਂ ਹਨ ਉਨ੍ਹਾਂ ਨੂੰ ਪੂਰਿਆਂ ਕਰਨਗੇ?

ਸ਼੍ਰੀ ਸੇਵਾ ਰਾਮ ਅਰੋੜਾ: ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਬਿਆਨ ਦਿੱਤਾ ਹੈ। ਬਿਲਕੁਲ ਫੈਕਟਸ ਤੋਂ ਗੁਮਰਾਹ ਕੀਤਾ ਗਿਆ ਹੈ। ਮੈਂ ਅਥਾਰਿਟੀ ਦੇ ਨਾਲ ਕਹਿ ਸਕਦਾ ਹਾਂ ਕਿ ਦਸ ਹਜ਼ਾਰ ਤੋਂ ਜ਼ਿਆਦਾ ਫੈਮਿਲੀਜ਼ ਮਾਈਗਰੇਟ ਕਰ ਗਈਆਂ ਹਨ। ਲਿਸਟਾਂ ਤਾਂ ਅਖ਼ਬਾਰਾਂ ਵਿਚ ਛਪਦੀਆਂ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ, ਸਰਦਾਰ ਬਿਅੰਤ ਸਿੰਘ ਨੇ ਇਕ ਕਮੇਟੀ ਬਣਾਈ ਸੀ, ਉਸ ਨੇ ਰਿਪੋਰਟ ਦਿੱਤੀ ਹੈ, ਪਿੰਡਾਂ ਦੇ ਪਿੰਡ ਖਾਲੀ ਪਏ ਹਨ, ਮੈਂ ਆਪ ਦੌਰਾ ਕੀਤਾ ਹੈ। ਇਹ ਬਿਲਕੁਲ ਐਸ ਮਸਲਾ ਹੈ ਜੋ ਸਾਰੇ ਪੰਜਾਬ ਦਾ ਹੈ। ਇਸ ਮਸਲੇ ਤੇ ਮੈਂ ਚਾਹਵਾਂਗਾ ਕਿ ਬਹਿਸ ਦਾ ਮੌਕਾ ਦੇਣਾ ਚਾਹੀਦਾ ਹੈ। ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਕੋਈ ਐਸੀ ਗੱਲ ਨਹੀਂ ਕਰਾਂਗੇ। ਅਸੀਂ ਉਨ੍ਹਾਂ ਨੂੰ ਡੀਫੈਂਡ ਕਰਨਾ ਚਾਹੁੰਦੇ ਹਾਂ ਜੋ ਪੰਜਾਬ ਤੋਂ ਬਾਹਰ ਜਾ ਰਹੇ ਹਨ। ਇਹ ਕੋਈ ਇੰਡੀਵਿਜੂਅਲ ਮਸਲਾ ਨਹੀਂ ਹੈ, ਸਾਰੇ ਪੰਜਾਬ ਦਾ ਹੈ। ਇਸ ਨਾਲ ਸਾਰਾ ਦੇਸ਼ ਜੁੜਿਆ ਹੋਇਆ ਹੈ। ਅਗਰ ਇਸ ਤਰ੍ਹਾਂ ਦੀਆਂ ਗੱਲਾਂ ਹੋ ਗਈਆਂ ਔਰ ਹੋਣ ਤੋਂ ਨਾ ਰੋਕੀਆਂ ਗਈਆਂ ਤਾਂ ਨਤੀਜੇ ਖਤਰਨਾਕ ਹੋਣਗੇ। ਮੈਂ ਫਿਗਰਜ਼ ਦੇਣਾ ਚਾਹੁੰਦਾ ਹਾਂ। ਇਕ ਇਨ੍ਹਾਂ ਦੀ ਪਾਰਟੀ ਦਾ ਜ਼ਿੰਮੇਵਾਰ ਮੈਂਬਰ ਹੈ, ਸਪੀਕਰ ਸਾਹਿਬ, 50 ਫੈਮਿਲੀਜ਼ ਉਥੋਂ ਇਕ ਪਿੰਡ ਵਿਚੋਂ ਹੀ ਨਿਕਲ ਗਈਆਂ ਹਨ। ਮੁੱਖ ਮੰਤਰੀ ਜੀ, ਮੈਂ ਨਹੀਂ ਚਾਹੁੰਦਾ ਕਿ ਅਫਸਰ ਤੁਹਾਨੂੰ ਮਿਸਗਾਈਡ ਕਰਨ।

ਦੂਸਰੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਤੁਹਾਡਾ ਬਿਆਨ ਛਪਿਆ ਹੈ ਕਿ ਦੋ ਡਿਸ-ਟ੍ਰਿਕਟਸ ਵਿਚ ਸੀ. ਆਰ. ਪੀ. ਐਫ ਅਤੇ ਬੀ. ਐਸ. ਐਫ ਨੂੰ ਲਗਾ ਦਿੱਤਾ ਹੈ ਔਰ ਦੂਸਰੇ ਹੀ ਦਿਨ ਮਨਿਸਟਰ ਦਾ ਜਵਾਬ ਆਇਆ ਇਸ ਦੇ ਬਾਰੇ ਵਿਚ। ਸਪੀਕਰ ਸਾਹਿਬ, ਇਹ ਗੰਭੀਰ ਮਸਲਾ ਹੈ, ਇਸ ਤੇ ਬਹਿਸ ਕਰਨੀ ਪਵੇਗੀ। ਅਗਰ ਲੋਕਾਂ ਨਾਲ ਪਿਆਰ ਹੈ, ਅਗਰ ਚਾਹੁੰਦੇ ਹੋ ਕਿ ਹਾਲਾਤ ਠੀਕ ਹੋਣ, ਅਗਰ ਲੋਕਾਂ ਨਾਲ ਸੱਚਾ ਪਿਆਰ ਹੈ ਤਾਂ ਸਾਡੀ ਗੱਲ ਸੁਣਨੀ ਪਵੇਗੀ।

ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਨਾਲ ਕਰਾਂਗੇ ਤਾਂ ਠੀਕ ਨਹੀਂ ਹੈ। ਅੱਜ ਪੰਜਾਬ ਜਲ ਰਿਹਾ ਹੈ। ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਸਾਨੂੰ ਗੁਮਰਾਹ ਨਾ ਕਰੋ।

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਆਪਣੀ ਸਟੇਟਮੈਂਟ ਦੇ ਵਿਚ ਜ਼ਿਕਰ ਕੀਤਾ ਹੈ ਇਨਕਾਊਂਟਰ ਦਾ, ਉਗਰਵਾਦੀਆਂ ਨੂੰ ਫੜਨ ਦਾ। ਉਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਐਮੋਨੀਸ਼ਨ ਔਰ ਆਰਮਜ਼ ਫੜੇ ਹਨ ਜਿਨ੍ਹਾਂ ਵਿਚ ਪਿਸਟਲ, ਰਾਈਫਲਜ਼ ਜਾਂ ਗਰਨੇਡਜ਼ ਹਨ। ਸਪੀਕਰ ਸਾਹਿਬ, ਹੈਰਾਨਗੀ ਦੀ ਗੱਲ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਜਿਤਨੀਆਂ ਵਾਰਦਾਤਾਂ

ਸ਼ਹਿਰਾਂ ਵਿਚ ਹੋਈਆਂ ਹਨ ਉਥੇ ਸਟੇਨਗੰਨਾਂ ਯੂਜ਼ ਹੋਈਆਂ ਹਨ। ਜਿਥੇ ਆਉਂਦੇ ਹਨ ਸਟੇਨਗੰਨਾਂ ਨਾਲ ਬਹੁਤ ਸਾਰੀਆਂ ਗੋਲੀਆਂ ਆਟੋਮੈਟਿਕ ਵੈਪਨ ਨਾਲ ਚਲਾਉਂਦੇ ਹਨ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਹਥਿਆਰ ਫੜੇ ਵਿਖਾਏ ਹਨ ਕੀ ਉਨ੍ਹਾਂ ਵਿਚ ਸਟੇਨਗੰਨਜ਼ ਵੀ ਫੜੀਆਂ ਹਨ? ਜੇਕਰ ਫੜੀਆਂ ਹਨ ਤਾਂ ਤੇ ਠੀਕ ਹੈ ਉਹ ਸਹੀ ਆਦਮੀ ਫੜੇ ਗਏ ਹਨ ਨਹੀਂ ਤਾਂ ਅਸਲ ਆਦਮੀ ਹੀ ਨਹੀਂ ਫੜੇ ਗਏ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਦੀ ਸਟੇਟਮੈਂਟ ਗੌਰ ਨਾਲ ਸੁਣੀ ਹੈ। ਸੀਰੀਅਸ ਗੱਲ ਜਿਹੜੀ ਪੰਜਾਬ ਦੇ ਸਾਹਮਣੇ ਆ ਰਹੀ ਹੈ ਉਸ ਦਾ ਜ਼ਿਕਰ ਨਹੀਂ ਕੀਤਾ। ਆਮ ਤੌਰ ਤੇ ਰੋਜ਼ ਅਖ਼ਬਾਰਾਂ ਵਿਚ ਆਉਂਦਾ ਹੈ ਕਿ ਫਲਾਣੇ ਥਾਣੇ ਔਰ ਫਲਾਣੇ ਜ਼ਿਲ੍ਹੇ ਦੇ ਕਰਮਚਾਰੀ ਫੜੇ ਗਏ ਔਰ ਇਤਨੇ ਡਿਸਮਿਸ ਕੀਤੇ ਗਏ ਹਨ ਔਰ ਉਨ੍ਹਾਂ ਦੇ ਤੁਅੱਲਕਾਤ ਟੈਰੋਰਿਸਟਾਂ ਨਾਲ ਪਾਏ ਗਏ ਹਨ। ਕੀ ਇਸ ਗੱਲ ਦੀ ਕਲੈਰੀਫਿਕੇਸ਼ਨ ਕਰਨਗੇ ਕਿਉਂਕਿ ਉਨ੍ਹਾਂ ਦੀ ਸਟੇਟਮੈਂਟ ਵਿਚ ਜ਼ਿਕਰ ਨਹੀਂ ਹੈ? (ਇਸ ਸਮੇਂ ਸ੍ਰੀ ਸਪੀਕਰ ਨੇ ਪ੍ਰੋਫੈਸਰ ਦਰਬਾਰੀ ਲਾਲ ਜੀ ਨੂੰ ਬੋਲਣ ਲਈ ਆਗਿਆ ਦਿੱਤੀ) (ਪੰਡਿਤ ਸਰਵਣ ਰਾਮ ਮਨਸੋਵਾਲੀਆ ਜੀ ਵੀ ਖੜੇ ਸਨ)।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਅਸੀਂ, ਸਪੀਕਰ ਸਾਹਿਬ, ਕੀ ਐਵੇਂ ਹੀ ਹਾਂ, ਮੈਂ ਕਈ ਵਾਰ ਖੜ੍ਹਾ ਹੋਇਆ ਹਾਂ। (ਹਾਸਾ)

ਪ੍ਰੋਫੈਸਰ ਦਰਬਾਰੀ ਲਾਲ: ਮੁੱਖ ਮੰਤਰੀ ਜੀ ਨੇ ਜੋ ਸਟੇਟਮੈਂਟ ਹਾਊਸ ਵਿਚ ਦਿੱਤੀ ਹੈ ਮੈਂ ਉਸਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਹ ਇਕ ਹਕੀਕਤ ਹੈ ਅਫਸਰਾਂ ਨੇ ਜਿਸ ਤਰ੍ਹਾਂ ਸਟੇਟਮੈਂਟ ਤਿਆਰ ਕੀਤੀ ਹੈ, ਉਸ ਤਰ੍ਹਾਂ ਹੀ ਇਨ੍ਹਾਂ ਨੇ ਪੜ੍ਹ ਦਿੱਤੀ ਹੈ। ਕਿਉਂਕਿ ਮੈਂ ਉਸ ਸ਼ਹਿਰ ਵਿਚ ਰਹਿਣ ਵਾਲਾਂ ਹਾਂ, ਇਨ੍ਹਾਂ ਵਲੋਂ 344 ਪਰਿਵਾਰਾਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਸਚਾਈ ਹੈ ਕਿ 10 ਹਜ਼ਾਰ ਨਹੀਂ ਬਲਕਿ ਮੈਂ ਇਸ ਤੋਂ ਵੀ ਜ਼ਿਆਦਾ ਕਹਾਂਗਾ ਕਿਉਂਕਿ ਜੋ ਕੁਝ ਬੰਦੇ ਇਸ ਤਰ੍ਹਾਂ ਪਰਮਾਨੈਂਟ ਤੌਰ ਤੇ ਹੀ ਉਨ੍ਹਾਂ ਪਿੰਡਾਂ ਵਿਚੋਂ ਚਲੇ ਗਏ ਹਨ। ਖਾਸ ਤੌਰ ਤੇ ਤਰਨਤਾਰਨ ਦੇ ਇਲਾਕੇ ਬਾਰੇ ਇਹ ਗੱਲ ਠੀਕ ਹੈ। ਦੂਸਰੇ ਪਾਸੇ ਮੈਂ ਕੱਲ੍ਹ ਕਰਨਾਲ ਹੋ ਕੇ ਆਇਆ ਹਾਂ, ਦੂਸਰੀ ਕਮਿਊਨਿਟੀ ਦੇ ਲੋਕ ਇਧਰ ਆ ਰਹੇ ਹਨ। ਕਿਤਨੀਆਂ ਫੈਕਟਰੀਆਂ ਬੰਦ ਕਰ ਦਿੱਤੀਆਂ ਹਨ, ਕਿਤਨੇ ਹੀ ਰਾਈਸ ਸ਼ੈਲਰਜ਼ ਵੇਚ ਕੇ ਚਲੇ ਗਏ ਹਨ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਬਹੁਤ ਮਿਹਰਬਾਨੀ ਹੈ ਕਿ ਮਾਈਗਰੇਸ਼ਨ ਬਾਰੇ ਐਡਜਰਨਮੈਂਟ ਮੋਸ਼ਨ, ਸੁਜਾਨਪੁਰ ਦੀ ਘਟਨਾ ਬਾਰੇ ਕਾਲ ਅਟੈਨਸ਼ਨ ਮੋਸ਼ਨ ਔਰ ਗੁਰਦਾਸਪੁਰ ਬਾਰੇ, ਲਾਈਸੈਂਸ ਆਰਮਜ਼ ਬਾਰੇ ਮੋਸ਼ਨ ਨੂੰ ਐਡਮਿਟ ਕੀਤਾ ਹੈ। ਮੈਂ ਨਿਵੇਦਨ ਕਰਾਂਗਾ....

Mr. Speaker : I want to put the record straight. These motions have been disallowed but even then the Chief Minister is ready to make a statement on all the three motions either by way of reply to Call Attention Notice or the other way.

ਮਾਸਟਰ ਮੋਹਨ ਲਾਲ : ** ** **

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਰੂਲ 57 ਜਿਹੜਾ ਹੈ ਉਹ ਅਲਾਓ ਨਹੀਂ ਕਰਦਾ ਇਸ ਤਰ੍ਹਾਂ ਡਿਸਕਸ਼ਨ ਕਰਨ ਲਈ।

**Expunged as ordered by the Chair.

ਸ਼੍ਰੀ ਸੇਵਾ ਰਾਮ ਅਰੋੜਾ: ਸਪੀਕਰ ਸਾਹਿਬ, ਪੰਜਾਬ ਜਲ ਰਿਹਾ ਹੈ, ਤੁਸੀਂ ਸਾਨੂੰ ਰੂਲ ਵਿਖਾ ਰਹੇ ਹੋ। ਜੇਕਰ ਲੋਕਾਂ ਨਾਲ ਪਿਆਰ ਹੈ ਤਾਂ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਇਸ ਮਸਲੇ ਤੇ ਬਹਿਸ ਹੋਣੀ ਚਾਹੀਦੀ ਹੈ। ਸਾਡੇ ਪਾਸ ਫੈਕਟਸ ਹਨ, ਲੇਕਿਨ ਇਸ ਤਰ੍ਹਾਂ ਸਟੇਟਮੈਂਟ ਦੇ ਕੇ ਸਾਡੀ ਤਸੱਲੀ ਨਹੀਂ ਹੈ। (ਵਿਘਨ) (ਇਸ ਸਮੇਂ ਕਈ ਮਾਨਯੋਗ ਮੈਂਬਰ ਖੜ੍ਹੇ ਸਨ)

ਸ਼੍ਰੀ ਰਘੂ ਨਾਥ ਸਹਾਏ ਪੁਰੀ : ਸਪੀਕਰ ਸਾਹਿਬ, ਸੁਜਾਨਪੁਰ ਮੇਰਾ ਹਲਕਾ ਹੈ, ਮੈਂ ਗਲ ਕਰਨੀ ਚਾਹੁੰਦਾ ਹਾਂ। ਤਰਲੋਕ ਚੰਦ ਮਾਰਿਆ ਗਿਆ, ਉਸ ਦੇ ਹਾਦਸੇ ਬਾਰੇ ਸਟੇਟਮੈਂਟ ਵਿਚ ਨਹੀਂ ਦੱਸਿਆ ਗਿਆ। ਬੇਗੁਨਾਹ ਆਦਮੀ ਪੁਲਿਸ ਦੀ ਹਿਰਾਸਤ ਵਿਚ ਮਾਰਿਆ ਗਿਆ ਪਰ ਉਨ੍ਹਾਂ ਦੇ ਸਬੰਧੀਆਂ ਦੇ ਮੁਆਵਜ਼ੇ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਸ਼੍ਰੀ ਰਮੇਸ਼ ਚੰਦਰ ਜਿਹੜਾ ਕਿ ਪੁਲਿਸ ਦੀ ਗੋਲੀ ਨਾਲ ਮਾਰਿਆ ਗਿਆ ਉਸ ਦੇ ਸਬੰਧੀਆਂ ਨੂੰ ਵੀ ਮੁਆਵਜ਼ਾ ਦਿਤਾ ਜਾਵੇ। (ਇਸ ਸਮੇਂ ਸ਼੍ਰੀ ਸਪੀਕਰ ਨੇ ਮੁੱਖ ਮੰਤਰੀ ਜੀ ਨੂੰ ਜਵਾਬ ਦੇਣ ਲਈ ਕਿਹਾ)

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਮੈਂ ਡੀਟੇਲਡ ਜਵਾਬ ਦਿੱਤਾ ਹੈ।......

ਸਰਦਾਰ ਸੁਖਜਿੰਦਰ ਸਿੰਘ : ਚੀਫ਼ ਮਨਿਸਟਰ ਸਾਹਿਬ ਨੇ ਇਹ ਜੋ ਸਟੇਟਮੈਂਟ ਪੜ੍ਹੀ ਹੈ ਇਹ ਬੜੀ ਇੰਪਾਰਟੈਂਟ ਔਰ ਲੰਬੀ ਸੀ ਕਿ ਨਾ ਅਸੀਂ ਨੋਟ ਕਰ ਸਕੇ ਔਰ ਨਾ ਹੀ ਸਮਝ ਸਕੇ। ਮੇਰੀ ਰਿਕੁ-ਐਸਟ ਹੈ ਸੀ. ਐਮ. ਸਾਹਿਬ ਕੋਲ ਕਿ ਇਨ੍ਹਾਂ ਨੂੰ ਸਟੇਟਮੈਂਟ ਪੜ੍ਹਨ ਤੋਂ ਪਹਿਲਾਂ ਹਰ ਮੈਂਬਰ ਨੂੰ ਉਸ ਦੀ ਕਾਪੀ ਦੇਣੀ ਚਾਹੀਦੀ ਹੈ। ਜੇ ਇਹ ਪਰੋਸੀਜਰ ਨਹੀਂ ਹੈ ਤਾਂ ਅਡਾਪਟ ਕਰ ਲਿਆ ਜਾਵੇ। ਹੁਣ ਇਸ ਸਟੇਟਮੈਂਟ ਦਾ ਫਾਇਦਾ ਨਹੀਂ ਹੋਇਆ। ਨਾ ਪੂਰਾ ਸੁਣ ਸਕੇ ਔਰ ਨਾ ਹੀ ਪੂਰਾ ਦਸ ਸਕਦੇ ਹਾਂ। ਨੰਬਰ ਦੋ ਇਹ ਜੋ ਮੇਰੇ ਦੋਸਤ ਚਿੰਤਤ ਹਨ, ਇਨ੍ਹਾਂ ਦੀ ਅਪੀਲ ਨੂੰ ਸੁਣਨਾ ਚਾਹੀਦਾ ਹੈ।

ਸ਼੍ਰੀ ਸਪੀਕਰ: ਤੁਸੀਂ ਪਰੋਸੀਜਰ ਦੀ ਗੱਲ ਕੀਤੀ ਹੈ ....

ਸਰਦਾਰ ਸੁਖਜਿੰਦਰ ਸਿੰਘ: ਇਨ੍ਹਾਂ ਨੂੰ ਨਾਗਪੁਰ ਦਾ ਜ਼ਿਕਰ ਕਰਨਾ ਚਾਹੀਦਾ ਸੀ। ਹੋਰ ਕਈ ਗਲਾਂ ਦਾ ਜ਼ਿਕਰ ਨਹੀਂ ਕੀਤਾ। ਇਹ ਜ਼ਰੂਰ ਜ਼ਿਕਰ ਹੋਣਾ ਚਾਹੀਦਾ ਸੀ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ: ਤੁਸੀਂ ਅੱਜ ਦੇਖ ਹੀ ਲਿਆ ਹੈ ਕਿ ਚੀਫ਼ ਮਨਿਸਟਰ ਸਾਹਿਬ ਨੇ ਜੋ ਸਟੇਟਮੈਂਟ ਦਿੱਤੀ ਹੈ ਮੈਂਬਰਜ਼ ਇਸ ਤੇ ਬੜੇ ਐਜੀਟੇਟਿਡ ਹਨ। ਪੰਜਾਬ ਦੀ ਹਾਲਤ ਬੜੀ ਖਰਾਬ ਹੈ, ਮਾਈਗਰੇਸ਼ਨ ਹੋ ਰਹੀ ਹੈ, ਕਿਲਿੰਗਜ਼ ਹੋ ਰਹੀਆਂ ਹਨ। ਹਾਲਾਤ ਬੜੇ ਗੰਭੀਰ ਹਨ। ਮੇਰੀ ਅਪੀਲ ਹੈ ਕਿ ਤੁਸੀਂ ਕਮ-ਅਜ਼-ਕਮ 2 ਘੰਟੇ ਇਸ ਤੇ ਬਹਿਸ ਵਾਸਤੇ ਜ਼ਰੂਰ ਰਖੋ ਤਾਂਕਿ ਮੈਂਬਰਜ਼ ਆਪਣੇ ਖਿਆਲ ਪ੍ਰਗਟ ਕਰ ਸਕਣ। ਇਹ ਸਾਰੇ ਮੈਂਬਰਜ਼ ਇਕ ਇਕ ਲੱਖ ਲੋਕਾਂ ਵਿਚੋਂ ਚੁਣ ਕੇ ਆਏ ਹਨ। ਇਸ ਲਈ ਤੁਸੀਂ ਮਾਈਗਰੇਸ਼ਨ ਔਰ ਕਿਲਿੰਗਜ਼ ਤੇ ਬਹਿਸ ਕਰਨ ਵਾਸਤੇ ਟਾਈਮ ਜ਼ਰੂਰ ਰਖੋ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਮੈਂ, ਸਪੀਕਰ ਸਾਹਿਬ, ਡੀਟੇਲਡ ਸਟੇਟਮੈਂਟ ਇਸ ਕਰਕੇ ਦਿੱਤੀ ਸੀ ਕਿਉਂਕਿ ਇਹ ਸਟੇਟਮੈਂਟ ਤਿੰਨ ਇਸ਼ੂਜ਼ ਨੂੰ ਕਵਰ ਕਰਦੀ ਸੀ। ਭਾਵੇਂ ਤੁਸੀਂ ਮੋਸ਼ਨਜ਼ ਰਿਜੈਕਟ ਕਰ ਦਿੱਤੀਆਂ ਸਨ ਲੇਕਿਨ ਇੰਪਾਰਟੈਂਟ ਇਸ਼ੂ ਹੋਣ ਕਰਕੇ ਮੈਂ ਇਹ ਸਮਝਿਆ ਕਿ ਕੁਝ ਦਸਿਆ ਜਾਵੇ। ਇਸ ਲਈ ਇਸ ਵਿਚ ਸੁਜਾਨਪੁਰ ਦੀ ਗਲ ਲੈ ਆਏ, ਪ੍ਰਧਾਨ ਦੀ ਗਲ ਲੈ ਆਏ, ਉਨ੍ਹਾਂ ਦੇ ਖਿਲਾਫ਼ ਕੇਸ ਬਣਾ ਕੇ ਉਨ੍ਹਾਂ ਨੂੰ ਫੜਿਆ ਔਰ ਅੰਦਰ ਕੀਤਾ। (ਵਿਘਨ) ਮੁਆਵਜ਼ੇ

ਦੇ ਬਾਰੇ ਜਿਹੜੀ ਗਲ ਹੈ, ਇਸ ਵਾਸਤੇ ਗੌਰਮਿੰਟ ਦੇ ਰੂਲਜ਼ ਦੇ ਮੁਤਾਬਿਕ ਜੋ ਹੈ ਉਹ ਮਿਲ ਜਾਵੇਗਾ।

ਦੂਸਰੀ ਮੈਂ ਗਲ ਕਰਨੀ ਚਾਹੁੰਦਾ ਹਾਂ, ਇਹ ਸਟੇਟਮੈਂਟ ਵੀ ਦੇਣੀ ਚਾਹੁੰਦਾ ਸੀ ਇਹ ਜ਼ਰੂਰੀ ਹੈ ਅੱਜ ਦੀ ਸਥਿਤੀ ਵਿਚ। 24 ਜੁਲਾਈ, 1985 ਨੂੰ ਜੋ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਰਾਜੀਵ ਗਾਂਧੀ ਦੇ ਵਿਚਕਾਰ ਜਿਹੜਾ ਅਕਾਰਡ ਹੋਇਆ ਉਸ ਨਾਲ ਪੰਜਾਬ ਵਿਚ ਸ਼ਾਂਤੀ ਦਾ ਮਾਹੌਲ ਬਣਿਆ ਸੀ, ਇਹ ਫਿਜ਼ਾ ਬਣੀ ਸੀ ਕਿ ਪੰਜਾਬ ਵਿਚ ਸ਼ਾਂਤੀ ਆਏਗੀ। ਅਕਾਰਡ ਦੀ ਇੰਪਲੀ-ਮੈਂਟੇਸ਼ਨ ਵਾਸਤੇ ਯਤਨ ਕਰਦੇ ਰਹੇ ਔਰ ਫਿਰ ਇਸ ਵਾਸਤੇ ਇਕ ਮੈਥਿਊ ਕਮਿਸ਼ਨ ਬਣਾਇਆ ਗਿਆ। 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਨੂੰ ਦੇਣ ਵਾਸਤੇ ਵੀ ਕਿਹਾ ਗਿਆ। ਲੇਕਿਨ ਅਕਾਰਡ ਦੇ ਮੁਤਾਬਿਕ ਇਹ ਕਰਨਾ ਸੀ ਕਿ ਕੁਝ ਹਿੰਦੀ ਬੋਲਦੇ ਇਲਾਕੇ ਉਸ ਦੇ ਬਦਲੇ ਵਿਚ ਹਰਿਆਣੇ ਨੂੰ ਦਿੱਤੇ ਜਾਣੇ ਸਨ। ਉਸ ਦਾ ਤਰੀਕਾ ਇਹ ਸੀ ਕਿ ਉਹ ਹਿੰਦੀ ਬੋਲਦੇ ਇਲਾਕੇ ਹੋਣ, ਜੁੜਵੇਂ ਹੋਣ ਅਤੇ ਪਿੰਡ ਨੂੰ ਇਕ ਇਕਾਈ ਮੰਨ ਕੇ ਦਿੱਤੇ ਜਾਣੇ ਸਨ ਫਿਰ ਜਨ ਗਣਨਾ ਹੋਈ। ਪਹਿਲੇ ਇਨ੍ਹਾਂ ਪਿੰਡਾਂ ਦੀ ਗਿਣਤੀ 83 ਦਸੀ ਗਈ ਸੀ ਔਰ ਜਿਹੜੇ ਹਿੰਦੀ ਬੋਲਦੇ ਕਸਬੇ ਅਬੋਹਰ ਅਤੇ ਫਾਜ਼ਿਲਕਾ ਦੇ ਹਨ, ਇਹ ਕਲੇਮ ਕੀਤੇ ਗਏ। ਲੇਕਿਨ ਇਹ ਇਲਾਕੇ ਇਸ ਕਰਕੇ ਨਹੀਂ ਦਿੱਤੇ ਜਾ ਸਕਦੇ ਸਨ ਕਿਉਂਕਿ ਇਨ੍ਹਾਂ ਦੀ ਕਾਂਟੀਗਿਉਟੀ ਨਹੀਂ ਸੀ। ਇਕ ਪਿੰਡ ਕੰਡੂਖੇੜਾ ਔਰ ਇਕ ਬਾਜ਼ੀਦਪੁਰ ਐਸੇ ਪਿੰਡ ਸਨ ਜਿਹੜੇ ਕਿ ਹਿੰਦੀ ਬੋਲਦੇ ਨਹੀਂ ਸਨ। ਇਸ ਕਰਕੇ ਮੈਥਿਊ ਕਮਿਸ਼ਨ ਨੇ ਫੈਸਲਾ ਕਰ ਦਿੱਤਾ ਕਿ ਅਬੋਹਰ ਅਤੇ ਫਜ਼ਿਲਕਾ ਨਹੀਂ ਜਾ ਸਕਦੇ ਹਰਿਆਣੇ ਨੂੰ। ਕਮਿਸ਼ਨ ਵਲੋਂ ਫੈਸਲਾ ਹੋ ਗਿਆ ਕਿ ਇਹ ਇਲਾਕਾ ਟਰਾਂਸਫਰ ਨਹੀਂ ਕੀਤਾ ਜਾ ਸਕਦਾ। ਮੈਂ ਸਮਝਦਾ ਹਾਂ ਕਿ ਇਹ ਫੈਸਲਾ ਪੰਜਾਬ ਦੀ ਬਹੁਤ ਵੱਡੀ ਗੇਨ ਸੀ ਔਰ ਕੰਡੂਖੇੜਾ ਦੇ ਕਾਰਨ ਅਬੋਹਰ ਅਤੇ ਫਾਜ਼ਿਲਕਾ ਪੰਜਾਬ ਦਾ ਇਕ ਅੰਗ ਬਣ ਗਏ। ਮੈਥਿਊ ਕਮਿਸ਼ਨ ਨੇ ਫੈਸਲਾ ਕਰਦਿਆਂ ਆਖਿਆਂ ਕਿ ਮੈਂ ਇਹ ਨਹੀਂ ਕਹਿ ਸਕਦਾ ਕਿ ਹੋਰ ਕਿਹੜਾ ਇਲਾਕਾ ਦੇਣਾ ਹੈ ਕਿਉਂਕਿ ਇਸ ਵਾਸਤੇ ਹੋਰ ਕੋਈ ਕਲੇਮ ਨਹੀਂ ਕੀਤਾ ਗਿਆ; ਉਸ ਲਈ ਨਵਾਂ ਕਮਿਸ਼ਨ ਮੁਕਰਰ ਕੀਤਾ ਜਾਵੇ। ਫਿਰ ਨਵਾਂ ਕਮਿਸ਼ਨ ਮੁਕੱਰਰ ਹੋ ਗਿਆ ਵਕੰਟਾਰਮੀਆ ਕਮਿਸ਼ਨ। ਉਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ। ਪਰ ਪਿਛਲੇ ਕਮਿਸ਼ਨ ਨਾਲ ਸਾਨੂੰ ਇਹ ਘਾਟਾ ਪਿਆ ਕਿ 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਨੂੰ ਟਰਾਂਸਫਰ ਨਾ ਹੋ ਸਕਿਆ। ਇਸ ਨਾਲ ਬਹੁਤ ਨੁਕਸਾਨ ਪੁਜਿਆ। ਪੰਜਾਬ ਦੇ ਹਾਲਾਤ ਤੇ ਵੀ ਇਸ ਦਾ ਅਸਰ ਪਿਆ। ਲੋਕਾਂ ਨੂੰ ਸ਼ੁਭਾ ਹੋ ਗਿਆ ਸੈਂਟਰਲ ਗੌਰਮਿੰਟ ਤੇ ਵੀ ਅਤੇ ਸਾਡੇ ਤੇ ਵੀ। ਐਸਾ ਸ਼ੁਭਾ ਹੋਣਾ ਜ਼ਰੂਰੀ ਸੀ ਕਿਉਂਕਿ 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਨੂੰ ਟਰਾਂਸਫਰ ਨਹੀਂ ਹੋ ਸਕਿਆ। ਔਰ ਇਥੇ ਜੋ ਹਾਲਾਤ ਵਿਗੜੇ ਉਸ ਦਾ ਇਕ ਕਾਰਨ ਇਹ ਵੀ ਸੀ। ਮੈਂ ਨਹੀਂ ਕਹਿੰਦਾ ਕਿ ਇਹ ਸਮੁੱਚਾ ਕਾਰਨ ਸੀ ਪਰ ਇਕ ਕਾਰਨ ਜ਼ਰੂਰ ਸੀ। ਫਿਰ ਵੈਂਕੰਟਾਰਮੀਆ ਕਮਿਸ਼ਨ ਨੇ ਕਾਰਵਾਈ ਸ਼ੁਰੂ ਕਰ ਦਿੱਤੀ। ਉਸ ਨੂੰ ਆਦੇਸ਼ ਦਿੱਤਾ ਗਿਆ ਕਿ 31 ਮਈ, ਤਕ ਰਿਪੋਰਟ ਦੇ ਦੇਣੀ ਹੈ। ਇਹ ਵੀ ਕਿਹਾ ਗਿਆ ਕਿ 21 ਤਾਰੀਖ ਨੂੰ ਚੰਡੀਗੜ੍ਹ ਪੰਜਾਬ ਨੂੰ ਟਰਾਂਸਫਰ ਕਰ ਦੇਣਾ ਹੈ। ਪਰ ਫਿਰ ਇਕ ਸਮਾਂ ਆ ਗਿਆ ਜਦੋਂ ਕਿ ਇਸ ਕਮਿਸ਼ਨ ਦੀ ਮਿਆਦ ਵਧਾਉਣ ਦੀ ਲੋੜ ਪਈ ਕਿਉਂਕਿ ਹਰਿਆਣੇ ਵਾਲੇ ਫਿਰ ਅਬੋਹਰ ਅਤੇ ਫਾਜ਼ਿਲਕਾ ਦੀ ਗੱਲ ਕਰਨ ਲੱਗੇ ਇਸ ਤੋਂ ਬਾਅਦ ਫਿਰ ਉਨ੍ਹਾਂ ਨੇ 482 ਪਿੰਡਾਂ ਦਾ ਕਲੇਮ ਸਾਹਮਣੇ ਕਰ ਦਿੱਤਾ ਜਿਸ ਕਰਕੇ ਗੌਰਮਿੰਟ ਨੂੰ ਕਮਿਸ਼ਨ ਦੀ ਮਿਆਦ ਵਧਾਉਣ ਲਈ ਮੰਨਣਾ ਪਿਆ। ਇਸ ਬਾਰੇ ਮੈਂ ਅਖਬਾਰ ਵਿਚੋਂ ਕੋਟ ਕਰਦਾ ਹਾਂ।

[Chief Minister]

An official Press note issued late in the night said in the original claim statement Haryana did not make any claim to specific villages and made a claim only on May 29 and 30.

The spokesman said besides the request made by the Haryana Government the present circumstances had necessitated the grant of extension to the commission.

This is important, Sir.

> "This, however, shall not come in the way of the transfer of Chandigarh to Punjab in terms of the memorandum of settlement. The Government of India has, therefore, decided to transfer Chandigarh to Punjab on June 21, 1986".

ਸੋ ਇਹ ਇਸ ਤਰ੍ਹਾਂ ਦੀ ਸਥਿਤੀ ਪੈਦਾ ਹੋਈ। ਅਸੀਂ ਸਮਝਦੇ ਸੀ ਕਿ 21 ਜੂਨ ਨੂੰ ਟਰਾਂਸਫਰ ਹੋਣਾ ਹੈ, ਇਸ ਲਈ ਕਮਿਸ਼ਨ ਨੇ ਫਿਰ ਮੀਟਿੰਗ ਕੀਤੀ। ਇਨ੍ਹਾਂ ਮੀਟਿੰਗਾਂ ਵਿਚ ਮੈਂ ਆਪ ਵੀ ਗਿਆ ਔਰ ਇਹ ਦਸਿਆ ਕਿ ਸਿਰਫ਼ ਹਿੰਦੀ ਬੋਲਦੇ ਇਲਾਕੇ ਹੀ ਦਿੱਤੇ ਜਾ ਸਕਦੇ ਹਨ ਉਹ ਵੀ ਜਿਹੜੇ ਜੁੜਵੇਂ ਹੋਣ। ਪੰਜਾਬੀ ਬੋਲਦਾ ਇਲਾਕਾ ਨਹੀਂ ਦਿੱਤਾ ਜਾ ਸਕਦਾ। ਪਰ ਫਿਰ ਵੀ ਕਮਿਸ਼ਨ ਨੇ ਜੋ ਹੁਣ ਰਿਪੋਰਟ ਦਿੱਤੀ ਹੈ ਉਹ ਆਪਣੇ ਟਰਮਜ਼ ਆਫ ਰੈਫਰੈਂਸ ਤੋਂ ਬਾਹਰ ਚਲਾ ਗਿਆ। ਉਹ ਪਿੰਡ ਆਈਡੈਂਟੀਫਾਈ ਨਹੀਂ ਕਰ ਸਕਿਆ। ਔਰ 70 ਹਜ਼ਾਰ ਏਕੜ ਜ਼ਮੀਨ ਲਈ ਕਹਿ ਦਿੱਤਾ। ਅਬੋਹਰ ਫਾਜ਼ਿਲਕਾ ਵਾਲੇ ਪਾਸੇ 3 ਲੱਖ 92 ਹਜ਼ਾਰ ਏਕੜ ਬਣਦੇ ਸਨ। ਫਿਰ ਮੈਥਿਊ ਕਮਿਸ਼ਨ ਨੇ ਜਿਹੜਾ 83 ਪਿੰਡਾਂ ਦੇ ਲਈ ਕਿਹਾ ਉਹ 3 ਲੱਖ 59 ਹਜ਼ਾਰ ਏਕੜ ਬਣਦਾ ਸੀ ਪਰ ਇਸ ਕਮਿਸ਼ਨ ਨੇ 70 ਹਜ਼ਾਰ ਏਕੜ ਚੰਡੀਗੜ੍ਹ ਦੇ ਬਦਲੇ ਦੇਣ ਲਈ ਕਿਹਾ ਹੈ। ਇਸ ਵਿਚੋਂ 45 ਹਜ਼ਾਰ ਦੇ ਰਕਬੇ ਵਿਚ ਤਾਂ 31-32 ਪਿੰਡ ਆਉਂਦੇ ਹਨ, ਉਨ੍ਹਾਂ ਨੇ 30 ਪਿੰਡ ਲਿਖੇ ਹਨ। ਇਹ ਜਿਹੜਾ 45 ਹਜ਼ਾਰ ਏਕੜ ਹੈ ਇਹ ਕਾਂਟੀਗਿਊਟੀ ਵੀ ਹੈ ਅਤੇ ਜੁੜਵਾਂ ਵੀ ਹੈ। ਉਹ ਸ਼ਾਇਦ ਦਿੱਤਾ ਜਾ ਸਕਦਾ ਹੈ। 70 ਹਜ਼ਰ ਏਕੜ ਏਰੀਆ ਕਿਥੋਂ ਦਿੱਤਾ ਜਾ ਸਕਦਾ ਹੈ? ਇਸ ਨੂੰ ਐਸਰਟਨ ਨਹੀਂ ਕਰ ਸਕਦੇ ਅਤੇ ਇਸ ਨੂੰ ਐਸਰਟਨ ਕਰਨ ਲਈ ਇਕ ਹੋਰ ਕਮਿਸ਼ਨ ਬਿਠਾ ਦਿੱਤਾ ਜਾਵੇ। ਅਸੀਂ ਇਸ ਸਥਿਤੀ ਵਿਚ ਬੈਠੇ ਹੋਏ ਹਾਂ। ਅਸੀਂ 17 ਤਾਰੀਖ ਦਾ ਸੈਸ਼ਨ ਇਸ ਕਰਕੇ ਚੁਣਿਆ ਸੀ ਕਿ ਕੋਈ ਡਾਕੂਮੈਂਟ ਆ ਜਾਵੇਗਾ, ਉਸ ਉਤੇ ਅਸੀਂ ਬਹਿਸ ਕਰ ਸਕੀਏ, ਉਸ ਡਾਕੂਮੈਂਟ ਨੂੰ ਕੈਬਨਿਟ ਵਿਚ ਰੱਖ ਸਕੀਏ, ਸਦਨ ਦੇ ਸਾਰੇ ਮੈਂਬਰ ਸਾਹਿਬਾਨ ਇਸ ਉਤੇ ਆਪਣੇ ਆਪਣੇ ਵਿਚਾਰ ਰੱਖ ਸਕਣ ਅਤੇ ਬਹਿਸ ਕਰ ਸਕਣ ਅਤੇ ਪੂਰੀ ਤਰ੍ਹਾਂ ਡਾਕੂਮੈਂਟ ਨੂੰ ਘੋਖਿਆ ਜਾ ਸਕੇ। ਇਹ ਸਾਰੇ ਪੰਜਾਬ ਦਾ ਮਸਲਾ ਹੈ ਅਤੇ ਸਾਰੇ ਪੰਜਾਬ ਦੇ ਲੋਕਾਂ ਦਾ ਮਸਲਾ ਹੈ। ਇਹ ਕਿਸੇ ਇਕ ਪਾਰਟੀ ਦਾ ਮਸਲਾ ਨਹੀਂ ਹੈ। ਇਸ ਕਰਕੇ ਅਸੀਂ 17 ਤਾਰੀਖ ਦਾ ਸੈਸ਼ਨ ਬੁਲਾਇਆ ਸੀ। ਇਸ ਤੋਂ ਬਾਦ ਅੱਜ ਹਾਊਸ ਐਡਜਰਨ ਹੋ ਗਿਆ ਸੀ। ਉਸ ਡਾਕੂਮੈਂਟ ਦੀ ਇੰਤਜ਼ਾਰ ਅਸੀਂ ਵੀ ਕਰਦੇ ਰਹੇ ਹਾਂ ਅਤੇ ਤੁਸੀਂ ਵੀ ਇਸ ਡਾਕੂਮੈਂਟ ਦੀ ਇੰਤਜ਼ਾਰ ਕਰਦੇ ਰਹੇ ਹੋ ਪਰ ਹਾਲੇ ਤਕ ਸਾਨੂੰ ਕੋਈ ਡਾਕੂਮੈਂਟ ਮਿਲਿਆ ਨਹੀਂ ਹੈ। ਨਾ ਕੋਈ ਸਾਨੂੰ ਕੰਕਰੀਟ ਡਾਕੂਮੈਂਟ ਹਾਲੇ ਤਕ ਮਿਲਿਆ ਹੈ ਅਤੇ ਨਾ ਹੀ ਕੋਈ ਰਿਪੋਰਟ ਮਿਲੀ ਹੈ। ਸਾਨੂੰ ਕੇਵਲ ਰਿਪੋਰਟ ਦਾ ਐਕਸਟਰੈਕਟ ਮਿਲਿਆ ਹੈ। ਨਾ ਸਾਨੂੰ ਕੋਈ ਡਾਕੂਮੈਂਟ ਮਿਲਿਆ ਹੈ ਅਤੇ ਨਾ ਹੀ ਕੋਈ ਬਿਲ ਹੀ ਮਿਲਿਆ ਹੈ ਜਿਸ ਕਰਕੇ ਮੁਕੰਮਲ ਬਹਿਸ ਨਹੀਂ ਹੋ ਸਕਦੀ ਕਿਉਂਕਿ ਮਸਲਾ ਬੜਾ ਗੰਭੀਰ ਹੈ ਇਸ ਲਈ ਇਸ ਉਤੇ ਵਿਚਾਰ ਕੀਤਾ ਜਾ ਸਕਦਾ ਹੈ।

ਸ੍ਰੀ ਰਾਮ ਕਿਸ਼ਨ ਕਟਾਰੀਆ: ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਜਿਹੜੀ ਸਟੇਟਮੈਂਟ ਪੰਜਾਬ ਦੇ ਮਸਲੇ ਬਾਰੇ ਦਿੱਤੀ ਹੈ ਇਸ ਉਤੇ ਵਿਚਾਰ ਕਰਨ ਦਾ ਮੌਕਾ ਦਿੱਤਾ ਜਾਵੇ।

ਇਸ ਵੇਲੇ ਪੰਜਾਬ ਦੇ ਹਰ ਵਿਅਕਤੀ ਦੀ ਨਜ਼ਰ ਅੱਜ ਇਸ ਹਾਊਸ ਵੱਲ ਲਗੀ ਹੋਈ ਹੈ। ਇਸ ਸੂਬੇ ਦੇ ਸਾਰੇ ਨੁਮਾਇੰਦੇ ਚਾਹੁੰਦੇ ਹਨ ਕਿ ਇਸ ਉਤੇ ਬਹਿਸ ਕੀਤੀ ਜਾਵੇ। ਮੈਂ ਬੇਨਤੀ ਕਰਾਂਗਾ ਕਿ ਇਸ ਉਤੇ ਖੁਲ੍ਹ ਕੇ ਬਹਿਸ ਹੋਣੀ ਚਾਹੀਦੀ ਹੈ ਅਤੇ ਸਾਰੇ ਮੈਂਬਰ ਸਾਹਿਬਾਨ ਦੇ ਵਿਚਾਰ ਇਸ ਉਤੇ ਆਉਣੇ ਚਾਹੀਦੇ ਹਨ ਕਿਉਂਕਿ 21 ਜੂਨ ਪਰਸੋਂ ਆਉਣ ਵਾਲੀ ਹੈ ਅਤੇ ਇਸ ਉਤੇ ਬਹਿਸ ਕਰ ਲੈਣੀ ਚਾਹੀਦੀ ਹੈ। ਡਾਕੂਮੈਂਟ ਸਾਨੂੰ ਮਿਲ ਜਾਵੇਗਾ। ਇਸ ਬਾਰੇ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਸ ਦੇ ਵਿਚ ਚਾਹੇ ਕੋਈ ਵੀ ਅੜੱਚਣ ਹੋਵੇ 21 ਜੂਨ ਨੂੰ ਚੰਡੀਗੜ੍ਹ ਪੰਜਾਬ ਵਿਚ ਟਰਾਂਸਫਰ ਹੋ ਜਾਵੇਗਾ।

EXTENSION OF TIME OF THE SITTING

Mr. Speaker : Rules do not permit a discussion on the statement of the Chief Minister. If it has the approval of the House then I will allow discussion on the statement made by the Chief Minister for two hours or so.

(Voices : Yes, Yes.)

Mr. Speaker : Is it the pleasure of the House that the time of the sitting of the House be extended up to 2.45 p.m. today ?

(Voices : Yes, Yes.)

Mr. Speaker : The House will sit for the discussion on the statement made by the Chief Minister upto 2.45 p.m. today.

DISCUSSION ON THE STATEMENT BY CHIEF MINISTER RE. MIGRATION OF MEMBERS OF MINORITY COMMUNITY FROM PUNJAB, POLICE FIRING IN SUJANPUR AND PUNJAB ACCORD

ਸ੍ਰੀ ਸੇਵਾ ਰਾਮ ਅਰੋੜਾ. ਸਪੀਕਰ ਸਾਹਿਬ, ਜਦ ਸਾਡੇ ਕੋਲ ਕੋਈ ਡਾਕੂਮੈਂਟ ਹੀ ਨਹੀਂ ਹੈ ਫੇਰ ਅਸੀਂ ਉਸ ਉਤੇ ਬਹਿਸ ਕਿਸ ਗੱਲ ਦੀ ਕਰਨੀ ਹੈ ?

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਪਹਿਲੇ ਸਾਡੇ ਕੋਲ ਡਾਕੂਮੈਂਟ ਆ ਜਾਵੇ ਤਾਂ ਹੀ ਡਿਸਕਸ਼ਨ ਹੋ ਸਕਦੀ ਹੈ ਨਹੀਂ ਤਾਂ ਇਹ ਇਲਲੀਗਲ ਹੈ। ਡਾਕੂਮੈਂਟ ਤੋਂ ਬਿਨਾਂ ਇਸ ਉਤੇ ਡਿਸ-ਕਸ਼ਨ ਨਹੀਂ ਹੋ ਸਕਦੀ।

ਸ੍ਰੀ ਸਪੀਕਰ : ਇਹ ਗੱਲ ਸਾਰੇ ਮੈਂਬਰ ਸਾਹਿਬਾਨ ਦੇ ਸਾਹਮਣੇ ਹੀ ਹੈ ਕਿ ਹਾਊਸ ਦੇ ਵਿਚ ਕੋਈ ਪਰਾਪਰ ਡਾਕੂਮੈਂਟ ਨਹੀਂ ਹੈ। ਉਸ ਡਾਕੂਮੈਂਟ ਦੀ ਅਸੀਂ ਵੇਟ ਕਰ ਰਹੇ ਹਾਂ ਤਾਕਿ ਇਸ ਉਤੇ ਫੁੱਲ ਫਲੇਜ਼ਡ ਡਿਸਕਸ਼ਨ ਹੋ ਸਕੇ। ਇਸ ਮਸਲੇ ਉਤੇ ਜਿਹੜੀ ਚੀਫ਼ ਮਨਿਸਟਰ ਸਾਹਿਬ ਨੇ ਸਟੇਟਮੈਂਟ ਦਿੱਤੀ ਹੈ। ਉਸ ਉਤੇ ਸ੍ਰੀ ਰਾਮ ਕਿਸ਼ਨ ਕਟਾਰੀਆ ਨੇ ਆਪਣਾ ਵਿਚਾਰ ਰਖਿਆ ਹੈ। ਵੈਂਕਟਰਮਈਆ ਕਮਿਸ਼ਨ ਦੀ ਰਿਪੋਰਟ ਤੇ ਨਹੀਂ ਬਲਕਿ ਜਿਹੜੀ ਚੀਫ਼ ਮਨਿਸਟਰ ਸਾਹਿਬ ਨੇ ਸਟੇਟ-ਮੈਂਟ ਦਿੱਤੀ ਹੈ ਉਸ ਉਤੇ 2 ਘੰਟੇ ਦੀ ਬਹਿਸ ਦੀ ਆਗਿਆ ਦਿੱਤੀ ਜਾਂਦੀ ਹੈ। Now the House will proceed to hold discussion on the statement of Chief Minister.

Shri Brij Bhushan Mehra ; Sir, it will be just like putting the cart before the horse. ਸਪੀਕਰ ਸਾਹਿਬ, ਜਦ ਤਕ ਡਾਕੂਮੈਂਟ ਹਾਊਸ ਵਿਚ ਪੇਸ਼ ਨਹੀਂ ਕੀਤਾ ਜਾਂਦਾ ਉਤਨੀ ਦੇਰ ਬਹਿਸ ਕਰਨ ਦਾ ਕੋਈ ਫਾਇਦਾ ਨਹੀਂ ਹੈ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ): ਸਪੀਕਰ ਸਾਹਿਬ, ਹਾਊਸ ਦੇ ਵਿਚ ਵਿਚਾਰ ਕਰਨ ਨਾਲ ਕਾਫੀ ਰੋਸ਼ਨੀ ਪਵੇਗੀ ਅਤੇ ਹਾਊਸ ਦੇ ਗਿਆਤ ਵਾਸਤੇ ਮੈਂ ਦੱਸਾਂਗਾ ਕਿ ਜਿਹੜੀ ਸਾਡੀ ਸੈਂਟਰ ਦੇ ਨਾਲ ਨੈਗੋਸੀਏਸ਼ਨ ਚਲ ਰਹੀਆਂ ਹਨ ਅਤੇ ਡਿਸਕਸ਼ਨ ਵੀ ਚਲ ਰਹੀ ਹੈ ਇਹ ਬੜਾ ਇੰਪਾਰਟੈਂਟ ਮਸਲਾ ਹੈ ਜਿਸ ਕਰਕੇ ਗੌਰਮਿੰਟ ਚਾਹੁੰਦੀ ਹੈ ਕਿ ਇਸ ਉਤੇ ਹਾਊਸ ਵਿਚ ਰੋਸ਼ਨੀ ਪਾਈ ਜਾਵੇ। ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਇਸ ਉਤੇ ਆਪਣੇ ਆਪਣੇ ਵਿਚਾਰ ਰੱਖ ਸਕਦੇ ਹਨ ਅਤੇ ਜਿਹੜੀ ਚੀਫ ਮਨਿਸਟਰ ਸਾਹਿਬ ਨੇ ਸਟੇਟਮੈਂਟ ਦਿੱਤੀ ਹੈ ਉਸ ਉਤੇ ਪਰਾਪਰ ਡਿਸਕਸ਼ਨ ਕਰ ਸਕਦੇ ਹਨ।

Sardar Kirpal Singh Dhillon: This is only an information and not a final decision.

Shri Brij Bhushan Mehra: If the statement of the Chief Minister is discussed then it will be a wrong precedent.

ਸ੍ਰੀ ਸੇਵਾ ਰਾਮ ਅਰੋੜਾ: ਸਪੀਕਰ ਸਾਹਿਬ, ਇਹ ਹਾਊਸ ਦੇ ਲਈ ਇਕ ਗਲਤ ਪਰੰਪਰਾ ਹੋਵੇਗੀ। ਅਸੀਂ ਕਹਾਂਗੇ ਕਿ ਖੁਦਾ ਦੇ ਵਾਸਤੇ ਤੁਸੀਂ ਪਹਿਲੇ ਡਾਕੂਮੈਂਟ ਲੈ ਆਵੋ। ਪੰਜਾਬ ਦੇ ਜਜ਼ਬਾਤ ਨੂੰ ਨਾ ਭੜਕਾਓ। ਪਹਿਲੇ ਤੁਸੀਂ ਡਾਕੂਮੈਂਟ ਨੂੰ ਹਾਊਸ ਵਿਚ ਪੇਸ਼ ਕਰੋ ਫੇਰ ਡਿਸਕਸ਼ਨ ਕਰੋ।

Sardar Gurcharan Singh Nihalsinghwala: He (Finance Minister) is misleading the House.

Finance Minister (Sardar Balwant Singh): If I say something wrong then you can raise a privilege motion against me.

ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਇਤਨਾ ਡਰ ਕਿਉਂ ਲਗ ਰਿਹਾ ਹੈ?

ਸ੍ਰੀ ਸੇਵਾ ਰਾਮ ਅਰੋੜਾ: ਸਪੀਕਰ ਸਾਹਿਬ, ਪਹਿਲੇ ਇਹ ਹਾਊਸ ਦੇ ਵਿਚ ਡਾਕੂਮੈਂਟ ਪੇਸ਼ ਕਰਨ ਅਤੇ ਹਾਊਸ ਦੀ ਟੇਬਲ ਤੇ ਕਾਪੀ ਰੱਖਣ ਫੇਰ ਇਸ ਉਤੇ ਡਿਸਕਸ਼ਨ ਕਰਵਾਉਣ। (ਵਿਘਨ)

ਸ੍ਰੀ ਬ੍ਰਹਮ ਮਹਿੰਦਰਾ: ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਅੱਜ ਸਵੇਰ ਤੋਂ ਆਲ ਇੰਡੀਆ ਰੇਡੀਓ ਬੋਲ ਰਿਹਾ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਪੰਜਾਬ ਦਾ 70 ਹਜ਼ਾਰ ਏਕੜ ਏਰੀਆ ਦੇਣ ਲਈ ਤਿਆਰ ਹੋ ਗਿਆ ਹੈ। ਇਹ ਪਹਿਲੇ ਸਾਨੂੰ ਦੱਸਣ ਕਿ ਆਇਆ ਕੋਈ ਇਨ੍ਹਾਂ ਦਾ ਐਗਰੀਮੈਂਟ ਹੋ ਗਿਆ ਹੈ? (ਵਿਘਨ)

ਸ੍ਰੀ ਸੇਵਾ ਰਾਮ ਅਰੋੜਾ: ਸਪੀਕਰ ਸਾਹਿਬ, ਜਿਹੜੀ ਚਿੱਠੀ ਪੰਜਾਬ ਦੇ ਸਟੈਂਡ ਬਾਰੇ ਪੰਜਾਬ ਗੌਰਮਿੰਟ ਵਲੋਂ ਸੈਂਟਰ ਦੀ ਸਰਕਾਰ ਨੂੰ ਲਿਖੀ ਗਈ ਹੈ ਉਸ ਦੇ ਜਵਾਬ ਵਿਚ ਸੈਂਟਰਲ ਗੌਰਮਿੰਟ ਨੇ ਕੀ ਲਿਖਿਆ ਹੈ? ਉਹ ਚਿੱਠੀਆਂ ਹਾਊਸ ਦੀ ਟੇਬਲ ਤੇ ਰੱਖੀਆਂ ਜਾਣ, ਫੇਰ ਡਿਸਕਸ਼ਨ ਕਰਨ।

ਵਿੱਤ ਮੰਤਰੀ: ਸਪੀਕਰ ਸਾਹਿਬ, ਜਿਹੜੀ ਇਹ ਇਨਫਰਮੇਸ਼ਨ ਹਾਊਸ ਦੇ ਵਿਚ ਮੰਗਣਗੇ ਉਸ ਦੀ ਇਨਫਰਮੇਸ਼ਨ ਅਸੀਂ ਹਾਊਸ ਦੇ ਵਿਚ ਦੇਵਾਂਗੇ।

Pandit Mohan Lal : What we are discussing now ? Are you discussing the statement made by the Chief Minister ? You must be aware that according to the Rules no statement made by a Minister can be subject of discussion. If we are going to by-pass the rules then this is a different thing.

ਸ੍ਰੀ ਸਪੀਕਰ : ਜਿਹੜੀ ਲੀਗਲ ਪੁਜ਼ੀਸ਼ਨ ਰੱਖੀ ਗਈ ਹੈ ਇਸ ਦੇ ਵਿਚ ਇਹ ਹੈ ਕਿ the discussion is being held with the pleasure of the House.

ਵਿੱਤ ਮੰਤਰੀ : ਸਪੀਕਰ ਸਾਹਿਬ, ਇਸ ਸਮੇਂ ਇਹ ਚਿੰਤਾਜਨਕ ਮਸਲਾ ਹੈ । ਪੰਜਾਬ ਦੀ ਟੈਰੀਟੋਰੀ ਦਾ ਮਸਲਾ ਹੈ । ਪਿਛਲੇ ਕੁਝ ਦਿਨਾਂ ਤੋਂ ਇਸ ਬਾਰੇ ਹਰ ਰੋਜ਼ ਅਖਬਾਰਾਂ ਵਿਚ ਕੁਝ ਨਾ ਕੁਝ ਨਿਕਲਦਾ ਹੈ। 24 ਜੁਲਾਈ, 1984 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਵਿਚਕਾਰ ਅਕਾਰਡ ਹੋਇਆ ਹੈ ਅਤੇ ਉਹ ਅਕਾਰਡ ਪਾਰਲੀਮੈਂਟ ਨੇ ਮਨਜ਼ੂਰ ਕੀਤਾ ਹੈ । ਉਸ ਨਾਲ ਸਾਰੇ ਦੇਸ਼ ਵਿਚ ਇਕ ਰੂਹ ਪੈਦਾ ਹੋਈ, ਖੁਸ਼ੀ ਪੈਦਾ ਹੋਈ ਕਿ ਇਸ ਅਕਾਰਡ ਨਾਲ ਪੰਜਾਬ ਦੇ ਹਿੰਦੂ, ਸਿੱਖ ਅਤੇ ਹੋਰ ਸਾਰੀ ਬਰਾਦਰੀ ਨੂੰ ਇਕੱਠਾ ਕਰੇਗੀ । ਹੁਣ ਇਸ ਕਰਕੇ ਚਿੰਤਾ ਹੋ ਰਹੀ ਹੈ ਕਿ ਜੋ ਅਕਾਰਡ ਵਿਚ ਲਿਖਿਆ ਗਿਆ ਸੀ, ਉਹ ਪੂਰਾ ਨਹੀਂ ਹੋ ਰਿਹਾ । ਸਪੀਕਰ ਸਾਹਿਬ, ਸਾਰੇ ਮੈਂਬਰ ਜਾਣੂ ਹਨ ਕਿ ਚੰਡੀਗੜ੍ਹ ਪੰਜਾਬ ਵਿਚ ਸ਼ਾਮਲ ਕਰਨਾ ਹੈ ਅਤੇ ਹਿੰਦੀ ਬੋਲਦੇ ਇਲਾਕੇ ਹਰਿਆਣੇ ਵਿਚ ਔਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣੇ ਹਨ। ਮੁੱਖ ਮੰਤਰੀ ਸਾਹਿਬ ਨੇ ਵੀ ਦੱਸਿਆ ਹੈ ਕਿ ਪਹਿਲਾਂ ਮੈਥਿਊ ਕਮਿਸ਼ਨ ਬਣਿਆ । ਇੱਕ ਉਸ ਨੇ ਅੱਛਾ ਫੈਸਲਾ ਕੀਤਾ ਕਿ ਅਬੋਹਰ ਅਤੇ ਫਾਜ਼ਿਲਕਾ ਪੱਕੇ ਤੌਰ ਤੇ ਪੰਜਾਬ ਵਿਚ ਰਹਿਣਗੇ । ਦੂਜਾ ਹਿੱਸਾ ਹਿੰਦੀ ਬੋਲਦੇ ਇਲਾਕੇ ਹਰਿਆਣੇ ਨੂੰ ਦੇਣ ਦਾ ਉਹ ਫੈਸਲਾ ਨਾ ਕਰ ਸਕਿਆ। ਮੈਥਿਊ ਕਮਿਸ਼ਨ ਨੇ ਸੁਝਾਓ ਦਿੱਤਾ ਕਿ ਇਸ ਲਈ ਇਕ ਹੋਰ ਕਮਿਸ਼ਨ ਬਣਾਇਆ ਜਾਵੇ । ਉਨ੍ਹਾਂ ਦੇ ਸੁਝਾਓ ਦੇ ਮੁਤਾਬਿਕ ਇਕ ਹੋਰ ਨਵਾਂ ਕਮਿਸ਼ਨ ਬਣਾਇਆ ਗਿਆ । ਸਪੀਕਰ ਸਾਹਿਬ, ਮਹੀਨੇ ਡੇਢ ਮਹੀਨੇ ਦੇ ਦੌਰਾਨ, ਪੰਜਾਬ, ਹਰਿਆਣੇ ਅਤੇ ਸੈਂਟਰਲ ਗੌਰਮਿੰਟ ਨਾਲ ਕਈ ਮੀਟਿੰਗਾਂ ਹੋਈਆਂ ਅਤੇ ਇਹ ਕੋਸ਼ਿਸ਼ ਕੀਤੀ ਗਈ ਕਿ ਆਪਸ ਵਿਚ ਰਲ ਕੇ ਕੋਈ ਠੀਕ ਫੈਸਲਾ ਹੋ ਜਾਵੇ ਪਰ ਫੈਸਲਾ ਨਹੀਂ ਹੋ ਸਕਿਆ । ਵੈਂਕਟਰਮਈਆ ਕਮਿਸ਼ਨ ਦੀ ਰਿਪੋਰਟ ਅਖਬਾਰਾਂ ਵਿਚ ਛਪੀ ਹੈ ਜਿਸ ਬਾਰੇ ਅਹਿਮ ਵਿਚਾਰਾਂ ਹੋਈਆਂ ਹਨ ਔਰ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਸਹੀ ਹੱਲ ਨਿਕਲ ਆਵੇ । ਅਸੀਂ ਚਾਹੁੰਦੇ ਹਾਂ ਕਿ ਇਸ ਦਾ ਕੋਈ ਹੱਲ ਨਿਕਲ ਆਵੇ ਅਤੇ ਪੰਜਾਬ ਵਿਚ ਸ਼ਾਂਤੀ ਹੋਵੇ । ਹਿੰਦੁਸਤਾਨ ਦੇ ਹੋਮ ਮਨਿਸਟਰ ਰਾਤ 1.00 ਵਜੇ ਦੇ ਕਰੀਬ ਚੰਡੀਗੜ੍ਹ ਆਏ, ਉਨ੍ਹਾਂ ਨੇ ਮੀਟਿੰਗ ਚੀਫ ਮਨਿਸਟਰ ਸਾਹਿਬ ਨਾਲ ਕੀਤੀ ਔਰ ਅਸੀਂ ਵੀ ਦਿੱਲੀ ਜਾ ਕੇ ਕਈ ਮੀਟਿੰਗਾਂ ਕੀਤੀਆਂ। ਪੰਜਾਬ ਸਰਕਾਰ ਬੜੀ ਸੀਰੀਅਸਲੀ ਕੋਸ਼ਿਸ਼ ਕਰ ਰਹੀ ਹੈ। ਸਪੀਕਰ ਸਾਹਿਬ, ਕੁਝ ਐਸੀਆਂ ਤਰੁੱਟੀਆਂ ਹਨ ਔਰ ਮੈਂ ਸਮਝਦਾ ਹਾਂ ਕਿ ਉਸ ਨੂੰ ਹੱਲ ਕਰਨ ਵਾਸਤੇ ਸਾਰੇ ਹਾਊਸ ਦੇ ਮੈਂਬਰ ਸਾਹਿਬਾਨ ਦੀ ਮਦਦ ਦੀ ਜ਼ਰੂਰਤ ਪਏਗੀ । ਇਹ ਮਸਲਾ ਇਕ ਪਾਰਟੀ ਦਾ ਨਹੀਂ ਹੈ ਸਗੋਂ ਸਾਰੇ ਪੰਜਾਬ ਦਾ ਮਸਲਾ ਹੈ। ਇਸ ਮਸਲੇ ਨੂੰ ਹੱਲ ਕਰਨ ਵਾਸਤੇ ਹਜ਼ਾਰਾਂ ਲੋਕਾਂ ਨੇ ਕੁਰਬਾਨੀਆਂ ਕੀਤੀਆਂ । ਸ਼ਹੀਦ ਦਰਸ਼ਨ ਸਿੰਘ ਫੇਰੂਮਾਨ, ਸੰਤ ਫਤਿਹ ਸਿੰਘ, ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਅਕਾਲੀ ਦਲ ਦੀ ਪਾਰਟੀ ਨੇ ਕੁਰਬਾਨੀਆਂ ਕੀਤੀਆਂ ਅਤੇ ਬਾਕੀ ਸਾਰੀਆਂ ਪਾਰਟੀਆਂ ਨੇ ਵੀ ਅਵਾਜ਼ ਉਠਾਈ ਹੈ ਪਰ ਅਕਾਲੀ ਦਲ ਨੇ ਸਭ ਤੋਂ ਵਧ ਸਟਰਗਲ ਕੀਤੀ ਹੈ । ਉਸ ਸਟਰਗਲ ਕਰਕੇ ਹੀ ਸ੍ਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਅਕਾਰਡ ਹੋਇਆ ਹੈ। (ਵਿਘਨ) ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ

[ਵਿੱਤ ਮੰਤਰੀ]

ਹਾਂ ਕਿ ਜਿਹੜੀਆਂ ਤਰੁਟੀਆਂ ਹਨ, ਉਨ੍ਹਾਂ ਬਾਰੇ ਸਾਰੇ ਮੈਂਬਰ ਸਾਹਿਬਾਨ ਨੇ ਅਖਬਾਰਾਂ ਵਿਚ ਵੀ ਪੜ੍ਹਿਆ ਹੈ। ਅਸੀਂ ਪੂਰੀ ਕੋਸ਼ਿਸ਼ ਕੀਤੀ ਪਰ ਵੈਂਕਟਰਮਈਆ ਕਮਿਸ਼ਨ ਦੀ ਸਾਨੂੰ ਪੂਰੀ ਰਿਪੋਰਟ ਨਹੀਂ ਮਿਲੀ। ਅਸੀਂ ਸੋਚਿਆ ਸੀ ਕਿ ਜੋ ਕਮਿਸ਼ਨ ਦੀ ਰਿਪੋਰਟ ਹੈ ਅਤੇ ਜੋ ਬਿਲ ਬਣਿਆ ਹੈ, ਉਹ ਸਦਨ ਵਿਚ ਰੱਖ ਕੇ ਸਾਰਿਆਂ ਦੀ ਰਾਏ ਲਈ ਜਾਂਦੀ ਔਰ ਮੁੱਖ ਮੰਤਰੀ ਸਾਹਿਬ ਨੇ ਇਹ ਬੜਾ ਚੰਗਾ ਕੰਮ ਕੀਤਾ ਕਿ ਪੰਜਾਬ ਦੇ ਸਾਰੇ ਜਿਹੜੇ ਰਿਪ੍ਰੇਜ਼ੈਂਟੇਟਿਵਜ਼ ਹਨ, ਉਨ੍ਹਾਂ ਸਾਰਿਆਂ ਦੀ ਰਾਏ ਲਈ ਜਾਵੇ। ਪਰ ਸਾਨੂੰ ਉਹ ਰਿਪੋਰਟ ਨਹੀਂ ਮਿਲੀ। ਸਾਨੂੰ ਹੋਮ ਮਨਿਸਟਰ ਵਲੋਂ ਐਕਸਟਰੈਕਟਸ ਰਿਪੋਰਟ ਦੇ ਮਿਲੇ ਹਨ, ਜਿਹੜਾ ਫੈਸਲਾ ਸੀ, ਉਹ ਮਿਲਿਆ ਹੈ। ਪੰਜਾਬ ਸਰਕਾਰ ਨੇ ਕੈਬਨਿਟ ਦੀ ਮੀਟਿੰਗ ਬਿਠਾ ਕੇ ਉਸ ਤੇ ਵਿਚਾਰ ਕੀਤੀ ਔਰ ਜਿਹੜਾ ਬਿਲ ਭੇਜਿਆ ਹੈ, ਉਸ ਤੇ ਵਿਚਾਰ ਕੀਤੀ ਪਰ ਉਸ ਡਰਾਫਟ ਬਿਲ ਨਾਲ ਅਸੀਂ ਪੂਰਾ ਸਹਿਮਤ ਨਹੀਂ ਹੋਏ। ਰਿਪੋਰਟ ਵਿਚ ਬੜੀਆਂ ਖਾਮੀਆਂ ਹਨ, ਉਨ੍ਹਾਂ ਖਾਮੀਆਂ ਨੂੰ ਅਸੀਂ ਕਿਹਾ ਕਿ ਦੂਰ ਕਰੋ। ਮੈਂ ਤੁਹਾਨੂੰ ਕੈਬਨਿਟ ਦੇ ਡਿਸੀਜ਼ਨ ਦੱਸਣਾ ਚਾਹੁੰਦਾ ਹਾਂ। ਕੈਬਨਿਟ ਨੇ ਬੜਾ ਕਲੀਅਰ ਕੱਟ ਡਿਸ਼ੀਜ਼ਨ ਕੀਤਾ। ਮੈਂ ਹਾਊਸ ਨੂੰ, ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਸ੍ਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੇ ਵਿਚਕਾਰ ਸਮਝੌਤਾ ਹੋਇਆ ਹੈ, ਅਸੀਂ ਇਕ ਇਕ ਲਫਜ਼ ਦੀ ਪੂਰਤੀ ਚਾਹੁੰਦੇ ਹਾਂ। ਅਸੀਂ ਉਸ ਤੇ ਕੁਮਿਟਿਡ ਹਾਂ। ਪ੍ਰਾਈਮ ਮਨਿਸਟਰ ਜੀ ਨੇ ਵੀ ਕਿਹਾ ਕਿ ਅਸੀਂ ਕੁਮਿਟਿਡ ਹਾਂ। ਕੋਈ ਸੈਂਟਰਲ ਗੌਰਮਿੰਟ ਵਿਚ ਐਸਾ ਤੱਤ ਹੈ ਜਿਹੜਾ ਇਸ ਅਕਾਰਡ ਨੂੰ ਸੈਬੋਟੇਜ ਕਰ ਰਿਹਾ ਹੈ ਕਿ 26 ਜਨਵਰੀ ਨੂੰ ਚੰਡੀਗੜ੍ਹ ਸਾਨੂੰ ਨਾ ਮਿਲਦਾ ਔਰ ਹੁਣ 21 ਜੂਨ ਨੂੰ ਵੀ ਖੱਟੇ ਵਿਚ ਪਾਇਆ ਜਾ ਰਿਹਾ ਹੈ। ਸੈਂਟਰਲ ਗੌਰਮਿੰਟ ਵਿਚ ਇਕ ਫੋਰਸ ਹੈ ਜੋ ਕਿ ਪੰਜਾਬ ਨੂੰ ਖਰਾਬ ਕਰਨਾ ਚਾਹੁੰਦੀ ਹੈ। (ਥੰਪਿੰਗ) ਕਮਿਸ਼ਨ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਵਾਸਤੇ ਬਣਾਇਆ ਗਿਆ ਸੀ। ਚੰਡੀਗੜ੍ਹ ਬਦਲੇ ਹਿੰਦੀ ਬੋਲਦੇ ਇਲਾਕੇ ਦੱਸਣ ਬਾਰੇ ਕਿਹਾ ਸੀ ਪਰ ਵੈਂਕਟਰਮਈਆ ਕਮਿਸ਼ਨ ਨੇ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਪਰ ਇਸ ਤਰ੍ਹਾਂ ਫੈਸਲੇ ਕਰਕੇ ਖਰਾਬੀ ਹੁੰਦੀ ਹੈ। ਇਸ ਕਰਕੇ ਕੈਬਨਿਟ ਨੇ, ਸਪੀਕਰ ਸਾਹਿਬ, ਫੈਸਲਾ ਕੀਤਾ ਹੈ:

> "The Cabinet placed on record its deep sense of anguish to find that the Commission has made recommendations unwarranted by its terms of reference as also by the letter and spirit of the memorandum of settlement. The Punjab Government therefore, calls upon the Government of India to review the report of the Commission in accordance with the terms of reference given to the Commission and strike down the forces transgressing and violating these terms of reference".

ਸਪੀਕਰ ਸਾਹਿਬ, ਇਹ ਕੈਬਨਿਟ ਨੇ ਫੈਸਲਾ ਕੀਤਾ। ਜਿਹੜੀ ਚੀਜ਼ ਟਰਮਜ਼ ਆਫ ਰੈਫਰੈਂਸ ਦੇ ਮੁਤਾਬਿਕ ਹੈ, ਉਹ ਸਾਨੂੰ ਮਨਜ਼ੂਰ ਹੈ ਪਰ ਜਿਹੜੀ ਚੀਜ਼ ਟਰਮਜ਼ ਆਫ ਰੈਫਰੈਂਸ ਤੋਂ ਬਾਹਰ ਹੈ, ਉਹ ਸਾਨੂੰ ਨਾ-ਮਨਜ਼ੂਰ ਹੈ। ਮੈਂ ਸਾਹਮਣੇ ਬੈਠੇ ਵੀਰਾਂ ਨੂੰ ਕਹਾਂਗਾ ਕਿ ਉਹ ਸਾਡੀ ਇਸ ਵਿਚ ਮਦਦ ਕਰਨ ਜਿਹੜੀ ਚੀਜ਼ ਗਲਤ ਹੈ, ਉਹ ਕੱਟ ਦੇਣ ਔਰ ਜਿਹੜੀ ਸਹੀ ਹੈ, ਉਹ ਮੰਨ ਲੈਣ। ਵੈਂਕਟ-ਰਮਈਆ ਕਮਿਸ਼ਨ ਦੀ ਰਿਪੋਰਟ ਬਾਰੇ ਤੁਸੀਂ ਸਾਰਿਆਂ ਨੇ ਅਖਬਾਰਾਂ ਵਿਚ ਪੜ੍ਹਿਆ ਹੋਣਾ ਹੈ। ਜੋ ਕੰਮ ਵੈਂਕਟਰਮਈਆ ਕਮਿਸ਼ਨ ਨੂੰ ਸੌਂਪਿਆ ਗਿਆ ਸੀ ਉਸ ਨੇ ਉਹ ਬਿਲਕੁਲ ਨਹੀਂ ਕੀਤਾ। ਉਨ੍ਹਾਂ ਨੂੰ ਇਹ ਕੰਮ ਸੌਂਪਿਆ ਗਿਆ ਸੀ ਕਿ ਹਿੰਦੀ ਬੋਲਦੇ ਪਿੰਡ ਦਸੇ ਜਾਣ ਜੋ ਕਿ ਚੰਡੀਗੜ੍ਹ ਬਦਲੇ ਦਿੱਤੇ ਜਾਣੇ ਹਨ। ਮੈਂ ਸਮਝਦਾ ਹਾਂ ਕਿ ਜਿਹੜੀ ਰਿਪੋਰਟ ਹੈ, ਉਹ ਕੰਸਟੀਚੂਸ਼ਨ ਦੇ ਖਿਲਾਫ ਹੈ ਔਰ ਟਰਮਜ਼ ਆਫ ਰੈਫਰੈਂਸ ਦੇ ਖਿਲਾਫ ਹੈ, ਲੈਟਰ ਆਫ ਕੰਟੈਂਟ ਦੇ ਖਿਲਾਫ ਹੈ। ਸਪੀਕਰ ਸਾਹਿਬ, ਟਰਮਜ਼ ਆਫ ਰੈਫਰੈਂਸ ਦੀਆਂ ਦੋ ਚੀਜ਼ਾਂ ਖਿਲਾਫ ਹਨ। 70,000 ਏਕੜ ਰਕਬਾ ਹਰਿਆਣੇ ਨੂੰ ਦੇ ਦਿਓ। ਇਹ ਕਿਵੇਂ ਦੇ ਦਿਓ? ਫਾਜ਼ਿਲਕਾ ਦਾ 3 ਲੱਖ 90 ਹਜ਼ਾਰ ਏਕੜ ਹਿੰਦੀ ਸਪੀਕਿੰਗ ਏਰੀਆ

ਮਾਰਿਆ ਗਿਆ । ਇਸ ਲਈ ਘੱਟੋ ਘੱਟ 70,000 ਏਕੜ ਦੇਣਾ ਚਾਹੀਦਾ ਹੈ। ਦੁਨੀਆ ਵਿਚ ਕੋਈ ਵੀ ਜੱਜ ਇਸ ਤਰ੍ਹਾਂ ਦਾ ਫੈਸਲਾ ਨਹੀਂ ਕਰਦਾ । ਜੁਡੀਸ਼ਲ ਤੌਰ ਤੇ ਆਪਣਾ ਜਨਾਜ਼ਾ ਵੈਂਕਟਰਮਈਆ ਕਮਿਸ਼ਨ ਨੇ ਕਢਿਆ, ਹੋਰ ਕਿਸੇ ਨੇ ਨਹੀਂ ਕਢਿਆ (ਥੰਪਿੰਗ) ਉਨ੍ਹਾਂ ਨੇ ਇਕ ਚੀਜ਼ ਕਹੀ ਹੈ ਕਿ ਮੈਂ 30 ਪਿੰਡ ਲਭੇ ਹਨ । ਇਹ 1981 ਦੀ ਸੈਂਸਿਜ਼ ਦੇ ਮੁਤਾਬਿਕ ਹਿੰਦੀ ਸਪੀਕਿੰਗ ਦੇ ਹਨ। ਉਨ੍ਹਾਂ ਪਿੰਡਾਂ ਦਾ 45,000 ਏਕੜ ਰਕਬਾ ਬਣਦਾ ਹੈ । ਅਸੀਂ ਹਿੰਦੀ ਬੋਲਦੇ ਪਿੰਡ ਦੇਣੇ ਹੀ ਹਨ, ਚਾਹੇ ਪਹਿਲਾ ਕਮਿਸ਼ਨ ਔਰ ਚਾਹੇ ਦੂਜਾ ਕਮਿਸ਼ਨ ਦੇ ਦਿੰਦਾ। ਅਸੀਂ ਹਿੰਦੀ ਬੋਲਦੇ ਪਿੰਡ ਜੁੜਵੇਂ ਦੇਣੇ ਹਨ। ਟਰਮਜ਼ ਆਫ ਰੈਫਰੈਂਸ ਦੇ ਮੁਤਾਬਿਕ ਦੇਣੇ ਹਨ । ਅਸੀਂ ਇਸ ਗੱਲ ਲਈ ਕਲੀਅਰ ਹਾਂ ਔਰ ਸਾਨੂੰ ਇਸ ਗੱਲ ਤੇ ਇਤਰਾਜ਼ ਨਹੀਂ । ਪਰ ਵੈਂਕਟਰਮਈਆ ਕਮਿਸ਼ਨ ਨੇ ਰਿਪੋਰਟ ਕਰ ਦਿਤੀ ਕਿ 70,000 ਏਕੜ ਰਕਬਾ ਦੇ ਦਿਓ ਪਰ ਇਹ ਟਰਮਜ਼ ਆਫ ਰੈਫਰੈਂਸ ਦੇ ਖਿਲਾਫ ਹੈ। ਮੇਰੇ ਕੋਲ, ਸਪੀਕਰ ਸਾਹਿਬ, ਐਕਸ–ਟਰੈਕਟ ਹੈ, ਉਸ ਵਿਚ ਸਾਰੀਆਂ ਬੁਨਿਆਦੀ ਸ਼ਰਤਾਂ ਰਖੀਆਂ ਹਨ ਔਰ ਉਨ੍ਹਾਂ ਸਾਰੀਆਂ ਨੂੰ ਹੀ ਛੱਡ ਦਿਤਾ ਹੈ। ਜਦੋਂ ਉਹ ਕਹਿੰਦਾ ਹੈ ਕਿ 70,000 ਏਕੜ ਰਕਬਾ ਪੂਰਾ ਕਰਨ ਲਈ ਪੰਜਾਬ ਅਤੇ ਹਰਿਆਣੇ ਨੂੰ To settle this dispute amicably by identifying the villages to be transferred without insisting upon whether they are Hindi speaking or Punjabi speaking. ਏਥੇ ਜਨਾਜ਼ਾ ਕੱਢ ਦਿੱਤਾ। ਉਹ ਕਹਿੰਦਾ ਹੈ ਕਿ ਇਲਾਕਾ ਭਾਵੇਂ ਹਿੰਦੀ ਬੋਲਦਾ ਹੋਵੇ ਅਤੇ ਭਾਵੇਂ ਪੰਜਾਬੀ ਬੋਲਦਾ ਹੋਵੇ, 70,000 ਏਕੜ ਪੂਰਾ ਕਰ ਦੇਣਾ ਚਾਹੀਦਾ ਹੈ ਤਾਂ ਹੀ ਇਨਸਾਫ ਹੁੰਦਾ ਹੈ। ਮੈਂ ਆਪਣੇ ਦੋਸਤਾਂ ਨੂੰ ਜਿਹੜੇ ਪਰਲੇ ਪਾਸੇ ਵੱਲ ਬੈਠੇ ਹਨ, ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਗਲ ਨੂੰ ਸਪੋਰਟ ਕਰਨਗੇ ਅਤੇ ਕੀ ਇਹ ਚੀਜ਼ ਟਰਮਜ਼ ਆਫ ਰੈਫਰੈਂਸ ਅਤੇ ਮੈਮੋਰੰਡਮ ਆਫ ਸੈਟਲਮੈਂਟ, ਜਿਸ ਤੇ ਸ੍ਰੀ ਰਾਜੀਵ ਗਾਧੀ ਨੇ ਦਸਖਤ ਕੀਤੇ ਹਨ, ਉਸ ਦੇ ਅਨੁਕੂਲ ਹੈ ? ਉਸ ਅਕਾਰਡ ਤੇ ਜਿਸ ਤੇ ਸੰਤ ਲੌਂਗੋਵਾਲ ਜੀ ਦੇ ਲਹੂ ਨਾਲ ਦਸਖਤ ਹੋਏ ਹੋਏ ਹਨ, ਉਸ ਨੂੰ ਲਾਗੂ ਕਰਨ ਲਈ ਸਾਡੀ ਪਾਰਟੀ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਅਸੀਂ ਉਸ ਦੀ ਵਾਇਉਲੇਸ਼ਨ ਬਿਲਕੁਲ ਵੀ ਬਰਦਾਸ਼ਤ ਨਹੀਂ ਕਰ ਸਕਦੇ ਅਤੇ ਅਸੀਂ ਉਸ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਹਾਂ। ਇਹ ਰਿਪੋਰਟ ਵਿਧਾਨ ਦੇ ਵੀ ਖਿਲਾਫ ਹੈ। ਇਸਦੇ ਅਖੀਰਲੇ ਹਿੱਸੇ ਵਿੱਚ ਵੈਂਕਟਰਮਈਆ ਕਹਿੰਦੇ ਹਨ ਕਿ 70,000 ਏਕੜ ਦਾ ਰਕਬਾ ਦੇ ਦਿਓ ਮੇਰੇ ਦੋਸਤਾਂ ਨੇ ਕਹਿ ਦਿੱਤਾ ਕਿ ਸਾਨੂੰ ਇਹ ਰਿਪੋਰਟ ਸਾਰੀ ਦੀ ਸਾਰੀ ਮਨਜ਼ੂਰ ਹੈ। ਉਸ ਨੇ ਇਕ ਡਾਇਰੈਕਸ਼ਨ ਦਿੱਤੀ ਹੈ (ਵਿਘਨ) (ਸ਼ੋਰ) ।

ਮੈਂ ਆਪਣੇ ਦੋਸਤਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਵਿੱਚ ਇਕ ਕੰਸਟਰਕਟਿਵ ਐਟੀ-ਚਿਊਡ ਦੀ ਜ਼ਰੂਰਤ ਹੈ। ਇਹ ਸਿਰਫ ਹਿੰਦੂਆਂ ਦਾ ਸਵਾਲ ਨਹੀਂ, ਸਿੱਖਾਂ ਦਾ ਸਵਾਲ ਨਹੀਂ, ਇਹ ਸਾਰੇ ਪੰਜਾਬੀਆਂ ਦਾ ਸਵਾਲ ਹੈ । ਇਸਦਾ ਦੂਸਰਾ ਹਿੱਸਾ ਕਾਂਸਟੀਚਿਊਸ਼ਨ ਦੀ ਉਲੰਘਣਾ ਵੀ ਕਰਦਾ ਹੈ । ਇਹ ਇਕ ਬੜੀ ਸ਼ਰਮਨਾਕ ਗੱਲ ਹੈ ਕਿ ਇਕ ਜੱਜ ਕਾਂਸਟੀਚਿਊਸ਼ਨ ਦੀ ਉਲੰਘਣਾ ਕਰਦਾ ਹੋਇਆ ਕੋਈ ਸੁਜੈਸ਼ਨ ਦੇਵੇ । ਉਹ ਡਾਇਰੈਕਸ਼ਨ ਹੈ ਕਿ ਜਿੰਨਾ ਚਿਰ ਹਰਿਆਣਾ 5 ਸਾਲ ਤੱਕ ਚੰਡੀਗੜ੍ਹ ਵਿੱਚ ਆਪਣੀ ਕੈਪੀਟਲ ਰਖੇਗਾ, ਉਸ ਵਕਤ ਤੱਕ ਇਥੇ ਪੁਲਿਸ ਸੈਂਟਰਲ ਗੌਰਮਿੰਟ ਦੀ ਰਹੇਗੀ । ਕੀ ਇਕ ਸੂਬੇ ਵਿੱਚ 2 ਅਥਾਰਿਟੀਜ਼ ਰਹਿ ਸਕਦੀਆਂ ਹਨ ? Can there be two authorities ? This is against the Constitution.

[ਵਿੱਤ ਮੰਤਰੀ]

ਇਹ ਗੱਲ ਵਿਧਾਨ ਦੇ ਬਿਲਕੁਲ ਖਿਲਾਫ ਹੈ ਅਤੇ ਅਸੀਂ ਇਸ ਨੂੰ ਬਿਲਕੁਲ ਨਹੀਂ ਮੰਨਦੇ। (ਥੰਪਿੰਗ) ਏਸੇ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਸ ਗੱਲ ਨੂੰ ਬਿਲਕੁਲ ਨਹੀਂ ਮੰਨਦੇ। ਏਸੇ ਕਰਕੇ ਸਾਡੀ ਕੈਬੀਨੇਟ ਦਾ ਰੈਜ਼ੋਲਿਊਸ਼ਨ ਹੈ ਕਿ ਜਿਹੜੀ ਵੀ ਚੀਜ਼ ਟਰਮਜ਼ ਆਫ ਰੈਫਰੈਂਸ ਦੇ ਖਿਲਾਫ ਹੈ, ਉਹ ਸਟਰਾਈਕ-ਡਾਊਨ ਕਰੋ ਅਤੇ ਜਿਹੜੀਆਂ ਚੀਜ਼ਾਂ ਲੈਟਰ ਐਂਡ ਸਪਿਰਿਟ ਦੇ ਮੁਤਾਬਿਕ ਹਨ, ਮੈਮੋਰੰਡਾ ਆਫ ਸੈਟਲਮੈਂਟ ਦੇ ਮੁਤਾਬਿਕ ਹਨ, ਉਨ੍ਹਾਂ ਦੇ ਅਸੀਂ ਨਾਲ ਹਾਂ, ਅਸੀਂ ਉਨ੍ਹਾਂ ਤੇ ਅੰਗੂਠਾ ਲਾਉਣ ਲਈ ਤਿਆਰ ਹਾਂ, ਉਹ ਗੱਲਾਂ ਸਾਨੂੰ ਮਨਜ਼ੂਰ ਹਨ, ਦੂਜੀਆਂ ਨਹੀਂ। ਮੈਮੋਰੰਡਾ ਆਫ ਸੈਟਲਮੈਂਟ ਤੇ ਅਕਾਲੀ ਦਲ ਵੀ ਵਚਨ-ਬੱਧ ਹੈ, ਕਾਂਗਰਸ ਵੀ ਵਚਨ-ਬੱਧ ਹੈ। ਅਸੀਂ ਸਾਰੇ ਇਸ ਇਸ਼ੂ ਤੇ ਤਾਂ ਇਲੈਕਸ਼ਨ ਲੜ ਕੇ ਆਏ ਹਾਂ। ਕੀ ਹੋਇਆ ਜੇ ਅੱਜ ਸਾਡੇ ਕੁਝ ਭਰਾ ਸਾਡੇ ਤੋਂ ਅੱਡ ਹੋ ਗਏ ਹਨ। ਸਾਨੂੰ ਉਨ੍ਹਾਂ ਦੇ ਜਾਣ ਨਾਲ ਨੁਕਸਾਨ ਵੀ ਹੋਇਆ ਹੈ ਅਤੇ ਜੇ ਉਹ ਬੁਰਾ ਨਾ ਮੰਨਣ ਤਾਂ ਮੈਂ ਇਹ ਵੀ ਕਹਾਂਗਾ ਕਿ ਸਾਡੀ ਸ਼ਕਤੀ ਵਿੱਚ ਘਾਟਾ ਵੀ ਹੋਇਆ ਹੈ, ਪੰਜਾਬ ਦੇ ਇੰਟਰੈਸਟ ਦਾ ਅਹਿਤ ਹੋਇਆ ਹੈ। ਪੰਜਾਬ ਦੇ ਇੰਟਰੈਸਟ ਨੂੰ ਬਚਾਉਣ ਦੀ ਸਿਰਫ ਅਕਾਲੀ ਦਲ ਦੀ ਹੀ ਜ਼ਿੰਮੇਵਾਰੀ ਨਹੀਂ, ਇਸ ਲਈ ਕਾਂਗਰਸ, ਸੀ.ਪੀ.ਆਈ., ਬੀ.ਜੇ.ਪੀ., ਜਨਤਾ ਪਾਰਟੀ ਵੀ ਅਤੇ ਜਿਹੜੇ ਮੇਰੇ ਵੀਰ ਉਧਰ ਬੈਠੇ ਹਨ ਅਤੇ ਜਿਨ੍ਹਾਂ ਨੇ ਥੋੜ੍ਹੇ ਦਿਨਾਂ ਨੂੰ ਇਧਰ ਆਉਣਾ ਹੈ, ਉਨਾਂ ਦੀ ਵੀ ਜ਼ਿੰਮੇਵਾਰੀ ਹੈ। (ਥੰਪਿੰਗ)

ਕੁਝ ਆਵਾਜ਼ਾਂ : ਤੁਸੀਂ ਹੀ ਇਧਰ ਆ ਜਾਓ।

ਵਿੱਤ ਮੰਤਰੀ : ਅਸੀਂ ਆ ਜਾਂਦੇ ਹਾਂ। ਸਾਨੂੰ ਤਾਂ ਕੋਈ ਗੱਲ ਨਹੀਂ। ਸਰ, ਮੈਂ ਇਸ ਤੋਂ ਬਾਅਦ ਜ਼ਿਆਦਾ ਤਾਂ ਕੁਝ ਨਹੀਂ ਕਹਿਣਾ ਚਾਹੁੰਦਾ। ਸਾਡੀ ਗੱਲ ਬਾਤ ਦਿੱਲੀ ਨਾਲ ਚਲ ਰਹੀ ਹੈ। ਰਾਤ ਵੀ ਮੀਟਿੰਗ ਹੋਈ ਸੀ। ਸਰਦਾਰ ਬੂਟਾ ਸਿੰਘ, ਹੋਮ-ਮਨਿਸਟਰ ਏਥੇ ਆਏ ਸੀ। ਉਨ੍ਹਾਂ ਨਾਲ ਦਿੱਲੀ ਵਿੱਚ ਵੀ ਮੀਟਿੰਗਜ਼ ਹੋਈਆਂ ਹਨ। ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਕੋਈ ਸਹੀ ਸੋਲਿਊਸ਼ਨ ਮਿਲ ਜਾਵੇ। ਮੈਂ ਸਮਝਦਾ ਹਾਂ ਕਿ ਕੋਈ ਐਸਾ ਸੋਲਿਊਸ਼ਨ ਮਿਲ ਜਾਵੇ ਜਿਹੜਾ ਸਾਡੀ ਸਟੇਟ ਦੇ ਹਿਤ ਵਿੱਚ ਹੋਵੇ, ਸਹੀ ਸੋਲਿਊਸ਼ਨ ਹੋਵੇ, ਜਸਟੀਫਾਈਡ ਸੋਲਿਊਸ਼ਨ ਹੋਵੇ, ਕਾਂਸਟੀਚਿਊਸ਼ਨ ਦੇ ਮੁਤਾਬਿਕ, ਮੈਮੋਰੰਡਾ ਆਫ ਸੈਟਲਮੈਂਟ ਦੇ ਮੁਤਾਬਿਕ, ਟਰਮਜ਼ ਆਫ ਰੈਫਰੈਂਸ ਦੇ ਮੁਤਾਬਿਕ ਅਤੇ ਪੰਜਾਬ ਦੇ ਲੋਕਾਂ ਦੀਆਂ ਐਸਪੀਰੇਸ਼ਨਜ਼ ਦੇ ਮੁਤਾਬਿਕ ਜਿਸ ਲਈ ਉਨ੍ਹਾਂ ਏਨੀ ਸਟਰਗਲ ਕੀਤੀ ਹੈ, ਅਨੁਕੂਲ ਹੋਵੇ ਅਤੇ ਉਨ੍ਹਾਂ ਦੇ ਖਿਲਾਫ ਨਾ ਹੋਵੇ। ਇਸ ਦੇ ਨਾਲ ਹੀ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ (ਮੁਕਤਸਰ) : ਸਪੀਕਰ ਸਾਹਿਬ, ਅੱਜ ਏਥੇ ਸਰਦਾਰ ਬਲਵੰਤ ਸਿੰਘ ਜੀ ਨੇ ਬੜੇ ਜ਼ੋਰ ਸ਼ੋਰ ਨਾਲ ਰਿਪੋਰਟ ਬਾਰੇ ਜ਼ਿਕਰ ਕੀਤਾ ਹੈ ਲੇਕਿਨ ਬਹੁਤ ਸਾਰੀਆਂ ਗੱਲਾਂ ਜਿਸ ਰੈਫਰੈਂਸ ਨਾਲ ਕੀਤੀਆਂ ਗਈਆਂ ਹਨ, ਉਹ ਖੁਲ੍ਹ ਕੇ ਨਹੀਂ ਦੱਸੀਆਂ। ਗੱਲ ਏਥੇ ਆਈ ਸੀ ਅਕਾਰਡ ਦੀ। ਅਕਾਰਡ ਦੇ ਅਧੀਨ 7.2 ਜਿਹੜੀ ਕਲਾਜ਼ ਹੈ, ਏਥੇ ਵੈਂਕਟਰਮਈਆ ਕਮਿਸ਼ਨ ਬਣਾਇਆ ਹੈ ਕਿ ਅਵਾਰਡ ਦਾ ਔਰ ਅਵਾਰਡ ਦੇ ਬਾਅਦ ਦੋਨੋਂ ਸਟੇਟਸ ਹਰਿਆਣਾ ਔਰ ਪੰਜਾਬ ਇਸ ਨੂੰ ਕਿਸ ਤਰ੍ਹਾਂ ਇਮਪਲੀਮੈਂਟ ਕਰਦੀਆਂ ਹਨ, ਇਹ ਤੀਸਰਾ ਹਿੱਸਾ ਆ ਜਾਂਦਾ ਹੈ। ਸਪੀਕਰ ਸਾਹਿਬ, ਤੁਸੀਂ ਵੀ ਜਾਣਦੇ ਹੋ ਕਿ ਕਿਸ ਦਲੇਰੀ ਨਾਲ ਔਰ ਹਿੰਮਤ ਨਾਲ ਸ੍ਰੀ ਰਾਜੀਵ ਗਾਂਧੀ, ਪ੍ਰਾਈਮ ਮਨਿਸਟਰ ਆਫ ਇੰਡੀਆ ਔਰ ਸੰਤ ਲੌਂਗੋਵਾਲ ਜੀ ਦੇ ਵਿਚਕਾਰ ਅਕਾਰਡ ਹੋਇਆ। ਇਸ ਅਕਾਰਡ ਵਿੱਚ ਜਿਸ ਵੇਲੇ ਇਹ ਸਾਰੀਆਂ ਟਰਮਜ਼ ਲਿਖੀਆਂ ਗਈਆਂ, ਕਲਾਜ਼ਾਂ ਰਖੀਆਂ ਗਈਆਂ, ਕੁਝ ਉਸ ਦੇ

ਵਿਚੋਂ ਪੂਰੀਆਂ ਹੋ ਗਈਆਂ ਹਨ ਅਤੇ ਕੁਝ ਤੇ ਐਕਸ਼ਨ ਲਿਆ ਜਾ ਰਿਹਾ ਹੈ। ਹੁਣ ਜਿਹੜੀ 7.2 ਕਲਾਜ਼ ਹੈ ......

ਕੁਝ ਅਵਾਜ਼ਾਂ : ਉਹ ਵੀ ਦੱਸ ਦਿਓ ਕਿ ਪੂਰੀ ਕਿਹੜੀ ਹੋਈ ਹੈ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਜੇ ਤੁਸੀਂ ਹੌਂਸਲੇ ਨਾਲ ਸੁਣੋਗੇ ਤਾਂ ਸਾਰਾ ਕੁਝ ਤੁਹਾਨੂੰ ਸੁਣਾਵਾਂਗੀ। ਜਿਹੜੀ ਕਲਾਜ਼ 7.2 ਹੈ, ਜਿਸ ਤੇ ਕਿ ਅੱਜ ਬਹਿਸ ਹੋ ਰਹੀ ਹੈ, ਉਹ ਵੀ ਅਕਾਰਡ ਦੀ ਕਲਾਜ਼ ਹੈ। ਤੁਸੀਂ ਇਹ ਅੱਛੀ ਤਰ੍ਹਾਂ ਜਾਣਦੇ ਹੋ ਕਿ ਇਸ ਅਕਾਰਡ ਨੂੰ ਸਾਈਨ ਕਰਨ ਤੋਂ ਬਾਅਦ ਸੰਤ ਲੌਂਗੋਵਾਲ ਜੀ ਸ਼ਹੀਦ ਹੋਏ। ਉਨ੍ਹਾਂ ਦੀ ਇਲੈਕਸ਼ਨ ਇਕ ਕਿੱਸਾ ਬਣ ਕੇ ਰਹਿ ਗਈ। ਉਸੇ ਅਕਾਰਡ ਨੂੰ ਲੈ ਕੇ ਇਹ ਸਾਰੇ ਇਲੈਕਸ਼ਨ ਲੜੇ, ਅਕਾਰਡ ਦੀ ਮਿਹਰਬਾਨੀ ਨਾਲ ਜਿਸ ਨੂੰ ਕਿ ਹੁਣ ਕੁਝ ਮੇਰੇ ਵੀਰਾਂ ਨੇ ਅਪਨਾਉਣ ਤੋਂ ਨਾਂਹ ਕਰ ਦਿੱਤੀ ਹੈ, ਉਸੇ ਕਰਕੇ ਇਲੈਕਸ਼ਨਾਂ ਜਿੱਤ ਕੇ ਆਏ ਹਨ ਅਤੇ ਉਸੇ ਚੋਣ ਮੈਨੀਫੈਸਟੋ ਨਾਲ ਏਥੇ ਬੈਠੇ ਹਨ ਅਤੇ ਫੇਰ ਕਹਿੰਦੇ ਹਨ ਕਿ ਅਕਾਰਡ ਸਾਨੂੰ ਮੰਨਜ਼ੂਰ ਨਹੀਂ। ਅਕਾਰਡ ਦੇ ਵਿੱਚ, ਸਪੀਕਰ ਸਾਹਿਬ, ਜੋ ਸਭ ਤੋਂ ਅਖੀਰਲੀ ਲਾਈਨ ਉਨ੍ਹਾਂ ਨੇ ਲਿਖੀ ਹੈ, ਉਹ ਇਸ ਤਰ੍ਹਾਂ ਹੈ ਕਿ :—

"This settlement brings to an end a period of confrontation and ushers in an era of amity, goodwill and co-operation which will promote and strengthen the unity and integrity of India."

ਤੁਸੀਂ ਉਸ ਦਾ ਨਤੀਜਾ ਦੇਖ ਰਹੇ ਹੋ। ਅੱਜ ਹੀ ਏਥੇ ਚੀਫ਼ ਮਨਿਸਟਰ ਸਾਹਿਬ ਨੇ ਸਟੇਟਮੈਂਟ ਦਿੱਤੀ ਹੈ। ਉਹਦੇ ਨਾਲ ਮਾਈਗਰੇਸ਼ਨ ਕਿਸ ਤਰ੍ਹਾਂ ਹੋ ਰਹੀ ਹੈ, ਕਿਸ ਤਰ੍ਹਾਂ ਲੋਕ ਮਾਰੇ ਜਾ ਰਹੇ ਹਨ। ਰੋਜ਼ ਤੁਸੀਂ ਅਖਬਾਰਾਂ ਵਿੱਚ ਪੜ੍ਹਦੇ ਹੋ। ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਹਿੰਦੂ–ਸਿੱਖ ਵਿੱਚ ਇਕ ਬੜਾ ਵੱਡਾ ਪਾੜ ਪੈਂਦਾ ਜਾ ਰਿਹਾ ਹੈ। ਫੇਰ ਵੀ ਮੇਰੇ ਵੀਰ ਜਿਹੜੇ ਇਥੇ ਬੈਠੇ ਹਨ ਅਤੇ ਅਕਾਰਡ ਦੇ ਹੀ ਸਦਕਾ ਇਲੈਕਸ਼ਨ ਜਿੱਤ ਕੇ ਆਏ ਹਨ, ਲੋਕਾਂ ਨੇ ਇਨ੍ਹਾਂ ਨੂੰ 73 ਸੀਟਾਂ ਦੇ ਕੇ ਭੇਜਿਆ ਹੈ, ਉਹੀ ਆਪਣੀ ਪਾਰਟੀ ਦੇ ਆਪੋਜ਼ੀਸ਼ਨ ਵਿੱਚ ਬੈਠੇ ਹਨ। ਤੁਸੀਂ ਲੋਕਾਂ ਦੇ ਦਿਲਾਂ ਨੂੰ ਰੋਂਦ ਕੇ ਰੱਖ ਦਿੱਤਾ ਹੈ। ਮੇਰਾ ਖਿਆਲ ਹੈ ਕਿ ਲੋਕ ਅੱਗੇ ਤੋਂ ਅਜਿਹੀ ਗਲਤੀ ਨਹੀਂ ਕਰਨਗੇ।

ਸਪੀਕਰ ਸਾਹਿਬ, ਮੈਂ ਪੰਜਾਬ ਅਕਾਰਡ ਦੀ ਗੱਲ ਕੀਤੀ ਸੀ ਔਰ ਇਸ ਬਾਰੇ ਮੈਂ ਹਾਊਸ ਨੂੰ ਇਕ ਗੱਲ ਪੂਰੀ ਤਰ੍ਹਾਂ ਔਰ ਖੁਲ੍ਹੇ ਤੌਰ ਤੇ ਦੱਸ ਦੇਣਾ ਚਾਹੁੰਦੀ ਹਾਂ ਕਿ ਰਾਜੀਵ ਗਾਂਧੀ ਜੀ ਇਸ ਅਕਾਰਡ ਨੂੰ ਲਾਗੂ ਕਰਨ ਲਈ ਬਿਲਕੁਲ ਸਿਨਸੀਅਰ ਹਨ।

(ਅਕਾਲੀ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਵਲੋਂ "ਝੂਠ", "ਝੂਠ" ਦੀਆਂ ਆਵਾਜ਼ਾਂ) ਇਹ ਬਦਕਿਸਮਤੀ ਦੀ ਗੱਲ ਹੈ ਕਿ ਅਕਾਲੀ ਪਾਰਟੀ ਦੀ ਅਪਰੋਚ ਹਮੇਸ਼ਾ ਐਜੀਟੇਸ਼ਨਲ ਅਪਰੋਚ ਰਹੀ ਹੈ ਔਰ ਜਦੋਂ ਵੀ ਇਨ੍ਹਾਂ ਨੇ ਐਜੀਟੇਸ਼ਨ ਕੀਤੀ, ਇਨ੍ਹਾਂ ਨੇ ਹਮੇਸ਼ਾਂ ਕੁਝ ਨਾ ਕੁਝ ਗਵਾਇਆ ਹੀ ਹੈ। ਕੋਈ ਵਕਤ ਸੀ ਜਦੋਂ ਪੰਜਾਬ ਅਫਗਾਨਿਸਤਾਨ ਤੱਕ ਹੁੰਦਾ ਸੀ। (ਵਿਘਨ) (ਸ਼ੋਰ)

ਜੋ ਕਿਸੇ ਨੂੰ ਹਿਸਟਰੀ ਦਾ ਪਤਾ ਨਹੀਂ ਹੈ ਤਾਂ ਉਹ ਚੁੱਪ ਕਰਕੇ ਬੈਠੇ। (ਸ਼ੋਰ) ਫਰੰਟੀਅਰ ਦੇ ਇਲਾਕਿਆਂ ਤੱਕ ਫੈਲਿਆ ਪੰਜਾਬ ਪੰਜਾਬੀ ਸੂਬਾ ਬਣਨ ਨਾਲ ਹੋਰ ਛੋਟਾ ਹੋ ਗਿਆ ਅਤੇ ਹਰਿਆਣਾ ਬਣ ਗਿਆ। ਮੇਰੇ ਕਹਿਣ ਦਾ ਮਤਲਬ ਹੈ ਕਿ ਜਦੋਂ ਜਦੋਂ ਵੀ ਇਨ੍ਹਾਂ ਨੇ ਐਜੀਟੇਸ਼ਨਲ ਅਪਰੋਚ ਕੀਤੀ, ਇਨ੍ਹਾਂ ਨੇ ਕੁਝ ਨਾ ਕੁਝ ਗਵਾਇਆ ਹੈ। ਸਰਦਾਰ ਬਲਵੰਤ ਸਿੰਘ ਨੇ ਇਥੇ ਜ਼ਿਕਰ ਕੀਤਾ ਸੀ ਸੰਤ

[ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ]

ਫਤਹਿ ਸਿੰਘ ਦੇ ਬਾਰੇ। ਉਨ੍ਹਾਂ ਦੀ ਸ਼ਹਾਦਤ ਵਾਸਤੇ ਅਗਨ ਕੁੰਡ ਬਣ ਗਏ, ਸੰਗਲ ਲਗ ਗਏ ਲੇਕਿਨ ਰਿਜ਼ਲਟ ਕੀ ਨਿਕਲਿਆ। (ਇਸ ਵਕਤ ਹਾਊਸ ਵਿਚ ਸ਼ੋਰ ਪੈ ਰਿਹਾ ਸੀ) ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਚੰਗੀ ਤਰ੍ਹਾਂ ਯਾਦ ਹੋਵੇਗਾ ਕਿ ਜਦੋਂ ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਸੀ, ਉਦੋਂ ਇਹ ਉਨ੍ਹਾਂ ਦੇ ਨਾਲ ਜਾ ਕੇ ਸ੍ਰੀਮਤੀ ਇੰਦਰਾ ਗਾਂਧੀ ਦੇ ਕੋਲ ਇਹ ਗੱਲ ਮੰਨ ਕੇ ਆਏ ਕਿ ਅਸੀਂ ਅਬੋਹਰ ਅਤੇ ਫਾਜ਼ਿਲਕਾ ਦੇ ਦੋਵੇਂ ਟਾਊਨ ਔਰ 105 ਪਿੰਡ ਦੇਣ ਨੂੰ ਤਿਆਰ ਹਾਂ। ਹੁਣ ਇਹ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। (ਸ਼ੋਰ) ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਪਾਕਿਸਤਾਨ ਵਿਚੋਂ ਕਿਵੇਂ ਸਿੱਖਾਂ ਨੇ ....

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਪਰਸਨਲ ਐਕਸਪਲੇਨੇਸ਼ਨ, ਸਰ।

ਸ੍ਰੀ ਸਪੀਕਰ : ਪਰਸਨਲ ਐਕਸਪਲੇਨੇਸ਼ਨ ਬਾਅਦ ਵਿਚ, ਬਾਦਲ ਸਾਹਿਬ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਤੁਹਾਨੂੰ ਯਾਦ ਹੋਵੇਗਾ ਕਿ ਪਾਕਿਸਤਾਨ ਵਿਚ ਕਿਸ ਤਰ੍ਹਾਂ ਸਿੱਖਾਂ ਨੇ ਮਿੰਟਗੁਮਰੀ ਅਤੇ ਮੁਲਤਾਨ ਦੀਆਂ ਬਾਰਾਂ ਆਬਾਦ ਕੀਤੀਆਂ ਔਰ ਬਾਦ ਵਿਚ ਕਿਸ ਤਰ੍ਹਾਂ ਉਥੋਂ ਉਜੜ ਕੇ ਆਏ। ਹੁਣ ਮੈਂ ਤੁਹਾਨੂੰ ਯਾਦ ਕਰਾਉਂਦੀ ਹਾਂ ਕਿ ਕਿਸ ਤਰ੍ਹਾਂ ਤਰਾਈ ਦੇ ਇਲਾਕੇ ਨੂੰ ਜਿਥੇ ਕਿ ਮੱਛਰ ਅਤੇ ਘਾਹ ਤੋਂ ਬਿਨਾਂ ਕੁਝ ਹੁੰਦਾ ਹੀ ਨਹੀਂ ਸੀ, ਸਿੱਖਾਂ ਨੇ ਆਬਾਦ ਕੀਤਾ ਪਰ ਅੱਜ ਬੜੀ ਕੋਸ਼ਿਸ਼ ਹੋ ਰਹੀ ਹੈ ਕਿ ਪੰਜਾਬ ਵਿਚੋਂ ਹਿੰਦੂਆਂ ਨੂੰ ਕੱਢ ਕੇ ਉਸ ਤਰਾਈ ਦੇ ਇਲਾਕੇ ਵਿਚੋਂ ਸਿੱਖਾਂ ਨੂੰ ਕਢਵਾਇਆ ਜਾਵੇ।

ਸਪੀਕਰ ਸਾਹਬ, ਇਸ ਤੋਂ ਬਾਦ ਹੁਣ ਵੈਂਕਟਰਮਈਆ ਕਮਿਸ਼ਨ ਦੀ ਗੱਲ ਆਉਂਦੀ ਹੈ। ਇਹ ਕਮਿਸ਼ਨ ਜਿਹੜੇ ਹੁੰਦੇ ਹਨ, ਇਨ੍ਹਾਂ ਨੇ ਕਈ ਕੁਝ ਦੇਖਣਾ ਹੁੰਦਾ ਹੈ। ਹਿਸਟਰੀ ਇਸ ਗੱਲ ਦੀ ਗਵਾਹ ਹੈ ਕਿ ਇਥੇ 5 ਕਮਿਸ਼ਨ ਬਣੇ। ਤੁਹਾਨੂੰ ਯਾਦ ਹੋਵੇਗਾ ਕਿ ਜਿਹੜਾ ਪਹਿਲਾ ਕਮਿਸ਼ਨ ਬਣਿਆ ਸੀ, ਉਸ ਨੇ ਹਿੰਦੁਸਤਾਨ-ਪਾਕਿਸਤਾਨ ਬਣਾ ਦਿੱਤਾ। ਫਿਰ ਫਜ਼ਲ ਅਲੀ ਕਮਿਸ਼ਨ ਬਣਿਆ। ਫਿਰ ਸ਼ਾਹ ਕਮਿਸ਼ਨ ਬਣਿਆ। ਉਸ ਤੋਂ ਬਾਅਦ ਮੈਥਿਊ ਕਮਿਸ਼ਨ ਬਣਿਆ ਤੇ ਹੁਣ ਵੈਂਕਟਰਮਈਆ ਕਮਿ-ਸ਼ਨ ਬਣਿਆ। ਮੈਂ ਪਿਛਲਾ ਰੈਫਰੈਂਸ ਦੇਣ ਲਈ ਇਹ ਸਾਰਾ ਕੁਝ ਦੱਸ ਰਹੀ ਹਾਂ। ਸ਼ਾਹ ਕਮਿਸ਼ਨ ਨੇ 2 ਸ਼ਹਿਰ ਅਤੇ 105 ਪਿੰਡ ਹਰਿਆਣੇ ਨੂੰ ਦੇਣ ਦਾ ਫੈਸਲਾ ਦਿੱਤਾ ਸੀ ਔਰ ਇਹ ਸਾਰਾ ਏਰੀਆ 3.59 ਲੱਖ ਏਕੜ ਬਣਦਾ ਸੀ ਜਿਹੜਾ ਕਿ ਇਹ (ਅਕਾਲੀ ਪਾਰਟੀ ਵੱਲ ਇਸ਼ਾਰਾ) ਖੁਸ਼ੀ ਖੁਸ਼ੀ ਦੇਣ ਨੂੰ ਤਿਆਰ ਸਨ। ਮੈਥਿਊ ਕਮਿਸ਼ਨ ਨੇ 3 ਲੱਖ ਏਕੜ ......

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਇਹ ਗਲਤ ਬਿਆਨੀ ਕਰ ਰਹੇ ਹਨ। ਉਸ ਵਕਤ ਜੋ ਵੀ ਫੈਸਲਾ ਹੋਇਆ, ਉਹ ਜਿਸ ਤਰ੍ਹਾਂ ਕਿ ਬਾਦਲ ਸਾਹਿਬ ਵੀ ਕਹਿਣਾ ਚਾਹੁੰਦੇ ਸਨ, ਸੰਤ ਫਤਹਿ ਸਿੰਘ ਦੀ ਜਾਨ ਬਚਾਉਣ ਦੀ ਖਾਤਰ ਹੋਇਆ ਸੀ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਮੈਥਿਊ ਕਮਿਸ਼ਨ ਨੇ 83 ਪਿੰਡ ਅਤੇ 2 ਸ਼ਹਿਰ ਦੇਣੇ ਮੰਨਜ਼ੂਰ ਕੀਤੇ ਲੇਕਿਨ ਜਿਸ ਤਰ੍ਹਾਂ ਕਿ ਤੁਸੀਂ ਜਾਣਦੇ ਹੀ ਹੋ, ਕੰਦੂ ਖੇੜਾ ਅਤੇ ਬਜੀਦਪੁਰ ਦੀ ਵਜ੍ਹਾ ਕਰਕੇ ਨਹੀਂ ਦਿੱਤੇ ਜਾ ਸਕੇ। ਇਹ ਦੋਵੇਂ ਪਿੰਡ ਪੰਜਾਬੀ ਬੋਲਦੇ ਇਲਾਕੇ ਹਨ ਜਿਥੇ ਕਿ ਜਿਆਦਾ ਕਰਕੇ ਲਾਹੌਰੀਏ ਵਸਦੇ ਹਨ ਜੋ ਕਿ ਪਾਸਿਤਾਨ ਵਿਚੋਂ ਉਜੜ ਕੇ ਆਏ ਸਨ। ਜਿਸ ਵਕਤ ਗਿਆਨੀ ਕਰਤਾਰ ਸਿੰਘ ਮਨਿਸਟਰ ਸੀ, ਉਸ ਵਕਤ ਇਨ੍ਹਾਂ ਲੋਕਾਂ ਨੂੰ ਉਥੇ ਵਸਾਇਆ

ਗਿਆ ਸੀ। ਉਸ ਵੇਲੇ ਹਿੰਦੀ ਰੀਜਨ ਅਤੇ ਪੰਜਾਬੀ ਰੀਜਨ ਦੀਆਂ ਗੱਲਾਂ ਚਲਦੀਆਂ ਸਨ। ਮੈਥਿਊ ਕਮਿਸ਼ਨ ਨੇ ਜਿਸ ਤਰ੍ਹਾਂ ਕਿ ਮੈਂ ਪਹਿਲਾਂ ਦੱਸ ਰਹੀ ਸੀ, 3 ਲੱਖ ਏਕੜ ਜ਼ਮੀਨ ਹਰਿਆਣੇ ਨੂੰ ਦੇਣੀ ਚਾਹੀ ਸੀ ਜੋ ਕਿ ਇਨ੍ਹਾਂ ਪੰਜਾਬੀ ਬੋਲਦੇ ਪਿੰਡਾਂ ਕਰਕੇ ਨਹੀਂ ਦਿੱਤੀ ਜਾ ਸਕੀ। ਫਿਰ ਵੈਂਕਟਰਮਈਆ ਕਮਿਸ਼ਨ ਆਇਆ ਤਾਂ ਭਜਨ ਲਾਲ ਨੇ 483 ਪਿੰਡਾਂ ਦੀ ਮੰਗ ਕੀਤੀ। ਇਹ ਏਰੀਆ 4.05 ਲੱਖ ਏਕੜ ਬਣਦਾ ਹੈ। ਕਮਿਸ਼ਨ ਨੂੰ ਸਾਰਾ ਕੁਝ ਦੇਖਣਾ ਪੈਂਦਾ ਹੈ। ਇਨ੍ਹਾਂ ਨੇ (ਅਕਾਲੀ ਪਾਰਟੀ ਵੱਲ ਇਸ਼ਾਰਾ) 15,000 ਏਕੜ ਜ਼ਮੀਨ ਆਫਰ ਕੀਤੀ ਸੀ। ਸਰਦਾਰ ਬਲਵੰਤ ਸਿੰਘ ਜੀ ਤੁਹਾਨੂੰ ਯਾਦ ਹੋਵੇਗਾ, ਤੁਸੀਂ ਇਹ ਚੀਜ਼ ਮੰਨੀ ਸੀ। ਉਹ ਜਿਹੜੀ 15,000 ਏਕੜ ਜ਼ਮੀਨ ਤੁਸੀਂ ਆਫਰ ਕੀਤੀ ਸੀ, ਉਹ ਤੁਸੀਂ ਐਕੁਆਇਰ ਕਰਕੇ ਅਤੇ ਡਿਵੈਲਪ ਕਰਕੇ ਦੇਣ ਲਈ ਮੰਨ ਗਏ ਸੀ। ਇਸ ਹਿਸਾਬ ਨਾਲ ਉਹ 15,000 ਏਕੜ ਜ਼ਮੀਨ ਦੇਣੀ ਸਾਨੂੰ ਬੜੀ ਮਹਿੰਗੀ ਪੈਣੀ ਸੀ। ਉਸ ਦੇ ਬਾਦ ਉਸ ਦੇ ਉਪਰ ਕੰਟਰੋਲ ਸਰਕਾਰ ਦਾ ਹੋਣਾ ਸੀ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰਖਦਿਆਂ ਹੋਇਆਂ ਵੈਂਕਟਰਮਈਆ ਕਮਿਸ਼ਨ ਨੇ 1961 ਦੀ ਸੈਂਸਿਜ਼ ਵੇਖੀ, 1971 ਦੀ ਵੇਖੀ ਅਤੇ ਫਿਰ 1981 ਦੀ ਸੈਂਸਿਜ਼ ਵੇਖੀ। ਉਨ੍ਹਾਂ ਦੀਆਂ ਫਿਗਰਜ਼ ਵੇਖੀਆਂ, ਉਨ੍ਹਾਂ ਨੂੰ ਕਨਸਲਟ ਕੀਤਾ। ਤੁਸੀਂ ਜਾਣਦੇ ਹੀ ਹੋ ਕਿ 1961 ਦੀ ਸੈਂਸਿਜ਼ ਪੰਜਾਬ ਨੂੰ ਮੰਨਜ਼ੂਰ ਨਹੀਂ ਸੀ ਅਤੇ 1981 ਦੀ ਸੈਂਸਿਜ਼ ਹਰਿਆਣੇ ਨੇ ਮਨਜ਼ੂਰ ਨਹੀਂ ਕੀਤੀ। ਸਪੀਕਰ ਸਾਹਿਬ, ਇਹ ਜਿਹੜੀ ਬਹਿਸ ਅੱਜ ਹੋ ਰਹੀ ਹੈ, ਇਹ ਕਿਸੇ ਖਾਸ ਬਿੱਲ ਤੇ ਨਹੀਂ ਹੋ ਰਹੀ, ਇਹ ਤਾਂ ਅਖਬਾਰਾਂ ਵਿਚੋਂ ਪੜ੍ਹੀਆਂ ਪੜ੍ਹਾਈਆਂ ਗੱਲਾਂ ਦੇ ਆਧਾਰ ਤੇ ਹੋ ਰਹੀ ਹੈ। ਇਨ੍ਹਾਂ ਨੇ ਫਿਰ 32 ਪਿੰਡ ਹਰਿਆਣੇ ਨੂੰ ਦੇਣ ਲਈ ਕਢੇ ਜਿਹੜੇ ਕਿ ਹਰਿਆਣੇ ਦੇ ਬਾਰਡਰ ਦੇ ਨਾਲ ਲਗਦੇ ਹਨ। ਜਦ ਵੈਂਕਟਰਮਈਆ ਕਮਿਸ਼ਨ ਦਾ ਫੈਸਲਾ ਆਇਆ ਤਾਂ ਫਿਰ ਇਨ੍ਹਾਂ ਨੇ ਕਿਹਾ ਕਿ ਅਸੀਂ 45,000 ਏਕੜ ਜ਼ਮੀਨ ਦੇਣ ਲਈ ਤਿਆਰ ਹਾਂ, ਇਹ ਹੁਣ ਲੈ ਲਵੋ ਅਤੇ ਬਾਕੀ 25,000 ਏਕੜ ਜ਼ਮੀਨ ਬਾਅਦ ਵਿਚ ਲੈ ਲਵੋ। ਅਕਾਰਡ ਵਿਚ ਇਹ ਲਿਖਿਆ ਹੋਇਆ ਹੈ ਕਿ ਇਹ ਤਬਾਦਲਾ ਸਾਈਮਲਟੇਨੀਅਸ ਹੋਵੇਗਾ। ਹੁਣ ਸਵਾਲ ਇਹ ਪੈਂਦਾ ਹੁੰਦਾ ਹੈ ਕਿ ਜੇ ਸਾਈਮਲਟੇਨੀਅਸ ਟ੍ਰਾਂਸਫਰ ਹੋਣੀ ਹੈ ਤਾਂ ਫਿਰ ਪੰਜਾਬ ਸਰਕਾਰ ਦੱਸੇ ਕਿ ਉਹ ਕਿਹੜੇ ਕਿਹੜੇ ਪਿੰਡ ਹਰਿਆਣੇ ਨੂੰ ਦੇਣ ਲਈ ਤਿਆਰ ਹੈ ? ਇਨ੍ਹਾਂ ਨੇ ਅਜੇ ਤੱਕ ਵੀ ਉਹ ਪਿੰਡ ਨਹੀਂ ਦੱਸੇ ਜਿਹੜੇ ਕਿ ਇਹ ਹਰਿਆਣੇ ਨੂੰ ਦੇਣ ਲਈ ਤਿਆਰ ਹਨ। ਇਸ ਤਰ੍ਹਾਂ ਕੋਈ ਗੱਲ ਨਹੀਂ ਬਣਦੀ (ਇਸ ਵਕਤ ਸਦਨ ਵਿਚ ਬਹੁਤ ਸ਼ੋਰ ਪੈ ਰਿਹਾ ਸੀ।) ਅਸੀਂ ਤਾਂ ਤਿਆਰ ਹਾਂ। ਅਸੀਂ ਤਾਂ ਹਰਿਆਣਾ ਤੇ ਪੰਜਾਬ ਇਕੱਠਾ ਕਰਨ ਨੂੰ ਵੀ ਤਿਆਰ ਹਾਂ। (ਇਸ ਵਕਤ ਸਦਨ ਵਿਚ ਸ਼ੋਰ ਪੈ ਰਿਹਾ ਸੀ) ਤੁਸੀਂ ਆਪਣੀਆਂ ਕੁਰਸੀਆਂ ਕਾਇਮ ਰੱਖਣ ਵਾਸਤੇ ਹੀ ਇਹ ਹਰਿਆਣਾ ਪੰਜਾਬ ਦੀ ਡਿਵੀਜ਼ਨ ਕੀਤੀ। ਇਹ ਸਾਰਾ ਕੁਝ ਸਿਰਫ ਰਾਜ ਕਰਨ ਦੀ ਖਾਤਰ ਹੀ ਕੀਤਾ ਗਿਆ, ਕਿਸੇ ਦੇ ਹਿੱਤ ਵਾਸਤੇ ਨਹੀਂ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਦ ਪੰਜਾਬੀ ਸੂਬਾ ਬਣਾਉਣ ਦੀ ਗੱਲ ਚਲ ਰਹੀ ਸੀ ਤਾਂ ਬਰਾੜ ਸਾਹਿਬ ਨੇ ਸਾਡੇ ਸਾਹਮਣੇ ਇਹ ਨੋਟ ਲਿਖਿਆ ਕਿ ਪੰਜਾਬੀ ਸੂਬਾ ਬਣਨਾ ਚਾਹੀਦਾ ਹੈ।

Mr. Speaker : Mrs. Brar to continue please.

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਅਗਰ ਕੋਈ ਹੁਣ ਕਮਿਸ਼ਨ ਬਣਦਾ ਹੈ ਤਾਂ ਉਹ ਲਵੇਗਾ 7.4 ਕਲਾਜ਼। ਉਹ ਇਸ ਕਲਾਜ਼ ਨੂੰ ਲਵੇਗਾ ਅਤੇ ਉਹ ਵਿਚਾਰ ਕਰੇਗਾ। ਹੁਣ, ਸਪੀਕਰ ਸਾਹਿਬ, ਗੱਲ ਇਹ ਆਉਂਦੀ ਹੈ ਕਿ ਇਨ੍ਹਾਂ ਨੇ ਟਰਮਜ਼ ਆਫ ਰੈਫਰੈਂਸ ਦਾ ਜ਼ਿਕਰ ਕੀਤਾ। ਸਰਦਾਰ ਬਲਵੰਤ

[ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ]

ਸਿੰਘ ਨੇ ਵੈਂਕਟਰਮਈਆ ਕਮਿਸ਼ਨ ਦੇ ਬਾਰੇ ਕਿਹਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਫ. ਐਮ. ਨੂੰ ਕਹਿਣਾ ਚਾਹੁੰਦੀ ਹਾਂ ਕਿ ਉਨ੍ਹਾਂ ਨੇ ਕਿਹਾ ਕਿ 13 ਪਿੰਡ ਪੰਜਾਬੀ ਸਪੀਕਿੰਗ ਦੇ ਦਿਤੇ ਜਾਣ।

Finance Minister : I deny this. This is absolutely wrong. ਅਸੀਂ ਕੋਈ ਪਿੰਡ ਪੰਜਾਬੀ ਸਪੀਕਿੰਗ ਨਹੀਂ ਦਿੱਤਾ।

ਸਰਦਾਰ ਕਰਨੈਲ ਸਿੰਘ ਡੋਡ : ਇਹ ਵੈਂਕਟਰਮਈਆ ਕਮਿਸ਼ਨ ਦੀ ਗੱਲ ਕਰਦੇ ਹਨ ਜਾਂ ਪੰਜਾਬ ਦੇ ਪਿੰਡ ਦੀ ਗੱਲ ਦੇਣ ਦੀ ਗੱਲ ਕਰਦੇ ਹਨ ?

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਮੈਂ ਪੰਜਾਬ ਦੀ ਗਲ ਕਰਦੀ ਹਾਂ। ਤੁਸੀਂ ਪੰਜਾਬ ਦੇ ਠੇਕੇਦਾਰ ਨਹੀਂ ਹੋ। ਦੂਸਰਾ ਜਿਹੜਾ ਇਨ੍ਹਾਂ ਨੇ, ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਨੇ ਜ਼ਿਕਰ ਕੀਤਾ ਹੈ, ਹੁਣ ਗੱਲ ਇਹ ਹੈ ਕਿ ਹੁਣ ਗੱਲ ਕਰਨ ਦਾ ਸਵਾਦ ਨਹੀਂ ਆਉਂਦਾ ਕਿਉਂਕਿ ਨਾ ਤਾਂ ਜਿਹੜੀ ਉਨ੍ਹਾਂ ਨੇ ਇਨ੍ਹਾਂ ਨੂੰ ਚਿੱਠੀ ਲਿਖੀ ਹੈ ਉਹ ਸਾਡੇ ਸਾਹਮਣੇ ਹੈ ਅਤੇ ਨਾ ਹੀ ਜਿਹੜੀ ਇਨ੍ਹਾਂ ਨੇ ਉਨ੍ਹਾਂ ਨੂੰ ਚਿੱਠੀ ਲਿਖੀ ਉਹ ਸਾਡੇ ਸਾਹਮਣੇ ਹੈ। ਪਰ ਹੁਣ ਜੇ ਅਸੀਂ ਗੱਲ ਕਰਦੇ ਹਾਂ ਤਾਂ ਇਹ ਡੀਨਾਈ ਕਰੀ ਜਾਂਦੇ ਹਨ।

ਟਰਮਜ਼ ਆਫ ਰੈਫਰੈਂਸ ਦੇ ਬਾਰੇ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਦਾਰ ਬਲਵੰਤ ਸਿੰਘ ਨੂੰ ਇਹ ਗੱਲ ਕਹਿਣੀ ਚਾਹੁੰਦੀ ਹਾਂ ਕਿ ਜਿਹੜਾ ਤੁਸੀਂ ਪੰਜਾਬੀ ਹਿੰਦੀ ਦੇ ਬਾਰੇ ਕਹਿੰਦੇ ਹੋ ਕਿ ਇਹ ਹੋ ਗਿਆ, ਉਹ ਹੋ ਗਿਆ, ਇਹ ਸਾਰੀ ਚੀਜ਼ ਅੱਗੇ ਆ ਜਾਂਦੀ ਹੈ। ਤੁਸੀਂ ਸਾਰੀ ਗੱਲ ਸਮਝਦੇ ਹੋ।

As long as the offices of Haryana continue to function in Chandigarh, it shall be the special responsibility of the Union Government to provide and ensure adequate security for them.

ਇਹ ਤੁਸੀਂ ਕਹਿੰਦੇ ਹੋ। ਨਾ ਗਲ ਇਹ ਹੈ। ਹੁਣੇ ਚੀਫ਼ ਮਨਿਸਟਰ ਸਾਹਿਬ ਨੇ ਆਪਣੀ ਸਟੇਟਮੈਂਟ ਵਿਚ ਕਿਹਾ ਕਿ ਸੀ.ਆਰ.ਪੀ.ਐਫ. ਦੀਆਂ ਐਨੀਆਂ ਕੰਪਨੀਆਂ ਅਸੀਂ ਲਗਾਈਆਂ ਹਨ ਅਤੇ ਬੀ.ਐਸ.ਐਫ. ਦੀਆਂ ਐਨੀਆਂ ਕੰਪਨੀਆਂ ਲਾਈਆਂ ਹਨ। ਇਹ ਗਲ ਕਿਸੇ ਤੋਂ ਛਿਪੀ ਨਹੀਂ ਹੈ, ਸਾਰਿਆਂ ਨੂੰ ਪਤਾ ਹੈ ਕਿ ਸਾਰਿਆਂ ਦੇ ਘਰਾਂ ਅਤੇ ਵਜ਼ੀਰਾਂ ਦੇ ਘਰਾਂ ਅੱਗੇ ਛਾਉਣੀਆਂ ਪਾ ਕੇ ਸਿਪਾਹੀ ਬੈਠੇ ਹਨ। ਇਹ ਠੀਕ ਹੈ ਕਿ ਸਿਕਿਉਰਿਟੀ ਰੱਖਣੀ ਪੈਂਦੀ ਹੈ। ਹੁਣ ਚੀਫ਼ ਮਨਿਸਟਰ ਸਾਹਿਬ ਨੂੰ ਵੀ ਪਤਾ ਹੈ ਕਿ ਜਦੋਂ ਉਹ ਬਾਹਰ ਜਾਂਦੇ ਹਨ ਤਾਂ ਉਨ੍ਹਾਂ ਦੀ ਗੱਡੀ ਦੇ ਇਸ ਪਾਸੇ ਅਤੇ ਉਸ ਪਾਸੇ, ਅੱਗੇ ਵੀ ਅਤੇ ਪਿੱਛੇ ਵੀ ਕਿੰਨੀ ਸਿਕਿਉਰਟੀ ਹੁੰਦੀ ਹੈ। ਅਗਰ ਉਨ੍ਹਾਂ ਨੂੰ ਐਨਾ ਖਦਸ਼ਾ ਹੈ ਤਾਂ ਹੋਰ ਲੋਕਾਂ ਦਾ ਕੀ ਹਾਲ ਹੋਵੇਗਾ। ਇਸ ਲਈ ਮੈਂ ਕਹਿੰਦੀ ਹਾਂ ਕਿ ਕੋਈ ਐਸੀ ਗਲ ਨਹੀਂ ਹੈ ਅਗਰ ਕੋਈ ਐਸੀ ਗਲ ਹੁੰਦੀ ਹੈ ਤਾਂ ਆਪਸ ਵਿਚ ਜ਼ਰੂਰ ਸਲਾਹ ਕਰ ਲੈਣੀ ਚਾਹੀਦੀ ਹੈ।

ਬਾਕੀ, ਸਪੀਕਰ ਸਾਹਿਬ, ਮੈਂ ਤੁਹਾਨੂੰ ਵੈਂਕਟਰਮਈਆ ਦੀਆਂ ਗੱਲਾਂ ਦੱਸੀਆਂ ਹਨ। ਟਰਮਜ਼ ਆਫ ਰੈਫਰੈਂਸ ਦੇ ਬਾਰੇ ਵੀ ਮੈਂ ਦਸ ਦਿੱਤਾ ਹੈ। ਸੀ.ਆਰ.ਪੀ.ਐਫ. ਅਤੇ ਬੀ.ਐਸ.ਐਫ. ਦੇ ਬਾਰੇ ਵੀ ਦੱਸ ਦਿਤਾ ਹੈ। ਸਪੀਕਰ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਦੀ ਤਰਨ ਤਾਰਨ ਸਬ ਡਵੀਜ਼ਨ ਅਤੇ

ਜ਼ਿਲ੍ਹਾ ਗੁਰਦਾਸਪੁਰ ਦੀ ਬਟਾਲਾ ਸਬਡਵੀਜ਼ਨ ਵਿਚ ਬਹੁਤ ਬੁਰਾ ਹਾਲ ਹੈ । ਤੁਸੀਂ ਸੋਚੋ ਕਿ ਲੋਕਾਂ ਦੇ ਅੰਦਰ ਉਥੇ ਕਿੰਨਾਂ ਭੈਅ ਹੈ । ਉਨ੍ਹਾਂ ਵਿਚ ਐਨੀ ਇਨਸਿਕਿਉਰਿਟੀ ਹੈ ਕਿ ਕੋਈ ਆਦਮੀ ਘਰ ਛੱਡਣ ਨੂੰ ਤਿਆਰ ਨਹੀਂ । ਮੈਂ ਮੰਨਦੀ ਹਾਂ ਕਿ ਜਦੋਂ ਪਾਕਿਸਤਾਨ ਬਣਿਆ ਤਾਂ ਸਾਡੇ ਬਹੁਤ ਸਾਰੇ ਰਿਸ਼ਤੇਦਾਰ ਕਹਿੰਦੇ ਹੁੰਦੇ ਸੀ ਕਿ ਪਹਿਲਾਂ ਸਾਨੂੰ ਅੰਗਰੇਜ਼ਾਂ ਦਾ ਡਰ ਰਿਹਾ ਅਤੇ ਫਿਰ ਮੁਸਲ-ਮਾਨਾਂ ਦਾ ਡਰ ਰਿਹਾ। ਜਦੋਂ ਉਨ੍ਹਾਂ ਦੀ ਕੋਈ ਸਿਕਿਉਰਿਟੀ ਨਾ ਰਹੀ ਤਾਂ ਉਨ੍ਹਾਂ ਨੂੰ ਘਰ ਬਾਰ ਛੱਡਕੇ ਇਥੇ ਆਉਣਾ ਪਿਆ। ਸੋ ਇਹ ਜਿਹੜੇ ਹੁਣ ਲੋਕ ਭੈਅ ਭੀਤ ਹੋਏ ਬੈਠੇ ਹਨ ਜਿਨ੍ਹਾਂ ਨੂੰ ਕੋਈ ਸਿਕਿਉਰਿਟੀ ਨਹੀਂ ਹੈ ਉਹ ਸੋਚਦੇ ਹਨ ਕਿ ਪਤਾ ਨਹੀਂ ਕੀ ਬਣੇਗਾ। ਉਹ ਸੋਚਦੇ ਹਨ ਕਿ ਪਤਾ ਨਹੀਂ ਕੀ ਹਾਲਤ ਬਣੇਗੀ। ਸੋ ਇਹ ਸਾਰੀਆਂ ਗੱਲਾਂ ਸਾਹਮਣੇ ਆ ਰਹੀਆਂ ਹਨ। ਇਹ ਜਿਹੜਾ ਅਕਾਰਡ ਹੈ, ਇਸ ਨੂੰ ਜਿਸ ਭਾਵਨਾ ਨਾਲ ਉਨ੍ਹਾਂ ਨੇ ਵਖਿਆ ਸੀ, ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਔਰ ਸ੍ਰੀ ਰਾਜੀਵ ਜੀ ਨੇ ਜਿਸ ਭਾਵਨਾ ਨਾਲ ਇਹ ਅਕਾਰਡ ਕੀਤਾ ਸੀ ਉਸੇ ਭਾਵਨਾ ਨਾਲ ਸਾਨੂੰ ਇਸ ਅਕਾਰਡ ਨੂੰ ਲਾਗੂ ਕਰਨਾ ਚਾਹੀਦਾ ਹੈ ਔਰ ਤੁਹਾਨੂੰ ਵੀ, ਸਾਨੂੰ ਵੀ ਸਾਰਿਆਂ ਨੂੰ ਰਲਕੇ ਇਸ ਨੂੰ ਲਾਗੂ ਕਰਨਾ ਚਾਹੀਦਾ ਹੈ ।

ਸਰਦਾਰ ਜਸਦੇਵ ਸਿੰਘ ਸੰਧੂ (ਬੈਠੇ ਬੈਠੇ): ਆਪਣੇ ਲੀਡਰ ਨੂੰ ਉਥੇ ਜਾ ਕੇ ਇਸ ਤਰ੍ਹਾਂ ਕਹੋ। ਉਥੇ ਜਾ ਕੇ ਵੀ ਹਾਅ ਮਾਰੋ। ਉਥੇ ਵੀ ਬੋਲੋ।

ਸ੍ਰੀ ਸੇਵਾ ਰਾਮ ਅਰੋੜਾ (**ਬੈਠੇ, ਬੈਠੇ**): ਤੁਸੀਂ ਤਾਂ ਅਕਾਰਡ ਨੂੰ ਮੰਨਦੇ ਨਹੀਂ, ਤੁਹਾਨੂੰ ਗੱਲ ਕਰਨ ਦੀ ਲੋੜ ਨਹੀਂ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ : ਹਿੰਦੁਸਤਾਨ ਸਾਡਾ ਸਭ ਦਾ ਸਾਂਝਾ ਹੈ। ਹਿੰਦੁਸਤਾਨ ਵਿਚ ਬੈਠ ਕੇ ਅਸੀਂ ਗੱਲ ਕਰਦੇ ਹਾਂ, ਅਗਰ ਕੋਈ ਨੁਕਸਾਨ ਹੋਵੇਗਾ ਤਾਂ ਹਿੰਦੁਸਤਾਨ ਦਾ ਹੋਵੇਗਾ, ਕੋਈ ਫਾਇਦਾ ਹੋਵੇਗਾ ਤਾਂ ਹਿੰਦੁਸਤਾਨ ਦਾ ਹੋਵੇਗਾ। ਸਾਡਾ ਪੰਜਾਬੀ ਮਿਹਨਤੀ ਹੈ । ਪੰਜਾਬੀ ਨੇ ਆਪਣੀ ਮਿਹਨਤ ਨਾਲ ਕਣਕ ਅਤੇ ਚਾਵਲ ਦੀ ਬਹੁਤ ਪੈਦਾਵਾਰ ਕੀਤੀ ਹੈ ਔਰ ਇਹੋ ਜਿਹੇ ਹਾਲਾਤ ਹੋਣ ਦੇ ਬਾਵਜੂਦ ਵੀ ਜਿਹੜੀ ਪਰੋਡਕਸ਼ਨ, ਪਰੋਕਿਉਰਮੈਂਟ ਹੋਈ ਹੈ ਉਹ ਬਿਲਕੁਲ ਰਿਕਾਰਡ ਤੋਂ ਵੱਧ ਹੋਈ ਹੈ। ਅਗਰ ਇਸ ਪੰਜਾਬ ਵਿਚ ਸ਼ਾਂਤੀ ਆ ਜਾਵੇ, ਅਗਰ ਇਸ ਪੰਜਾਬ ਵਿਚ ਅੱਛੀ ਹਾਲਤ ਬਣ ਜਾਵੇ ਤਾਂ ਇਹ ਜਿਹੜਾ ਪੰਜਾਬ ਹੈ ਇਹ ਵੱਧਦਾ ਫੁੱਲਦਾ ਹਿੰਦੁਸਤਾਨ ਦਾ ਇਕ ਬਹੁਤ ਵੱਡਾ ਸੂਬਾ ਬਣ ਕੇ ਤਰੱਕੀ ਕਰ ਸਕਦਾ ਹੈ। ਉਨ੍ਹਾਂ ਦੀ ਇਕਨਾਮਿਕ ਕੰਡੀਸ਼ਨ ਏਰੀਆ ਕਰਕੇ ਨਹੀਂ। ਇਹ ਜਿਹੜੀ ਇਕਨਾਮਿਕ ਕੰਡੀਸ਼ਨ ਉਨ੍ਹਾਂ ਦੀ ਹੈ ਇਹ ਅਸੀਂ ਵੀ, ਤੁਸੀਂ ਵੀ ਜਾਣਦੇ ਹਾਂ ਕਿ ਮਿਹਨਤ ਨਾਲ ਹੋਈ ਹੈ। ਪੰਜਾਬੀ ਬਹੁਤ ਮਿਹਨਤੀ ਹੈ। ਕੋਈ ਵੀ ਆਈਡੀਆ ਆਉਂਦਾ ਹੈ ਤਾਂ ਪੰਜਾਬੀ ਉਸ ਨੂੰ ਆਪਣਾ ਲੈਂਦਾ ਹੈ ਔਰ ਇਸ ਗੱਲ ਦੀ ਸਾਨੂੰ ਖੁਸ਼ੀ ਹੈ। ਪੰਜਾਬੀ ਨੇ ਹਮੇਸ਼ਾਂ ਇਸ ਚੀਜ਼ ਨੂੰ ਲਿਆ ਹੈ।

ਮੈਂ ਇਕ ਗੱਲ ਕਹਿਣੀ ਚਾਹੁੰਦੀ ਹਾਂ ਕਿ ਇਹ ਜਿਹੜਾ ਡੈਮੋਕਰੇਟਿਕ ਸੈਟ ਅੱਪ ਹੈ ਇਸ ਦੀ ਸਾਨੂੰ ਰਿਸਪੈਕਟ ਕਰਨੀ ਚਾਹੀਦੀ ਹੈ। ਇਸ ਡੈਮੋਕਰੇਟਿਕ ਸੈਟ ਅੱਪ ਦੇ ਵਿੱਚ ਪਾਪੂਲਰ ਗੌਰਮਿੰਟ ਇਸ ਵੇਲੇ ਬੈਠੀ ਹੈ। ਇਹ ਜੋ ਸਾਨੂੰ ਆਫਰਜ਼ ਦਿੱਤੀਆਂ ਹਨ ਸਾਨੂੰ ਇਸ ਬਾਰੇ ਗੱਲ ਕਰਨੀ ਚਾਹੀਦੀ ਹੈ ਅਤੇ ਸਾਨੂੰ ਇਸ ਬਾਰੇ ਕੋਸ਼ਿਸ਼ ਕਰਨੀ ਚਾਹੀਦੀ ਹੈ

]ਸਰਦਾਰਨੀ ਗੁਰਬਿੰਦਰ ਕੌਰ ਬਰਾੜ]

ਅਤੇ ਅਸੀਂ ਇਸ ਹਾਊਸ ਨੂੰ ਡਿਵਾਈਡ ਨਾ ਕਰੀਏ, ਉਸਨੂੰ ਇਥੇ ਸਿਰੇ ਚਾੜ੍ਹੀਏ। ਇਬਰਾਹੀਮ ਲਿੰਕਨ ਇਕ ਬਹੁਤ ਬੜਾ ਪਾਲਿਟੀਸ਼ਨ ਹੋਇਆ ਹੈ। ਉਸ ਨੇ ਕਿਹਾ ਸੀ ਕਿ House divided against itself cannot stand ਇਹ ਸਾਰਿਆਂ ਨੂੰ ਧਿਆਨ ਰਖਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਬਹੁਤ ਸਾਰੀਆਂ ਗਲਾਂ ਕਹੀਆਂ ਹਨ ਅਤੇ ਜਿਹੜੇ ਮੇਰੇ ਪੁਆਇੰਟ ਬਾਕੀ ਰਹਿ ਗਏ ਹਨ। ਸਾਡੀ ਪਾਰਟੀ ਦੇ ਡਿਪਟੀ ਲੀਡਰ ਪੰਡਿਤ ਮੋਹਨ ਲਾਲ ਜੀ ਅਤੇ ਡਾਕਟਰ ਕੇਵਲ ਕ੍ਰਿਸ਼ਨ ਜੀ ਕਹਿ ਲੈਣਗੇ। ਬਾਕੀ ਮੈਂ ਇਹ ਗੱਲ ਜ਼ਰੂਰੀ ਕਹਿਣੀ ਚਾਹੁੰਦੀ ਹਾਂ ਕਿ ਗਲ ਕਰਨ ਦਾ ਸਵਾਦ ਤਾਂ ਆਉਂਦਾ ਹੈ ਅਗਰ ਡਾਕੂਮੈਂਟ ਸਾਹਮਣੇ ਹੋਵੇ, ਅਗਰ ਸਾਹਮਣੇ ਕੋਈ ਬਿੱਲ ਹੋਵੇ। ਫਿਰ ਕੋਈ ਗੱਲ ਕਰਨ ਦਾ ਸਵਾਦ ਆਉਂਦਾ ਹੈ, ਫਾਇਦਾ ਹੁੰਦਾ ਹੈ। ਅਖਬਾਰਾਂ ਦੀ ਗੱਲ ਲੈ ਕੇ ਪਤਾ ਨਹੀਂ ਸਰਦਾਰ ਬਲਵੰਤ ਸਿੰਘ ਨੇ ਕਿਸ ਤਰ੍ਹਾਂ ਇਸ ਚੀਜ਼ ਨੂੰ ਮੰਨ ਲਿਆ। ਚੀਫ ਮਨਿਸਟਰ ਸਾਹਿਬ ਨੇ ਵੀ ਅਖਬਾਰਾਂ ਦੀ ਗੱਲ ਮੰਨ ਲਈ। ਸਪੀਕਰ ਸਾਹਿਬ, ਅੱਗੇ ਅਸੀਂ ਜੇ ਕੋਈ ਅਖਬਾਰਾਂ ਦੀ ਗੱਲ ਕਰਦੇ ਸੀ ਤਾਂ ਤੁਸੀਂ ਕਹਿੰਦੇ ਹੁੰਦੇ ਸੀ ਕਿ ਅਖਬਾਰਾਂ ਦੀ ਗੱਲ ਠੀਕ ਨਹੀਂ ਹੈ ਪਰ ਅੱਜ ਇਹ ਆਪ ਇਸ ਤਰ੍ਹਾਂ ਕਰ ਰਹੇ ਹਨ। ਇਨ੍ਹਾਂ ਸ਼ਬਦਾਂ ਨਾਲ ਮੈਂ ਵਾਹਿਗੁਰੂ ਅੱਗੇ ਅਰਦਾਸ ਕਰਾਂਗੀ ਸੱਚੇ ਪਾਤਸ਼ਾਹ ਸਭ ਨੂੰ ਸੁਮੱਤ ਬਖਸ਼ੀਂ। ਅਸੀਂ ਪੰਜਾਬ ਦੇ ਇਨਟਰੈਸਟ ਵਿਚ ਇਸ ਅਕਾਰਡ ਨੂੰ ਲਾਗੂ ਕਰੀਏ ਉਸ ਭਾਵਨਾ ਨਾਲ ਜਿਸ ਭਾਵਨਾ ਨਾਲ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸ੍ਰੀ ਰਾਜੀਵ ਨੇ ਇਸ ਨੂੰ ਦੇਖਿਆ ਸੀ। ਇੰਨਾ ਕਹਿੰਦੀ ਹੋਈ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਆਪ ਨੇ ਮੈਨੂੰ ਟਾਈਮ ਦਿੱਤਾ ਹੈ। (ਥੰਪਿੰਗ)

(ਇਸ ਸਮੇਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਬੋਲਣ ਲਈ ਖੜੇ ਹੋਏ।)

ਸ੍ਰੀ ਸਪੀਕਰ: ਬਾਦਲ ਸਾਹਿਬ, ਕੀ ਤੁਸੀਂ ਪਰਸਨਲ ਐਕਸਪਲੇਨੇਸ਼ਨ ਤੇ ਬੋਲਣਾ ਹੈ ਜਾ ਇਸ ਇਸ਼ੂ ਤੇ ਬੋਲਣਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿੱਦੜਬਾਹਾ) : ਮੈਂ ਸਪੀਚ ਵਿਚ ਹੀ ਪਰਸਨਲ ਐਕਸ-ਪਲੇਨੇਸ਼ਨ ਬਾਰੇ ਬੋਲ ਲਵਾਂਗਾ। ਸਪੀਕਰ ਸਾਹਿਬ, ਅੱਜ ਪੰਜਾਬ ਦੇ ਹਰ ਸਖਸ਼ ਦਾ ਧਿਆਨ ਇਸ ਸਦਨ ਵੱਲ ਲਗਿਆ ਹੋਇਆ ਹੈ। ਭਾਵੇਂ ਟੈਕਨੀਕਲੀ ਕਮਿਸ਼ਨ ਦੀ ਜੋ ਸਾਰੀ ਰਿਪੋਰਟ ਹੈ ਜਾਂ ਸੈਂਟਰਲ ਗੌਰਮਿੰਟ ਦੀ ਜੋ ਲੈਟਰ ਆਉਣੀ ਸੀ ਉਹ ਆਈ ਨਹੀਂ ਲੇਕਿਨ ਜੋ ਕੁਝ ਹੋ ਰਿਹਾ ਹੈ, ਉਹ ਹਰ ਪੰਜਾਬੀ ਦਾ ਮਨ ਉਸ ਉੱਤੇ ਚਿੰਤੁਤ ਹੈ। ਸਪੀਕਰ ਸਾਹਿਬ, ਇਹ ਜੋ ਕਮਿਸ਼ਨ ਦੀ ਰਿਪੋਰਟ ਹੈ, ਇਸ ਦੇ ਉਤੇ ਮੈਨੂੰ ਦੁੱਖ ਬਹੁਤ ਹੋਇਆ ਹੈ, ਬੇਹੱਦ ਦੁੱਖ ਹੋਇਆ ਹੈ ਲੇਕਿਨ ਹੈਰਾਨੀ ਬਿਲਕੁਲ ਨਹੀਂ ਹੋਈ। ਤੁਸੀਂ ਕਹੋਗੇ ਕਿ ਹੈਰਾਨੀ ਕਿਉਂ ਨਹੀਂ ਹੋਈ ਕਿਉਂਕਿ ਆਜ਼ਾਦੀ ਤੋਂ ਬਾਅਦ ਅਸੀਂ ਦੇਖ ਲਿਆ ਹੈ ਕਿ ਭਾਵੇਂ ਉਹ ਕਮਿਸ਼ਨ ਹੈ, ਭਾਵੇਂ ਉਹ ਅਵਾਰਡ ਹੈ ਅਤੇ ਭਾਵੇਂ ਉਹ ਫਾਰਮੂਲਾ ਹੈ, ਇਹ ਸਾਰੇ ਪੰਜਾਬ ਦੇ ਅਗੇਂਸਟ ਗਏ ਹਨ। ਆਜ਼ਾਦੀ ਦੇ ਸਮੇਂ ਵਿਚ ਸਾਡੇ ਨਾਲ ਬੜੀ ਜ਼ਿਆਦਤੀ ਹੋਈ ਹੈ। ਵਾਅਦੇ ਕੀਤੇ ਗਏ ਸਨ, ਮੈਂ ਉਨ੍ਹਾਂ ਵਿਚ ਨਹੀਂ ਜਾਣਾ ਚਾਹੁੰਦਾ। ਇਹ ਜਿਹੜੇ ਭਰਾ ਸਾਡੇ ਸਾਹਮਣੇ ਹਨ ਮੈਂ ਇਨ੍ਹਾਂ ਦੇ ਮੁਤੱਲਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਕਾਂਗਰਸ ਪਾਰਟੀ ਦੇ ਆਗੂਆਂ ਨੇ ਵਾਅਦਾ ਕੀਤਾ ਸੀ ਕਿ ਸਾਰੇ ਹਿੰਦੁਸਤਾਨ ਨੂੰ ਬੋਲੀ ਦੇ ਆਧਾਰ ਤੇ ਰੀ-ਆਰਗੇਨਾਈਜ਼ ਕੀਤਾ ਜਾਵੇਗਾ ਲੇਕਿਨ ਜਦੋਂ ਆਜ਼ਾਦੀ ਮਿਲ ਗਈ ਤਾਂ ਮੁਕਰਨ ਲਗੇ ਅਤੇ ਫਿਰ ਕਮਿਸ਼ਨ

ਬਣਾਉਣੇ ਸ਼ੁਰੂ ਕਰ ਦਿਤੇ। ਪਹਿਲਾਂ ਦਾਸ ਕਮਿਸ਼ਨ ਬਣਿਆ। ਦਾਸ ਕਮਿਸ਼ਨ ਦਾ ਮਕਸਦ ਸੀ ਕਿ ਉਸ ਨੇ ਦੇਖਣਾ ਸੀ ਡਿਜ਼ਾਇਰੇਬਿਲਟੀ, ਕਿ ਦੇਸ਼ ਵਿਚ ਡਿਜ਼ਾਇਰੇਬਿਲਟੀ ਹੈ ਗੌਰਮਿੰਟ ਨੂੰ ਬੋਲੀ ਦੇ ਆਧਾਰ ਤੇ ਸੂਬੇ ਬਣਾਉਣ ਦੀ ਬੜੇ ਦੁੱਖ ਦੀ ਗਲ ਹੈ ਕਿ ਉਸ ਨੇ ਸਿਫਾਰਸ਼ ਕਰ ਦਿੱਤੇ ਕਿ ਬਹੁਤ ਸਾਰੇ ਸੂਬੇ ਬਣਨੇ ਚਾਹੀਦੇ ਹਨ। ਡਿਜ਼ਾਇਰੇਬਲ ਹਨ ਲੇਕਿਨ ਕਿਹਾ ਕਿ ਪੰਜਾਬੀ ਸੂਬਾ ਡਿਜ਼ਾਇ-ਰੇਬਲ ਨਹੀਂ ਹੈ। ਇਸ ਤੋਂ ਬਾਅਦ ਫਿਰ ਆਵਾਜ਼ ਉਠੀ ਔਰ ਇਸ ਵੇਲੇ ਟਾਈਮ ਇਤਨਾ ਨਹੀਂ ਕਿ ਮੈਂ ਸਾਰੇ ਕਮਿਸ਼ਨਜ਼ ਦੀਆਂ ਗਲਾਂ ਤੁਹਾਡੇ ਸਾਹਮਣੇ ਕਰ ਸਕਾਂ। ਜਦੋਂ ਵੀ ਕੋਈ ਕਮਿਸ਼ਨ ਬੈਠਾ ਭਾਵੇਂ ਉਹ ਦਾਸ ਕਮਿਸ਼ਨ ਸੀ, ਭਾਵੇਂ ਫਜ਼ਲ ਅਲੀ ਕਮਿਸ਼ਨ ਸੀ ਤੇ ਭਾਵੇਂ ਸ਼ਾਹ ਕਮਿਸ਼ਨ ਬੈਠਾ ਸਭ ਨੇ ਹੀ ਆਪਣੀ ਰਾਇ ਪੰਜਾਬ ਦੇ ਖਿਲਾਫ਼ ਦਿੱਤੀ। ਸਪੀਕਰ ਸਾਹਿਬ, ਆਖ਼ਿਰ ਇਸ ਦੇ ਮੁਤੱਲਕ ਬਹੁਤ ਕੁਰਬਾਨੀਆਂ ਹੋਈਆਂ। ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹਾਦਤ ਹੋਈ, ਸੰਤ ਫਤਹਿ ਸਿੰਘ ਜੀ ਨੇ ਵਰਤ ਰਖਿਆ, ਮਾਸਟਰ ਤਾਰਾ ਸਿੰਘ ਜੀ ਨੇ ਵਰਤ ਰਖਿਆ। 55 ਹਜ਼ਾਰ ਤੋਂ ਵੱਧ ਇਥੇ ਗ੍ਰਿਫਤਾਰੀਆਂ ਹੋਈਆਂ। ਤੁਸੀਂ ਵੀ ਗ੍ਰਿਫਤਾਰੀ ਦਿੱਤੀ ਹੋਵੇਗੀ ਕਿਉਂਕਿ ਤੁਸੀ ਵੀ ਸਟੂਡੈਂਟਸ ਫੈਡਰੇਸ਼ਨ ਵਿੱਚ ਬਹੁਤ ਦੇਰ ਕੰਮ ਕਰਦੇ ਰਹੇ ਹੋ ਲੇਕਿਨ ਇਹ ਸਾਰੀਆਂ ਕੁਰਬਾ-ਨੀਆਂ ਕਰਨ ਤੋਂ ਬਾਅਦ ਕੀ ਸਿੱਟਾ ਨਿਕਲਿਆ ? ਹਰ ਕਦਮ, ਹਰ ਸਟੈਪ ਤੇ ਸੈਂਟਰਲ ਸਰਕਾਰ ਵਲੋਂ ਬੀਟਰੇਲ ਹੋਈ। ਬੇਈਮਾਨੀ ਹੋਈ, ਮੈਂ ਇਤਨੇ ਸਖ਼ਤ ਲਫਜ਼ ਵੀ ਕਹਿ ਸਕਦਾ ਹਾਂ। ਜਦੋਂ ਪੰਜਾਬੀ ਸੂਬਾ ਬਣਿਆ ਤਾਂ ਇਹ ਪੰਜਾਬੀ ਸੂਬਾ ਲੰਗੜਾ, ਲੂਲਾ ਬਣਿਆ। ਸ਼ਾਹ ਕਮਿਸ਼ਨ ਨੇ ਰਿਪਰਟ ਦਿੱਤੀ ਕਿ ਚੰਡੀਗੜ੍ਹ, ਖਰੜ ਦਾ ਇਲਾਕਾ ਅਤੇ ਊਨਾ ਤਹਿਸੀਲ ਇਹ ਸਾਰੇ ਹਰਿਆਣੇ ਨੂੰ ਦੇ ਦਿਓ। ਫਿਰ ਆਵਾਜ਼ ਉਠੀ ਔਰ ਇੰਦਰਾ ਗਾਂਧੀ ਜੀ ਉਸ ਵੇਲੇ ਪ੍ਰਾਈਮ ਮਨਿਸਟਰ ਸਨ, ਉਨ੍ਹਾਂ ਨੇ ਕਿਹਾ ਕਿ ਚੰਡੀਗੜ੍ਹ ਨੂੰ ਤਾਂ ਰੱਖ ਲੈਂਦੇ ਹਾਂ ਯੂਨੀਅਨ ਟੈਰੀਟਰੀ। ਕਿੰਨੇ ਦੁੱਖ ਦੀ ਗੱਲ ਹੈ, ਸਪੀਕਰ ਸਾਹਿਬ, ਕਿ ਅੱਜ ਤੱਕ ਹਿੰਦੁਸਤਾਨ ਵਿਚ ਬੜੇ ਸੂਬੇ ਬਣੇ ਹਨ। ਇਸੇ ਅਸੂਲ ਨੂੰ ਲੈ ਕੇ। ਇਹ ਮੇਰੇ ਸੱਜੇ ਹੱਥ ਜਿਹੜੇ ਵੀਰ ਬੈਠੇ ਹਨ ਇਹ ਦੱਸਣ ਕਿ ਕਿਸੇ ਇਕ ਸੂਬੇ ਵਿਚ ਜਿਹੜੇ ਸੂਬੇ ਬਣੇ ਹਨ ਉਨ੍ਹਾਂ ਵਿਚੋਂ ਕੋਈ ਇਕ ਵੀ ਸੂਬਾ ਬਣਿਆ ਹੈ ਜਿਸ ਦੀ ਕੈਪੀਟਲ ਨਾ ਰਹੀ ਹੋਵੇ ਜਾਂ ਉਸ ਨੇ ਕੈਪੀਟਲ ਦੇ ਬਦਲੇ ਕੋਈ ਰਕਬਾ ਦਿੱਤਾ ਹੋਵੇ ? ਲੇਕਿਨ ਇੰਦਰਾ ਗਾਂਧੀ ਜੀ ਨੇ ਕੋਈ ਥੋੜ੍ਹੀ ਜਿਹੀ ਤਰਮੀਮ ਕਰਕੇ ਫਿਰ ਕਹਿ ਦਿੱਤਾ ਕਿ ਪੰਜ ਸਾਲ ਬਾਦ ਇਹ ਪੰਜਾਬ ਨੂੰ ਮਿਲੇਗਾ। ਜਿਵੇਂ ਪੁਰਾਣਾ ਇਤਿਹਾਸ ਦੱਸਦਾ ਹੈ ਕਿ ਵਿਤਕਰਾ ਨਹੀਂ ਛੱਡਿਆ ਅਤੇ ਫਾਜ਼ਿਲਕਾ ਦੇ ਪਿੰਡ ਉਨ੍ਹਾਂ ਨੂੰ ਦੇ ਦਿੱਤੇ ਮਸਲਾ ਚੰਡੀਗੜ ਦਾ ਸੀ ਲੇਕਿਨ ਫਾਜ਼ਿਲਕਾ ਦੇ ਪਿੰਡ ਦੇ ਦਿਤੇ, ਫਾਜ਼ਿਲਕਾ ਦੇ ਪਿੰਡ ਦੇਣ ਦਾ ਕੋਈ ਸਵਾਲ ਹੀ ਨਹੀਂ ਸੀ। ਮੈਨੂੰ ਬੜੇ ਦੁੱਖ ਦੇ ਨਾਲ ਕਹਿਣਾ ਪੈਂਦਾ ਹੈ, ਬੀਬੀ ਜੀ ਸ਼ਾਇਦ ਚਲੇ ਗਏ ਹਨ, ਉਨ੍ਹਾਂ ਨੇ ਹਰਿਆਣੇ ਦੀ ਬੜੀ ਵੱਡੀ ਵਕਾਲਤ ਕੀਤੀ ਹੈ। ਮੈਂ ਕਹਾਂਗਾ ਕਿ ਉਨ੍ਹਾਂ ਨੂੰ ਇਸ ਤੋਂ ਵੱਧ ਵਕੀਲ ਹੋਰ ਕੌਣ ਮਿਲ ਸਕਦਾ ਹੈ। ਕਿੰਨੀਆਂ ਫੀਸਾਂ ਲਾ ਕੇ ਉਹ ਵਕੀਲ ਲੈ ਕੇ ਜਾਂਦੇ ਹਨ, ਆਪਣੇ ਸਦਨ ਵਿੱਚ ਹੀ ਕਈ ਭੈਣ, ਭਰਾ ਹਰਿਆਣੇ ਦੀ ਵਕਾਲਤ ਕਰਨ ਤਾਂ ਮੈਂ ਸਮਝਦਾ ਹਾਂ ਕਿ ਹਰਿਆਣੇ ਨੂੰ ਵਕੀਲ ਕਰਨ ਦੀ ਕੀ ਲੋੜ ਹੈ। (ਵਿਘਨ, ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਸਾਨੂੰ ਜ਼ਿਮੇਵਾਰ ਸਜਣਾਂ ਨੂੰ ਜ਼ਿਮੇਵਾਰੀ ਪੋਜ਼ੀਸ਼ਨਾਂ ਵਿੱਚ ਰਹਿ ਕੇ ਗੈਲਰੀ ਨੂੰ ਪਲੀਜ਼ ਕਰਨ ਵਾਸਤੇ ਇਹ ਨਹੀਂ ਕਰਨਾ ਚਾਹੀਦਾ। ਮੈਂ ਪਰਸਨਲ ਐਕਸਪਲੇਨੇਸ਼ਨ ਵਾਸਤੇ ਖੜਾ ਹੋਇਆ। ਉਨ੍ਹਾਂ ਨੇ ਕਿਹਾ ਸੀ ਕਿ ਬਾਦਲ ਸਾਹਿਬ ਔਰ ਸਰਦਾਰ ਗੁਰਨਾਮ ਸਿੰਘ ਉਥੇ ਚਲੇ ਗਏ ਅਤੇ ਉਨ੍ਹਾਂ ਨੇ ਪਿੰਡ ਦੇ ਦਿਤੇ। ਮੇਰੇ ਕੋਲ ਇਸ ਵੇਲੇ ਕੁਦਰਤੀ ਇਕ ਚਿੱਠੀ ਹੈ ਜਿਹੜੀ ਚਿੱਠੀ ਸਰਦਾਰ ਗੁਰਨਾਮ ਸਿੰਘ ਨੇ ਲਿਖੀ ਸੀ। ਉਨ੍ਹਾਂ ਨੇ ਲਿਖਿਆ ਸੀ :

"I must place it on record that I cannot agree to barter away the Tehsil of Fazilka including Abohar. If I do so it would be introducing virus of commu-

[Sardar parkash Singh Badal]

nalism in a secular India. It would really be handing over territory to Haryana because most of the inhabitants are Hindus to which principle I am unable to agree. I cannot agree to push out of Punjab Punjabi-speaking Hindu villages to satisfy undue greed of Haryana. Apart from this we would be introducing communal virus into rural areas resulting in serious law and order problem which I shudder to face".

ਇਹ ਰਿਕਾਰਡ ਤੇ ਹੈ। ਜੇ ਉਨ੍ਹਾਂ ਨੇ ਚਿੱਠੀ ਨਹੀਂ ਦੇਖੀ ਜਾਂ ਉਨ੍ਹਾਂ ਨੂੰ ਇਤਿਹਾਸ ਦਾ ਨਹੀਂ ਪਤਾ ਤਾਂ ਮੈਂ ਇਹ ਵਿਧਾਨ ਸਭਾ ਦੇ ਰਿਕਾਰਡ ਤੇ ਰੱਖ ਦਿੰਦਾ ਹਾਂ।

ਸ੍ਰੀ ਸੇਵਾ ਰਾਮ ਅਰੋੜਾ : ** ** **

Mr. Speaker : This is no point of order.

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਪੰਜਾਬ ਦੇ ਜੋ ਵਾਰਸ ਹਨ ਸ਼੍ਰੋਮਣੀ ਅਕਾਲੀ ਦਲ ਜਿਹੜਾ ਕਦੇ ਬਰਦਾਸ਼ਤ ਨਹੀਂ ਸੀ ਕਰ ਸਕਦਾ ਕਿ ਇਹ ਪੰਜਾਬ ਦਾ ਜੋ ਸੂਬਾ ਹੈ ਪੰਜਾਬੀ ਸੂਬਾ ਇਹ ਲੰਗੜਾ, ਲੂਲਾ ਰਹੇ, ਇਸ ਦੇ ਕੋਲ ਕੈਪੀਟਲ ਨਾ ਰਹੇ, ਪੰਜਾਬੀ ਬੋਲਦੇ ਜੋ ਇਲਾਕੇ ਪੰਜਾਬ ਤੋਂ ਬਾਹਰ ਰਹਿ ਗਏ ਹਨ ਉਹ ਵਾਪਸ ਨਾ ਹੋਣ, ਇਸ ਦੇ ਵਾਸਤੇ ਫਿਰ ਸਟਰਗਲ ਕੀਤੀ। ਸੰਤ ਫਤਹਿ ਸਿੰਘ ਜੀ ਨੇ ਕੁਰਬਾਨੀ ਦਿੱਤੀ, ਸਰਦਾਰ ਦਰਸ਼ਨ ਸਿੰਘ ਫੇਰੂਮਾਨ ਜੀ ਨੇ ਕੁਰਬਾਨੀ ਦਿੱਤੀ ਲੇਕਿਨ ਫਿਰ ਕਹਿ ਦਿੱਤਾ ਕਿ ਪੰਜ ਸਾਲ ਬਾਦ, ਪੰਜ ਸਾਲ ਦਾ ਪਤਾ ਨਹੀਂ ਕਿਥੋਂ ਲਫਜ਼ ਉਨ੍ਹਾਂ ਨੂੰ ਮਿਲ ਗਿਆ, ਹੁਣ ਵੀ ਸਰਦਾਰ ਬਲਵੰਤ ਸਿੰਘ 5 ਸਾਲ ਦਾ ਮੰਨ ਆਏ ਹਨ। ਮੈਂ, ਸਪੀਕਰ ਸਾਹਿਬ, ਨਾਮ ਨਹੀਂ ਲੈਣਾ ਚਾਹੁੰਦਾ ਕਿਸੇ ਨੇ ਹਰਿਆਣਾ ਦੇ ਮੌਜੂਦਾ ਚੀਫ਼ ਮਨਿਸਟਰ ਸਾਹਿਬ ਨੂੰ ਪੁੱਛਿਆ ਪੰਜ ਸਾਲ ਬਾਰੇ ਤਾਂ ਉਹ ਕਹਿਣ ਲਗੇ ਕਿ ਹਫਤਾ ਪੈ ਲੈਣ ਦਿਓ, 5 ਦੀ ਥਾਂ 50 ਬਣਾ ਲਵਾਂਗੇ। ਇਹ ਨੀਅਤ ਹੈ ਜੋ ਚਲ ਰਹੀ ਹੈ। 30---40 ਸਾਲ ਦਾ ਇਤਿਹਾਸ ਹੈ, ਤੁਸੀਂ ਦੇਖ ਲਓ ਕਿ ਕਿੰਨੀਆਂ ਵੱਡੀਆਂ ਕੁਰਬਾਨੀਆਂ ਦਿੱਤੀਆਂ ਗਈਆਂ। ਫਿਰ ਹੁਣ ਦੁਬਾਰਾ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਰਹਿਨਮਾਈ ਹੇਠ ਧਰਮ ਯੁਧ ਮੋਰਚਾ ਲਗਿਆ ਔਰ ਜਿਥੇ ਹੋਰ ਮੰਗਾਂ ਸਨ ਮੈਂ ਉਨ੍ਹਾਂ ਸਾਰੀਆਂ ਮੰਗਾਂ ਵਲ ਨਹੀਂ ਜਾਣਾ ਚਾਹੁੰਦਾ ਉਥੇ ਉਨ੍ਹਾਂ ਵਿੱਚ ਸਭ ਤੋਂ ਇਮ-ਪਾਰਟੈਂਟ ਮੰਗ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਜਲਦੀ ਦਿੱਤਾ ਜਾਵੇ ਔਰ ਪੰਜਾਬੀ ਬੋਲਦੇ ਇਲਾਕੇ ਜੋ ਹਨ ਉਹ ਪੰਜਾਬ ਨੂੰ ਮਿਲਣ, ਇਕ ਮੁਕੰਮਲ ਪੰਜਾਬ ਬਣੇ। ਤੁਸੀਂ ਅੰਦਾਜ਼ਾ ਲਗਾਓ ਕਿ ਕਿੰਨਾਂ ਕੁਝ ਹੋਇਆ ਇਸ ਦੇ ਲਈ ਸਾਰੇ ਪੰਜਾਬ ਦੇ ਵਿੱਚ। ਕਿੰਨੀਆਂ ਕੁਰਬਾਨੀਆਂ ਕਰਨੀਆਂ ਪਈਆਂ, ਨਾ ਧਰਮ ਅਸਥਾਨ ਰਹੇ, ਨਾ ਧਰਮ ਰਿਹਾ, ਸਾਰੇ ਹਿੰਦੁਸਤਾਨ ਵਿੱਚ ਬੇਗੁਨਾਹਾਂ ਦੇ ਕਤਲ ਹੋਏ, ਲੱਖਾਂ ਲੋਕ ਜੇਲ੍ਹਾਂ ਵਿੱਚ ਗਏ। ਜੋ ਕੁਝ ਵੀ ਹੋਇਆ ਉਹ ਸਾਰਾ ਕੁਝ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ। ਲੇਕਿਨ ਉਸ ਸਾਰਾ ਕੁਝ ਹੋਣ ਤੋਂ ਬਾਅਦ, ਤੂਫਾਨ ਤੋਂ ਬਾਅਦ ਇਕ ਪੱਥਰ ਦਿਲ ਤੇ ਰੱਖ ਕੇ ਸੰਤ ਲੌਂਗੋਵਾਲ ਜੀ ਨੇ ਇਕ ਸਮਝੌਤਾ ਕੀਤਾ ਔਰ ਉਹ ਸਮਝੌਤਾ ਜਿਹੜਾ ਹੈ ਉਹ ਤੁਹਾਡੇ ਸਾਹਮਣੇ ਹੈ ਜਿਹੜਾ ਇਕ ਲੌਂਗੋਵਾਲ-ਰਾਜੀਵ ਅਕਾਰਡ ਹੈ। ਮੇਰੇ ਭਰਾ ਭਾਵੇਂ ਹੁਣ ਕੁਝ ਵੀ ਕਹਿਣ ਮੈਂ ਉਦੋਂ ਵੀ ਕਿਹਾ ਸੀ ਕਿਉਂਕਿ ਮੈਂ ਸੈਂਟਰਲ ਗੌਰਮਿੰਟ ਨੂੰ ਜਾਣਦਾ ਹਾਂ ਔਰ ਅੱਜ ਵੀ ਇਸ ਸਦਨ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਸੈਂਟਰਲ ਗੌਰਮਿੰਟ ਨਾ ਸਿਨਸੀਅਰ ਸੀ, ਨਾ ਹੈ ਔਰ ਨਾ ਹੋਵੇਗੀ। (ਥੰਪਿੰਗ) ਇਹ ਗਲ ਤੁਹਾਡੇ ਸਾਹਮਣੇ ਆ ਗਈ ਹੈ। ਅਜੇ ਉਸ ਅਕਾਰਡ ਦਾ ਪਹਿਲਾ ਨਮੂਨਾ ਤੁਹਾਡੇ ਸਾਹਮਣੇ ਹੈ, ਉਸ ਤੋਂ ਤੁਸੀ ਜਾਇਜ਼ਾ ਲਗਾ ਸਕਦੇ ਹੋ ਕਿ ਸੈਂਟਰਲ ਗੌਰਮਿੰਟ

**Expunged as ordered by the Chair.

ਕਿੰਨੀ ਸਿਨਸੀਅਰ ਹੈ। ਸਾਡਾ ਮਸਲਾ ਹੱਲ ਕਰਨ ਵਾਸਤੇ ਹੋਇਆ ਕੀ ? ਚੰਡੀਗੜ੍ਹ ਦੇ ਬਦਲੇ ਕੁਝ ਇਲਾਕੇ ਹਿੰਦੀ ਸਪੀਕਿੰਗ ਦੇਣ ਵਾਸਤੇ ਪਹਿਲਾਂ ਮੈਥਿਊ ਕਮਿਸ਼ਨ ਬਣਾਇਆ ਗਿਆ। ਕਿਸ ਨੂੰ ਨਹੀਂ ਸੀ ਪਤਾ ਕਿ ਕਿਹੜੇ ਪ੍ਰਿੰਸੀਪਲ ਨੂੰ ਲੈ ਕੇ ਇਹ ਫੈਸਲਾ ਹੋਣਾ ਸੀ। ਉਸ ਦੇ ਵਿੱਚ ਇਹ ਸੀ ਕਿ ਕੰਟੀਗਿਊਟੀ, ਲੈਂਗੂਏਜ ਔਰ ਵਿਲੇਜ ਐਜ਼ ਏ ਯੂਨਿਟ। ਇਸ ਤੋਂ ਬਾਹਰ ਕਿਵੇਂ ਕੋਈ ਜਾ ਸਕਦਾ ਹੈ। ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਕ ਕੰਸਪੀਰੇਸੀ ਹੋ ਗਈ। ਫਾਜ਼ਿਲਕਾ ਸਾਡੇ ਕੋਲੋਂ ਚਲਾ ਜਾਣਾ ਸੀ ਭਾਵੇਂ ਸਰਦਾਰ ਬਲਵੰਤ ਸਿੰਘ ਨੇ ਇਸ ਦਾ ਕਰੈਡਿਟ ਲੈਣ ਦੀ ਕੋਸ਼ਿਸ਼ ਕੀਤੀ ਹੈ ਕਿ ਅਸੀਂ ਫਾਜ਼ਿਲਕਾ ਬਚਾਇਆ ਹੈ। ਨਹੀਂ, ਤੁਸੀਂ ਫਾਜ਼ਿਲਕਾ ਨਹੀਂ ਬਚਾਇਆ। ਫਾਜ਼ਿਲਕਾ ਦਾ ਮੈਨੂੰ ਪਤਾ ਹੈ। ਉਥੇ ਦੇ ਵਰਕਰਜ਼ ਇਕੱਠੇ ਹੋਏ ਅਤੇ ਉਨ੍ਹਾਂ ਨੂੰ ਇਨ੍ਹਾਂ ਨੇ ਕਿਹਾ ਕਿ ਇਹੋ ਜਿਹੇ ਵਡੇ ਮਸਲਿਆਂ ਵਿਚ ਦੇਣਾ ਹੀ ਪੈਂਦਾ ਹੈ। ਇਨ੍ਹਾਂ ਨੇ ਤਕਰੀਬਨ ਫਾਜ਼ਿਲਕਾ ਸਰੰਡਰ ਕਰ ਦਿੱਤਾ ਸੀ। ਇਹ ਤਾਂ ਖੁਸ਼ਕਿਸਮਤੀ ਸਮਝੋ ਉਸ ਪਿੰਡ ਦੀ ਜਿਹੜਾ ਇਸ ਦੇ ਲਈ ਇਕ ਦੀਵਾਰ ਸੀ ਅਤੇ ਉਸ ਵਿਚ ਇੰਨੀ ਪੰਜਾਬੀ ਸਪੀਕਿੰਗ ਪਾਪੂਲੇਸ਼ਨ ਸੀ ਜਿਸ ਕਰਕੇ ਉਹ ਨਹੀਂ ਸੀ ਜਾ ਸਕਦਾ। ਸਪੀਕਰ ਸਾਹਿਬ, ਮੈਂ ਵਧਾਈ ਦੇਣਾ ਚਾਹੁੰਦਾ ਹਾਂ ਉਥੇ ਦੇ ਲੋਕਾਂ ਨੂੰ ਖਾਸ-ਕਰਕੇ ਵਰਕਰਾਂ ਨੂੰ, ਸਾਰੇ ਪਿੰਡ ਵਾਲਿਆਂ ਨੂੰ ਅਤੇ ਦੂਜੀ ਵਧਾਈ ਦਿੰਦਾਂ ਹਾਂ ਮੈਂ ਭਾਈ ਸ਼ਮਿੰਦਰ ਸਿੰਘ ਨੂੰ। ਅਸੀਂ ਉਸ ਦੇ ਨਾਲ ਗਏ ਅਤੇ ਜਾ ਕੇ ਅਸੀਂ ਪਿੰਡ ਵਾਲਿਆਂ ਦੇ ਤਰਲੇ ਕੀਤੇ। ਭਾਈ ਸ਼ਮਿੰਦਰ ਸਿੰਘ ਨੇ ਕਿਹਾ ਕਿ ਭਾਵੇਂ ਚਾਰ ਦਿਨ ਲਗਣ ਜਾਂ ਪੰਜ ਦਿਨ ਇਹ ਪੰਜਾਬ ਦਾ ਮਸਲਾ ਹੈ ਉਸ ਨਾਲ ਅਸੀਂ ਪਿੰਡ ਵਿਚ ਕਨਵੈਸਿੰਗ ਕੀਤੀ। ਦੂਜੇ ਸਾਡੇ ਇਹ ਲੀਡਰ ਕਪਤਾਨ ਸਾਹਿਬ ਬੈਠੇ ਹਨ। ਤੁਸੀਂ ਫੋਟੋ ਵੇਖੀ ਹੋਣੀ ਹੈ ਇਕ ਸਿਪਾਹੀ ਦੇ ਨਾਤੇ ਹੱਥ ਵਿੱਚ ਲਾਲਟੈਣ ਲੈ ਕੇ ਅਤੇ ਹੱਥ ਵਿੱਚ ਭਾਲਾ ਲੈ ਕੇ ਖੜੇ ਰਹੇ। ਇਸ ਕਰਕੇ ਕਿ ਕਿਤੇ ਸਾਡੇ ਨਾਲ ਬੇਈਮਾਨੀ ਨਾ ਹੋ ਜਾਏ। ਸਾਡਾ ਹਕ ਸੀ ਹੋਰ ਸਾਡਾ ਹੱਕ ਬਚ ਜਾਏ, ਇਹ ਸਾਡੀ ਪ੍ਰਾਪਤੀ ਹੈ। ਇਹ ਕਿਥੋਂ ਦੀ ਪ੍ਰਾਪਤੀ ਹੈ।

ਫਿਰ ਦੂਜਾ ਕਮਿਸ਼ਨ ਬਣ ਗਿਆ। ਇਹ ਕਮਿਸ਼ਨ ਜਿਹੜਾ ਬਣਿਆ ਇਸ ਦੇ ਟਰਮਜ਼ ਆਫ਼ ਰੈਫਰੈਂਸ ਜਿਹੜੇ ਸਨ ਉਹ ਤੁਹਾਡੇ ਸਾਹਮਣੇ ਹਨ। ਸਭ ਤੋਂ ਪਹਿਲਾਂ ਇਹ ਹੈ ਕਿ ਉਸ ਦੇ ਵਿਚ ਕੀ ਕਰਨਾ ਸੀ, 'ਸਮ ਵਿਲੇਜਿਜ਼ ਹਿੰਦੀ ਸਪੀਕਿੰਗ ਵਿਲੇਜਿਜ਼'। ਸੱਮ ਦਾ ਮਤਲਬ ਇਹ ਤਾਂ ਨਹੀਂ ਹੁੰਦਾ ਕਿ ਹੰਡਰਡ ਵਿਲੇਜਿਜ਼। ਸਮ ਦਾ ਮਤਲਬ ਇਹ ਹੈ ਕਿ ਚੰਡੀਗੜ੍ਹ ਦੇ ਬਦਲੇ ਥੋੜ੍ਹਾ ਬਹੁਤ ਏਰੀਆ ਦੇ ਦਿਤਾ ਜਾਏ। ਸਪੀਕਰ ਸਾਹਿਬ, ਸੈਂਟਰ ਸਰਕਾਰ ਨਾਲ ਇਸ ਮਸਲੇ ਤੇ ਗਲ ਹੋ ਰਹੀ ਸੀ ਅਤੇ 15, 20, 25 ਪਿੰਡਾਂ ਦੀ ਗਲ ਕਰ ਦਿੱਤੀ ਸੀ ਉਨ੍ਹਾਂ ਨੇ ਕਿ ਦੇ ਦਿਓ। ਮਸਲਾ ਹੱਲ ਹੋ ਸਕਦਾ ਹੈ, ਪਰ ਅਸੀਂ ਅਸੂਲ ਤੇ ਅੜੇ ਰਹੇ ਅਤੇ ਕਿਹਾ ਕਿ ਸਾਰੇ ਹਿੰਦੁਸਤਾਨ ਵਿਚ ਅਜਿਹਾ ਨਹੀਂ ਹੋਇਆ ਅਤੇ ਹੁਣ ਚੰਡੀਗੜ੍ਹ ਦੇ ਬਦਲੇ ਤੁਸੀਂ ਕੁਝ ਮੰਗਦੇ ਹੋ ਇਹ ਕਿਉਂ ? ਅਸੀਂ ਕਹਿ ਦਿਤਾ ਅਸੀਂ ਫਰਾਖ਼ਦਿਲੀ ਵਿਖਾਈ ਕਿ ਜੇ ਕਰਨਾ ਹੈ ਤਾਂ ਇਸ ਤਰ੍ਹਾਂ ਕਰ ਲਓ ਕਿ ਜਿਨ੍ਹਾਂ ਚੰਡੀਗੜ੍ਹ ਦਾ ਏਰੀਆ ਹੈ 60:40 ਦੀ ਰੇਸ਼ੋ ਦੇ ਹਿਸਾਬ ਨਾਲ ਜਿਨ੍ਹਾਂ ਏਰੀਆ ਹਰਿਆਣਾ ਦਾ ਬਣਦਾ ਹੈ, ਦੇ ਦਿਓ ਬਾਕੀ ਸੈਂਟਰਲ ਸਰਕਾਰ ਨੇ ਕੈਪੀਟਲ ਬਣਾਉਣ ਲਈ ਪੈਸੇ ਦੇਣੇ ਹੀ ਹਨ। ਪਰ ਕਮਿਸ਼ਨ ਇਨ੍ਹਾਂ ਨੇ ਰਹਿਣ ਦਿੱਤਾ। ਵੇਖ ਲਵੋ ਪਹਿਲਾਂ ਕਮਿਸ਼ਨ ਨੇ ਲਿਖਿਆ ਕਿ ਮੈਂ 15 ਹਜ਼ਾਰ ਏਕੜ ਦੇਣ ਨੂੰ ਤਿਆਰ ਹਾਂ ਨਾਲ ਹੀ ਇਹ ਕਹਿ ਦਿੱਤਾ ਕਿ ਹਰਿਆਣਾ 15 ਹਜ਼ਾਰ ਏਕੜ ਤੇ ਨਹੀਂ ਮੰਨਦਾ। ਇਸ ਲਈ ਮੈਨੂੰ ਆਪਣੀ ਰਾਏ ਤਬਦੀਲ ਕਰਨੀ ਪੈਣੀ ਹੈ, ਤੁਸੀਂ ਵੇਖੋ ਕਮਿਸ਼ਨ ਦੀ ਰਾਏ ਕਿਵੇਂ ਤਬਦੀਲ ਹੋਈ। ਇਹ ਸੈਂਟਰਲ ਸਰਕਾਰ ਦੀ ਰਾਏ ਤੇ ਹੋਇਆ ਕਰਦਾ ਹੈ। ਇਹ ਕਦੇ ਨਹੀਂ ਹੁੰਦਾ ਕਿ ਇਹ ਕੱਚੀ ਰਾਏ ਤੇ ਇਹ ਪੱਕੀ ਰਾਏ। 15 ਹਜ਼ਾਰ ਏਕੜ ਤੋਂ 70 ਹਜ਼ਾਰ ਏਕੜ ਤਕ ਬਣ ਜਾਏ ਰਾਏ ਤਬਦੀਲ ਹੋ ਕੇ, ਕਿੰਨੇ ਦੁੱਖ ਦੀ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਗਲ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਪਾਸੇ ਵਾਲਿਆਂ ਨੇ ਅਤੇ ਉਸ ਪਾਸੇ ਵਾਲਿਆਂ ਨੇ ਤਾਂ ਕੰਪਲੀਟ ਸਰੰਡਰ ਕਰ ਦਿਤਾ। ਉਹ ਅਗਰ ਦਸ ਲੱਖ ਵੀ ਕਹਿ ਦਿੰਦੇ ਤਾਂ ਇਨ੍ਹਾਂ ਨੇ ਦੇ ਦੇਣਾ ਸੀ। ਲੇਕਿਨ ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਲਈ ਪਾਣੀ ਦਾ ਬੜਾ ਵੱਡਾ ਮਸਲਾ ਹੈ। ਸਰਦਾਰ ਬਲਵੰਤ ਸਿੰਘ ਨੇ ਤਾਂ ਕਹਿ ਦਿੱਤਾ ਕਿ ਹਿੰਦੀ ਸਪੀਕਿੰਗ ਨਾਲ ਅਗਰ 45 ਹਜ਼ਾਰ ਏਕੜ ਵੀ ਜਾ ਰਿਹਾ ਹੈ ਤਾਂ ਕੋਈ ਗਲ ਨਹੀਂ। 45 ਹਜ਼ਾਰ ਏਕੜ ਹੁਣ ਅਤੇ 25 ਹਜ਼ਾਰ ਏਕੜ ਫਿਰ। ਇਹ ਕੰਨ ਫੜੋ ਜਾਂ ਉਹ ਕੰਨ ਫੜੋ ਉਸ ਦਾ ਮਤਲਬ ਤਾਂ ਉਹੀ ਰਹਿਣਾ ਹੈ। ਸਦਨ ਦੇ ਸਾਰੇ ਮੈਂਬਰਾਂ ਨੂੰ ਅੱਜ ਮੈਂ ਕਹਿਣਾ ਹੈ ਕਿ ਇਹ ਗੱਲ ਛੱਡ ਦਿਓ ਕਿ ਕੌਣ ਕਾਂਗਰਸੀ ਹੈ ਅਤੇ ਕੌਣ ਅਕਾਲੀ ਹੈ। ਜੇ 70 ਹਜ਼ਾਰ ਏਕੜ ਦੇ ਦਿਤਾ ਚੰਡੀਗੜ੍ਹ ਦੇ ਬਦਲੇ ਵਿਚ ਤਾਂ ਤੁਹਾਨੂੰ ਪਿੰਡਾਂ ਵਿਚ ਕਿਸੇ ਨੇ ਨਹੀਂ ਵੜਨ ਦੇਣਾ (ਥੰਪਿੰਗ)। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਹ ਕਮਿਸ਼ਨ ਦੀ ਰਿਪੋਰਟ ਜਿਹੜੀ ਹੈ ਇਹ ਰਿਜੈਕਟ ਕਰ ਦੇਣੀ ਚਾਹੀਦੀ ਹੈ। ਬਰਨਾਲਾ ਸਾਹਿਬ, ਦੋ ਚਿਤੀ ਨਾ ਰਖੋ। ਇਹ ਨਾ ਰਖੋ ਕਿ ਸਰਕਾਰ ਬਚਾਉਣੀ ਹੈ। ਇਹ ਤੁਹਾਡੀ ਕਮਜ਼ੋਰੀ ਹੈ, ਇਹ ਨਹੀਂ ਆਉਣ ਦੇਣੀ। ਜੇ ਇਹ ਕਮਜ਼ੋਰੀ ਆਈ ਹੁੰਦੀ ਤਾਂ ਅੱਜ ਫਾਜ਼ਿਲਕਾ ਦੇ ਦਿਤਾ ਹੁੰਦਾ। ਮੈਂ ਕਹਿੰਦਾ ਹਾਂ ਕਿ ਡੱਟ ਜਾਓ ਔਰ ਉਹ ਦਿਨ ਨਾ ਆਉਣ ਦਿਓ। ਜੇ ਅੱਜ ਇਹ ਕਮਜ਼ੋਰੀ ਵਿਖਾਈ ਗਈ ਤਾਂ ਪੰਜਾਬ ਮਾਰ ਖਾ ਜਾਏਗਾ। ਹੁਣ ਇਸ ਵਿੱਚ ਸਾਰਾ ਪੰਜਾਬ ਤੁਹਾਡੀ ਮਦਦ ਕਰੇਗਾ। ਮੈਂ ਇਕ ਗਲ ਕਹਾਂਗਾ ਕਿ ਬਲਵੰਤ ਸਿੰਘ ਦੀ ਬਾਹਲੀ ਗਲ ਨਾ ਮੰਨਿਆਂ ਕਰੋ। ਇਨ੍ਹਾਂ ਨੇ ਤਿੰਨ ਚੀਫ ਮਨਿਸਟਰ ਗੱਡੀ ਚੜ੍ਹਾਏ ਹਨ। ਸਰਦਾਰ ਗੁਰਨਾਮ ਸਿੰਘ ਵੀ ਚੜ੍ਹਾਇਆ, ਮੈਨੂੰ ਵੀ ਚੜ੍ਹਾਇਆ ਅਤੇ ਤੁਹਾਨੂੰ ਵੀ ਚੜ੍ਹਾਏਗਾ। (ਥੰਪਿੰਗ) ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜੇ ਆਪਾਂ ਪੰਜਾਬ ਦਾ ਹਿੱਤ ਕਰਨਾ ਹੈ, ਵੇਖੋ ਗੌਰਮਿੰਟਾਂ ਤਾਂ ਫਿਰ ਵੀ ਆ ਜਾਣਗੀਆਂ ਜੇ ਹੁਣ ਕੁਝ ਹੋ ਜਾਏਗਾ ਲੇਕਿਨ ਜੇ ਪੰਜਾਬ ਦੇ ਹਿੱਤਾਂ ਨੂੰ ਵੇਚ ਦਿਤਾ ਤਾਂ ਫਿਰ ਕਿਸੇ ਨੇ ਬਖਸ਼ਣਾ ਨਹੀਂ। ਮੈਂ ਦੱਸਦਾ ਹਾਂ ਕਿ ਅਸੀਂ ਤਾਂ ਫਿਰ ਤੁਹਾਡੇ ਤੇ ਰਹਿਮ ਖਾ ਜਾਵਾਂਗੇ ਕਿਉਂਕਿ ਸਾਡੇ ਡਿਫਰੈਂਸਿਜ਼ ਤੁਹਾਡੇ ਨਾਲ ਜ਼ਾਤੀ ਨਹੀਂ ਸਿਧਾਂਤਕ ਹਨ ਔਰ ਸਿਧਾਂਤਕ ਤੌਰ ਤੇ ਜੇ ਅਕਾਲੀ ਦਲ ਦਾ ਚੀਫ ਮਨਿਸਟਰ ਹੋਵੇ ਔਰ ਉਹ ਹਰਿਮੰਦਰ ਸਾਹਿਬ ਵਿੱਚ ਫੌਜ ਭੇਜੇ, ਇਹ ਮਾੜੀ ਗਲ ਹੈ। (ਸ਼ੇਮ, ਸ਼ੇਮ) ਪਰ ਇਹ ਜਿਹੜੇ ਤੁਹਾਡੇ ਸਾਹਮਣੇ ਬੈਠੇ ਹਨ ਇਨ੍ਹਾਂ ਦਾ ਨਿਸ਼ਾਨਾ ਇਧਰ ਆਉਣਾ ਹੈ ਇਹ ਉਥੇ ਆਉਣ ਲਈ ਤੁਹਾਨੂੰ ਐਸੀ ਪੁਜ਼ੀਸ਼ਨ ਵਿੱਚ ਛੱਡ ਕੇ ਜਾਣਗੇ, ਤੁਸੀਂ ਸੋਚ ਵੀ ਨਹੀਂ ਸਕੋਗੇ। ਇਸ ਕਰਕੇ ਮੈਂ ਅਖੀਰ ਵਿਚ ਬੜੇ ਦੁਖ ਅਤੇ ਭਰੇ ਮਨ ਨਾਲ ਇਹ ਕਹਿੰਦਾ ਹਾਂ ਕਿ ਇਹ ਰਿਪੋਰਟ ਜਿਹੜੀ ਹੈ ਸਮੁੱਚੀ ਗੌਰਮਿੰਟ ਨਾਲ, ਤੁਹਾਡੇ ਪੰਜਾਬੀਆਂ ਨਾਲ ਵਿਸ਼ਵਾਸਘਾਤ ਕੀਤਾ ਗਿਆ ਹੈ। ਅੱਜ ਸੰਤ ਜੀ ਦੀ ਰੂਹ ਨੂੰ ਬੜੀ ਵੱਡੀ ਸੱਟ ਲਗੇਗੀ ਅਗਰ ਅਸੀਂ ਇਹ ਰਿਪੋਰਟ ਮੰਨ ਲਈ। ਮੈਂ ਸਮਝਦਾ ਹਾਂ ਕਿ ਇਹ ਖ਼ੁਦਕਸ਼ੀ ਹੈ, ਇਹ ਬੈਡਲੀ ਸਾਡੇ ਅਗੇਂਸਟ ਹੈ, ਟੋਟਲੀ ਇਸ ਚੀਜ਼ ਨੂੰ ਰਿਜੈਕਟ ਕਰੋ। ਵੱਧ ਤੋਂ ਵੱਧ ਪੰਦਰਾਂ ਹਜ਼ਾਰ ਏਕੜ ਰਕਬਾ ਜਿਹੜਾ ਬਣਦਾ ਹੈ ਉਸਦਾ ਜੋ 6 ਹਜ਼ਾਰ ਹੈ ਉਹ ਦੇ ਦਿਓ ਨਹੀਂ ਤਾਂ ਪੰਜਾਬੀ ਦੀ ਕਹਾਵਤ ਵਾਲੀ ਗਲ ਹੋਵੇਗੀ ਕਿ : 'ਮੱਝ ਵੇਚ ਕੇ ਘੋੜੀ ਲਈ ਦੁਧ ਪੀਣੋਂ ਗਏ ਲਿਦ ਚੁਕਣੀ ਪਈ।' ਇਹ ਗਲ ਸਾਡੇ ਨਾਲ ਹੋਣੀ ਹੈ ਜਿਸ ਦਾ ਪੰਜਾਬ ਦੇ ਲੋਕਾਂ ਨੂੰ ਬਹੁਤ ਵੱਡਾ ਨੁਕਸਾਨ ਹੋਣਾ ਹੈ। ਦੂਜੀ ਗਲ ਮੈਂ ਅਖੀਰ ਵਿਚ ਇਹ ਕਹਿਣੀ ਚਾਹੁੰਦਾ ਹਾਂ ਕਿ ਟ੍ਰਿਬਿਊਨ ਅਖਬਾਰ ਵਿਚ ਆਇਆ ਹੈ ਚੰਡੀਗੜ੍ਹ ਬਾਰੇ 'ਤੁਹਾਡੀਆਂ ਗਲਾਂ ਤੁਸੀਂ ਜਾਣੋਂ'। ਟ੍ਰਿਬਿਊਨ ਅਖਬਾਰ ਜਿਸ ਨੇ ਸਭ ਤੋਂ ਜ਼ਿਆਦਾ ਪੰਜਾਬ ਗੌਰਮਿੰਟ ਦੀ ਮਦਦ ਕੀਤੀ ਹੈ ਔਰ ਸਾਡੇ ਖਿਲਾਫ ਦੂਸ਼ਨ ਲਾਏ ਉਸ ਨੇ ਕਿਹਾ ਕਿ ਚੰਡੀਗੜ੍ਹ ਟੁੰਡ ਮੁੰਡ ਮਿਲੇਗਾ। ਅਸੀਂ ਮੰਗਿਆ ਸੀ ਯੂ.ਟੀ. ਅਤੇ ਸਾਨੂੰ ਮਿਲੇਗਾ ਟੁੰਡ ਮੁੰਡ ਸ਼ਹਿਰ। ਜਿਹੜੇ ਪਿੰਡ ਜਾ ਰਹੇ ਹਨ ਉਨ੍ਹਾਂ ਨਾਲ ਵਾਟਰ ਵਰਕਸ, 66 ਕੇ.ਵੀ., ਸਾਰੇ ਭੱਠੇ, ਰੇਲਵੇ ਸਟੇਸ਼ਨ, ਟਰਾਂਸਪੋਰਟ ਔਰ ਸਾਰਾ ਮਧਿਆਮਾਰਗ ਦਾ ਪ੍ਰੈਸਟੀਜੀਔਸ

ਏਰੀਆ ਔਰ ਪੀ.ਜੀ.ਆਈ.। ਬਾਕੀ ਕੀ ਕਰਨਾ ਹੈ। ਬਾਕੀ ਵਿੱਚ ਹੈ ਵੀ ਕੀ? ਦੂਸਰੇ ਇਹ ਪੰਜਾਬ ਵਿੱਚ ਨਹੀਂ ਕਰਨਾ ਅਤੇ ਇਕ ਸਰਕਾਰ ਵਿਚ ਦੋ ਸਰਕਾਰਾਂ ਨਹੀਂ ਹੋ ਸਕਦੀਆਂ। ਭਾਵੇਂ ਤੁਸੀਂ ਦੋ ਤਿੰਨ ਜ਼ਿਲ੍ਹੇ, ਫੋਕਲ ਪੁਆਇੰਟਸ ਹਵਾਲੇ ਕਰ ਦਿਤੇ ਹਨ ਸੀ.ਆਰ.ਪੀ. ਦੇ, ਉਹ ਹੁਣ ਥਾਣਿਆਂ ਵਿਚ ਕੰਮ ਸੰਭਾਲਣ ਲਗ ਪਏ ਹਨ, ਸਾਡੇ ਟਾਈਮ ਉਹ ਫੋਕਲ ਪੁਆਇੰਟਸ ਡਿਵੈਲਪਮੈਂਟ ਦੇ ਹੁੰਦੇ ਸਨ ਪਰ ਹੁਣ ਉਹ ਘੋਖਲ ਪੁਆਇੰਟ ਬਣ ਗਏ ਹਨ।

ਅਖੀਰ ਵਿਚ ਮੈਂ ਇਹ ਕਹਾਂਗਾ ਕਿ ਸਾਡੇ ਵਲੋਂ ਇਹ ਰਾਏ ਹੈ ਕਿ ਇਹ ਰਿਜੈਕਟ ਕੀਤਾ ਜਾਏ। ਇਕ ਹੋਰ ਗੱਲ ਕਰਨੀ ਚਾਹੁੰਦਾ ਹਾਂ। ਉਹ ਹੈ ਪੰਜਾਬ ਦੇ ਅਮਨ ਬਾਰੇ। ਹਰ ਪੰਜਾਬੀ, ਹਰ ਹਿੰਦੋ-ਸਤਾਨੀ, ਹਰ ਆਦਮੀ ਪੰਜਾਬ ਵਿਚ ਅਮਨ ਚਾਹੁੰਦਾ ਹੈ। ਹਿੰਦੂ ਸਿੱਖ ਏਕਤਾ ਚਾਹੁੰਦਾ ਹੈ, ਭਾਈਚਾਰਾ ਚਾਹੁੰਦਾ ਹੈ। ਅਸੀਂ ਚਾਹੁੰਦੇ ਹਾਂ ਕਿ ਉਸ ਤਰ੍ਹਾਂ ਦਾ ਹਿੰਦੂ ਸਿੱਖਾਂ ਦਾ ਪਿਆਰ ਬਣੇ ਜਿਵੇਂ ਜੰਤਾ ਪਾਰਟੀ ਦੇ ਵੇਲੇ ਹੋਇਆ ਸੀ। ਐਸਾ ਪਿਆਰ ਹੋ ਸਕਦਾ ਹੈ ਕਿ ਅੱਜ ਵੀ ਆਵੇ ਪਰ ਜੇਕਰ ਤੁਸੀਂ ਸਮਝੋ ਕਿ ਪੰਜਾਬ ਦਾ ਮਸਲਾ ਲਾਅ ਐਂਡ ਆਰਡਰ ਦਾ ਮਸਲਾ ਹੈ, ਗੱਲ ਗਲਤ ਹੈ। ਜੇ ਕਹੋ ਕਿ ਇਸ ਨੂੰ ਰਿਬੇਰੋ ਹੱਲ ਕਰ ਲਵੇ ਔਰ ਝੂਠੇ ਮੁਕਦਮੇ ਬਣਾ ਬਣਾ ਕੇ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਜਾਵੇ, ਇਨੋਸੈਂਟ ਪੀਪਲ ਨੂੰ ਮਾਰ ਕੇ ਹੱਲ ਹੋ ਜਾਵੇਗਾ, ਇਹ ਨਹੀਂ ਹੋ ਸਕਦਾ। ਮੈਂ ਜਦੋਂ ਜੇਲ੍ਹ ਤੋਂ ਬਾਹਰ ਆਇਆ ਸਾਂ ਤਾਂ ਪਹਿਲੀ ਪ੍ਰੈਸ ਕਾਨਫਰੰਸ ਵਿਚ ਕਿਹਾ ਸੀ ਕਿ ਜੇਕਰ ਪੰਜਾਬ ਦਾ ਮਸਲਾ ਹੱਲ ਕਰਨਾ ਹੈ ਔਰ ਜੇਕਰ ਥੋੜ੍ਹੀ ਬਹੁਤ ਸੰਸੇਰਿਟੀ ਪ੍ਰਾਈਮ ਮਨਿਸਟਰ ਵਿਚ ਹੈ ਤਾਂ ਹੱਲ ਹੋ ਸਕਦਾ ਹੈ। ਤੁਸੀਂ ਕਹੋਗੇ ਕਿ ਕਿਸ ਤਰ੍ਹਾਂ ਹੱਲ ਹੋ ਸਕਦਾ ਹੈ? ਫਰਾਖਦਿਲੀ ਨਾਲ, ਜੇਕਰ ਮੇਜਰ ਸਟੈਪਸ ਲਏ ਜਾਣ ਤਾਂ ਹੋ ਸਕਦਾ ਹੈ। ਇਕ ਸਟੈਪ ਜਨਰਲ ਐਮਨੈਸਿਟੀ ਦਾ ਹੈ। ਇਕ ਦਫਾ ਇਹ ਕਰ ਦਿਓ, ਅਸੀਂ ਕੀਤੀ ਸੀ, ਜਦੋਂ ਜਨਤਾ ਪਾਰਟੀ ਦਾ ਰਾਜ ਆਇਆ ਸੀ। ਸਾਰੇ ਦੇਸ਼ ਵਿਚ ਪ੍ਰੋਗਰਾਮ ਬਣਿਆ ਸੀ ਕਿ ਸਾਰੇ ਨੈਕਸੇਲਾਈਟਸ ਛੱਡ ਦੇਣੇ ਹਨ, ਥੋੜ੍ਹਾਂ ਬਹੁਤ ਪ੍ਰੋਟੈਸਟ ਹੁੰਦਾ ਰਿਹਾ ਪਰ ਅਸੀਂ ਛੱਡ ਦਿੱਤੇ। ਜੇਕਰ ਇਹ ਹੋ ਜਾਵੇ ਤਾਂ ਬਹੁਤ ਵੱਡਾ ਫਰਕ ਪਵੇਗਾ। ਦੂਸਰਾ, ਫੌਜੀਆਂ ਦਾ ਮਸਲਾ ਹੈ। ਤੁਸੀਂ ਆਪ ਜਾਣਦੇ ਹੋ ਕਿ ਫੌਜੀਆਂ ਨੇ ਜੋ ਕੁਝ ਕੀਤਾ ਹੈ, ਇਮੋਸ਼ਨਲ ਹੋ ਕੇ ਕੀਤਾ ਹੈ, ਕੋਈ ਗੁਨਾਹ ਜਾਂ ਪਾਪ ਨਹੀਂ ਕੀਤਾ ਕਿਸੇ ਨੂੰ ਪਤਾ ਲਗ ਜਾਵੇ ਕਿ ਉਸ ਦੀ ਬਹੂ-ਬੇਟੀ ਦੀ ਇਜ਼ਤ ਲੁੱਟੀ ਜਾ ਰਹੀ ਹੈ, ਆਪਣੀ ਜਾਨ ਤੋਂ ਪਿਆਰਾ ਹਰਿਮੰਦਰ ਸਾਹਿਬ ਜੋ ਹੈ ਉਸ ਦੀ ਮਾਣ ਮਰਿਆਦਾ ਲੁੱਟੀ ਜਾ ਰਹੀ ਹੈ। ਇਹ ਬੈਠੇ ਹਨ ਬਰਨਾਲਾ ਸਾਹਿਬ, ਇਨ੍ਹਾਂ ਨੇ ਜੋ ਸੈਕੰਡ ਬਲਿਊ ਸਟਾਰ ਓਪਰੇਸ਼ਨ ਕਰਵਾਇਆ ਹੈ। ਜਦੋਂ ਪਹਿਲਾਂ ਬਲਿਊ ਸਟਾਰ ਓਪਰੇਸ਼ਨ ਹੋਇਆ ਸੀ ਤਾਂ ਸਟੇਟਮੈਂਟ ਦਿੱਤੀ ਸੀ। ਮੈਂ ਅਗਲੀ ਵਾਰੀ ਸੈਸ਼ਨ ਵਿਚ ਸਦਨ ਦੀ ਮੇਜ਼ ਤੇ ਉਹ ਰੱਖਾਂਗਾ ਕਿ ਇਨ੍ਹਾਂ ਦੀ ਸਟੇਟਮੈਂਟ ਕੀ ਸੀ। ਜੇਕਰ ਉਦੋਂ ਇਹ ਗੱਲ ਦੁਖਦਾਈ ਸੀ ਤਾਂ ਹੁਣ ਵੀ ਉਹ ਹੀ ਗੱਲ ਹੈ। ਮੈਂ ਵੀਰੋ, ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਧਰਲੇ ਵੀਰ ਜੋ ਆਪਣੇ ਹਨ ਤੁਹਾਡੇ ਆਖੇ ਘਟ ਲਗਦੇ ਹਨ, ਤੁਸੀਂ ਕੋਸ਼ਿਸ਼ ਕਰੋ ਫੌਜੀਆਂ ਨੂੰ ਜਨਰਲ ਐਮਨੈਸਟੀ ਦਿਵਾਓ ਇਸ ਨਾਲ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਵਿਚ ਬਹੁਤ ਹੀ ਮੱਦਦ ਮਿਲੇਗੀ। ਤੁਸੀਂ ਇਸ ਨੂੰ ਹੱਲ ਕਰਨ ਲਈ ਤਿੰਨ ਕੰਮ ਕਰ ਦਿਓ ਫਿਰ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਜੇਕਰ ਪੰਜਾਬ ਵਿਚ ਅਮਨ ਅਮਾਨ ਨਾ ਹੋਵੇ ਮਸਲਾ ਹੱਲ ਨਾ ਹੋਵੇ ਤਾਂ ਕਹੋ। ਮੇਰੀ ਕਾਨਸ਼ੀਅਸ ਕਹਿੰਦੀ ਹੈ ਕਿ ਉਨ੍ਹਾਂ ਇਨੋਸੈਂਟ ਲੋਕਾਂ ਨੂੰ ਛੱਡ ਦਿਓ ਕਿਉਂ ਜੋ ਇਹ ਕੰਮ ਕਰਦੇ ਹਨ ਉਹ ਵੀ ਮਜ਼ਬੂਰ ਹੋ ਕੇ ਕਰਦੇ ਹਨ, ਇਹ ਨਹੀਂ ਹੈ ਕਿ ਉਨ੍ਹਾਂ ਨੂੰ ਕੋਈ ਆਪਣੀ ਜਾਨ ਪਿਆਰੀ ਨਹੀਂ ਹੈ। ਇਕ 4 ਤਾਰੀਖ ਨੂੰ ਇਨਸੀਡੈਂਟ ਹੋਇਆ ਹੈ ਹਰਮੰਦਰ ਸਾਹਿਬ ਦੇ ਏਰੀਆ ਵਿਚ। ਇਕ ਬੇਗੁਨਾਹ ਮੌਤ ਹੋਈ ਹੈ। ਮੈਨੂੰ ਦੁੱਖ ਹੈ ਲੇਕਿਨ ਦੁੱਖ ਹੋਰ ਵੀ ਹੈ ਕਿ ਪੰਜਾਬ ਸਰਕਾਰ ਦੀਆਂ ਇਨਸਟਰੱਕਸ਼ਨਜ਼ ਨਾਲ ਬੇਗੁਨਾਹ ਬੰਦਿਆਂ ਨੂੰ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਕਤਲ ਵਿਚ ਪਾਇਆ ਜਾ ਰਿਹਾ ਹੈ। ਇਕ ਹੈ ਮੇਜਰ ਜਗਜੀਤ ਸਿੰਘ, ਉਹ ਕੌਣ ਹੈ ? ਮੇਜਰ ਜਗਜੀਤ ਸਿੰਘ ਉਹ ਸ਼ਖਸੀਅਤ ਹੈ, ਜਦੋਂ ਬਲਿਊ ਸਟਾਰ ਓਪਰੇਸ਼ਨ ਹੋਇਆ ਹੈ, ਉਸ ਨੂੰ ਹੁਕਮ ਦਿੱਤਾ ਗਿਆ ਕਿ ਉਸ ਨੇ ਮਹਿਤਾ ਚੌਕ ਵਿਚ ਟੈਂਕ ਲਗਾ ਕੇ ਗੁਰਦਵਾਰੇ ਦੀ ਬਿਲਡਿੰਗ ਨੂੰ ਮਲੀਆ ਮੇਟ ਕਰਨਾ ਹੈ ਔਰ ਉਥੇ ਦੇ ਸਾਰੇ ਲੋਕਾਂ ਨੂੰ ਸ਼ਹੀਦ ਕਰਨਾ ਹੈ। ਕਈਆਂ ਦੇ ਅੰਦਰ ਜਜ਼ਬਾ ਹੁੰਦਾ ਹੈ, ਸਿਆਣਾ ਅਫਸਰ ਹੁੰਦਾ ਹੈ, ਉਨ੍ਹਾਂ ਨੇ ਮੌਕੇ ਨੂੰ ਪਛਾਣ ਲਿਆ ਔਰ ਉਹ ਕੰਮ ਨਾ ਕੀਤਾ। ਫਿਰ ਦੋ ਸਾਲ ਉਨ੍ਹਾਂ ਕੈਦ ਕੱਟੀ ਹੈ। ਔਰ ਉਨ੍ਹਾਂ ਨੂੰ ਮੇਨ ਕਲਪਰਿਟ ਕਰਕੇ ਕਤਲ ਕੇਸ ਵਿਚ ਪਾਇਆ ਹੈ। ਮੈਂ ਕਦੇ ਵੀ ਗੁਰੂ ਗ੍ਰੰਥ ਸਾਹਿਬ ਅੱਗੇ ਕਸਮ ਨਹੀਂ ਖਾਧੀ ਪਰ ਮੈਂ ਕਸਮ ਖਾ ਕੇ ਕਹਿੰਦਾ ਹਾਂ ਕਿ ਉਹ ਉਥੇ ਨਹੀਂ ਸੀ। ਫਿਰ ਜੇਕਰ ਬੇਗੁਨਾਹਾਂ ਨੂੰ ਇਸ ਤਰ੍ਹਾਂ ਕਤਲਾਂ ਦੇ ਕੇਸਾਂ ਵਿਚ ਪਾਉਗੇ ਤਾਂ ਮਸਲਾ ਹੱਲ ਨਹੀਂ ਹੋਣਾ। ਫਿਰ ਤਾਲਿਬ ਸਿੰਘ ਸੰਧੂ ਦਾ ਇਸ ਕੇਸ ਨਾਲ ਕੋਈ ਸਬੰਧ ਨਹੀਂ ਹੈ। ਜਦੋਂ ਦੇ ਅਸੀਂ ਉਥੋਂ ਆਏ ਹਾਂ ਉਹ ਸਾਡੇ ਨਾਲ ਹੈ। ਮੈਂ ਡੀ.ਆਈ.ਜੀ. ਨੂੰ ਡੀ.ਸੀ. ਨੂੰ ਟੈਲੀਫੂਨ ਕੀਤਾ। ਡੀ.ਸੀ. ਦੀ ਵਰਡਿੰਗ ਸੀ, ਸ਼ਾਇਦ ਤੁਸੀਂ ਨਰਾਜ਼ ਹੋਵੋਗੇ ਕਿ ਅਸੀਂ ਕੋਤਵਾਲੀ ਵਿਚ ਬੈਠੇ ਸੀ ਤਾਲਿਬ ਸਿੰਘ ਸੰਧੂ ਨੇ ਚਾਹ ਪੀਤੀ ਹੈ। ਜੇਕਰ ਉਹ ਉਥੇ ਨਹੀਂ ਹੈ ਜਿਥੇ ਕਤਲ ਹੋਇਆ ਹੈ ਤਾਂ ਫਿਰ ਕਤਲ ਵਿਚ ਪਾਉਗੇ ਤਾਂ ਕੀ ਨਤੀਜਾ ਨਿਕਲੇਗਾ ? ਜੇਕਰ ਕਹੋ ਕਿ ਪਦਯਾਤਰਾ ਨਾਲ ਜਾਂ ਕੋਈ ਅਜਿਹੀਆਂ ਗੱਲਾਂ ਨਾਲ ਹਾਲਾਤ ਠੀਕ ਹੋ ਜਾਣੇ ਹਨ, ਇਹ ਠੀਕ ਨਹੀਂ ਹੋਣੇ। ਅਸੀਂ ਹਿੰਦੂ ਭਰਾਵਾਂ ਦੀ ਰਾਖੀ ਕਰਨੀ ਚਾਹੁੰਦੇ ਹਾਂ। ਹਿੰਦੂ ਸਿੱਖ ਨਹੁੰ ਤੇ ਮਾਸ ਵਾਲੀ ਗੱਲ ਹੈ। ਇਹ ਅੱਡ ਨਹੀਂ ਹੋ ਸਕਦਾ ਪਰ ਜੇਕਰ ਲੈਕਚਰ ਕਰਕੇ ਗੈਲਰੀਆਂ ਨੂੰ ਵਿਖਾਉਣਾ ਹੈ, ਕਦੇ ਵਾਕ ਆਊਟ ਕਰ ਗਏ, ਇਸ ਤਰ੍ਹਾਂ ਨਤੀਜਾ ਕੁਝ ਨਹੀਂ ਨਿਕਲਣਾ। ਤੁਸੀਂ ਸਖਤੀ ਕਰ ਕਰ ਕੇ ਵੇਖ ਲਈ ਹੈ। ਮਿਲਟਰੀ ਗੁਰਦਾਸਪੁਰ ਵਿਚ ਰਹੀ ਹੈ। ਹੁਣ ਤਾਂ ਬਹੁਤ ਹੀ ਫੋਰਸ ਲਾ ਦਿੱਤੀ ਹੈ। ਜੇਕਰ ਮਿਲਟਰੀ ਨੇ ਕੁਝ ਨਹੀਂ ਕੀਤਾ ਤਾਂ ਪਿਆਰ ਨਾਲ ਕਰੋ। ਜੇਕਰ ਮੇਰਾ ਕਹਿਣਾ ਮੰਨ ਲਵੋ ਉਨ੍ਹਾਂ ਨੌਜਵਾਨਾਂ ਨੂੰ ਛੱਡ ਦਿਓ, ਔਰ ਉਨ੍ਹਾਂ ਨਾਲ ਗੱਲ ਕਰੋ ਜਿਹੜੇ ਇਸ ਪਾਸੇ ਲਗੇ ਹੋਏ ਹਨ, ਉਨ੍ਹਾਂ ਨੂੰ ਵਿਸ਼ਵਾਸ ਦਿਓ, ਪਿਛਲੇ ਮੁਕੱਦਮੇ ਛੱਡ ਦਿਓ ਤਾਕਿ ਨਵੀਂ ਬਿਮਾਰੀ ਤਾਂ ਨਾ ਵਧੇ। ਫਿਰ ਆਪਾਂ ਇਸ ਚੀਜ਼ ਦਾ ਹੱਲ ਕਰ ਸਕਾਂਗੇ। ਇਸ ਵਾਸਤੇ ਹੋਰ ਸਹਿਯੋਗ ਜਿਹੜਾ ਚਾਹੁੰਣ ਉਹ ਦੇਣ ਨੂੰ ਤਿਆਰ ਹਾਂ। ਕਿਉਂਕਿ ਮੈਨੂੰ ਸਮਾਂ ਥੋੜ੍ਹਾ ਦਿੱਤਾ ਹੈ ਇਸ ਲਈ ਮੈਂ ਫਿਰ ਅਖੀਰ ਵਿਚ ਇਕੋ ਗੱਲ ਕਰਨੀ ਚਾਹੁੰਦਾ ਹਾਂ ਕਿ ਇਹ ਰਿਜੈਕਟ ਹੋਵੇ ਜੋ ਵੈਂਕਟਰਮਈਆ ਕਮਿਸ਼ਨ ਦੀ ਰਿਪੋਰਟ ਹੈ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸਰ, ਮੈਂ ਇਕ ਮਿੰਟ ਹੀ ਲੈਣਾ ਚਾਹੁੰਦਾ ਹਾਂ। ਮੇਰੇ ਫਾਜ਼ਲ ਦੋਸਤ ਬਾਦਲ ਸਾਹਿਬ ਨੇ ਕਿਹਾ ਹੈ ਕਿ ਸਰਕਾਰ ਅਬੋਹਰ ਫਾਜ਼ਿਲਕਾਂ ਛੱਡੂ ਸੀ ਔਰ ਇਹ ਕਿਸੇ ਹੋਰ ਆਦਮੀ ਦੀ ਮੇਹਰਬਾਨੀ ਨਾਲ ਬਚਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਬਰਨਾਲਾ ਸਾਹਿਬ ਦੀ ਗੌਰਮਿੰਟ ਸੈਂਕੜੇ ਵਰਕਰ ਔਰ ਸਾਰੇ ਮਨਿਸਟਰ, ਮੈਂ ਵੀ, ਸਾਰੀ ਕੈਬਨਿਟ ਉਥੇ ਜਾ ਕੇ ਬੈਠੇ। ਮੈਂ ਬਾਦਲ ਸਾਹਿਬ ਨੂੰ ਬੇਨਤੀ ਕੀਤੀ ਉਨ੍ਹਾਂ ਦੇ ਪਿੰਡ ਲਾਗੇ ਗਏ ਹੋਏ ਸੀ, ਬਾਦਲ ਸਾਹਿਬ ਦਾ ਪਿੰਡ ਉਥੋਂ ਸਟੋਨਜ਼-ਥਰੋ ਤੇ ਹੈ। ਮੈਂ ਇਨ੍ਹਾਂ ਨੂੰ ਦੱਸਿਆ ਕਿ ਅਨਿਊਮਰੇਸ਼ਨ ਹੋਣੀ ਹੈ ਪਰ ਇਹ ਚੰਡੀਗੜ੍ਹ ਭੱਜ ਆਏ। ਥੋੜ੍ਹਾ ਜਿਹਾ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਕਿਹਾ ਹੈ ਕਿ ਚਾਰ ਨੂੰ ਗੱਡੀ ਚੜ੍ਹਾਇਆ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਆਦਮੀ ਅਕਾਲੀ ਦਲ ਦੇ ਪ੍ਰਧਾਨ ਨਾਲ ਸਿੰਙ ਫਸਾਏ ਉਹ ਗੱਡੀ ਚੜ੍ਹਿਆ ਹੈ। ਸੰਤ ਫਤਹਿ ਸਿੰਘ ਨਾਲ ਇਨ੍ਹਾਂ ਨੇ ਸਿੰਙ ਫਸਾਏ ਹਾਲਾਂ ਕਿ ਉਹ ਹੀ ਇਨ੍ਹਾਂ ਨੂੰ ਪਾਲੇਟਿਕਸ ਵਿਚ ਲਿਆਏ ਸਨ, ਫਿਰ ਟੋਹੜਾ ਸਾਹਿਬ ਨਾਲ ਸਿੰਙ ਫਸਾਏ, ਮੈਂ ਇਨ੍ਹਾਂ ਨੂੰ ਰੋਕਦਾ ਹੀ ਰਿਹਾ ਕਿ ਇਸ ਤਰ੍ਹਾਂ ਨਾ ਕਰੋ ਪਰ ਇਹ ਨਹੀਂ ਮੰਨੇ। ਇਹ ਹੁਣ ਵੀ ਗੱਡੀ ਚੜ੍ਹੇ ਹੋਏ ਹਨ ਔਰ ਇਨ੍ਹਾਂ ਗੱਡੀ ਚੜ੍ਹੇ ਰਹਿਣਾ ਹੈ। (ਹਾਸਾ)

ਸ਼੍ਰੀ ਰਾਧਾ ਕ੍ਰਿਸ਼ਨ (ਫਾਜ਼ਿਲਕਾ) : ਸਪੀਕਰ ਸਾਹਬ, ਵੈਸੇ ਤਾਂ ਬੜੀ ਤਫਸੀਲ ਨਾਲ ਵਿਚਾਰ ਹੋਇਆ ਹੈ ਵੈਂਕੇਟਰਮਈਆ ਕਮਿਸ਼ਨ ਦੀ ਰਿਪੋਰਟ ਉਤੇ, ਲੇਕਿਨ ਇਸ ਦੀ ਅਸਲ ਰਿਪੋਰਟ ਸਾਡੇ ਸਾਹਮਣੇ ਨਹੀਂ। ਪੂਰੀ ਤਫਸੀਲ ਸਾਡੇ ਸਾਹਮਣੇ ਨਹੀਂ ਹੈ। ਲੇਕਿਨ ਅਖਬਾਰਾਂ ਰਾਹੀਂ ਜੋ ਪੜ੍ਹਿਆ ਹੈ ਉਸ ਉਤੇ ਮੇਰਾ ਔਰ ਮੇਰੀ ਪਾਰਟੀ ਦਾ ਵਿਚਾਰ ਹੈ ਕਿ ਇਹ ਜਿੰਨੇ ਕਮਿਸ਼ਨ ਬਣੇ ਹਨ ਬਕਾਇਦਾ ਤੌਰ ਤੇ ਇਹ ਪੰਜਾਬ ਦਾ ਮਸਲਾ ਹਲ ਨਹੀਂ ਕਰ ਸਕੇ। ਭਾਵੇਂ ਇਹ ਸ਼ਾਹ ਕਮਿਸ਼ਨ ਸੀ, ਉਸ ਨੇ ਵੀ ਅਧੂਰੀ ਰਿਪੋਰਟ ਦੇ ਦਿੱਤੀ ਸੀ ਔਰ ਸੈਂਟਰਲ ਗੌਰਮਿੰਟ ਨੇ ਉਸ ਨੂੰ ਤੋੜ ਮਰੋੜ ਕੇ ਰੱਖ ਦਿੱਤਾ। ਫਿਰ ਇੰਦਰਾ ਗਾਂਧੀ ਦਾ ਅਵਾਰਡ ਹੋਇਆ, ਉਸ ਵੇਲੇ ਬਾਦਲ ਸਾਹਿਬ ਵੀ ਇਕੱਠੇ ਹੀ ਸਨ ਲੇਕਿਨ ਇਹ ਫੈਕਟ ਹੈ ਕਿ ਉਸ ਵੇਲੇ ਇਹ ਅਬੋਹਰ ਅਤੇ ਫਾਜ਼ਿਲਕਾ ਦਾ ਇਲਾਕਾ ਦੇਣ ਲਈ ਇਨਕਾਰ ਨਹੀਂ ਕੀਤਾ ਸੀ। ਫਿਰ ਜਦੋਂ ਅਬੋਹਰ ਅਤੇ ਫਾਜ਼ਿਲਕਾ ਦੇ ਲੋਕਾਂ ਨੇ ਅੰਮ੍ਰਿਤਸਰ ਵਿਚ ਜਾ ਕੇ ਇਨ੍ਹਾਂ ਨੂੰ ਵੱਟੇ ਮਾਰੇ ਤਾਂ ਇਨ੍ਹਾਂ ਨੂੰ ਆਪਣੀ ਰਾਇ ਬਦਲਣੀ ਪਈ। ਇਸ ਤੋਂ ਬਾਅਦ ਰਾਜ ਬਦਲਦੇ ਰਹੇ ਔਰ ਇਹ ਚੰਡੀਗੜ੍ਹ ਪੰਜਾਬ ਔਰ ਹਰਿਆਣੇ ਦੇ ਦਰਮਿਆਨ ਕੁਰਕਸ਼ੇਤਰ ਬਣ ਗਿਆ। ਇਸ ਤੋਂ ਬਾਅਦ ਹੋਰ ਕਈ ਕਮਿਸ਼ਨ ਬਣ ਗਏ, ਪਰ ਫੈਸਲਾ ਨਾ ਹੋ ਸਕਿਆ। ਇਸ ਤਰ੍ਹਾਂ ਲਗਦਾ ਹੈ ਕਿ ਜਾਂ ਤਾਂ ਸੈਂਟਰਲ ਗੌਰਮਿੰਟ ਇਹ ਮਸਲਾ ਸਮਝਦੀ ਨਹੀਂ ਜਾਂ ਫਿਰ ਮਸਲਾ ਹਲ ਕਰਨਾ ਨਹੀਂ ਚਾਹੁੰਦੀ। ਜੇ ਹੱਲ ਨਹੀਂ ਕਰਨਾ ਚਾਹੁੰਦੀ ਤਾਂ ਫਿਰ ਜਿਸ ਤਰ੍ਹਾਂ ਬਾਦਲ ਸਾਹਿਬ ਨੇ ਕਿਹਾ ਹੈ ਕਿ ਇਸ ਨੂੰ 60-40 ਦੇ ਰੇਸ਼ੋ ਨਾਲ ਵੰਡ ਲਵੋ, ਇਹ ਕਰ ਲੈਣਾ ਚਾਹੀਦਾ ਹੈ। ਰਾਜੀਵ ਔਰ ਲੌਂਗੋਵਾਲ ਦੇ ਦਰਮਿਆਨ ਜਿਹੜੇ ਸਮਝੌਤੇ ਤੇ ਦਸਖਤ ਹੋਏ ਹਨ ਉਸ ਤੋਂ ਨਾ ਅਕਾਲੀ ਮੁਕਰ ਸਕਦੇ ਹਨ ਅਤੇ ਨਾ ਇਹ ਕਾਂਗਰਸੀ। ਪਰ ਫਿਰ ਇਹ 70 ਹਜ਼ਾਰ ਏਕੜ ਦਾ ਹਿਸਾਬ ਪਤਾ ਨਹੀਂ, ਕਿਥੋਂ ਕੱਢ ਲਿਆ? ਸਵਾਲ ਇਹ ਹੈ ਕਿ ਜਿਹੜਾ ਸਾਡੇ ਸਾਹਮਣੇ ਅਸੂਲ ਦਿੱਤਾ ਗਿਆ ਸੀ ਉਸ ਤੇ ਕਾਇਮ ਰਹਿਣਾ ਚਾਹੀਦਾ ਹੈ ਉਸ ਨਾਲ ਭਾਵੇਂ 5 ਲੱਖ ਏਕੜ ਜ਼ਮੀਨ ਜਾਵੇ ਜਾਂ ਸਿਰਫ 5 ਏਕੜ। ਅਸੂਲ ਤੇ ਫੈਸਲਾ ਕਰਨਾ ਚਾਹੀਦਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਜ਼ਮੀਨ ਦਿੱਤੀ ਜਾਵੇ, ਐਸਾ ਕਹਿਣਾ ਕੇਂਦਰੀ ਸਰਕਾਰ ਲਈ ਠੀਕ ਨਹੀਂ ਹੈ। ਜੇ ਇਹ ਚੀਜ਼ ਸਾਡੇ ਤੇ ਲਾਗੂ ਕਰਨੀ ਹੈ ਤਾਂ ਇਹ ਹੋਰ ਸਟੇਟਾਂ ਤੇ ਵੀ ਲਾਗੂ ਹੋਣੀ ਚਾਹੀਦੀ ਹੈ। ਮਹਾਰਾਸ਼ਟਰਾ ਦੇ ਨਾਲ ਝਗੜਾ ਹੋਇਆ ਹੈ ਟੈਰੇਟਰੀਜ਼ ਦਾ, ਉਥੇ ਬੜਾ ਰੌਲਾ ਪੈਂਦਾ ਰਿਹਾ ਹੈ। ਜੇ ਇਥੇ ਬਹਿਸ ਹੀ ਕਰਨੀ ਹੈ ਤਾਂ ਕਰ ਲਓ ਆਪਣੇ ਦਿਲਾਂ ਦੀਆਂ ਗਲਾਂ ਕੱਢ ਲਓ। ਪਰ ਇਕ ਗੱਲ ਹੁਣ ਬਿਲਕੁਲ ਸਾਫ ਹੋ ਗਈ ਹੈ ਕਿ ਸਾਡੀ ਜਿਹੜੀ ਮੇਨ ਪਾਰਟੀ ਹੈ ਉਹ ਅਕਾਲੀ ਪਾਰਟੀ ਹੈ। ਸੰਤ ਲੌਂਗੋਵਾਲ ਦੇ ਸਮਝੌਤੇ ਤੋਂ ਬਾਅਦ ਹਿਦੂਆਂ ਨੇ ਵੀ ਇਨ੍ਹਾਂ ਨੂੰ ਵੋਟਾਂ ਪਾਈਆਂ ਔਰ ਕਾਂਗਰਸ ਦੇ ਖਿਲਾਫ ਹੋ ਕੇ ਇਨ੍ਹਾਂ ਨੂੰ ਵੋਟਾਂ ਪਾਈਆਂ। ਲੇਕਿਨ ਅੱਜ ਇਹ ਮੰਨਣਾ ਪਵੇਗਾ ਕਿ ਅੱਜ ਉਸ ਪਾਰਟੀ ਵਿਚ ਵੀ ਦੋਫਾੜ ਹੋ ਗਿਆ ਹੈ। ਜੇ ਤੁਸੀਂ ਹੀ ਆਪਸ ਵਿਚ ਫਟ ਗਏ ਤਾਂ ਤੁਸੀਂ ਸੈਂਟਰ ਨਾਲ ਕੀ ਗਲ ਕਰੋਗੇ। ਬਾਦਲ ਸਾਹਿਬ ਨੇ ਲਾਅ ਐਂਡ ਆਰਡਰ ਦੀ ਗਲ ਕੀਤੀ ਹੈ, ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਉਹ ਆਪ ਜ਼ਿਮੇਵਾਰੀ ਲੈਣ ਔਰ ਮੁੰਡਿਆਂ ਨਾਲ ਗਲ ਕਰ ਲੈਣ ਔਰ ਫਿਰ ਜੋ ਗਲ ਹੋਏ ਗੌਰਮਿੰਟ ਨਾਲ ਗੱਲ ਕਰਕੇ ਇਹ ਮਸਲਾ ਹਲ ਕਰਨ। ਜੇ ਬਾਦਲ ਸਾਹਿਬ ਸਾਫ ਦਿਲ ਨਾਲ ਇਹ ਮਸਲਾ ਹਲ ਕਰਨਾ ਚਾਹੁੰਦੇ ਹਨ ਤਾਂ ਇਸ ਤਰ੍ਹਾਂ ਕਰਨ ਲੇਕਿਨ ਇਕ ਗੱਲ ਤੇ ਜ਼ਰੂਰ ਸੋਚਣਾ ਪਵੇਗਾ ਕਿ ਇਹ ਜੋ ਲਾਂਛਣ ਇਕ ਦੂਜੇ ਤੇ ਲਾਏ ਜਾਂਦੇ ਹਨ, ਇਸ ਨਾਲ ਇਹ ਜਿਹੜਾ ਅਕਾਰਡ ਹੈ ਇਹ ਲਾਗੂ ਨਹੀਂ ਹੋਵੇਗਾ। ਜੇ ਇਹ ਆਪ ਹੀ ਇਕੱਠੇ ਨਹੀਂ ਤਾਂ ਇਹ ਪੰਜਾਬ ਦਾ ਮਸਲਾ ਹੱਲ ਕਿਸ ਤਰ੍ਹਾਂ ਕਰਨਗੇ। ਇਨ੍ਹਾਂ ਦੇ ਇਕੱਠੇ ਨਾ ਹੋਣ ਕਾਰਣ ਪੰਜਾਬ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਜੋ ਹਿੰਦੀ ਸਪੀਕਿੰਗ ਏਰੀਆ ਹੈ

[ਸ੍ਰੀ ਰਾਧਾ ਕ੍ਰਿਸ਼ਨ]

ਉਹ ਦੇਣਾ ਹੈ ਤਾਂ ਦੇ ਦਿਓ। ਇਸ ਨਾਲ ਲਾਅ ਐਂਡ ਆਰਡਰ ਦਾ ਮਸਲਾ ਵੀ ਹਲ ਹੋਵੇਗਾ। ਅੱਜ ਹਿੰਦੂ ਜਿਹੜੇ ਹਜ਼ਾਰਾਂ ਦੀ ਤਦਾਦ ਵਿਚ ਬਾਹਰ ਜਾ ਰਹੇ ਹਨ ਇਸ ਦੀ ਜ਼ਿਮੇਵਾਰੀ ਸਾਡੀ ਸਰਕਾਰ ਤੇ ਵੀ ਆਉਂਦੀ ਹੈ ਔਰ ਕਾਂਗਰਸੀਆਂ ਤੇ ਵੀ। ਇਹ ਬਹੁਤ ਵਡਾ ਮਸਲਾ ਬਣ ਗਿਆ ਹੈ। ਪਿੰਡਾਂ ਵਿਚ ਜਾ ਕੇ ਵੇਖੋ ਕੀ ਹਾਲ ਹੋ ਰਿਹਾ ਹੈ। ਇਹ ਸਿਰਫ ਸੈਂਟਰਲ ਗੌਰਮਿੰਟ ਜਾਂ ਪੰਜਾਬ ਦਾ ਮਸਲਾ ਹੀ ਨਹੀਂ ਰਿਹਾ ਇਹ ਇੰਟਰ ਨੈਸ਼ਨਲ ਮਸਲਾ ਬਣ ਗਿਆ ਹੈ। ਇਸ ਵਿਚ ਇੰਟਰ-ਨੈਸ਼ਨਲ ਮਸਲਾ ਘੁਸਿਆ ਹੋਇਆ ਹੈ। ਪਾਕਿਸਤਾਨ ਦਾ ਜਦੋਂ ਬੰਗਲਾ ਦੇਸ਼ ਬਣਿਆ ਸੀ ਤਾਂ ਅਸੀਂ ਖੁਸ਼ ਹੋਏ ਸੀ; ਅੱਜ ਸਾਡੇ ਆਪਣੇ ਪੰਜਾਬ ਵਿਚ ਇਹ ਮਸਲਾ ਬਣ ਰਿਹਾ ਹੈ। ਇਹ ਜਿਹੜੇ ਮੁੰਡੇ ਆਉਂਦੇ ਹਨ ਇਹ ਪੂਰੀ ਟਰੇਨਿੰਗ ਲੈਕੇ ਆਉਂਦੇ ਹਨ। ਇਸ ਢੰਗ ਨਾਲ ਮਾਰ ਕੇ ਚਲੇ ਜਾਂਦੇ ਹਨ ਕਿ ਪਤਾ ਹੀ ਨਹੀਂ ਲਗਦਾ। ਮੈਂ ਦਸਦਾ ਕਿ ਸਿੱਖ ਕਿੰਨਾਂ ਵੀ ਕੋਈ ਟੈਰੋਰਿਸਟ ਹੋਵੇ ਪਰ ਉਹ ਆਪਣੇ ਭਰਾ ਦਾ ਕਤਲ ਨਹੀਂ ਕਰੇਗਾ। ਇਸ ਲਈ ਮੇਰਾ ਇਹ ਸੁਝਾਵ ਹੈ ਕਿ ਇਸ ਮਸਲੇ ਨੂੰ ਹਲ ਕਰਨ ਵਾਸਤੇ ਸਭ ਨੂੰ ਇਕੱਠੇ ਹੋਕੇ ਵਿਚਾਰ ਕਰਨਾ ਚਾਹੀਦਾ ਹੈ। ਇਥੇ ਕਿਹਾ ਗਿਆ ਹੈ ਕਿ ਫਾਜ਼ਿਲਕਾ ਔਰ ਅਬੋਹਰ ਦੇ ਮਸਲੇ ਨੂੰ ਹੁਣ ਜੰਦਰਾ ਲਾ ਦਿੱਤਾ ਹੈ ਅਤੇ ਚਾਬੀ ਸਮੁੰਦਰ ਵਿਚ ਸੁਟ ਦਿੱਤੀ ਹੈ। ਪਰ ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਕਮਿਸ਼ਨ ਨੇ ਹੁਣ ਵੀ ਹਿੰਟ ਦਿੱਤਾ ਹੈ ਬਾਕੀ 25 ਹਜ਼ਾਰ ਏਕੜ ਜ਼ਮੀਨ ਦੇ ਬਾਰੇ। ਉਸ ਦਾ ਇਸ ਪਾਸੇ ਵਿਚਾਰ ਨਾ ਬਣ ਜਾਵੇ। ਇਸ ਲਈ ਜ਼ਰੂਰ ਵਿਚਾਰ ਕਰ ਲੈਣਾ ਚਾਹੀਦਾ ਹੈ। ਇਸ ਲਈ ਮੈਂ ਫਿਰ ਕਹਾਂਗਾ ਕਿ ਇਹ ਮਸਲੇ ਕਮਿਸ਼ਨਾਂ ਨਾਲ ਹਲ ਨਹੀਂ ਹੋਣੇ, ਇਹ ਮਸਲੇ ਗਲ ਬਾਤ ਰਾਹੀਂ ਹਲ ਕਰਨੇ ਚਾਹੀਦੇ ਹਨ। ਜਦੋਂ ਵੀ ਫਿਰ ਵੈਂਕਟਰਮਈਆ ਕਮਿਸ਼ਨ ਦੀ ਫਾਈਨਲ ਰਿਪੋਰਟ ਆਵੇ ਉਸ ਦੀ ਪੂਰੀ ਛਾਣਬੀਣ ਕਰਕੇ ਸਾਨੂੰ ਫੈਸਲਾ ਕਰਨਾ ਚਾਹੀਦਾ ਹੈ। ਇਤਨਾ ਕਹਿਕੇ ਮੈਂ ਤੁਹਾਡੀ ਆਗਿਆ ਮੰਗਦਾ ਹਾਂ।

ਸਰਦਾਰ ਸੁਖਜਿੰਦਰ ਸਿੰਘ (ਬੈਠੇ ਬੈਠੇ): ਅਸੀਂ ਵੀ ਬੋਲਣਾ ਹੈ।

ਸ੍ਰੀ ਸਪੀਕਰ: ਤੁਹਾਡਾ ਟਾਈਮ 30 ਮਿੰਟ ਸੀ, 32 ਮਿੰਟ ਲੈ ਚੁਕੇ ਹੋ।

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ): ਸਪੀਕਰ ਸਾਹਿਬ, ਅੱਜ ਸਦਨ ਦੇ ਸਾਹਮਣੇ ਬੜਾ ਗੰਭੀਰ ਮਸਲਾ ਹੈ। ਅਸੀਂ ਜੋ ਵੈਂਕਟਰਮਈਆ ਕਮਿਸ਼ਨ ਦੇ ਬਾਰੇ ਅਖਬਾਰਾਂ ਵਿਚ ਖਬਰਾਂ ਆਈਆਂ ਹਨ ਉਸ ਬਾਰੇ ਵਿਚਾਰ ਕਰ ਰਹੇ ਹਾਂ। ਇਹ ਜਿਹੜਾ ਅਕਾਰਡ ਰਾਜੀਵ ਔਰ ਸੰਤ ਲੌਂਗੋਵਾਲ ਦੇ ਦਰਮਿਆਨ ਹੋਇਆ ਹੈ ਇਸ ਦੀ ਕਲਾਜ਼ 7.2 ਵਿਚ ਸਪੱਸ਼ਟ ਤੌਰ ਤੇ ਇਹ ਲਿਖਿਆ ਹੈ ਕਿ ਸਿਰਫ ਹਿੰਦੀ ਸਪੀਕਿੰਗ ਟੈਰੀਟਰੀਜ਼ ਹੀ ਦੇਣੀਆਂ ਹਨ। ਪਰ ਇਸ ਦੀ ਜਿਹੜੀ 7.1 ਕਲਾਜ਼ ਹੈ ਇਸ ਵਿਚ ਉਹ ਪਿੰਡ ਆਉਂਦੇ ਹਨ ਜਿਹੜੇ ਕਿ ਹਿੰਦੀ ਰੀਜਨ ਵਿਚੋਂ ਯੂ.ਟੀ. ਵਿਚ ਆਏ ਸਨ। ਜਿਵੇਂ ਇਨ੍ਹਾਂ ਨੇ ਕਿਹਾ ਹੈ ਕਿ ਰੁੜ ਮੰਡ, ਚੰਡੀਗੜ੍ਹ ਮਿਲ ਰਿਹਾ ਹੈ। ਕਈ ਪਿੰਡ, ਵਾਟਰ ਵਰਕਸ ਔਰ 66 ਕੇ.ਵੀ. ਸਟੇਸ਼ਨ ਜਿਹੜੇ ਕਿ ਸ਼ਹਿਰ ਦੇ ਨਾਲ ਲਗਦੇ ਹਨ ਉਨ੍ਹਾਂ ਦਾ ਜਿਥੋਂ ਤਕ ਸਬੰਧ ਹੈ, ਉਸ ਬਾਰੇ 7.1 ਕਲਾਜ਼ ਵਿਚ ਇਸ ਤਰ੍ਹਾਂ ਲਿਖਿਆ ਹੈ:—

"7.1. The Capital Project Area of Chandigarh will go to Punjab. Some adjoining areas which were previously part of Hindi of the Punjabi regions were included in the Union Territory. With the Capital region going to Punjab the areas which were added to the Union Territory from the Punjab region of the erstwhile State of Punjab will be transferred to Punjab and those from Hindi region to Haryana. The entire Sukhna Lake will be kept as part of Chandigarh and will thus go to Punjab."

Clause 7.2 of the Memorandum of Settlement says :—

"7.2. It had always been maintained by Shrimati Indira Gandhi that when Chandigarh is to go to Punjab some Hindi-speaking territories in Punjab will go to Haryana. A Commission will be constituted to determine the specific Hindi speaking areas of Punjab which should go to Haryana in lieu of Chandigarh".

ਇਥੇ ਕਲਾਜ਼ 7.1 ਦਾ ਮਸਲਾ ਹੈ । ਇਹ ਵੈਂਕਟਰਮਈਆ ਕਮਿਸ਼ਨ ਦੀ ਟਰਮਜ਼ ਆਫ ਰੈਫਰੈਂਸਿਜ਼ ਤੋਂ ਬਾਹਰ ਹੈ । ਇਹ ਅਸੈਂਸ਼ੀਅਲ ਸਰਵਿਸਿਜ਼ ਚੰਡੀਗੜ੍ਹ ਦੇ ਨਾਲ ਰਹਿਣੇ ਚਾਹੀਦੇ ਹਨ ਅਤੇ ਇਸ ਦੇ ਬਦਲੇ ਰਕਬਾ ਹਰਿਆਣੇ ਨੂੰ ਦੇਣ ਲਈ ਇਹ ਸਰਕਾਰ ਵਚਨਬੱਧ ਹੈ । ਕਿਉਂਕਿ ਇਹ ਅਕਾਰਡ ਦੇ ਮੁਤਾਬਿਕ ਏਰੀਆ ਹਰਿਆਣੇ ਨੂੰ ਜਾਂਦਾ ਹੈ । ਇਸ ਦੇ ਬਦਲੇ ਅਸੀਂ ਉਤਨਾ ਰਕਬਾ ਦੇਣ ਲਈ ਤਿਆਰ ਹਾਂ ।

ਅਗਲੀ ਗੱਲ ਕਲਾਜ਼ 7.2 ਹੈ। ਵੈਂਕਟਰਮਈਆ ਕਮਿਸ਼ਨ ਨੇ ਕਿਹਾ ਹੈ ਕਿ ਜ਼ਰੂਰੀ ਨਹੀਂ ਕਿ ਹਿੰਦੀ ਸਪੀਕਿੰਗ ਏਰੀਆ ਹੀ ਹਰਿਆਣੇ ਨੂੰ ਪੰਜਾਬ ਨੇ ਦੇਣਾ ਹੈ ।

According to 7. 2, a Commission will be constituted to determine the specific Hindi speaking areas of Punjab which should go to Haryana in lieu of Chandigarh.

The principle of contiguity and linguistic affinity with a village as a unit will be the basis of such determination ਵੈਂਕਟਰਮਈਆ ਕਮਿਸ਼ਨ ਦੀ ਰਿਪੋਰਟ ਇਸ ਟਰਮਜ਼ ਆਫ ਰੈਫਰੈਂਸ ਤੋਂ ਬਾਹਰ ਗਈ ਹੈ। ਇਹ ਅਕਾਰਡ ਦੇ ਅੰਦਰ ਨਹੀਂ ਹੈ ਅਤੇ ਅਕਾਰਡ ਦੇ ਖਿਲਾਫ ਰਿਪੋਰਟ ਆਈ ਹੈ। ਉਹ ਵੈਂਕਟਰਮਈਆ ਜੱਜ ਕਹਿੰਦਾ ਸੀ ਕਿ ਉਹ ਆਪਣੀ ਰੈਪੂਟੇਸ਼ਨ ਬਹਾਲ ਰਖਣਾ ਚਾਹੁੰਦਾ ਹੈ ਪਰ ਇਹ ਰਿਪੋਰਟ ਦੇ ਕੇ ਉਸ ਨੇ ਆਪਣੀ ਰੈਪੂਟੇਸ਼ਨ ਲੂਜ਼ ਕਰ ਦਿੱਤੀ ਹੈ ਅਤੇ ਆਪਣੀ ਰੈਪੂਟਸ਼ਨ ਨੂੰ ਖਰਾਬ ਕੀਤਾ ਹੈ। 70 ਹਜ਼ਾਰ ਏਕੜ ਰਕਬਾ ਪੰਜਾਬ ਦਾ ਹਰਿਆਣੇ ਨੂੰ ਦੇ ਕੇ ਚੰਡੀਗੜ੍ਹ ਦੇ ਬਦਲੇ ਔਰ ਇਸ 70 ਹਜ਼ਾਰ ਏਰੀਆ ਨੂੰ ਆਈਡੈਂਟੀਫਾਈ ਨਹੀਂ ਕਰ ਸਕਿਆ ਅਤੇ ਕਿਹਾ ਹੈ ਕਿ ਚਾਹੇ ਪੰਜਾਬੀ ਸਪੀਕਿੰਗ ਹੋਵੇ ਚਾਹੇ ਹਿੰਦੀ ਸਪੀਕਿੰਗ ਹੋਵੇ ਇਹ 70 ਹਜ਼ਾਰ ਏਕੜ ਦਾ ਏਰੀਆ ਹਰਿਆਣੇ ਨੂੰ ਦਿੱਤਾ ਜਾਵੇ। ਉਹ ਕਹਿੰਦਾ ਹੈ ਕਿ ਇਹ ਨੈਸ਼ਨਲ ਇੰਟ੍ਰਸਟ ਨੂੰ ਸਾਹਮਣੇ ਰਖਦੇ ਹੋਏ ਕੀਤਾ ਗਿਆ ਹੈ। ਇਸ ਰਿਪੋਰਟ ਨੇ ਪੰਜਾਬ ਦੇ ਨਾਲ ਧੱਕਾ ਕੀਤਾ ਹੈ। ਇਸ ਰਿਪੋਰਟ ਨੇ ਸਾਰੇ ਹਿੰਦੁਸਤਾਨ ਦੇ ਜੱਜਾਂ ਨੂੰ ਸ਼ਰਮਸਾਰ ਕਰ ਦਿੱਤਾ ਹੈ। ਇਸ ਲਈ ਪੰਜਾਬ ਸਰਕਾਰ ਦਾ ਸਟੈਂਡ ਜਾਇਜ਼ ਹੈ। ਜਦੋਂ ਹਰਿਆਣੇ ਨੂੰ ਹਿੰਦੀ ਸਪੀਕਿੰਗ ਏਰੀਆ ਦਿੱਤਾ ਜਾਣਾ ਹੈ। ਚਾਹੇ ਉਹ ਹਿੰਦੀ ਬੋਲਦਾ ਥੋੜ੍ਹਾ ਹੋਵੇ ਜਾਂ ਜ਼ਿਆਦਾ ਹੋਵੇ ਉਹ ਏਰੀਆ ਅਸੀਂ ਦੇਣ ਲਈ ਤਿਆਰ ਹਾਂ। ਇਥੇ ਬਾਦਲ ਸਾਹਿਬ ਨੇ ਕਿਹਾ ਕਿ 15 ਹਜ਼ਾਰ ਏਕੜ ਰਕਬਾ ਚੰਡੀਗੜ੍ਹ ਦਾ ਬਣਦਾ ਸੀ ਅਤੇ 60:40 ਦੇ ਰੇਸ਼ੋ ਮੁਤਾਬਿਕ 6 ਹਜ਼ਾਰ ਏਕੜ ਹਰਿਆਣਾ ਲੈ ਸਕਦਾ ਸੀ ਔਰ ਇਸ ਤੋਂ ਵੱਧ ਦੇਣ ਨਾਲ ਪੰਜਾਬ ਦੇ ਨਾਲ ਡਿਸਕਰੀਮੀਨੇਸ਼ਨ ਹੋਵੇਗੀ। ਚੰਡੀਗੜ੍ਹ ਦੇ ਬਦਲੇ ਜਿਹੜਾ ਏਰੀਆ ਰਿਪੋਰਟ ਵਿਚ ਦਿੱਤਾ ਗਿਆ ਹੈ, ਇਹ ਗਲਤ ਹੈ ਅਤੇ ਸਾਡੇ ਨਾਲ ਇਹ ਇਕ ਧੋਖਾ ਹੈ। ਜਿਹੜਾ ਸਾਡਾ ਅਕਾਰਡ ਹੋਇਆ ਸੀ ਅਤੇ ਇਸ ਅਕਾਰਡ ਉਤੇ ਸਾਡੇ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਦਸਤਖਤ ਕੀਤੇ ਸਨ, ਉਹ ਇਕ ਅੰਤਰ-ਰਾਸ਼ਟਰੀ ਸ਼ਖਸੀਅਤ ਦੇ ਮਾਲਿਕ ਸਨ ਅਤੇ ਇਕ ਮਹਾਨ ਸ਼ਖਸੀਅਤ ਬਣ ਕੇ ਉਭਰੇ ਸਨ। ਅਸੀਂ ਉਨ੍ਹਾਂ ਦੇ ਦਸਤਖਤਾਂ ਤੇ ਪਾਬੰਦ ਹਾਂ। ਕਲਾਜ਼ 7.2 ਦੇ ਥੱਲੇ 15 ਹਜ਼ਾਰ ਏਕੜ ਰਕਬਾ ਬਣਦਾ ਹੈ, ਉਹ ਦੇਣ ਲਈ ਤਿਆਰ ਹਾਂ ਅਤੇ ਅਸੈਟਸ ਨੂੰ 60:40 ਦੀ ਰੇਸ਼ੋ [illegible]

[ਸਰਦਾਰ ਕਰਨੈਲ ਸਿੰਘ ਡੋਡ]

7.2 ਥੱਲੇ 6 ਹਜ਼ਾਰ ਏਕੜ ਦੀ ਗੱਲ ਨਹੀਂ ਹੈ ਬਲਕਿ ਕੰਟਿਗੁਇਟੀ ਏਰੀਆ ਦੀ ਗੱਲ ਹੈ। ਇਸ ਵਿਚ ਲਿਖਿਆ ਹੈ :—

"A commission will be constituted to determine the specific Hindi speaking areas of Punjab which should go to Haryana in lieu of Chandigarh.

The principle of contiguity and linguistic affinity with a village as a unit, will be the basis of such determination."

ਇਹ ਪ੍ਰੋਵੀਜ਼ਨ ਹੈ ਅਤੇ ਇਹ ਬੜੀ ਵਾਈਡ ਅਤੇ ਖੁਲ੍ਹੀ ਗੱਲ ਹੈ ਜਿਸ ਦੀ ਲਿਮਿਟ ਨਹੀਂ ਸੀ ਕਿ ਜਿੰਨਾ ਹਿੰਦੀ ਸਪੀਕਿੰਗ ਏਰੀਆ ਹੋਵੇਗਾ ਉਹ ਦੇਵਾਂਗੇ। ਇਸ ਦੇ ਵਿਚ ਸਾਨੂੰ ਕੋਈ ਗਮ ਨਹੀਂ ਹੈ।

Mr. Speaker: Please address the Chair.

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਕਲਾਜ਼ 7.2 ਦੀ ਗਲ ਹੈ। ਇਸ ਦੇ ਮੁਤਾਬਿਕ 6 ਹਜ਼ਾਰ ਏਕੜ ਆਉਂਦਾ ਹੈ ਅਤੇ ਕਲਾਜ਼ 7.4 ਦੇ ਅਧੀਨ ਜਿਹੜੇ ਹਿੰਦੀ ਸਪੀਕਿੰਗ ਏਰੀਆ ਹਰਿਆਣੇ ਨੂੰ ਜਾਣਗੇ ਅਤੇ ਪੰਜਾਬੀ ਸਪੀਕਿੰਗ ਪੰਜਾਬ ਨੂੰ ਆਉਣਗੇ। 7.4 ਦੇ ਥੱਲੇ ਇਹ ਏਰੀਆ ਜਾਣੇ ਹੀ ਸਨ ਅਤੇ ਪੰਜਾਬੀ ਸਪੀਕਿੰਗ ਏਰੀਆ 7.4 ਥੱਲੇ ਪੰਜਾਬ ਵਿਚ ਆਉਣੇ ਹੀ ਹਨ। (ਵਿਘਨ)

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਇਹ ਸਾਰਿਆਂ ਨੂੰ ਪਤਾ ਹੈ ਅਤੇ ਇਹ ਸਾਰਾ ਕੁਝ ਲਿਖਿਆ ਹੋਇਆ ਹੈ। ਇਹ ਐਵੇਂ ਹਾਊਸ ਦਾ ਟਾਈਮ ਵੇਸਟ ਕਰ ਰਹੇ ਹਨ। ਇਹ ਇਕ ਮੈਂਬਰ ਕਾਫੀ ਟਾਈਮ ਲੈ ਚੁੱਕੇ ਹਨ।

ਸਰਦਾਰ ਕਿਰਪਾਲ ਸਿੰਘ ਢਿੱਲੋਂ : ਸਪੀਕਰ ਸਾਹਿਬ, ਇਕ ਮੈਂਬਰ ਹੋਣ ਕਰਕੇ ਇਹ ਕਾਫੀ ਟਾਈਮ ਲੈ ਚੁੱਕੇ ਹਨ। ਇਸ ਲਈ ਇਹ ਵਾਈਂਡ ਅੱਪ ਕਰਨ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਬੱਸ ਮੈਂ ਦੋ ਮਿੰਟਾਂ ਵਿਚ ਖਤਮ ਕਰ ਦੇਣਾ ਹੈ। ਇਥੇ ਗੱਲ ਆਈ ਹੈ ਕਿ ਬਰਨਾਲਾ ਸਾਹਿਬ ਕਮਜ਼ੋਰ ਸਾਬਤ ਹੋਏ ਹਨ ਅਤੇ ਬਾਦਲ ਸਾਹਿਬ ਮਜ਼ਬੂਤ ਸਾਬਤ ਹੋਏ ਹਨ। ਜਦੋਂ ਬਾਦਲ ਸਾਹਿਬ, ਚੀਫ ਮਨਿਸਟਰ ਸਨ ਤਾਂ ਉਦੋਂ ਪ੍ਰਾਈਮ ਮਨਿਸ-ਟਰ ਮੋਰਾਰਜੀ ਡੀਸਾਈ ਸੀ। ਬਾਦਲ ਸਾਹਿਬ ਨੇ ਅਟਾਨੋਮੀ ਆਫ ਸਟੇਟਸ ਉਤੇ ਕਾਨਫਰੰਸ ਬੁਲਾਈ ਸੀ, ਬਾਦਲ ਸਾਹਿਬ ਮੋਰਾਰਜੀ ਡੇਸਾਈ ਦੀ ਇਕ ਘੁਰਕੀ ਨਾਲ ਬੈਠ ਗਏ ਸਨ ਅਤੇ ਕਾਨਫਰੰਸ ਬੁਲਾ-ਉਣੀ ਕੈਂਸਲ ਕਰ ਦਿੱਤੀ ਸੀ। ਜਦੋਂ ਬਾਦਲ ਸਾਹਿਬ ਚੀਫ਼ ਮਨਿਸਟਰ ਸਨ ਤਾਂ ਅਪ੍ਰੈਲ, 1979 ਵਿਚ ਆਪੋਜ਼ੀਸ਼ਨ ਦੇ ਲੀਡਰ ਮਿਸਿਜ਼ ਬਰਾੜ ਦੇ ਪਿੰਡ ਸਰਾਏਨਾਗਾ ਦੇ ਗੁਰਦੁਆਰੇ ਜਿਹੜਾ ਦੂਜੀ ਪਾਤਸ਼ਾਹੀ ਦਾ ਇਤਿਹਾਸਕ ਗੁਰਦੁਆਰਾ ਹੈ

[** ** ** **] ਉਥੇ ਗੁਰਦੁਆਰੇ ਉਤੇ ਸ਼ਾਮ ਦੇ 6 ਵਜੇ ਤੋਂ ਲੈ ਕੇ ਅਗਲੇ ਦਿਨ 11 ਵਜੇ ਤੱਕ ਗੋਲੀਆਂ ਚਲਦੀਆਂ ਰਹੀਆਂ। ਉਸ ਤੋਂ ਬਾਦ ਕੁਝ ਨਿਹੰਗਾਂ ਨੇ ਸਰੰਡਰ ਕੀਤਾ ਸੀ।

ਸ੍ਰੀ ਸਪੀਕਰ : ਜਿਹੜਾ ਆਦਮੀ ਹਾਊਸ ਦੇ ਵਿਚ ਹਾਜ਼ਰ ਨਹੀਂ ਹੈ ਅਤੇ ਉਹ ਆਪਣੇ ਆਪ ਨੂੰ ਇਥੇ ਡੀਫੈਂਡ ਨਹੀਂ ਕਰ ਸਕਦਾ, ਉਸ ਦਾ ਨਾਂ ਨਹੀਂ ਲਿਆ ਜਾ ਸਕਦਾ। ਇਸ ਲਈ ਨਾਂ ਐਕਸਪੰਜ ਕੀਤਾ ਜਾਂਦਾ ਹੈ।

**Expunged as ordered by the Chair.

ਸਰਦਾਰ ਕਰਨੈਲ ਸਿੰਘ ਡੋਡ : ਜਦੋਂ ਬਾਦਲ ਸਾਹਿਬ ਮੁੱਖ ਮੰਤਰੀ ਸਨ ਉਥੇ ਇਨ੍ਹਾਂ ਨੇ ਗੁਰਦੁਆਰੇ ਵਿਚ ਐਕਸ਼ਨ ਕਰਵਾਇਆ ਸੀ (ਵਿਘਨ) ਫਾਜ਼ਿਲਕਾ ਅਤੇ ਅਬੋਹਰ ਬਾਰੇ ਜਸਟਿਸ ਗੁਰਨਾਮ ਸਿੰਘ ਨੇ ਲੈਟਰ ਲਿਖਿਆ ਸੀ ਕਿ ਇਹ ਦੇਣਾ ਸਾਨੂੰ ਮਨਜ਼ੂਰ ਨਹੀਂ ਹੈ। ਉਹ ਬਾਦਲ ਸਾਹਿਬ ਨੇ ਹਾਊਸ ਵਿਚ ਪੜ੍ਹਿਆ ਹੈ ਅਤੇ ਬਾਦਲ ਸਾਹਿਬ ਦਸਖਤ ਕਰਕੇ ਆਏ ਸਨ। ਅਬੋਹਰ ਫਾਜ਼ਿਲਕਾ ਦੇਣ ਲਈ ਉਸ ਬਾਰੇ ਉਨ੍ਹਾਂ Point of personal explanation ਵਿੱਚ ਕੁਝ ਨਹੀਂ ਦਸਿਆ।

Mr. Speaker : Wind up please.

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਫਾਜ਼ਿਲਕਾ ਅਤੇ ਅਬੋਹਰ ਦਾ ਇਲਾਕਾ ਦੇਣ ਲਈ ਦਸਤਖਤ ਕੀਤੇ ਸਨ। (ਵਿਘਨ)

ਸ੍ਰੀ ਸਪੀਕਰ : ਡੋਡ ਸਾਹਿਬ, ਤੁਸੀਂ ਬੈਠੋ। ਕਾਂਗਰਸ ਪਾਰਟੀ ਦੇ ਹਾਲੇ 5 ਮਿੰਟ ਰਹਿੰਦੇ ਹਨ। ਅਗਰ ਲੋੜ ਪਈ ਤਾਂ ਹਾਊਸ ਦਾ ਟਾਈਮ ਹੋਰ ਐਕਸਟੈਂਡ ਕਰ ਲਿਆ ਜਾਵੇਗਾ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਅੱਜ ਬੜੇ ਜ਼ਰੂਰੀ ਦੋ ਮਸ-ਲਿਆਂ ਤੇ ਬਹਿਸ ਹੋ ਰਹੀ ਹੈ ਅਤੇ ਇਸ ਹਾਊਸ ਦੇ ਮਾਨਯੋਗ ਮੈਂਬਰਾਂ ਨੇ ਆਪਣੇ ਖਿਆਲਾਤ ਪ੍ਰਗਟ ਕੀਤੇ ਹਨ। ਇਕ ਪੰਜਾਬ ਵਿਚੋਂ ਹਿੰਦੂ ਸੱਜਣਾਂ ਦਾ ਮਾਈਗਰੇਟ, ਹਿਜ਼ਰਤ ਹੈ ਅਤੇ ਦੂਜਾ ਇਕ ਮਕਮੂਲ ਕਮਿਸ਼ਨ ਦੇ ਜਸਟਿਸ ਦਾ ਫੈਸਲਾ ਹੈ ਜਿਸ ਬਾਰੇ ਇਥੇ ਬਹੁਤ ਕੁਝ ਕਿਹਾ ਗਿਆ ਹੈ। ਮੈਂ ਇਨ੍ਹਾਂ ਗੱਲਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ। ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਦੇਰ ਤੋਂ ਬਾਦ ਪੰਜਾਬ ਵਿਚ ਗੈਰ-ਕਾਂਗਰਸੀ ਸਰਕਾਰ ਬਣੀ ਹੈ ਔਰ ਅਸੀਂ ਸਹੀ ਮਾਹ-ਨਿਆਂ ਦੇ ਵਿਚ ਆਪੋਜ਼ੀਸ਼ਨ ਸਪਿਰਟ ਦੇ ਲੰਬੜਦਾਰ ਹਾਂ। ਸਾਡੀ ਖਾਹਿਸ਼ ਹੈ ਕਿ ਇਹ ਸਰਕਾਰ ਕਾਇਮ ਰਹਿਣੀ ਚਾਹੀਦੀ ਹੈ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਭਰਾ ਬਰਨਾਲਾ ਸਾਹਿਬ ਨੂੰ ਇਹ ਕਾਂਗਰਸ ਦੇ ਗੁਲਾਮ ਬਨਾਉਣ ਤੋਂ ਬਚਾ ਲੈਣ।

ਮਾਲ ਅਤੇ ਮੁੜ ਵਸਾਊ ਮੰਤਰੀ : ਸਾਡੀ ਪਾਰਟੀ ਉਨ੍ਹਾਂ ਦੀ ਗੁਲਾਮ ਨਹੀਂ ਹੋ ਸਕਦੀ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਜਿਹੜੀ ਗੱਲ ਕਹਿ ਰਿਹਾ ਹਾਂ ** ** ਤੁਸੀਂ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੋ।

ਸ੍ਰੀ ਸਪੀਕਰ : ** ** ਜਿਹੜਾ ਮੈਂਬਰ ਨੇ ਕਿਹਾ ਹੈ, ਉਹ ਅਨਪਾਰਲੀਮੈਂਟਰੀ ਹੈ। ਇਹ ਲਫਜ਼ ਐਕਸਪੰਜ ਕਰ ਦਿਤੇ ਜਾਣ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਬਾਦਲ ਸਾਹਿਬ ਦੀ ਮੁਖਾਲਫਤ ਕਰਕੇ ਇਨ੍ਹਾਂ ਨੂੰ ਕਾਂਗਰਸ (ਆਈ) ਦੀ ਗੁਲਾਮੀ ਕਰਨ ਤੋਂ ਬਚਾਓ। ਮੈਂ ਇਹ ਨਹੀਂ ਕਹਿੰਦਾ ਕਿ ਇਹ ਗੁਲਾਮ ਬਣ ਗਏ ਹਨ। ਮੈਂ ਤੁਹਾਡੇ ਹੱਥ ਮਜ਼ਬੂਤ ਕਰਦਾ ਹਾਂ। ਤੁਹਾਡਾ ਤਵਾਜ਼ਨ ਕਾਇਮ ਰਹੇ। ਨਹੀਂ ਤਾਂ ਇਹ ਕਾਂਗਰਸ ਦੀ ਗੁਲਾਮੀ ਵੱਲ ਲੈ ਜਾਂਦਾ ਹੈ। ਇਹ ਵਕਤ ਦਾ ਤਕਾਜ਼ਾ

**Expunged as ordered by the Chair.

[ਸਰਦਾਰ ਕਿਰਪਾਲ ਸਿੰਘ]

ਹੈ ਕਿ ਅਸੀਂ ਆਪਸ ਵਿਚ ਬੈਠ ਕੇ ਇਸ ਤਵਾਜ਼ਨ ਨੂੰ ਖਤਮ ਨਾ ਕਰੀਏ। ਉਹ ਲੋਕ ਜਿਨ੍ਹਾਂ ਨੇ ਹਿੰਦੁਸਤਾਨ ਦਾ ਰਾਜ ਸੰਭਾਲਣ ਲਗਿਆ ਇਕ ਅੰਗਰੇਜ਼ ਤੋਂ ਸਬਕ ਲਿਆ ਸੀ ਕਿ ਡਿਵਾਇਡ ਐਂਡ ਰੂਲ, ਉਹ ਡਿਵਾਈਡ ਐਂਡ ਰੂਲ ਇਥੇ ਵੀ ਚਲਦਾ ਹੈ। ਇਕ ਕਮਿਸ਼ਨ ਬਿਠਾਇਆ ਜਾਂਦਾ ਹੈ ਅਤੇ ਫਿਰ ਨਵਾਂ ਕਮਿਸ਼ਨ ਬਿਠਾਇਆ ਜਾਂਦਾ ਹੈ। ਕੋਈ ਵੀ ਕਮਿਸ਼ਨ ਲੈ ਲਵੋ, ਭਾਵੇਂ ਪਹਿਲੇ ਵਾਲਾ ਲੈ ਲਵੋ ਜਾਂ ਹੁਣ ਵਾਲਾ ਕਮਿਸ਼ਨ ਲੈ ਲਵੋ, ਉਹ ਸਵਰਗਵਾਸੀ ਇੰਦਰਾ ਗਾਂਧੀ ਦਾ ਭੂਤ ਬਣ ਕੇ ਸਵਾਰ ਹੋ ਗਏ। ਸ਼੍ਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਅਕਾਰਡ ਦੀ ਗੱਲ ਕਰਦੇ ਹਨ। ਕਮਿਸ਼ਨ ਮਰਹੂਮ ਪ੍ਰਧਾਨ ਮੰਤਰੀ ਦੀ ਗੱਲ ਕਰਦੇ ਹਨ ਕਿ ਉਨ੍ਹਾਂ ਦੀ ਇਹ ਖਾਹਿਸ਼ ਸੀ। ਕਮਿਸ਼ਨ ਵੀ ਲਿਖਦਾ ਹੈ ਕਿ 70,000 ਏਕੜ ਰਕਬਾ ਦੇਣ ਦਾ ਕੋਈ ਨੁਕਸਾਨ ਨਹੀਂ ਹੈ। ਸਪੀਕਰ ਸਾਹਿਬ, ਇਹ ਭੂਤ ਤਾਂ ਹੀ ਦੂਰ ਹੋ ਸਕਦਾ ਹੈ ਜੇਕਰ ਤੁਹਾਡੇ ਵਿਚ ਯੂਨਿਟੀ ਕਾਇਮ ਰਹੇ। ਮੈਂ ਇਹ ਨਹੀਂ ਕਿਹਾ ਕਿ ਸਰਦਾਰ ਮੇਜਰ ਸਿੰਘ ਉਬੋਕੇ ਕਾਂਗਰਸ (ਆਈ) ਦੇ ਗੁਲਾਮ ਹਨ। ਉਹ ਮੇਰੇ ਦੋਸਤ ਹਨ। ਇਸ ਵਾਸਤੇ ਮੇਰੀ ਗੁਜ਼ਾਰਿਸ ਹੈ ਕਿ ਤੁਸੀਂ ਪੰਜਾਬ ਦੇ ਅੰਦਰ ਹਕੂਮਤ ਕਰੋ। ਗੈਰ-ਕਾਂਗਰਸ (ਆਈ) ਸਰਕਾਰ ਪੰਜਾਬ ਦੇ ਅੰਦਰ ਹਕੂਮਤ ਕਰੇ।

"ਕਾਂਗੀ ਕੀ ਗੁਲਾਮੀ ਕਾ ਰਜਾਮੰਦ ਜੋ ਤੂੰ ਹੈ,
ਮੁਝ ਕੋ ਤੋ ਗਿਲਾ ਤੁਝ ਸੇ ਹੈ, ਕਾਂਗੀ ਸੇ ਨਹੀਂ ਹੈ।"

ਪਰ ਜਿਹੜਾ ਰਾਸਤਾ ਤੁਸੀਂ ਅਖਤਿਆਰ ਕੀਤਾ ਹੈ, ਉਹ ਗੁਲਾਮੀ ਦਾ ਰਸਤਾ ਬਣਦਾ ਹੈ। ਇਕ ਧਿਰ, ਦੂਜੀ ਧਿਰ ਨਾਲ ਮਿਲ ਕੇ ਆਪਸ ਵਿਚ ਬੈਠ ਕੇ ਫੈਸਲਾ ਕਰੋ। ਮੈਂ ਖੁਸ਼ ਹਾਂ ਕਿ ਪੰਜਾਬ ਵਿਚ ਗੈਰ-ਕਾਂਗਰਸੀ ਸਰਕਾਰ ਬਣੀ ਹੈ। (ਥੰਪਿੰਗ) ਇਹ ਜ਼ਿੰਦਾ ਰਹਿਣੀ ਚਾਹੀਦੀ ਹੈ। ਤੁਹਾਡੇ ਕੋਲ ਸ਼ਕਤੀ ਹੋਣੀ ਚਾਹੀਦੀ ਹੈ ਔਰ ਜੇਕਰ ਤੁਹਾਡੇ ਕੋਲ ਸ਼ਕਤੀ ਨਹੀਂ ਹੈ ਤਾਂ ਇਸ ਨੂੰ ਕਾਇਮ ਕਰੋ। ਜੇਕਰ ਕਿਸੇ ਕਮਿਸ਼ਨ ਦਾ ਫੈਸਲਾ ਟਰਮਜ਼ ਆਫ ਰੈਫਰੈਂਸ ਦੇ ਅੰਦਰ ਆਉਂਦਾ ਹੈ ਔਰ ਚੰਡੀਗੜ੍ਹ ਸਾਰਾ ਪੰਜਾਬ ਨੂੰ ਜਾਂਦਾ ਹੈ ਤਾਂ ਉਸ ਤੇ ਕਾਇਮ ਰਹਿਣਾ ਚਾਹੀਦਾ ਹੈ। ਜੇਕਰ ਟਰਮਜ਼ ਆਫ ਰੈਫਰੈਂਸ ਤੋਂ ਕੋਈ ਕਮਿਸ਼ਨ ਬਾਹਰ ਜਾਂਦਾ ਹੈ ਤਾਂ ਉਸ ਦਾ ਧਿਆਨ ਰਖਣਾ ਚਾਹੀਦਾ ਹੈ। ਜੇਕਰ ਕੋਈ ਇਕ ਆਦਮੀ ਜੱਜ ਬਣਦਾ ਹੈ ਔਰ ਉਹ ਕਮਿਸ਼ਨ ਟਰਮਜ਼ ਆਫ ਰੈਫਰੈਂਸ ਤੋਂ ਬਾਹਿਰ ਕੋਈ ਫੈਸਲਾ ਦਿੰਦਾ ਹੈ ਤਾਂ ਉਸ ਦਾ ਕੋਈ ਫਾਇਦਾ ਨਹੀਂ ਹੈ। 7.4 ਕਲਾਜ਼ ਥੱਲੇ ਹੋਰ ਕਮਿਸ਼ਨ ਦੀ ਕੀ ਲੋੜ ਹੈ? ਇਕ ਕਮਿਸ਼ਨ ਔਰ ਉਸ ਦਾ ਜੱਜ ਜੁਡੀਸ਼ਲੀ ਤੋਂ ਨਾਨ ਜੁਡੀਸ਼ਲੀ ਫੈਸਲਾ ਦੇਵੇ ਤਾਂ ਉਸ ਦੀ ਨਿੰਦਿਆ ਕਰਨ ਦੇ ਕਾਬਲ ਹੈ। ਸਰਦਾਰ ਬਲਵੰਤ ਸਿੰਘ ਜੀ ਨੇ ਕੋਈ ਐਸਾ ਫੈਸਲਾ ਜਿਹੜਾ ਅਕਾਰਡ ਦੇ ਖਿਲਾਫ ਹੋਵੇ, ਉਨ੍ਹਾਂ ਨੇ ਨਹੀਂ ਮੰਨਿਆ, ਮੈਂ ਉਸ ਦੀ ਪ੍ਰਸ਼ੰਸਾ ਕਰਦਾ ਹਾਂ। (ਥੰਪਿੰਗ) ਜਦੋਂ ਕਮਿਸ਼ਨ ਨੇ ਪੜਤਾਲ ਕੀਤੀ ਔਰ ਹੇਰਾ ਫੇਰੀ ਕਰਕੇ ਅਗਲੇ ਦਿਨ ਬਿਆਨ ਆ ਗਿਆ ਕਿ ਇਸ ਥਾਂ ਤੋਂ 99,000 ਏਕੜ ਰਕਬਾ ਲਭਿਆ ਜਾਵੇਗਾ। 70,000 ਏਕੜ ਰਕਬੇ ਵਿਚੋਂ 15—18 ਹਜ਼ਾਰ ਏਕੜ ਰਕਬਾ ਲੱਭ ਗਿਆ। ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਜੀ ਦੇ ਉਦੋਂ ਦੇ ਬਿਆਨ ਅਤੇ ਅੱਜ ਦੇ ਬਿਆਨ ਵਿਚ ਫਰਕ ਹੈ। ਇਹ ਤੁਹਾਡੇ ਸਾਰਿਆਂ ਦਾ ਫਰਜ਼ ਹੈ ਕਿ ਅਕਾਰਡ ਤੇ ਕਾਇਮ ਰਹਿਣ ਲਈ ਪੂਰਾ ਪਹਿਰਾ ਦਿਤਾ ਜਾਵੇ। ਜੇਕਰ ਪੰਜਾਬ ਵਿਚੋਂ ਕਿਸੇ ਥਾਂ ਤੋਂ ਹਿੰਦੂ ਬਾਹਰ ਜਾਣੇ ਸ਼ੁਰੂ ਹੋਣ ਲਗੇ ਤਾਂ ਸਾਨੂੰ ਸਾਰਿਆਂ ਨੂੰ ਅਤੇ ਖਾਸ ਤੌਰ ਤੇ ਸਿੱਖਾਂ ਲਈ ਇਹ ਸ਼ਰਮ ਦੀ ਬਾਤ ਹੈ। ਜੇ ਅਸੀਂ ਉਨ੍ਹਾਂ ਦੀ ਰਕਸ਼ਾ ਨਹੀਂ ਕਰ ਸਕਦੇ ਅਤੇ ਉਨ੍ਹਾਂ ਨੂੰ ਭਰੋਸਾ ਨਹੀਂ ਦੇ ਸਕਦੇ ਤਾਂ ਅਸੀਂ ਆਪਣੇ ਫਰਜ ਤੋਂ ਕੁਤਾਹੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਜਿਹੜਾ ਇਹ ਮਸਲਾ ਹੈ ਔਰ ਜਿਤਨੇ

ਗੁਲ ਖਿਲਦੇ ਹਨ, ਉਹ ਦਿੱਲੀ ਤੋਂ ਚਲਦੇ ਹਨ। ਸਾਰੇ ਹਿੰਦੁਸਤਾਨ ਵਿਚ ਕਾਨਪੁਰ, ਦਿੱਲੀ ਅਤੇ ਹੋਰ ਸਭ ਥਾਵਾਂ ਤੇ ਤਿੰਨ ਚਾਰ ਹਜ਼ਾਰ ਸਿੱਖ ਦਿਲੀ ਵਿਚ ਮਰ ਜਾਣ ਔਰ ਪ੍ਰਧਾਨ ਮੰਤਰੀ ਦੇਸ਼ ਦਾ ਇਹ ਕਹੇ ਕਿ ਜੇਕਰ ਕੋਈ ਵੱਡਾ ਦਰਖਤ ਗਿਰਦਾ ਹੈ ਤਾਂ ਜ਼ਮੀਨ ਹਿਲਦੀ ਹੈ; ਇਸ ਵਾਸਤੇ ਮੈਂ ਕਹਿੰਦਾ ਹਾਂ ਕਿ ਇਕ ਵੀ ਗੋਲੀ ਨਹੀਂ ਚਲੀ ਔਰ ਜੇਕਰ 4–5 ਹਜ਼ਾਰ ਸਿੱਖ ਮਾਰੇ ਜਾਣ, ਅੱਗਾਂ ਲਗਾਈਆਂ ਜਾਣ ਪਰ ਇਕ ਵੀ ਅਥਰੂ ਨਾ ਗਿਰੇ ਤਾਂ ਇਹ ਬਹੁਤ ਮਾੜੀ ਗੱਲ ਹੈ। ਇਹ ਕੋਈ ਜਸਟੀਫਿਕੇਸ਼ਨ ਨਹੀਂ ਹੈ । ਜੋ ਗੱਲ ਕਹੀ ਗਈ ਹੈ, ਉਹ ਗਲਤ ਸੀ। ਪੰਜਾਬ ਦੀ ਸਰਕਾਰ ਨੂੰ ਪੰਜਾਬ ਵਿਚੋਂ ਹਿੰਦੂਆਂ ਨੂੰ ਜਾਣ ਤੋਂ ਰੋਕਣਾ ਚਾਹੀਦਾ ਹੈ । ਤੁਸੀਂ ਐਕਸਪਲੇਨੇਸ਼ਨ ਵੀ ਦਿਤੀ ਹੈ ਔਰ ਸਾਨੂੰ ਪੰਜਾਬ ਸਰਕਾਰ ਸੈਟਿਸਫਾਈ ਕਰਨ ਦੀ ਵੀ ਕੋਸ਼ਿਸ਼ ਕਰਦੀ ਹੈ । ਕਾਂਗਰਸ ਦੇ ਰਾਜ ਵਿਚ ਸਿੱਖਾਂ ਨੂੰ ਟਾਇਰ ਪਾ ਕੇ ਸਾੜਿਆ ਗਿਆ ਪਰ ਪ੍ਰਾਇਮ ਮਨਿਸਟਰ ਨੇ ਕੱਖ ਨਹੀਂ ਕੀਤਾ। ਸਾਨੂੰ ਆਪਣੇ ਅਕਾਰਡ ਤੇ ਕਾਇਮ ਰਹਿਣਾ ਚਾਹੀਦਾ ਹੈ। ਇਥੇ, ਸਪੀਕਰ ਸਾਹਿਬ, ਪੰਜਾਬ ਨਾਲ ਅੱਜ ਤੋਂ ਨਹੀਂ ਸ਼ੁਰੂ ਤੋਂ ਹਰ ਕੇਸ ਵਿਚ ਧੱਕਾ ਹੁੰਦਾ ਰਿਹਾ ਹੈ। ਇਹ ਕਮਿਸ਼ਨ ਇਨ੍ਹਾਂ ਹਾਲਾਤ ਦੀ ਐਸੀ ਦਾਸਤਾਨ ਹੈ ਜਿਨ੍ਹਾਂ ਬਿਆਨ ਕਰੋ, ਫਿਰ ਦੇਖੋ ਪਰ ਇਸ ਵਿਚ ਕੁਝ ਨਹੀਂ ਨਿਕਲਦਾ :

"ਯਹ ਘੜੀ ਮਾਈਸ਼ਰ ਕੀ ਹੈ, ਤੂ ਅਰਸਾਏ ਮੈਸ਼ਰ ਮੇਂ ਹੈ,
ਪੇਸ਼ ਕਰ ਗਾਫ਼ਲ, ਅਮਲ ਕੋਈ ਅਗਰ ਦਫਤਰ ਮੇਂ ਹੈ ।"

ਅੱਜ ਸਾਰੇ ਹਿੰਦੁਸਤਾਨ ਨੂੰ ਚੈਲੰਜ ਹੈ । ਸਾਡੇ ਮਸਲੇ ਸਾਰਿਆਂ ਦੇ ਸਾਂਝੇ ਹਨ। ਇਹ ਸਭ ਦਾ ਕੰਮ ਹੈ । ਐਸੀ ਸਿਚੂਏਸ਼ਨ ਨੂੰ ਠੀਕ ਕਰੀਏ । ਇਹ ਕੇਵਲ ਇਕ ਪਾਰਟੀ ਦਾ ਕੰਮ ਨਹੀਂ ਹੈ। ਇਹ ਸਾਡਾ ਸਾਰਿਆਂ ਦਾ ਫਰਜ਼ ਹੈ । ਅਸੀਂ ਇਕਠੇ ਹੋ ਕੇ ਮਿਲਕੇ ਮੁਕਾਬਲਾ ਕਰੀਏ । ਜਿਹੜੇ ਲੋਕਾਂ ਨੇ ਇਹ ਸਾਜਿਸ਼ਾਂ ਕੀਤੀਆਂ ਹਨ । (ਵਿਘਨ)

ਸ਼੍ਰੀ ਸਪੀਕਰ : ਵਾਈਂਡ ਅਪ ਕਰੋ ਜੀ ।

ਸਰਦਾਰ ਕਿਰਪਾਲ ਸਿੰਘ : ਤੁਸੀਂ ਪਹਿਲਾਂ ਕਮਿਸ਼ਨ ਜਾਂ ਨਵਾਂ ਕਮਿਸ਼ਨ ਬਿਠਾ ਦਿਓ ਜਾਂ ਕੋਈ ਹੋਰ ਨਵਾਂ ਕਮਿਸ਼ਨ ਬਿਠਾ ਦਿਓ, ਉਨ੍ਹਾਂ ਨੇ ਭੂਤ ਸਵਾਰ ਦਾ ਕੰਮ ਕੀਤਾ ਹੈ। ਇਸ ਦਾ ਸਾਰਿਆਂ ਨੂੰ ਦੁਖ ਹੈ ਔਰ ਅਸੀਂ ਪਰੇਸ਼ਾਨ ਹਾਂ। ਪਹਿਲੀ ਗੱਲ ਉਹ ਜਿਹੜੀ ਸ਼ੁਰੂ ਕੀਤੀ ਸੀ ਕਿ ਇਸਦਾ ਹੱਲ ਇਕੋ ਹੀ ਹੈ ਕਿ ਪੰਜਾਬ ਦੇ ਅੰਦਰ ਇਕ ਪੱਕੀ ਅਤੇ ਸਟੇਬਲ ਸਰਕਾਰ ਜਿਹੜੀ ਕਾਂਗਰਸ (ਆਈ) ਦੇ ਸਾਹਮਣੇ ਲੜ ਕੇ ਆਈ ਸੀ, ਉਹ ਆਪਸ ਵਿੱਚ ਇਕੱਠੇ ਰਹਿਣ ਅਤੇ ਇਕ ਦੂਜੇ ਦੇ ਭਾਵੇਂ ਪੈਰੀਂ ਹੱਥ ਲਾ ਕੇ ਮਨਾਉਣਾ ਪਵੇ ਅਤੇ ਭਾਵੇਂ ਕਿਸੇ ਤਰ੍ਹਾਂ ਵੀ, ਉਹ ਇਕੱਠਿਆਂ ਰਹਿਣ, ਉਹ ਇਸ ਪਾਸੇ ਕੋਸ਼ਿਸ਼ ਕਰਨ । ਉਹ ਇਕੱਠੇ ਰਹਿਣ, ਇਹੀ ਉਨ੍ਹਾਂ ਦਾ ਫਰਜ਼ ਹੈ ਨਹੀਂ ਤਾਂ ਲੋਕਾਂ ਨੇ ਮੁਆਫ ਨਹੀਂ ਕਰਨਾ ਉਨ੍ਹਾਂ ਸਾਰਿਆਂ ਨੂੰ, ਜਿਹੜੇ ਇਸ ਸਰਕਾਰ ਨੂੰ ਤੋੜਨ ਵਾਸਤੇ ਇਕ ਦੂਜੇ ਤੇ ਵਾਧਾ ਕਰਨਗੇ । ਅੱਗੇ ਮੈਂ ਸਰਦਾਰ ਬਰਨਾਲਾ ਨੂੰ ਕਹਾਂਗਾ ਕਿ ਉਨ੍ਹਾਂ ਨੇ ਜਿਸ ਤਰ੍ਹਾਂ ਕਿ ਪੰਜਾਬ ਦਾ ਮਸਲਾ ਹੈ ਕਿ ਹਿੰਦੂਆਂ ਦੀ ਹਿਜਰਤ ਦੀ ਬਾਤ ਹੈ, ਉਸਤੇ ਆਪਣਾ ਕਨਸਰਨ ਜ਼ਾਹਿਰ ਕਰਕੇ ਬੜੀ ਖ਼ੂਬਸੂਰਤ ਬਾਤ ਕੀਤੀ ਹੈ ਤਾਕਿ ਪੰਜਾਬ ਦੇ ਬਾਹਰ ਦੀਆਂ ਜਿਹੜੀਆਂ ਕਾਂਗਰਸ (ਆਈ) ਸਰਕਾਰਾਂ ਹਨ, ਉਨ੍ਹਾਂ ਨੂੰ ਵੀ ਇਸ ਗੱਲ ਦਾ ਪਤਾ ਲਗ ਜਾਵੇ ਅਤੇ ਉਹ ਵੀ ਇਸ ਤਰ੍ਹਾਂ ਦੀਆਂ ਗੱਲਾਂ ਕਰਨ। ਇਸ ਗੱਲ ਤੇ ਹਾਊਸ ਵਿੱਚ ਇਕ ਸਟੇਟਮੈਂਟ ਹੋਈ ਹੈ ਕਿ ਅਕਾਰਡ ਦੀ ਸਪਿਰਿਟ ਦੇ ਖਿਲਾਫ ਕਈ ਗੱਲਾਂ ਯਾਰੀ ਨਾਲ, ਚਲਾਕੀ ਨਾਲ ਪਾ ਦਿੱਤੀਆਂ ਗਈਆਂ ਹਨ ਜਿਹੜੀਆਂ ਕਿ ਪੰਜਾਬ ਦੇ

[ਸਰਦਾਰ ਕਿਰਪਾਲ ਸਿੰਘ]

ਮੁਫਾਦ ਦੇ ਖਿਲਾਫ ਹਨ। ਕਿਉਂਕਿ ਪੰਜਾਬ ਦੇ ਲੋਕਾਂ ਨੇ ਇਸ ਲੜਾਈ ਨੂੰ ਲੜਿਆ ਹੈ, ਇਸ ਵਾਸਤੇ ਇਹ ਨਾ ਹੋਵੇ ਕਿ ਪੰਜਾਬ ਅਕਾਰਡ ਦੀਆਂ ਇਹ ਗੱਲਾਂ ਇਨਹੈਰਿਟ ਹੋ ਜਾਣ। ਇਸ ਲਈ ਕਿਸੇ ਦਾ ਵੀ ਫੈਸਲਾ ਨਾ ਮੰਨਿਆ ਜਾਵੇ, ਚਾਹੇ ਕਮਿਸ਼ਨ ਕੋਈ ਵੀ ਹੋਵੇ, ਪਰ ਫੈਸਲਾ ਅਕਾਰਡ ਦੀ ਸਪਿਰਿਟ ਦੇ ਖਿਲਾਫ ਨਹੀਂ ਹੋਣਾ ਚਾਹੀਦਾ। ਧੰਨਵਾਦ।

EXTENSION OF TIME OF THE SITTING

ਸ੍ਰੀ ਸਪੀਕਰ : ਢਾਈ ਵੱਜ ਚੁਕੇ ਹਨ ਅਤੇ ਲੀਡਰ ਆਫ ਦੀ ਹਾਊਸ ਨੇ ਵੀ ਜਵਾਬ ਦੇਣਾ ਹੈ। ਜੇ ਹਾਊਸ ਦੀ ਪਲਈਯਰ ਹੋਵੇ ਤਾਂ ਹਾਊਸ ਦਾ ਟਾਈਮ 3.15 ਤੱਕ ਵਧਾ ਦਿੱਤਾ ਜਾਵੇ। ਕਈ ਮੈਂਬਰਾਂ ਨੇ ਵੀ ਵਿਚਾਰ ਪ੍ਰਗਟ ਕਰਨੇ ਹਨ।

ਆਵਾਜ਼ਾਂ : ਠੀਕ ਹੈ ਜੀ।

ਸ੍ਰੀ ਸਪੀਕਰ : ਹਾਊਸ ਦੀ ਮਰਜ਼ੀ ਨਾਲ ਹਾਊਸ ਦਾ ਸਮਾਂ 3.15 ਤੱਕ ਵਧਾਇਆ ਜਾਂਦਾ ਹੈ।

DISCUSSION ON THE STATEMENT BY CHIEF MINISTER RE. MIGRATION OF MEMBERS OF MINORITY COMMUNITY FROM PUNJAB, POLICE FIRING IN SUJANPUR AND PUNJAB ACCORD (*Resumption*)

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ) : ਸਪੀਕਰ ਸਾਹਿਬ, ਮੁੜ ਮੁੜ ਕੇ ਇਸ ਸਦਨ ਵਿੱਚ ਪੰਜਾਬ ਦੇ ਅਕਾਰਡ ਤੇ ਰੈਜ਼ੋਲਿਊਸ਼ਨ ਹੋਏ, ਸਾਡੇ ਹਾਊਸ ਨੇ ਬਹੁ-ਸੰਮਤੀ ਅਤੇ ਸਰਬ-ਸੰਮਤੀ ਨਾਲ ਪਾਸ ਕੀਤੇ ਔਰ ਜਦੋਂ ਪੰਜਾਬ ਦੇ ਵਿੱਚ ਅਤੇ ਪੰਜਾਬ ਤੋਂ ਬਾਹਰ ਬੜਾ ਵੱਡਾ ਨੁਕਸਾਨ ਹੋਇਆ ਔਰ ਪੰਜਾਬੀਆਂ ਨੂੰ ਇਹ ਖਦਸ਼ਾ ਹੋਇਆ ਕਿ ਕਿਧਰੇ ਪੰਜਾਬ ਤਬਾਹ ਨਾ ਹੋ ਜਾਵੇ ਅਤੇ ਇਸ ਸਮੱਸਿਆ ਦਾ ਜਲਦੀ ਤੋਂ ਜਲਦੀ ਕੋਈ ਹੱਲ, ਰਸਤਾ ਨਿਕਲ ਆਵੇ, ਉਸ ਵਕਤ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸ੍ਰੀ ਰਾਜੀਵ ਗਾਂਧੀ ਦੇ ਦਰਮਿਆਨ ਇਕ ਅਕਾਰਡ ਹੋਇਆ। ਉਹ ਅਕਾਰਡ ਕੁਝ ਵੀ ਸੀ ਪਰ ਉਸ ਗੱਲ ਨਾਲ ਇਹ ਤਸੱਲੀ ਹੋ ਗਈ ਸੀ ਕਿ ਅਗਰ ਇਹ ਅਕਾਰਡ ਇੰਪਲੀਮੈਂਟ ਹੋ ਜਾਵੇ ਤਾਂ ਪੰਜਾਬ ਅੰਦਰ ਜਿਹੜੀਆਂ ਘਟਨਾਵਾਂ ਵਾਪਰ ਰਹੀਆਂ ਹਨ, ਉਨ੍ਹਾਂ ਤੇ ਰੋਕ ਪਾਈ ਜਾ ਸਕਦੀ ਹੈ, ਇਸ ਨਾਲ ਜਿਹੜੀਆਂ ਵਿਦੇਸ਼ੀ ਤਾਕਤਾਂ ਸਾਡੇ ਦੇਸ਼ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ, ਉਹ ਵੀ ਨੰਗੀਆਂ ਹੋ ਜਾਣਗੀਆਂ ਅਤੇ ਪੰਜਾਬੀ ਵੀ ਉਨ੍ਹਾਂ ਦਾ ਰਲ ਕੇ ਟਾਕਰਾ ਕਰ ਸਕਦੇ ਹਨ। ਪਰ ਬਦਕਿਸਮਤੀ ਨਾਲ ਇਹ ਗੱਲ ਲੰਬੀ ਹੁੰਦੀ ਚਲੀ ਗਈ ਅਤੇ ਪੰਜਾਬ ਅਕਾਰਡ ਨੂੰ ਮੈਥਿਊ ਕਮਿਸ਼ਨ ਦੇ ਹਵਾਲੇ ਕਰ ਦਿੱਤਾ ਗਿਆ ਕਿ ਇਸ ਦੀਆਂ ਟਰਮਜ਼ ਆਫ ਰੇਫਰੈਂਸ ਦੇਖੇ। ਹੋਇਆ ਇਹ ਕੀ ਪੰਜਾਬ ਅਕਾਰਡ ਵਿਚ ਤਾਂ ਸੀ ਕਿ ਚੰਡੀਗੜ੍ਹ ਦੇ ਬਦਲੇ ਹਿੰਦੀ ਭਾਸ਼ਾ ਬੋਲਦੇ ਪਿੰਡ ਭਾਵੇਂ ਉਹ ਕਿੰਨੇ ਵੀ ਹੋਣ ਅਤੇ ਭਾਵੇਂ ਕੁਝ ਹੀ ਹੋਣ, ਹਰਿਆਣੇ ਨੂੰ ਦੇ ਦਿੱਤੇ ਜਾਣ ਅਤੇ 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰ ਦਿੱਤਾ ਜਾਵੇ। ਇਸ ਗੱਲ ਤੇ ਖੁਸ਼ੀਆਂ ਹੋਈਆਂ ਕਿ ਚਲੋ, ਇਹ ਬੜੀ ਚੰਗੀ ਗੱਲ ਹੋ ਗਈ ਹੈ। ਪਰ ਬਦ-ਕਿਸਮਤੀ ਨਾਲ ਮੈਥਿਊ ਕਮਿਸ਼ਨ ਨੇ ਆਪਣੇ ਖੇਤਰ ਤੋਂ ਬਾਹਰ ਜਾ ਕੇ ਅਬੋਹਰ ਫਾਜ਼ਿਲਕਾ ਨੂੰ ਵੀ ਨਾਲ ਲੈ ਲਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਲੱਖਾਂ ਰੁਪਿਆ ਬਰਬਾਦ ਹੋ ਗਿਆ, ਲੋਕਾਂ ਵਿੱਚ ਕਮਿਊਨਲ ਟੈਨਸ਼ਨ ਬਣੀ, ਲੋਕ ਹਰਿਆਣੇ ਵਿਚੋਂ ਉਥੇ ਗਏ, ਲੋਕਾਂ ਵਿੱਚ ਬੜੀਆਂ ਭੈੜੀਆਂ ਭਾਵਨਾਵਾਂ ਆਈਆਂ ਅਤੇ ਬੜਾ ਨੁਕਸਾਨ ਹੋਇਆ। ਪਰ ਨਤੀਜੇ ਵਜੋਂ ਕਾਂਟੀਗੁਇਟੀ ਨਾ ਹੋਣ ਕਰਕੇ ਅਬੋਹਰ ਫਾਜ਼ਿਲਕਾ ਪੰਜਾਬ ਵਿੱਚ ਹੀ ਰਹਿ ਗਿਆ। ਹੁਣ ਦੁਬਾਰਾ ਵੈਂਕਟਰਮਈਆ ਆ ਧਮਕੇ ਹਨ। ਸਾਨੂੰ ਆਸ ਸੀ ਕਿ ਹੁਣ ਨਤੀਜਾ ਚੰਗਾ ਨਿਕਲੇਗਾ, 21 ਜੂਨ ਨੂੰ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਜਾਵੇਗਾ ਅਤੇ ਕੁਝ ਹਿੰਦੀ ਭਾਸ਼ਾ ਬੋਲਦੇ ਪਿੰਡ ਅਕਾਰਡ ਦੇ ਮੁਤਾਬਿਕ ਹਰਿਆਣੇ ਦੇ ਹਵਾਲੇ ਕਰ ਦਿੱਤੇ ਜਾਣਗੇ ਅਤੇ ਨਤੀਜਾ ਚੰਗਾ ਨਿਕਲੇਗਾ। ਲੀਡਰ ਆਫ ਬੀ.ਜੇ.ਪੀ. ਨੇ ਇਹ ਗੱਲ ਬਿਲਕੁਲ

ਠੀਕ ਕਹੀ ਹੈ ਕਿ ਸਵਾਲ 70,000 ਏਕੜ ਜਾਂ ਇਕ ਲੱਖ ਏਕੜ ਦਾ ਨਹੀਂ, ਸਵਾਲ ਤਾਂ ਇਹ ਹੈ ਕਿ ਟਰਮਜ਼ ਆਫ ਰੈਫਰੈਂਸ ਮੁਤਾਬਿਕ ਕੁਝ ਹਿੰਦੀ ਭਾਸ਼ਾ ਬੋਲਦੇ ਪਿੰਡ ਜਾਣ। ਕੁਝ ਏਰੀਆ ਹਿੰਦੀ ਭਾਸ਼ਾ ਬੋਲਦਾ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਜਾਵੇ ਅਤੇ ਚੰਡੀਗੜ੍ਹ ਪੰਜਾਬ ਨੂੰ ਦੇ ਦਿਤਾ ਜਾਵੇ ਅਤੇ ਗੱਲ ਖਤਮ ਕਰ ਦਿੱਤੀ ਜਾਵੇ । ਪਰ ਪਤਾ ਨਹੀਂ ਕਿਹੜੀ ਗੱਲੋਂ ਵਿੱਚ 70,000 ਏਕੜ ਆ ਵੜਿਆ । ਭਾਰਤ ਇਕ ਹੈ ਅਤੇ ਨੇਸ਼ਨ ਦਾ ਨੁਕਸਾਨ ਸਾਡਾ ਸਾਰਿਆਂ ਦਾ ਨੁਕਸਾਨ ਹੈ। ਪਰ ਇਸ ਮਾਮਲੇ ਨੂੰ ਵਾਰ ਵਾਰ ਛੇੜਨਾ ਅਤੇ ਸਿਰੇ ਨਾ ਚਾੜ੍ਹਨਾ ਇਕ ਬਦਕਿਸਮਤੀ ਦੀ ਗੱਲ ਹੈ । ਮੈਂ ਤਾਂ ਇਹ ਕਹਿੰਦਾ ਹਾਂ ਕਿ ਹਰਿਆਣੇ ਅਤੇ ਪੰਜਾਬ ਨੂੰ ਆਪਸ ਵਿੱਚ ਮਿਲ ਕੇ ਕੋਈ ਹੋਰ ਰਾਹ ਲੱਭ ਲੈਣਾ ਚਾਹੀਦਾ ਸੀ। ਹੁਣ 21 ਜੂਨ ਵੀ ਆ ਗਈ ਹੈ ਪਰ ਕੋਈ ਗੱਲ, ਕੋਈ ਹੱਲ ਨਹੀਂ ਲੱਭਿਆ ਜਾ ਸਕਿਆ। ਨਤੀਜਾ ਇਹ ਹੈ ਕਿ ਇਸ ਤੇ ਹਾਊਸ ਵਿੱਚ ਵੀ ਗਰਮਾ-ਗਰਮੀ ਹੋਈ ਹੈ ਅਤੇ ਦੋ ਢਾਈ ਘੰਟੇ ਇਸ ਇਸ਼ੂ ਤੇ ਬਹਿਸ ਕਰਨੀ ਪਈ । ਪਰ ਫਿਰ ਵੀ ਕੋਈ ਹੱਲ ਨਹੀਂ ਲੱਭਿਆ । ਮੈਂ ਤਾਂ ਕਹਿੰਦਾ ਹਾਂ ਕਿ ਸਰਕਾਰ ਹਾਲੇ ਵੀ ਇਸ ਤੇ ਸੈਂਟਰਲ ਸਰਕਾਰ ਨਾਲ ਅਤੇ ਹਰਿਆਣਾ ਸਰਕਾਰ ਨਾਲ ਮਿਲ ਕੇ ਕੋਈ ਹੱਲ ਲੱਭ ਲਵੇ ਤਾਕਿ ਇਸ ਗੱਲ ਨੂੰ ਖਤਮ ਕੀਤਾ ਜਾਵੇ ਅਤੇ ਲੋਕਾਂ ਵਿੱਚ ਜਿਹੜਾ ਖਦਸ਼ਾ ਹੈ, ਜਿਹੜਾ ਗੁੱਸਾ ਹੈ, ਉਹ ਦੂਰ ਹੋ ਸਕੇ ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਹਾਊਸ ਵਿੱਚ ਸੀ.ਐਮ. ਸਾਹਿਬ ਨੇ ਪਹਿਲਾਂ ਇਕ ਰਿਪੋਰਟ ਪੇਸ਼ ਕੀਤੀ ਹੈ। ਇਹ ਅੱਜ ਸਭ ਤੋਂ ਵੱਡਾ ਮਸਲਾ ਹੈ ਜਿਹੜੀ ਅੱਜ ਪੰਜਾਬ ਵਿੱਚ ਹਿੰਦੂਆਂ ਦੀ ਮਾਈਗਰੇਸ਼ਨ ਹੋ ਰਹੀ ਹੈ । ਸਵਾਲ ਕੋਈ ਗਿਣਤੀ ਦਾ ਨਹੀਂ । ਅੱਜ ਜਿਹੜੇ ਹਿੰਦੂ ਹਿਜ਼ਰਤ ਕਰਕੇ ਪੰਜਾਬ ਤੋਂ ਬਾਹਰ ਜਾ ਰਹੇ ਹਨ, ਇਹ ਦੇਸ਼ ਵਾਸਤੇ, ਕੌਮ ਵਾਸਤੇ ਅਤੇ ਸਾਡੇ ਸੂਬੇ ਪੰਜਾਬ ਵਾਸਤੇ ਬੜੀ ਬੁਰੀ ਗੱਲ ਹੈ ਜਿਸਦੇ ਕਿ ਭੈੜੇ ਨਤੀਜੇ ਨਿਕਲ ਸਕਦੇ ਹਨ। ਤੁਸੀਂ ਜਾਣਦੇ ਹੋ ਕਿ ਲੱਖਾਂ ਦੀ ਗਿਣਤੀ ਵਿੱਚ ਸਿੱਖ ਵੀ ਬਾਹਰ ਬੈਠੇ ਹਨ, ਜਿਹੜੀ ਕਿ ਉਨ੍ਹਾਂ ਲਈ ਵੀ ਖਦਸ਼ੇ ਵਾਲੀ ਗੱਲ ਹੈ। ਜੇ ਰਿਬੇਰੋ ਸਾਹਿਬ ਆ ਗਏ ਹਨ ਤਾਂ ਇਹ ਕੋਈ ਸਮੱਸਿਆ ਦਾ ਹੱਲ ਨਹੀਂ ਹੈ । ਕਿਲਿੰਗਜ਼ ਤਾਂ 2 ਸਾਲ ਪਹਿਲਾਂ ਵੀ ਹੁੰਦੀਆਂ ਸਨ, ਪਰ ਉਦੋਂ ਹਿਜਰਤ ਕਰਕੇ ਕੋਈ ਨਹੀਂ ਸੀ ਗਿਆ । ਉਦੋਂ ਵੀ ਡਾਕੇ ਪਏ, ਕਤਲ ਹੋਏ ਪਰ ਹਿਜਰਤ ਕਿਸੇ ਨੇ ਨਹੀਂ ਕੀਤੀ ਸੀ। ਇਹ ਗੱਲ ਅੱਜ ਕਿਉਂ ਹੋ ਰਹੀ ਹੈ । ਇਸਦੀ ਬੈਕ-ਗਰਾਉਂਡ ਕੀ ਹੈ? ਸਭ ਤੋਂ ਪਹਿਲਾਂ ਤਾਂ ਪੁਲਿਸ ਦੀ ਸਕਰੀਨਿੰਗ ਹੋਣੀ ਚਾਹੀਦੀ ਹੈ । ਜਦੋਂ ਕਿਸੇ ਪਿੰਡ ਦੇ ਏਰੀਆ ਵਿੱਚ ਕੋਈ ਗੱਲ ਹੁੰਦੀ ਹੈ, ਕਿਸੇ ਨਾਲ ਕੋਈ ਹਾਦਸਾ ਹੁੰਦਾ ਹੈ ਤਾਂ ਉਹ ਬੰਦਾ ਥਾਣੇ ਵਿੱਚ ਆਪਣੀ ਫਰਿਆਦ ਲੈ ਕੇ ਜਾਂਦਾ ਹੈ ਪਰ ਅੱਗੋਂ ਉਸਨੂੰ ਕੋਈ ਚੰਗਾ ਜਵਾਬ ਨਹੀਂ ਮਿਲਦਾ । ਕੋਈ ਉਸਨੂੰ ਪਰੋਟੈਕਟ ਕਰਨ ਵਾਸਤੇ ਤਿਆਰ ਨਹੀਂ ਹੁੰਦਾ। ਫੇਰ ਜੇ ਉਹ ਸੂਬੇ ਵਿਚੋਂ ਬਾਹਰ ਨਾ ਨਿਕਲ ਜਾਣ ਤਾਂ ਹੋਰ ਕੋਈ ਤਰੀਕਾ ਨਹੀਂ ਰਹਿ ਜਾਂਦਾ। ਜੇ ਇਹੋ ਜਿਹੇ ਅਫਸਰਾਂ ਨੂੰ ਸਸਪੈਂਡ ਕਰ ਦਿਓ ਜਾਂ ਮੁਅੱਤਲ ਕਰ ਦਿਓ ਤਾਂ ਕੋਈ ਗੱਲ ਨਹੀਂ ਬਣਦੀ । ਇਨ੍ਹਾਂ ਨੂੰ ਪੱਕੇ ਪੈਰਾਂ ਤੇ ਸਜ਼ਾਵਾਂ ਦਿਓ, ਜੇਲ੍ਹਾਂ ਵਿੱਚ ਪਾਓ ਅਤੇ ਉਨ੍ਹਾਂ ਦੀ ਕਾਰ-ਕਰਦਗੀ ਨੂੰ ਨੰਗਾ ਕਰੋ । ਜੇ ਕੋਈ ਸਰਕਾਰ ਦਾ ਆਪਣਾ ਬੰਦਾ ਵੀ ਉਸਦੇ ਪਿੱਛੇ ਹੋਵੇ, ਉਸਦੀ ਮਦਦ ਕਰਦਾ ਹੋਵੇ, ਉਸਨੂੰ ਸ਼ਹਿ ਦਿੰਦਾ ਹੋਵੇ ਤਾਂ ਵੀ ਸਰਕਾਰ ਉਸ ਦੇ ਖਿਲਾਫ ਐਕਸ਼ਨ ਲੈਣ ਦਾ ਯਤਨ ਕਰੇ, ਤਾਂ ਹੀ ਹਿਜਰਤ ਬੰਦ ਹੋ ਸਕੇਗੀ । ਦੂਜੇ ਪਾਸੇ ਜਿਹੜੇ ਚੰਗੇ ਅਫਸਰ ਹਨ, ਜਿਹੜੇ ਹਿਜਰਤ ਨੂੰ ਰੋਕਣਾ ਚਾਹੁੰਦੇ ਹਨ, ਜਿਹੜੇ ਅਮਨ ਨੂੰ ਕਾਇਮ ਰੱਖਣਾ ਚਾਹੁੰਦੇ ਹਨ, ਉਨ੍ਹਾਂ ਨੂੰ ਤਰੱਕੀਆਂ ਦਿੱਤੀਆਂ ਜਾਣ, ਉਨ੍ਹਾਂ ਦੇ ਹੌਸਲੇ ਬੁਲੰਦ ਕੀਤੇ ਜਾਣ । ਸਰਕਾਰ ਉਨ੍ਹਾਂ ਦੀ ਰੱਖਿਆ ਕਰੇ, ਪਰੋਟੈਕਸ਼ਨ ਕਰੇ ਤਾਂ ਹੀ ਕਿਲਿੰਗਜ਼ ਬੰਦ ਹੋਣਗੀਆਂ, ਮਾਈਗਰੇਸ਼ਨ ਤੇ ਰੋਕ ਲਗੇਗੀ ਅਤੇ ਵਿਸ਼ਵਾਸ ਪੈਦਾ ਹੋਵੇਗਾ।

[ਕਾਮਰੇਡ ਮਹਿਤਾਬ ਸਿੰਘ]

ਵਿਸ਼ਵਾਸ ਤੋਂ ਬਿਨਾਂ ਕੁਝ ਨਹੀਂ ਹੋ ਸਕਦਾ ਚਾਹੇ ਤੁਸੀਂ ਮਿੰਨਤਾਂ ਕਰ ਲਓ, ਟਰੱਕਾਂ ਨੂੰ ਰੋਕ ਲਓ, ਕੁਝ ਨਹੀਂ ਹੋਵੇਗਾ। ਸਵਾਲ ਹੈ ਉਸ ਐਲੀਮੈਂਟ ਨੂੰ ਨੰਗਾ ਕਰਨਾ ਚਾਹੀਦਾ ਹੈ, ਲੋਕਾਂ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ ਅਤੇ ਪੰਜਾਬ ਦੇ ਇਸ ਮਸਲੇ ਨੂੰ ਹੱਲ ਕਰਨਾ ਚਾਹੀਦਾ ਹੈ। ਹੁਣ ਲਾਈਸੈਂਸ ਦੀ ਗੱਲ ਹੈ। ਉਸ ਵਿੱਚ ਵੀ ਡਿਸਕ੍ਰਿਮੀਨੇਸ਼ਨ ਬੜੀ ਹੋ ਰਹੀ ਹੈ। ਸਾਡੇ ਕਾਮਰੇਡ ਫਤਿਹਚੰਦ ਨੇ ਵੀ ਇਸ ਬਾਰੇ ਸ਼ਕਾਇਤ ਕੀਤੀ ਸੀ। ਸਾਡੀ ਪਾਰਟੀ ਸੀ.ਪੀ.ਆਈ. ਕਮਿਟਿੱਡ ਹੈ ਕਿ ਅਸੀਂ ਹਿਜ਼ਰਤ ਨਹੀਂ ਹੋਣ ਦਿਆਂਗੇ, ਦੇਸ਼ ਦੇ ਟੋਟੇ ਨਹੀਂ ਹੋਣ ਦਿਆਂਗੇ। ਉਨ੍ਹਾਂ ਨੂੰ ਲਾਈਸੈਂਸ ਪਤਾ ਨਹੀਂ ਕਿਉਂ ਨਹੀਂ ਦਿੱਤਾ ਜਾਂਦਾ। ਐਸ.ਐਸ.ਪੀ. ਕਹਿ ਦਿੰਦਾ ਹੈ ਕਿ ਤੁਸੀਂ ਰਿਪੋਰਟ ਕਰ ਦਿਓ ਮੈਂ ਨਹੀਂ ਬਣਾ ਕੇ ਦਿੰਦਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਫੇਰ ਤੁਸੀਂ ਕਿਸ ਨੂੰ ਬਣਾ ਕੇ ਦਿਓਗੇ ? ਜਦ ਤੁਹਾਨੂੰ ਪਤਾ ਹੈ ਕਿ ਐਸੀਆਂ ਪਾਰਟੀਆਂ ਸੈਕੂਲਰ ਹਨ ਤਾਂ ਉਨ੍ਹਾਂ ਦੇ ਲਾਇਸੰਸ ਨਾ ਬਣਨੇ, ਇਸ ਗਲ ਤੋਂ ਖਦਸਾ ਜ਼ਾਹਿਰ ਹੁੰਦਾ ਹੈ। ਉਨ੍ਹਾਂ ਅਫਸਰਾਂ ਤੇ ਬੇਲਿਹਾਜਾ ਕਾਰਵਾਈ ਕਰਨੀ ਚਾਹੀਦੀ ਹੈ।

ਸ਼੍ਰੀ ਸਪੀਕਰ : ਸਰਦਾਰ ਮਹਿਤਾਬ ਸਿੰਘ ਜੀ, ਵਾਈਂਡ ਅਪ ਕਰੋ।

ਕਾਮਰੇਡ ਮਹਿਤਾਬ ਸਿੰਘ : ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਪੁਲਿਸ ਅਫਸਰਾਂ ਦੀ ਸਕ-ਰੀਨਿੰਗ ਕਰਨੀ ਚਾਹੀਦੀ ਹੈ। ਇਸ ਵਿਚ ਹੀ ਪੰਜਾਬੀਆਂ ਦਾ ਭਲਾ ਹੈ। ਮੈਨੂੰ ਉਮੀਦ ਹੈ ਕਿ ਮੇਰੀਆਂ ਕਹੀਆਂ ਗਈਆਂ ਗੱਲਾਂ ਤੇ ਅਮਲ ਹੋਵੇਗਾ। ਇਤਨਾ ਕਹਿੰਦਾ ਹੋਇਆ ਮੈਂ ਖਤਮ ਕਰਦਾ ਹਾਂ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ (ਸਰਦਾਰ ਦਲੀਪ ਸਿੰਘ ਪਾਂਧੀ) : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਬਹੁਤ ਗਰੇਟਨੈਸ ਦਿਖਾਈ ਹੈ . . . .

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਰੂਲਿੰਗ ਪਾਰਟੀ ਦਾ ਐਮ.ਐਲ.ਏ. ਤਾਂ ਬੋਲ ਸਕਦਾ ਹੈ ਪਰ ਕੋਈ ਮਨਿਸਟਰ ਨਹੀਂ ਬੋਲ ਸਕਦਾ।

ਸ਼੍ਰੀ ਸਪੀਕਰ : ਪੁਜ਼ੀਸ਼ਨ ਇਹ ਹੈ ਕਿ any Minister can intervene in it,

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ, ਇਹ ਬੜਾ ਸੰਗੀਨ ਮਾਮਲਾ ਹੈ। ਹਾਲਾਂ ਕਿ ਅੱਜ ਕੋਈ ਮੌਜੂ ਨਹੀਂ ਸੀ ਪਰ ਫਿਰ ਵੀ ਅੱਜ ਦਾ ਸੈਸ਼ਨ ਬੁਲਾ ਕੇ ਸੀ.ਐਮ. ਸਾਹਿਬ ਨੇ ਬਹੁਤ ਗਰੇਟਨੈਸ ਦਿਖਾਈ ਹੈ। ਇਸ ਤੋਂ ਪਹਿਲਾਂ ਵੀ ਕਈ ਸਰਕਾਰਾਂ ਬਣੀਆਂ, ਪਰ ਉਹ ਆਪਣੇ ਤੌਰ ਤੇ ਹੀ ਫੈਸਲੇ ਕਰਦੀਆਂ ਰਹੀਆਂ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਕਦੀ ਕਾਨਫੰਰੈਂਸ ਵਿਚ ਨਹੀਂ ਲਿਆ ਸੀ। ਮੈਂ ਇਸ ਗੱਲ ਲਈ ਸੀ.ਐਮ. ਸਾਹਿਬ ਨੂੰ ਵਧਾਈ ਦਿਆਂਗਾ ਕਿ ਉਨ੍ਹਾਂ ਨੇ ਪੰਜਾਬ ਦੇ ਮਸਲਿਆਂ ਨੂੰ ਵਿਚਾਰਨ ਲਈ ਇਹ ਸੈਸ਼ਨ ਬੁਲਾਉਣਾ ਉਚਿਤ ਸਮਝਿਆ। ਹਾਊਸ ਨੂੰ ਸਾਰੀਆਂ ਪਾਰਟੀਆਂ ਰਿਪਰਜ਼ੈਂਟ ਕਰਦੀਆਂ ਹਨ ਅਤੇ ਅਸੀਂ ਸਾਰਿਆਂ ਨੇ ਪੰਜਾਬ ਦੇ ਮਾਮਲੇ ਤੇ ਵਿਚਾਰ ਕਰਨਾ ਹੈ। ਅੱਜ ਸਿਰਫ ਪੰਜਾਬ ਹੀ ਨਹੀਂ ਬਲਕਿ ਸਾਰਾ ਹਿੰਦੁਸਤਾਨ ਪਰਟਰਬਡ ਹੈ ਕਿਉਂਕਿ ਇਹ ਇਕ ਨੈਸ਼ਨਲ ਇਸ਼ੂ ਹੈ। ਸਾਰੇ ਲੋਕ ਚਾਹੁੰਦੇ ਹਨ ਕਿ ਪੰਜਾਬ ਵਿਚ ਅਮਨ ਤੇ ਖੁਸ਼ਹਾਲੀ ਵਧੇ। ਇਥੋਂ ਕੋਈ ਤੰਗ ਹੋਕੇ ਬਾਹਰ ਨਾ ਜਾਵੇ ਅਤੇ ਕੋਈ ਤੰਗ ਹੋਇਆ ਆਦਮੀ ਇਥੇ ਨਾ ਆਵੇ। ਇਸ ਮਕਸਦ ਵਾਸਤੇ ਪੰਜਾਬ ਦੀ ਸਰਕਾਰ, ਜਿਸ ਨੂੰ ਕਿ ਲੋਕਾਂ ਨੇ ਬਹੁਤ ਵੱਡੀ ਮੈਨਡੇਟ ਦਿੱਤੀ ਹੈ, ਨੂੰ ਸਾਰੀਆਂ ਪਾਰਟੀਆਂ ਦੀ ਹਮਾਇਤ ਹੈ। ਮੈਂ ਸਮਝਦਾ ਹਾਂ ਕਿ ਇਹ ਪਹਿਲੀ ਵਾਰੀ ਹੋਇਆ ਹੈ ਅਤੇ ਸਾਰਿਆਂ ਨੇ ਇਸ ਗੱਲ ਦੀ ਗਵਾਹੀ ਦਿੱਤੀ ਹੈ ਕਿ ਬਰਨਾਲਾ ਸਾਹਿਬ ਟੈਰੋਰਿਜ਼ਮ

ਦੇ ਖਿਲਾਫ ਲੜ ਰਹੇ ਹਨ। ਇਹ ਦੋ ਤੇ ਦੋ ਚਾਰ ਵਾਲੀ ਗੱਲ ਹੈ। ਇਸ ਤੋਂ ਪਹਿਲਾਂ ਮੂੰਹ ਜ਼ਬਾਨੀ ਹੀ ਗੱਲਾਂ ਹੁੰਦੀਆਂ ਰਹੀਆਂ ਹਨ। ਪਹਿਲੀ ਵਾਰੀ ਸਾਡੀ ਪਾਰਟੀ ਦੇ ਨੇਤਾ ਸੰਤ ਹਰਚੰਦ ਸਿੰਘ ਲੌਂਗੋਵਾਲ ਜਿਹੜੇ ਕਿ ਇਸ ਸੰਸਾਰ ਵਿਚੋਂ ਚਲੇ ਗਏ ਅੱਤਵਾਦੀਆਂ ਦਾ ਸ਼ਿਕਾਰ ਹੋ ਕੇ, ਉਨ੍ਹਾਂ ਦਾ ਲੋਕਾਂ ਨੇ ਸਮਰਥਨ ਕੀਤਾ । ਉਨ੍ਹਾਂ ਨੇ ਹਿੰਦੁਸਤਾਨ ਅਤੇ ਦੁਨੀਆਂ ਦੇ ਲੋਕਾਂ ਨੂੰ ਰੋਸ਼ਨੀ ਦਿੱਤੀ । ਬੀ.ਬੀ.ਸੀ. ਨੇ ਉਨ੍ਹਾਂ ਨੂੰ ਯਾਦ ਕੀਤਾ। ਆਲ ਇੰਡੀਆ ਰਿਪੋਰਟਰਜ਼ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਯਕੀਨ ਦਿਵਾਇਆ ਅਤੇ ਕਿਹਾ ਕਿ ਸਾਨੂੰ ਸੰਤ ਜੀ ਦੀ ਲਾਈਫ ਦਿਓ, ਅਸੀਂ ਉਨ੍ਹਾਂ ਦਾ ਸਟੈਚਿਊ ਲਗਾਵਾਂਗੇ । ਮੈਂ ਸਮਝਦਾ ਹਾਂ ਕਿ ਇਹ ਬੜੀ ਵੱਡੀ ਗੱਲ ਹੈ । ਸਪੀਕਰ ਸਾਹਿਬ, 7.2 ਦੇ ਥੱਲੇ ਕਮਿਸ਼ਨ ਬਣਿਆ । ਇਹ ਡਿਟਰਮਨ ਕਰਨ ਲਈ ਕਿ ਫਲਾਣਾ ਇਲਾਕਾ ਹਿੰਦੀ ਸਪੀਕਿੰਗ ਹੈ, ਉਸ ਕਮਿਸ਼ਨ ਨੇ ਅੱਗੇ ਦੂਸਰਾ ਕਮਿਸ਼ਨ ਮੁਕੱਰਰ ਕਰਵਾ ਦਿੱਤਾ । ਉਸ ਨੇ ਕੋਈ ਹਿੰਦੀ ਸਪੀਕਿੰਗ ਏਰੀਆ ਨਹੀਂ ਦਸਿਆ । ਫਿਰ 7.4 ਦੇ ਅਧੀਨ ਦੂਸਰਾ ਕਮਿਸ਼ਨ ਮੁਕੱਰਰ ਹੋਣਾ ਸੀ, ਉਹ ਨਹੀਂ ਹੋਇਆ । 7.2 ਦੇ ਅਧੀਨ ਜਿਹੜਾ ਕਮਿਸ਼ਨ ਬਣਾਇਆ ਗਿਆ ਸੀ, ਉਹ ਇਕ ਪਿੰਡ ਵੀ ਹਿੰਦੀ ਸਪੀਕਿੰਗ ਨਹੀਂ ਆਈਡੈਂਟੀਫਾਈ ਕਰ ਸਕਿਆ । ਜੇ ਉਹ ਕਰ ਦਿੰਦਾ ਤਾਂ ਭਾਵੇਂ ਇਕ ਲੱਖ ਏਕੜ ਦਾ ਰਕਬਾ ਆਈਡੈਂਟੀਫਾਈ ਕਰ ਦਿੰਦਾ 70,000 ਏਕੜ ਦੀ ਬਜਾਏ, ਉਸ ਦਾ ਫੈਸਲਾ ਸਾਨੂੰ ਮੰਨਣਾ ਪੈਣਾ ਸੀ ਔਰ ਮੈਂ ਸਮਝਦਾ ਹਾਂ ਕਿ ਕਿਸੇ ਨੂੰ ਵੀ ਕੋਈ ਇਤਰਾਜ਼ ਨਹੀਂ ਸੀ ਹੋਣਾ । ਇਸੇ ਸਰਕੇ ਸਾਡੇ ਮੰਤਰੀ ਮੰਡਲ ਨੇ ਬੜੀ ਸੋਚ ਵਿਚਾਰ ਤੋਂ ਬਾਦ ਇਹ ਫੈਸਲਾ ਕੀਤਾ ਕਿ ਇਹ 70,000 ਏਕੜ ਦਾ ਇਲਾਕਾ ਨਹੀਂ ਦਿੱਤਾ ਜਾ ਸਕਦਾ । ਜਦ ਕਮਿਸ਼ਨ ਨੇ ਕੋਈ ਏਰੀਆ ਹਿੰਦੀ ਸਪੀਕਿੰਗ ਆਈਡੈਂਟੀਫਾਈ ਹੀ ਨਹੀਂ ਕੀਤਾ ਤਾਂ ਇਸ ਸੂਰਤ ਵਿਚ ਇਕ ਇੰਚ ਵੀ ਜ਼ਮੀਨ ਨਹੀਂ ਦਿੱਤੀ ਜਾ ਸਕਦੀ । ਕਮਿਸ਼ਨ ਨੇ ਕੋਈ ਪਿੰਡ ਐਸਾ ਲਭਿਆ ਹੀ ਨਹੀਂ । ਇਸ ਕਰਕੇ ਇਹ ਚੀਜ਼ ਡਿਲੀਟ ਹੋਣੀ ਚਾਹੀਦੀ ਹੈ। ਕਲਾਜ਼ 7.3 ਵਿਚ ਲਿਖਿਆ ਹੈ ਕਿ ਇਹ ਟ੍ਰਾਂਸਫਰ ਸਾਈਮਲਟੇਨੀਅਸ ਹੋਣੀ ਚਾਹੀਦੀ ਹੈ। ਜਦ ਕਮਿਸ਼ਨ ਕੋਈ ਪਿੰਡ ਲਭ ਹੀ ਨਹੀਂ ਸਕਿਆ ਤਾਂ ਅਸੀਂ ਧੱਕੇ ਨਾਲ ਆਪਣੇ ਇਲਾਕੇ ਕਿਵੇਂ ਦੇ ਦੇਈਏ ? ਪਹਿਲੇ ਕਮਿਸ਼ਨ ਨੇ ਦੂਸਰਾ ਕਮਿਸ਼ਨ ਬਿਠਾ ਦਿੱਤਾ, ਇਸ ਕਮਿਸ਼ਨ ਨੇ ਵੀ ਇਕ ਹੋਰ ਕਮਿਸ਼ਨ ਬਿਠਾਉਣ ਵਾਸਤੇ ਕਹਿ ਦਿੱਤਾ ਹੈ। ਇਸ ਤਰ੍ਹਾਂ ਤਾਂ ਕਮਿਸ਼ਨ ਹੀ ਬਣਦੇ ਰਹਿਣਗੇ । ਪਹਿਲਾ ਜੱਜ ਕੋਈ ਫੈਸਲਾ ਨਹੀਂ ਦੇ ਸਕਿਆ । ਉਸ ਜੱਜ ਨੇ ਦੂਸਰੇ ਜੱਜ ਨੂੰ ਅਧਿਕਾਰ ਦੇ ਦਿੱਤਾ । ਉਹ ਵੀ ਕੋਈ ਫੈਸਲਾ ਨਹੀਂ ਕਰ ਸਕਿਆ । ਉਸ ਨੇ ਇਕ ਹੋਰ ਜੱਜ ਬਿਠਾਉਣ ਵਾਸਤੇ ਕਹਿ ਦਿੱਤਾ ਹੈ। ਮੇਰਾ ਆਪਣਾ ਵਿਚਾਰ ਹੈ ਕਿ ਸੈਂਟਰ ਦੀ ਸਰਕਾਰ ਇਸ ਗੱਲ ਬਾਰੇ ਕਲੀਅਰ ਨਹੀਂ ਹੈ। ਉਹ ਇਸ ਮਸਲੇ ਨੂੰ ਲਟਕਾਉਣਾ ਚਾਹੁੰਦੀ ਹੈ । ਜੇ ਇਸ ਮਾਮਲੇ ਨੂੰ ਇਸੇ ਤਰ੍ਹਾਂ ਲਟਕਾਇਆ ਜਾਂਦਾ ਰਿਹਾ ਤਾਂ ਇਸ ਦੇ ਸਿੱਟੇ ਬਹੁਤ ਮਾੜੇ ਨਿਕਲਣਗੇ ।

Mr. Speaker: Please wind up.

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਪੰਜਾਬ ਮਰੇਗਾ ਤਾਂ ਸਾਰਾ ਹਿੰਦੁਸਤਾਨ ਮਰੇਗਾ । ਕਿਸੇ ਦੇ ਘਰ ਅੱਗ ਲੱਗੇ ਤਾਂ ਉਸ ਨੂੰ ਬਸੰਤਰ ਨਾ ਕਹੀਏ। ਇਹ ਅੱਗ ਹਰ ਥਾਂ ਤੇ ਬਲੇਗੀ । ਅੱਜ ਹਾਲਾਤ ਬਹੁਤ ਮਾੜੇ ਹਨ। ਇਥੇ ਹਿੰਦੂ-ਸਿੱਖ ਦਾ ਸਵਾਲ ਪੈਦਾ ਕਰਨ ਵਾਲੇ ਬੈਠੇ ਹਨ (ਕਾਂਗਰਸ ਪਾਰਟੀ ਵੱਲ ਇਸ਼ਾਰਾ)। ਜਿਹੜੇ ਦਿੱਲੀ ਵਿਚ ਅਤੇ ਹੋਰ ਦੂਜੀਆਂ ਸਟੇਟਾਂ ਵਿਚ ਸਿੱਖ ਬੈਠੇ ਹਨ, ਉਹ ਕਹਿੰਦੇ ਹਨ ਕਿ ਦਿੱਲੀ ਦੀ ਸਰਕਾਰ ਦੋਸ਼ੀ ਹੈ । ਜੇ ਇਹ ਗੱਲ ਸਹੀ ਹੈ ਤਾਂ ਸਰਕਾਰ ਉਨ੍ਹਾਂ ਲੋਕਾਂ ਦੇ ਖਿਲਾਫ ਕਾਰਵਾਈ ਕਿਉਂ ਨਹੀਂ ਕਰਦੀ ਜਿਨ੍ਹਾਂ ਨੇ ਉਥੇ

[ਰਾਜ ਮੰਤਰੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ]

ਜ਼ੁਲਮ ਕੀਤੇ । ਇਹ ਇਕ ਦਿਨ ਦਾ ਮਸਲਾ ਨਹੀਂ ਹੈ । ਤੁਸੀਂ ਪਿਛਲੇ 40 ਸਾਲ ਦਾ ਇਤਿਹਾਸ ਪੜ੍ਹੋ । ਪੰਜਾਬ ਨਾਲ ਹਮੇਸ਼ਾ ਵਿਤਕਰਾ ਹੁੰਦਾ ਰਿਹਾ ਹੈ। ਹੁਣ ਵੀ ਵਿਤਕਰਾ ਹੋ ਰਿਹਾ ਹੈ। ਤੁਸੀਂ ਕਿਸੇ ਬਾਹਰਲੀ ਸਟੇਟ ਵਿਚ ਜਾ ਕੇ ਵੇਖੋ । ਉਥੋਂ ਦੇ ਲੋਕ ਸਾਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ । ਸਾਨੂੰ ਡੀਮਾਰੇਲਾਈਜ਼ ਕੀਤਾ ਜਾ ਰਿਹਾ ਹੈ। ਮੈਂ ਕਹਿੰਦਾ ਹਾਂ ਕਿ ਇਸ ਮਾਮਲੇ ਨੂੰ ਸੰਜੀਦਗੀ ਨਾਲ ਸੋਚੋ। ਭਖਵੇਂ ਵਿਚਾਰ ਪ੍ਰਗਟਾਉਣ ਦੀ ਲੋੜ ਨਹੀਂ । ਇਹ ਜਿਹੜੇ ਸੱਜਣ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਇਥੇ ਬੈਠੇ ਹਨ, ਦਿੱਲੀ ਵਿਚ ਇਨ੍ਹਾਂ ਦੀ ਸਰਕਾਰ ਹੈ, ਇਹ ਉਸ ਨੂੰ ਸਹੀ ਰਾਏ ਦੇਣ ਅਤੇ ਉਸ ਤੋਂ ਸਹੀ ਫੈਸਲਾ ਕਰਵਾ ਕੇ 21 ਤਰੀਕ ਨੂੰ ਚੰਡੀਗੜ੍ਹ ਪੰਜਾਬ ਨੂੰ ਟ੍ਰਾਂਸਫਰ ਕਰਵਾਉਣ ਅਤੇ ਅਕਾਰਡ ਦੀ ਕਲਾਜ਼ 7.4 ਥੱਲੇ ਕਮਿਸ਼ਨ ਮੁਕੱਰਰ ਕਰਵਾਉਣ । ਮੈਂ ਕਲ੍ਹ ਹੀ ਬਠਿੰਡੇ ਜਾ ਕੇ ਆਇਆ ਹਾਂ । ਮੈਂ ਕਹਿੰਦਾ ਹਾਂ ਕਿ 1978 ਵਿਚ ਜਿਹੜੀ ਨਹਿਰ ਸਤਲੁਜ ਯਮੁਨਾ ਨਹਿਰ ਹਰਿਆਣੇ ਨੂੰ ਦਿੱਤੀ ਇਨ੍ਹਾਂ ਨੇ (ਬਾਗੀ ਅਕਾਲੀਆਂ ਵੱਲ ਇਸ਼ਾਰਾ)। ਕੀ ਇਹ ਨਹਿਰ ਬਠਿੰਡੇ ਨੂੰ ਨਹੀਂ ਸੀ ਦਿੱਤੀ ਜਾ ਸਕਦੀ ਜਿਥੇ ਕਿ ਪਾਣੀ ਦੀ ਸਖਤ ਜ਼ਰੂਰਤ ਹੈ ? (ਸ਼ੋਰ) ਇਸ ਕਰਕੇ ਸਾਰੀ ਗੱਲ ਨੂੰ ਸਿੱਧੇ ਹੋ ਕੇ ਕਰੋ ।

(ਇਸ ਵਕਤ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਸਾਹਿਬਾਨ ਵੱਲੋਂ ਇਕੱਠੇ ਕੁਝ ਕਿਹਾ ਜਾ ਰਿਹਾ ਸੀ) (ਵਿਘਨ) (ਸ਼ੋਰ) ਤੁਸੀਂ ਕਾਂਗਰਸ ਦੀਆਂ ਗੱਲਾਂ ਵਿਚ ਨਾ ਆਓ (ਆਪਣੀ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ।

ਸ੍ਰੀ ਸਪੀਕਰ : ਪਾਂਧੀ ਸਾਹਿਬ, ਬੈਠ ਜਾਓ ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਤੁਸੀਂ ਇਨ੍ਹਾਂ ਦੀਆਂ ਗੱਲਾਂ ਵਿਚ ਨਾ ਆਓ ।

(ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਹੋ ਰਿਹਾ ਸੀ)

ਸ੍ਰੀ ਸਪੀਕਰ : ਪਾਂਧੀ ਸਾਹਿਬ, ਪਲੀਜ਼ ਬੈਠ ਜਾਓ ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆ ਭਲਾਈ : ਇਸ ਕਰਕੇ ਇਹੋ ਜਿਹਾ ਚੀਫ ਮਨਿਸਟਰ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸਾਰੀ ਹਿਸਟਰੀ ਵਿਚ ਨਹੀਂ ਮਿਲੇਗਾ । ਅਸੀਂ 7 ਮੰਤਰੀ ਹਾਂ ਅਤੇ ਸਾਡੇ 3 ਚੇਅਰਮੈਨ ਹਨ ਪਰ ਉਨ੍ਹਾਂ ਨੇ ਕੋਈ ਨਹੀਂ ਸੀ ਬਣਾਇਆ । ਸੋ ਸਾਡੀ ਸਰਕਾਰ ਸਾਡਾ ਅਤੇ ਪਛੜੀਆਂ ਸ਼੍ਰੇਣੀਆਂ ਦਾ ਬੜਾ ਖਿਆਲ ਰੱਖਦੀ ਹੈ । ਇਸ ਕਰਕੇ ਤੁਸੀਂ ਬਿਲਕੁਲ ਭੁਲੇਖੇ ਵਿਚ ਨਾ ਪਓ । (ਵਿਘਨ) ਇਸ ਫੈਸਲੇ ਨੂੰ ਲਾਗੂ ਕਰੋ। 21 ਤਾਰੀਖ ਨੂੰ ਚੰਡੀਗੜ੍ਹ ਦਿਓ ਨਹੀਂ ਤਾਂ ਅਸੀਂ ਤੁਹਾਡੇ ਬਾਰੇ ਵੀ ਕਹਾਂਗੇ ਕਿ ਤੁਸੀਂ ਬੀਟਰੇ ਕਰਦੇ ਹੋ । ਇਸ ਤਰ੍ਹਾਂ ਕਰਨ ਨਾਲ ਰਾਜੀਵ ਗਾਂਧੀ ਅਤੇ ਤੁਹਾਡੇ ਤੇ ਕੋਈ ਇਤਬਾਰ ਨਹੀਂ ਕਰੇਗਾ । (ਵਿਘਨ) ਜਿਸ ਤਰ੍ਹਾਂ ਫੈਸਲਾ ਹੋਇਆ ਹੈ ਉਸੇ ਤਰ੍ਹਾਂ ਲਾਗੂ ਕੀਤਾ ਜਾਵੇ ਤਾਕਿ ਅਸੀਂ ਖੁਸ਼ਹਾਲੀ ਨਾਲ ਪੰਜਾਬ ਦੀ ਤਰੱਕੀ ਕਰ ਸਕੀਏ।

ਡਾਕਟਰ ਕੇਵਲ ਕ੍ਰਿਸ਼ਨ (ਮੁਕੇਰੀਆਂ) : ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਕਿ . . .

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਸਮਾਂ ਬਹੁਤ ਥੋੜ੍ਹਾ ਹੈ। ਤੁਸੀਂ 5 ਮਿੰਟ ਵਿਚ ਖਤਮ ਕਰੋ। ਲੀਡਰ ਆਫ ਦੀ ਹਾਊਸ ਨੇ ਵੀ 20 ਮਿੰਟ ਲੈਣੇ ਹਨ। ਇਸ ਲਈ ਤੁਸੀਂ ਜਲਦੀ ਖਤਮ ਕਰ ਦੇਣਾ ।

ਡਾਕਟਰ ਕੇਵਲ ਕ੍ਰਿਸ਼ਨ: ਤੁਸੀਂ ਹਾਊਸ ਦਾ ਸਮਾਂ ਐਕਸਟੈਂਡ ਕਰ ਲਓ । ਸਪੀਕਰ ਸਾਹਿਬ, ਮੈਂ ਰੇਪੀਟੀਸ਼ਨ ਨਹੀਂ ਕਰਾਂਗਾ । ਮੈਂ ਤੁਹਾਡਾ ਮਸ਼ਕੂਰ ਹਾਂ । (ਵਿਘਨ)

ਸ੍ਰੀ ਸਪੀਕਰ : ਤੁਹਾਡੀ ਪਾਰਟੀ ਦੇ 7 ਮਿੰਟ ਰਹਿੰਦੇ ਹਨ ।

ਡਾਕਟਰ ਕੇਵਲ ਕ੍ਰਿਸ਼ਨ : ਇਕ ਬਹੁਤ ਮਹੱਤਵਪੂਰਨ ਵਿਸ਼ੇ ਤੇ ਤੁਸੀਂ ਮੈਨੂੰ ਆਪਣੀ ਪਾਰਟੀ ਵਲੋਂ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿਤਾ ਹੈ । ਸਪੀਕਰ ਸਾਹਿਬ, ਸਿਰਫ ਹਿੰਦੁਸਤਾਨ ਵਿਚ ਨਹੀਂ ਬਲਕਿ ਸਾਰੀ ਦੁਨੀਆਂ ਵਿੱਚ ਪੰਜਾਬ ਦੇ ਮਸਲੇ ਨੂੰ importance ਦੇ ਕੇ ਬੜੀ ਗੰਭੀਰਤਾ ਨਾਲ ਦੇਖਿਆ ਜਾ ਰਿਹਾ ਹੈ । ਜਿਥੇ ਵੀ ਸਾਰੀ ਦੁਨੀਆਂ ਵਿਚ ਪੰਜਾਬੀ ਵਸਦਾ ਹੈ ਉਸ ਦਾ ਦਿਲ ਰੋ ਰਿਹਾ ਹੈ। ਹੋਰ ਕਿਸੇ ਵੀ ਸੂਬੇ ਵਿਚ ਚਾਹੇ ਕੋਈ ਪੰਜਾਬੀ ਹੈ ਜਾਂ ਪੰਜਾਬੀਆਂ ਦਾ ਸਬੰਧੀ ਹੈ ਉਸ ਦੇ ਦਿਲ ਵਿਚ ਪੰਜਾਬ ਲਈ ਹਮਦਰਦੀ ਹੀ ਨਹੀਂ ਬਲਕਿ ਉਹ ਪੰਜਾਬ ਲਈ ਚਿੰਤੁਤ ਹੈ, ਉਸ ਨੂੰ ਪੰਜਾਬ ਦੀ ਚਿੰਤਾ ਹੈ। ਬੜਾ ਨਾਜ਼ੁਕ ਦੌਰ ਹੈ ਜਿਸ ਦੌਰ ਵਿਚੋਂ ਪੰਜਾਬ ਗੁਜ਼ਰ ਰਿਹਾ ਹੈ। ਆਪਣੀ ਮਾਤਰ ਭੂਮੀ ਜਿਸ ਦੇ ਵਿਚ ਜਿਸ ਨੇ ਛੋਟੀਆਂ ਤੋਂ ਛੋਟੀਆਂ ਚੀਜ਼ਾਂ ਵੀ ਲਿਆਕੇ ਸੈਂਕੜੇ ਸਾਲਾਂ ਤੋਂ ਆਪਣਾ ਘਰ ਬਣਾਇਆ ਹੋਵੇ ਅਗਰ ਉਸ ਦਾ ਉਹ ਘਰ ਆਪਣਾ ਨਾ ਰਹੇ ਅਤੇ ਉਸ ਨੂੰ ਆਪਣੇ ਵਤਨ ਵਿਚ ਹੀ ਬੇਘਰ ਹੋਣਾ ਪਵੇ ਤਾਂ ਇਹ ਬਹੁਤ ਹੀ ਦੁਖਦਾਈ ਗੱਲ ਹੈ। ਇਹੋ ਜਿਹੇ ਇਥੇ ਹਾਲਾਤ ਪੈਦਾ ਹੋ ਰਹੇ ਹਨ। ਇਸ ਨਾਲ ਸਾਨੂੰ ਪੰਜਾਬ ਦੇ ਲੋਕ, ਹਿੰਦੁਸਤਾਨ ਦੇ ਲੋਕ ਮੁਆਫ ਨਹੀਂ ਕਰਨਗੇ । ਇਹ ਸਾਡੇ ਪਾਰਟ ਤੇ ਮੁਜ਼ਰਮਾਨਾ ਗਫਲਤ ਹੋਵੇਗੀ । ਸਾਨੂੰ ਚਾਹੀਦਾ ਹੈ ਕਿ ਅਸੀਂ ਨੇਸ਼ਨ ਦੇ ਇੰਟਰੈਸਟ ਨੂੰ ਧਿਆਨ ਵਿਚ ਰੱਖੀਏ, ਸਾਰੇ ਹਿੰਦੁਸਤਾਨ ਦੇ ਇੰਟਰੈਸਟ ਨੂੰ ਧਿਆਨ ਵਿਚ ਰੱਖੀਏ ਅਤੇ ਆਪਣੇ ਜ਼ਾਤੀ ਮੁਫਾਦ ਨੂੰ ਹੀ ਸਾਹਮਣੇ ਨਾ ਰੱਖਿਆ ਜਾਵੇ । ਉਹ ਦਿਨ ਕਿੰਨਾ ਖੁਸ਼ੀ ਦਾ ਦਿਨ ਸੀ ਜਦ ਪੰਜਾਬ ਦੇ ਲੋਕਾਂ ਨੂੰ ਉਮੀਦ ਬੱਧੀ ਸੀ ਜਦੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸ੍ਰੀ ਰਾਜੀਵ ਗਾਂਧੀ ਦੇ ਵਿਚਕਾਰ ਇਤਹਾਸਿਕ ਸਮਝੌਤਾ ਹੋਇਆ ਸੀ ਔਰ ਜਦੋਂ ਅਕਾਲੀਆਂ ਦੇ ਨੇਤਾਵਾਂ ਨੇ ਕਿਹਾ ਸੀ ਕਿ ਅਸੀਂ ਵੱਖ-ਵਾਦ ਅਤੇ ਅੱਤਵਾਦ ਦੇ ਖਿਲਾਫ ਹਾਂ, ਅੱਤਵਾਦ ਦੀ ਨਿੰਦਿਆ ਕਰਦੇ ਹਾਂ ਅਤੇ ਇਥੇ ਉਨ੍ਹਾਂ ਦੀ ਕੋਈ ਜਗ੍ਹਾਂ ਨਹੀਂ । ਉਸ ਸਮਝੌਤੇ ਤੇ ਅਮਲ ਕਰਨ ਵਾਸਤੇ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਔਰ 26 ਜਨਵਰੀ ਬੜੀਆਂ ਆਸਾਂ ਦਾ ਦਿਨ ਸੀ ਕਿ ਉਸ ਦਿਨ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਵੇਗਾ । ਪਰ ਮਾਯੂਸੀ ਹੋਈ ਪੰਜਾਬ ਦੇ ਲੋਕਾਂ ਨੂੰ। ਇਸ ਦੀ ਸ਼ਰਾਰਤੀ ਲੋਕਾਂ ਨੂੰ ਵੀ ਸ਼ਹਿ ਮਿਲੀ ਜਿਹੜੇ ਪੰਜਾਬੀਆਂ ਨੂੰ ਬੁਰੀ ਨਜ਼ਰ ਨਾਲ ਵੇਖਦੇ ਹਨ ਅਤੇ ਜਿਹੜੇ ਪੰਜਾਬ ਵਿਚ ਕਤਲੋ ਗਾਰਤ ਅਤੇ ਲੁੱਟ ਮਾਰ ਕਰਦੇ ਹਨ ਅਤੇ ਜਿਹੜੇ ਵੱਖਵਾਦ ਅਤੇ ਅੱਤਵਾਦ ਦੇ ਜ਼ਿਮੇਵਾਰ ਹਨ। ਹੁਣ 21 ਜੂਨ ਦੂਸਰਾ ਦਿਨ ਆਇਆ ਹੈ। ਸਪੀਕਰ ਸਾਹਿਬ, ਇਹ ਬਹੁਤ ਹੀ ਮਹੱਤਵਪੂਰਣ ਔਰ ਅੱਛਾ ਦਿਨ ਹੈ ਜਿਸ ਦੇ ਵੱਲ ਸਾਰੇ ਹਿੰਦੁਸਤਾਨ ਦੇ ਲੋਕਾਂ ਦੀਆਂ ਨਜ਼ਰਾਂ ਹਨ। ਬਰਨਾਲਾ ਸਾਹਿਬ ਨੇ ਬੜੀ ਜ਼ਿਮੇਵਾਰੀ ਨਾਲ ਪਿਛਲੇ ਦਿਨਾਂ ਵਿਚ ਅੱਤਵਾਦ ਅਤੇ ਵੱਖਵਾਦ ਖਤਮ ਕਰਨ ਵਾਸਤੇ ਇਰਾਦਾ ਹੀ ਨਹੀਂ ਕੀਤਾ ਬਲਕਿ ਮਹਿਸੂਸ ਕਰਦੇ ਹੋਏ ਉਨ੍ਹਾਂ ਨੇ ਐਕਸ਼ਨ ਵੀ ਕੀਤਾ। ਜਿਹੜਾ ਐਕਸ਼ਨ ਕੀਤਾ ਉਸ ਦਾ ਕੁਝ ਨਤੀਜ਼ਾ ਵੀ ਨਿਕਲਿਆ । ਉਨ੍ਹਾਂ ਕਿਹਾ ਕਿ ਮੇਰੇ ਦਿਲ ਅਤੇ ਦਿਮਾਗ ਵਿਚ ਅੱਤਵਾਦ ਅਤੇ ਵੱਖਵਾਦ ਦੇ ਖਿਲਾਫ ਇਕ ਜਜ਼ਬਾ ਹੈ ਔਰ ਇਸ ਜਜ਼ਬੇ ਨੂੰ ਦੇਖਦੇ ਹੋਏ ਪੰਜਾਬ ਦੇ ਲੋਕਾਂ ਨੇ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਦੇ ਲੋਕਾਂ ਨੇ ਬਰਨਾਲਾ ਸਾਹਿਬ ਦੀ ਪਿੱਠ ਤੇ ਥਪਕੀ ਦਿਤੀ ਕਿ ਅਸੀਂ ਇਨ੍ਹਾਂ ਜਜ਼ਬਾਤ ਦੀ ਕਦਰ ਕਰਦੇ ਹਾਂ ਅਤੇ ਕਿਹਾ ਕਿ ਪੰਜਾਬ ਸਰਕਾਰ ਦੇ ਨਾਲ ਇਸ ਕੰਮ ਲਈ ਸਾਰਾ ਹਿੰਦੁਸਤਾਨ ਉਨ੍ਹਾਂ ਦੇ ਨਾਲ ਹੈ ਕਿਉਂਕਿ ਉਹ ਅੱਤਵਾਦ ਅਤੇ ਵੱਖਵਾਦ ਦੇ ਖਿਲਾਫ ਲੜ ਰਹੇ ਹਨ । ਸਪੀਕਰ

[ਡਾਕਟਰ ਕੇਵਲ ਕ੍ਰਿਸ਼ਨ]

ਸਾਹਿਬ, ਅੱਜ ਪੰਜਾਬ ਸਰਕਾਰ ਦੀ ਔਰ ਖਾਸ ਤੌਰ ਤੇ ਬਰਨਾਲਾ ਸਾਹਿਬ ਦੀ ਅਜ਼ਮਾਇਸ਼ ਦੀ ਘੜੀ ਹੈ। ਅੱਜ 19 ਤਾਰੀਖ ਹੋ ਗਈ ਹੈ । ਕੱਲ੍ਹ ਨੂੰ 20 ਤਾਰੀਖ ਹੈ ਅਤੇ ਪਰਸੋਂ ਨੂੰ, ਪੰਜਾਬ ਨੂੰ ਚੰਡੀਗੜ੍ਹ ਮਿਲ ਜਾਣਾ ਚਾਹੀਦਾ ਹੈ । ਸਾਡੀ ਪਾਰਟੀ ਦੀ, ਸ੍ਰੀ ਰਾਜੀਵ ਗਾਂਧੀ ਜੀ ਦੀ, ਪੱਕੀ ਖਾਹਿਸ਼ ਹੈ ਕਿ 21 ਤਾਰੀਖ ਨੂੰ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਣਾ ਚਾਹੀਦਾ ਹੈ। (ਥੰਪਿੰਗ) ਇਸ ਦੇ ਵਿਚ ਜਿਹੜਾ ਵੀ ਇਸ ਵੇਲੇ ਰੁਕਾਵਟ ਪੈਦਾ ਕਰਦਾ ਹੈ ਉਹ ਆਪਣਾ ਹਿੱਤ ਦੇਖਦਾ ਹੈ, ਇਹ ਉਸ ਦਾ ਆਪਣਾ ਤੰਗ ਨਜ਼ਰੀਆ ਹੈ ਅਤੇ ਉਹ ਦੇਸ਼ ਦੇ ਹਿੱਤ ਵਿਚ ਨਹੀਂ ਦੇਖਦਾ। ਉਹ ਇਹ ਨਹੀਂ ਦੇਖਦਾ ਕਿ ਪੰਜਾਬ ਵਿਚ ਕਿੰਨੀਆਂ ਵਿਧਵਾਵਾਂ ਰੋ ਰਹੀਆਂ ਹਨ, ਕਿੰਨੇ ਬੱਚੇ ਯਤੀਮ ਦਰਦ ਭਰੀਆਂ ਸਿਸਕੀਆਂ ਲੈ ਰਹੇ ਹਨ ਅਤੇ ਕਿੰਨੇ ਲੋਕੀਂ ਇਥੋਂ ਹਿਜਰਤ ਕਰਕੇ ਦੂਸਰੇ ਸੂਬਿਆਂ ਵਿੱਚ ਆਬਾਦ ਹੋ ਗਏ ਹਨ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਰੋਕਣ ਵਾਸਤੇ ਜ਼ਰੂਰੀ ਹੈ ਕਿ 21 ਜੂਨ ਦੇ ਦਿਨ ਪੰਜਾਬ ਨੂੰ ਚੰਡੀਗੜ੍ਹ ਮਿਲਣਾ ਚਾਹੀਦਾ ਹੈ ।

ਮੈਨੂੰ ਇਹ ਕਹਿੰਦੇ ਹੋਏ ਖੁਸ਼ੀ ਹੈ ਕਿ ਪੰਜਾਬ ਸਰਕਾਰ ਨੇ 45 ਹਜ਼ਾਰ ਏਕੜ ਜ਼ਮੀਨ ਦੀ ਗਲ ਮੰਨੀ ਹੈ ਔਰ ਉਸ ਦੇ ਨਾਲ 31 ਪਿੰਡਾਂ ਦੀ ਗੱਲ ਵੀ ਮੰਨੀ ਹੈ। ਚੀਫ ਮਨਿਸਟਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ 25 ਹਜ਼ਾਰ ਏਕੜ ਵਾਸਤੇ ਅਸੀਂ ਸਮਝਦੇ ਹਾਂ ਕਿ ਇਹ ਪੰਜਾਬੀ ਬੋਲਣ ਵਾਲੇ ਪਿੰਡ ਹਨ ਇਸ ਕਰਕੇ ਅਸੀਂ ਚਾਹੁੰਦੇ ਹਾਂ ਕਿ ਰਵਿਊ ਕੀਤਾ ਜਾਵੇ । ਇਹ ਇਨ੍ਹਾਂ ਨੇ ਦੇਖਣਾ ਹੈ ਕਿ ਇਸ ਬਾਰੇ ਇਸ ਸੋਚ ਵਾਲੇ ਇਨ੍ਹਾਂ ਦੇ ਸਾਥੀ ਕਿੰਨੇ ਹਨ। ਮਗਰ ਅਸੀਂ ਕਹਿ ਸਕਦੇ ਹਾਂ ਕਿ ਤੁਹਾਡੀ ਛੋਟੀ ਜਿਹੀ ਅਣਗਹਿਲੀ ਨਾਲ, ਤੁਹਾਡੀ ਛੋਟੀ ਜਿਹੀ ਕਮਜ਼ੋਰੀ ਦੇ ਨਾਲ ਪੰਜਾਬ ਦਾ ਬਹੁਤ ਵੱਡਾ ਕਿਤੇ ਨੁਕਸਾਨ ਨਾ ਹੋ ਜਾਵੇ, ਹਿੰਦੁਸਤਾਨ ਦਾ ਬਹੁਤ ਵੱਡਾ ਨੁਕਸਾਨ ਨਾ ਹੋ ਜਾਵੇ । ਅਸੀਂ ਵਾਰਨਿੰਗ ਦਿੰਦੇ ਹਾਂ ਕਿ ਆਪਣੇ ਛੋਟੇ ਜਿਹੇ ਹਿੱਤ ਨੂੰ ਸਾਹਮਣੇ ਰੱਖਿਆ ਤਾਂ ਇਸ ਨਾਲ ਬਹੁਤ ਵੱਡਾ ਨੁਕਸਾਨ ਨਾ ਹੋ ਜਾਵੇ ।ਇਹ ਜਿਹੜੀ 25 ਹਜ਼ਾਰ ਏਕੜ ਦੀ ਗੱਲ ਹੈ, ਇਹ ਜਿਹੜਾ ਹਿੰਦੀ ਪੰਜਾਬੀ ਸਪੀਕਿੰਗ ਦੀ ਗੱਲ ਹੈ ਅਗਰ ਇਸ ਛੋਟੀ ਜਿਹੀ ਗੱਲ ਨੂੰ ਲੈ ਕੇ ਬੈਠ ਗਏ ਤਾਂ ਫਿਰ ਇਹ ਨਾ ਹੋਵੇ ਕਿ ਪੰਜਾਬ ਦਾ, ਹਿੰਦੁਸਤਾਨ ਦਾ ਬਹੁਤ ਵੱਡਾ ਨੁਕਸਾਨ ਹੋ ਜਾਵੇ। ਛੋਟੀ ਜਿਹੀ ਗੱਲ ਨੂੰ ਆਪਣੀ ਪਾਰਟੀ ਦੇ ਹਿੱਤਾਂ ਲਈ ਨਾ ਵਰਤਿਆ ਜਾਵੇ । ਸਰਦਾਰ ਬਲਵੰਤ ਸਿੰਘ ਨੇ ਕਿਹਾ ਸੀ ਕਿ ਇਨ੍ਹਾਂ ਪਿੰਡਾਂ ਵਿਚ ਐਸੇ ਪਿੰਡ ਹਨ ਜਿਹੜੇ ਪੰਜਾਬੀ ਬੋਲਣ ਵਾਲੇ ਹਨ ਅਤੇ ਉਹ ਅਸੀਂ ਨਹੀਂ ਦਿੰਦੇ । ਮੈਂ ਬੜੀ ਜ਼ਿੰਮੇਵਾਰੀ ਨਾਲ ਕਹਿਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਪੰਜਾਬੀ ਸੂਬਾ ਬਣਿਆ ਸੀ ਉਸ ਵੇਲੇ ਕਿੰਨਾ ਪੰਜਾਬੀ ਸਪੀਕਿੰਗ ਏਰੀਆ ਬਾਹਿਰ ਰਹਿ ਗਿਆ ਸੀ ? (ਵਿਘਨ) ਉਸ ਵੇਲੇ ਕਿੰਨਾ ਪ੍ਰੋਟੈਸਟ ਕੀਤਾ ਸੀ ? ਕਿੰਨੇ ਆਂਸੂ ਵਹਾਏ ਸਨ ? ਕਈ ਸੈਂਕੜੇ ਪਿੰਡ ਬਾਹਰ ਰਹਿ ਗਏ ਸਨ। ਲੱਖਾਂ ਲੋਕਾਂ ਦੀ ਆਬਾਦੀ ਬਾਹਰ ਰਹਿ ਗਈ ਸੀ । ਅੱਜ ਮੈਂ ਚੈਲੰਜ ਕਰਨਾ ਚਾਹੁੰਦਾ ਹਾਂ ਸਰਦਾਰ ਬਲਵੰਤ ਸਿੰਘ ਨੂੰ ਕਿਉਂਕਿ ਉਨ੍ਹਾਂ ਨੇ ਕੁਝ ਕਿਹਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 31 ਪਿੰਡ ਜਿਹੜੇ ਹਨ, ਜਿਨ੍ਹਾਂ ਦੀ 15 ਹਜ਼ਾਰ ਏਕੜ ਲੈਂਡ ਹੈ ਉਸ ਵਿਚ ਰਾਜਪੁਰਾ ਤਹਿਸੀਲ ਦੇ, ਸਪੀਕਰ ਸਾਹਿਬ, 13 ਪਿੰਡ ਉਨ੍ਹਾਂ ਵਿਚ ਪੰਜਾਬੀ ਸਪੀਕਿੰਗ ਹਨ 1981 ਦੀ ਸੈਂਸਿਜ਼ ਦੇ ਮੁਤਾਬਿਕ । ਜੇ ਮੈਂ ਗਲਤ ਹੋਵਾਂ ਤਾਂ ਫਿਰ ਮੈਂ ਅਸਤੀਫਾ ਦੇ ਦਿੰਦਾ ਹਾਂ ਨਹੀਂ ਤਾਂ ਸਰਦਾਰ ਬਲਵੰਤ ਸਿੰਘ ਜੀ ਅਸਤੀਫਾ ਦੇਣ। (ਵਿਘਨ) ਇਹ ਕਹਿੰਦੇ ਹਨ ਕੋਈ ਪੰਜਾਬੀ ਸਪੀਕਿੰਗ ਪਿੰਡ ਨਹੀਂ । ਇਹੀ ਨਹੀਂ ਮੈਥਿਊ ਕਮਿਸ਼ਨ ਨੂੰ 13 ਪਿੰਡ ਦੇਣੇ ਕੀਤੇ ਸੀ । ਇਨ੍ਹਾਂ 13 ਪਿੰਡਾਂ ਵਿਚੋਂ 6 ਪਿੰਡ 1981 ਦੀ ਸੈਂਸਿਜ਼ ਦੇ ਮੁਤਾਬਿਕ ਪੰਜਾਬੀ ਸਪੀਕਿੰਗ ਹਨ। ਇਹ ਪੰਜਾਬੀ ਸਪੀਕਿੰਗ ਪਿੰਡ ਹਨ ਜੋ ਅੱਜ ਇਹ ਦੇਣ ਵਾਸਤੇ ਤਿਆਰ ਹਨ । (ਵਿਘਨ) ਅਗਰ 25 ਹਜ਼ਾਰ ਏਕੜ ਲੈਂਡ ਦੇਣ ਦੇ ਨਾਲ ਇਕ ਬਹੁਤ ਭਾਰੀ ਖਤਰੇ

ਵਾਲਾ ਮਸਲਾ ਹੱਲ ਹੁੰਦਾ ਹੈ ਤਾਂ ਮੈਂ ਸਮਝਦਾ ਹਾਂ ਕਿ ਇਸ ਨੂੰ ਦੇਖ ਲੈਣਾ ਚਾਹੀਦਾ ਹੈ। ਫਿਰ 7.4 ਕਲਾਜ਼ ਦੇ ਮੁਤਾਬਿਕ ਬਾਉਂਡਰੀ ਕਮਿਸ਼ਨ ਫਿਰ ਬਣਨਾ ਹੈ । ਉਥੇ ਇਹ ਲੜ ਸਕਦੇ ਹਨ। ਸਪੀਕਰ ਸਾਹਿਬ, ਗਲਤ ਗੱਲ ਕਰਕੇ ਲੋਕਾਂ ਨੂੰ ਗੁਮਰਾਹ ਨਹੀਂ ਕੀਤਾ ਜਾ ਸਕਦਾ । ਸਰਦਾਰ ਬਲਵੰਤ ਸਿੰਘ ਜੀ ਨੇ ਪਿਛੇ ਇਕ ਬਿਆਨ ਦਿੱਤਾ ਸੀ ਜਿਸ ਦੀ ਹੈਡ ਲਾਈਨ ਅਖਬਾਰਾਂ ਵਿਚ ਲੱਗੀ ਸੀ ਕਿ ਚੰਡੀਗੜ੍ਹ ਜੇ ਸਾਨੂੰ ਮਿਲਿਆ ਤਾਂ ਸਾਨੂੰ 79 ਕਰੋੜ ਰੁਪਏ ਦਾ ਫਾਇਦਾ ਹੋਵੇਗਾ ਔਰ ਹਰਿਆਣਾ ਨੂੰ 70 ਹਜ਼ਾਰ ਏਕੜ ਏਰੀਆ ਮਿਲੇਗਾ । ਤੁਸੀਂ ਅਖਬਾਰ ਪੜ੍ਹਕੇ ਵੇਖ ਲਵੋ 45 ਹਜ਼ਾਰ ਨਹੀਂ ਕਿਹਾ ਬਲਕਿ 70 ਹਜ਼ਾਰ ਏਕੜ ਏਰੀਆ ਹਰਿਆਣਾ ਨੂੰ ਮਿਲੇਗਾ ਅਤੇ 10-15 ਲੱਖ ਦਾ ਫਾਇਦਾ ਹੋਵੇਗਾ । 70 ਹਜ਼ਾਰ ਏਕੜ ਏਰੀਆ ਇਹ ਦੇ ਦੇਣ, ਇਹ ਇਨ੍ਹਾਂ ਨੂੰ ਦੇਣਾ ਪਵੇਗਾ । (ਵਿਘਨ) (ਟਰੇਜ਼ਰੀ ਬੈਂਚਿਜ ਵਲੋਂ ਆਵਾਜ਼ਾਂ : ਨੋ ਨੋ।) ਇਨ੍ਹਾਂ ਹਰਿਆਣੇ ਨਾਲ ਅਤੇ ਪੰਜਾਬੀਆਂ ਨਾਲ ਭੱਦਾ ਮਜ਼ਾਕ ਕੀਤਾ ਹੈ। ਮੈਂ ਉਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁਦਾ ਹਾਂ ਕਿ ਚੰਡੀਗੜ੍ਹ ਦਾ ਬਜਟ ਸਰਪਲੱਸ ਨਹੀਂ ਹੈ । ਚੰਡੀਗੜ੍ਹ ਦੇ ਬਜਟ ਦਾ ਜਿੰਨਾ ਘਾਟਾ ਹੈ ਇਹ ਸੈਂਟਰਲ ਸਰਕਾਰ ਪੂਰਾ ਕਰਦੀ ਹੈ । ਸਰਦਾਰ ਬਲਵੰਤ ਸਿੰਘ ਜੀ, ਜ਼ਰਾ ਸੁਣ ਲਓ, ਤੁਸੀਂ ਕਹਿੰਦੇ ਹੋ ਕਿ 79 ਕਰੋੜ ਰੁਪਿਆ ਲੈ ਕੇ ਦੇ ਦਿਆਂਗੇ, ਮੈਂ ਕਹਿੰਦਾ ਹਾਂ ਕਿ 10—20 ਕਰੋੜ ਲੈ ਕੇ ਹੀ ਦੇ ਦੇਣ। ਸਪੀਕਰ ਸਾਹਿਬ, 1984-85 ਵਿਚ 90 ਕਰੋੜ ਰੁਪਏ ਦਾ ਉਨ੍ਹਾਂ ਦਾ ਬਜਟ ਸੀ ਅਤੇ 58 ਕਰੋੜ ਰੁਪਏ ਦੀਆਂ ਰਿਸੀਟਸ ਸਨ। ਬਾਕੀ ਸੈਂਟਰਲ ਗੌਰਮਿੰਟ ਨੇ ਦਿੱਤਾ ਸੀ । 1985-86 ਵਾਸਤੇ 110 ਕਰੋੜ ਰੁਪਏ ਦਾ ਬਜਟ ਸੀ ਔਰ 63 ਕਰੋੜ ਰੁਪਏ ਦੀਆਂ ਰਿਸੀਟਸ ਸਨ। ਇਸੇ ਤਰ੍ਹਾਂ 1986-87 ਵਿੱਚ ਜਿਹੜਾ ਸਾਲ ਦਾ ਬਜਟ ਪੇਸ਼ ਕੀਤਾ ਸੀ ਉਹ 124 ਕਰੋੜ ਰੁਪਏ ਦਾ ਸੀ ਅਤੇ 67 ਕਰੋੜ ਰੁਪਏ ਦੀਆਂ ਰਿਸੀਟਸ ਰਖੀਆਂ ਸਨ। ਇਹ ਕਹਿੰਦੇ ਹਨ ਕਿ ਚੰਡੀਗੜ੍ਹ ਮਿਲਣ ਤੋਂ ਬਾਅਦ 79 ਕਰੋੜ ਰੁਪਿਆ ਆ ਜਾਵੇਗਾ । ਇਸ ਤਰ੍ਹਾਂ ਦੀ ਹਲਕੀ ਅਤੇ ਗਲਤ ਗੱਲ ਵਿੱਤ ਮੰਤਰੀ ਨੂੰ ਸ਼ੋਭਾ ਨਹੀਂ ਦਿੰਦੀ । ਸਪੀਕਰ ਸਾਹਿਬ, ਠੀਕ ਹੈ ਕਿ ਨੁਕਤਾਚੀਨੀ ਹੁੰਦੀ ਹੈ। ਸੁਪਰੀਮ ਕੋਰਟ ਦਾ ਫੈਸਲਾ ਕੋਈ ਆਉਂਦਾ ਹੈ ਜਾਂ ਜੱਜਿਜ਼ ਜੋ ਫੈਸਲਾ ਦਿੰਦੇ ਹਨ ਉਸ ਤੇ ਵੀ ਨੁਕਤਾਚੀਨੀ ਹੁੰਦੀ ਹੈ ਲੇਕਿਨ, ਸਪੀਕਰ ਸਾਹਿਬ, ਇਸ ਤਰ੍ਹਾਂ ਕਦੇ ਨਹੀਂ ਹੋਇਆ ਕਿ ਇਹ ਕਹਿਣਾ ਮੁਨਾਸਿਬ ਨਹੀਂ ਕਿ ਭਾਰਤ ਵਿਚ Venkatrmya ਕਮਿਸ਼ਨ ਨੇ ਜੁਡੀਸ਼ਰੀ ਦਾ ਜਨਾਜ਼ਾ ਕੱਢ ਦਿੱਤਾ। (ਇਕ ਆਵਾਜ਼ : ਉਹ ਤਾਂ ਨਿਕਲਿਆ ਹੀ ਹੈ।) ਚੰਡੀਗੜ੍ਹ ਲੈਣ ਲਈ ਇਹ ਕਹਿ ਦਿੱਤਾ । (ਘੰਟੀ) ਇਸ ਤਰ੍ਹਾਂ ਜੁਡੀਸ਼ਰੀ ਦੇ ਬਾਰੇ ਕਹਿਣਾ ਚੰਗੀ ਗੱਲ ਨਹੀਂ ਇਹੋ ਜਿਹੇ ਲਫਜ਼ ਕਹਿਣੇ ਚੰਗੇ ਨਹੀਂ ਲਗਦੇ। ਸਪੀਕਰ ਸਾਹਿਬ, ਪੰਜਾਬੀ ਸਪੀਕਿੰਗ ਪਿੰਡ ਜੋ ਹਨ ਉਨ੍ਹਾਂ ਦੇ ਬਾਰੇ ਜੋ ਕਿਹਾ ਹੈ ਮੈਂ ਉਸ ਨੂੰ ਜ਼ਿਮੇਵਾਰੀ ਨਾਲ ਰਿਬੱਟ ਕਰਦਾ ਹਾਂ । ਮੈਂ ਕਹਿੰਦਾ ਹਾਂ ਕਿ ਇਸ ਮਸਲੇ ਨੂੰ ਰੱਬ ਦੇ ਵਾਸਤੇ ਲਟਕਾਓ ਨਾ ਅਤੇ ਇਸ ਦੇ ਨਾਲ ਹੀ ਇਹ ਵੀ ਕਹਿਣਾ ਚਾਹੁੰਦਾ ਹਾਂ ਗੁੱਡਵਿਲ, ਐਮਿਟੀ, ਪੀਸ ਦਾ ਐਟਮਾਸਫੀਅਰ ਬਣਾਉਣ ਲਈ ਜੋ ਕਰਨਾ ਚਾਹੀਦਾ ਹੈ ਉਸ ਵੱਲ ਧਿਆਨ ਦੇਣਾ ਚਾਹੀਦਾ ਹੈ। ਪਰ, ਸਪੀਕਰ ਸਾਹਿਬ, ਨੌਂ ਮਹੀਨਿਆਂ ਵਿੱਚ ਤਾਂ ਕੁਝ ਨਾ ਕੁਝ ਹੋ ਜਾਂਦਾ ਹੈ ਪਰ ਇਸ 9 ਮਹੀਨਿਆਂ ਵਿੱਚ ਪੰਜਾਬ ਦਾ ਬੇੜਾ ਗਰਕ ਹੀ ਹੋਇਆ ਹੈ । ਹੋਰ ਤਾਂ ਹੋਰ ਚੀਫ਼ ਮਨਿਸਟਰ ਸਾਹਿਬ, ਬਰਨਾਲਾ ਸਾਹਿਬ ਬੜੇ ਸਮਝਦਾਰ ਹਨ ਪਰ ਇਨ੍ਹਾਂ ਨੇ ਵੀ ਕਿਸੇ ਨੂੰ ਖੁਸ਼ ਕਰਨ ਲਈ ਜੋਸ਼ ਵਿਚ ਆ ਕੇ ਕਹਿ ਦਿੱਤਾ ਕਿ ਸਾਡੇ ਅਕਾਲੀ ਪਾਰਟੀ ਦੇ ਜੋ 2 ਟੁਕੜੇ ਹੋਏ ਹਨ ਇਹ ਸੈਂਟਰ ਦੀ ਮਰਜ਼ੀ ਨਾਲ ਹੋਏ ਹਨ, ਇਹ ਸਾਰਾ ਕੁਝ ਸੈਂਟਰ ਕਰਾਉਂਦੀ ਹੈ। (ਇਕ ਅਵਾਜ਼ : ਇਸ ਦੇ ਵਿਚ ਸ਼ਕ ਹੈ ਕੋਈ ?) ਔਰ ਇਹ ਵੀ ਕਿਹਾ ਹੈ ਕਿ ਸੈਂਟਰ ਛੇ

[ਡਾਕਟਰ ਕੇਵਲ ਕ੍ਰਿਸ਼ਨ]

ਕਦੇ ਵੀ ਮਜ਼ਬੂਤ ਅਕਾਲੀ ਸਰਕਾਰ ਨਹੀਂ ਬਣਨ ਦਿੱਤੀ । ਮੈਂ ਬੜੀ ਨਿਮਰਤਾ ਨਾਲ ਕਹਿਣਾ ਚਾਹੁੰਦਾ ਹਾਂ ਸੈਂਟਰ ਨੇ ਵਕਤ ਵਕਤ ਤੇ ਪੰਜਾਬ ਦੀ ਮਦਦ ਕੀਤੀ ਹੈ ਔਰ ਮੈਂ ਤੁਹਾਨੂੰ ਕਹਿੰਦਾ ਹਾਂ ਕਿ—

'ਉਨ ਕੋ ਦੁਆਏਂ ਦੋ ਕਿ ਤੁਮ ਕੋ ਕਾਬਿਲ ਬਨਾ ਦੀਆ'

ਸਾਨੂੰ ਪਤਾ ਹੈ ਕਿ ਸੈਂਟਰ ਚਾਹੁੰਦੀ ਹੈ ਕਿ ਪੰਜਾਬ ਦਾ ਮਸਲਾ ਹੱਲ ਕਰਨ ਵਾਸਤੇ ਪੰਜਾਬ ਵਿੱਚ ਇਹੋ ਜਿਹੀ ਸਰਕਾਰ ਹੋਵੇ ਜੋ ਅੱਤਵਾਦ ਔਰ ਵੱਖਵਾਦ ਦਾ ਤਕੜੇ ਹੋ ਕੇ ਮੁਕਾਬਲਾ ਕਰ ਸਕੇ। ਸੈਂਟਰ ਵਾਲਿਆਂ ਨੇ ਪੂਰੀ ਮਦਦ ਕੀਤੀ ਹੈ ਪਰ ਇਸ ਦੇ ਬਾਵਜੂਦ ਵੀ ਇਹ ਕੁਝ ਸਾਡੇ ਮਨਿਸਟਰ ਸਾਹਿਬਾਨ ਨੂੰ ਨਹੀਂ ਕਹਿਣਾ ਚਾਹੀਦਾ ।

ਸ੍ਰੀ ਸਪੀਕਰ : ਡਾਕਟਰ ਸਾਹਿਬ, ਵਾਈਂਡ ਅੱਪ ਕਰੋ ਹੁਣ ।

ਡਾਕਟਰ ਕੇਵਲ ਕ੍ਰਿਸ਼ਨ: ਖਾਸ ਤੌਰ ਤੇ ਚੀਫ ਮਨਿਸਟਰ ਸਾਹਿਬ ਨੂੰ ਨਹੀਂ ਕਹਿਣਾ ਚਾਹੀਦਾ। ਅੱਜ ਇਹ ਸੈਂਟਰ ਤੇ ਇਲਜ਼ਾਮ ਲਗਾਉਂਦੇ ਹਨ। ਕੀ ਉਹ ਦਿਨ ਭੁੱਲ ਗਏ ਬਰਨਾਲਾ ਸਾਹਿਬ ਜਦੋਂ ਇਥੇ ਆਪਣੀ ਸੀਟ ਤੇ ਖੜੇ ਹੋ ਕੇ ਬੜੇ ਜ਼ੋਰ ਨਾਲ ਕਹਿੰਦੇ ਸੀ ਕਿ ਪੰਜਾਬ ਕੋਲ ਪਾਣੀ ਹੈ ਨਹੀਂ ਕਿ ਉਹ ਹਰਿਆਣੇ ਨੂੰ ਦੇ ਸਕੇ, ਐਸ.ਵਾਈ.ਐਲ. ਬਣਾਉਣਾ ਯੂਜ਼ਲੈਸ ਹੈ ਔਰ ਇਸ ਤਰ੍ਹਾਂ ਮਹਿਸੂਸ ਹੁੰਦਾ ਸੀ ਕਿ ਬਰਨਾਲਾ ਸਾਹਿਬ ਰਾਜੀਵ-ਲੌਂਗੋਵਾਲ ਦਾ ਜੋ ਸਮਝੌਤਾ ਸੀ ਉਹ ਭੁੱਲ ਗਏ ਹੋਣ ਔਰ ਇਸ ਤਰ੍ਹਾਂ ਦੀ ਆਵਾਜ਼ ਵਿਚ ਕਹਿ ਰਹੇ ਸਨ ਜਿਸ ਤਰ੍ਹਾਂ ਉਨ੍ਹਾਂ ਸਮਝੌਤਾ ਠੁਕਰਾ ਦਿੱਤਾ ਹੋਵੇ, ਪੈਰਾਂ ਥਲੇ ਰੋਲ ਦਿੱਤਾ ਹੋਵੇ । (ਘੰਟੀ) ਇਸ ਤਰ੍ਹਾਂ ਦੇ ਵਿਚਾਰ ਚੀਫ ਮਨਿਸਟਰ ਸਾਹਿਬ ਪੇਸ਼ ਕਰਨ ਤਾਂ ਇਸ ਦੇ ਨਾਲ ਸਮਝੌਤੇ ਦੀ ਪੁਸ਼ਟੀ ਨਹੀਂ ਹੁੰਦੀ, ਗੁੱਡਵਿੱਲ ਦਾ, ਪੀਸ ਦਾ ਮਾਹੌਲ ਪੈਦਾ ਨਹੀਂ ਹੁੰਦਾ । (ਘੰਟੀ) ।

ਇਥੇ ਇਲਜ਼ਾਮ ਲਗਦੇ ਹਨ ਕਿ ਮਾਈਗਰੇਸ਼ਨ ਹੋ ਰਹੀ ਹੈ, ਪੁਲਿਸ ਹੈਲਪ ਨਹੀਂ ਕਰਦੀ, ਇਥੇ ਦੀ ਐਡਮਨਿਸਟਰੇਸ਼ਨ ਨਹੀਂ ਚਾਹੁੰਦੀ ਔਰ ਇਥੋਂ minority community ਦੇ ਟਰੱਕ ਵਗੈਰਾ ਭਰ ਕੇ ਬਾਹਰ ਭੇਜੇ ਜਾਂਦੇ ਹਨ । ਇਸ ਤਰ੍ਹਾਂ ਐਟਮਾਸਫੀਅਰ ਪੈਦਾ ਕੀਤਾ ਜਾਵੇ ਔਰ ਇਹ ਕਿਹਾ ਜਾਵੇ ਕਿ ਅਸੀਂ ਸਮਝੌਤੇ ਲਈ ਬੜੇ ਸਿਨਸੀਅਰ ਹਾਂ, ਸੈਂਟਰ ਸਿਨਸੀਅਰ ਨਹੀਂ ਤਾਂ ਇਹ ਠੀਕ ਨਹੀਂ । ਸਪੀਕਰ ਸਾਹਿਬ, ਸ੍ਰੀ ਰਾਜੀਵ ਗਾਂਧੀ, ਹਿੰਦੁਸਤਾਨ ਦੀ ਸਰਕਾਰ, ਕਾਂਗਰਸ (ਆਈ) ਪਾਰਟੀ ਇਸ ਸਮਝੌਤੇ ਲਈ ਕਿੰਨੀ ਸਿਨਸੀਅਰ ਹੈ ਇਸ ਗਲ ਤੋਂ ਇਸ ਦਾ ਅੰਦਾਜ਼ਾ ਲੱਗ ਸਕਦਾ ਹੈ ਕਿ ਰਾਤ ਦੇ 4.00 ਵਜੇ ਤੱਕ ਸ੍ਰੀ ਅਰਜਨ ਸਿੰਘ ਅਤੇ ਸਰਦਾਰ ਬੂਟਾ ਸਿੰਘ, ਹੋਮ ਮਨਿਸਟਰ ਸਾਹਿਬ ਜੋ ਇਥੇ ਆਏ ਉਹ ਇਨ੍ਹਾਂ ਨਾਲ 3 ਘੰਟੇ ਰਹੇ ਜੋ ਇਨ੍ਹਾਂ ਦੀ ਜ਼ਬਾਨੀ ਪਤਾ ਲਗਦਾ ਹੈ। ਇਸ ਗੱਲ ਤੋਂ ਪਤਾ ਲਗਦਾ ਹੈ ਕਿ ਉਹ ਕਿੰਨੇ ਚਿੰਤੁਤ ਹਨ, ਹਿੰਦੁਸਤਾਨ ਦੀ ਸਰਕਾਰ ਕਿੰਨੀ ਚਿੰਤੁਤ ਹੈ ਪੰਜਾਬ ਮਸਲੇ ਲਈ, ਉਹ ਕਿੰਨੀ ਚਿੰਤੁਤ ਹੈ ਕਿ ਚੰਡੀਗੜ੍ਹ ਪੰਜਾਬ ਨੂੰ ਮਿਲੇ। (ਘੰਟੀ) ਹੁਣ ਵੀ, ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਇਸ ਦੇ ਵਿੱਚ ਸਾਰੇ ਦੇਸ਼ ਦਾ ਭਲਾ ਹੈ, ਸਾਰੇ ਪੰਜਾਬ ਦਾ ਭਲਾ ਹੈ ਹਿੰਦੂਆਂ ਦਾ ਭਲਾ ਹੈ, ਸਿਖਾਂ ਦਾ ਭਲਾ ਹੈ, ਸਾਰੀ ਮਾਨਵਤਾ ਦਾ ਭਲਾ ਹੈ, ਹਿੰਦੁਸਤਾਨ ਦੇ ਵਿੱਚ ਜਿੰਨੇ ਲੋਕ ਰਹਿੰਦੇ ਹਨ ਖਾਸ ਤੌਰ ਤੇ ਪੰਜਾਬ ਵਿੱਚ ਰਹਿੰਦੇ ਹਨ ਕਿ 21 ਤਾਰੀਖ ਨੂੰ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਵੇ, ਇਸ ਸਮਝੌਤੇ ਨੂੰ ਹੋਰ ਅਗੇ ਵਧੱਣ ਦਾ ਮੌਕਾ ਮਿਲੇ । ਸਾਡੇ ਉਜੜੇ ਭਰਾ ਮੁੜ ਕੇ ਆਪਣੇ ਘਰਾਂ ਵਿਚ ਵਸਣ ਅਤੇ ਪਿਛਲੀ ਕੁੜੱਤਣ ਨੂੰ ਭੁੱਲ ਕੇ ਆਪਸ ਵਿੱਚ ਪਿਆਰ ਨਾਲ ਰਹਿਣ। ਇਸ ਦੇ ਵਿੱਚ ਪੰਜਾਬ ਦਾ ਭਲਾ ਹੈ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

EXTENSION OF TIME OF THE SITTING

ਸ੍ਰੀ ਸਪੀਕਰ : ਕਿਉਂਕਿ ਹਾਊਸ ਦਾ ਟਾਈਮ 3.15 ਤੱਕ ਨੀਯਤ ਕੀਤਾ ਗਿਆ ਸੀ, ਮੈਂ ਅਨੁਭਵ ਕਰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਨੇ ਜਵਾਬ ਵੀ ਦੇਣਾ ਹੈ ਅਤੇ ਇਕ ਦੋ ਸਜਣ ਜਿਨ੍ਹਾਂ ਦੇ ਨਾਮ ਆਏ ਹਨ ਉਹ ਬੋਲਣ ਵਾਲੇ ਵੀ ਰਹਿੰਦੇ ਹਨ; ਮੈਂ ਦੋਨਾਂ ਸਜਣਾਂ ਨੂੰ ਜੋ ਬੋਲਣ ਵਾਲੇ ਰਹਿੰਦੇ ਹਨ ਉਨ੍ਹਾਂ ਨੂੰ ਕਹਾਂਗਾ ਕਿ ਉਹ ਪੰਜ ਪੰਜ, ਮਿੰਟ ਬੋਲ ਲੈਣ । ਜੇ ਹਾਊਸ ਦੀ ਪਲ-ਈਯਰ ਹੋਵੇ ਤਾਂ ਹਾਊਸ ਦਾ ਟਾਈਮ ਹੋਰ ਵਧਾ ਦਿੱਤਾ ਜਾਵੇ ?

Is it the pleasure of the House that the time of the sitting of the House be extended till 3.45 P.M. today ?

(Voices : Yes, Yes.)

Mr. Speaker : The time of the sitting of the House is extended till 3.45 P.M. today.

DISCUSSION ON THE STATEMENT BY CHIEF MINISTER *RE.* MIGRATION OF MEMBERS OF MINORITY COMMUNITY FROM PUNJAB, POLICE FIRING IN SUJANPUR AND PUNJAB ACCORD (*RESUMPTION*)

ਸਰਦਾਰ ਸੁਖਜਿੰਦਰ ਸਿੰਘ (ਭੁਲੱਥ) : ਸਪੀਕਰ ਸਾਹਿਬ, ਅੱਜ ਹਾਊਸ ਦੇ ਸਾਹਮਣੇ ਹੋਰ ਕੋਈ ਬਿਜ਼ਨਸ ਨਹੀਂ, ਇਹੀ ਇਸ਼ੂ ਸਾਹਮਣੇ ਆਏ ਹਨ ਔਰ ਇਹ ਦੋਨੋਂ ਇਸ਼ੂ ਇੰਟਰਲਿੰਕਡ ਹਨ। ਇਕ ਚੀਫ ਮਨਿਸਟਰ ਸਾਹਿਬ ਵਲੋਂ ਸਟੇਟਮੈਂਟ ਆਈ ਹੈ ਮਾਈਗਰੇਸ਼ਨ ਆਫ ਹਿੰਦੂਜ਼ ਫਰਾਮ ਪੰਜਾਬ ਔਰ ਉਸ ਦੇ ਨਾਲ ਰਿਲੇਟਿਡ ਹੈ ਟੈਰੀਟੋਰੀਅਲ ਡਿਸਪਿਊਟ ਆਫ ਪੰਜਾਬ । ਸਪੀਕਰ ਸਾਹਿਬ, ਇਸ ਦਾ ਪਿਛੋਕੜ ਲਭਣ ਦੀ ਲੋੜ ਹੈ ਕਿ ਗਲ ਇਥੋਂ ਤਕ ਕਿਉਂ ਪਹੁੰਚੀ, ਇਹ ਕਮਿਸ਼ਨ ਕਿਉਂ ਬਿਠਾਏ, ਲੋਕਾਂ ਨੇ ਲੜਾਈ ਕਿਉਂ ਲੜੀ ? ਇਸ ਲੜਾਈ ਵਿੱਚ ਬਹੁਤ ਕੁਝ ਹੋਇਆ। ਮੈਂ ਸੱਚੀ ਗਲ ਕਹਿਣੀ ਹੈ, ਇਹ ਇਸ਼ੂ ਇਤਨਾ ਇਮਪਾਰਟੈਂਟ ਹੈ ਕਿ ਜੇ ਇਸ ਇਸ਼ੂ ਤੇ ਜੋ ਇਤਨਾ ਇਮ-ਪਾਰਟਟੈਂਟ ਹੈ ਕੋਈ ਸੱਚ ਨਹੀਂ ਬੋਲੇਗਾ ਤਾਂ ਇਸ ਇਸ਼ੂ ਲਈ ਕੋਈ ਸੋਲੂਸ਼ਨ ਨਹੀਂ ਹੋ ਸਕਦਾ। ਇਸ ਨੇ ਸੋਲੂਸ਼ਨ ਨੂੰ ਡਿਫਾਈ ਕੀਤਾ ਹੈ। ਜੇ ਇਹ ਇਕੱਲਾ ਲਾਅ ਐਂਡ ਆਰਡਰ ਦਾ ਇਸ਼ੂ ਹੁੰਦਾ ਤਾਂ ਹੋਰ ਗਲ ਸੀ। ਪੁਲਿਸ ਦੇ ਹਵਲਦਾਰ ਦੀ ਤਰ੍ਹਾਂ ਡੀ.ਜੀ. ਬਦਲੇ ਗਏ, ਐਡਵਾਈਜ਼ਰ ਬਦਲੇ ਗਏ। ਸਚਾਈ ਕਹਿਣ ਤੋਂ ਬਿਨਾਂ ਇਸ ਦਾ ਸੋਲੂਸ਼ਨ ਨਹੀਂ ਹੋ ਸਕਦਾ। ਟਰੁੱਥ ਬਿਟਰ ਹੁੰਦੀ ਹੈ। ਅਸੀਂ ਗਲ ਨੂੰ ਸਮਝ ਕੇ ਜੇ ਕੋਈ ਗਲ ਹਲ ਕਰਨ ਦਾ ਯਤਨ ਕਰੀਏ ਤਾਂ ਹੀ ਗੱਲ ਬਣ ਸਕਦੀ ਹੈ। ਅੱਜ ਪੰਜਾਬ ਵਿੱਚ ਇਸ ਤਰ੍ਹਾਂ ਦੇ ਹਾਲਾਤ ਕਿਉਂ ਹੋਏ, ਇਸ ਤਰ੍ਹਾਂ ਮਾਈਗਰੇਸ਼ਨ ਕਿਉਂ ਹੋਈ ? ਮਾਈਗਰੇਸ਼ਨ ਇੰਨੀ ਐਕਸਟਰੀਮ ਤੇ ਪਹੁੰਚ ਗਈ, ਇੰਨੀ ਡਵੀਜ਼ਨ ਹੋ ਗਈ ਹਿੰਦੂ ਸਿਖ ਵਿਚ, ਹਿੰਦੂ ਕਹਿੰਦੇ ਹਨ ਕਿ ਸਾਰੇ ਪੰਜਾਬ ਵਿਚ ਸੀ.ਆਰ.ਪੀ. ਲਗਾ ਦਿੱਤੀ ਜਾਏ, ਸਿੱਖ ਕਹਿੰਦੇ ਹਨ ਕਿ ਪੰਜਾਬ ਵਿਚ ਪੁਲਿਸ ਹੀ ਹੋਣੀ ਚਾਹੀਦੀ ਹੈ। ਹਿੰਦੂ ਕਹਿੰਦੇ ਹਨ ਕਿ ਦਰਬਾਰ ਸਾਹਿਬ ਵਿੱਚ ਫੌਜ ਵਾੜ ਕੇ ਸਭ ਨੂੰ ਖ਼ਤਮ ਕਰ ਦਿੱਤਾ ਜਾਏ, ਸਿੱਖ ਕਹਿੰਦੇ ਹਨ ਕਿ ਕੋਈ ਦਾਖਲ ਨਹੀਂ ਹੋਣਾ ਚਾਹੀਦਾ। (ਵਿਘਨ)

ਪ੍ਰੋਫੈਸਰ ਦਰਬਾਰੀ ਲਾਲ : ** ** ** (ਸ਼ੋਰ) (ਵਿਘਨ)

**Expuuged as ordered by the Chair.

Mr. Speaker Give opinion ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਪੰਜਾਬ ਵਿਚ ਕਲੀਅਰ ਡਿਵੀਜ਼ਨ ਹੋ ਗਈ ਹੈ ...... (ਵਿਘਨ)

ਸ੍ਰੀ ਬਾਲਮੁਕੰਦ ਸ਼ਰਮਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਜਿਹੜੇ ਐਲੀਗੇਸ਼ਨ ਲਾਏ ਹਨ ਕਿ ਹਿੰਦੂ ਚਾਹੁੰਦੇ ਹਨ ਕਿ ਗੁਰਦੁਆਰਿਆਂ ਵਿਚ ਪੁਲੀਸ ਵਾੜਨੀ ਚਾਹੀਦੀ ਹੈ ਇਹ ਬੜੇ ਸੀਰੀਅਸ ਐਲੀਗੇਸ਼ਨਜ਼ ਹਨ। ਇਹ ਸ਼ਬਦ ਜਾਂ ਵਾਪਸ ਲਣੇ ਚਾਹੀਦੇ ਹਨ ਜਾਂ ਐਕਸਪੰਜ ਕਰਾਉਣੇ ਚਾਹੀਦੇ ਹਨ। (ਵਿਘਨ) (ਸ਼ੋਰ)

(ਇਸ ਵਕਤ ਪ੍ਰੋਫ਼ੈਸਰ ਦਰਬਾਰੀ ਲਾਲ, ਸ੍ਰੀ ਬ੍ਰਿਜ ਭੂਸ਼ਣ ਮਹਿਰਾ, ਸ੍ਰੀ ਬਾਲਮੁਕੰਦ ਸ਼ਰਮਾ ਆਦਿ ਆਪਣੀਆਂ ਸੀਟਾਂ ਤੇ ਖੜੇ ਸਨ ਔਰ ਕੁਝ ਬੋਲ ਰਹੇ ਸਨ ਜਿਹੜਾ ਸ਼ੋਰ ਹੋਣ ਦੀ ਵਜ੍ਹਾ ਕਰਕੇ ਨਹੀਂ ਸੁਣਿਆ ਗਿਆ।

Mr. Speaker : Please address the Chair. (Interruption, Noise)

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਕਾਰਡੀਅਲ ਐਟਮਾਸਫ਼ੀਅਰ ਲਈ ਮੈਂ ਇਹ ਲਫ਼ਜ਼ ਵਾਪਸ ਲੈ ਲੈਂਦਾ ਹਾਂ। ਮੈਂ ਪਹਿਲਾਂ ਹੀ ਕਿਹਾ ਸੀ ਕਿ ਟਰੁੱਥ ਕੌੜੀ ਹੁੰਦੀ ਹੈ। ਮੈਂ ਵਾਪਸ ਲੈਂਦਾ ਹਾਂ। ਪੰਜਾਬ ਅੱਜ ਜਿਥੇ ਪਹੁੰਚ ਗਿਆ ਹੈ ਇਸ ਦੇ ਕਾਰਨ ਢੂੰਡਣੇ ਚਾਹੀਦੇ ਹਨ । ਪੰਜਾਬੀ ਕਰਨ ਵੀ ਕੀ ? ਸਾਰੇ ਹਿੰਦੁਸਤਾਨ ਵਿੱਚ ਸਿੱਖਾਂ ਨੇ ਕਿਤੇ ਰਹਿਣਾ ਤਾਂ ਹੈ। ਸਿੱਖ ਜਿਥੇ ਵੀ ਰਹਿੰਦਾ ਹੈ ਉਹ ਠੀਕ ਹੈ, ਪਰ ਪੰਜਾਬ ਉਸ ਦੀ ਹੋਮਲੈਂਡ ਹੈ। ਅਸੀਂ ਪੰਜਾਬ ਵਿਚ ਬੈਠੇ ਹਾਂ ਸਾਡੀ ਕੋਈ ਭਾਵਨਾ ਹੈ, ਕੋਈ ਇਛਾ ਹੈ, ਰਾਜ ਕਰਨ ਵਾਸਤੇ ਸਾਡੀ ਇਛਾ ਹੈ (ਵਿਘਨ)

ਮੈਂ ਕਹਿੰਦਾ ਹਾਂ ਕਿ ਇਹ ਜਿਹੜੀ ਪੰਜਾਬ ਦੀ ਅੱਜ ਦੀ ਹਾਲਤ ਹੈ ਇਹ ਪਿਛਲੇ 37, 38 ਸਾਲਾਂ ਦਾ ਕਿਉਮੂਲੇਟਿਵ ਇਫ਼ੈਕਟ ਹੈ। ਉਹ ਪਿਛਲੇ 37, 38 ਸਾਲਾਂ ਤੋਂ ਆਪਣੇ ਆਪ ਨੂੰ ਪੁਲੀਟੀਕਲੀ ਤੇ ਅਦਰਵਾਈਜ਼ ਸਭ ਤੋਂ ਜ਼ਿਆਦਾ ਥਲੇ ਦਬਿਆ ਹੋਇਆ ਮਹਿਸੂਸ ਕਰਦਾ ਹੈ। (ਵਿਘਨ) (ਸ਼ੋਰ)

Mr. Speaker : Please address the Chair.

ਸਰਦਾਰ ਸੁਖਜਿੰਦਰ ਸਿੰਘ : ਮੇਰੀ ਬੇਨਤੀ ਇਹ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਬੋਲਦਿਆਂ ਕਿਹਾ ਹੈ ਕਿ ਇਨ੍ਹਾਂ ਨੇ ਹਰਿਆਣਾ ਵਾਲਿਆਂ ਦੀ ਗਲ...... (ਵਿਘਨ)

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਹਾਊਸ ਦਾ ਲੀਡਰ ਵੀ ਸਿੱਖ ਹੈ ਔਰ ਲੀਡਰ ਆਫ਼ ਦੀ ਆਪੋਜ਼ੀਸ਼ਨ ਵੀ ਸਿੱਖ ਹੈ। ਇਹ ਕਿਸ ਤਰ੍ਹਾਂ ਕਹਿ ਗਏ ਹਨ (ਵਿਘਨ)

ਸਰਦਾਰ ਸੁਖਜਿੰਦਰ ਸਿੰਘ : ਮੈਂ ਬਹੁਤ ਸੀਰੀਅੱਸ ਗਲ ਕਰ ਰਿਹਾ ਹਾਂ, ਮੈਨੂੰ ਸੁਣ ਲਵੋ। ਬਾਅਦ ਵਿਚ ਭਾਵੇਂ ਮੈਨੂੰ ਤਲਵਾਰ ਨਾਲ ਕਤਲ ਕਰ ਦਿਓ। (ਵਿਘਨ)

ਸ੍ਰੀ ਸਪੀਕਰ : ਆਪਸ ਵਿਚ ਬਹਿਸ ਨਾ ਕਰੋ। Please address the Chair.

ਸਰਦਾਰ ਸੁਖਜਿੰਦਰ ਸਿੰਘ : 37, 38 ਸਾਲ ਹੋ ਗਏ ਹਨ ਪੰਜਾਬੀਆਂ ਦੀ ਇਕ ਡਿਮਾਂਡ ਪੰਜਾਬੀ ਸੂਬੇ ਦੀ ਫਾਰਮੇਸ਼ਨ' ਉਹ ਪੂਰੀ ਨਹੀਂ ਹੋ ਸਕੀ। ਸਾਰਾ ਹਿੰਦੁਸਤਾਨ ਲਿੰਗੁਇਸਟਿਕ ਸਟੇਟਸ ਵਿੱਚ ਬਣ

ਗਿਆ ਪਰ ਪੰਜਾਬ ਦਾ ਪੰਜਾਬੀ ਸੂਬਾ ਨਹੀਂ ਬਣ ਸਕਿਆ. ਕੀ ਇਹ ਕਤਲ ਨਹੀਂ ? ਪੰਜਾਬੀ ਸਪੀਕਿੰਗ ਪੰਜਾਬੀ ਸੂਬੇ ਦੀ ਡਿਮਾਂਡ ਅਜੇ ਤਕ ਪੂਰੀ ਨਹੀਂ ਹੋ ਸਕੀ। ਅੱਜ ਤਕ ਲੱਖਾਂ ਆਦਮੀ ਜੇਲ੍ਹਾਂ ਵਿੱਚ ਗਏ, ਮਾਰੇ ਗਏ, ਬੱਚੇ, ਬੁਢੇ, ਔਰਤਾਂ ਪਰ 37, 38 ਸਾਲਾਂ ਵਿਚ ਇਹ ਆਪਣੀ ਇਕ ਡਿਮਾਂਡ ਨਹੀਂ ਮਨਾ ਸਕੇ। ਇਹ ਕੀ ਅਨਫੇਵਰੇਬਲ ਗਲ ਨਹੀਂ ? ਇਹ ਇਕ ਮਸਲਾ ਹੈ, ਮੈਂ ਸਾਰੀਆਂ ਗਲਾਂ ਵਿਚ ਨਹੀਂ ਜਾਵਾਂਗਾ। ਅੱਜੇ ਤਕ ਕੋਈ ਜ਼ਬਾਨ ਕਿਸੇ ਵੀ ਧਰਮ ਨਾਲ ਵਾਸਤਾ ਨਹੀਂ, ਅਗਰ ਹੋਵੇ ਤਾਂ ਪੰਜਾਬੀ ਪਾਕਿਸਤਾਨ ਵਿਚ ਨਾ ਬੋਲੀ ਜਾਵੇ, ਪਾਕਿਸਤਾਨ ਰੇਡੀਓ ਵਿਚ ਪੰਜਾਬੀ ਵਿਚ ਖ਼ਬਰਾਂ ਨਾ ਆਉਣ, ਉਥੇ ਪੰਜਾਬੀ ਨਾ ਪੜ੍ਹਾਈ ਜਾਏ, ਪਰ 1951 ਵਿੱਚ ਜ਼ਬਾਨ ਨੂੰ ਧਰਮ ਨਾਲ ਜੋੜ ਲਿਆ। 1951 ਵਿੱਚ ਪਹਿਲੀ ਮਰਦਮਸ਼ੁਮਾਰੀ ਹੋਈ। ਸਿੱਖ ਉਜੜ ਕੇ ਸੜਕਾਂ ਤੇ ਬੈਠੇ ਸਨ । ਉਨ੍ਹਾਂ ਨੂੰ ਇਸ ਗਲ ਦਾ ਬਿਲਕੁਲ ਖਿਆਲ ਨਹੀਂ ਸੀ। 1951 ਵਿੱਚ ਕਮਿਊਨਲ ਵਾਇਰਸ ਸ਼ੁਰੂ ਕੀਤਾ। ਪੰਜਾਬ ਦੇ ਲੋਕਾਂ ਨੇ ਪੰਜਾਬੀ ਜ਼ਬਾਨ ਨੂੰ ਡਿਸ-ਓਨ ਕੀਤਾ ਔਰ ਉਨ੍ਹਾਂ ਨੇ ਆਪਣੀ ਬੋਲੀ ਹਿੰਦੀ ਲਿਖਵਾਈ। ਮੈਂ ਜਵਾਹਰ ਲਾਲ ਨਹਿਰੂ ਦੀ ਕਦਰ ਕਰਦਾ ਹਾਂ। ਉਹ ਡੈਮੋਕਰੈਟਿਕ ਸੈਟ ਅੱਪ ਵਿਚ ਵਿਸ਼ਵਾਸ ਕਰਦੇ ਸਨ। ਜਵਾਹਰ ਲਾਲ ਨਹਿਰੂ ਨੇ 1951 ਦੀ ਸੈਨਸਿਜ਼ ਵਿਚ ਚਿੰਤਾ ਪ੍ਰਗਟ ਕੀਤੀ ਸੀ ਕਿ ਪੰਜਾਬ ਦੀ ਸੈਨਸਿਜ਼ ਠੀਕ ਨਹੀਂ ਹੈ ਔਰ ਕਿਹਾ ਸੀ ਕਿ ਇਹ ਬੇਇਨਸਾਫੀ ਔਰ ਇਨਜਸਟਿਸ ਹੈ। ਹੁਣ ਪੁਲੀਟੀਕਲੀ ਪਲਪੀਟੇਸ਼ਨ ਹੋਣ ਲਗ ਪਈ। ਸਭ ਤੋਂ ਪਹਿਲਾਂ ਇਸ ਦੇ ਲਈ ਬਹੁਤ ਵੱਡੇ ਮੋਰਚੇ ਲਗਾਏ, ਜੇਲ੍ਹਾਂ ਵਿੱਚ ਗਏ, ਸਾਰੇ ਹਿੰਦੁਸਤਾਨ ਵਿੱਚ ਕੈਦ ਹੋਏ, ਪਰ ਕੋਈ ਸਰਕਾਰ ਡਿਮਾਂਡ ਪੂਰੀ ਨਹੀਂ ਕਰ ਸਕੀ। ਅਕਾਲੀ ਪਾਰਟੀ ਇਕ ਲਿਵਿੰਗ ਪਾਰਟੀ ਹੈ ਜਿਹੜੀ ਲੋਕਾਂ ਵਾਸਤੇ ਕੁਝ ਕਰਦੀ ਹੈ । ਇਸ ਨੇ ਬਹੁਤ ਵੱਡੇ ਮੋਰਚੇ ਲਾਏ । ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਇਤਨੀਆਂ ਗ੍ਰਿਫਤਾਰੀਆਂ ਨਹੀਂ ਹੋਈਆਂ, ਇਤਨੀਆਂ ਸ਼ਹੀਦੀਆਂ ਨਹੀਂ ਹੋਈਆਂ ਜਿੰਨੀਆਂ ਪੰਜਾਬੀ ਸੂਬਾ ਬਣਾਉਣ ਲਈ ਹੋਈਆਂ ਹਨ। ਡੈਮੋਕਰੈਟਿਕ ਸੈਟ ਅੱਪ ਮੁਤਾਬਿਕ ਪੀਸਫੁਲ ਮੋਰਚੇ ਲਗਾਏ, ਗੱਡੀਆਂ ਰੋਕੀਆਂ, ਘੇਰਾਓ ਕੀਤੇ, ਪੀਸਫੁਲ ਸਤਿਆਗ੍ਰਹ ਕੀਤੇ ਲੇਕਿਨ ਹਿੰਦੁਸਤਾਨ ਦੀ ਗੌਰਮਿੰਟ ਦੇ ਕੰਨਾਂ ਤੇ ਜੂੰ ਤਕ ਨਹੀਂ ਰਿੰਗੀ । ਪ੍ਰੋਟੈਸਟ ਉਹ ਹੁੰਦਾ ਹੈ ਜਿਹੜਾ ਇਫੈਕਟਿਵ ਹੋਵੇ। ਜਿਹੜਾ ਪ੍ਰੋਟੈਸਟ ਇਫੈਕਟਿਵ ਨਹੀਂ ਉਸ ਦੇ ਵਿੱਚ ਲੋਕ ਮਾਯੂਸ ਹੋ ਜਾਂਦੇ ਹਨ ਔਰ ਮਾਯੂਸੀ ਵਿਚ ਉਹ ਸੋਚਣ ਲਗ ਪੈਂਦੇ ਹਨ ਕਿ ਉਨ੍ਹਾਂ ਨਾਲ ਬੇਇਨਸਾਫੀ ਹੋ ਰਹੀ ਹੈ । ਸਾਡਾ ਸਭ ਤੋਂ ਇੰਪਾਰਟੈਂਟ ਇਸ਼ੂ ਚੰਡੀਗੜ੍ਹ ਵਾਸਤੇ ਹੋ ਗਿਆ। ਦੋ ਤਿੰਨ ਵਾਰੀ ਮੋਰਚੇ ਲਗੇ ਇਸ ਦੇ ਲਈ ਔਰ ਇਨ੍ਹਾਂ ਨੇ ਦੋ ਤਿੰਨ ਵਾਰੀ ਇਸ ਦਾ ਫੈਸਲਾ ਕਰ ਦਿੱਤਾ। ਪਹਿਲੀ ਵਾਰੀ 1970 ਵਿੱਚ ਚੰਡੀਗੜ੍ਹ ਦਾ ਫੈਸਲਾ ਹੋਇਆ ਔਰ ਕਿਹਾ ਕਿ ਪੰਜ ਸਾਲਾਂ ਬਾਦ ਦੇ ਦਿਤਾ ਜਾਏਗਾ ਔਰ ਦੂਸਰਾ ਇਹ ਸੀ ਕਿ ਅਬੋਹਰ ਫਾਜ਼ਿਲਕਾ ਦਾ ਜਦੋਂ ਬਾਊਂਡਰੀ ਕਮਿਸ਼ਨ ਬੈਠੇਗਾ ਜਦੋਂ ਐਨਕਲੇਵਜ਼ ਟਰਾਂਸਫਰ ਹੋਣਗੀਆਂ ਲੇਕਿਨ 1975 ਵਿਚ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਏਗਾ। ਇਹ ਅਵਾਰਡ ਇਸ ਤਰ੍ਹਾਂ ਮਿਲਿਆ । ਮੇਰੀ ਪਾਂਡੇ ਸਾਹਿਬ ਨਾਲ ਗਲ ਹੋਈ। 1975 ਵਿਚ ਪੰਜਾਬ ਵਿਚ ਰਾਜ ਕਾਂਗਰਸ ਦਾ, ਹਰਿਆਣਾ ਵਿਚ ਰਾਜ ਕਾਂਗਰਸ ਦਾ ਅਤੇ ਸੈਂਟਰ, ਦਿੱਲੀ ਵਿਚ, ਰਾਜ ਕਾਂਗਰਸ ਦਾ ਅਸੀਂ ਤਾਂ ਸਾਰੇ ਐਮਰਜੰਸੀ ਕਰਕੇ ਜੇਲ੍ਹਾਂ ਵਿਚ ਡਕੇ ਹੋਏ ਸੀ, ਲੇਕਿਨ ਚੰਡੀਗੜ੍ਹ ਪੰਜਾਬ ਵਿੱਚ ਟਰਾਂਸਫਰ ਨਹੀਂ ਕੀਤਾ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, 1966 ਵਿਚ ਖਰੜ ਤਹਿਸੀਲ ਤਕ ਕਮਿਸ਼ਨ ਨੇ ਹਰਿਆਣਾ ਨੂੰ ਦੇ ਦਿੱਤਾ। ਸ੍ਰੀਮਤੀ ਇੰਦਰਾ ਗਾਂਧੀ ਨੇ 1970 ਵਿੱਚ ਰਿਵਿਊ ਕਰਕੇ ਆਪਣੇ ਅਵਾਰਡ ਵਿੱਚ ਚੰਡੀਗੜ੍ਹ ਪੰਜਾਬ ਨੂੰ ਦਿੱਤਾ, ਅਬੋਹਰ ਫਾਜ਼ਿਲਕਾ ਲਿੰਕ ਹੋਇਆ। ਇਸ ਦੇ ਲਈ ਅਕਾਲੀਆਂ ਦੇ ਦਸਤਖ਼ਤ ਹਨ।

ਸ੍ਰੀ ਸਪੀਕਰ : ਮਹਿਰਾ ਸਾਹਿਬ, ਇਸ ਤਰ੍ਹਾਂ ਨਾ ਬੋਲੋ। (ਵਿਘਨ)

ਸਰਦਾਰ ਸੁਖਜਿੰਦਰ ਸਿੰਘ : ਮੈਂ ਅਰਜ਼ ਕਰ ਰਿਹਾ ਸੀ ਕਿ ਪੰਜਾਬ ਵਿੱਚ ਇਕੱਲਾ ਚੰਡੀਗੜ੍ਹ ਦਾ ਮਸਲਾ ਨਹੀਂ ਸੀ, ਇਥੇ ਪਾਣੀ ਦਾ ਮਸਲਾ, ਪੰਜਾਬੀ ਜ਼ਬਾਨ ਦਾ ਮਸਲਾ ਸੀ, ਹੋਰ ਕਈ ਮਸਲੇ ਸਨ। ਬਦਕਿਸਮਤੀ ਇਸ ਗਲ ਦੀ ਹੈ ਕਿ ਇਥੇ ਦੇ ਹੀ ਕੁਝ ਸਾਡੇ ਭਰਾ ਸਟੇਟ ਦੇ ਇੰਟਰੈਸਟਸ ਦੀ ਮੁਖ਼ਾਲਫ਼ਤ ਕਰਦੇ ਰਹੇ ਔਰ ਜਿਹੜੇ ਮੁਖ਼ਾਲਫ਼ਤ ਕਰਦੇ ਰਹੇ ਉਨ੍ਹਾਂ ਕੋਲ ਹੀ ਪੰਜਾਬ ਦੀ ਸਰਕਾਰ ਸੀ।

ਅੱਜ ਤੋਂ ਦਸ ਦਿਨਾਂ ਦੀ ਗੱਲ ਹੈ, ਪੰਜਾਬੀ ਦੇ ਟ੍ਰਿਬਿਊਨ ਦੇ ਫਰੰਟ ਪੇਜ ਤੇ ਹੈ ਜਾਂ ਇੰਡੀਅਨ ਐਕਸਪ੍ਰੈਸ ਵਿਚ ਹੈ, ਪੰਜਾਬ ਦੇ ਸੀਨੀਅਰ ਅਫਸਰ ਨੇ ਕਿਹਾ ਹੈ ਕਿ ਪਹਿਲੀ ਗਲਤ ਗੱਲ ਇਹ ਹੋਈ ਹੈ ਕਿ ਬਲਿਊ ਸਟਾਰ ਉਪਰੇਸ਼ਨ ਹੋਇਆ ਹੈ, ਹਿੰਦੂਆਂ ਨੇ ਖੁਸ਼ੀ ਮਨਾਈ, ਦਿੱਲੀ ਵਿਚ ਜੋ ਕੁਝ ਹੋਇਆ ਸਿੱਖਾਂ ਦੇ ਖਿਲਾਫ਼, ਉਸ ਲਈ ਉਨ੍ਹਾਂ ਖੁਸ਼ੀ ਦਾ ਇਜ਼ਹਾਰ ਕੀਤਾ ਤੇ ਹੁਣ ਇਹ ਆਊਟ ਆਫ ਫਰੱਸਟਰੇਸ਼ਨ ਕਰ ਰਹੇ ਹਨ ਪਾਕਿਸਤਾਨ ਤੋਂ ਆ ਕੇ।

ਪ੍ਰੋਫੈਸਰ ਦਰਬਾਰੀ ਲਾਲ : ** ** **

Mr. Speaker : This is no Point of Order.

Shri Om Parkash Gupta : He (Sardar Sukhjinder Singh) is misleading the House.

ਸਰਦਾਰ ਸੁਖਜਿੰਦਰ ਸਿੰਘ : ਮੈਨੂੰ ਸੁਣ ਲਵੋ, ਬੜਾ ਜ਼ਰੂਰੀ ਹੈ। ਇਸ ਗੱਲ ਦਾ ਹੱਲ ਕੱਢਣ ਵਾਸਤੇ ਦੱਸਣ ਲਗਾ ਹਾਂ। ਉਹ ਇਹ ਹੈ ਕਿ ਇਥੇ ਇਹੋ ਹੀ ਕੰਮ ਹੁੰਦਾ ਰਹਿਣਾ ਹੈ ਜੇਕਰ ਉਨ੍ਹਾਂ ਨੂੰ ਨਹੀਂ ਮੰਨਾਉਣਾ। ਇਹ ਸਾਡੀ ਫਰੱਸਟਰੇਸ਼ਨ ਕਰਕੇ ਹੋ ਰਿਹਾ ਹੈ। ਪੁਲੀਟੀਕਲ ਇਨਜਸਟਿਸ ਜਦੋਂ ਹੋਵੇ ਤਾਂ ਫਿਰ ਇਸ ਤਰ੍ਹਾਂ ਹੀ ਹੋਵੇਗਾ। ਇਸ ਕਰਕੇ ਫਰੱਸਟਰੇਸ਼ਨ ਨੇ ਸਾਰੇ ਹਾਲਾਤ ਖਰਾਬ ਕੀਤੇ ਹਨ। ਫਿਰ ਕਿਤਨੇ ਕਮਿਸ਼ਨ ਬੈਠੇ ਹਨ, ਤੁਸੀਂ ਦੱਸ ਦਿਓ ? ਕਿਸ ਕਮਿਸ਼ਨ ਨੇ ਸਾਡੇ ਹੱਕ ਵਿਚ ਫੈਸਲਾ ਲਿਖਿਆ ਹੈ ਔਰ ਫਿਰ ਕਿਸ ਕਮਿਸ਼ਨ ਦਾ ਫੈਸਲਾ ਮੰਨਿਆਂ ਗਿਆ ਹੈ ? ਇਹ ਦੱਸ ਦਿਓ ਕਿ ਜੇ ਕਿਸੇ ਕਮਿਸ਼ਨ ਨੇ ਠੀਕ ਫੈਸਲਾ ਦਿੱਤਾ ਹੋਵੇ ਔਰ ਫਿਰ ਉਹ ਮੰਨਿਆਂ ਗਿਆ ਹੋਵੇ ? ਸ਼ਾਹ ਕਮਿਸ਼ਨ ਨੇ ਫੈਸਲਾ ਠੀਕ ਨਹੀਂ ਸੀ ਦਿੱਤਾ। ਉਸ ਤੋਂ ਪਹਿਲਾਂ ਕਿਤਨੇ ਕਮਿਸ਼ਨ ਬੈਠੇ ਸੀ ਉਨ੍ਹਾਂ ਦੀਆਂ ਉਹ ਰਿਪੋਰਟਾਂ ਲਾਗੂ ਕਿਉਂ ਨਾ ਹੋਈਆਂ ? ਮੈਥਿਊ ਕਮਿਸ਼ਨ ਸਾਹਮਣੇ ਆ ਗਿਆ ਹੈ। ਉਸ ਦੀ ਰਿਪੋਰਟ ਵੀ ਆ ਗਈ। ਉਸ ਨੇ ਬੜੀ ਸਿੱਧੀ ਗੱਲ ਲਿਖੀ ਹੈ :—

> "A Commission will be constituted to determine the specific Hindi speaking areas of Punjab which should go to Haryana in lieu of Chandigarh"

ਪਹਿਲਾਂ ਕੁਝ ਕਹਿ ਦਿੱਤਾ ਜਾਂਦਾ ਹੈ ਔਰ ਫਿਰ ਉਸ ਨੂੰ ਬਦਲ ਲਿਆ ਜਾਂਦਾ ਹੈ। ਇਹ ਹੁਣ 70 ਹਜ਼ਾਰ ਏਕੜ ਹਰਿਆਣੇ ਨੂੰ ਦਿੱਤਾ ਗਿਆ ਹੈ। ਹੋਮ ਮਨਿਸਟਰ, ਗੌਰਮਿੰਟ ਆਫ ਇੰਡੀਆ ਦਾ ਕਹਿੰਦਾ ਹੈ ਕਿ 24 ਪਿੰਡ ਹਨ। ਇੰਡੀਅਨ ਐਕਸਪ੍ਰੈਸ ਵਿਚ ਆਇਆ ਹੈ ਇਹ 24 ਪਿੰਡ ਤਾਂ ਆਉਣੇ ਹੀ ਹਨ 70 ਹਜ਼ਾਰ ਏਕੜ ਹੋਰ ਦਿਓ ਭਾਵੇਂ ਉਹ ਹਿੰਦੀ ਸਪੀਕਿੰਗ ਨਾ ਹੀ ਹੋਵੇ। ਸਾਡੇ ਪਾਸ ਲੈਟਰ ਪਿਆ ਹੈ, ਉਹ ਤੁਹਾਨੂੰ ਕਿਸੇ ਨੇ ਪੜ੍ਹਾਉਣਾ ਨਹੀਂ ਹੈ ......

ਸ੍ਰੀ ਸਪੀਕਰ : ਵਾਈਂਡ ਅੱਪ ਕਰੋ।

**Expunged as ordered by the Chair.

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਦੱਸੋ ਇਤਨੀ ਬੇਇਨਸਾਫੀ ਪੰਜਾਬ ਦੇ ਅਣਖੀਲੇ ਆਦਮੀ ਕਿਸ ਤਰ੍ਹਾਂ ਬਰਦਾਸ਼ਤ ਕਰਨਗੇ ? ਕਿਸੇ ਕਮਿਸ਼ਨ ਤੇ ਸਾਨੂੰ ਭਰੋਸਾ ਨਹੀਂ ਰਿਹਾ। ਕੋਈ ਕਮਿਸ਼ਨ ਪੰਜਾਬ ਦੇ ਹੱਕ ਦੀ ਗੱਲ ਨਹੀਂ ਕਰਦਾ। ਸਾਰੇ ਹਿੰਦੁਸਤਾਨ ਵਿਚ ਸਿੱਖਾਂ ਨਾਲ ਬੇਇਨਸਾਫੀ ਹੋਈ ਹੈ। ਇਨ੍ਹਾਂ ਨੂੰ ਇਨਸਾਫ ਨਹੀਂ ਮਿਲਿਆ। ਫੈਸਲਾ ਕੀਤਾ ਹੈ, ਕਿਸ ਨੇ ਕੀਤਾ ਹੈ ? ਕਮਿਸ਼ਨ ਨੇ ਕੀਤਾ ਹੈ। ਲੈ ਜਾਓ , ਇਹ ਫੈਸਲਾ ਅਸੀਂ ਕੀ ਕਰਨਾ ਹੈ। ਸੋਲਿਊਸ਼ਨ ਜਿਹੜਾ ਹੈ ਉਹ ਠੀਕ ਕੱਢਣਾ ਚਾਹੀਦਾ ਹੈ। ਹਰਿਆਣੇ ਨੂੰ ਤਾਂ ਹਿੰਦੀ ਸਪੀਕਿੰਗ ਏਰੀਆ ਦੇਣਾ ਹੈ ਪਰ ਉਹ ਇਸ ਇਸ਼ੂ ਨੂੰ ਕਲਿੰਚ ਠੀਕ ਤਰ੍ਹਾਂ ਨਹੀਂ ਕਰ ਸਕੇ ......

EXTENSION OF TIME OF THE SITTING

ਸ੍ਰੀ ਸਪੀਕਰ : ਹੁਣ ਕਨਕਲੂਡ ਕਰੋ ਵਿਦਨ ਟੂ ਮਿੰਟਸ।

ਜੇਕਰ ਹਾਊਸ ਨੂੰ ਮਨਜ਼ੂਰ ਹੋਵੇ ਤਾਂ ਸਮਾਂ ਦਸ ਮਿੰਟਾਂ ਲਈ ਹੋਰ ਵਧਾ ਦਿੱਤਾ ਜਾਵੇ ?

(ਆਵਾਜ਼ਾਂ : ਠੀਕ ਹੈ ਜੀ)।

ਸ੍ਰੀ ਸਪੀਕਰ : ਹਾਊਸ ਦਾ ਸਮਾਂ ਦਸ ਮਿੰਟ ਹੋਰ ਵਧਾਇਆ ਜਾਂਦਾ ਹੈ।

DISCUSSION ON THE STATEMENT BY CHIEF MINISTER *RE.* MIGRATION OF MEMBERS OF MINORITY COMMUNITY FROM PUNJAB, POLICE FIRING IN SUJANPUR AND PUNJAB ACCORD (*RESUMPTION*)

ਸਰਦਾਰ ਸੁਖਜਿੰਦਰ ਸਿੰਘ : ਮੈਂ ਕਨਕਲੂਡ ਕਰਦਾ ਹਾਂ, ਸਪੀਕਰ ਸਾਹਿਬ।

ਆਪਾਂ ਬੋਲਦੇ ਹਾਂ। ਸਾਰੀ ਗੱਲ ਸਮਝ ਲਈਏ। ਬਾਦਲ ਸਾਹਿਬ ਨੇ ਜੋ ਕਿਹਾ ਹੈ ਕਿ ਉਹ ਹੀ ਮੈਂ ਦੁਹਰਾਉਣਾ ਚਾਹੁੰਦਾ ਹਾਂ। ਜਨਰਲ ਐਮਨੈਸਿਟੀ ਥਰੂਆਊਟ ਇੰਡੀਆ ਦਿਓ ਔਰ ਡਰ ਕੇ ਜਿਹੜੇ ਆਦਮੀ ਪਾਕਿਸਤਾਨ ਵਿਚ ਗਏ ਹਨ ਉਨ੍ਹਾਂ ਨੂੰ ਸਮਝਾ ਬੁਝਾ ਕੇ ਵਾਪਿਸ ਲਿਆਓ ਔਰ ਸਾਰੀ ਗਲ ਪੁਲੀਟੀਕਲੀ ਸੈਟਿਸਫਾਈ ਹੋਣੀ ਚਾਹੀਦੀ ਹੈ। ਸਿੱਖਾਂ ਦਾ ਸਤਿਕਾਰ ਹੋਣਾ ਚਾਹੀਦਾ ਹੈ। ਸਿੱਖਾਂ ਨਾਲ ਜੋ ਕੁਝ ਹੋਇਆ ਉਸ ਦੀ ਨਿਖੇਧੀ ਕਿਸੇ ਨੇ ਵੀ ਪਾਰਲੀਮੈਂਟ ਵਿਚ ਨਹੀਂ ਕੀਤੀ। ਕੋਈ ਭਰਾ ਨਹੀਂ ਬੋਲਿਆ ਕਿ ਸਿੱਖਾਂ ਨਾਲ ਜ਼ਿਆਦਤੀ ਹੋਈ ਹੈ। ਕਿਸ ਤਰ੍ਹਾਂ ਟਾਇਰ ਗਲਾਂ ਵਿਚ ਪਾ ਕੇ ਦਿੱਲੀ ਵਿਚ ਸਿੱਖਾਂ ਨੂੰ ਸਾੜਿਆ ਗਿਆ ਪਰ ਕਿਸੇ ਨੇ ਉਸ ਦੀ ਨਿਖੇਧੀ ਨਹੀਂ ਕੀਤੀ।

ਮਾਸਟਰ ਮੋਹਨ ਲਾਲ : ** ** **

ਸ੍ਰੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਸੁਖਜਿੰਦਰ ਸਿੰਘ : ਹਜ਼ਾਰਾਂ ਸਿੱਖ ਕਤਲ ਕੀਤੇ ਗਏ, ਉਨ੍ਹਾਂ ਦੀਆਂ ਜਾਇਦਾਦਾਂ ਤਬਾਹ ਕਰ ਦਿੱਤੀਆਂ ਗਈਆਂ, ਘਰ ਸਾੜ ਦਿੱਤੇ। ਉਪ੍ਰੇਸ਼ਨ ਬਲਿਊ ਸਟਾਰ ਨਾਲ ਕਰੋੜਾਂ ਰੁਪਏ ਦੀ ਪ੍ਰਾਪਰਟੀ ਲੁਟੀ ਗਈ। ਜਿਨ੍ਹਾਂ ਲੋਕਾਂ ਨੇ ਇਹ ਗੁਨਾਹ ਕੀਤਾ ਉਨ੍ਹਾਂ ਨੂੰ ਤਾਂ ਜਨਰਲ ਐਨਨੈਸਿਟੀ ਮਿਲ ਚੁਕੀ ਹੈ। ਕੋਈ ਫੌਜੀ ਚੋਰੀ ਕਰੇ ਔਰ ਹਿੰਦੁਸਤਾਨ ਦੀ ਗੌਰਮਿੰਟ ਉਸ ਨੂੰ ਛੱਡੇ। ਬਲਿਊ ਸਟਾਰ ਉਪਰੇਸ਼ਨ ਹੋਵੇ, ਇਸ ਦੌਰਾਨ ਫੌਜੀ ਲੁੱਟ ਮਾਰ ਕਰਨ ਔਰ ਉਨ੍ਹਾਂ ਦੇ ਕਿਸੇ ਦੇ ਖਿਲਾਫ ਕੋਈ ਐਕਸ਼ਨ ਨਾ ਹੋਵੇ, ਇਹ ਉਨ੍ਹਾਂ ਨੂੰ ਜਨਰਲ ਐਮਨੈਸਿਟੀ ਮਿਲ ਚੁਕੀ ਹੈ। ਸਾਨੂੰ ਜਨਰਲ ਐਮਨੈਸਿਟੀ ਚਾਹੀਦ ਹੈ। ਤੁਸੀਂ ਕਹਿੰਦੇ ਹੋ ਕਿ ਆਪਾਂ ਸਾਰੇ ਲੈਕਚਰ ਕਰਦੇ ਹਾਂ। ਮੈਂ ਦੱਸਦਾ ਹਾਂ ਕਿ ਮਸਲਾ ਹੱਲ ਕਿਵੇਂ ਹੋ ਸਕਦਾ ਹੈ। ਟੈਰੀਟੋਰੀਅਲ ਬਾਰੇ ਵੈਂਕਟਰਮਈਆ ਜੱਜ ਜਿਹੜਾ ਹੈ, ਪਤਾ ਨਹੀਂ ਕਿਥੋਂ ਪੜ੍ਹਿਆ ਹੋਣਾ ਹੈ । ਉਸ ਦੀ ਤਾਂ ਉਹ ਗੱਲ ਹੈ :—

ਅਵਰ ਉਪਦੇਸੈ ਆਪ ਨਾ ਕਰੇ
ਆਵਤ ਜਾਵਤ ਜਨਮੇ ਮਰੈ ॥

**Expunged as ordered by the Chair.

[ਸਰਦਾਰ ਸੁਖਜਿੰਦਰ ਸਿੰਘ]

ਸਾਨੂੰ ਕਿਹਾ ਜਾਂਦਾ ਹੈ ਕਿ ਹਿੰਦੀ ਪੰਜਾਬੀ ਦਾ ਫਰਕ ਨਾ ਸਮਝੋ। ਜੇਕਰ ਇਸ ਤਰ੍ਹਾਂ ਕਰਨਾ ਹੈ ਤਾਂ ਓਲਡ ਦਿੱਲੀ ਮਿਲਣਾ ਚਾਹੀਦਾ ਹੈ, ਵਿਚ ਹੀ ਬਿਲਡਿਗਾਂ ਕਾਫੀ ਹਨ। ਫਿਰ ਹਰਿਆਣੇ ਦੇ ਨਾਲ ਲਗਦਾ ਯੂ.ਪੀ. ਦਾ ਇਲਾਕਾ ਹੈ, ਉਹ ਹਿੰਦੀ ਸਪੀਕਿੰਗ ਹੈ। ਉਨ੍ਹਾਂ ਨੂੰ ਇਸ ਤਰ੍ਹਾਂ ਇਕ ਵੱਡੀ ਸਟੇਟ ਬਣਾ ਕੇ ਦੇਣ।

ਸ੍ਰੀ ਸਪੀਕਰ : 22 ਮਿੰਟ ਤੁਸੀਂ ਲੈ ਲਏ ਹਨ। ਹੁਣ ਤੁਸੀਂ ਵਾਈਂਡ ਅੱਪ ਕਰੋ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ : ਦੂਜੀ ਗਲ ਮੈਂ ਇਹ ਕਹਿਣੀ ਹੈ ਕਿ ਤੁਸੀਂ ਹਾਊਸ ਦਾ ਸਮਾਂ ਵਧਾਈ ਜਾ ਰਹੇ ਹੋ। ਸਰਦਾਰ ਰਵੀਇੰਦਰ ਸਿੰਘ ਜੇ ਇਸ ਤਰ੍ਹਾਂ 4 ਵਜੇ ਤਕ ਬਿਠਾਉਂਦੇ ਸਨ ਤਾਂ ਉਹ ਸਾਰੇ ਮੈਂਬਰਾਂ ਨੂੰ ਖਾਣਾ ਦਿੰਦੇ ਸਨ। ਤੁਸੀਂ ਖਾਣਾ ਵੀ ਨਹੀਂ ਦਿੰਦੇ ਔਰ ਹਾਊਸ ਦਾ ਸਮਾਂ ਵੀ ਵਧਾ ਰਹੇ ਹੋ। (ਹਾਸਾ)

Mr. Speaker: I am sorry for that.

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਇਹ ਜਿਹੜਾ 70 ਹਜ਼ਾਰ ਏਕੜ ਰਕਬਾ ਦੇਣਾ ਹੈ ਇਸ ਦੀ ਜੇਕਰ ਕੀਮਤ ਲਾਈਏ ਤਾਂ ਇਹ 700 ਕਰੋੜ ਰੁਪਏ ਦੀ ਕੀਮਤ ਦੀ ਹੈ ਔਰ ਜਿਹੜਾ ਗੌਰਮਿੰਟ ਆਫ ਇੰਡੀਆ ਨੇ ਦੇਣਾ ਹੈ ਉਹ ਅਲੱਗ ਹੈ। ਇਸ ਤਰ੍ਹਾਂ ਹਰਿਆਣੇ ਨੂੰ ਦੋ ਕੰਪਨਸੇਸ਼ਨ ਮਿਲ ਗਏ। (ਵਿਘਨ)

Mr. Speaker: Please conclude.

ਸਰਦਾਰ ਸੁਖਜਿੰਦਰ ਸਿੰਘ : ਜੇ ਸਿੱਖਾਂ ਨੂੰ ਹਿੰਦੁਸਤਾਨ ਨਾਲ ਪਿਆਰ ਨਾ ਹੁੰਦਾ ਤਾਂ ਫਿਰ ਸਿੱਖਾਂ ਨੂੰ ਪਾਕਿਸਤਾਨ ਤੋਂ ਇਥੇ ਆਉਣ ਦੀ ਲੋੜ ਕੀ ਸੀ। (ਵਿਘਨ) ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਥੋੜ੍ਹੀ ਜਿਹੀ ਗਲ ਸਮਝ ਲਓ ਕਿ ਜੇ ਸਿੱਖਾਂ ਨੂੰ ਪਾਕਿਸਤਾਨ ਨਾਲ ਪਿਆਰ ਹੁੰਦਾ ਤਾਂ ਇਧਰ ਆਉਣਾ ਹੀ ਨਹੀਂ ਸੀ। ਲੇਕਿਨ ਉਹ ਆਪਣੇ ਧਰਮ ਨਾਲ ਪਿਆਰ ਕਰਦੇ ਸਨ, ਇਸ ਕਰਕੇ ਉਹ ਇਧਰ ਆਏ।

Mr. Speaker: Please take your seat.

ਸਰਦਾਰ ਸੁਖਜਿੰਦਰ ਸਿੰਘ : ਬਸ, ਮੈਂ ਇਕ ਗਲ ਕਹਿ ਕੇ ਖ਼ਤਮ ਕਰਨ ਲਗਾ ਹਾਂ।

ਸ੍ਰੀ ਸਪੀਕਰ : ਤੁਸੀਂ ਇਕ ਗਲ ਕਹਿ ਕੇ ਖਤਮ ਵੀ ਨਹੀਂ ਕਰਦੇ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਪਿਛੇ ਮੱਧ ਪ੍ਰਦੇਸ਼ ਗਿਆ ਸੀ ਤਾਂ ਮੇਰੇ ਕੋਲ ਪ੍ਰੈਸ ਵਾਲੇ ਆਏ ਸਨ। ਉਨ੍ਹਾਂ ਨੇ ਕਿਹਾ ਕਿ ਪਹਿਲੇ ਸਾਨੂੰ ਪੰਜਾਬ ਦੀ ਪਰੋਗਰੈਸ ਦੱਸੋ। ਮੈਂ ਘੰਟਾ ਲਾ ਕੇ ਪੰਜਾਬ ਦੀਆਂ ਪਰਾਬਲਮਜ਼ ਦਸੀਆਂ। ਫਿਰ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਤੁਹਾਨੂੰ ਸਵਾਲ ਕਰਨਾ ਚਾਹੁੰਦਾ ਹਾਂ। ਤੁਸੀਂ ਪੰਜਾਬ ਦੇ ਵਿਚ ਆਪਣੇ ਕਿੰਨੇ ਸਕੂਲ ਖੋਲ੍ਹੇ ਹਨ, ਹੋਰ ਪੰਜਾਬ ਵਿਚ ਤੁਸੀਂ ਕੀ ਪਰੋਗਰੈਸ ਕੀਤੀ ਹੈ ? ਉਹ ਕੁਝ ਨਾ ਦੱਸ ਸਕੇ। ਮੈਂ ਉਨ੍ਹਾਂ ਨੂੰ ਦੱਸਿਆ ਕਿ ਅਸੀਂ ਤਾਂ ਤੁਹਾਡੇ ਮੱਧ ਪ੍ਰਦੇਸ਼ ਵਿਚ ਪੰਜਾਬੀਆਂ ਦੇ ਸਕੂਲ ਖੋਲ੍ਹੇ ਹਨ, ਸਟੇਡੀਅਮ ਬਣਾਏ ਹਨ, ਹੋਰ ਕਈ

**Expunged as ordered by the Chair.

ਇਤਿਹਾਸਿਕ ਸਥਾਨ ਬਣਾਏ ਹਨ। ਇਸ ਕਰਕੇ ਸਾਨੂੰ ਹਿੰਦੁਸਤਾਨ ਨਾਲ ਪਿਆਰ ਹੈ ਜਾਂ ਤੁਹਾਨੂੰ ? ਇਹ ਸਾਡਾ ਹਿੰਦੁਸਤਾਨ ਨਾਲ ਪਿਆਰ ਹੈ ਕਿ ਅਸੀਂ ਮੱਧ ਪ੍ਰਦੇਸ਼ ਵਿਚ ਵੀ ਆਪਣੇ ਸਕੂਲ ਖੋਲ੍ਹੇ ਹਨ। ਫਿਰ ਅਸੀਂ ਅਬੋਹਰ ਅਤੇ ਫਾਜ਼ਿਲਕਾ ਨੂੰ ਹਿੰਦੀ ਏਰੀਆ ਰੱਖਣਾ ਚਾਹੁੰਦੇ ਹਾਂ ਤਾਂ ਅਸੀਂ ਐਂਟੀ ਨੈਸ਼ਨਲ ਹਾਂ ਔਰ ਜੇ ਇਹ ਅਬੋਹਰ ਅਤੇ ਫਾਜ਼ਿਲਕਾ ਨੂੰ ਬਾਹਰ ਲੈ ਜਾਣਾ ਚਾਹੁੰਦੇ ਹਨ ਤਾਂ ਇਹ ਨੈਸ਼ਨੇਲਿਸਟ ਹਨ। ਇਸ ਤਰ੍ਹਾਂ ਦੀ ਇਨ੍ਹਾਂ ਦੀ ਸੋਚ ਹੈ। ਇਸ ਕਰਕੇ ਇਹ ਪੰਜਾਬ ਦੇ ਮਸਲੇ ਹੱਲ ਨਹੀਂ ਹੁੰਦੇ। ਇਸ ਲਈ ਮੈਂ ਕਹਿੰਦਾ ਹਾਂ ਕਿ ਤੁਸੀਂ ਇਸ ਨੂੰ ਆਪਣੇ ਢੰਗ ਨਾਲ ਸੋਚੋ, ਤੁਸੀਂ ਹਰ ਵੇਲੇ ਦਿੱਲੀ ਦੇ ਇਸ਼ਾਰੇ ਤੇ ਹੀ ਨਚਣ ਦੀ ਕੋਸ਼ਿਸ਼ ਨਾ ਕਰੋ। ਤੁਸੀਂ ਆਪਣੀ ਸੋਚ ਨਾਲ ਫੈਸਲਾ ਕਰੋ।

ਸ਼੍ਰੀ ਸਪੀਕਰ : ਹਾਂ ਜੀ , ਸ਼੍ਰੀ ਮੋਹਨ ਲਾਲ ਜੀ, ਸ਼ੁਰੂ ਕਰੋ।

ਪ੍ਰੋਫੈਸਰ ਦਰਬਾਰੀ ਲਾਲ : ** ** **

ਸ਼੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ)

ਰਾਜ ਮੰਤਰੀ, ਜੇਲ੍ਹਾਂ, ਸਿਵਲ ਰੱਖਿਆ ਅਤੇ ਸਭਿਆਚਾਰਕ ਮਾਮਲੇ : ਜਦੋਂ ਇਹ ਨਾਂ ਲੈਂਦੇ ਹਨ ਹਿੰਦੂ ਸਿੱਖ ਦਾ ਨਾਂ ਲੈਂਦੇ ਹਨ। ਹੋਰ ਕਿਸੇ ਦਾ ਨਾਂ ਨਹੀਂ ਲੈਂਦੇ। ਤੁਹਾਡੀ ਜ਼ਹਿਨੀਅਤ ਨਾਲ ਹੀ ਪਾਕਿਸਤਾਨ ਬਣਿਆ ਸੀ। ਤੁਹਾਡੀ ਜ਼ਹਿਨੀਅਤ ਨੇ ਹੀ ਹਿੰਦੁਸਤਾਨ ਦਾ ਬੇੜਾ ਗਰਕ ਕਰ ਦਿੱਤਾ ਹੈ। (ਵਿਘਨ)

ਸ਼੍ਰੀ ਸਪੀਕਰ : ਤੁਸੀਂ ਬੈਠੋ। ਮਾਸਟਰ ਮੋਹਨ ਲਾਲ ਜੀ, ਸ਼ੁਰੂ ਕਰੋ।

ਮਾਸਟਰ ਮੋਹਨ ਲਾਲ (ਪਠਾਨਕੋਟ) : ਸਪੀਕਰ ਸਾਹਿਬ, ਅੱਜ ਪੰਜਾਬ ਦੀ ਹਾਲਤ ਤੇ ਹਰ ਆਦਮੀ ਅਥਰੂ ਵਹਾ ਰਿਹਾ ਹੈ। ਜਿਹੜੀ ਪੀਰ ਪੈਗੰਬਰਾਂ ਅਤੇ ਰਿਸ਼ੀ ਮੁਨੀਆਂ ਦੀ ਧਰਤੀ ਮੰਨੀ ਜਾਂਦੀ ਸੀ ਉਸ ਤੇ ਖੂਨ ਵਹਿ ਰਿਹਾ ਹੈ। ਜਿਹੜੇ ਹਾਲਾਤ 1947 ਵਿਚ ਹੋਏ ਉਸ ਨਾਲੋਂ ਕਿਤੇ ਵੱਧ ਤਬਾਹੀ ਅੱਜ ਪੰਜਾਬ ਦੀ ਧਰਤੀ ਤੇ ਹੋ ਰਹੀ ਹੈ। ਸਪੀਕਰ ਸਾਹਿਬ, ਅੱਜ ਪੰਜਾਬ ਦੀ ਉਹ ਹਾਲਤ ਹੈ ਕਿ 3 ਸਾਲ ਦਾ ਬੱਚਾ ਆਪਣੇ ਪਿਓ ਦੀ ਅਰਥੀ ਨੂੰ ਚਿਤਾ ਵਿਚ ਪਾ ਕੇ ਅੱਗ ਲਾ ਰਿਹਾ ਹੈ। ਭੈਣਾਂ ਆਪਣੇ ਸੁਹਾਗ ਦਾ ਸੰਧੂਰ ਮਿਟਾ ਰਹੀਆਂ ਹਨ। ਨੌਜਵਾਨ ਪਿਓ ਆਪਣੇ ਬੱਚੇ ਦੀ ਲਾਸ਼ ਨੂੰ ਲੈ ਜਾ ਰਿਹਾ ਹੈ।......

Mr. Speaker: Please be relevant. ਕਿਸ ਗਲ ਤੇ ਬਹਿਸ ਹੋ ਰਹੀ ਹੈ ?

ਮਾਸਟਰ ਮੋਹਨ ਲਾਲ : ਇਸ ਕਮਿਸ਼ਨ ਦੀ ਰਿਪੋਰਟ ਤੇ ਅਸੀਂ ਡਿਸਕਸ਼ਨ ਕਰ ਰਹੇ ਹਾਂ। ਪਰ ਅੱਜ ਦਾ ਮਸਲਾ ਇਹ ਨਹੀਂ। ਅੱਜ ਪੰਜਾਬ ਦੀ ਜੋ ਹਾਲਤ ਹੈ ਉਸ ਨੂੰ ਸੁਧਾਰਨ ਦੀ ਲੋੜ ਹੈ। ਅਸੀਂ ਡਿਸਕਸ ਕਰ ਰਹੇ ਹਾਂ ਪੰਜਾਬ ਵਿਚੋਂ ਕਿਹੜਾ ਇਲਾਕਾ ਬਾਹਰ ਚਲਾ ਗਿਆ ਅਤੇ ਕਿਹੜਾ ਨਹੀਂ। ਮੈਂ ਕਹਿੰਦਾ ਹਾਂ ਕਿ ਇਸ ਨਾਲ ਕੋਈ ਫਰਕ ਨਹੀਂ ਪੈਣਾ। ਇਹ ਸਾਰਾ ਇਲਾਕਾ ਹਿੰਦੁਸਤਾਨ ਵਿਚ ਹੀ ਰਹਿਣਾ ਹੈ ਬਾਹਰ ਤਾਂ ਕਿਤੇ ਨਹੀਂ ਚਲਾ ਜਾਣਾ। ਅਸੀਂ ਆਪਣੇ ਸਵਾਰਥਾਂ ਦੇ ਵਿਚ ਫਸ

**Not recorded as ordered by the Chair

[ਮਾਸਟਰ ਮੋਹਨ ਲਾਲ]

ਗਏ ਹਾਂ। ਇਹ ਨਹੀਂ ਸੋਚਦੇ ਕਿ ਹਿੰਦੁਸਤਾਨ ਤਾਂ ਸਾਂਝਾ ਹੈ। ਅੱਜ ਅੰਦਾਜ਼ਾ ਲਗਾਓ ਪੰਜਾਬ ਦੀ ਹਾਲਤ ਕੀ ਹੈ ਔਰ ਇਹ ਕੀ ਸੋਚ ਰਹੇ ਹਨ। ਇਹ ਸੋਚ ਰਹੇ ਹਨ ਕਿ 700 ਕਰੋੜ ਦਾ ਨੁਕਸਾਨ ਹੋ ਜਾਵੇਗਾ, ਇਹ ਹੋ ਜਾਵੇਗਾ, ਉਹ ਹੋ ਜਾਵੇਗਾ। ਪਰ ਮੈਂ ਨਿਵੇਦਨ ਕਰਾਂਗਾ ਕਿ ਇਸ ਪਵਿਤਰ ਸਦਨ ਵਿਚ ਬੈਠ ਕੇ ਇਸ ਸਦਨ ਦੇ ਅੰਦਰ ਅੱਜ ਪੰਜਾਬ ਦਾ ਜੋ ਸੰਗੀਨ ਮਸਲਾ ਹੈ ਉਸ ਤੇ ਵਿਚਾਰ ਕਰਨਾ ਚਾਹੀਦਾ ਹੈ। ਇਸ ਮਸਲੇ ਤੇ ਸਰਕਾਰ ਨੂੰ ਦਰਸ਼ਕ ਬਣ ਕੇ ਬੈਠੇ ਨਹੀਂ ਰਹਿਣਾ ਚਾਹੀਦਾ। ਜੇ ਇਹ ਆਪਣੀ ਸਰਕਾਰ ਬਣਾ ਕੇ ਹਿੰਦੂਆਂ ਨੂੰ ਕਤਲ ਕਰਵਾਈ ਜਾਵੋਗੇ ਤਾਂ ਇਹ ਹਿੰਦੁਸਤਾਨ ਦੀ ਤਬਾਹੀ ਹੋਵੇਗੀ। ਅਗਰ ਕੇਂਦਰ ਦੀ ਸਰਕਾਰ ਕੋਈ ਗਲਤ ਗੱਲ ਕਰਦੀ ਹੈ ਤਾਂ ਤੁਹਾਨੂੰ ਡੱਟ ਕੇ ਉਸ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਇਹ ਮੁੰਡਿਆਂ ਨੂੰ ਸ਼ਹਿ ਨਹੀਂ ਦੇਣੀ ਚਾਹੀਦੀ ਕਿ ਫਲਾਂਣੇ ਹਿੰਦੂ ਨੂੰ ਗੋਲੀ ਮਾਰ ਦਿਓ। ਦਿੱਲੀ ਦੀ ਸਰਕਾਰ ਨੇ ਜੋ ਦਿੱਲੀ ਦੇ ਅੰਦਰ ਕਤਲ ਕਰਵਾਏ ਹਨ ਤਾਂ ਉਸ ਦੇ ਬਦਲੇ ਪੰਜਾਬ ਵਿਚ ਉਹ ਹਾਲਾਤ ਕੀਤੇ ਜਾਣ, ਇਹ ਠੀਕ ਨਹੀਂ ਹੈ। ਅਕਾਲੀ ਲੀਡਰ ਚੰਗੀ ਤਰ੍ਹਾਂ ਸੋਚ ਲੈਣ ਕਿ ਇਸ ਦੇ ਨਤੀਜੇ ਠੀਕ ਨਹੀਂ ਨਿਕਲਣਗੇ। ਜੇ ਉਹ ਇਹ ਸੋਚਦੇ ਹਨ ਕਿ ਇਸ ਤਰ੍ਹਾਂ ਨਾਲ ਖਾਲਿਸਤਾਨ ਬਣ ਜਾਵੇਗਾ ਤਾਂ ਇਹ ਬੜੀ ਦੂਰ ਦੀ ਗੱਲ ਹੈ, ਉਹ ਅੰਧੇਰੇ ਵਿਚ ਹੀ ਰਹਿ ਰਹੇ ਹਨ। ਸੋਚਣ ਵਾਲੀ ਗੱਲ ਹੈ ਕਿ ਹਿੰਦੂ, ਸਿੱਖ, ਮੁਸਲਮਾਨ, ਈਸਾਈ, ਸਭ ਨੇ ਮਿਲ ਕੇ ਇਸ ਪੰਜਾਬ ਦੀ ਧਰਤੀ ਦੇ ਉਤੇ ਕੁਰਬਾਨੀਆਂ ਦੇ ਕੇ ਪੰਜਾਬ ਨੂੰ ਇਤਨਾ ਉੱਚਾ ਬਣਾਇਆ ਹੈ। ਅੱਜ ਜੇ ਕਿਸੇ ਦੀ ਗਲਤੀ ਕਾਰਨ ਜਾਂ ਕਿਸੇ ਕਮਿਸ਼ਨ ਨੇ ਗਲਤ ਫੈਸਲਾ ਦੇ ਦਿੱਤਾ ਜਾਂ ਕੋਈ ਗਲਤ ਗੱਲ ਕਹਿ ਦਿੱਤੀ ਜਾਂ ਕਿਸੇ ਕਮਿਸ਼ਨ ਨੇ ਤੁਹਾਡੇ ਹੱਕ ਵਿਚ ਗੱਲ ਨਹੀਂ ਕੀਤੀ ਹੈ, ਇਸ ਦਾ ਪ੍ਰੋਟੈਸਟ ਤੁਸੀਂ ਜੇਕਰ ਇਸ ਮਿੱਟੀ ਤੇ ਰਹਿਣ ਵਾਲੇ ਮਾਈਨਾਰਿਟੀ ਨਾਲ ਦੁਸ਼ਮਣੀ ਕਰੋ ਤਾਂ ਇਹ ਜੰਗਲ ਦਾ ਰਾਜ ਹੋਵੇਗਾ। ਸਰਕਾਰ ਨੂੰ ਆਪਣਾ ਫਰਜ਼ ਪਹਿਚਾਨਣਾ ਚਾਹੀਦਾ ਹੈ ਅਤੇ ਫਰਜ਼ ਤੋਂ ਕੋਤਾਹੀ ਨਹੀਂ ਕਰਨੀ ਚਾਹੀਦੀ। ਮਾਈਨਾਰਿਟੀ ਦੇ ਲੋਕ ਆਪਣੇ ਘਰ ਛੱਡ ਕੇ ਪੰਜਾਬ ਤੋਂ ਬਾਹਰ ਜਾ ਰਹੇ ਹਨ, ਉਨ੍ਹਾਂ ਦੇ ਘਰਾਂ ਨੂੰ ਤਾਲਾ ਲਗਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਉਤੇ ਕਬਜ਼ਾ ਕੀਤਾ ਜਾ ਰਿਹਾ ਹੈ। ਇਸ ਤਰੀਕੇ ਦੇ ਨਾਲ ਪੰਜਾਬ ਵਿਚ ਰਾਜ ਕਰਨਾ ਮੈਂ ਸਮਝਦਾ ਹਾਂ ਕਿ ਇਸ ਤੋਂ ਵੱਡੀ ਸਰਕਾਰ ਦੀ ਹੋਰ ਕੀ ਵੱਡੀ ਬੇਈਮਾਨੀ ਹੋ ਸਕਦੀ ਹੈ। ਅਗਰ ਸਰਕਾਰ ਨਾਂ ਦੀ ਕੋਈ ਚੀਜ਼ ਹੈ ਤਾਂ ਇਥੇ ਪੰਜਾਬ ਵਿਚ ਅਮਨ, ਸ਼ਾਂਤੀ, ਚੈਨ, ਦੇਸ਼ ਦੀ ਏਕਤਾ ਅਤੇ ਯੂਨਿਟੀ ਲਈ ਸਰਕਾਰ ਨੂੰ ਵਚਨਬੱਧ ਹੋਣਾ ਚਾਹੀਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਫਰਜ਼ ਨੂੰ ਸਮਝੇ ਅਤੇ ਇਥੇ ਰਹਿਣ ਵਾਲੇ ਮਾਈਨਾਰਿਟੀ ਭਰਾਵਾਂ ਦੀ ਸੁਰੱਖਿਆ ਦਾ ਪ੍ਰਬੰਧ ਕਰੇ। ਇਹ ਅਕਾਲੀ ਪਾਰਟੀ ਦਾ ਫਰਜ਼ ਬਣਦਾ ਹੈ ਅਤੇ ਬਰਨਾਲਾ ਸਾਹਿਬ ਦੀ ਜ਼ਿੰਮੇਵਾਰੀ ਹੈ। ਇਕ ਗੱਲ ਮੈਂ ਬਾਦਲ ਸਾਹਿਬ ਦੀ ਸੁਣ ਕੇ ਹੈਰਾਨ ਹੋਇਆ ਹਾਂ ਅਤੇ ਉਨ੍ਹਾਂ ਦੀ ਗੱਲ ਨੂੰ ਸਰਦਾਰ ਸੁਖਜਿੰਦਰ ਸਿੰਘ ਨੇ ਤਾਈਦ ਕੀਤਾ ਹੈ ਕਿ ਪੰਜਾਬ ਵਿਚ ਲਾਅ ਐਂਡ ਆਰਡਰ ਦੀ ਪ੍ਰਾਬਲਮ ਨਹੀਂ ਹੈ ਬਲਕਿ ਹੋਰ ਪ੍ਰਾਬਲਮ ਹੈ। ਇਸ ਦਾ ਮਤਲਬ ਸਾਫ ਹੈ ਕਿ ਉਹ ਖਾਲਿਸਤਾਨ ਬਣਾਉਣਾ ਚਾਹੁੰਦੇ ਹਨ। ਇਹ ਹੀ ਪ੍ਰਾਬਲਮ ਹੈ। ਇਹ ਹਿੰਦੁਸਤਾਨ ਦੀ ਸਰਕਾਰ ਨਾਲ ਗੱਲ ਬਾਤ ਕਰਕੇ ਫੈਸਲਾ ਕਰ ਲੈਣ। ਇਹ ਚਾਹੁੰਦੇ ਹਨ ਕਿ ਪੰਜਾਬ ਵਿਚੋਂ ਹਿੰਦੂ ਚਲਾ ਜਾਵੇ। ਇਕ ਜ਼ਿੰਮੇਵਾਰ ਲੀਡਰ ਇਸ ਤਰ੍ਹਾਂ ਗੱਲ ਕਰੇ ਤਾਂ ਦੁੱਖ ਹੁੰਦਾ ਹੈ। ਇਸ ਦੇ ਨਾਲ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ। ਅਗਰ ਬਾਦਲ ਸਾਹਿਬ ਇਮਾਨਦਾਰ ਹਨ ਅਤੇ ਇਹ ਜਨਰਲ ਐਮਨੈਸਿਟੀ ਚਾਹੁੰਦੇ ਹਨ ਤਾਂ ਇਹ ਬਰਨਾਲਾ ਸਾਹਿਬ ਨਾਲ ਟੇਬਲ ਤੇ ਬੈਠ ਕੇ ਗੱਲ ਬਾਤ ਕਰਨ ਅਤੇ ਜਿਹੜੀ ਮਾਈਨਾਰਿਟੀ ਪੰਜਾਬ ਵਿਚੋਂ ਭੱਜ ਕੇ ਬਾਹਰ ਜਾ ਰਹੀ ਹੈ ਉਸ ਨੂੰ ਰੋਕਣ ਲਈ ਕਦਮ ਚੁੱਕਣ। ਤੁਸੀਂ ਬੇਸ਼ਕ ਸਾਰਿਆਂ ਨੂੰ ਰਿਲੀਜ਼

ਕਰਵਾ ਲਵੋ। ਸਾਨੂੰ ਇਸ ਦੇ ਵਿਚ ਕੋਈ ਇਤਰਾਜ਼ ਨਹੀਂ ਹੈ। ਪਹਿਲੇ ਵੀ ਤੁਸੀਂ ਛੱਡ ਕੇ ਵੇਖ ਲਿਆ ਹੈ ਅਤੇ ਇਸ ਦੇ ਨਾਲ ਉਗਰਵਾਦ ਖਤਮ ਨਹੀਂ ਹੋਇਆ। ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਆਪਣੀ ਸ਼ਹਾਦਤ ਵੀ ਦਿੱਤੀ ਤਾਕਿ ਪੰਜਾਬ ਵਿਚ ਸ਼ਾਂਤੀ, ਅਮਨ ਅਤੇ ਚੈਨ ਕਾਇਮ ਹੋ ਸਕੇ। ਲੇਕਿਨ ਉਨ੍ਹਾਂ ਦੀ ਸ਼ਹਾਦਤ ਤੋਂ ਬਾਦ ਵੀ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਕਾਇਮ ਨਹੀਂ ਹੋ ਸਕੀ ਅਤੇ ਉਗਰਵਾਦ ਬਿਲਕੁਲ ਖਤਮ ਨਹੀਂ ਹੋਇਆ। ਬਾਦਲ ਸਾਹਿਬ ਨੇ ਆਪਣੀ ਅਕਾਲੀ ਪਾਰਟੀ ਤੋਂ ਅਲੱਗ ਹੋ ਕੇ ਡਿਸੀਡੈਂਟ ਗਰੁੱਪ ਬਣਾ ਲਿਆ ਹੈ। ਇਨ੍ਹਾਂ ਦੇ ਐਕਸ਼ਨ ਨਾਲ ਪੰਜਾਬ ਦੇ ਉਗਰਵਾਦ ਨੂੰ ਉਤਸ਼ਾਹ ਮਿਲਿਆ ਹੈ, ਪ੍ਰੋਤਸਾਹਨ ਮਿਲਿਆ ਹੈ ਅਤੇ ਪੰਜਾਬ ਦੇ ਨੌਜਵਾਨ ਨੂੰ ਉਤਸ਼ਾਹ ਮਿਲਿਆ ਹੈ। ਅਕਾਲੀ ਪਾਰਟੀ ਨੂੰ ਸੱਤਾ ਵਿਚ ਲਿਆਉਣ ਲਈ ਪੰਜਾਬ ਦੇ ਹਿੰਦੂ, ਸਿੱਖ, ਮੁਸਲਿਮ ਅਤੇ ਇਸਾਈ ਨੇ ਵੋਟਾਂ ਪਾ ਕੇ ਮਾਸ ਮੰਡੇਟ/ਤਾਕਤ ਦਿੱਤੀ ਸੀ ਤਾਕਿ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਕਾਇਮ ਰਹਿ ਸਕੇ (ਘੰਟੀ)। ਇਹ ਭਰਾ ਪੰਜਾਬ ਵਿਚੋਂ ਹਿੰਦੂਆਂ ਦੇ ਬਾਹਰ ਜਾਣ ਵਿਚ ਜ਼ਿੰਮੇਵਾਰ ਹਨ ਤੇ ਉਨ੍ਹਾਂ ਦੀ ਸੁਰਖਿਆ ਨਾ ਕਰਨ ਵਿਚ ਅਤੇ ਘੱਟ ਗਿਣਤੀ ਦੇ ਲੋਕਾਂ ਦੀ ਸੁਰਖਿਆ ਨਾ ਕਰਨ ਕਰਕੇ ਜ਼ਿੰਮੇਵਾਰ ਹਨ। ਮੈਂ ਉਮੀਦ ਕਰਦਾ ਹਾਂ ਕਿ ਬਰਨਾਲਾ ਸਰਕਾਰ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਨਿਭਾਵੇਗੀ ਅਤੇ ਪੰਜਾਬ ਦੇ ਮਾਹੌਲ ਨੂੰ ਸੁਖਾਵਾਂ ਬਣਾਉਣ ਵਿਚ ਮਦਦ ਦੇਵੇਗੀ। ਤਰਨ ਤਾਰਨ ਵਿਚ 8—8 ਬੰਦਿਆਂ ਨੂੰ ਮਾਰਿਆ ਗਿਆ ਅਤੇ ਲੋਕਾਂ ਦੇ ਵਿਚ ਦਹਿਸ਼ਤ ਪਾਈ ਜਾ ਰਹੀ ਹੈ। ਵੈਂਕਟਰਮਈਆ ਕਮਿਸ਼ਨ ਦੀ ਰਿਪੋਰਟ ਹੈ ਅਤੇ ਇਸ ਉਤੇ ਡਿਸਕਸ਼ਨ ਕਰ ਰਹੇ ਹਾਂ ਪਰ ਮੇਰੀ ਬੇਨਤੀ ਹੈ ਕਿ ਪੰਜਾਬ ਵਿਚ 1947 ਵਾਲੇ ਹਾਲਾਤ ਨਾ ਕਰੀਏਟ ਕਰੋ। ਲੋਕਾਂ ਦਾ ਹਕੂਮਤ ਵਿੱਚ ਵਿਸ਼ਵਾਸ ਉਠ ਰਿਹਾ ਹੈ। ਹਕੂਮਤ ਮਾਈਨਾਰਿਟੀ ਵਿਚ ਵਿਸ਼ਵਾਸ ਪੈਦਾ ਕਰਨ ਦੀ ਕੋਸ਼ਿਸ਼ ਕਰੇ ਤਾਕਿ ਪੰਜਾਬ ਵਿਚ ਮਾਈਨਾਰਿਟੀ ਲੋਕ ਰਹਿ ਸਕਣ। ਲੋਕ ਹਕੂਮਤ ਦੇ ਪ੍ਰਤੀ ਆਦਰ, ਸਨਮਾਨ ਆਪਣੇ ਦਿਲ ਵਿਚ ਰੱਖ ਸਕਣ ਅਤੇ ਇਸ ਤਰ੍ਹਾਂ ਦੀ ਭਾਵਨਾ ਪੈਦਾ ਹੋ ਸਕੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਪੰਜਾਬ ਦੀ ਸਰਕਾਰ ਪੰਜਾਬ ਵਿਚ ਹਾਲਾਤ ਠੀਕ ਕਰੇਗੀ।

EXTENSION OF TIME OF THE SITTING

ਸ੍ਰੀ ਸਪੀਕਰ: ਹੁਣ ਚੀਫ ਮਨਿਸਟਰ ਸਾਹਿਬ ਇਸ ਦਾ ਜਵਾਬ ਦੇਣਗੇ ਅਤੇ ਹਾਊਸ ਦਾ ਟਾਈਮ ਥੋੜ੍ਹਾ ਰਹਿ ਗਿਆ ਹੈ। ਅਗਰ ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਸਮਾਂ 4.15 ਵਜੇ ਤੱਕ ਐਕਸਟੈਂਡ ਕੀਤਾ ਜਾਵੇ।

ਆਵਾਜ਼ਾਂ: ਹਾਂ ਜੀ, ਹਾਂ ਜੀ।

ਸ੍ਰੀ ਸਪੀਕਰ: ਹਾਊਸ ਦੀ ਮਰਜ਼ੀ ਨਾਲ ਹਾਊਸ ਦਾ ਸਮਾਂ 4.15 ਵਜੇ ਤੱਕ ਵਧਾਇਆ ਜਾਂਦਾ ਹੈ।

DISCUSSION ON THE STATEMENT BY CHIEF MINISTER *RE.* MIGRATION OF MEMBERS OF MINORITY COMMUNITY FROM PUNJAB, POLICE FIRING IN SUJANPUR AND PUNJAB ACCORD (*Resumption*)

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ): ਸਪੀਕਰ ਸਾਹਿਬ, ਅੱਜ ਬਹਿਸ ਇਕ ਛੋਟੇ ਜਿਹੇ ਸਬਜੈਕਟ ਉਤੇ ਹੋਣੀ ਸੀ ਅਤੇ ਇਹ ਸਬਜੈਕਟ ਚੰਡੀਗੜ੍ਹ ਦੇ ਬਦਲੇ ਹਰਿਆਣੇ ਨੂੰ ਦੇਣ ਵਾਲੇ

[ਮੁੱਖ ਮੰਤਰੀ]

ਹਿੰਦੀ ਬੋਲਦੇ ਇਲਾਕੇ ਬਾਰੇ ਬਹਿਸ ਹੋਣੀ ਸੀ ਪਰ ਇਥੇ ਬਹੁਤ ਇਧਰ ਉਧਰ ਦੀਆਂ ਗੱਲਾਂ ਹੁੰਦੀਆਂ ਰਹੀਆਂ ਹਨ। ਮੈਨੂੰ ਇਸ ਉਤੇ ਕਿਸੇ ਤੇ ਇਤਰਾਜ਼ ਨਹੀਂ ਹੈ ਕਿਉਂਕਿ ਅਕਸਰ ਬਹਿਸ ਕਰਦੇ ਹੋਏ ਮਿਲਾਵਟ ਆ ਹੀ ਜਾਂਦੀ ਹੈ। ਕਈ ਹੋਰ ਤਰ੍ਹਾਂ ਦੀਆਂ ਇਧਰ ਉਧਰ ਦੀਆਂ ਗੱਲਾਂ ਕੀਤੀਆਂ ਗਈਆਂ ਹਨ ਪਰ ਚੰਡੀਗੜ੍ਹ ਦੇ ਮਸਲੇ ਉਤੇ ਕੋਈ ਕੰਕਰੀਟ ਗੱਲ ਨਹੀਂ ਕੀਤੀ ਗਈ। ਇਹ ਮਸਲਾ ਅਕਾਰਡ ਦੇ ਮੁਤਾਬਿਕ ਪਹਿਲੇ ਮੈਥਿਊ ਕਮਿਸ਼ਨ ਨੂੰ ਦਿੱਤਾ ਗਿਆ ਸੀ। ਉਹ ਕਮਿਸ਼ਨ ਇਸ ਦਾ ਕੋਈ ਫੈਸਲਾ ਨਹੀਂ ਕਰ ਸਕਿਆ ਸੀ। ਉਹ ਇਕ ਗੱਲ ਹੀ ਕਹਿ ਸਕਿਆ ਸੀ ਕਿ ਜੋ ਹਰਿਆਣੇ ਦਾ ਕਲੇਮ ਕੀਤਾ ਅਬੋਹਰ ਅਤੇ ਫਾਜ਼ਿਲਕਾ ਦਾ ਉਹ ਦਿੱਤਾ ਨਹੀਂ ਜਾ ਸਕਦਾ। ਉਸ ਨੇ ਇਹ ਸਪੱਸ਼ਟ ਰੂਪ ਵਿਚ ਫੈਸਲਾ ਕਰ ਦਿੱਤਾ ਸੀ ਅਤੇ ਆਖਿਰ ਵਿਚ ਜੋ ਕਿਹਾ ਹੈ ਉਹ 4 ਲਾਈਨਾਂ ਵਿਚ ਹੈ ਉਹ ਮੈਂ ਪੜ੍ਹ ਦਿੰਦਾ ਹਾਂ:—

"All that the Commission can say in this respect is that the State of Haryana has a claim for transfer of some Hindi speaking territories from Punjab in lieu of Chandigarh".

ਇਕ ਕਮਿਸ਼ਨ ਨੇ ਫੈਸਲਾ ਦੇ ਦਿੱਤਾ ਕਿ ਕੁਝ ਹਿੰਦੀ ਬੋਲਦੇ ਇਲਾਕੇ ਹਰਿਆਣੇ ਨੂੰ ਜਾਣਗੇ ਪਰ ਇਸ ਦੇ ਵਿਚ ਕੋਈ ਪਿੰਡ ਦਾ ਜ਼ਿਕਰ ਨਹੀਂ ਗਿਆ ਸੀ ਨਾ ਹੀ ਕੋਈ ਟੈਰੀਟਰੀ ਦਾ ਜ਼ਿਕਰ ਕੀਤਾ ਗਿਆ ਸੀ ਅਤੇ ਕਿਹਾ ਗਿਆ ਕਿ ਚੰਡੀਗੜ੍ਹ ਦੇ ਬਦਲੇ ਇਨ ਲਿਊ ਆਫ ਕਹਿ ਦਿੱਤਾ ਪੇਜ 40 ਤੇ ਇਸ਼ ਦਾ ਮਤਲਬ ਇਹ ਦਿੱਤਾ ਹੈ . . . . .

"So far as this Commission is concerned, the expression 'in lieu' only mean 'instead of' or 'in place of'. It is not possible to imply the idea of full compensation in the expression of 'in lieu'."

ਚੰਡੀਗੜ੍ਹ ਦੇ ਬਦਲੇ ਕੋਈ ਬਿਲਡਿੰਗ ਬਣੇਗੀ ਜਾਂ ਕੋਈ ਖੂਬਸੂਰਤ ਸ਼ਹਿਰ ਬਣੇਗਾ। ਜਿਵੇਂ ਹਰਿਆਣੇ ਦੀ ਸਰਕਾਰ ਨੇ ਆਪਣਾ ਕਲੇਮ ਦਾਇਰ ਕੀਤਾ ਸੀ ਕਿ ਚੰਡੀਗੜ੍ਹ ਵਿਚ ਇਸ ਵੇਲੇ ਕੀਮਤ 8 ਹਜ਼ਾਰ ਕਰੋੜ ਰੁਪਏ ਦੀ ਹੈ ਅਤੇ ਸਾਨੂੰ ਇਹ ਦੇ ਦਿਓ, ਅੱਜ ਵੀ ਇਸ ਤਰ੍ਹਾਂ ਦੀ ਗੱਲ ਆਈ ਹੈ। ਬਹਿਸ ਕਰਦੇ ਹੋਏ ਕਿਹਾ ਗਿਆ ਕਿ ਇਸ 70 ਹਜ਼ਾਰ ਏਕੜ ਜ਼ਮੀਨ ਦਾ ਮੁਲ 700 ਕਰੋੜ ਰੁਪਏ ਹੈ ਅਤੇ ਸਾਨੂੰ ਇਹ ਫੈਸਲਾ 700 ਕਰੋੜ ਰੁਪਏ ਦਾ ਪੈ ਰਿਹਾ ਹੈ। ਇਹੋ ਜਿਹੀਆਂ ਗੱਲਾਂ ਇਥੇ ਕੀਤੀਆਂ ਗਈਆਂ ਜਿਹੜੀਆਂ ਲੋਕਾਂ ਨੂੰ ਭੜਕਾਉਣ ਦਾ ਕੰਮ ਕਰਦੀਆਂ ਹਨ। ਇਨ੍ਹਾ ਗਲਤ ਗਲਾਂ ਦਾ ਅਸਰ ਲੋਕਾਂ ਉਤੇ ਪੈਂਦਾ ਹੈ। ਜੇਕਰ 70 ਹਜ਼ਾਰ ਏਕੜ ਜ਼ਮੀਨ ਸਰਕਾਰ ਨੇ ਐਕਵਾਇਰ ਕਰਨੀ ਹੋਵੇ ਅਤੇ ਮਾਲਿਕ ਦੇ ਕੋਲੋਂ ਮੁਲ ਲੈਣੀ ਹੋਵੇ ਅਤੇ ਸਰਕਾਰ ਨੇ ਇਕ ਲੱਖ ਰੁਪਿਆ ਪਰ ਏਕੜ ਲੈਣੀ ਹੋਵੇ ਤਾਂ 700 ਕਰੋੜ ਰੁਪਿਆ ਬਣਦਾ ਹੈ। ਪਰ ਇਥੇ ਜ਼ਮੀਨ ਐਕਵਾਇਰ ਕਰਨ ਦਾ ਸਵਾਲ ਨਹੀਂ ਹੈ। ਇਸ ਦੇ ਵਿਚ ਇਨਲਿਊ ਆਫ ਕਰਕੇ ਕੁਝ ਪਿੰਡ ਹਰਿਆਣੇ ਨੂੰ ਜਾਣੇ ਹਨ ਅਤੇ ਇਹ ਪਿੰਡ ਖਰੀਦ ਕੇ ਕਿਸੇ ਨੂੰ ਨਹੀਂ ਦੇਣੇ ਹਨ। ਜਿਹੜੇ ਉਥੋਂ ਦੇ ਪਿੰਡਾਂ ਦੀ ਵਸੋਂ ਹੈ ਉਹ ਉਥੇ ਰਹਿਣੀ ਹੈ ਉਥੇ ਸਿਰਫ ਐਡਮਿਨਿਸਟਰੇਸ਼ਨ ਦਾ ਕੰਟਰੋਲ ਮਹਿਜ਼ ਕਿਸੇ ਹੋਰ ਦਾ ਹੋ ਜਾਣਾ ਹੈ। ਅੱਜ ਕਿਸੇ ਦਾ ਕੰਟਰੋਲ ਹੈ ਤਾਂ ਕਲ੍ਹ ਨੂੰ ਕਿਸੇ ਹੋਰ ਦਾ ਹੋ ਜਾਣਾ ਹੈ। ਪਰ ਇਥੇ ਕੁਝ ਮੈਂਬਰਾਂ ਨੇ ਜਗਲਰੀ ਤਰੀਕੇ ਨਾਲ ਪਲੇਅ ਕਰਨ ਵਾਲੀ ਗੱਲ ਕੀਤੀ ਹੈ ਹੋਰ ਕੁਝ ਨਹੀਂ ਕੀਤਾ।

ਸਪੀਕਰ ਸਹਿਬ, ਇਹ ਮਸਲਾ ਜੋ ਮੈਥਿਉ ਕਮਿਸ਼ਨ ਹੱਲ ਨਾ ਕਰ ਸਕਿਆ ਵੈਂਕਟਰਮਈਆ ਕਮਿਸ਼ਨ ਦੇ ਸਪੁਰਦ ਹੋ ਗਿਆ ਮੈਥਿਊ ਕਮਿਸ਼ਨ ਨੇ ਆਪ ਕਿਹਾ ਕਿ ਇਹ ਕੰਮ ਹੋਰ ਕਮਿਸ਼ਨ ਦੇ ਹਵਾਲੇ ਕਰ ਦਿੱਤਾ ਜਾਵੇ ਕਿ ਚੰਡੀਗੜ੍ਹ ਦੇ ਬਦਲੇ ਕਿਹੜੇ ਕਿਹੜੇ ਹਿੰਦੀ ਬੋਲਦੇ ਪਿੰਡ

ਦਿਤੇ ਜਾ ਸਕਦੇ ਹਨ । ਵੈਂਕਟਰਮਈਆ ਕਮਿਸ਼ਨ ਦੀ ਰਿਪੋਰਟ ਦੇ ਕੁਝ ਐਕਸਟਰੈਕਟ ਸਾਨੂੰ ਦਿਤੇ ਹਨ । ਸਪੀਕਰ ਸਾਹਿਬ, ਮੇਰੇ ਕੋਲ ਉਸ ਦੀ ਨਕਲ ਹੈ ਇਸ ਬਾਰੇ ਅਖਬਾਰਾਂ ਵਿਚ ਵੀ ਆਇਆ ਹੈ । ਔਰ ਤਕਰੀਬਨ ਅਖਬਾਰਾਂ ਵਿਚ ਸਾਰਾ ਆ ਚੁਕਾ ਹੈ । ਪਹਿਲੇ ਪੇਜ ਤੇ ਇਸ ਤਰ੍ਹਾਂ ਹੈ :—

'The total extent of the 30 villages which the Commission had picked -out according to 1981 census was about 45,000 acres and because the Commission found it inadequate it had first proposed to give acquired and developed urban land of 15,000 acres so that a Capital could be built. That proposal has not been accepted by Haryana".

ਇਸ ਕਰਕੇ ਉਸ ਨੇ ਕਿਹਾ ਕਿ ਮੈਂ ਜੋ ਭਾਲ ਕਰ ਰਿਹਾ ਸੀ ਔਰ ਮੇਰੇ ਮੁਤਾਬਿਕ 45,000 ਏਕੜ ਮਿਲੇ ਪਰ ਮੈਂ ਇਹ ਸਮਝਦਾ ਹਾਂ ਕਿ ਇਹ ਥੋੜ੍ਹੇ ਹਨ ਜੋ ਕਿ 45,000 ਏਕੜ ਵਾਲੇ ਸਨ । ਇਹ 7.2 ਕਲਾਜ਼ ਦੇ ਮੁਤਾਬਿਕ ਹਨ ਪਰ ਇਥੇ ਡਾਕਟਰ ਸਾਹਿਬ ਨੇ ਕਿਹਾ ਕਿ ਇਹ 7.4 ਕਲਾਜ਼ ਦੇ ਮੁਤਾਬਿਕ ਜਾਣੇ ਹਨ । ਪਰ ਉਹ 7.2 ਕਲਾਜ਼ ਦਾ ਹਿਸਾ ਹਨ । ਕਮਿਸ਼ਨ ਨੇ ਸਪਸ਼ਟ ਰੂਪ ਵਿਚ ਕਹਿ ਦਿਤਾ ਕਿ ਉਸ ਨੂੰ ਥੋੜ੍ਹੇ ਲਗੇ ।

"Having regard to all the features of the case, I feel that even though it may not be possible to grant administrative powers over a territory measuring 3 lakh acres, in the interests of justice Haryana should be given administrative power over villages and towns measuring in all atleast 70,000 acres, which is about one-fourth of the total area of Fazilka and Abohar".

ਚੰਡੀਗੜ੍ਹ 15,000 ਏਕੜ ਵਿਚ ਵਸਿਆ ਹੋਇਆ ਹੈ । ਅਸਲ 15,000 ਏਕੜ ਰਕਬਾ ਜਾਂਦਾ ਸੀ ਯਾਨੀ ਕਿ ਸ਼ਹਿਰ ਇਕ ਵਿਚ 15,000 ਏਕੜ ਰਕਬੇ ਵਿਚ ਬਿਲਡਿੰਗਾਂ ਹਨ । ਨਵਾਂ ਸ਼ਹਿਰ ਇਕ ਹੋਰ 15,000 ਏਕੜ ਰਕਬੇ ਵਿਚ ਬਣਾਇਆ ਜਾਵੇ । ਦੋਨੋਂ ਚੀਫ਼ ਮਨਿਸਟਰਾਂ ਨੂੰ ਬੁਲਾਇਆ ਗਿਆ ਕਿ 15,000 ਰਕਬੇ ਵਿਚ ਨਵਾਂ ਸ਼ਹਿਰ ਬਣ ਜਾਵੇਗਾ । ਸਰਕਾਰ ਜ਼ਮੀਨ ਐਕੁਆਇਰ ਕਰਕੇ ਡਿਵੈਲਪਮੈਂਟ ਕਰੇ ਔਰ ਤੁਹਾਡੇ ਸ਼ਹਿਰ ਦੇ ਨੇੜੇ ਹੋ ਜਾਣ ਸਪੀਕਰ ਸ਼ਾਹਿਬ, ਮੈਂ ਸਮਝਦਾ ਹਾਂ, ਕਿ 45,000 ਹਜ਼ਾਰ ਏਕੜ ਰਕਬਾ ਆਇਆ ਸੀ । ਸਾਡਾ ਇੱਕ ਏਰੀਆ ਅੰਬਾਲੇ ਦੇ ਉਪਰ ਚਲਿਆ ਜਾਂਦਾ ਹੈ । ਉਹ ਹਿੰਦੀ ਸਪੀਕਿੰਗ ਏਰੀਆ ਹੈ । ਉਹ 15,000 ਏਕੜ ਰਕਬਾ ਦੇ ਸਕਦੇ ਹਾਂ ।

"It may be argued that at one stage I had suggested 15,000 acres of land could be a just equivalent to Chandigarh."

ਇਸ ਕਰਕੇ ਉਹ ਰਿਜੈਕਟ ਹੋ ਗਈ । ਫਿਰ ਇਸ ਗੱਲ ਨੂੰ ਡਿਸਕਸ ਕਰਦੇ ਹੋਏ ਨੈਕਸਟ ਪੇਜ ਤੇ ਜ਼ਿਕਰ ਕੀਤਾ :—

"Since no agreement was possible, it has become inevitable to recommend to the Government of India to appoint another Commission to find out those Hindi speaking villages whose total area is about 70,000 acres which may be transferred in lieu of Chandigarh.

ਜ਼ਮੀਨ ਐਕੁਆਇਰ ਕਰਕੇ ਪਰ ਜ਼ਮੀਨ ਦੀ ਕੀਮਤ ਨਹੀਂ ਦਿਤੀ ਜਾਂਦੀ । ਕਮਿਸ਼ਨ ਨੇ ਇਹ ਵੀ ਕਿਹਾ ਹੈ ਕਿ :—

'I request that I may not be asked to do this work again on personal grounds"

ਸਪੀਕਰ ਸਾਹਿਬ, ਇਹ ਪਤਾ ਨਹੀਂ ਕਿ ਕਿਥੋਂ ਹਿਸਾਬ ਲਗਾ ਰਹੇ ਹਨ ਕਿ ਚੌਥਾ ਹਿੱਸਾ ਦੇਣਾ ਚਾਹੀਦਾ ਹੈ, ਪੰਜਵਾਂ ਹਿੱਸਾ ਦੇਣਾ ਚਾਹੀਦਾ ਹੈ, 10ਵਾਂ ਹਿੱਸਾ ਕਿਉਂ ਨਹੀਂ ਦੇਣਾ ਚਾਹੀਦਾ।

[ਮੁੱਖ ਮੰਤਰੀ]

ਸਪੀਕਰ ਸਾਹਿਬ, ਜੱਜ ਨੂੰ ਅਖਤਿਆਰ ਹੁੰਦਾ ਹੈ। ਕਈ ਵਾਰੀ ਕਿਸੇ ਪਾਸੇ ਨੂੰ ਚਲਾ ਜਾਂਦਾ ਹੈ ਅਤੇ ਕਈ ਵਾਰੀ ਕਿਸੇ ਪਾਸੇ ਹੋਰ ਚਲਾ ਜਾਂਦਾ ਹੈ। ਕਈ ਵਾਰੀ ਉਹ ਫੈਸਲੇ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ। ਤੁਸੀਂ ਫੈਸਲਾ ਕੀ ਕਰ ਰਹੇ ਹੋ ? ਮੈਂ ਚੰਡੀਗੜ੍ਹ ਜਦੋਂ ਵਾਪਿਸ ਆਇਆ ਤਾਂ ਇਕ ਰਿਟਾ- ਇਰ ਜੱਜ ਦਾ ਮੈਨੂੰ ਟੈਲੀਫੂਨ ਆਇਆ ਕਿ ਮੈਂ ਅਖਬਾਰ ਵਿਚ ਰਿਪੋਰਟ ਪੜ੍ਹੀ ਹੈ। ਜੇਕਰ ਸਾਡਾ ਕੋਈ ਮੈਜਿਸਟ੍ਰੇਟ ਇਸ ਤਰ੍ਹਾਂ ਦਾ ਫੈਸਲਾ ਲਿਖ ਦਿੰਦਾ ਤਾਂ ਅਸੀਂ ਉਹ ਮੈਜਿਸਟ੍ਰੇਟ ਨੂੰ ਡਿਸਮਿਸ ਕਰ ਦਿੰਦੇ। ਮੈਂ ਹਾਊਸ ਦੇ ਮੈਂਬਰ ਦੀ ਗੱਲ ਨਹੀਂ ਕਰ ਰਿਹਾ। ਉਹ ਗਲਤ ਫੈਸਲਾ ਕਰ ਬੈਠੇ। 70,000 ਏਕੜ ਰਕਬਾ ਦੇ ਰਹੇ ਹਾਂ, ਇਹ ਕਿਉਂ ਦੇ ਰਹੇ ਹਾਂ ? ਅਬੋਹਰ, ਫਾਜ਼ਿਲਕਾ ਦਾ ਤਿੰਨ ਜਾਂ ਸਾਢੇ ਤਿੰਨ ਲੱਖ ਏਕੜ ਬਣਦਾ ਹੈ ਔਰ ਇਸ ਤਰ੍ਹਾਂ 70,000 ਏਕੜ ਰਕਬੇ ਤੇ ਪਹੁੰਚੇ ਹਾਂ। ਚੰਡੀਗੜ੍ਹ ਪੰਜਾਬ ਨੂੰ ਦੇਣਾ ਹੈ। ਉਸ ਲਈ ਇਲਾਕਾ ਤਲਾਸ਼ ਕਰਨਾ ਸੀ ਪਰ ਉਹ ਇਸ ਪਾਸੇ ਤੁਰ ਪਏ You can give some areas, some Hindi Speaking territories which can be transferred to Haryana.

ਸਪੀਕਰ ਸਾਹਿਬ, ਫਿਰ ਇਥੇ ਆਖਿਆ ਗਿਆ ਸੀ ਕਿ ਹਿੰਦੀ ਸਪੀਕਿੰਗ ਇਲਾਕਾ ਜਾਣਾ ਹੈ, ਜੋ ਕਿ ਅਕਾਰਡ ਦੇ ਮੁਤਾਬਿਕ ਜਾਣਾ ਹੈ। ਟਰਮਜ਼ ਆਫ ਰੈਫਰੈਂਸ ਵਿਚ ਇਹ ਸੀ ਪਰ ਆਪ ਨੇ ਖਹਿੜਾ ਛਡਾ ਲਿਆ ਔਰ ਨਾਲ ਇਹ ਕਹਿ ਗਏ ਕਿ ਗੌਰਮਿੰਟ ਆਫ ਇੰਡੀਆ ਇਕ ਹੋਰ ਕਮਿਸ਼ਨ ਬਣਾ ਦੇਵੇ। 30 ਪਿੰਡ ਆਈਡੈਂਟੀਫਾਈ ਕਰ ਦਿੱਤੇ ਹਨ ਪਰ ਕਮਿਸ਼ਨ ਵੱਲੋਂ ਕੋਈ ਫੈਸਲਾ ਨਾ ਕਰਕੇ ਸਾਨੂੰ ਮੁਸ਼ਕਲ ਵਿਚ ਪਾ ਦਿੱਤਾ। ਜੱਜ ਬਣਾਏ ਗਏ ਸਨ ਕਿ ਮੁਸ਼ਕਲ ਨੂੰ ਆਸਾਨ ਕਰਨਗੇ। ਸਪੀਕਰ ਸਾਹਿਬ, ਮੈਥਿਊ ਕਮਿਸ਼ਨ ਨੇ ਇਕ ਗੱਲ ਦਾ ਫੈਸਲਾ ਚੰਗਾ ਕੀਤਾ ਸੀ ਕਿ ਅਬੋਹਰ ਅਤੇ ਫਾਜ਼ਿਲਕਾ ਸਾਡੇ ਕੋਲ ਰਹਿਣਗੇ। (ਥੰਪਿੰਗ) ਪਰ ਜਿਹੜਾ ਦੂਸਰਾ ਕਮਿਸ਼ਨ ਬੈਠਿਆ ਉਹ ਇਸ ਤੋਂ ਅਗੇ ਨਿਕਲ ਗਿਆ। 45,000 ਏਕੜ ਰਕਬਾ ਆਈਡੈਂਟੀਫਾਈ ਹੋ ਗਿਆ ਪਰ ਕਮਿਸ਼ਨ ਨੇ ਕਿਹਾ ਕਿ 70,000 ਏਕੜ ਰਕਬਾ ਹੋਣਾ ਚਾਹੀਦਾ ਹੈ। ਅੱਗੋਂ ਇਕ ਹੋਰ ਕਮਿਸ਼ਨ ਬਿਠਾਉਣ ਲਈ ਵੀ ਕਿਹਾ ਹੈ। ਸਪੀਕਰ ਸਾਹਿਬ, ਸਾਡੇ ਕੋਲ ਦੋ ਰਸਤੇ ਰਹਿ ਜਾਂਦੇ ਹਨ। ਗੌਰਮਿੰਟ ਆਫ ਇੰਡੀਆ ਕਹਿ ਚੁਕੀ ਹੈ ਕਿ 21 ਜੂਨ ਨੂੰ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਣਾ ਹੈ। ਪਹਿਲੀ ਗੱਲ ਤਾਂ ਚੰਡੀਗੜ੍ਹ 21 ਜੂਨ ਨੂੰ ਭਾਵ ਪਰਸੋਂ ਪੰਜਾਬ ਨੂੰ ਟਰਾਂਸਫਰ ਹੋਣਾ ਚਾਹੀਦਾ ਹੈ। ਕੁਝ ਏਰੀਆਜ਼ ਅਡੈਂਟੀਫਾਈ ਕਰਨੇ ਹਨ। ਇਕ ਕਲਾਜ਼ ਹੈ ਕਿ ਸਾਈਮਲਟੇਨੀਅਸਲੀ ਟਰਾਂਸਫਰ ਹੋਣੇ ਹਨ ਤੁਹਾਡੇ ਕੋਲ ਆਈਡੈਂਟੀਫਾਈ ਏਰੀਆਜ਼ ਪਏ ਹਨ, ਉਹ ਦਿੱਤੇ ਜਾ ਸਕਦੇ ਹਨ।

ਸਪੀਕਰ ਸਾਹਿਬ, ਅਕਾਰਡ ਵਿਚ ਇਹ ਨਹੀਂ। ਟਰਮਜ਼ ਆਫ ਰੈਫਰੈਂਸ ਵਿਚ ਇਹ ਨਹੀਂ ਕਿ ਤੁਸੀਂ ਇਤਨੇ ਦੇਣੇ ਹਨ। ਉਨ੍ਹਾਂ ਨੇ ਫੈਸਲਾ ਕਰ ਦਿੱਤਾ ਔਰ ਪਹਿਲੇ ਕਮਿਸ਼ਨ ਨੇ ਵੀ ਫੈਸਲਾ ਕਰ ਦਿੱਤਾ ਕਿ ਕੁਝ ਹਿੰਦੀ ਸਪੀਕਿੰਗ ਏਰੀਆਜ਼ ਚੰਡੀਗੜ੍ਹ ਦੇ ਇਵਜ਼ ਵਿਚ ਦੇਣੇ ਹਨ। ਇਹ 7.2 ਕਲਾਜ਼ ਥੱਲੇ ਐਨੀ ਗੱਲ ਹੋ ਸਕਦੀ ਹੈ। ਦੂਸਰਾ ਇਲਾਕਾ 25,000 ਏਕੜ ਰਕਬਾ ਕਿਹੜਾ ਹੈ ਔਰ ਕਿਹੜਾ ਹਿੰਦੀ ਸਪੀਕਿੰਗ ਹੈ ਔਰ ਕਿਹੜਾ ਪੰਜਾਬੀ ਸਪੀਕਿੰਗ ਹੈ, ਇਸ ਬਾਰੇ ਸਾਡੇ ਕੋਲ ਸੈਨਸਿਜ਼ ਦੀਆਂ ਰਿਪੋਰਟਾਂ ਨਹੀਂ ਹਨ। 1981 ਦੀ ਸੈਨਸਿਜ਼ ਦੀ ਰਿਪੋਰਟ ਵੀ ਸਾਨੂੰ ਨਹੀਂ ਮਿਲੀ। ਇਹ ਰਿਪੋਰਟ ਵੀ ਸਾਨੂੰ ਕਮਿਸ਼ਨ ਦੇ ਰਾਹੀਂ ਮਿਲੀ ਹੈ। ਸੈਨਸਿਜ਼ ਰਿਪੋਰਟਾਂ ਗੌਰਮਿੰਟ ਆਫ ਇੰਡੀਆ ਦੇ ਪਾਸ ਸਨ ਔਰ ਸਾਡੇ ਕੋਲ ਨਹੀਂ ਹੁੰਦੀਆਂ ਜਿਸ ਤੋਂ ਅਸੀਂ ਅੰਦਾਜ਼ਾ ਲਗਾ ਸਕੀਏ ਕਿ ਹਿੰਦੀ ਬੋਲਦੇ ਪਿੰਡ ਕਿਹੜੇ ਹਨ। ਇਸ ਤਰ੍ਹਾਂ ਸਾਨੂੰ ਬਹੁਤ ਮੁਸ਼ਕਲ ਹੈ ਔਰ ਇਹ ਚੀਜ਼ ਗੌਰਮਿੰਟ ਆਫ ਇੰਡੀਆ ਕਰ ਸਕਦੀ ਹੈ।

ਇਸ ਵੇਲੇ ਵੈਸੇ ਵੀ ਪ੍ਰੈਸਟਿਜ ਇਨਵਾਲਵਡ ਹੈ ਗੌਰਮਿੰਟ ਆਫ ਇੰਡੀਆ ਦਾ ਅਤੇ ਖਾਸ ਕਰਕੇ ਪ੍ਰਾਈਮ ਮਨਿਸਟਰ ਦਾ ਕਿਉਂਕਿ ਪ੍ਰਾਈਮ ਮਨਿਸਟਰ ਅਕਾਰਡ ਦਾ ਸਿਗਨੇਟਰੀ ਹੈ ਜਿਹੜਾ ਕਿ ਸਾਡੇ ਕੋਲ ਇਕੱਲਾ ਹੀ ਰਹਿ ਗਿਆ ਹੈ । ਬਦਕਿਸਮਤੀ ਨਾਲ ਦੂਸਰਾ ਸਿਗਨੇਟਰੀ ਸ਼ਹੀਦ ਹੋ ਗਿਆ ਹੈ, ਉਹ ਸਾਡੇ ਕੋਲੋਂ ਚਲਾ ਗਿਆ ਹੈ। ਕਿਉਂਕਿ ਹੁਣ ਇਕੱਲਾ ਸਿਗਨੇਟਰੀ ਰਹਿ ਗਿਆ ਹੈ, ਇਸ ਲਈ ਉਸਦੀ ਜ਼ਿੰਮੇਵਾਰੀ ਜ਼ਿਆਦਾ ਬਣਦੀ ਹੈ ਕਿ 21 ਤਾਰੀਖ ਨੂੰ ਚੰਡੀਗੜ੍ਹ ਸੌਂਪਿਆ ਜਾਵੇ ਅਤੇ ਕੁਝ ਇਲਾਕਾ ਜਿਹੜਾ ਆਈਡੈਂਟੀਫਾਈ ਹੋ ਗਿਆ ਹੈ, ਉਹ ਦੇ ਦਿੱਤਾ ਜਾਵੇ । ਹੋਰ ਕੋਈ ਇਲਾਕੇ ਜਿਹੜੇ ਉਹ ਦੇਣੇ ਸਹੀ ਸਮਝਦੇ ਹਨ, ਉਸ ਲਈ ਹੋਰ ਕਮਿਸ਼ਨ ਬਣਾ ਦਿਓ । ਪਹਿਲਾਂ ਹੀ ਬੜਾ ਮੱਥਾ ਮਾਰ ਚੁਕੇ ਹਾਂ ਕਮਿਸ਼ਨਾਂ ਨਾਲ, ਹੋਰ ਮਾਰ ਲਵਾਂਗੇ ਅਤੇ ਕੋਸ਼ਿਸ਼ ਕਰਾਂਗੇ ਕਿ ਕਮਿਸ਼ਨ ਨੂੰ ਕੋਈ ਸਹੀ ਰਸਤਾ ਮਿਲ ਸਕੇ । 7.2 ਹੇਠ ਦੇ ਦਿਓ । 7.4 ਵੀ ਇਸ ਦੀ ਇਕ ਕਲਾਜ਼ ਹੈ। 7.4 ਇਕ ਐਸੀ ਕਲਾਜ਼ ਹੈ ਜਿਸਦੇ ਵਿੱਚ ਅਸੀਂ ਵੀ ਬਹੁਤ ਸਾਰਾ ਇਲਾਕਾ ਕਲੇਮ ਕਰਦੇ ਹਾਂ। ਉਹ ਤਾਂ ਹਰ ਵਾਰੀ ਬੜਾ ਕਲੇਮ ਕਰ ਲੈਂਦੇ ਹਨ। ਉਨ੍ਹਾਂ ਨੇ ਇਨ ਲਿਊ ਆਫ ਚੰਡੀਗੜ੍ਹ ਕਲੇਮ ਕਰਨਾ ਸੀ। ਹੁਣ ਵੀ 29 ਤਾਰੀਖ ਨੂੰ ਉਨ੍ਹਾਂ ਲਿਆ ਕੇ ਕਾਗਜ਼ਾਂ ਦਾ ਇਕ ਪੁਲੰਦਾ ਕਮਿਸ਼ਨ ਸਾਹਮਣੇ ਸੁੱਟ ਦਿੱਤਾ ਅਤੇ 483 ਪਿੰਡ ਕਲੇਮ ਕਰ ਲਏ । ਇਸੇ ਤਰ੍ਹਾਂ ਸਾਡੇ ਵੀ ਕਲੇਮ ਹਨ । ਅਸੀਂ ਵੀ ਬੜਾ ਵੱਡਾ ਏਰੀਆ ਕਲੇਮ ਕਰਦੇ ਹਾਂ ਜਿਹੜਾ ਕਿ 8–9 ਸੌ ਅਤੇ 11 ਸੌ ਪਿੰਡਾਂ ਤੱਕ ਦਾ ਬਣ ਸਕਦਾ ਹੈ। 7.4 ਥੱਲੇ ਫੈਸਲਾ ਹੋਣਾ ਹੈ, ਉਸ ਦੇ ਲਈ ਵੀ ਕਮਿਸ਼ਨ ਨਾਲ ਦੀ ਨਾਲ ਐਪੁਆਇੰਟ ਕਰ ਦੇਣਾ ਚਾਹੀਦਾ ਹੈ ਤਾਕਿ ਪੰਜਾਬ ਦੇ ਲੋਕੀਂ ਵੀ ਸਮਝਣ ਕਿ ਸਾਡੇ ਜਿਹੜੇ ਇਲਾਕੇ ਉਧਰ ਹਨ, ਉਹ ਵੀ ਮਿਲ ਸਕਦੇ ਹਨ । (ਥੰਪਿੰਗ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ** ** **

Mr. Speaker : This is no point of order. You cannot seek information now. Please take your seat.

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਇਕ ਹੋਰ ਹੈ ਜੀ ।

Mr Speaker. Let him conclude first.

ਸਰਦਾਰ ਸੁਖਜਿੰਦਰ ਸਿੰਘ : ਇੰਡੀਅਨ ਐਕਸਪਰੈਸ ਨੇ ਕਿਹਾ ਹੈ ਕਿ 70 ਹਜ਼ਾਰ ਏਕੜ ਜਿਹੜਾ ਹੈ . . . .

ਸ੍ਰੀ ਸਪੀਕਰ : ਜੇ ਕੋਈ ਕਲੈਰੀਫਿਕੇਸ਼ਨ ਲੈਣੀ ਹੈ ਤਾਂ ਕਲੈਰੀਫਿਕੇਸ਼ਨ ਲਓ । ਪੁਆਇੰਟ ਆਫ ਆਰਡਰ ਤੇ ਕਲੈਰੀਫਿਕੇਸ਼ਨ ਨਹੀਂ ਲਈ ਜਾ ਸਕਦੀ ।

ਮੁੱਖ ਮੰਤਰੀ : ਮੈਂ, ਸਪੀਕਰ ਸਾਹਿਬ, ਅਕਾਰਡ ਵਿਚੋਂ ਹੀ ਪੜ੍ਹ ਕੇ ਸੁਣਾ ਰਿਹਾ ਸੀ, ਕੋਈ ਬਾਹ ਦੀ ਗੱਲ ਨਹੀਂ ਸੀ ਕਰ ਰਿਹਾ । ਮੈਂ ਇਹ ਨਹੀਂ ਕਿਹਾ ਕਿ ਮੈਂ ਤਿਆਰ ਹਾਂ ਦੇਣ ਨੂੰ ਅਤੇ ਮੈਂ ਨਹੀਂ ਤਿਆਰ ਦੇਣ ਨੂੰ। ਮੈਂ ਤਾਂ ਅਕਾਰਡ ਦੇ ਮੁਤਾਬਿਕ ਹੀ ਗੱਲ ਕਰ ਰਿਹਾ ਸੀ ਕਿ ਇਹ 7.2 ਥੱਲੇ ਹੋ ਸਕਦਾ ਹੈ ਅਤੇ 7.4 ਥੱਲੇ ਬਹੁਤ ਕੁੱਝ ਆ ਸਕਦਾ ਹੈ ਤਾਂ ਇਥੇ ਕੋਈ 2–3 ਸੱਜਣ ਖੜੇ ਹੋ ਗਏ। ਅਸੀਂ ਤਾਂ ਬੜਾ ਏਰੀਆ ਲੈਣਾ ਚਾਹੁੰਦੇ ਹਾਂ । ਅਬੋਹਰ ਫਾਜ਼ਿਲਕਾ ਦੇ ਝਗੜੇ ਵੇਲੇ ਸਾਰਾ ਸਾਡਾ ਵਰਕਰ ਹਜ਼ਾਰਾਂ ਦੀ ਤਾਦਾਦ ਵਿੱਚ ਉਥੇ ਗਿਆ, ਸਰਦਾਰ ਬਲਵੰਤ ਸਿੰਘ ਹੋਰੀਂ

**Expunged as ordered by the Chair.

[ਮੁੱਖ ਮੰਤਰੀ]

ਵੀ ਉਥੇ ਸਨ ਕਿਉਂਕਿ ਉਹ ਮਸਲਾ ਗੰਭੀਰ ਸੀ । ਪਰ ਇਥੋਂ ਦੇ ਇਕ ਬਹੁਤ ਵੱਡੇ ਲੀਡਰ ਜਿਹੜੇ ਹੁਣੇ ਹਾਊਸ ਵਿੱਚ ਬੋਲ ਕੇ ਹਟੇ ਹਨ, ਉਹ ਉਥੋਂ ਚਲੇ ਆਏ ਅਤੇ ਉਨ੍ਹਾਂ ਇਕ ਦਿਹਾੜੀ ਵੀ ਨਹੀਂ ਉਥੇ ਲਾਈ । ਇਹ ਪਿਆਰ ਹੈ ਇਨ੍ਹਾਂ ਨੂੰ ਅਬੋਹਰ-ਫਾਜ਼ਿਲਕਾ ਅਤੇ ਕੰਡੂ-ਖੇੜਾ ਨਾਲ । ਇਨ੍ਹਾਂ ਨੂੰ ਕੋਈ ਕੰਮ ਨਹੀਂ ਸੀ, ਕਾਰ ਨਹੀਂ ਸੀ, ਬਸ ਸਿਰਫ 26 ਤਾਰੀਖ ਦਾ ਇੰਤਜ਼ਾਰ ਸੀ ਅਤੇ ਇਹ ਤਾਂ ਅਬੋਹਰ-ਫਾਜ਼ਿਲਕਾ ਦੇ ਕੇ ਵੀ ਰਾਜ਼ੀ ਸੀ ਅਤੇ ਜਸ਼ਨ ਮਨਾਉਣ ਨੂੰ ਤਿਆਰ ਸਨ । ਇਹ ਇਸ ਗੱਲ ਦਾ ਵੀ ਪਾਲੀਟੀਕਲ ਐਡਵਾਂਟੇਜ ਲੈਣਾ ਚਾਹੁੰਦੇ ਸਨ। ਪਰ ਲੋਕਾਂ ਨੂੰ ਇਨ੍ਹਾਂ ਗੱਲਾਂ ਦਾ ਪਤਾ ਹੈ ਕਿ ਜੋ ਚੀਜ਼ ਮਿਲ ਜਾਂਦੀ ਹੈ, ਹਾਸਿਲ ਕਰ ਲਈ ਜਾਂਦੀ ਹੈ, ਉਸਦੇ ਬਾਰੇ ਹੀ ਬਾਅਦ ਵਿੱਚ ਕਹਿ ਦਿੱਤਾ ਜਾਂਦਾ ਹੈ ਕਿ ਇਹ ਤਾਂ ਆਪਣਾ ਹੀ ਸੀ । ਇਹ ਤਾਂ ਅੱਗੇ ਅਬੋਹਰ-ਫਾਜ਼ਿਲਕਾ ਕਈ ਵਾਰੀ ਦੇ ਚੁਕੇ ਸਨ ਅਤੇ ਆਪਣਾ ਖਹਿੜਾ ਛੁਡਾ ਚੁਕੇ ਸਨ ਪਰ ਅਕਾਲੀ ਦਲ ਇਸ ਲਈ ਲੜਿਆ ਅਤੇ ਉਸ ਨੇ ਇਸਨੂੰ ਵਸੂਲ ਵੀ ਕਰ ਲਿਆ ਅਤੇ ਉਹ ਵੀ ਕਮਿਸ਼ਨ ਰਾਹੀਂ ਵਸੂਲ ਕਰ ਲਿਆ । ਇਹ ਵਾਰ ਵਾਰ ਆਖੀ ਜਾਂਦੇ ਹਨ ਕਿ ਕਿਸੇ ਕਮਿਸ਼ਨ ਨੇ ਸਾਡੇ ਹੱਕ ਵਿੱਚ ਕੁਝ ਨਹੀਂ ਕੀਤਾ, ਕੋਈ ਹੱਕ ਵਿੱਚ ਫੈਸਲਾ ਨਹੀਂ ਕੀਤਾ ਪਰ ਮੈਂ ਤਾਂ ਕਹਿੰਦਾ ਹਾਂ ਕਿ ਇਕ ਕਮਿਸ਼ਨ ਹੀ ਅਬੋਹਰ ਫਾਜ਼ਿਲਕਾ ਨੂੰ ਪੰਜਾਬ ਦਾ ਅਟੁੱਟ ਅੰਗ ਬਣਾ ਗਿਆ ਹੈ । (ਥੰਪਿੰਗ) ਭਾਵੇਂ ਉਥੇ ਹਿੰਦੂ ਵੀਰਾਂ ਦੀ ਜ਼ਿਆਦਾ ਮੈਜਾਰਿਟੀ ਹੈ ਅਤੇ ਭਾਵੇਂ ਦੂਸਰਿਆਂ ਦੀ, ਮੈਂ ਉਥੇ ਗਿਆ ਸੀ ਅਤੇ ਉਨ੍ਹਾਂ ਲੋਕਾਂ ਨੂੰ ਤਸੱਲੀ ਦਿੱਤੀ ਸੀ ਕਿ ਤੁਹਾਡੀਆਂ ਤਕਲੀਫਾਂ ਸਾਡੀਆਂ ਹਨ ਅਤੇ ਹਿੰਦੂ ਸਿੱਖਾਂ ਵਿੱਚ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ । ਇਹ ਸਰਬੱਤ ਦੇ ਭਲੇ ਵਾਲੀ ਸਰਕਾਰ ਹੈ । ਉਨ੍ਹਾਂ ਨੇ ਕਿਹਾ ਕਿ ਅਬੋਹਰ ਸਬ-ਤਹਿਸੀਲ ਹੈ, ਇਸ ਨੂੰ ਸਬ-ਡਿਵੀਜ਼ਨ ਬਣਾ ਦਿਓ, ਉਹ ਅਸੀਂ ਬਣਾ ਦਿੱਤੀ ਤਾਂ ਉਥੇ ਬਹੁਤ ਹੀ ਜ਼ਿਆਦਾ ਖੁਸ਼ੀ ਮਨਾਈ ਗਈ । ਉਥੋਂ ਦੇ ਮੈਂਬਰ ਅਰਜਨ ਸਿੰਘ ਹੋਰੀਂ ਬੈਠੇ ਹਨ। ਉਨ੍ਹਾਂ ਨੂੰ ਵੀ ਪਤਾ ਹੈ ਕਿ ਲੋਕਾਂ ਨੇ ਕਿਸ ਤਰ੍ਹਾਂ ਜਸ਼ਨ ਮਨਾਇਆ ਕਿ ਪਹਿਲੀ ਵਾਰੀ ਤਰੱਕੀ ਦੇ ਕੰਮ ਇਥੇ ਵੀ ਹੋਣ ਲਗੇ ਹਨ ।

ਇਸ ਦੇ ਨਾਲ ਨਾਲ 7.4 ਬੜਾ ਇੰਪਾਰਟੈਂਟ ਹੈ ਅਤੇ ਅਸੀਂ ਬੇਨਤੀ ਕਰਾਂਗੇ ਕਿ 7.4 ਦੇ ਤਹਿਤ ਜਿਹੜਾ ਕਮਿਸ਼ਨ ਨੀਅਤ ਕਰਨਾ ਹੈ, ਉਹ ਕਰਕੇ ਜਿਹੜਾ ਇਲਾਕਾ ਸਾਨੂੰ ਆਉਣਾ ਹੈ ਅਤੇ ਕੋਈ ਇਧਰ ਦਾ ਉਧਰ ਵੀ ਜਾ ਸਕਦਾ ਹੈ ਉਸ ਨੂੰ ਆਈਡੈਂਟੀਫਾਈ ਕਰਨ ਵੇਲੇ, ਉਹ ਕਮਿਸ਼ਨ ਨਾਲ ਦੀ ਨਾਲ ਲਾਇਆ ਜਾਵੇ। 7.4 ਬਾਰੇ ਪੰਜਾਬ ਵਿੱਚ ਲੋਕਾਂ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਪਤਾ ਨਹੀਂ ਕਮਿਸ਼ਨ ਬਣਾਉਣਗੇ ਅਤੇ ਪਤਾ ਨਹੀਂ, ਨਹੀਂ ਬਣਾਉਣਗੇ। ਮੈਂ ਇਹੀ ਅਰਜ਼ ਕਰਨੀ ਚਾਹਵਾਂਗਾ ਕਿ ਇਹ ਕਮਿਸ਼ਨ ਅਪੁਆਇੰਟ ਕਰ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਕੁਝ ਗੱਲਾਂ ਲਾਅ ਐਂਡ ਆਰਡਰ ਦੀਆਂ ਹੋਈਆਂ ਹਨ । ਹੋਰ ਇਕ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਇਸ ਰਿਪੋਰਟ ਦੇ ਆਖਿਰ ਵਿੱਚ ਇਹ ਇਕ ਪੈਰਾ ਪਾ ਦਿੱਤਾ ਜਿਸ ਦੀ ਕਿ ਉਕਾ ਹੀ ਲੋੜ ਨਹੀਂ ਸੀ।

"As long as the offices of the Haryana Government continue to function in Chandigarh, it shall be the special responsibility of the Union Government to provide and ensure adequate security for them."

ਇਹ ਵਾਧੂ ਸੀ । ਇਹ ਟਰਮਜ਼ ਆਫ ਰੈਫਰੈਂਸ ਵਿੱਚ ਨਹੀਂ ਸੀ ਅਤੇ ਨਾ ਅਕਾਰਡ ਵਿੱਚ ਸੀ। ਉਹ ਕੁੱਝ ਸਮੇਂ ਵਾਸਤੇ ਇਥੇ ਰਹਿੰਦੇ ਹਨ, ਪਹਿਲਾਂ 5 ਸਾਲ ਦਾ ਸਮਾਂ ਰਖਿਆ ਗਿਆ ਸੀ ਅਤੇ ਹੁਣ ਵੀ ਰਖਿਆ ਗਿਆ ਹੈ ਪਰ ਹੁਣ ਪੁਖਤਾ ਨਹੀਂ ਰਖਿਆ ਗਿਆ । ਉਹ ਆਪਣਾ ਕੰਪਲੈਕਸ ਬਣਾਉਣਾ ਸ਼ੁਰੂ ਕਰ ਦੇਣਗੇ ਅਤੇ ਜਿਵੇਂ ਜਿਵੇਂ ਉਹ ਬਣਦਾ ਜਾਵੇਗਾ, ਉਨ੍ਹਾਂ ਦੇ ਦਫਤਰ ਵੀ ਇਥੋਂ ਸ਼ਿਫਟ ਹੁੰਦੇ ਰਹਿਣਗੇ । ਉਨ੍ਹਾਂ ਕਿਹਾ ਹੈ ਕਿ ਕੋਈ 3 ਸਾਲਾਂ ਵਿੱਚ ਹੀ ਬਣ ਜਾਵੇਗਾ ਤਾਂ ਉਹ ਚਲੇ

ਜਾਣਗੇ । ਕੋਈ ਵੀ ਕਿਸੇ ਦਾ ਕਿਰਾਏਦਾਰ ਬਣ ਕੇ ਰਹਿਣਾ ਨਹੀਂ ਚਾਹੁੰਦਾ । ਅੱਜ ਤਾਂ ਉਨ੍ਹਾਂ ਵਿੱਚ ਇਸ ਸ਼ਹਿਰ ਲਈ ਅਪਣੱਤ ਹੈ। ਪਰ ਜਦ ਫੈਸਲਾ ਹੋ ਜਾਵੇਗਾ ਤਾਂ ਉਹ ਛੇਤੀ ਤੋਂ ਛੇਤੀ ਜਾਣਾ ਚਾਹੁਣਗੇ ਅਪਣੀ ਕੈਪੀਟਲ ਵਿੱਚ। ਉਹ ਮੈਨੂੰ ਦੱਸ ਰਹੇ ਸਨ ਕਿ ਉਹ 3 ਸਾਲਾਂ ਵਿੱਚ ਹੀ ਆਪਣੀਆਂ ਬਿਲਡਿੰਗਜ਼ ਕੰਪਲੀਟ ਕਰ ਲੈਣਗੇ ਅਤੇ ਅੱਜ ਸੈਕਰਟੇਰੀਏਟ ਜਾ ਰਿਹਾ ਹੈ, ਫੇਰ ਵਿਧਾਨ ਸਭਾ ਅਤੇ ਫੇਰ ਹਾਈ ਕੋਰਟ ਚਲਾ ਜਾਵੇਗਾ । ਇਹ 3 ਸਾਲਾਂ ਵਿੱਚ ਹੋ ਸਕਦਾ ਹੈ ਅਤੇ ਬਾਹਰ ਦੀ ਮਿਆਦ 5 ਸਾਲ ਦਿੱਤੀ ਗਈ ਹੈ । ਫਿਰ ਇਸ 49 ਪੈਰੇ ਦੀ ਲੋੜ ਨਹੀਂ ਸੀ। ਜਦੋਂ ਮਨਿਸਟਰਾਂ ਨੇ, ਚੀਫ ਮਨਿਸਟਰ ਨੇ, ਅਫਸਰਾਂ ਨੇ ਏਥੇ ਹੀ ਰਹਿਣਾ ਹੈ ਤਾਂ ਸਿਕਿਓਰਿਟੀ ਦਾ ਜ਼ਿੰਮਾਂ ਸਾਡਾ ਹੀ ਹੋਣਾ ਚਾਹੀਦਾ ਹੈ ਕਿਉਂਕਿ ਜਿਸਦੇ ਕੋਲ ਚੰਡੀਗੜ੍ਹ ਹੋਵੇਗਾ, ਸਿਕਿਓਰਿਟੀ ਦਾ ਪ੍ਰਬੰਧ ਵੀ ਉਸੇ ਦਾ ਹੋਵੇਗਾ । ਹਰਿਆਣੇ ਦੇ ਮਨਿਸਟਰਾਂ ਕੋਲ ਅਤੇ ਅਫਸਰਾਂ ਕੋਲ ਤਾਂ ਪਹਿਲਾਂ ਹੀ ਹਰਿਆਣਾ ਪੁਲਿਸ ਅਤੇ ਪੰਜਾਬ ਵਾਲਿਆਂ ਕੋਲ ਪੰਜਾਬ ਪੁਲਿਸ ਪਹਿਰਾ ਦਿੰਦੀ ਹੈ।। ਪੰਜਾਬ ਵਾਲਿਆਂ ਦੀ ਸਿਕਿਓਰਿਟੀ ਦਾ ਇੰਤਜ਼ਾਮ ਪੰਜਾਬ ਪੁਲਿਸ ਕੋਲ ਹੈ । ਹਰਿਆਣੇ ਵਾਲਿਆਂ ਦੀ ਸਿਕਿਉਰਿਟੀ ਹਰਿਆਣੇ ਵਾਲਿਆਂ ਕੋਲ ਹੈ । ਓਵਰਆਲ ਕੰਟਰੋਲ ਯੂ.ਟੀ. ਦਾ ਹੈ । ਇਸੇ ਤਰ੍ਹਾਂ ਹੀ ਓਵਰਆਲ ਕੰਟਰੋਲ ਸਾਡਾ ਹੋਵੇਗਾ। ਅਸੀਂ ਤਾਂ ਇਹ ਹੀ ਚਾਹੁੰਦੇ ਹਾਂ ਕਿ ਉਹ ਸੇਫ ਰਹਿਣ । ਉਨ੍ਹਾਂ ਨੂੰ ਸੇਫ ਰਖਣ ਦੀ ਜ਼ਿੰਮੇਵਾਰੀ ਸਾਡੀ ਹੋਵੇਗੀ । ਅਸੀਂ ਇਸ ਬਾਰੇ ਇਕ ਮਤਾ ਵੀ ਪਾਸ ਕੀਤਾ ਸੀ। ਉਸ ਦਾ ਭਾਵ ਵੀ ਇਹ ਹੀ ਸੀ ਕਿ ਜੋ ਚੀਜ਼ਾਂ ਅਵਾਰਡ ਦੇ ਵਿਚ ਆਈਆਂ ਹਨ, ਜੋ ਚੀਜ਼ਾਂ ਟਰਮਜ਼ ਆਫ ਰੈਫਰੈਂਸ ਦੇ ਮੁਤਾਬਿਕ ਹਨ, ਅਸੀਂ ਉਹ ਚੀਜ਼ਾਂ ਕਬੂਲ ਕਰਦੇ ਹਾਂ। ਮੈਥਿਊ ਕਮਿਸ਼ਨ ਦੀਆਂ ਟਰਮਜ਼ ਆਫ ਰੈਫਰੈਂਸ ਠੀਕ ਨਹੀਂ ਸਨ, ਉਸ ਵਿਚ "ਅਦਰ ਫੈਕਟਰਜ਼" ਜੋੜ ਦਿੱਤਾ ਗਿਆ ਸੀ । ਇਹ ਅਕਾਰਡ ਦੇ ਮੁਤਾਬਿਕ ਨਹੀਂ ਸੀ ਲੇਕਿਨ ਅਸੀਂ ਫਿਰ ਵੀ ਉਸ ਵਿਚ ਕਾਮਯਾਬ ਹੋ ਗਏ ਸਾਂ। "ਅਦਰ ਫੈਕਟਰਜ਼" ਨੂੰ ਤਵੱਜੋ ਨਹੀਂ ਦਿੱਤੀ ਗਈ। ਹੁਣ ਫਿਰ ਅਸੀਂ ਉਹੀ ਟਰਮਜ਼ ਆਫ ਰੈਫਰੈਂਸ ਚਾਹੁੰਦੇ ਹਾਂ—ਲੈਂਗੂਏਜ, ਵਿਲੇਜ ਐਜ਼ ਏ ਯੂਨਿਟ ਅਤੇ ਕੰਟੀਗੁਇਟੀ ।

ਇਥੇ ਬਹਿਸ ਹੋਈ ਲਾਅ ਐਂਡ ਆਰਡਰ ਦੇ ਬਾਰੇ । ਇਥੇ ਲਾਅ ਐਂਡ ਆਰਡਰ ਦਾ ਜ਼ਿਕਰ ਆਇਆ ਹੈ ।

EXTENSION OF TIME OF THE SITTING

ਸ਼੍ਰੀ ਸਪੀਕਰ : ਤੁਸੀਂ ਕਿੰਨਾ ਕੁ ਟਾਈਮ ਹੋਰ ਲੈਣਾ ਚਾਹੋਗੇ ?

ਮੁੱਖ ਮੰਤਰੀ : ਮੈਂ 10 ਕੁ ਮਿੰਟ ਹੋਰ ਲਵਾਂਗਾ ।

ਸ਼੍ਰੀ ਸਪੀਕਰ : ਇਸ ਵੇਲੇ 4.10 ਹੋਏ ਹਨ। ਜੇਕਰ ਹਾਊਸ ਦੀ ਇਜ਼ਾਜ਼ਤ ਹੋਵੇ ਤਾਂ ਹਾਊਸ ਦਾ ਸਮਾਂ 4.30 ਵਜੇ ਤੱਕ ਕਰ ਦਿਤਾ ਜਾਵੇ ?

(ਅਵਾਜ਼ਾਂ : ਠੀਕ ਹੈ ਜੀ, ਠੀਕ ਹੈ ਜੀ)

ਸ਼੍ਰੀ ਸਪੀਕਰ : ਹਾਊਸ ਦੀ ਮਰਜ਼ੀ ਨਾਲ ਹਾਊਸ ਦਾ ਸਮਾਂ 4.30 ਵਜੇ ਤੱਕ ਵਧਾਇਆ ਜਾਂਦਾ ਹੈ।

DISCUSSION ON THE STATEMENT BY CHIEF MINISTER *Re.* MIGRATION OF MEMBERS OF MINORITY COMMUNITY FROM PUNJAB, POLICE FIRING IN SUJANPUR AND PUNJAB ACCORD (*Resumption*)

ਮੁੱਖ ਮੰਤਰੀ : ਮੈਂ ਇਸ ਬਾਰੇ ਅੱਜ ਇਕ ਸਟੇਟਮੈਂਟ ਵੀ ਦਿੱਤੀ ਸੀ। ਉਹ ਸਟੇਟਮੈਂਟ ਕਾਫੀ ਲੰਮੀ ਇਸੇ ਕਰਕੇ ਹੀ ਸੀ। ਅਸੀਂ ਲਾਅ ਐਂਡ ਆਰਡਰ ਨੂੰ ਇੰਪਰੂਵ ਕਰਨ ਵਾਸਤੇ ਯਕੀਨ

[ਮੁੱਖ ਮੰਤਰੀ]

ਦਿਵਾਇਆ ਹੈ ਲੇਕਿਨ ਜੋ ਮਸਲਾ ਪਿਛਲੇ 4-5 ਸਾਲਾਂ ਤੋਂ ਖਰਾਬ ਹੋਇਆ ਹੋਇਆ ਹੈ, ਉਸ ਨੂੰ ਠੀਕ ਕਰਨ ਲਈ ਕੁਝ ਟਾਈਮ ਲੱਗੇਗਾ। ਇਥੇ ਫੌਜ ਵੀ ਬੁਲਾਈ ਗਈ, ਸੀ.ਆਰ.ਪੀ.ਐਫ. ਬੁਲਾਈ ਗਈ, ਬੀ.ਐਸ.ਐਫ. ਵੀ ਬੁਲਾਈ ਗਈ। ਮਾਰ ਧਾੜਾਂ ਹੁੰਦੀਆਂ ਰਹੀਆਂ। ਲੋਕ ਭਜਾਏ ਗਏ। ਫਿਰ ਆ ਗਏ। ਫਿਰ ਭਜਾਏ ਗਏ। ਇਹ ਸਿਲਸਿਲਾ ਚਲਦਾ ਰਿਹਾ। ਅਸੀਂ ਹਾਲਾਤ ਨੂੰ ਠੀਕ ਕਰਨ ਦੀ ਕੋਸ਼ਸ਼ ਕੀਤੀ ਹੈ ਲੇਕਿਨ ਇਸ ਦੇ ਬਾਵਜੂਦ ਹਾਲਾਤ ਬਹੁਤ ਚੰਗੇ ਨਹੀਂ। ਮੈਂ ਇਸ ਗੱਲ ਦਾ ਕਦੀ ਕਰੈਡਿਟ ਨਹੀਂ ਲਿਆ ਕਿ ਹਾਲਾਤ ਬਹੁਤ ਵਧੀਆ ਹਨ। ਅਸੀਂ ਤਾਂ ਹਾਲਾਤ ਸੁਧਾਰਨ ਦਾ ਵਧ ਤੋਂ ਵਧ ਯਤਨ ਕੀਤਾ ਹੈ। ਜਿਥੇ ਜ਼ਰੂਰਤ ਹੋਈ ਹੈ, ਉਥੇ ਅਸੀਂ ਬੀ.ਐਸ.ਐਫ. ਭੇਜੀ ਹੈ, ਕਿਤੇ ਸੀ.ਆਰ.ਪੀ.ਐਫ. ਵੀ ਭੇਜੀ ਹੈ। ਇਸ ਤਰ੍ਹਾਂ ਨਾਲ ਅਸੀਂ ਯਤਨ ਕੀਤਾ ਹੈ ਕਿ ਲੋਕਾਂ ਵਿਚ ਕਾਨਫੀਡੈਂਸ ਹੋ ਸਕੇ। ਇਸੇ ਤਰ੍ਹਾਂ ਇਥੇ ਹਥਿਆਰਾਂ ਦੀ ਗੱਲ ਚੱਲੀ ਸੀ। ਜੇ 277 ਹਥਿਆਰ ਹਿੰਦੂਆਂ ਦੇ ਪਰਿਵਾਰਾਂ ਨੂੰ ਦਿੱਤੇ ਗਏ ਤਾਂ ਉਸ ਦੇ ਮੁਕਾਬਲੇ ਸਿੱਖਾਂ ਨੂੰ ਕੇਵਲ 173 ਹਥਿਆਰ ਹੀ ਦਿੱਤੇ ਗਏ। 100 ਹਥਿਆਰ ਮਿਨਾਰਿਟੀ ਕਮਿਊਨਿਟੀ ਨੂੰ ਵਾਧੂ ਦਿੱਤੇ ਗਏ ਤਾਂਕਿ ਉਹ ਆਪਣੀ ਪ੍ਰੋਟੈਕਸ਼ਨ ਕਰ ਸਕਣ, ਆਪਣੀ ਕੋਈ ਫੋਰਸ ਬਣਾ ਕੇ ਆਪਣੀ ਹਿਫਾਜ਼ਤ ਕਰ ਸਕਣ ਅਤੇ ਕਿਸੇ ਦੇ ਮਨ ਵਿਚ ਇਹ ਨਾ ਆਵੇ ਕਿ ਸਰਕਾਰ ਸਿੱਖਾਂ ਦੀ ਹਮਾਇਤ ਕਰ ਰਹੀ ਹੈ। ਇਥੇ ਮੇਰੇ ਦੋਸਤ ਬਾਦਲ ਸਾਹਿਬ ਨੇ ਕਿਹਾ ਕਿ ਅਸੀਂ ਅਮਨ ਦੇ ਹਮਾਇਤੀ ਹਾਂ। ਇਥੇ ਕਈਆਂ ਨੇ ਸਾਨੂੰ ਕ੍ਰਿਟੀਸਾਈਜ਼ ਕੀਤਾ ਕਿ ਉਹ ਤੁਹਾਡੇ ਕੋਲੋਂ ਵੱਖਰੇ ਹੋ ਗਏ ਹਨ, ਦੂਸਰੇ ਪਾਸੇ ਚਲੇ ਗਏ ਹਨ, ਵੱਖਰੇ ਜਲਸੇ ਕਰਵਾਉਂਦੇ ਪਏ ਹਨ। ਜੋ ਕੁਝ ਰਹਿੰਦਾ ਹੈ, ਉਸ ਤੋਂ ਸਾਰੇ ਲੋਕ ਚਿੰਤੁਤ ਹੋ ਗਏ। ਅਸਲ ਵਿਚ ਸਾਰੇ ਲੀਡਰ, ਵੱਡੇ ਵੱਡੇ ਲੀਡਰ ਸਾਡੇ ਨਾਲੋਂ ਵੱਖਰੇ ਹੋ ਗਏ। ਸਾਡੇ ਕੋਲ ਸਿਰਫ ਵਰਕਰ ਹੀ ਰਹਿ ਗਏ। ਪੰਜਾਬ ਦੇ ਲੋਕਾਂ ਨੂੰ ਅਹਿਸਾਸ ਹੋ ਗਿਆ ਕਿ ਲੀਡਰ ਵੱਖਰੇ ਹੋ ਗਏ ਹਨ। ਫਿਰ ਜਲਸੇ ਹੁੰਦੇ ਹਨ। ਪੋਸਟਰ ਲਗ ਜਾਂਦੇ ਹਨ। ਝੰਡੇ ਲਗ ਜਾਂਦੇ ਹਨ। ਲੋਕ ਸਾਈ-ਲੈਂਟ ਸਪੈਕਟੇਟਰ ਬਣ ਜਾਂਦੇ ਹਨ। ਲੋਕਾਂ ਦੇ ਮਨਾਂ ਵਿਚ ਸ਼ੰਕਾ ਹੋ ਗਈ ਕਿ ਹੁਣ ਸਾਡਾ ਇਥੇ ਰਹਿਣਾ ਮੁਸ਼ਕਲ ਹੋ ਜਾਵੇਗਾ। ਇਹੀ ਕਾਰਨ ਬਣਿਆ ਲੋਕਾਂ ਦੇ ਇਥੋਂ ਜਾਣ ਦਾ। ਇਥੇ ਅਮਨ ਦੀ ਗੱਲ ਅਸੀਂ ਕਰਦੇ ਹਾਂ। ਪਰ ਦੂਜੇ ਪਾਸੇ ਅਸੀਂ ਭੜਕੀਲੀਆਂ ਤਕਰੀਰਾਂ ਕਰਦੇ ਹਾਂ। ਇਥੋਂ ਤੱਕ ਕਿ ਦੂਸਰੇ ਦੇ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਉਸ ਨੂੰ ਖਤਮ ਕਰ ਦਿਓ। ਇਨ੍ਹਾਂ ਦੀਆਂ (ਅਕਾਲੀ ਪਾਰਟੀ ਦੇ ਕੁਝ ਮੈਂਬਰਾਂ ਵੱਲ ਇਸ਼ਾਰਾ) ਸਟੇਜਾਂ ਤੇ ਇਸ ਕਿਸਮ ਦੀਆਂ ਗੱਲਾਂ ਆਖੀਆਂ ਜਾਂਦੀਆਂ ਹਨ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਬਹੁਤ ਅਫਸੋਸ ਹੈ। ਇਸ ਕਰਕੇ ਨਹੀਂ ਕਿ ਇਹ ਗੱਲਾਂ ਮੇਰੇ ਵਾਸਤੇ ਆਖੀਆਂ ਗਈਆਂ। ਮੇਰੇ ਮਨ ਦੇ ਵਿਚ ਕੋਈ ਭੈਅ ਨਹੀਂ ਹੈ। ਸੰਤ ਲੌਂਗੋ-ਵਾਲ ਦੇ ਨਾਲ ਜਦੋਂ ਇਹ ਰਸਤਾ ਅਖਤਿਆਰ ਕੀਤਾ ਤਾਂ ਉਸ ਵੇਲੇ ਹੀ ਇਹ ਸੋਚ ਲਿਆ ਸੀ ਕਿ ਇਹ ਕਠਿਨ ਰਸਤਾ ਹੈ। ਲੇਕਿਨ ਫਿਰ ਵੀ ਇਹ ਰਸਤਾ ਆਪਣਾਇਆ ਕਿਉਂਕਿ ਇਹ ਪੰਜਾਬ ਦੀ ਤਰੱਕੀ ਦਾ ਰਸਤਾ ਸੀ ਹਾਲਾਂ ਕਿ ਇਹ ਖਤਰੇ ਦਾ ਰਸਤਾ ਸੀ। ਸੋ ਮੈਨੂੰ ਇਸ ਗੱਲ ਦਾ ਡਰ ਨਹੀਂ ਹੈ ਕਿ ਮੈਨੂੰ ਕੋਈ ਮਾਰ ਦੇਵੇਗਾ। ਲੇਕਿਨ ਉਨ੍ਹਾਂ ਦੀ ਸਟੇਜ ਤੋਂ ਇਹ ਆਖਿਆ ਜਾਵੇ ਕਿ ਫਲਾਣੇ ਨੂੰ ਜਾਂ ਤਾਂ ਰੱਬ ਚੁਕੇਗਾ ਅਤੇ ਜਾਂ ਫਿਰ ਗੁਰੂ ਦਾ ਸਿੰਘ ਚੁਕੇਗਾ, ਇਹ ਗੱਲ ਬਹੁਤ ਮਾੜੀ ਹੈ। ਕੀ ਗੁਰੂ ਦੇ ਸਿੰਘ ਇਸ ਕੰਮ ਲਈ ਹੀ ਰਹਿ ਗਏ ਹਨ? ਗੁਰੂ ਨੇ ਸਿੰਘ ਇਸ ਕੰਮ ਵਾਸਤੇ ਨਹੀਂ ਸੀ ਬਣਾਏ। ਇਥੇ ਇਹ ਲੋਕ ਅਮਨ ਦੀਆਂ ਗੱਲਾਂ ਕਰ ਰਹੇ ਹਨ ਹਾਲਾਂਕਿ ਲੋਕਾਂ ਨੂੰ ਗੁਰਦੁਆਰੇ ਦੀ ਪਰਕਰਮਾ ਦੇ ਵਿਚ ਮਾਰਿਆ ਗਿਆ। ਉਥੇ ਉਸ ਸੇਵਾਦਾਰ ਨੂੰ ਮਾਰਿਆ ਗਿਆ ਜੋ 1 ਸਾਲ 9 ਮਹੀਨੇ ਦੀ ਕੈਦ ਕੱਟ ਕੇ ਆਇਆ ਸੀ। ਉਸ ਨੇ ਕੈਦ ਇਸ ਕਰਕੇ ਕੱਟੀ ਕਿਉਂਕਿ ਉਸ ਨੂੰ ਦਰਦ ਸੀ ਅਤੇ ਉਸ ਨੂੰ ਪਤਾ ਲਗਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਦਾ ਨਿਰਾਦਰ ਹੋਇਆ ਹੈ,

ਉਸ ਤੇ ਹਮਲਾ ਹੋਇਆ ਹੈ। ਉਹ ਦੁਖੀ ਹਿਰਦੇ ਨਾਲ ਫੌਜ ਵਿਚੋਂ ਚਲ ਪਿਆ, ਰਸਤੇ ਵਿਚ ਗ੍ਰਿਫਤਾਰ ਹੋ ਗਿਆ। ਉਸ ਨੂੰ 1 ਸਾਲ 9 ਮਹੀਨੇ ਦੀ ਸਜ਼ਾ ਹੋਈ। ਅਸੀਂ ਉਸ ਨੂੰ ਸਹਾਰਾ ਦਿੱਤਾ ਅਤੇ ਸੇਵਾਦਾਰ ਬਣਾ ਦਿੱਤਾ। ਉਹ ਉਥੇ ਡਿਊਟੀ ਦੇ ਰਿਹਾ ਸੀ। ਉਸ ਨੂੰ ਕੋਹ ਕੋਹ ਕੇ ਮਾਰ ਦਿੱਤਾ ਗਿਆ। ਇਹ ਤਸਵੀਰਾਂ ਮੈਨੂੰ ਹੁਣੇ ਹੀ ਦਿੱਤੀਆਂ ਗਈਆਂ ਹਨ। ਇਸ ਵਿਚ ਦਸਿਆ ਗਿਆ ਹੈ ਕਿ ਕਿਸ ਤਰ੍ਹਾਂ ਨਾਲ ਵਿਚਾਰਾ ਆਪਣੀ ਜਾਨ ਬਚਾਉਣ ਦੀ ਕੋਸ਼ਸ਼ ਕਰ ਰਿਹਾ ਸੀ, ਉਸ ਨਿਹੱਥੇ ਨੂੰ ਉਥੇ ਸ਼ਹੀਦ ਕਰ ਦਿੱਤਾ ਗਿਆ (ਸ਼ੇਮ, ਸ਼ੇਮ ਦੀਆ ਆਵਾਜ਼ਾਂ) ਅੱਜ ਤੱਕ ਇਸ ਗੱਲ ਦਾ ਕਿਸੇ ਨੇ ਕੋਈ ਅਫਸੋਸ ਨਹੀਂ ਕੀਤਾ। ਉਹ ਵਿਚਾਰਾ ਬੇਗੁਨਾਹ ਮਾਰਿਆ ਗਿਆ। ਜਿਸ ਵੇਲੇ ਇਹੋ ਜਿਹੀਆਂ ਗੱਲਾਂ ਹੋਣ ਤਾਂ ਉਸ ਵੇਲੇ ਇਹ ਅਮਨ ਦੀ ਗੱਲ ਨਹੀਂ ਹੁੰਦੀ, ਸੂਬੇ ਦੇ ਹਾਲਾਤ ਨੂੰ ਖਰਾਬ ਕਰਨ ਵਾਲੀ ਗੱਲ ਹੁੰਦੀ ਹੈ। ਛੋਟੇ ਛੋਟੇ ਸਿਆਸੀ ਮਕਸਦਾਂ ਦੀ ਖਾਤਰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਬੇਗੁਨਾਹਾਂ ਦੇ ਕਤਲ ਦੇ ਬਾਰੇ ਜਿੰਨਾਂ ਕਿਸੇ ਨੂੰ ਅਫਸੋਸ ਹੋ ਸਕਦਾ ਹੈ, ਸਾਨੂੰ ਵੀ ਉਨਾ ਅਫਸੋਸ ਹੈ। ਇਸ ਵਾਸਤੇ ਅਸੀਂ ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਇਨਵਾਲਵ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਮਾਹੌਲ ਨੂੰ ਸੁਖਾਵਾਂ ਬਣਾਇਆ ਜਾ ਸਕੇ। ਲੇਕਿਨ ਇਨ੍ਹਾਂ ਨੇ ਮੈਨੂੰ ਇਥੇ ਉਲਝਾ ਲਿਆ ਹੈ। ਪਹਿਲਾਂ ਮੇਰਾ ਪ੍ਰੋਗਰਾਮ ਇਹ ਬਣਿਆ ਸੀ ਕਿ ਸਾਰੇ ਤਨਾਅ-ਪੂਰਨ ਇਲਾਕਿਆਂ ਵਿਚ ਜਾਵਾਂਗਾ। 2-3 ਦਿਨ ਗੁਰਦਾਸਪੁਰ ਲਈ ਅਤੇ 2-3 ਦਿਨ ਅੰਮ੍ਰਿਤਸਰ ਲਈ ਰੱਖਾਂਗਾ। ਸਾਰੀਆਂ ਪੁਲੀਟੀਕਲ ਪਾਰਟੀਆਂ ਦੇ ਆਗੂਆਂ ਨੂੰ ਨਾਲ ਲੈ ਕੇ ਉਨ੍ਹਾਂ ਪਿੰਡਾਂ ਵਿਚ ਜਾਵਾਂਗਾ, ਉਨ੍ਹਾਂ ਘਰਾਂ ਵਿਚ ਜਾਵਾਂਗਾ ਜਿਥੇ ਇਹੋ ਜਿਹੇ ਵਾਕਿਆਤ ਹੋਏ ਹਨ। ਉਨ੍ਹਾਂ ਨੂੰ ਢਾਰਸ ਦੇਵਾਂਗੇ। ਜਿਨ੍ਹਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਸਹਾਰਾ ਦਿਆਂਗੇ। ਲੇਕਿਨ ਇਨ੍ਹਾਂ ਨੇ ਇਥੇ ਉਲਝਾ ਲਿਆ। 4-4 ਨਿਹੰਗਾਂ ਨੂੰ ਗੁਰਦੁਆਰੇ ਵਿਚ ਪਕੜ ਲਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਹੱਥ ਬੰਨ੍ਹ ਕੇ ਗੋਲੀ ਮਾਰ ਦਿੱਤੀ ਜਾਂਦੀ ਹੈ। ਮੈਂ ਪੁਛਦਾ ਹਾਂ ਕਿ ਬਲਿਊ ਸਟਾਰ ਉਹ ਸੀ ਕਿ ਇਹ ਹੈ? ਅਸੀਂ ਇਹੋ ਜਿਹੇ ਲੋਕਾਂ ਨੂੰ ਪਰਕਰਮਾਂ ਵਿਚੋਂ ਕਢਿਆ ਹੈ। ਅਸੀਂ ਇਨ੍ਹਾਂ ਨੂੰ ਉਥੇ ਮੱਥਾ ਟੇਕਣ ਜੋਗਾ ਕੀਤਾ ਹੈ। (ਥੰਪਿੰਗ) ਇਹ ਉਥੇ ਮੱਥਾ ਟੇਕਣ ਨਹੀਂ ਸੀ ਜਾ ਸਕਦੇ। ਹੁਣ ਇਹ ਉਥੇ ਜਾਣ ਲਗ ਪਏ ਹਨ। ਮੱਥਾ ਟੇਕਣ ਲਗ ਪਏ ਹਨ, ਕਾਨਫਰੰਸਾਂ ਕਰਨ ਲਗ ਪਏ ਹਨ। ਨਿਹੱਥੇ ਲੋਕਾਂ ਨੂੰ ਬੰਨ੍ਹ ਕੇ ਜੋ ਲੋਕ ਮਾਰਨ ਲਗ ਜਾਂਦੇ ਹਨ, ਅੱਜ ਉਹ ਦੂਸਰਿਆਂ ਤੇ ਇਲਜ਼ਾਮ ਲਗਾਉਣ ਲਗ ਪਏ ਹਨ। ਮੈਂ ਅਰਜ਼ ਕਰ ਰਿਹਾ ਸੀ ਕਿ ਇਥੋਂ ਇਨ੍ਹਾਂ ਵਲੋਂ ਜੋ ਅਮਨ ਦੀ ਗੱਲ ਕੀਤੀ ਗਈ, ਉਹ ਬਿਲਕੁਲ ਫਰਾਡ ਸੀ। ਆਖਿਆ ਗਿਆ ਕਿ ਇਸ ਨੂੰ ਆਊਟ ਰਾਈਟ ਰਿਜੈਕਟ ਕਰ ਦਿਓ। ਕਿਉਂਕਿ ਕਮਿਸ਼ਨ ਦਾ ਫੈਸਲਾ ਹੈ ਅਤੇ ਖਿਆਲ ਹੈ ਕਿ ਸ਼ਾਇਦ ਚੰਡੀਗੜ੍ਹ ਮਿਲ ਜਾਵੇ ਲੇਕਿਨ ਇਨ੍ਹਾਂ ਨੇ ਲੈਣ ਨਹੀਂ ਦੇਣਾ। 18-20 ਸਾਲ ਕਦੇ ਚੰਡੀਗੜ੍ਹ ਲੈਣ ਦੀ ਖਾਤਰ ਅਤੇ ਕਦੇ ਅਬੋਹਰ, ਫਾਜ਼ਿਲਕਾ ਵਾਸਤੇ ਲੜਾਈ ਲੜਦੇ ਰਹੇ ਅਤੇ ਮੇਰੇ ਵਰਗੇ ਪ੍ਰੋਫੈਸ਼ਨਲ ਬੰਦੇ ਨੂੰ ਜਿਸ ਦੇ ਕੋਲ ਕੋਈ ਜਾਇਦਾਦ ਨਾ ਹੋਵੇ ਅਤੇ ਜਿਸ ਦਾ ਮੇਰੇ ਵਰਗੇ ਦਾ ਪ੍ਰੋਫੈਸ਼ਨ ਵਕਾਲਤ ਕਰਨਾ ਹੋਵੇ ਅਤੇ ਵਕਾਲਤ ਕਰਕੇ ਰੋਟੀ ਕਮਾਉਣੀ ਹੋਵੇ ਅਤੇ ਮੈਨੂੰ ਇਸ ਸਿਲਸਿਲੇ ਵਿਚ 3 ਸਾਲ ਜੇਲ੍ਹ ਜਾਣਾ ਪਿਆ। ਕਦੇ ਅਬੋਹਰ, ਫਾਜ਼ਿਲਕਾ ਦੀ ਖਾਤਰ ਅਤੇ ਕਦੇ ਚੰਡੀਗੜ੍ਹ ਦੀ ਖਾਤਰ। ਸੋ ਆਜ਼ਾਦੀ ਤੋਂ ਬਾਅਦ 3 ਸਾਲ ਦੀ ਮੈਂ ਜੇਲ੍ਹ ਕੱਟੀ ਹੈ। ਮੇਰੇ ਵੀਰਾਂ ਨੇ ਮੇਰੇ ਤੋਂ ਵੀ ਵੱਧ ਜੇਲ੍ਹ ਕੱਟੀ ਹੈ। ਸਾਰੇ ਅੰਦੋਲਨ ਦੇ ਬਾਅਦ ਜਿਸ ਦੀ ਖਾਤਰ ਹਜ਼ਾਰਾਂ ਲੋਕ ਸ਼ਹੀਦ ਹੋਏ, ਸੈਂਕੜੇ ਲੋਕਾਂ ਨੂੰ ਤਸੀਹੇ ਦਿਤੇ ਗਏ ਅਤੇ ਕੁਝ ਹਾਸਲ ਹੋਣ ਤੋਂ ਉਸ ਨੂੰ ਧੱਕੇ ਦੇਣੇ, ਠੁਕਰਾ ਦੇਣਾ ਅਤੇ ਉਸ ਨੂੰ ਟਾਲਣ ਦੀ ਕੋਸ਼ਿਸ਼ ਕਰਨੀ ਕਿ ਫੈਸਲਾ ਨਾ ਕਰੋ, ਇਹ ਠੀਕ ਨਹੀਂ ਹੈ। ਜੋ ਅਕਾਰਡ ਹੋਇਆ, ਜੋ ਟਰਮਜ਼ ਆਫ ਰੈਫਰੈਂਸ ਦੇ ਮੁਤਾਬਿਕ, ਜੋ ਤੁਹਾਨੂੰ ਮਿਲ ਸਕਦਾ ਹੈ ਉਸ ਨੂੰ ਖੁਸ਼ਆਮਦੀਦ ਕੀਤਾ ਜਾਵੇ ਅਤੇ ਜੋ ਰਹਿ ਗਿਆ ਹੈ, ਜੋ ਗਲਤੀ ਹੋ ਗਈ

[ਮੁੱਖ ਮੰਤਰੀ]

ਹੈ ਉਸ ਨੂੰ ਗਲਤੀ ਕਹਿਕੇ ਅੱਗੇ ਲਈ ਅਸੀਂ ਜਦੋ ਜਹਿਦ ਕਰਦੇ ਰਹੀਏ। ਅਸੀਂ ਪੰਜਾਬ ਦੇ ਹੱਕਾਂ ਦੀ ਪੂਰੀ ਰਾਖੀ ਕਰਦੇ ਰਹੇ ਹਾਂ ਅਤੇ ਰਾਖੀ ਕਰਦੇ ਰਹਾਂਗੇ। (ਥੰਪਿੰਗ)

ਮੈਂ ਹੋਰ ਜ਼ਿਆਦਾ ਨਾ ਕਹਿੰਦਾ ਹੋਇਆ ਬੇਨਤੀ ਕਰਾਂਗਾ ਕਿ ਅੱਜ ਦੇਸ਼ ਦੇ ਸਾਰੇ ਉਨ੍ਹਾਂ ਲੋਕਾਂ ਨੂੰ ਜਿਹੜੇ ਸਹੀ ਸੋਚ ਵਾਲੇ ਲੋਕ ਹਨ, ਸਾਰਿਆਂ ਦੀ ਕਾਨਸ਼ੈਂਸ ਨੂੰ ਅਪੀਲ ਕਰੀਏ, ਦੇਸ਼ ਦੇ ਲੋਕਾਂ ਨੂੰ, ਸੈਂਟਰਲ ਸਰਕਾਰ ਨੂੰ ਕਹੀਏ, ਪ੍ਰਾਈਮ ਮਨਿਸਟਰ ਨੂੰ ਕਹੀਏ ਕਿਉਂਕਿ ਉਨ੍ਹਾਂ ਦੀ ਬਹੁਤ ਭਾਰੀ ਜ਼ਿਮੇਵਾਰੀ ਹੈ ਕਿ ਅਕਾਰਡ ਦੇ ਮੁਤਾਬਿਕ ਜਿਸ ਤਰ੍ਹਾਂ ਤੁਸੀਂ ਸਮਝੌਤਾ ਕੀਤਾ ਸੀ ਚੰਡੀਗੜ੍ਹ ਦੇਣ ਦਾ, ਚੰਡੀਗੜ੍ਹ ਪੰਜਾਬ ਦੇ ਹਵਾਲੇ ਕੀਤਾ ਜਾਵੇ ਅਤੇ ਜੋ ਏਰੀਆ ਆਈਡੈਂਟੀਫਾਈ ਕੀਤਾ ਹੈ ਜਾਂ ਜੋ ਕੁਝ ਉਨ੍ਹਾਂ ਨੂੰ ਦੇਣਾ ਹੈ, ਉਸ ਦਾ ਹਿਸਾਬ ਕਿਤਾਬ ਕਰਦੇ ਰਹੀਏ। ਮੈਂ ਇਸ ਸਦਨ ਦੇ ਰਾਹੀਂ ਸਾਰੇ ਪੰਜਾਬ ਦੇ ਲੋਕਾਂ ਨੂੰ, ਸਾਰੇ ਦੇਸ਼ ਦੇ ਲੋਕਾਂ ਨੂੰ, ਸਹੀ ਸੋਚ ਵਾਲੇ ਲੋਕਾਂ ਨੂੰ ਇਸ ਬਾਰੇ ਅਪੀਲ ਕਰਦਾ ਹਾਂ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਸਪੀਚ ਬੰਦ ਕਰਦਾ ਹਾਂ ਅਤੇ ਆਪਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। (ਥੰਪਿੰਗ)

RESOLUTION REGARDING FILLING UP OF CASUAL VACANCIES IN ELECTED COMMITTEES

Sardar Baldev Singh Mann (Minister of State for Parliamentary Affairs) : Sir, I beg to move—

"Whereas the time left for election to fill up the casual vacancies under-Sub Rule (3) of Rule 180 of the Rules of Procedure and Conduct of Business in the Punjab Vidhan Sabha (Punjab Legislative Assembly) in the following Committees :—

1. Committee on Public Accounts ;
2. Committee on Estimates ; and
3. Committee on Welfare of Scheduled Castes, Scheduled Tribes and Backward Classes

for the remaining period of 1986-87 is very short and it is not possible to conduct, in the normal course, the elections to fill up the said casual vacancies.

Now, therefore, this House authorises the Speaker, Punjab Vidhan Sabha to nominate the members to fill up the said casual vacancies for the remaining period of the year 1986-87.

THIS HOUSE FURTHER RESOLVES that for the above purpose, the Rules of Procedure and Conduct of Business in the Punjab Vidhan Sabha (Punjab Legislative Assembly) relative to the elections to fill up the said casual vacancies for the remaining period of the year 1986-87 which are inconsistent or are contrary to the above Resolution shall stand suspended."

Mr. Speaker : Motion moved—

"Whereas the time left for election to fill up the casual vacancies under Sub-Rule (3) of Rule 180 of the Rules of Procedure and Conduct of Business in the Punjab Vidhan Sabha (Punjab Legislative Assembly) in the following Committees :—

1. Committee on Public Accounts ;
2. Committee on Estimates ; and
3. Committee on Welfare of Scheduled Castes, Scheduled Tribes and Backward Classes

for the remaining period of 1986-87 is very short and it is not possible to conduct, in the normal course, the elections to fill up the said casual vacancies.

Now, therefore, this House authorises the Speaker, Punjab Vidhan Sabha to nominate the members to fill up the said casual vacancies for the remaining period of the year 1986-87.

THIS HOUSE FURTHER RESOLVES that for the above purpose, the Rules of Procedure and Conduct of Business in the Punjab Vidhan Sabha (Punjab Legislative Assembly) relative to the elections to fill up the said casual vacancies for the remaining period of the year 1986-87 which are inconsistent or are contrary to the above Resolution shall stand suspended."

Mr. Speaker : Question is—

"Whereas the time left for election to fill up the casual vacancies under Sub-Rule (3) of Rule 180 of the Rules of Procedure and Conduct of Business in the Punjab Vidhan Sabha (Punjab Legislative Assembly) in the following Committees :—

1. Committee on Public Accounts ;
2. Committee on Estimates ; and
3. Committee on Welfare of Scheduled Castes, Scheduled Tribes and Backward Classes

for the remaining period of 1986-87 is very short and it is not possible to conduct, in the normal course, the elections to fill up the said casual vacancies.

Now, therefore, this House authorises the Speaker, Punjab Vidhan Sabha to nominate the members to fill up the said casual vacancies for the remaining period of the year 1986-87.

THIS HOUSE FURTHER RESOLVES that for the above purpose, the Rules of Procedure and Conduct of Business in the Punjab Vidhan Sabha (Punjab Legislative Assembly) relative to the elections to fill up the said casual vacancies for the remaining period of the year 1986-87 which are inconsistent or are contrary to the above Resolution shall stand suspended."

The motion was carried.

MOTION UNDER RULE 16

Finance Minister (Sardar Balwant Singh) : Sir, I beg to move—

That the House at its rising this day shall stand adjourned *sine-die.*

Mr. Speaker : Motion moved—

That the House at its rising this day, shall stand adjourned *sine-die.*

Mr. Speaker : Question is—

That the House at its rising this day shall stand adjourned *sine-die.*

The motion was carried.

Mr. Speaker : The House stands adjourned *sine die.*

*

4·26 P.M. (*The Sabha then adjourned sine die.*)

24479/PVS—Govt. Press, Chd.

Published under the authority of the Punjab Vidhan Sabha and printed by the Controller, Printing and Stationary Department (U. T.) Chd.

35


Punjab Vidhan Sabha Debates

15th December, 1986

(First Sitting)

Vol. IV—No. 1

OFFICIAL REPORT



CONTENTS

Monday, the 15th December, 1986

(First Sitting)

Punjab Vidhan Sabha Secretariat, Chandigarh.

Price Rs.— 10.

/

PUNJAB VIDHAN SABHA

Monday, the 15th December, 1986

(First Sitting)

The Vidhan Sabha met in the Punjab Vidhan Sabha Hall, Vidhan Bhawan, Chandigarh, at 2.00 P.M. of the Clock Mr. Speaker (Sardar Surjit Singh Minhas,) in the ~~clear~~ Chair

OBITUARY REFERENCES

Mr. Speaker: The House will proceed with the Obituary references. Leader of the House will first speak.

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਮਾਨਯੋਗ ਸਪੀਕਰ ਸਾਹਿਬ, ਗਹਿਰੇ ਦੁੱਖ ਅਤੇ ਅਫਸੋਸ ਨਾਲ ਮੈਂ ਭਾਰਤ ਦੇ ਇੱਕ ਮਹਾਨ ਸਪੂਤ ਬਾਬੂ ਜਗਜੀਵਨ ਰਾਮ ਨੂੰ ਆਪਣੀ ਨਿਮਰ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਬਿਹਾਰ ਰਾਜ ਦੇ ਚੰਦਵਾਂ ਪਿੰਡ ਵਿੱਚ ਪੈਦਾ ਹੋਏ ਬਾਬੂ ਜਗਜੀਵਨ ਰਾਮ ਨੇ ਆਪਣਾ ਜਨਤਕ ਜੀਵਨ ਹਰੀਜਨ ਸਮਾਜ ਨੂੰ ਉੱਚਾ ਚੁੱਕਣ ਲਈ ਘੋਲ ਕਰਦਿਆਂ ਹੋਇਆਂ ਇਕ ਸੁਹਿਰਦ ਵਰਕਰ ਵਜੋਂ ਆਰੰਭ ਕੀਤਾ। ਉਨ੍ਹਾਂ ਨੇ ਆਜ਼ਾਦੀ ਦੀ ਲਹਿਰ ਵਿੱਚ ਸਰਗਰਮ ਭੂਮਿਕਾ ਨਿਭਾਈ ਅਤੇ ਉਨ੍ਹਾਂ ਨੂੰ 1940 ਵਿੱਚ ਅਤੇ 1942 ਵਿੱਚ ਕੈਦ ਕੀਤਾ ਗਿਆ।

ਬਾਬੂ ਜਗਜੀਵਨ ਰਾਮ 1936 ਵਿੱਚ ਬਿਹਾਰ ਵਿਧਾਨ ਪਰਿਸ਼ਦ ਦੇ ਮੈਂਬਰ ਬਣੇ। ਉਹ 1946 ਤੋਂ 1950 ਤੱਕ ਕੇਂਦਰੀ ਵਿਧਾਨ ਸਭਾ ਦੇ ਅਤੇ 1950 ਤੋਂ 1952 ਤੱਕ ਆਰਜ਼ੀ ਸੰਸਦ ਦੇ ਮੈਂਬਰ ਰਹੇ। ਉਹ ਪੰਡਿਤ ਜਵਾਹਰ ਲਾਲ ਨਹਿਰੂ ਦੁਆਰਾ 1946 ਵਿੱਚ ਬਣਾਈ ਗਈ ਅੰਤਰਿਮ ਕੌਮੀ ਸਰਕਾਰ ਦੇ ਮੈਂਬਰ ਸਨ। ਉਹ 1952 ਤੋਂ ਲੋਕ ਸਭਾ ਦੇ ਮੈਂਬਰ ਰਹੇ ਅਤੇ 28 ਮਹੀਨਿਆਂ ਦੇ ਥੋੜ੍ਹੇ ਜਿਹੇ ਸਮੇਂ ਨੂੰ ਛੱਡ ਕੇ ਜਦੋਂ ਕਿ ਉਨ੍ਹਾਂ ਨੇ ਕਾਮਰਾਜ ਯੋਜਨਾ ਅਧੀਨ ਪਾਰਟੀ ਦਾ ਕੰਮ ਕਰਨ ਲਈ ਸਰਕਾਰ ਨੂੰ ਛੱਡ ਦਿੱਤਾ ਸੀ, ਉਹ 1947 ਤੋਂ 1977 ਤੱਕ ਲਗਾਤਾਰ ਕਾਂਗਰਸ ਸਰਕਾਰਾਂ ਦੇ ਕੈਬਨਿਟ ਮੰਤਰੀ ਵਜੋਂ ਸੇਵਾ ਕਰਦੇ ਰਹੇ। ਉਹ ਰੱਖਿਆ, ਖੇਤੀਬਾੜੀ, ਸਿੰਜਾਈ ਕਿਰਤ, ਸੰਚਾਰ ਅਤੇ ਰੇਲਵੇ ਆਦਿ ਸਹਿਤ ਕਈ ਅਹਿਮ ਮੰਤਰਾਲਿਆਂ ਦੇ ਮੁੱਖੀ ਰਹੇ। 1977 ਵਿੱਚ ਜਨਤਾ ਸਰਕਾਰ ਸਮੇਂ ਉਹ ਰਖਿਆ ਮੰਤਰੀ ਬਣੇ ਅਤੇ ਉਪ-ਪ੍ਰਧਾਨ ਮੰਤਰੀ ਬਣੇ। ਉਹ ਪਿਛੇ ਜਿਹੇ ਪ੍ਰਧਾਨ ਮੰਤਰੀ ਜੀ ਦੁਆਰਾ ਪੰਜਾਬ ਬਾਰੇ ਸਲਾਹਕਾਰ ਗਰੁੱਪ ਦੇ ਮੁੱਖੀ ਨਿਯੁਕਤ ਕੀਤੇ ਗਏ ਸਨ।

ਬਹੁਮੁੱਖੀ ਪ੍ਰਤਿਭਾ ਦੇ ਧਾਰਨੀ ਬਾਬੂ ਜਗਜੀਵਨ ਰਾਮ ਵਿਆਪਕ ਰੂਪ ਵਿੱਚ ਇਕ ਯੋਗ ਪ੍ਰਬੰਧਕ, ਸਿਆਣੇ ਸਿਆਸਤਦਾਨ ਅਤੇ ਮੰਨੇ ਪ੍ਰਮੰਨੇ ਪਾਰਲੀਮੈਂਟੇਰੀਅਨ ਸਮਝੇ ਜਾਂਦੇ ਸਨ। ਆਪਣੇ ਸਮੁੱਚੇ ਜੀਵਨ ਵਿੱਚ ਉਨ੍ਹਾਂ ਨੇ ਗਰੀਬਾਂ, ਵਿਸ਼ੇਸ਼ ਕਰਕੇ ਹਰੀਜਨਾਂ ਦੀ ਬਿਹਤਰੀ ਲਈ ਕੰਮ ਕੀਤਾ। ਉਨ੍ਹਾਂ ਦੀ ਮੌਤ ਕਾਰਨ ਅਸੀਂ ਇਕ ਮਹਾਨ ਦੇਸ਼ ਭਗਤ, ਇਕ ਤਜਰਬੇਕਾਰ ਪਾਰਲੀਮੈਂਟੇਰੀਅਨ ਅਤੇ ਲਿਤਾੜੇ ਹੋਏ ਲੋਕਾਂ ਦੇ ਹਿੱਤਾਂ ਦਾ ਯੋਧਾ ਗੁਆ ਲਿਆ ਹੈ।

ਸਪੀਕਰ ਸਾਹਿਬ, ਮੈਂ ਸਰਦਾਰ ਕਪੂਰ ਸਿੰਘ ਨੂੰ ਉਨ੍ਹਾਂ ਦੇ 13 ਅਗਸਤ, 1986 ਨੂੰ ਹੋਏ ਸ਼ੋਕਮਈ ਦਿਹਾਂਤ ਤੇ ਆਪਣੀ ਨਿਮਰ ਸ਼ਰਧਾਂਜਲੀ ਭੇਂਟ ਕਰਦਾ ਹਾਂ।

[ਮੁੱਖ ਮੰਤਰੀ]

ਰਿਟਾਇਰਡ ਆਈ.ਸੀ.ਐਸ. ਅਫਸਰ, ਸਰਦਾਰ ਕਪੂਰ ਸਿੰਘ, ਨੇ ਲੋਕ ਸਭਾ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਵਜੋਂ ਸੇਵਾ ਕੀਤੀ। ਬਹੁਤ ਪ੍ਰਭਾਵ ਸ਼ਾਲੀ ਬੁਲਾਰੇ ਸਨ। ਪਾਰਲੀਮੈਂਟ ਵਿਚ ਜਿਸ ਦਿਨ ਤਕਰੀਰ ਕਰਦੇ ਸਨ, ਲੋਕ ਉਚੇਚਾ ਸੁਣਨ ਲਈ ਆਉਂਦੇ ਸਨ ਅਤੇ ਗੈਲਰੀਆਂ ਭਰ ਜਾਂਦੀਆਂ ਸਨ। ਉਹ ਸਿੱਖੀ, ਸਹਿਤ ਅਤੇ ਫਿਲਾਸਫ਼ੀ ਦੇ ਇੱਕ ਉੱਘੇ ਵਿਦਵਾਨ ਸਨ। ਉਹ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਰਹੇ। ਸਿੱਖ ਸਿਧਾਂਤਾਂ ਦੀ ਤਰੱਕੀ ਲਈ ਆਪਣੇ ਸਮਰਪਣ ਕਾਰਨ ਉਹ ਹਮੇਸ਼ਾਂ ਯਾਦ ਕੀਤੇ ਜਾਣਗੇ। ਉਹ ਪੰਜਾਬੀ ਸੂਬੇ ਦੇ ਉਦੇਸ਼ ਲਈ ਇਕ ਦਲੇਰ ਯੋਧਾ ਸੀ।

ਉਨ੍ਹਾਂ ਦੀ ਮੌਤ ਨਾਲ ਅਸੀਂ ਪੰਜਾਬੀ ਭਾਸ਼ਾ ਅਤੇ ਸਿੱਖੀ ਦੇ ਇੱਕ ਪ੍ਰਸਿੱਧ ਵਿਦਵਾਨ ਤੋਂ ਵਾਂਝੇ ਹੋ ਗਏ ਹਾਂ।

ਸਪੀਕਰ ਸਾਹਿਬ, ਡੂੰਘੇ ਅਫਸੋਸ ਨਾਲ ਮੈਂ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਨੂੰ ਆਪਣੀ ਨਿਮਰ ਸ਼ਰਧਾਂਜਲੀ ਭੇਂਟ ਕਰਦਾ ਹਾਂ ਜੋ 25 ਸਤੰਬਰ, 1986 ਨੂੰ ਆਤੰਕਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ।

1918 ਵਿਚ ਪੈਦਾ ਹੋਏ, ਕਾਮਰੇਡ ਦਰਸ਼ਨ ਸਿੰਘ ਨੇ ਰਾਜ ਦੀ ਭਿੰਨ-ਭਿੰਨ ਹੈਸੀਅਤਾਂ ਵਿੱਚ ਸੇਵਾ ਕੀਤੀ। ਉਹ 1963 ਤੋਂ 1965 ਤੱਕ ਪੰਜਾਬ ਕਿਸਾਨ ਸਭਾ ਦੇ ਸਕੱਤਰ, 1963 ਤੋਂ 1967 ਤੱਕ ਭਾਰਤੀ ਕਮਿਊਨਿਸਟ ਪਾਰਟੀ ਦੀ ਰਾਸ਼ਟਰੀ ਕੌਂਸਲ ਦੇ ਮੈਂਬਰ ਅਤੇ 1958 ਤੋਂ 1977 ਤੱਕ ਇਸ ਦੀ ਰਾਜ ਕਾਰਜਕਾਰੀ ਦੇ ਮੈਂਬਰ ਰਹੇ। ਉਨ੍ਹਾਂ ਨੇ 1968 ਤੋਂ 1971 ਤੱਕ ਭਾਰਤੀ ਕਮਿਊ-ਨਿਸਟ ਪਾਰਟੀ ਦੀ ਪੰਜਾਬ ਰਾਜ ਸ਼ਾਖਾ ਦੇ ਸਕੱਤਰ ਵਜੋਂ ਵੀ ਸੇਵਾ ਕੀਤੀ। ਉਹ ਪਹਿਲੀ ਵਾਰ 1972 ਵਿੱਚ ਅਤੇ ਫਿਰ 1977 ਵਿੱਚ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਸਨ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਲੋਕਰਾਜ, ਧਰਮ-ਨਿਰਪੇਖਤਾ ਅਤੇ ਸਮਾਜਵਾਦ ਦੇ ਮਹਾਨ ਆਦਰਸ਼ਾਂ ਪ੍ਰਤੀ ਸਮਰਪਤ ਸਨ ਅਤੇ ਉਨ੍ਹਾਂ ਨੇ ਫਿਰਕਾਪ੍ਰਸਤੀ ਅਤੇ ਜਾਤੀਵਾਦ ਦੀਆਂ ਤਾਕਤਾਂ ਦੇ ਖਿਲਾਫ ਘੋਲ ਕੀਤਾ। ਉਹ ਇਕ ਸਰਗਰਮ ਪਾਰਲੀਮੈਂਟੇਰੀਅਨ ਸਨ ਅਤੇ ਇਕ ਵਿਧਾਨਕਾਰ ਵਜੋਂ ਉਨ੍ਹਾਂ ਦੇ ਯੋਗਦਾਨ ਉਸਾਰੂ ਅਤੇ ਸ਼ਲਾਘਾਯੋਗ ਸਨ। ਉਨ੍ਹਾਂ ਦੇ ਕਤਲ ਕਾਰਨ ਸਮੁੱਚੇ ਦੇਸ਼ ਦੇ ਲੋਕਾਂ ਨੂੰ ਸਦਮਾ ਪੁੱਜਾ ਹੈ ਅਤੇ ਇਹ ਰਾਜ ਇਕ ਸਤਿਕਾਰਯੋਗ ਸਿਆਸਤਦਾਨ, ਇਕ ਡੂੰਘੇ ਪਾਰਲੀਮੈਂਟੇਰੀਅਨ ਅਤੇ ਗਰੀਬਾਂ ਦੇ ਇਕ ਸੱਚੇ ਮਿੱਤਰ ਤੋਂ ਵਾਂਝਾ ਹੋ ਗਿਆ ਹੈ।

ਸਪੀਕਰ ਸਾਹਿਬ, ਮੈਂ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਨੂੰ ਵੀ ਆਪਣੀ ਨਿਮਰ ਸ਼ਰਧਾਂਜਲੀ ਭੇਂਟ ਕਰਦਾ ਹਾਂ, ਜੋ 28 ਜੂਨ, 1986 ਨੂੰ ਸੁਰਗਵਾਸ ਹੋ ਗਏ ਸਨ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਟ੍ਰੇਡ ਯੂਨੀਅਨ ਅਤੇ ਕਿਸਾਨ ਅੰਦੋਲਨ ਦੋਹਾਂ ਵਿੱਚ ਹੀ ਸਰਗਰਮ ਸਨ। ਉਹ ਪੰਜਾਬ ਕਿਸਾਨ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਇਕ ਪੰਜਾਬੀ ਸਪਤਾਹਿਕ "ਸਚਿੱਤਰ ਪੰਜਾਬੀ ਪੱਤ੍ਰਿਕਾ" ਦੇ ਐਡੀਟਰ ਸਨ। ਉਹ ਪੰਜਾਬ ਵਿਧਾਨ ਸਭਾ ਲਈ 1962 ਵਿੱਚ ਅਤੇ ਦੁਬਾਰਾ 1972 ਵਿੱਚ ਚੁਣੇ ਗਏ ਸਨ। ਉਹ ਇਕ ਪਰਪੱਕ ਪਾਰਲੀਮੈਂਟੇਰੀਅਨ ਅਤੇ ਸਮਰਪਿਤ ਸਿਆਸੀ ਨੇਤਾ ਸਨ ਜੋ ਆਪਣੇ ਸਮੁੱਚੇ ਜੀਵਨ ਕਾਲ ਵਿਚ ਕਿਰਤੀਆਂ ਅਤੇ ਕਿਸਾਨਾਂ ਦੇ ਹਿੱਤਾਂ ਦਾ ਪੱਖ ਪੂਰਦੇ ਰਹੇ।

ਉਨ੍ਹਾਂ ਦੀ ਮੌਤ ਨਾਲ ਰਾਜ ਇਕ ਸੱਚੇ ਦੇਸ਼ ਭਗਤ ਅਤੇ ਦਲਿਤ ਲੋਕਾਂ ਦੇ ਸੱਚੇ ਮਿੱਤਰ ਤੋਂ ਵਾਂਝਿਆ ਹੋ ਗਿਆ ਹੈ।

ਸਪੀਕਰ ਸਾਹਿਬ, ਮੈਂ ਸੇਠ ਰਾਮ ਨਾਥ ਨੂੰ ਵੀ ਆਪਣੀ ਨਿਮਰ ਸ਼ਰਧਾਂਜਲੀ ਭੇਂਟ ਕਰਦਾ ਹਾਂ ਜੋ 6 ਨਵੰਬਰ, 1986 ਨੂੰ ਅਕਾਲ ਚਲਾਣਾ ਕਰ ਗਏ ਸਨ।

ਇਕ ਮਹਾਨ ਸੁਤੰਤਰਤਾ ਸੰਗਰਾਮੀ, ਸੇਠ ਰਾਮ ਨਾਥ ਰਿਆਸਤਾਂ ਵਿੱਚ ਪਰਜਾ ਮੰਡਲ ਲਹਿਰ ਦੇ ਬਾਨੀ ਮੈਂਬਰ ਸਨ। ਉਨ੍ਹਾਂ ਨੇ ਆਜ਼ਾਦੀ ਲਈ ਜੱਦੋ-ਜਹਿਦ ਵਿੱਚ ਸਰਗਰਮ ਹਿੱਸਾ ਲਿਆ ਅਤੇ ਸੱਤ ਸਾਲ ਕੈਦ ਕੱਟੀ। ਉਹ 1948 ਵਿਚ ਪੈਪਸੂ ਰਾਜ ਦੇ ਪਹਿਲੇ ਵਿੱਤ ਮੰਤਰੀ ਬਣੇ। ਬਾਅਦ ਵਿੱਚ ਉਹ ਸੰਯੁਕਤ ਪੰਜਾਬ ਦੀ ਪੰਜਾਬੀ ਪ੍ਰਾਦੇਸ਼ਕ ਕਮੇਟੀ ਦੇ ਚੇਅਰਮੈਨ ਬਣੇ। ਉਹ ਪੰਜਾਬੀ ਸੂਬਾ ਬਣਾਏ ਜਾਣ ਦੇ ਸਰਗਰਮ ਸਮਰਥੱਕ ਸਨ। ਕਾਫੀ ਅਰਸਾ ਉਹ ਗੁਰੂ ਨਾਨਕ ਫਾਊਂਡੇਸ਼ਨ ਦੇ ਮੈਂਬਰ ਰਹੇ।

ਉਨ੍ਹਾਂ ਦੀ ਮੌਤ ਨਾਲ ਰਾਜ ਇਕ ਤਜਰਬਾਕਾਰ ਸੁਤੰਤਰਤਾ ਸੰਗਰਾਮੀ, ਪਰਪੱਕ ਰਾਜਨੀਤੀਵੇਤਾ ਅਤੇ ਸੱਚੇ ਦੇਸ਼ਭਗਤ ਤੋਂ ਵਾਂਝਿਆ ਹੋ ਗਿਆ ਹੈ।

ਸਪੀਕਰ ਸਾਹਿਬ, ਮੈਂ ਸਰਦਾਰ ਬੀਰਪਾਲ ਸਿੰਘ ਨੂੰ ਵੀ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ, ਜੋ 51 ਸਾਲ ਦੀ ਉਮਰ ਵਿੱਚ ਹੀ 19 ਨਵੰਬਰ, 1986 ਨੂੰ ਅਕਾਲ ਚਲਾਣਾ ਕਰ ਗਏ।

ਉਨ੍ਹਾਂ ਦਾ ਜਨਮ ਸੰਨ 1935 ਵਿੱਚ ਹੋਇਆ। ਸਰਦਾਰ ਬੀਰਪਾਲ ਸਿੰਘ ਅਜੇ ਵਿਦਿਆਰਥੀ ਹੀ ਸਨ ਜਦੋਂ ਉਹ ਆਜ਼ਾਦੀ ਦੀ ਲਹਿਰ ਵਿਚ ਸ਼ਾਮਲ ਹੋਏ ਅਤੇ ਰਾਜ ਵਿਚ ਯੁਵਾ-ਅੰਦੋਲਨ ਵਿਚ ਸਰਗਰਮ ਭਾਗ ਲਿਆ। ਚੀਨੀ ਅਤੇ ਪਾਕਿਸਤਾਨੀ ਹਮਲਿਆਂ ਦੇ ਦੌਰਾਨ ਉਨ੍ਹਾਂ ਨੇ ਜੰਗੀ ਕਾਰਜਾਂ ਵਿੱਚ ਸਹਾਇਤਾ ਕਰਨ ਲਈ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਲਾਮਬੰਦ ਕਰਨ ਵਿਚ ਮਹੱਤਵਪੂਰਣ ਰੋਲ ਅਦਾ ਕੀਤਾ। ਉਹ 1980 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ ਅਤੇ ਸਹਿਕਾਰਤਾ ਦੇ ਰਾਜ ਮੰਤਰੀ ਰਹੇ। ਉਹ ਸਿਹਤ ਅਤੇ ਸਿਖਿਆ ਦੇ ਖੇਤਰ ਵਿਚ ਪ੍ਰਸ਼ੰਸਾਯੋਗ ਕੰਮ ਕਰ ਰਹੇ ਭਿੰਨ ਭਿੰਨ ਵਲੰਟਰੀ ਸੰਗਠਨਾਂ ਨਾਲ ਵੀ ਜੁੜੇ ਹੋਏ ਸਨ।

ਸਰਦਾਰ ਬੀਰਪਾਲ ਸਿੰਘ ਦੀ ਮੌਤ ਨਾਲ ਪੰਜਾਬ ਇਕ ਯੋਗ ਪ੍ਰਬੰਧਕ ਅਤੇ ਧਰਮ ਨਿਰਪੇਖ ਦ੍ਰਿਸ਼ਟੀ ਵਾਲੇ ਰਾਜਨੀਤੀਵੇਤਾ ਤੋਂ ਵਾਂਝਿਆ ਹੋ ਗਿਆ ਹੈ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ (ਮੁਕਤਸਰ): ਸਪੀਕਰ ਸਾਹਿਬ, ਮੈਂ ਲੀਡਰ ਆਫ ਦੀ ਹਾਊਸ ਦੇ ਨਾਲ ਸਹਿਮਤ ਹਾਂ। ਉਨ੍ਹਾਂ ਨੇ ਬਾਬੂ ਜਗਜੀਵਨ ਰਾਮ ਦੇ ਜੀਵਨ ਬਾਰੇ ਜੋ ਕਿਹਾ ਇਸ ਤੋਂ ਇਲਾਵਾ ਬਾਬੂ ਜੀ ਪਛੜੇ ਵਰਗ ਨਾਲ ਤੁਅੱਲਕ ਰਖਦਿਆਂ ਹੋਇਆਂ ਵੀ ਇੱਕ ਉੱਚ ਚੋਟੀ ਦੇ ਲੀਡਰਾਂ ਵਿਚੋਂ ਸਨ। ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਵਿਚ ਉਨ੍ਹਾਂ ਨੇ ਵਧ ਚੜ੍ਹ ਕੇ ਹਿੱਸਾ ਪਾਇਆ। ਆਜ਼ਾਦੀ ਮਿਲਣ ਤੋਂ ਬਾਅਦ ਹਿੰਦੁਸਤਾਨ ਦੀ ਡਿਵੈਲਪਮੈਂਟ ਵਿਚ ਵੀ ਇਨ੍ਹਾਂ ਨੇ ਹਿੱਸਾ ਪਾਇਆ। 1946 ਤੋਂ 1979 ਤਕ ਸੈਂਟ੍ਰਲ ਮਨਿਸਟਰ ਰਹੇ। ਸਪੀਕਰ ਸਾਹਿਬ, ਕੋਈ ਮਨਿਸਟਰੀ ਐਸੀ ਨਹੀਂ ਸੀ ਜਿਸ ਦੇ ਇਹ ਮਨਿਸਟਰ ਨਹੀਂ ਰਹੇ ਹੋਣ ਔਰ ਉਸ ਮਨਿਸਟਰੀ ਨੂੰ ਬਹੁਤ ਕਾਮਯਾਬੀ ਨਾਲ ਨਾ ਚਲਾਇਆ ਹੋਏ। ਹੁਣੇ ਇਨ੍ਹਾਂ ਨੇ ਕਿਹਾ ਸੀ ਕਿ 1965 ਵਿਚ ਜਿਹੜੀ ਲੜਾਈ ਹੋਈ, ਉਦੋਂ ਬਾਬੂ ਜੀ ਡਿਫੈਂਸ ਮਨਿਸਟਰ ਸੀ, ਉਨ੍ਹਾਂ ਨੇ ਬਹੁਤ ਅੱਛੀ ਤਰ੍ਹਾਂ ਉਸ ਅਹੁਦੇ ਨੂੰ ਨਿਭਾਇਆ। ਉਹ ਬੜੇ ਓਰੇਟਰ ਸਨ। ਕੋਈ ਲੈਂਗੁਏਜ ਐਸੀ ਨਹੀਂ ਸੀ ਜਿਸ ਦੇ ਵਿਚ ਉਹ ਵਧੀਆ ਸਪੀਕਰ ਨਾ ਹੋਣ ਔਰ ਛੋਟੇ ਛੋਟੇ ਲਫਜ਼ਾਂ ਵਿਚ ਅੰਦਰ ਦੇ ਖਿਆਲ ਉਹ ਛੋਟੇ ਛੋਟੇ ਵਰਕਰਾਂ ਤਕ ਬੜੀ ਅੱਛੀ ਤਰ੍ਹਾਂ ਨਾਲ ਉਨ੍ਹਾਂ ਨੂੰ ਸਮਝਾ ਸਕਦੇ ਸਨ। ਪਹਿਲੀ ਲੋਕ ਸਭਾ ਵਿਚ 1952 ਤੋਂ ਲੈ ਕੇ ਅਨਇਨਟਰੱਪਟਡ ਲੋਕ ਸਭਾ ਦੇ ਮੈਂਬਰ ਰਹੇ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਸਭ ਤੋਂ ਪਹਿਲੇ ਰੱਖਿਆ। ਕਾਮਰਾਜ ਪਲਾਨ ਵਾਸਤੇ ਉਨ੍ਹਾਂ ਨੇ ਬਹੁਤ ਕੰਮ ਕੀਤਾ ਅਤੇ ਉਹ ਕਿਸੇ ਗੱਲ ਵਿੱਚ ਕਿਸੇ ਤੋਂ ਪਿਛੇ ਨਹੀਂ ਹਟੇ। ਉਨ੍ਹਾਂ ਨੂੰ ਡਿਪਟੀ ਪ੍ਰਾਈਮ ਮਨਿਸਟਰ ਦਾ ਅਹੁਦਾ ਵੀ ਮਿਲਿਆ।

[ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ]

6 ਜੁਲਾਈ, 1986 ਨੂੰ ਉਹ ਅਕਾਲ ਚਲਾਣਾ ਕਰ ਗਏ। ਸਾਨੂੰ ਸਭ ਨੂੰ ਇਸ ਦਾ ਡੂੰਘਾ, ਗਹਿਰਾ ਦੁੱਖ ਹੈ।

ਸਰਦਾਰ ਕਪੂਰ ਸਿੰਘ 2 ਮਾਰਚ, 1909 ਨੂੰ ਪੈਦਾ ਹੋਏ। ਉਹ ਲੋਕ ਸਭਾ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ। ਉਹ ਇਕ ਤਕੜੇ ਫਿਲਾਸਫਰ ਸਨ। ਉਨ੍ਹਾਂ ਦਾ ਅਕਾਲੀ ਪਾਰਟੀ ਨਾਲ ਸਬੰਧ ਸੀ। ਉਹ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਵੀ ਰਹੇ। 13 ਅਗਸਤ, 1986 ਨੂੰ ਉਨ੍ਹਾਂ ਦੀ ਮੌਤ ਹੋ ਗਈ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਫੁੱਲ ਭੇਂਟ ਕਰਦੀ ਹਾਂ।

ਕਾਮਰੇਡ ਦਰਸ਼ਨ ਸਿੰਘ ਦਾ ਜਨਮ 13 ਮਾਰਚ, 1918 ਨੂੰ ਹੋਇਆ। ਉਹ 1972 ਵਿਚ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ। ਫਿਰ ਉਹ 1977 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣੇ। 1968 ਤੋਂ 1971 ਤਕ ਉਹ ਸੀ.ਪੀ.ਆਈ. ਦੇ ਸੈਕਟਰੀ ਰਹੇ। 1963 ਅਤੇ 1965 ਵਿਚ ਉਹ ਪੰਜਾਬ ਕਿਸਾਨ ਸਭਾ ਦੇ ਸੈਕਟਰੀ ਰਹੇ। 1963 ਤੋਂ 1977 ਤੱਕ ਉਹ ਨੈਸ਼ਨਲ ਕੌਂਸਲ ਆਫ ਸੀ.ਪੀ.ਆਈ. ਦੇ ਚੇਅਰਮੈਨ ਰਹੇ। ਫਿਰ ਉਹ ਸਟੇਟ ਐਗਜ਼ੈਕਟਿਵ ਦੇ ਮੈਂਬਰ ਬਣੇ। ਉਨ੍ਹਾਂ ਨੇ ਕਿਤਾਬਾਂ ਵੀ ਲਿਖੀਆਂ। ਜਿਵੇਂ ਕਿ Rise of New Asia in 1947.

25 ਸਤੰਬਰ, 1986 ਨੂੰ ਉਨ੍ਹਾਂ ਨੂੰ ਕਤਲ ਕੀਤਾ ਗਿਆ। 68 ਸਾਲ ਦੀ ਉਮਰ ਵਿਚ ਉਨ੍ਹਾਂ ਨੂੰ ਕਤਲ ਕੀਤਾ ਗਿਆ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਸ ਬਾਰੇ ਡੂੰਘਾ ਅਫਸੋਸ ਪ੍ਰਗਟ ਕਰਦੀ ਹੋਈ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹਾਂ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਦਾ ਜਨਮ 31 ਮਾਰਚ, 1926 ਨੂੰ ਹੋਇਆ। He was elected to the Punjab Vidhan Sabha from Ropar Constituancy. ਉਹ ਬਾਅਦ ਵਿਚ ਸਾਡੇ ਕੁਲੀਗ ਵੀ ਰਹੇ। ਉਹ ਗਰਾਸ ਰੂਟ ਦੇ ਵਰਕਰ ਸਨ। ਉਹ ਹਰ ਚੀਜ਼ ਨੂੰ ਚੰਗੀ ਤਰ੍ਹਾਂ ਜਾਣਦੇ ਸਨ। 27 ਜੂਨ, 1986 ਨੂੰ ਉਨ੍ਹਾਂ ਦੀ ਮੌਤ ਹੋ ਗਈ। ਉਹ ਪੰਜਾਬ ਦੇ ਇਕ ਅੱਛੇ ਲੀਡਰ ਸਨ। ਉਨ੍ਹਾਂ ਦੀ ਮੌਤ ਨਾਲ ਪੰਜਾਬ ਉਨ੍ਹਾਂ ਤੋਂ ਵਾਂਝਾ ਹੋ ਗਿਆ ਹੈ।

ਸ੍ਰੀ ਰਾਮ ਨਾਥ ਸੇਠ ਜੀ 1915 ਵਿਚ ਪੈਦਾ ਹੋਏ। ਉਹ ਪ੍ਰਜਾ ਮੰਡਲ ਮੂਵਮੈਂਟ ਦੇ ਫਾਊਂਡਰ ਮੈਂਬਰ ਸਨ। ਉਹ ਸੱਤ ਸਾਲ ਜੇਲ੍ਹ ਵਿਚ ਰਹੇ। ਪਰੈਜ਼ੀਡੈਂਟ ਗਿਆਨੀ ਜ਼ੈਲ ਸਿੰਘ ਦੇ ਉਹ ਬਹੁਤ ਨਜ਼ਦੀਕੀ ਸਨ ਕਿਉਂਕਿ ਉਹ ਵੀ ਫਰੀਦਕੋਟ ਦੇ ਰਹਿਣ ਵਾਲੇ ਸਨ। ਪਿਛੇ ਜਿਹੇ ਗਿਆਨੀ ਜੀ ਜੈਤੋ ਵਿਚ ਉਨ੍ਹਾਂ ਦਾ ਅਫਸੋਸ ਕਰਕੇ ਆਏ ਹਨ। 6 ਨਵੰਬਰ, 1986 ਨੂੰ 71 ਸਾਲ ਦੀ ਉਮਰ ਵਿਚ ਉਹ ਗੁਜ਼ਰ ਗਏ ਹਨ।

ਸਰਦਾਰ ਬੀਰ ਪਾਲ ਸਿੰਘ ਜੋ ਐਕਸ-ਮਨਿਸਟਰ ਸਨ ਉਨ੍ਹਾਂ ਦੀ ਮੌਤ ਤੇ ਡਾਢਾ, ਡੂੰਘਾ ਦੁੱਖ ਹੋਇਆ ਹੈ। ਉਹ 29 ਮਈ, 1935 ਨੂੰ ਪੈਦਾ ਹੋਏ। ਛੋਟੀ ਉਮਰ ਤੋਂ ਹੀ ਉਨ੍ਹਾਂ ਦਾ ਯੂਥ ਕਾਂਗਰਸ ਦੇ ਨਾਲ ਸਬੰਧ ਰਿਹਾ। ਉਹ ਡਿਸਟ੍ਰਿਕਟ ਲੁਧਿਆਣਾ ਦੇ ਸਨ ਅਤੇ ਐਕਟਿਵਲੀ ਲੁਧਿਆਣਾ ਵਿਚ ਕੰਮ ਕਰਦੇ ਰਹੇ। ਉਨ੍ਹਾਂ ਦਾ ਸਬੰਧ ਉਦੋਂ ਦੇ ਚੀਫ ਮਨਿਸਟਰ ਸਰਦਾਰ ਪ੍ਰਤਾਪ ਸਿੰਘ ਕੈਰੋਂ ਨਾਲ ਰਿਹਾ ਹੈ। ਉਨ੍ਹਾਂ ਨੇ ਮਿਲਕੇ ਯੂਥ ਅਤੇ ਸਟੂਡੈਂਟਸ ਵਾਸਤੇ ਬੜਾ ਕੰਮ ਕੀਤਾ ਅਤੇ ਇਨ੍ਹਾਂ ਦੋਨਾਂ ਨੂੰ ਮਾਬੋਲਾਈਜ਼ ਕੀਤਾ। ਉਹ ਹਰ ਫਰੰਟ ਤੇ ਸਰਦਾਰ ਸਾਹਿਬ ਨਾਲ ਰਹੇ। ਉਹ ਬੜੇ ਹੌਸਲੇ ਵਾਲੇ ਸਨ ਅਤੇ ਹਿੰਮਤ ਵਾਲੇ ਸਨ। ਉਹ ਕਿਸੇ ਗਲ ਤੋਂ ਪਿਛੇ ਨਹੀਂ ਸੀ ਹਟਦੇ। 1980 ਵਿਚ ਉਹ ਪੰਜਾਬ

ਵਿਧਾਨ ਸਭਾ ਦੇ ਮੈਂਬਰ ਬਣੇ । ਉਹ ਐਕਸ-ਮਨਿਸਟਰ ਰਹੇ ਹਨ । 19 ਨਵੰਬਰ, 1986 ਨੂੰ ਉਹ ਸਾਨੂੰ ਵਿਛੋੜਾ ਦੇ ਗਏ ਹਨ । ਉਸ ਵੇਲੇ ਉਨ੍ਹਾਂ ਦੀ ਉਮਰ 51 ਸਾਲ ਦੀ ਸੀ। ਮੈਂ ਆਪਣੀ ਪਾਰਟੀ ਵਲੋਂ, ਆਪਣੇ ਵਲੋਂ ਅਤੇ ਸਾਰੇ ਹਾਊਸ ਵਲੋਂ ਇਨ੍ਹਾਂ ਸਾਰਿਆਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹਾਂ ਔਰ ਖਾਸ ਕਰਕੇ ਇਥੇ ਜਿਹੜੇ ਬੱਸ ਦੇ ਪਸੰਜਰ 24 ਮਾਰੇ ਗਏ ਸਨ ਔਰ ਇਸੇ ਤਰ੍ਹਾਂ ਜਿਹੜੀਆਂ ਮੁਕਤਸਰ ਵਿਚ 14 ਕਿਲਿੰਗਜ਼ ਹੋਈਆਂ ਅਤੇ ਫਿਰ ਟੈਰੋਰਿਸਟਸ ਦੇ ਹੱਥੋਂ ਜਿਹੜੇ ਮਾਰੇ ਗਏ ਹਨ, ਮੈਂ ਉਨ੍ਹਾਂ ਸਾਰਿਆਂ ਨੂੰ ਸ਼ਰਧਾਂਜਲੀ ਦੇ ਫੁੱਲ ਭੇਂਟ ਕਰਦੀ ਹਾਂ ਅਤੇ ਦੁੱਖ ਪ੍ਰਗਟ ਕਰਦੀ ਹਾਂ।

ਸ਼੍ਰੀ ਰਾਧਾ ਕ੍ਰਿਸ਼ਨ (ਫ਼ਾਜਿਲਕਾ) : ਸਪੀਕਰ ਸਾਹਿਬ, ਇਹ ਜੋ ਮਤਾ ਸੀ.ਐਮ. ਸਾਹਿਬ ਨੇ ਪੇਸ਼ ਕੀਤਾ ਹੈ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਸ ਵਿਚ ਸ਼ਾਮਿਲ ਹੁੰਦਾ ਹਾਂ । ਬਾਬੂ ਜਗਜੀਵਨ ਰਾਮ ਜੀ ਸਾਡੇ ਦੇਸ਼ ਦੇ ਬੜੇ ਵੱਡੇ ਫਰੀਡਮ ਫਾਈਟਰ ਸਨ। ਆਜ਼ਾਦੀ ਤੋਂ ਬਾਅਦ ਜਿਹੜੀ ਪਹਿਲੀ ਸਰਕਾਰ ਬਣੀ ਸੀ ਉਹ ਉਸ ਵਿਚ ਮੰਤਰੀ ਬਣੇ । ਉਨ੍ਹਾਂ ਨੇ ਪਛੜੇ ਵਰਗ ਨੂੰ ਉੱਚਾ ਚੁੱਕਣ ਲਈ, ਖਾਸ ਤਰਕੇ ਹਰੀਜਨਾਂ ਨੂੰ ਅਤੇ ਹਿੰਦੁਸਤਾਨ ਦੇ ਗਰੀਬ ਲੋਕਾਂ ਨੂੰ ਉਪਰ ਚੁੱਕਣ ਲਈ ਬਹੁਤ ਵੱਡੀ ਲੜਾਈ ਲੜੀ। ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ।

ਸਰਦਾਰ ਕਪੂਰ ਸਿੰਘ ਸਾਡੇ ਇਸ ਹਾਊਸ ਦੇ ਮੈਂਬਰ ਵੀ ਸਨ । ਮੈਂ ਉਨ੍ਹਾਂ ਨੂੰ ਜ਼ਾਤੀ ਤੌਰ ਤੇ ਜਾਣਦਾ ਵੀ ਸੀ ਸਾਡੇ ਨਾਲ ਉਹ ਐਮ.ਐਲ.ਏ. ਰਹੇ ਹਨ । ਉਨ੍ਹਾਂ ਦੀ ਮੌਤ ਨਾਲ ਸਾਡੇ ਪੰਜਾਬ ਨੂੰ ਬੜਾ ਘਾਟਾ ਪਿ ਹੈ। ਮੈਂ ਉਨ੍ਹਾਂ ਨੂੰ ਆਪਣੀ ਪਾਰਟੀ ਵਲੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਕਾਮਰੇਡ ਦ ਤਸ਼ਨ ਸਿੰਘ ਕਨੇਡੀਅਨ ਦਾ ਪਿਛਲੇ ਦਿਨੀ ਜਿਸ ਢੰਗ ਨਾਲ ਕਤਲ ਕੀਤਾ ਗਿਆ ਉਹ ਬਹੁਤ ਵੱਡੀ ਦੁਖਦਾਈ ਗੱਲ ਹੈ । ਉਨ੍ਹਾਂ ਨੇ ਇਸ ਪੰਜਾਬ ਵਿਚ ਏਕਤਾ ਰੱਖਣ ਲਈ, ਅਮਨ ਰੱਖਣ ਲਈ ਆਪਣੇ ਲੇਖ ਵੀ ਲਿਖੇ । ਆਪ ਬੜੇ ਮਿਹਨਤੀ ਸਨ। ਉਨ੍ਹਾਂ ਦੀ ਜੋ ਸ਼ਹਾਦਤ ਹੋਈ, ਉਨ੍ਹਾਂ ਦਾ ਜੋ ਕਤਲ ਕੀਤਾ ਗਿਆ ਇਹ ਬੜਾ ਦੁਖਦਾਈ ਹੈ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਦਿਲੀ ਸ਼ਰਧਾਂਜਲੀ ਭੇਂਟ ਕਰਦਾ ਹਾਂ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼, ਐਕਸ-ਐਮ.ਐਲ.ਏ. ਸਨ। ਉਹ ਵੀ ਮੰਨੇ ਪ੍ਰਮੰਨੇ ਵਰਕਰ ਸਨ। ਉਨ੍ਹਾਂ ਦੀ ਮੌਤ ਨਾਲ ਪੰਜਾਬ ਨੂੰ ਬੜਾ ਘਾਟਾ ਪਿਆ ਹੈ । ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸੇਠ ਰਾਮ ਨਾਥ ਜੀ ਨੂੰ ਸਾਰੇ ਜਾਣਦੇ ਹਨ। ਉਨ੍ਹਾਂ ਨੇ ਪੰਜਾਬ ਵਾਸਤੇ, ਪੰਜਾਬੀ ਸੂਬੇ ਵਾਸਤੇ ਅਤੇ ਪੰਜਾਬੀ ਜ਼ਬਾਨ ਵਾਸਤੇ ਬਹੁਤ ਕੰਮ ਕੀਤਾ। ਕਾਂਗਰਸੀ ਹੁੰਦੇ ਹੋਏ ਵੀ ਉਨ੍ਹਾਂ ਨੇ ਇਸ ਪੰਜਾਬੀ ਜ਼ਬਾਨ ਵਾਸਤੇ ਬਹੁਤ ਮਿਹਨਤ ਕੀਤੀ । ਉਹ ਇਕ ਬੜੇ ਤਕੜੇ ਫਰੀਡਮ ਫਾਈਟਰ ਸਨ। ਉਸ ਜ਼ਮਾਨੇ ਵਿਚ ਜਦੋਂ ਕੋਈ ਆਜ਼ਾਦੀ ਦਾ ਨਾਮ ਵੀ ਨਹੀਂ ਸੀ ਲੈ ਸਕਦਾ ਸੇਠ ਜੀ ਨੇ ਉਦੋਂ ਸਟੇਟ ਦੇ ਰਾਜੇ ਦੇ ਖਿਲਾਫ ਆਪਣੀ ਆਵਾਜ਼ ਨੂੰ ਬੁਲੰਦ ਕੀਤਾ। ਉਹ ਸਾਡੇ ਤੋਂ ਵਿਛੜ ਗਏ ਹਨ, ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ।

ਸਰਦਾਰ ਬੀਰ ਪਾਲ ਸਿੰਘ ਮਨਿਸਟਰ ਰਹਿ ਚੁੱਕੇ ਹਨ। ਉਨ੍ਹਾਂ ਦੀ ਮੌਤ ਇਕ ਬੜੀ ਦੁਖਦਾਈ ਘਟਨਾ ਹੈ ਅਤੇ ਇਸ ਤੇ ਬੜਾ ਦੁੱਖ ਹੁੰਦਾ ਹੈ । ਉਨ੍ਹਾਂ ਦੀ ਬੇਵਕਤ ਅਤੇ ਬੇਵਜ੍ਹਾ ਮੌਤ ਹੋ ਗਈ ਹੈ। ਮੈਂ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ । ਹੋਰ ਵੀ ਬਹੁਤ ਸਾਰੇ ਆਦਮੀ ਮਾਰੇ ਗਏ ਹਨ, ਜਿਸ ਤਰ੍ਹਾਂ ਕਿ ਖੁੱਡਾ ਬੱਸ ਕਾਂਡ ਹੋਇਆ ਹੈ, ਜਿਸ ਵਿਚ 24 ਯਾਤਰੀ ਮਾਰੇ ਗਏ ਸਨ। ਫਿਰ ਮੁਕਤਸਰ ਦਾ ਕਾਂਡ ਹੋਇਆ। ਹੁਣ ਅੰਮ੍ਰਿਤਸਰ ਵਿਚ ਸਾਡੇ 3 ਵਰਕਰ ਮਾਰੇ ਗਏ ਹਨ।

[ਸ੍ਰੀ ਰਾਧਾ ਕ੍ਰਿਸ਼ਨ]

ਸਾਡੇ ਆਦਮੀਆਂ ਜੀ ਮਾਰੇ ਗਏ ਹਨ। ਪੰਜਾਬ ਵਿਚ ਅਣਗਿਣਤ ਲੋਕ, ਸੈਂਕੜੇ ਲੋਕ ਪਿਛਲੇ ਸੈਸ਼ਨ ਤੋਂ ਲੈ ਕੇ ਹੁਣ ਤੱਕ ਮਾਰੇ ਗਏ ਹਨ। ਮੈਂ ਉਨ੍ਹਾਂ ਸਾਰਿਆਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ। ਇਹ ਜੋ ਉਨ੍ਹਾਂ ਦੀ ਸ਼ਹਾਦਤ ਹੈ ਅਤੇ ਇਸ ਨੂੰ ਗਿਣਨਾ ਪਵੇਗਾ। ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਆਜ਼ਾਦੀ ਲੈਣ ਵਾਸਤੇ ਕਿੰਨੀਆਂ ਕੁਰਬਾਨੀਆਂ ਕਰਨੀਆਂ ਪਈਆਂ, ਕਿੰਨੀਆਂ ਲੜਾਈਆਂ ਲੜਨੀਆਂ ਪਈਆਂ ਫਿਰ ਆਜ਼ਾਦੀ ਮਿਲੀ ਸੀ। ਜਿਨ੍ਹਾਂ ਨੂੰ ਅਸੀਂ ਸ਼ਰਨਾਂਜਲੀ ਭੇਂਟ ਕਰ ਰਹੇ ਹਾਂ, ਉਨ੍ਹਾਂ ਨੇ ਆਜ਼ਾਦੀ ਨੂੰ ਕਾਇਮ ਰੱਖਣ ਲਈ ਕਾਫੀ ਹਿਸਾ ਪਾਇਆ। ਉਨ੍ਹਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ। ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਰਦਾਰ ਹਰਦਿਆਲ ਸਿੰਘ ਰਾਜਲਾ : ਸਪੀਕਰ ਸਾਹਿਬ, ਸਾਨੂੰ ਵੀ ਟਾਈਮ ਦਿਓ। (ਵਿਘਨ)

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ) : ਸਪੀਕਰ ਸਾਹਿਬ, ਇਹ ਜਿਹੜਾ ਮਤਾ ਹਾਊਸ ਵਿਚ ਸਾਡੇ ਸਾਹਮਣੇ ਰਖਿਆ ਗਿਆ ਹੈ ....

ਕੈਪਟਨ ਅਮਰਿੰਦਰ ਸਿੰਘ ** ** **

ਸ੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ।

ਕਾਮਰੇਡ ਮਹਿਤਾਬ ਸਿੰਘ : ਇਹ ਜਿਹੜੀਆਂ ਹਸਤੀਆਂ ਪਿਛਲੇ ਸਮੇਂ ਵਿਚ ਸਾਡੇ ਤੋਂ ਵਿਛੜ ਗਈਆਂ ਹਨ ਇਸ ਦਾ ਪੰਜਾਬ ਨੂੰ ਬੜਾ ਘਾਟਾ ਪਿਆ ਹੈ। ਸਪੀਕਰ ਸਾਹਿਬ, ਇਹ ਜਿਹੜੀਆਂ ਹਸਤੀਆਂ ਸਾਡੇ ਵਿਚੋਂ ਚਲੀਆਂ ਗਈਆਂ ਹਨ ਉਨ੍ਹਾਂ ਦੀ ਥਾਂ ਭਰਨ ਲਈ ਬਹੁਤ ਸਮਾਂ ਲੱਗੇਗਾ। ਅੱਜ ਦੇ ਇਹੋ ਜਿਹੇ ਹਾਲਾਤ ਵਿਚ ਦੇਸ਼ ਨੂੰ ਉਨ੍ਹਾਂ ਦੀ ਲੋੜ ਸੀ।

ਸਪੀਕਰ ਸਾਹਿਬ, ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਬਾਰੇ ਤੁਸੀਂ ਭਲੀ ਭਾਂਤ ਜਾਣਦੇ ਹੀ ਹੋ ਉਨ੍ਹਾਂ ਦੇ ਬਾਰੇ ਲੀਡਰ ਆਫ਼ ਦੀ ਹਾਊਸ ਨੇ ਅਤੇ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਵੀ ਜ਼ਿਕਰ ਕੀਤਾ ਹੈ। ਉਨ੍ਹਾਂ ਨੂੰ ਸਿਰਫ ਇਸ ਗੱਲ ਲਈ ਸ਼ਹੀਦ ਕੀਤਾ ਗਿਆ ਕਿਉਂਕਿ ਪੰਜਾਬ ਦੇ ਵਿੱਚ ਜੋ ਹਾਲਾਤ ਚਲ ਰਹੇ ਹਨ ਉਨ੍ਹਾਂ ਦੇ ਬਾਰੇ ਪੰਜਾਬ ਦੇ ਵਿੱਚ ਉਨ੍ਹਾਂ ਨੇ ਹਿੰਦੂ ਸਿੱਖ ਏਕਤਾ ਦੇ ਲਈ ਆਵਾਜ਼ ਉਠਾਈ, ਹਿੰਦੂ ਸਿਖ ਏਕਤਾ ਦੀ ਆਵਾਜ਼ ਨੂੰ ਉੱਚਾ ਕਰਨ ਲਈ ਉਹ 18 ਸਤੰਬਰ ਨੂੰ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਲੋਕਾਂ ਵਿਚ ਆਏ ਅਤੇ ਟੈਰੋਰਿਸਟਸ ਨੇ ਜੋ ਅਤ ਮਚਾਈ ਹੋਈ ਹੈ ਉਨ੍ਹਾਂ ਦੇ ਖਿਲਾਫ ਉਥੇ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਅਤੇ ਹੋਰ ਪੀਰਾਂ ਪੈਗੰਬਰਾਂ ਦੀਆਂ ਜੋ ਰਵਾਇਤਾਂ ਦੱਸੀਆਂ ਹੋਈਆਂ ਹਨ ਉਨ੍ਹਾਂ ਨੂੰ ਚੰਗੀ ਤਰ੍ਹਾਂ ਲੋਕਾਂ ਦੇ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਅਤੇ ਇਨ੍ਹਾਂ ਗੱਲਾਂ ਨੂੰ ਲੋਕਾਂ ਦੇ ਸਾਹਮਣੇ ਚੰਗੀ ਤਰ੍ਹਾਂ ਨੰਗਿਆਂ ਕੀਤਾ ਕਿ ਵਿਦੇਸ਼ੀ ਇਸ਼ਾਰਿਆਂ ਦੇ ਉਤੇ ਜੋ ਲੋਕ ਚਲ ਕੇ ਇਸ ਦੇਸ਼ ਦਾ ਨੁਕਸਾਨ ਕਰ ਰਹੇ ਹਨ ਉਨ੍ਹਾਂ ਲਈ ਆਪਣੀ ਆਵਾਜ਼ ਨੂੰ ਪੂਰੀ ਤਰ੍ਹਾਂ ਉੱਚਾ ਕੀਤਾ ਅਤੇ ਜਿਸ ਦੇ ਬਾਰੇ ਅਖ਼ਬਾਰਾਂ ਵਿਚ ਵੀ ਲੇਖ ਆਏ ਹਨ। 24 ਤਾਰੀਖ ਨੂੰ ਉਹ ਉਥੋਂ ਵਾਪਸ ਆਏ ਅਤੇ 25 ਸਤੰਬਰ ਨੂੰ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਸਿਰਫ ਇਸ ਕਰਕੇ ਕਿ ਉਹ ਹਿੰਦੂ ਸਿਖ ਏਕਤਾ ਚਾਹੁੰਦੇ ਸਨ ਅਤੇ ਜਿਨ੍ਹਾਂ ਹਾਲਾਤ ਵਿੱਚ ਪੰਜਾਬ ਗੁਜ਼ਰ ਰਿਹਾ ਹੈ, ਕੁਝ ਵਿਦੇਸ਼ੀ ਤਾਕਤਾਂ ਦੇ ਇਸ਼ਾਰੇ ਤੇ ਜੋ ਕੁਝ ਲੋਕ ਕੰਮ ਕਰ ਰਹੇ ਹਨ ਉਨ੍ਹਾਂ ਦੇ ਖਿਲਾਫ਼ ਆਵਾਜ਼ ਨੂੰ

**Not recorded as ordered by the Chair.

ਉਚਾ ਚੁੱਕਣ ਕਰਕੇ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਮੈਂ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੂਲ ਭੇਂਟ ਕਰਦਾ ਹਾਂ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਜੋ ਲਿਖਾਰੀ ਸਨ, ਪੱਤਰਕਾਰ ਲਿਖਾਰੀ ਸਨ ਉਨ੍ਹਾਂ ਨੇ ਇਸ ਦੇਸ਼ ਦੀ ਬਹੁਤ ਸੇਵਾ ਕੀਤੀ ਅਤੇ ਹਰ ਕਿਸਾਨ ਮੂਵਮੈਂਟ ਦੇ ਵਿੱਚ ਆਪਣਾ ਕਾਫੀ ਹਿੱਸਾ ਪਾਇਆ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਲੋਕਾਂ ਦੀ ਸੇਵਾ ਵਿਚ ਲਾ ਦਿੱਤਾ ।

ਸ੍ਰੀ ਰਾਮ ਨਾਥ ਸੇਠ ਜੀ ਦਾ ਵੀ ਇਥੇ ਜ਼ਿਕਰ ਆਇਆ ਹੈ । ਸਰਦਾਰ ਬੀਰਪਾਲ ਸਿੰਘ ਜੀ ਨੇ ਇਸ ਦੇਸ਼ ਦੇ ਲਈ ਬਹੁਤ ਕੰਮ ਕੀਤਾ ਹੈ। ਇਸ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਵੀ ਅਤੇ ਇਸ ਦੇਸ਼ ਦੀ ਆਜ਼ਾਦੀ ਤੋਂ ਬਾਅਦ ਉਹ ਲੋਕਾਂ ਦੀ ਸੇਵਾ ਕਰਦੇ ਰਹੇ । ਉਨ੍ਹਾਂ ਨੇ ਵੀ ਆਪਣੀ ਸਾਰੀ ਜ਼ਿੰਦਗੀ ਦੇਸ਼ ਦੇ ਲੋਕਾਂ ਦੀ ਸੇਵਾ ਵਿਚ ਲਾ ਦਿੱਤੀ । ਮੈਂ ਉਨ੍ਹਾਂ ਨੂੰ ਵੀ ਸ਼ਰਧਾਂਜਲੀ ਪੇਸ਼ ਕਰਦਾ ਹਾਂ।

ਇਨ੍ਹਾਂ ਸ਼ਬਦਾਂ ਨਾਲ ਮੈਂ ਸਾਰੀਆਂ ਵਿਛੜੀਆਂ ਆਤਮਾਵਾਂ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ, ਸ਼ਰਧਾ ਦੇ ਫੂਲ ਭੇਂਟ ਕਰਦਾ ਹਾਂ।

ਸ੍ਰੀ ਸਪੀਕਰ : ਆਨਰੇਬਲ ਮੈਂਬਰਜ਼ ਦੀ ਸੇਵਾ ਵਿੱਚ ਮੈਂ ਬੇਨਤੀ ਕਰਾਂਗਾ ਕਿ ਓਬੀਚੂਅਰੀ ਰੈਫਰੈਂਸਿਜ਼ ਸਾਨੂੰ ਬਹੁਤ ਹੀ gracefully ਨਿਭਾਉਣੀਆਂ ਚਾਹੀਦੀਆਂ ਹਨ । ਮੈਨੂੰ ਇਕ ਚਿੱਟ ਕੈਪਟਨ ਅਮਰਿੰਦਰ ਸਿੰਘ ਜੀ ਵਲੋਂ ਆਈ ਹੈ ਕਿ ਉਨ੍ਹਾਂ ਦੀ ਥਰਡ ਲਾਰਜੈਸਟ ਪਾਰਟੀ ਹੈ ਅਤੇ he is entitled to speak. ਉਨ੍ਹਾਂ ਨੂੰ ਇਸ ਗੱਲ ਦਾ ਗਿਆਤ ਹੋਵੇਗਾ ਕਿ ਅੱਜ ਓਬੀਚੂਅਰੀ ਰੈਫਰੈਂਸਿਜ਼ ਵਿੱਚ ਜਿਹੜਾ ਵੀ ਮਾਨਯੋਗ ਮੈਂਬਰ ਬੋਲਣਾ ਚਾਹੁੰਦਾ ਹੈ ਹਰ ਮੈਂਬਰ ਨੂੰ ਪੂਰਾ ਹੱਕ ਹੈ ਕਿ ਉਹ ਬੋਲ ਸਕਦਾ ਹੈ। ਉਨ੍ਹਾਂ ਦੀ ਪਾਰਟੀ ਨੂੰ ਮਾਨਤਾ ਦਿੱਤੀ ਨਹੀਂ ਗਈ। ਇਸ ਦੇ ਉਤੇ ਮੇਰੀ 4 ਜੁਲਾਈ ਦੀ ਰੂਲਿੰਗ ਵੀ ਹੈ। ਸਰਦਾਰ ਕਿਰਪਾਲ ਸਿੰਘ ਜੀ ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਮੈਂ ਇਸ ਮੱਤੇ ਦੀ ਪਰੋੜ੍ਹਤਾ ਕਰਦਾ ਹਾਂ ।

Sardar Ravi Inder Singh : ** ** ** ** **

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਇਸ ਮੱਤੇ ਦੀ ਪਰੋੜ੍ਹਤਾ ਕਰਦਾ ਹਾਂ। ਬਾਬੂ ਜਗਜੀਵਨ ਰਾਮ ਜੀ ਨੂੰ ਮੈਂ ਸ਼ਰਧਾਂਜਲੀ ਪੇਸ਼ ਕਰਦਾ ਹਾਂ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਉਨ੍ਹਾਂ ਲੋਕਾਂ ਵਾਸਤੇ ਲਾ ਦਿੱਤਾ ਜਿਹੜੇ ਸਮਾਜ ਵਿੱਚ ਲਿਤਾੜੇ ਗਏ ਹਨ ਔਰ ਜਿਨ੍ਹਾਂ ਨੂੰ ਲੋਕਾਂ ਨੇ ਗਿਰਾਇਆ ਹੋਇਆ ਸੀ, ਉਨ੍ਹਾਂ ਨੂੰ ਉਨ੍ਹਾਂ ਨੇ ਉਪਰ ਚੁਕਿੱਆ —

"ਪਿਲਾ ਕਰ ਗਿਰਾਨਾ ਤੋ ਸਭੀ ਕੋ ਆਤਾ ਹੈ
ਮਜ਼ਾ ਤੋ ਤਬ ਹੈ ਕਿ ਗਿਰਤੇ ਕੋ ਥਾਮ ਲੇ ਸਾਕੀ।"

ਇਸ ਸਮਾਜ ਵਿਚ ਲਿਤਾੜੇ ਹੋਏ ਲੋਕਾਂ ਨੂੰ ਉਨ੍ਹਾਂ ਨੇ ਆਪਣੇ ਜੀਵਨ ਦਾ ਇਕ ਇਕ ਸਾਹ ਦੇ ਕੇ, ਇਕ ਇਕ ਕਤਰਾ ਖੂਨ ਦਾ ਲਗਾ ਕੇ ਉਪਰ ਚੁੱਕਿਆ । ਉਨ੍ਹਾਂ ਦੇ ਜੀਵਨ ਬਾਰੇ, ਉਨ੍ਹਾਂ ਦੇ ਸਿਆਸੀ ਜੀਵਨ ਬਾਰੇ ਮੇਰੇ ਤੋਂ ਪਹਿਲਾਂ ਬਹੁਤ ਕੁਝ ਮੇਰੇ ਸਾਥੀਆਂ ਨੇ ਇਥੇ ਕਹਿ ਦਿੱਤਾ ਹੈ, ਇਸ ਲਈ ਮੈਂ ਉਨ੍ਹਾਂ ਗੱਲਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ ।

**Expunged under orders of the Speaker.

[ਸਰਦਾਰ ਕਿਰਪਾਲ ਸਿੰਘ]

ਬਾਕੀ ਜਿਹੜੀਆਂ ਹਸਤੀਆਂ ਹਨ ਉਨ੍ਹਾਂ ਵਿਚੋਂ ਸਰਦਾਰ ਕਪੂਰ ਸਿੰਘ ਦਾ ਜ਼ਿਕਰ ਕਰਨਾ ਮੈਂ ਬਹੁਤ ਜ਼ਰੂਰੀ ਸਮਝਦਾ ਹਾਂ, ਉਹ ਜ਼ਿਕਰ ਕਰਨ ਦੇ ਕਾਬਲ ਹਨ ਕਿਉਂਕਿ ਉਹ ਇਤਨੇ ਲਰਨਡ ਆਦਮੀ ਸਨ ਅਤੇ ਇਤਨੇ ਵਡੇ ਸਕਾਲਰ ਸਨ ਅਤੇ ਉਨ੍ਹਾਂ ਵਿਚ ਸੱਚ ਕਹਿਣ ਦੀ ਇਤਨੀ ਜੁਰੱਤ ਸੀ ਕਿ ਉਹ ਸੱਚ ਬੋਲਦੇ ਸਨ ਭਾਵੇਂ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਜ਼ਾ ਭੁਗਤਣੀ ਪੈਂਦੀ ਸੀ ਉਹ ਭੁਗਤਦੇ ਸਨ। ਉਨ੍ਹਾਂ ਦਾ ਸਾਡੇ ਵਿਚੋਂ ਚਲੇ ਜਾਣ ਨਾਲ ਇਕ ਬਹੁਤ ਹੀ ਵਡਾ ਘਾਟਾ ਪਿਆ ਹੈ।

ਕਾਮਰੇਡ ਦਰਸ਼ਨ ਸਿੰਘ ਜੀ ਕਨੇਡੀਅਨ ਜਿਨ੍ਹਾਂ ਹਾਲਾਤ ਵਿੱਚ ਜਾਂ ਜਿਨ੍ਹਾਂ ਖਿਆਲਾਤ ਦੀ ਬਿਨਾ ਤੇ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ ਉਹ ਹਮੇਸ਼ਾ ਲਈ ਅਮਰ ਹੋ ਗਏ ਕਿਉਂਕਿ ਕੋਈ ਵੀ ਆਦਮੀ ਭਾਵੇਂ ਉਹ ਜੋ ਮਰਜ਼ੀ ਕਰੇ ਜੇ ਇਕ ਅਥਰੂ ਵੀ ਹਮਦਰਦੀ ਵਾਸਤੇ ਕਿਸੇ ਦੀ ਅੱਖ ਵਿੱਚ ਆਉਂਦਾ ਹੈ ਤਾਂ ਇਹ ਇਕ ਇਤਿਹਾਸਕ ਤੌਰ ਤੇ ਉਸ ਦਾ ਬਹੁਤ ਵਡਾ ਅਸਰ ਹੁੰਦਾ ਹੈ। ਮੈਂ ਇਹੀ ਕਹਿ ਸਕਦਾ ਹਾਂ ਕਿ ਉਨ੍ਹਾਂ ਨੇ ਆਪਣਾ ਫਰਜ਼ ਨਿਭਾਉਂਦਿਆਂ ਹੋਇਆਂ ਆਪਣਾ ਜੀਵਨ ਦਿੱਤਾ।

ਸੇਠ ਰਾਮ ਨਾਥ ਜੀ ਦਾ ਵੀ ਜ਼ਿਕਰ ਆਇਆ ਹੈ। ਉਨ੍ਹਾਂ ਨੇ ਪੰਜਾਬੀ ਜ਼ਬਾਨ ਵਾਸਤੇ, ਪੰਜਾਬੀ ਜ਼ਬਾਨ ਦੇ ਸੂਬੇ ਵਾਸਤੇ ਕੰਮ ਕੀਤਾ ਹੈ। ਮੇਰੇ ਇਕ ਦੋਸਤ ਇਥੇ ਕਹਿ ਰਹੇ ਸਨ ਕਿ ਕਾਂਗਰਸੀ ਹੋਣ ਦੇ ਬਾਵਜੂਦ ਇਹ ਕੰਮ ਕੀਤਾ। ਕਾਂਗਰਸ ਦੇ ਵਿੱਚ ਸਾਰੇ ਮਾੜੇ ਹੀ ਨਹੀਂ ਹੁੰਦੇ ਉਨ੍ਹਾਂ ਵਿੱਚ ਕਈ ਚੰਗੇ ਵੀ ਹੁੰਦੇ ਹਨ। ਇਸ ਵਾਸਤੇ ਮੈਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁਲ ਭੇਟ ਕਰਦਾ ਹਾਂ।

ਕਾਮਰੇਡ ਸ਼ਮਸ਼ੇਰ ਸਿੰਘ ਜੀ ਜੋਸ਼ ਜੀ ਦਾ ਵੀ ਜ਼ਿਕਰ ਆਇਆ ਹੈ। ਉਨ੍ਹਾਂ ਨੇ ਆਪਣੀ ਸਿਆਸੀ ਜ਼ਿੰਦਗੀ ਵਿੱਚ ਬਹੁਤ ਜ਼ੋਰਦਾਰ ਕੰਮ ਕੀਤਾ ਹੈ।

ਸਰਦਾਰ ਬੀਰਪਾਲ ਸਿੰਘ ਜੀ ਨੇ ਆਪਣੇ ਜੀਵਨ ਵਿੱਚ ਜੋ ਸੇਵਾ ਕੀਤੀ ਉਸ ਨੂੰ ਮੁੱਖ ਰਖ-ਦਿਆਂ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਿੱਚ ਇਕ ਚੰਗਾ, ਅੱਛਾ, ਉਘਾ ਵਰਕਰ ਅੱਜ ਸਾਡੇ ਦਰਮਿਆਨ ਮੌਜੂਦ ਨਹੀਂ ਰਿਹਾ। ਮੈਂ ਤਾਂ ਇਹ ਕਹਾਂਗਾ ਕਿ—

"ਮੌਤ ਵੋ, ਹੈ ਜਿਸ ਪਰ ਕਰੇ ਜ਼ਮਾਨਾ ਅਫ਼ਸੋਸ,
ਯੂੰ ਤੋ ਜੀਵਨ ਮੇਂ ਸਭੀ ਆਤੇ ਹੈਂ ਮਰਨੇ ਕੇ ਲੀਏ।"

ਜਾਣ ਵਾਲਿਆਂ ਦੀ ਜਦੋਂ ਪ੍ਰਸ਼ੰਸਾ ਕਰਦੇ ਹਾਂ ਤਾਂ ਇਹ ਵਿਚਾਰ ਮਨ ਵਿੱਚ ਜ਼ਰੂਰ ਪੈਦਾ ਹੁੰਦਾ ਹੈ ਕਿ ਅਸੀਂ ਜੀਵਨ ਵਿੱਚ ਕੁਝ ਐਸੇ ਪੂਰਨੇ ਪਾ ਕੇ ਜਾਈਏ ਜਿਸ ਨਾਲ ਸਾਡੇ ਮਰਨੇ ਤੇ ਸਾਰੇ ਸਾਡੀ ਪ੍ਰਸ਼ੰਸਾ ਕਰਨ। ਬੇਸ਼ਕ ਉਸ ਦੇ ਨਾਲ ਸਾਨੂੰ ਫਾਇਦਾ ਤਾਂ ਨਹੀਂ ਹੁੰਦਾ ਪਰ ਇਕ ਪ੍ਰਥਾ ਬਣਦੀ ਹੈ ਕਿ ਕੋਈ ਉਸ ਦੇ ਪੂਰਨਿਆਂ ਤੇ ਚਲੇ ਅਤੇ ਇਸ ਦੇ ਨਾਲ ਦੇਸ਼ ਭਗਤ ਅਤੇ ਸੇਵਾਦਾਰ ਕੋਈ ਬਣੇ। ਇਸ ਦੇ ਮੁਕਾਬਲੇ ਵਿੱਚ ਜਿਹੜੇ ਲੋਗ, ਚੋਰ ਜਾਂ ਰਿਸ਼ਵਤਖੋਰ ਹਨ ਜਾਂ ਜਿਹੜੇ ਗਲਤ ਕਿਸਮ ਦੇ ਕੰਮ ਕਰਦੇ ਹਨ ਉਨ੍ਹਾਂ ਤੋਂ ਸਾਨੂੰ ਕੋਈ ਪ੍ਰੇਰਨਾ ਨਾ ਮਿਲੇ ਅਤੇ ਅਸੀਂ ਚੰਗੇ ਇਨਸਾਨਾਂ ਦੇ ਪਾਏ ਪੂਰਨਿਆਂ ਤੇ ਚਲ ਸਕੀਏ।

ਮੈਂ ਆਪਣੇ ਸਾਰੇ ਬਜ਼ੁਰਗਾਂ, ਦੋਸਤਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਾ ਹਾਂ ਜੋ ਦੇਹ ਰੂਪ ਵਿਚ ਸਾਡੇ ਵਿੱਚ ਮੌਜੂਦ ਨਹੀਂ ਰਹੇ ਪਰ ਉਨ੍ਹਾਂ ਦੇ ਕੀਤੇ ਹੋਏ ਕੰਮਾਂ ਦੀ ਰੋਸ਼ਨੀ ਅੱਜ ਵੀ ਸਾਡੇ ਸਾਹਮਣੇ ਹੈ। ਮੈਂ ਉਨ੍ਹਾਂ ਸਾਰਿਆਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ (ਤਰਨਤਾਰਨ) : ਸਪੀਕਰ ਸਾਹਿਬ, ਅੱਜ ਜੋ ਸ਼ੋਕ ਪ੍ਰਸਤਾਵ ਹਾਊਸ ਵਿੱਚ ਪੇਸ਼ ਹੈ ਮੈਂ ਸ਼੍ਰੋਮਣੀ ਅਕਾਲੀ ਦੱਲ ਵਲੋਂ ਵਿਛੜੀਆਂ ਆਤਮਾਵਾਂ ਨੂੰ ਸ਼ਰਧਾ ਦੇ ਫੁਲ ਭੇਂਟ ਕਰਦਾ ਹਾਂ ਔਰ ਉਨ੍ਹਾਂ ਦੇ ਪ੍ਰੀਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ।

ਬਾਬੂ ਜਗਜੀਵਨ ਰਾਮ ਜੀ ਇਸ ਹਿੰਦੁਸਤਾਨ ਦੀ ਆਜ਼ਾਦੀ ਦੇ ਉਸਰੱਈਏ ਸਨ ਔਰ ਉਨ੍ਹਾਂ ਨੇ ਇਸ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਮਹਾਨ ਕੁਰਬਾਨੀ ਦਿੱਤੀ। ਉਨ੍ਹਾਂ ਨੇ 33 ਸਾਲ ਇਸ ਹਿੰਦੁਸਤਾਨ ਦੇ ਅੰਦਰ ਅਹਿਮ ਵਜ਼ਾਰਤਾਂ ਵਿੱਚ ਰਹਿ ਕੇ ਇਸ ਦੇਸ਼ ਦੀ, ਇਸ ਦੇਸ਼ ਦੇ ਲੋਕਾਂ ਦੀ ਸੇਵਾ ਕੀਤੀ ਔਰ ਪਿਛੜੇ ਵਰਗ ਲਈ, ਗਰੀਬ ਵਰਗ ਲਈ, ਕਾਸ਼ਤਕਾਰ ਅਤੇ ਛੋਟੇ ਤੋਂ ਛੋਟੇ ਜੋ ਕਾਰੋਬਾਰ ਕਰਨ ਵਾਲੇ ਸਨ ਉਨ੍ਹਾਂ ਦੀ ਹਮਦਰਦੀ ਲਈ, ਉਨ੍ਹਾਂ ਦੇ ਹੱਕਾਂ ਲਈ ਉਹ ਹਮੇਸ਼ਾਂ ਝੂਜਦੇ ਰਹੇ। ਮੈਂ ਸਮਝਦਾ ਹਾਂ ਕਿ ਉਸ ਮਹਾਨ ਹਸਤੀ ਦਾ ਇਸ ਸੰਸਾਰ ਤੋਂ ਚਲੇ ਜਾਣਾ ਜਦ ਉਨ੍ਹਾਂ ਦੀ ਇਸ ਜ਼ਮਾਨੇ ਦੇ ਅੰਦਰ, ਉਹ ਜ਼ਮਾਨਾ ਜਿਸ ਦੌਰ ਵਿੱਚੋਂ ਅੱਜ ਹਿੰਦੁਸਤਾਨ ਔਰ ਪੰਜਾਬ ਗੁਜ਼ਰ ਰਿਹਾ ਹੈ, ਉਨ੍ਹਾਂ ਦਾ ਹੋਣਾ ਬੜਾ ਜ਼ਰੂਰੀ ਸੀ। ਸ਼੍ਰੋਮਣੀ ਅਕਾਲੀ ਦੱਲ ਨੇ ਧਰਮ ਯੁਧ ਦਾ ਮੋਰਚਾ ਲਾਇਆ ਔਰ ਦੋ ਲੱਖ ਦੇ ਕਰੀਬ ਲੋਕ ਗ੍ਰਿਫ਼ਤਾਰ ਹੋਏ ਔਰ ਮੈਨੂੰ ਇਸ ਗੱਲ ਦਾ ਮਾਣ ਹੈ ਕਿ ਬਾਬੂ ਜਗਜੀਵਨ ਰਾਮ ਨੇ ਉਸ ਧਰਮ ਯੁਧ ਮੋਰਚੇ ਦੀ ਹਿਮਾਇਤ ਕੀਤੀ। ਜਿਸ ਦਿਨ ਮੈਂ ਇਸ ਸਬੰਧ ਵਿਚ ਇਕ ਹਜ਼ਾਰ ਆਦਮੀਆਂ ਨੂੰ ਨਾਲ ਲੈ ਕੇ ਗ੍ਰਿਫ਼ਤਾਰੀ ਦੇਣੀ ਸੀ ਉਨ੍ਹਾਂ ਨੇ ਸਟੇਜ ਤੇ ਆ ਕੇ ਮੈਨੂੰ ਭੇਜਣਾ ਸੀ।ਉਨ੍ਹਾਂ ਦੇ ਸਪੁੱਤਰ ਨੇ ਹਜ਼ਾਰਾਂ ਦੀ ਗਿਣਤੀ ਵਿਚ ਜਿਥੇ ਅਸੀਂ ਇਕੱਠੇ ਹੋਏ ਸਾਂ ਆ ਕੇ ਦੱਸਿਆ ਕਿ ਬਾਬੂ ਜਗਜੀਵਨ ਰਾਮ ਦੀ ਹਾਲਤ ਠੀਕ ਨਹੀਂ ਅਤੇ ਉਹ ਆਉਣ ਤੋਂ ਅਸਮਰਥ ਹਨ, ਪਰ ਉਨ੍ਹਾਂ ਨੇ ਆਪਣੀ ਪੂਰੀ ਮੱਦਦ ਦਾ ਯਕੀਨ ਦਿਲਾਇਆ ਔਰ ਮੈਨੂੰ ਉਨ੍ਹਾਂ ਨੇ ਵਿਦਾ ਕੀਤਾ। ਮੈਨੂੰ ਮਾਣ ਹੈ ਕਿ ਸ਼੍ਰੋਮਣੀ ਅਕਾਲੀ ਦੱਲ ਦੇ ਧਰਮ ਯੁਧ ਮੋਰਚੇ ਵਿਚ ਉਨ੍ਹਾਂ ਨੇ ਸਾਡੀ ਬੜੀ ਵੱਡੀ ਮੱਦਦ ਕੀਤੀ।

ਸਰਦਾਰ ਕਪੂਰ ਸਿੰਘ ਜਿਨ੍ਹਾਂ ਦੀ ਸ਼ਖਸੀਅਤ ਨੂੰ ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ। ਉਨ੍ਹਾਂ ਦੇ ਜ਼ਮਾਨੇ ਵਿਚ ਜਦੋਂ ਤਾਲੀਮ ਬੜੀ ਥੋੜ੍ਹੀ ਸੀ ਉਨ੍ਹਾਂ ਦਾ ਇੰਗਲੈਂਡ ਯੂਨੀਵਰਸਿਟੀ ਵਿਚ ਫਸਟ ਆਉਣਾ ਔਰ ਆਈ.ਸੀ.ਐਸ. ਵਿੱਚ ਸਿਲੈਕਟ ਹੋਣਾ ਔਰ ਪੰਜਾਬ ਦੇ ਅੰਦਰ ਵੱਡਿਆਂ ਵੱਡਿਆ ਔਹਦਿਆਂ ਤੇ ਕੰਮ ਕਰਨਾ ਪੰਜਾਬੀਆਂ ਲਈ ਬੜੀ ਮਾਣ ਦੀ ਗੱਲ ਹੈ। ਔਰ ਜਿਸ ਕੁਟਿਲ ਨੀਤੀ ਦਾ ਉਹ ਸ਼ਿਕਾਰ ਹੋਏ ਨੌਕਰੀਉਂ ਕੱਢੇ ਗਏ, ਹਿੰਦੁਸਤਾਨ ਦੀ ਸਰਕਾਰ ਨੇ ਉਨ੍ਹਾਂ ਦੀ ਲਿਆਕਤ ਦਾ ਆਦਰ ਨਹੀਂ ਕੀਤਾ। ਉਹ ਇਕ ਸਿੱਖ ਸਨ, ਇਸ ਕਰਕੇ ਉਨ੍ਹਾਂ ਨੂੰ ਸਰਵਿਸ ਵਿਚੋਂ ਕੱਢ ਦਿੱਤਾ। ਉਸ ਤੋਂ ਬਾਅਦ ਉਹ ਅਕਾਲੀ ਦੱਲ ਵਿੱਚ ਅਗੇ ਆਏ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਜਦੋ-ਜਹਿਦ ਕਰਦੇ ਰਹੇ। ਉਹ ਇਸ ਹਾਊਸ ਦੇ ਮੈਂਬਰ ਰਹੇ ਔਰ ਸ਼੍ਰੋਮਣੀ ਅਕਾਲੀ ਦੱਲ ਵਲੋਂ ਜੋ ਮਹਾਨ ਤਕਰੀਰ ਉਨ੍ਹਾਂ ਨੇ ਪਾਰਲੀਮੈਂਟ ਵਿਚ ਕੀਤੀ ਉਹ ਅੱਜ ਵੀ ਲੋਕਾਂ ਦੇ ਦਿਲਾਂ ਵਿੱਚ ਬੈਠੀ ਹੋਈ ਹੈ। ਉਨ੍ਹਾਂ ਨੇ ਪੰਜਾਬੀ ਸੂਬੇ ਦੀ ਐਜੀਟੇਸ਼ਨ ਵਿਚ ਔਰ ਸਿੱਖ ਕੌਮ ਦੇ ਦਿਲਾਂ ਵਿਚ ਉਸ ਸਕਾਲਰ ਨੇ ਜੋ ਸਿੱਖ ਇਜ਼ਮ ਦਾ ਜਜ਼ਬਾ ਭਰਿਆ, ਉਹ ਸਿੱਖ ਕੌਮ ਨਹੀਂ ਭੁਲਾ ਸਕਦੀ। ਉਹ ਅੱਜ ਸਾਡੇ ਤੋਂ ਜੁਦਾ ਹੋ ਗਏ ਹਨ। ਉਨਾਂ ਦੇ ਕਾਰਨਾਮਿਆਂ ਤੇ ਜਿੰਨਾਂ ਮਾਣ ਕੀਤਾ ਜਾਏ ਥੋੜ੍ਹਾ ਹੈ।

ਇਸ ਹਾਊਸ ਦੇ ਮੈਂਬਰ, ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਦਾ, ਔਰ ਇਸ ਹਾਊਸ ਦੇ ਮੈਂਬਰ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਦਾ ਔਰ ਇਸ ਹਾਊਸ ਦੇ ਮੈਂਬਰ ਸਰਦਾਰ ਬੀਰਪਾਲ ਸਿੰਘ ਦਾ ਚਲਾਣਾ ਹੋ ਗਿਆ, ਇਸ ਦਾ ਸਾਨੂੰ ਸਾਰਿਆਂ ਨੂੰ ਦੁੱਖ ਹੈ। ਸਰਦਾਰ ਬੀਰਪਾਲ ਸਿੰਘ ਜੋ ਅਜੇ ਨੌਜਵਾਨ ਸਨ, ਉਹ ਇਸ ਪੰਜਾਬ ਦੇ ਵਜ਼ੀਰ ਰਹੇ। ਉਹ ਬੜੇ ਮਿਲਣਸਾਰ ਸਨ ਅਤੇ ਆਪੋਜ਼ੀਸ਼ਨ ਦੇ ਮੈਂਬਰਾਂ ਨਾਲ ਉਨ੍ਹਾਂ ਦਾ ਹੱਦ ਤੋਂ ਜ਼ਿਆਦਾ ਪਿਆਰ ਸੀ।

[ਸਰਦਾਰ ਪ੍ਰੇਮ ਸਿੰਘ ਲਾਲਪੁਰਾ]

ਮੈਂ ਸੇਠ ਰਾਮ ਨਾਥ ਨੂੰ ਮਹਾਨ ਸ਼ਰਧਾਂਜਲੀ ਭੇਂਟ ਕਰਦਾ ਹਾਂ। ਉਨ੍ਹਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਸੱਤ ਸਾਲ ਕੈਦ ਕੱਟੀ। ਉਹ ਇਸ ਹਾਊਸ ਦੇ ਮੈਂਬਰ ਰਹੇ। ਮੈਨੂੰ ਉਹ ਵਕਤ ਯਾਦ ਹੈ ਜਦੋਂ ਪੰਜਾਬ ਦੇ ਵਿੱਚ ਸਰਕਾਰ ਨੇ ਪੰਜਾਬੀ ਜ਼ਬਾਨ ਲਈ ਪੰਜਾਬੀ ਰਿਜਨਲ ਕਮੇਟੀ ਅਤੇ ਹਿੰਦੀ ਜ਼ਬਾਨ ਲਈ ਹਿੰਦੀ ਰਿਜਨਲ ਕਮੇਟੀਆਂ ਬਣਾਈਆਂ ਅਤੇ ਸੇਠ ਰਾਮ ਨਾਥ ਜੀ ਨੂੰ ਪੰਜਾਬੀ ਰਿਜਨਲ ਕਮੇਟੀ ਦਾ ਚੇਅਰਮੈਨ ਮੁਕੱਰਰ ਕੀਤਾ ਗਿਆ। ਜਦੋਂ ਪੰਜਾਬੀ ਸੂਬੇ ਲਈ ਐਜੀਟੇਸ਼ਨ ਚਲ ਰਹੀ ਸੀ ਤਾਂ ਉਨ੍ਹਾਂ ਨੇ ਪੰਜਾਬੀ ਸੂਬੇ ਦੀ ਹਿਮਾਇਤ ਕੀਤੀ। ਉਹ ਪੰਜਾਬੀ ਸੂਬੇ ਲਈ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਕਾਂਗਰਸ ਹਾਈ ਕਮਾਂਡ ਨੂੰ ਮਿਲੇ ਔਰ ਪੰਜਾਬੀ ਸੂਬੇ ਦੀ ਹਿਮਾਇਤ ਵਿਚ ਕੋਈ ਕਸਰ ਨਾ ਛੱਡੀ। ਇਸ ਲਈ ਉਹ ਮਹਾਨ ਯੋਧਾ ਜਿਸ ਨੇ ਪੰਜਾਬੀ ਜ਼ਬਾਨ ਦੀ ਖਾਤਰ ਆਹ ਦਾ ਨਾਅਰਾ ਮਾਰਿਆ, ਮੈਂ ਸ਼੍ਰੋਮਣੀ ਅਕਾਲੀ ਦਲ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਫੂਲ ਭੇਂਟ ਕਰਦਾ ਹਾਂ।

ਪੰਜਾਬ ਦੇ ਅੰਦਰ ਅਤੇ ਪੰਜਾਬ ਤੋਂ ਬਾਹਰ ਜੋ ਲੋਕ ਸੀ.ਆਰ.ਪੀ. ਬੀ.ਐਸ.ਐਫ. ਜਾਂ ਪੁਲਿਸ ਦੀ ਗੋਲੀਆਂ ਨਾਲ ਸ਼ਹੀਦ ਹੋਏ ਮੈਂ ਉਨ੍ਹਾਂ ਨੂੰ ਵੀ ਸ਼੍ਰੋਮਣੀ ਅਕਾਲੀ ਦਲ ਵਲੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ): ਮਾਨਯੋਗ ਸਪੀਕਰ ਸਾਹਿਬ, ਜੋ ਮਹਾਨ ਹਸ-ਤੀਆਂ ਸਾਥੋਂ ਜੁਦਾ ਹੋ ਗਈਆਂ ਹਨ ਉਨ੍ਹਾਂ ਦੇ ਪ੍ਰਤੀ ਇਸ ਹਾਊਸ ਵਿਚ ਲੀਡਰ ਆਫ਼ ਦੀ ਹਾਊਸ ਅਤੇ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਅਤੇ ਦੂਸਰੇ ਸਾਡੇ ਮੈਂਬਰ ਸਾਹਿਬਾਨ ਨੇ ਜੋ ਜਜ਼ਬਾਤ ਪੇਸ਼ ਕੀਤੇ ਹਨ, ਮੈਂ ਉਨ੍ਹਾਂ ਦੀ ਤਾਈਦ ਕਰਦਾ ਹਾਂ।

ਸਰਦਾਰ ਕਪੂਰ ਸਿੰਘ, ਜਿਨ੍ਹਾਂ ਦੇ ਬਾਰੇ ਸਰਦਾਰ ਪ੍ਰੇਮ ਸਿੰਘ ਲਾਲਪੁਰਾ ਨੇ ਆਪਣੇ ਵਿਚਾਰ ਰਖੇ ਹਨ, ਮੈਂ ਉਨ੍ਹਾਂ ਦੇ ਨਾਲ ਸਹਿਮਤ ਹੁੰਦਾ ਹੋਇਆ ਇਹ ਐਡ ਕਰਦਾ ਹਾਂ ਕਿ ਆਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਜੋ ਸ਼੍ਰੋਮਣੀ ਅਕਾਲੀ ਦੱਲ ਦੀ ਮੰਗ ਹੈ ਉਨ੍ਹਾਂ ਦੇ ਬਣਾਉਣ ਵਾਲੇ ਤਿੰਨ ਮੈਂਬਰਾਂ ਦੇ ਮੇਰੇ ਨਾਮ ਯਾਦ ਹਨ, ਜਿਨ੍ਹਾਂ ਵਿਚੋਂ ਇਕ ਸਰਦਾਰ ਕਪੂਰ ਸਿੰਘ ਸਨ। ਦੂਜੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਅਤੇ ਤੀਜੇ ਸਰਦਾਰ ਗੁਰਮੀਤ ਸਿੰਘ। ਉਹ ਆਨੰਦਪੁਰ ਸਾਹਿਬ ਦਾ ਮਤਾ ਹਿੰਦ ਸਰਕਾਰ ਨੇ ਸਰਕਾਰੀਆਂ ਕਮਿਸ਼ਨ ਨੂੰ ਐਡਜੂਡੀਕੇਸ਼ਨ ਲਈ ਸਪੁਰਦ ਕੀਤਾ। ਮੈਂ ਸਮਝਦਾ ਹਾਂ ਕਿ ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਜੋ ਹੈ, ਜਿਸ ਵਿੱਚ ਸਟੇਟਾਂ ਦੀ ਅਟਾਨੋਮੀ ਦੀ ਗੱਲ ਕੀਤੀ ਗਈ ਹੈ, ਇਹ ਨਾ ਕੇਵਲ ਪੰਜਾਬ ਦੀ ਬਲਕਿ ਸਾਰੇ ਹਿੰਦੁਸਤਾਨ ਦੀਆਂ ਸਟੇਟਾਂ ਦੀ ਸਥਿਤੀ ਠੀਕ ਕਰ ਸਕਦਾ ਹੈ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਦੀ ਮ੍ਰਿਤੂ ਜਿਨ੍ਹਾਂ ਹਾਲਾਤ ਵਿਚ ਹੋਈ ਸਾਰੇ ਦੇਸ਼ ਵਾਸੀਆਂ ਲਈ ਇਕ ਬੁਰੀ ਗੱਲ ਹੈ। ਜੋ ਗੁਰੂ ਨਾਨਕ ਦੇਵ ਜੀ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹਨ, ਜਾਂ ਸ਼ਰਧਾਲੂ ਹਨ ਜੋ ਗੁਰੂ ਘਰ ਨੂੰ ਠੀਕ ਮਨਦੇ ਹਨ ਪੰਜਾਬ ਦੇ ਅਮਨ ਦਾ ਸੁਆਲ ਨਹੀਂ, ਦੇਸ਼ ਦੇ ਅਮਨ ਦਾ ਸੁਆਲ ਹੈ, ਉਹ ਉਨ੍ਹਾਂ ਤੇ ਨਿਰਭਰ ਕਰਦਾ ਹੈ। ਇਹ ਜੋ ਅਪਰੋਚ ਹੈ ਕਿਸੇ ਨੂੰ ਪੁਲੀਟੀਕਲ ਇਖਤਲਾਫ਼ਾਤ ਕਰਕੇ, ਕਿਸੇ ਨੂੰ ਧਰਮ ਕਰਕੇ ਮਾਰ ਦੇਣਾ ਜਾਂ ਕਿਸੇ ਸਿੱਖ ਨੂੰ ਇਸ ਕਰਕੇ ਮਾਰ ਦੇਣਾ ਕਿ ਉਨ੍ਹਾਂ ਦੇ ਵਿਚਾਰ ਨਹੀਂ ਮਿਲਦੇ, ਇਹ ਸਿੱਖਾਂ ਦਾ ਕਤਲ ਹੈ। ਇਹ ਸਿੱਖੀ ਮਾਰੂ ਤਹਿਰੀਕ ਜੋ ਚਲੀ ਹੋਈ ਹੈ ਇਸ ਨੂੰ ਖ਼ਤਮ ਕਰਨ ਲਈ ਇਸ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਨਿਰਭੈ ਹੋ ਕੇ ਲੋਕਾਂ ਵਿਚ ਜਾਣਾ ਚਾਹੀਦਾ ਹੈ। ਇਹ ਪੰਜਾਬ ਦੇ ਵਿਰੁੱਧ ਹੈ, ਹਿੰਦੁਸਤਾਨ ਦੇ ਵਿਰੁੱਧ ਹੈ, ਸਿੱਖਾਂ ਦੇ ਵਿਰੁੱਧ ਹੈ ਅਤੇ ਇਸ ਤੋਂ ਬਚਣਾ ਚਾਹੀਦਾ ਹੈ।

ਸੇਠ ਰਾਮ ਨਾਥ ਮੇਰੇ ਜ਼ਿਲ੍ਹੇ ਫਰੀਦਕੋਟ ਦੇ ਰਹਿਣ ਵਾਲੇ ਸਨ। ਉਹ ਨਾਭੇ ਦੀ ਪ੍ਰਜਾਮੰਡਲ ਮੂਵਮੈਂਟ ਦੇ ਆਗੂ ਸਨ। ਉਹ ਇਕ ਉਚੇ ਅਤੇ ਸੁੱਚੇ ਕਿਰਦਾਰ ਦੇ ਮਾਲਕ ਸਨ। ਸੇਠ ਰਾਮ ਨਾਥ ਇਕ ਉੱਚ ਪਾਏ ਦੇ ਆਦਮੀ ਸਨ। ਉਹ ਇਥੇ ਮਨਿਸਟਰ ਵੀ ਰਹੇ ਔਰ ਪੰਜਾਬੀ ਰਿਜੀਨਲ ਕਮੇਟੀ ਦੇ ਚੇਅਰਮੈਨ ਵੀ ਰਹੇ। ਉਹ ਦੇਸ਼ ਵਿਚ ਚੰਗਾ ਅਸਰ ਰਸੂਖ ਰਖਦੇ ਸਨ। ਉਨ੍ਹਾਂ ਨੇ ਆਪਣੀ ਪੁਜ਼ੀਸ਼ਨ ਤੋਂ ਨਿੱਜੀ ਲਾਭ ਕਦੇ ਨਹੀਂ ਸੀ ਉਠਾਇਆ, ਉਹ ਲੋਕ ਸੇਵਾ ਲਈ ਜੀਵਨ ਬਿਤਾਉਂਦੇ ਰਹੇ, ਉਹ ਪੰਜਾਬੀਅਤ ਅਤੇ ਹਿੰਦੂ ਸਿੱਖ ਏਕਤਾ ਲਈ ਜੂਝਦੇ ਰਹੇ। ਮੈਂ ਸਮਝਦਾ ਹਾਂ ਕਿ ਅੱਜ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਸੇਠ ਰਾਮ ਨਾਥ ਜੀ ਦੇ ਵਿਚਾਰਾਂ ਨੂੰ ਅਪਨਾ ਲੈਣ ਤਾਂ ਪੰਜਾਬ ਦਾ ਮਸਲਾ ਬਿਨਾ ਕਿਸੇ ਹੀਲੇ ਹੁੱਜਤ ਦੇ ਹਲ ਹੋ ਸਕਦਾ ਹੈ। ਇਸ ਵਿਚ ਪੰਜਾਬ ਵੀ ਤਰੱਕੀ ਕਰ ਸਕਦਾ ਹੈ ਅਤੇ ਦੇਸ਼ ਵੀ ਤਰੱਕੀ ਕਰ ਸਕਦਾ ਹੈ। ਸੇਠ ਰਾਮ ਨਾਥ ਉੱਚੀ ਜ਼ਮੀਰ ਦੇ ਮਾਲਕ ਸਨ। ਉਹ ਬੜੇ ਸੱਚੇ ਤੇ ਸੁਚੇ ਆਦਮੀ ਸਨ। ਪੰਜਾਬੀ ਅਤੇ ਹਿੰਦੂ ਸਿੱਖ ਏਕਤਾ ਦੇ ਮੁਦੱਈ ਸਨ। ਜੇ ਅਸੀਂ ਸਾਰੇ ਉਸ ਤਰ੍ਹਾਂ ਬਣ ਜਾਈਏ ਤਾਂ ਪੰਜਾਬ ਦਾ ਮਸਲਾ ਹਲ ਹੋ ਸਕਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਉਨ੍ਹਾਂ ਸਾਰੇ ਲੋਕਾਂ ਨੂੰ ਜਿਨ੍ਹਾਂ ਦਾ ਨਾਂ ਲਿਆ ਹੈ ਅਤੇ ਜਿਨ੍ਹਾਂ ਦਾ ਨਾਂ ਨਹੀਂ ਲਿਆ, ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ।

ਮਾਸਟਰ ਮੋਹਨ ਲਾਲ (ਪਠਾਨਕੋਟ): ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ ਸਰ। ਮੈਂ ਤੁਹਾਡੇ ਰਾਹੀਂ ਲੀਡਰ ਆਫ ਦੀ ਹਾਊਸ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ 6 ਰੈਫ਼ਰੈਂ-ਸਿਜ਼ ਹਨ ਜਿਨ੍ਹਾਂ ਦੇ ਨਾਂ ਸਾਡੇ ਕੋਲ ਹਨ ਸੱਤਵਾਂ ਆਈਟਮ ਇਹ ਪਾ ਦਿਤਾ ਜਾਵੇ ਕਿ ਜੋ ਲੋਕ ਟੈਰੋਰਿਸਟਾਂ ਦੇ ਹਥੋਂ ਮਾਰੇ ਗਏ ਉਨ੍ਹਾਂ ਲੋਕਾਂ ਨੂੰ ਵੀ ਸ਼ਰਧਾਂਜਲੀ ਭੇਂਟ ਕਰ ਦਿੱਤੀ ਜਾਏ। ਜਿਸ ਤਰ੍ਹਾਂ ਮੇਰੀ ਪਾਰਟੀ ਦੇ ਲੀਡਰ ਸ੍ਰੀ ਰਾਧਾ ਕ੍ਰਿਸ਼ਨ ਨੇ ਕਿਹਾ ਹੈ ਲੀਡਰ ਆਫ਼ ਦੀ ਹਾਊਸ ਨੂੰ ਕਿ ਉਹ ਲੋਕ ਜਿਨ੍ਹਾਂ ਨੂੰ ਬੱਸਾਂ ਵਿਚੋਂ ਕੱਢ ਕੇ ਮਾਰਿਆ ਗਿਆ ਉਨ੍ਹਾਂ ਲਈ ਇਕ ਲਫ਼ਜ਼ ਵੀ ਨਹੀਂ ਕਿਹਾ ਗਿਆ। ਮੇਰੀ ਬੇਨਤੀ ਪ੍ਰਵਾਨ ਕੀਤੀ ਜਾਏ ਅਤੇ ਸਰਧਾਂਜਲੀ ਦੇ ਮਤੇ ਵਿਚ ਸਤਵਾਂ ਆਈਟਮ ਇਹ ਪਾ ਦਿੱਤਾ ਜਾਏ।

ਸ੍ਰੀ ਸਪੀਕਰ: ਮੈਂ ਕਹਾਂਗਾ ਕਿ ਉਹ ਉਸ ਬਾਰੇ ਬੋਲ ਚੁਕੇ ਹਨ। ਹੁਣ ਮੈਂ ਕਹਾਂਗਾ ਕਿ ਸ੍ਰੀ ਰਾਮ ਕਿਸ਼ਨ ਕਟਾਰੀਆ ਜੀ ਬੋਲ ਲੈਣ।

ਸ੍ਰੀ ਰਾਮ ਕਿਸ਼ਨ ਕਟਾਰੀਆ (ਬਲਾਚੌਰ): ਸਪੀਕਰ ਸਾਹਿਬ, ਬਾਬੂ ਜਗਜੀਵਨ ਰਾਮ ਜੀ ਇਕ ਬਹੁਤ ਲੰਬੇ ਅਰਸੇ ਤਕ ਦੇਸ਼ ਵਿਚ ਸਿਆਸਤ ਤੇ ਛਾਏ ਰਹੇ। ਉਹ ਬਹੁਤ ਹੀ ਸੂਝਵਾਨ ਵਿਅਕਤੀਆਂ ਵਿਚੋਂ, ਜੋ ਚੰਦ ਵਿਅਕਤੀ ਹੋਏ ਹਨ, ਉਨ੍ਹਾਂ ਵਿਚੋਂ ਜਾਣੇ ਜਾਂਦੇ ਹਨ, ਜਿਨ੍ਹਾਂ ਨੂੰ ਬਹੁਤ ਮਾਨ ਪ੍ਰਾਪਤ ਹੋਇਆ ਹੈ। ਪਹਿਲੇ ਰਾਸ਼ਟਰਪਤੀ ਬਾਬੂ ਰਾਜਿੰਦਰ ਪ੍ਰਸ਼ਾਦ ਜੀ ਤੋਂ ਬਾਅਦ ਬਾਬੂ ਜੀ ਇਨ੍ਹਾਂ ਨੂੰ ਕਹਿ ਕੇ ਲੋਕ ਪੁਕਾਰਦੇ ਸਨ, ਇਨ੍ਹਾਂ ਨੂੰ ਸਤਿਕਾਰਦੇ ਸਨ। ਇਨ੍ਹਾਂ ਨੇ ਜਿਹੜਾ ਮਹਿਕਮਾ ਵੀ ਲਿਆ, ਉਸ ਵਿਚ ਕਾਮਯਾਬ ਹੋਏ। ਪਿਛਲੀ ਲੜਾਈ ਦੀ ਕਾਮਯਾਬੀ ਦਾ ਸਿਹਰਾ ਉਨ੍ਹਾਂ ਨੂੰ ਜਾਂਦਾ ਹੈ। ਸੰਨ 1977 ਵਿਚ ਕਾਂਗਰਸ ਪਾਰਟੀ ਨੂੰ ਅਲਵਿਦਾ ਕਹੀ ਸੀ। ਇਸ ਤਰ੍ਹਾਂ ਮਹਿਸੂਸ ਹੁੰਦਾ ਸੀ ਕਿ ਕਾਂਗਰਸ ਪਾਰਟੀ ਦੀ ਜਿੰਦ ਜਾਨ ਹੀ ਬਾਬੂ ਜਗਜੀਵਨ ਰਾਮ ਸਨ। ਜਦੋਂ ਜਨਤਾ ਪਾਰਟੀ ਦੀ ਸਰਕਾਰ ਬਣੀ ਤਾਂ ਇਹ ਵੀ ਖਿਆਲ ਸੀ ਕਿ ਉਹ ਪ੍ਰਾਈਮ ਮਨਿਸਟਰ ਬਨਣ ਵਾਲਾ ਹੈ ਪਰ ਉਹ ਸਰਕਾਰ ਖਤਮ ਹੋ ਗਈ। ਬਾਬੂ ਜਗਜੀਵਨ ਰਾਮ ਜੀ ਨੂੰ ਕਦੀ ਹਾਰ ਦਾ ਮੂੰਹ ਨਹੀਂ ਸੀ ਵੇਖਿਆ। ਮੈਂ ਸਮਝਦਾ ਹਾਂ ਕਿ ਇਸ ਸਮੇਂ ਬਹੁਤ ਘਾਟਾ ਦੇਸ਼ ਨੂੰ ਮਹਿਸੂਸ ਹੋ ਰਿਹਾ ਹੈ।

[ਸ੍ਰੀ ਰਾਮਕ੍ਰਿਸ਼ਨ ਕਟਾਰੀਆ]

ਸਰਦਾਰ ਕਪੂਰ ਸਿੰਘ ਜੀ ਬਾਰੇ ਡੋਡ ਸਾਹਿਬ ਨੇ ਬਹੁਤ ਕਿਹਾ ਹੈ ਉਹ ਲਿਟਰੇਰੀ ਔਰ ਫਿਲਾਸਫੀ ਦੇ ਮਾਹਿਰ ਸਨ। ਬਹੁਤ ਮਸ਼ਹੂਰ ਆਈ.ਸੀ.ਐਸ. ਅਫਸਰ ਰਹੇ ਔਰ ਪੰਜਾਬੀ ਸੂਬਾ ਬਣਾਉਣ ਵਿਚ ਉਨ੍ਹਾਂ ਨੇ ਕਾਫੀ ਯੋਗਦਾਨ ਦਿੱਤਾ ਹੈ।

ਕਾਮਰੇਡ ਦਰਸ਼ਨ ਸਿੰਘ ਜੀ ਕੈਨੇਡੀਅਨ ਮੇਰੇ ਨਾਲ ਲਗਦੇ ਹਲਕੇ ਦੀ ਸੰਨ 1972 ਤੋਂ ਸੰਨ 1980 ਤਕ ਨੁਮਾਇੰਦਗੀ ਕਰਦੇ ਰਹੇ। ਪਿਛਲੀ ਟਰਮ ਵਿਚ ਮੈਂ ਵੀ ਉਨ੍ਹਾਂ ਦੇ ਨਾਲ ਰਿਹਾ ਅਤੇ ਉਨ੍ਹਾਂ ਨੂੰ ਮੈਂ ਨੇੜੇ ਤੋਂ ਜਾਣਿਆਂ ਹੈ। ਜਿਤਨਾਂ ਜੋ ਉਨ੍ਹਾਂ ਨੂੰ ਨੇੜੇ ਤੋਂ ਜਾਣਦਾ ਸੀ ਉਤਨਾ ਉਹ ਪ੍ਰਭਾਵਿਤ ਹੁੰਦਾ ਸੀ। ਉਹ ਬਹੁਤ ਹੀ ਇਮਾਨਦਾਰ ਸਨ। ਉਹ ਇਸ ਪੰਜਾਬ ਦੇ ਕਿਸਾਨਾਂ ਲਈ ਲੜਦੇ ਰਹਿਣ ਦੇ ਬਾਵਜੂਦ ਵੀ, ਕੈਨੇਡਾ ਵਿਚ ਰਹਿਣ ਦੇ ਬਾਵਜੂਦ ਵੀ ਉਹ ਕੋਈ ਵੀ ਵਹੀਕਲ ਨਹੀਂ ਲੈ ਸਕੇ। ਉਹ ਮੌਜੂਦਾ ਪੰਜਾਬ ਦੇ ਹਾਲਾਤ ਤੋਂ ਬਹੁਤ ਦੁਖੀ ਸਨ। ਤਰਨ-ਤਾਰਨ, ਅੰਮ੍ਰਿਤਸਰ ਜਾ ਕੇ ਲੋਕਾਂ ਨੂੰ ਸਮਝਾਉਂਦੇ ਸਨ। ਕਿਸੇ ਤੇ ਦਬਾ ਪਾ ਕੇ ਆਪਣੀ ਗਲ ਨਹੀਂ ਸੀ ਕਰਦੇ। ਉਹ ਪਿਆਰ ਨਾਲ ਗੱਲ ਕਰਦੇ ਸਨ। ਉਹ ਸੱਚ ਕਹਿ ਕੇ ਸੁਜੈਸ਼ਨ ਵੀ ਦੇਣੀ ਹੋਵੇ ਤਾਂ ਦਿੰਦੇ ਸਨ। ਉਹ ਆਪਣੇ ਟੂਰ ਤੋਂ ਬਾਦ ਘਰ ਨਾ ਪੁਜ ਸਕੇ। ਜਦੋਂ ਇਕ ਕਿਲੋਮੀਟਰ ਘਰ ਦਾ ਪੈਂਡਾ ਰਹਿ ਗਿਆ ਸੀ ਤਦ ਕਤਲ ਕਰ ਦਿੱਤੇ ਗਏ ਔਰ ਸਾਡੇ ਦੇਸ਼ ਔਰ ਪਰਦੇਸ਼ ਨੂੰ ਉਨ੍ਹਾਂ ਦਾ ਘਾਟਾ ਪਿਆ ਹੈ। ਮੇਰੇ ਉਹ ਨਿੱਜੀ ਦੋਸਤ ਸਨ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਜੀ ਸੰਨ 1962 ਵਿਚ ਰੋਪੜ ਤੋਂ ਔਰ 1972 ਵਿਚ ਖਰੜ ਤੋਂ ਨੁਮਾਇੰਦਗੀ ਕਰਦੇ ਰਹੇ ਹਨ। ਆਪਣੀ ਪਾਰਟੀ ਪ੍ਰਤੀ ਬਹੁਤ ਹੀ ਸੁਲਝੇ ਹੋਏ ਲੀਡਰ ਸਨ। ਉਹ ਗਰੀਬਾਂ ਦੇ ਆਗੂ ਸਨ। ਐਜੂਕੇਸ਼ਨਲ ਇਨਸਟੀਚਿਊਸ਼ਨਜ਼ ਵਿਚ ਹਿੱਸਾ ਲੈਂਦੇ ਰਹੇ। ਉਹ ਸਚਿੱਤਰ ਪੰਜਾਬੀ ਪੱਤਰਕਾ ਦੇ ਐਡੀਟਰ ਸਨ। ਉਹ ਪੰਜਾਬ ਕਿਸਾਨ ਸਭਾ ਦੇ ਵਾਈਸ ਪ੍ਰੈਜ਼ੀਡੈਂਟ ਸਨ। ਉਨ੍ਹਾਂ ਦਾ ਸਾਡੇ ਦੇਸ਼ ਨੂੰ ਬਹੁਤ ਘਾਟਾ ਪਿਆ ਹੈ।

ਸੇਠ ਰਾਮ ਨਾਥ ਜੀ ਬੇਹਤਰੀਨ ਇਨਸਾਨ ਸਨ। ਉਹ ਹਿੰਦੂ ਸਿੱਖ ਏਕਤਾ ਦੇ ਮੋਹਰੀ ਸਨ। ਉਨ੍ਹਾਂ ਦਾ ਸਾਨੂੰ ਬਹੁਤ ਜ਼ਿਆਦਾ ਘਾਟਾ ਪਿਆ ਹੈ। ਉਨ੍ਹਾਂ ਦੇ ਬਾਰੇ ਕਾਫੀ ਕਿਹਾ ਜਾ ਚੁੱਕਿਆ ਹੈ। ਉਹ ਪ੍ਰਜਾ ਮੰਡਲ ਦੇ ਫਾਊਂਡਰ ਮੈਂਬਰ ਸਨ। ਸੱਤ ਸਾਲ ਫਰੀਡਮ ਫਾਈਟਰ ਦੇ ਤੌਰ ਤੇ ਜੇਲ੍ਹ ਵਿਚ ਰਹੇ ਹਨ। ਸਰਦਾਰ ਬੀਰ ਪਾਲ ਸਿੰਘ ਜੀ ਪਹਿਲੀ ਵਾਰੀ ਪੰਜਾਬ ਵਿਧਾਨ ਸਭਾ ਵਿਚ ਆਏ ਔਰ ਪਹਿਲੀ ਵਾਰੀ ਹੀ ਮੰਤਰੀ ਬਣੇ, ਸਹਿਕਾਰਤਾ ਮਹਿਕਮਾ ਉਨ੍ਹਾਂ ਦੇ ਪਾਸ ਸੀ। ਉਹ ਯੂਥ ਕਾਂਗਰਸ ਵਿਚ ਮੋਹਰੀ ਬਣ ਕੇ ਰਹੇ ਹਨ। ਉਨ੍ਹਾਂ ਦਾ ਪਾਰਟੀ ਵਿਚ ਸਤਿਕਾਰ ਮਾਣ ਸੀ। ਸਾਰੇ ਜਾਣਦੇ ਸੀ, ਇੰਦਰਾ ਗਾਂਧੀ ਜਦੋਂ ਹਾਰ ਗਈ ਤਾਂ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦਾ ਬਾਡੀ ਗਾਰਡ ਦੇ ਤੌਰ ਤੇ ਆਪਣੀ ਪਾਰਟੀ ਦਾ ਖਿਦਮਤਗਾਰ ਰਿਹਾ।

ਸਾਰੇ ਬਜ਼ੁਰਗਾਂ ਔਰ ਸਾਥੀਆਂ ਤੇ ਨਿਰਦੋਸ਼ ਲੋਕ ਜੋ ਜ਼ਾਲਮਾਂ ਦੇ ਹੱਥੋਂ, ਉਗਰਵਾਦੀਆਂ ਦੇ ਹੱਥੋਂ ਕਤਲ ਹੋਏ ਹਨ, ਨੂੰ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸ੍ਰੀ ਸਪੀਕਰ : ਮੈਂਬਰ ਸਾਹਿਬਾਨ ਨੇ ਜਿਹੜੇ ਮਹਾਨ ਵਿਅਕਤੀਆਂ ਅਤੇ ਸਾਥੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਹੈ, ਉਸ ਵਿੱਚ ਮੈਂ ਵੀ ਸ਼ਰੀਕ ਹੁੰਦਾ ਹਾਂ। ਬਾਬੂ ਜਗਜੀਵਨ ਰਾਮ ਜੀ ਸਾਰੀ ਉਮਰ ਪਛੜੇ ਅਤੇ ਲਤਾੜੇ ਵਰਗ ਲਈ ਲੜਦੇ ਰਹੇ। ਉਨ੍ਹਾਂ ਨੇ ਗਰੀਬ ਘਰਾਣੇ ਵਿਚ ਪੈਦਾ ਹੋ ਕੇ

ਉੱਚਾ ਦਰਜਾ ਪ੍ਰਾਪਤ ਕੀਤਾ। ਇਸ ਗੱਲ ਦਾ ਮਾਣ ਰਿਹਾ ਹੈ ਕਿ ਜਦੋਂ ਸੈਂਟਰ ਵਿਚ ਵਜ਼ਾਰਤ ਬਣੀ ਦੂਸਰੀ (ਜਨਤਾ) ਪਾਰਟੀ ਦੀ ਤਾਂ ਉਹ ਵੀ ਵਜ਼ਾਰਤ ਵਿਚ ਲਏ ਗਏ ਔਰ ਉਨ੍ਹਾਂ ਨੂੰ ਉਚੇਚੇ ਤੌਰ ਤੇ ਦੇਸ਼ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਦੇ ਜਾਣ ਨਾਲ ਦੇਸ਼ ਨੂੰ ਬਹੁਤ ਘਾਟਾ ਪਿਆ ਹੈ।

ਸਰਦਾਰ ਕਪੂਰ ਸਿੰਘ ਜੀ ਬਾਰੇ ਜਿਸ ਤਰ੍ਹਾਂ ਮੈਂਬਰ ਸਾਹਿਬਾਨ ਨੇ ਕਿਹਾ ਹੈ, ਪਾਰਲੀਮੈਂ-ਟੇਰੀਅਨ ਹੋਣ ਦੇ ਨਾਲ ਨਾਲ ਫਿਲਾਸਫਰ ਵੀ ਸਨ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਅਤੇ ਸ੍ਰੀ ਆਨੰਦਪੁਰ ਸਾਹਿਬ ਬਾਰੇ ਪੁਸਤਕ ਲਿਖੀ। ਉਨ੍ਹਾਂ ਨੇ ਗੁਰੂ ਸਾਹਿਬ ਬਾਰੇ ਦੇਸ਼ ਭਗਤੀ ਦੀ 'ਮਰਨਾ ਮੁਨਸ਼ਾ ਸੂਰਿਆਂ' ਕਿਤਾਬ ਲਿਖੀ।

ਚਾਈਨੀਜ਼ ਅਗਰੈਸ਼ਨ ਸਮੇਂ ਜੋ ਸਪੀਚ ਉਨ੍ਹਾਂ ਨੇ ਲੋਕ ਸਭਾ ਵਿਚ ਕੀਤੀ ਉਹ ਹਾਲੇ ਤਕ ਵੀ ਸਾਡੇ ਕੰਨਾਂ ਵਿਚ ਗੂੰਜਦੀ ਹੈ। ਉਨ੍ਹਾਂ ਦੇ ਜਾਣ ਨਾਲ ਜੋ ਘਾਟਾ ਪਿਆ ਹੈ ਉਹ ਪੂਰਾ ਹੋਣਾ ਔਖਾ ਹੈ।

ਕੈਨੇਡੀਅਨ ਸਾਹਿਬ ਬਾਰੇ ਕਾਫੀ ਕੁਝ ਕਿਹਾ ਗਿਆ ਹੈ। ਕੈਨੇਡੀਅਨ ਸਾਹਿਬ ਸਾਰੀ ਉਮਰ ਕਿਸਾਨ ਹਿਤਾਂ ਲਈ ਉਚੇਚੇ ਤੌਰ ਤੇ ਮੁਦੱਈ ਰਹੇ ਹਨ ਅਤੇ ਉਹ ਉੱਚੇ ਪਾਰਲੀਮੈਂਟੇਰੀਅਨ ਸਨ। ਉਹ ਪੰਜਾਬ ਵਿਧਾਨ ਸਭਾ ਦੇ ਦੋ ਦਫਾ ਮੈਂਬਰ ਵੀ ਰਹੇ। ਉਨ੍ਹਾਂ ਦਾ ਜੋ ਵਿਛੋੜਾ ਹੋਇਆ ਉਹ ਦੁਖਦਾਈ ਹੈ। ਉਨ੍ਹਾਂ ਦੇ ਜਾਣ ਨਾਲ ਕਾਫੀ ਘਾਟਾ ਪਿਆ ਹੈ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਚੰਗੇ ਪਾਰਲੀਮੈਂਟੇਰੀਅਨ ਸਨ। ਉਹ ਦੋ ਦਫਾ ਮੈਂਬਰ ਚੁਣ ਕੇ ਆਏ ਅਤੇ ਉਨ੍ਹਾਂ ਨੇ ਪੰਜਾਬ ਦੀ ਸੇਵਾ ਕੀਤੀ। ਉਹ ਸਾਹਿਤਕ ਰੁਚੀ ਦੇ ਮਾਲਕ ਸਨ। ਇਕ ਟਰੇਡ ਯੂਨੀਅਨ ਲੀਡਰ ਤੇ ਕਿਸਾਨ ਲੀਡਰ ਸਨ। ਉਨ੍ਹਾਂ ਦੇ ਜਾਣ ਨਾਲ ਵੀ ਪੰਜਾਬ ਨੂੰ, ਕਿਸਾਨ ਵਰਗ ਨੂੰ ਤੇ ਲੇਬਰ ਵਰਗ ਨੂੰ ਬਹੁਤ ਵੱਡਾ ਘਾਟਾ ਪਿਆ।

ਸੇਠ ਰਾਮ ਨਾਥ ਜੀ ਦਾ ਨਾਮ ਵੀ ਉੱਚੇ ਸੁਤੰਤਰਤਾ ਸੰਗਰਾਮੀਆਂ ਵਿੱਚ ਆਉਂਦਾ ਹੈ, ਜਿਨ੍ਹਾਂ ਪੰਜਾਬ ਦੇ ਹਿੱਤ ਲਈ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੇ ਜੋ ਪਰਜਾ ਮੰਡਲ ਦੀ ਲਹਿਰ ਚਲਾਈ ਸੀ ਉਸ ਵਿੱਚ ਬੜਾ ਯੋਗ ਦਾਨ ਕੀਤਾ ਹੈ। ਉਨ੍ਹਾਂ ਨੇ ਸੁਤੰਤਰਤਾ ਸੰਗਰਾਮ ਵਿਚ ਜੇਲ੍ਹ ਯਾਤਰਾ ਕੀਤੀ ਅਤੇ ਬਹੁਤ ਹਿੱਸਾ ਪਾਇਆ ਹੈ। ਉਨ੍ਹਾਂ ਦਾ ਵਿਛੋੜਾ ਸਾਡੇ ਬਜ਼ੁਰਗ ਸੰਗਰਾਮੀ ਦਾ ਵਿਛੋੜਾ ਹੈ। ਜਿਸ ਨੂੰ ਸਹਿਨ ਕਰਨਾ ਸਾਡੇ ਪੰਜਾਬ ਦੇ ਲੋਕਾਂ ਨੂੰ ਔਖਾ ਹੋ ਰਿਹਾ ਹੈ।

ਸਰਦਾਰ ਬੀਰਪਾਲ ਸਿੰਘ ਜੀ ਪਹਿਲੀ ਮਰਤਬਾ ਮੈਂਬਰ ਬਣ ਕੇ ਆਏ ਵਿਧਾਨ ਸਭਾ ਦੇ ਅਤੇ ਮਨਿਸਟਰ ਬਣੇ। ਆਪਣੀ ਪਾਰਟੀ ਲਈ ਬਹੁਤ ਨਾਮ ਪੈਦਾ ਕੀਤਾ। ਉਨ੍ਹਾਂ ਦੀ ਛੋਟੀ ਉਮਰ ਵਿਚ ਮੌਤ ਹੋਈ ਹੈ। ਉਹ ਚੰਗੇ ਪਾਰਲੀਮੈਂਟੇਰੀਅਨ ਸਨ। ਉਨ੍ਹਾਂ ਨੇ ਪੰਜਾਬ ਦੀ ਉੱਨਤੀ ਵਿਚ ਬੜਾ ਹਿੱਸਾ ਪਾਇਆ ਹੈ। ਮੈਂ ਸਮਝਦਾ ਹਾਂ ਕਿ ਅਸੀਂ ਸਾਰੇ ਇਸ ਅਫਸੋਸ ਵਿਚ ਸ਼ਰੀਕ ਹਾਂ। ਸਾਰੇ ਹਾਊਸ ਵਲੋਂ ਅਤੇ ਸਾਰੇ ਮੈਂਬਰ ਸਾਹਿਬਾਨ ਵਲੋਂ ਜਿਹੜੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਹਨ, ਮੈਂ ਹਾਊਸ ਨਾਲ ਔਰ ਉੱਘੇ ਮੈਂਬਰ ਸਾਹਿਬਾਨ ਦੇ ਵਿਚਾਰਾਂ ਨਾਲ ਸ਼ਰੀਕ ਹੁੰਦਾ ਹੋਇਆ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਅਸੀਂ ਸਾਰੇ ਆਪਣੇ ਆਪਣੇ ਸਥਾਨ ਤੇ ਖੜੇ ਹੋ ਕੇ ਦੋ ਮਿੰਟਾਂ ਲਈ ਮੋਨ ਧਾਰਨ ਕਰੀਏ

(ਇਸ ਸਮੇਂ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਨੇ ਦੋ ਮਿੰਟਾਂ ਲਈ ਮੋਨ ਧਾਰਨ ਕੀਤਾ।)

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਮੈਂ ਤਜਵੀਜ਼ ਕਰਾਂਗਾ ਕਿ ਇਸ ਸਦਨ ਦੀ ਜੋ ਸ਼ਰਧਾਂਜਲੀ ਦੇ ਫੁਲ ਹਨ ਉਹ ਵਿਛੜੀਆਂ ਆਤਮਾਵਾਂ ਦੇ ਪਰਿਵਾਰਾਂ ਨੂੰ ਭੇਜ ਦੇਣੇ ਚਾਹੀਦੇ ਹਨ।

ਆਵਾਜ਼ਾਂ : ਠੀਕ ਹੈ, ਠੀਕ ਹੈ ਜੀ।

Mr. Speaker : The House stands adjourned till 3.30 P. M. today.

*

2.52 P.M. | (The Sabha then adjourned till 3.30 P.M. today the 15th December, 1986.)

24443/PVS—Govt. Press, Chd.

Published under the authority of the Punjab Vidhan Sabha Secretariat and printed by the Controller, Printing & Stationery Department, U.T., Chandigarh.

3 6

Punjab Vidhan Sabha Debates

15th December, 1986
(*Second Sitting*)

Vol. IV—No. 2

OFFICIAL REPORT



CONTENTS

Monday, the 15th December, 1986
(*Second Sitting*)

PUNJAB VIDHAN SABHA SECRETARIAT, CHANDIGARH.

Price: Rs. 52.00

ERRATA

TO

PUNJAB VIDHAN SABHA DEBATES

Dated 15th December, 1986 2nd (Sitting)

Vol. IV No. 2

Read	*For*	*Page*	*Line*
Election	Erection	(2)3	13th from below
ਰੀਹੈਬੀਲੀਟੇਟ	ਰੀਹੈਬਲੀਏਟ	(2)27	20
P.H.C.	P. H. G.	(2)45	15
Failed to	jailed to	(2)50	7th from below
ਸੀ. ਐਮ	ਐਮ	(2)59	12th from below
ਬੈਲਟ	ਬੈਡਟਸ	(2)63	10th from below

PUNJAB VIDHAN SABHA

Monday, the 15th December, 1986

(*Second Sitting*)

The Vidhan Sabha met in the Punjab Vidhan Sabha Hall, Vidhan Bhavan, Chandigarh, at 3.30 *P.M. Mr. Speaker (Sardar Surjit Singh Minhas) in the Chair.*

STARRED QUESTIONS AND ANSWERS

Central Placement Committee

*423. **Shri Brij Bhushan Mehra :** Will the Chief Minister be pleased to state whether any Central Placement Committee for collecting the data of vacancies in different departments in different cadres and allied services has been constituted by the Punjab Government; if so, the detailed lists of such vacancies collected department-wise be placed on the Table of the House?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਹਾਂ ਜੀ, ਅਸਾਮੀਆਂ ਦੀ ਮਹਿਕਮੇ ਅਨੁਸਾਰ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

STATEMENT

Serial No.	Administrative Secretary and Department		Vacancies	
			Class-III	Class-IV
1	Chief Secretary to Govt., Punjab, & Secretary, Department of Personnel, General Admn. and Hospitality & Vigilance—			
	1. Civil Secretariat/General Administration	..	25	36
	2. Punjab Public Service Commission	..	5	..
	3. Secretary, Punjab Vidhan Sabha	..	..	..
	4. Secretary to Governor, Punjab	..	..	..
	5. Director, Hospitality, Punjab	..	18	60
	6. Director, Vigilance, Punjab	..	..	..
	7. Punjab S.S.S. Board	..	..	..
	Total	..	48	96
2	Financial Commissioner (Appeals)	..	..	..
2	Resident Financial Commissioner, New Delhi	..	..	..
	Total	..	..	..

[Chief Minister]

Serial No.	Administrative Secretary and Department	Vacancies	
		Class-III	Class-IV
1	Financial Commissioner & Secretary to Government, Punjab, Department of Home Affairs and Justice—		
	1. Director General, Police, Punjab ..	108	5
	2. Director, Prosecution and Litigation, Punjab	22	4
	3. Advocate General, Punjab ..	6	..
	4. Inspector General, Punjab (Prison) ..	21	..
	5. Commandant General, Home Guard and Civil Defence, Punjab ..	143	33
	6. Registrar, Punjab & Haryana High Court	..	..
	7. A.G. and O.T. & Treasurer Charitable ..	1	..
	8. Legal Remembrancer ..	10	2
	9. Civil Aviation ..	7	1
	Total ..	318	15
1	Finanial Commissioner (Development) and Secretary to Government, Punjab, Department of Agriculture Forest, Co-operative and Dairy Development		
	1. Director Agriculture, Punjab ..	214	344
	2. Chief Conservator of Soils, Punjab ..	166	26
	3. Chief Conservator of Forest, Punjab ..	281	..
	4. Director, Colonisation, Punjab ..	7	..
	5. Director Horticulture, Punjab ..	37	..
	6. Milk Commissioner, Punjab ..	33	6
	7 Registrar, Co-op. Societies, Punjab ..	58	..
	8 Chief Auditor, Punjab, Co-op. ..	8	..
	9. Forest Development Corporation ..	112	331
	10. Seed Corporation, Punjab ..	..	..
	11. Land Development & Finance Corp. ..	..	..
	12. Agro Industries, Punjab, Chandigarh ..	5	4
	13. Warehousing Corporation Punjab ..	70	32
	14. Agriculture Marketing Board, Punjab ..	311	27

Serial No.	Administrative Secretary and Department		Vacancies	
			Class-III	Class-IV
	15. Land Mortgage Bank Limited	..	8	..
	16. Punjab Co-op. Spinning Mill	..	93	..
	17. Markfed	..	8	..
	18. Punjab State Co-op. Federation	..	10	..
	19. Housefed	..	6	..
	20. Milkfed	..	..	..
	21. Co-op. Bank	..	..	..
	Total	..	1427	770
1	Financial Commissioner (Revenue) & Secretary to Government, Punjab, Revenue and Rehabilitation—			
	1. Commissioner, Jallandhar Division	..	..	..
	2. Commissioner, Ferozepur Division	..	..	..
	3. Commissioner, Patiala Division	..	..	..
	4. Director, Land Records Punjab Jalandhar	..	..	..
	5. Relief and Resettlement, Punjab	..	..	..
	Total	..	..	..
1	Financial Commissioner (Taxation) and Secretary to Government, Punjab and Election and Chief Electoral Officer, Commissioner Gurdwara Erection, Punjab			
	1. Commissioner, Excise & Taxation, Patiala	..	76	60
	2. Chief Electoral Officer, Punjab	..	..	..
	3. President, Sikh Gurdwara, Tribunal, Punjab	..	3	2
	4. Commissioner, Excise & Taxation, Amritsar		..	..
	Total	..	79	62
1	Secretary, Public Works—			
	1. Chief Engineer PWD, B&R, Patiala	..	192	..
	2. Chief Engineer, PWD, B&R, Elect. Patiala	..	10	..
	3. Chief Engineer, Public Health	..	..	..
	4. Chief Architect.	..	..	..
	5. Punjab Board of Power & Control	..	24	..
	Total	..	226	..

[Chief Minister]

Serial No.	Administrative Secretary and Department		Vacancies	
			Class-III	Class-IV
1	Secretary, Finance	..	..	..
2	Director, Institutional Finance and Banking	..	3	2
3	Treasury and Accounts	..	124	37
4	Director, Lottery	..	..	..
5	Director Small Saving	..	..	..
6	Examiner, Local Fund A/cs	..	..	..
7	Finance Coordination Branch	..	..	..
	Total	..	127	39
1	Secretary to Government, Punjab, Social Welfare & Welfare of Scheduled Castes & Backward Classes, Punjab—			
	1. Director, Social Welfare, Punjab	..	56	..
	2. Director, Scheduled Castes & Backward Classes, Punjab	..	29	..
	3. Land Development & Finance Corporation, Punjab	..	..	..
	4. Backfinco	..	39	12
	5. Women and Children Development Corporation	..	27	18
	Total	..	151	30
1	Secretary to Government, Punjab, Labour and Employment—			
	1. Labour Commissioner, Punjab	..	26	12
	2. Director of Employment, Punjab	..	1	9
	3. Welfare Board	..	2	..
	Total	..	29	21
1	Secretary to Government, Punjab, Department of Tourism—			
	1. Director, Tourism	..	6	1
	2. Tourism Corporation, Punjab	..	12	..
	Total	..	18	1

Serial No.	Administrative Secretary and Department		Vacancies	
			Class-III	Class-IV
1	Secretary to Government, Punjab, Department of Education, Cultural Affairs and Archieves and Museum—			
	1. Director Cultural Affairs Archeology	..	29	..
	2. D.P.I. (Colleges)	..	119	..
	3. D.P.I. (Schools)	..	873	300
	4. D.P.I. (Primary)	..	..	..
	5. Director, Language	..	20	4
	6. Director, Youth Services, Punjab	..	4	3
	7. Director, Sports, Punjab	..	21	..
	8. Archieves	..	..	..
	9. Punjab State Text Book Board	..	2	..
	10. Education Board, Mohali	..	35	..
	Total	..	1,103	307
1	Secretary to Government, Punjab, Industries Department—			
	1. Director, Industries, Punjab	..	29	..
	2. Small Industries Export Corporation	..	31	51
	3. Punjab Tractor Limited	..	..	..
	4. Punjab Financial and Industrial Development Corporation	..	12	..
	5. Punjab Electronic and Development Corporation	..	3	..
	6. Leather Development Corporation	..	12	..
	7. Khadi Udyog	..	4	..
	8. Punjab Alkali and Chemical Works Limited	..	11	..
	9. Punwire	..	..	..
	10. Punjab N.F. and Chemical Limited	..	..	..
	11. Punjab State Industrial Development Corporation	..	..	..
	Total	..	102	51

[Chief Minister]

Serial No.	Administrative Secretary and Department	Vacancies	
		Class-III	Class-IV
1	Secretary to Government, Punjab, Development and Panchayat, Fisheries, Sports and Animal Husbandry (Dairy Development)—		
	1. Rural Development and Panchayat	6	9
	2. Director, Fisheries ..	23	6
	3. S.E. Panchayati Raj ..	10	..
	4. Director, Animal Husbandry ..	79	80
	5. Poultry Corporation ..	26	7
	Total ..	144	102
1	Secretary to Government, Punjab, Department of Irrigation and Power ..	50	92
	1. C.E., Manpower Hydel ..	..	..
	2. C.E., Anandpur Sahib ..	..	..
	3. C.E., Research ..	..	..
	4. C.E., Vigilance ..	..	..
	5. C.E., Syl ..	..	..
	6. C.E., Kandi Area Development ..	..	..
	7. C.E., Tubewell Corporation	..	..
	8. C.E., Minor Irrigation ..	..	..
	9. C.E., Drainage ..	..	..
	10. C.E., Canals ..	..	..
	11. C.E., Thein Dam ..	..	..
	12. C.E., Lining ..	..	..
	13. Chief Electrical Inspector ..	17	..
	14. P.S.E.B., Patiala ..	948	11
	15. Hydel Design ..	..	..
	Total ..	998	103
1	Secretary to Government, Punjab, Department of Health and Family Welfare—		
	1. Joint Secretary, Health and Director Homeopathy ..	85	39
	2. Director, Ayurvedic, Punjab ..	90	6
	3. Health and Family Welfare ..	1,217	394
	4. Research and Medical Education ..	41	37
	Total ..	1,433	476

Serial No.	Administrative Secretary and Department		Vacancies Class-III	Vacancies Class-IV
1	Secretary to Government, Punjab, Department of Planning and Plan Monitoring and Economic Co-ordination and 20-Point Programme	..		
	1. Economic Advisor to Government, Punjab	..	43	3
	2. Planning Board	..	3	8
	Total	..	46	11
1	Secretary to Government, Punjab, Department of Food and Supplies			
	1. Director, Food and Supplies, Punjab	..	13	9
	2. Punsup	..	53	..
	Total	..	66	9
1	Secretary to Government, Punjab, Local Government and Urban Development and Housing			
	1. Project Director, Ranjitgarh	..	..	..
	2. Director, Local Government	..	..	..
	3. Director, Housing	..	25	8
	4. Chief Town Planner, Punjab	..	..	..
	Total	..	25	8
1	Secretary to Government, Punjab Department of Printing and Stationery Department			
	Controller of Printing and Stationery	..	18	7
	Total	..	18	7
1	Secretary, Transport and Civil Aviation			
	1. Director, State Transport, Punjab	..	..	..
	2. Transport Commissioner, Punjab	..	1	3
	3. Pepsu Roadways, Transport Corporation, Patiala	..	72	35
	Total	..	73	38
2	Secretary to Government, Punjab, Department of Science and Technology	..	30	15
	Total	..	30	15

[Chief Minister]

Serial No.	Administrative Secretary and Department		Vacancies Class-III	Vacancies Class-IV
1	Secretary to Government Punjab, Defence Services and Administrative Reforms			
	1. Director Sainik Welfare	..	40	6
	2. Punjab Ex-servicemen Corporation, Limited	..	4	2
	Total	..	44	8
1	Secretary to Government, Punjab Department of Information and Public Relations and Punjab State National Industrial Training Council and Emigration Affairs			
	1. Director Public Relations Punjab, Chandigarh	..	43	7
1	Secretary to Government Punjab, Department of Technical Education and Industrial Training and Advisory Council			
	1. Director, Removal of Grievances	..	..	..
	2. Director of Industrial Training and Education	..	34	..
	3. Director of Technical Education	..	5	..
	Total	..	39	..

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸੂਚੀ ਦੇ ਮੁਤਾਬਿਕ 8700—8800 ਦੇ ਕਰੀਬ ਪੋਸਟਾਂ ਆਈਡੈਂਟੀਫਾਈ ਕੀਤੀਆਂ ਗਈਆਂ ਹਨ। ਇਨ੍ਹਾਂ ਪੋਸਟਾਂ ਨੂੰ ਭਰਨ ਦਾ ਕੀ ਤਰੀਕਾ ਕਾਰ ਬਣਾਇਆ ਹੋਇਆ ਹੈ ? ਕੀ ਪੰਜਾਬ ਸਬਾਰਡੀਨੇਟ ਸਰਵਿਸ ਸਿਲੈਕਸ਼ਨ ਬੋਰਡ ਦੇ ਰਾਹੀਂ ਇਹ ਪੋਸਟਾਂ ਭਰੀਆਂ ਜਾਂਦੀਆਂ ਹਨ ਜਾਂ ਕੋਈ ਹੋਰ ਤਰੀਕਾ ਇਖਤਿਆਰ ਕੀਤਾ ਹੋਇਆ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਦੇ ਲਈ ਡਿਪਾਰਟਮੈਂਟਸ ਦੀਆਂ ਕਮੇਟੀਆਂ ਬਣੀਆਂ ਹੋਈਆਂ ਹਨ। ਰਿਕਮੈਂਡੇਸ਼ਨ ਡਿਪਾਰਟਮੈਂਟ ਕਮੇਟੀ ਕੋਲ ਚਲੀ ਜਾਂਦੀ ਹੈ, ਫਿਰ ਉਹ ਰਿਕਰੂਟਮੈਂਟ ਕਰਦੀ ਹੈ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਿਚੋਂ ਕਿੰਨੇ ਰਿਕਰੂਟ ਹੋ ਚੁੱਕੇ ਹਨ ? ਇਸ ਬਾਰੇ ਚੀਫ਼ ਮਨਿਸਟਰ ਸਾਹਿਬ ਦੱਸ ਦੇਣ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਦੇ ਲਈ ਇਨ੍ਹਾਂ ਨੂੰ ਸੈਪਰੇਟ ਸਵਾਲ ਕਰਨਾ ਪਵੇਗਾ। ਇਹ ਲਿਸਟ ਵੀ ਅਸੀਂ ਕਾਫੀ ਮਿਹਨਤ ਕਰਕੇ ਬਣਵਾਈ ਹੈ ਅਤੇ ਸਾਰੇ ਡਿਪਾਰਟਮੈਂਟਸ ਤੋਂ ਡੇਟਾ ਇਕੱਠਾ ਕੀਤਾ ਹੈ। ਇਹ ਨੋਟਿਸ ਦੇ ਦੇਣ ਅਸੀਂ ਜਵਾਬ ਦੇ ਦੇਵਾਂਗੇ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਸੇ ਸਵਾਲ ਦੇ ਨਾਲ ਰੀਲੇਟ ਕਰਦੀ ਹੈ। ਇਸ ਕਰਕੇ ਇਹ ਦੱਸ ਦੇਣ ਕਿ ਕਿੰਨੇ ਬੰਦਿਆਂ ਨੂੰ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ?

ਸ੍ਰੀ ਸਪੀਕਰ : ਮਹਿਰਾ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਤੁਹਾਡੇ ਸਪੈਸਿਫਿਕ ਸਵਾਲ ਦਾ ਜਵਾਬ ਦੇ ਦਿੱਤਾ ਹੈ। ਤੁਸੀਂ ਸੈਪਰੇਟ ਸਵਾਲ ਦੇ ਦਿਓ, ਉਹ ਜਵਾਬ ਦੇ ਦੇਣਗੇ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਇਹ ਆਸ਼ਵਾਸਨ ਦੇ ਦੇਣ ਕਿ ਇਹ ਲਿਸਟ ਪਤਾ ਕਰਕੇ ਮੈਨੂੰ ਭੇਜ ਦੇਣਗੇ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਮੈਨੂੰ ਦੱਸ ਦੇਣ ਕਿ ਇਹ ਕੀ ਚਾਹੁੰਦੇ ਹਨ। ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਸੀ ਉਹ ਇਹ ਸੀ ਕਿ the detailed lists of such vacancies collected department-wise be placed on the Table of the House.

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਡਿਪਾਰਟਮੈਂਟਲ ਕਮੇਟੀਜ਼ ਬਣਾਈਆਂ ਗਈਆਂ ਹਨ, ਕੀ ਇਨ੍ਹਾਂ ਕਮੇਟੀਜ਼ ਦੇ ਵਿਚ ਇਕ ਇਕ ਅਨੁਸੂਚਿਤ ਜਾਤੀਆਂ ਦਾ ਨੁਮਾਇੰਦਾ ਲਿਆ ਗਿਆ ਹੈ ? ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਨੁਸੂਚਿਤ ਜਾਤੀਆਂ ਦੀ ਰਿਜ਼ਰਵੇਸ਼ਨ 25% ਹੈ। ਕੀ ਇਨ੍ਹਾਂ ਪੋਸਟਾਂ ਨੂੰ ਭਰਨ ਦੇ ਵਕਤ ਹਦਾਇਤਾਂ ਦੀ ਪਾਲਣਾ ਕੀਤੀ ਗਈ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸੈਪਰੇਟ ਨੋਟਿਸ ਦੇ ਦੇਣ, ਮੈਂ ਡੈਟਾ ਇਕੱਠਾ ਕਰਕੇ ਜਵਾਬ ਦੇ ਦੇਵਾਂਗਾ। ਸਾਡੀ ਕੋਸ਼ਿਸ਼ ਹੁੰਦੀ ਹੈ ਕਿ ਰਿਜ਼ਰਵੇਸ਼ਨ ਦੀ ਪਾਲਿਸੀ ਨੂੰ ਪੂਰੀ ਤਰ੍ਹਾਂ ਨਾਲ ਲਾਗੂ ਕੀਤਾ ਜਾਵੇ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਡਿਪਾਰਟਮੈਂਟਲ ਕਮੇਟੀਜ਼ ਬਣਾਈਆਂ ਗਈਆਂ ਹਨ, ਕੀ ਉਨ੍ਹਾਂ ਨੂੰ ਖਾਸ ਹਦਾਇਤਾਂ ਹਨ ਕਿ ਉਹ ਇਸ ਕੈਟੇਗਰੀਜ਼ ਦੇ ਲੋਕਾਂ ਨੂੰ ਰਿਕਰੂਟ ਕਰੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਤਰ੍ਹਾਂ ਦੀਆਂ ਕੋਈ ਹਦਾਇਤਾਂ ਨਹੀਂ ਹਨ। ਪੋਸਟਾਂ ਦੀ ਲਿਸਟ ਇਸ ਕਮੇਟੀ ਕੋਲ ਭੇਜ ਦਿੱਤੀ ਜਾਂਦੀ ਹੈ। ਕੁਝ ਰਿਕਮੈਂਡੇਸ਼ਨ ਜਿਹੜੀਆਂ ਕਮੇਟੀ ਕੋਲ ਜਾਂਦੀਆਂ ਹਨ ਉਨ੍ਹਾਂ ਵਿਚੋਂ ਰੱਖੇ ਜਾਂਦੇ ਹਨ, ਕੁਝ ਇੰਪਲਾਇਮੈਂਟ ਐਕਸਚੇਂਜ ਦੇ ਰਾਹੀਂ ਬੰਦੇ ਆਉਂਦੇ ਹਨ ਉਹ ਰੱਖੇ ਜਾਂਦੇ ਹਨ, ਕੁਝ ਪੁਰਾਣੇ ਪੰਜਾਬ ਸਬਾਰਡੀਨੇਟ ਸਰਵਿਸ ਸਿਲੈਕਸ਼ਨ ਬੋਰਡ ਦੇ ਸਿਲੈਕਟ ਕੀਤੇ ਹੋਏ ਬੰਦੇ ਰੱਖੇ ਜਾਂਦੇ ਹਨ ਅਤੇ ਕੁਝ ਐਡਵਰਟਾਈਜ਼ਮੈਂਟ ਰਾਹੀਂ ਰੱਖੇ ਜਾਂਦੇ ਹਨ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੁਝ ਬੰਦੇ ਐਡਹਾਕ 89 ਦਿਨਾਂ ਤੇ ਲਗੇ ਹੋਏ ਸਨ ਪਰ ਉਨ੍ਹਾਂ ਨੂੰ ਅਫਸਰਾਂ ਨੇ ਬਗੈਰ ਕਿਸੇ ਨੋਟਿਸ ਦੇ ਤੇ ਬਗੈਰ ਕਿਸੇ ਕਸੂਰ ਦੇ ਹਟਾ ਕੇ ਆਪਣੇ ਬੰਦੇ ਭਰਤੀ ਕਰ ਲਏ ਹਨ। ਕੀ ਉਨ੍ਹਾਂ ਐਡਹਾਕ ਬੰਦਿਆਂ ਨੂੰ ਦੁਬਾਰਾ ਰਖਿਆ ਜਾਵੇਗਾ ਅਤੇ ਅਫਸਰਾਂ ਦੇ ਖ਼ਿਲਾਫ਼ ਐਕਸ਼ਨ ਲਿਆ ਜਾਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਮੇਰੇ ਨੋਟਿਸ ਵਿਚ ਲਿਆ ਦੇਣ, ਮੈਂ ਉਸ ਨੂੰ ਐਗ-ਜ਼ਾਮਿਨ ਕਰਵਾ ਲਵਾਂਗਾ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬੰਦੇ ਇਸ ਡਿਪਾਰਟਮੈਂਟ ਕਮੇਟੀ ਰਾਹੀਂ ਰੱਖੇ ਗਏ ਹਨ ਕੀ ਉਹ ਕਲਾਸ-ਥਰੀ ਵਿਚ ਭਰਤੀ ਕਰਨ ਤੋਂ ਪਹਿਲਾਂ, ਟੈਸਟ ਦੇ ਆਧਾਰ ਤੇ ਲਏ ਗਏ ਸਨ, ਕੀ ਉਹ ਮੈਰਿਟ ਤੇ ਰੱਖੇ ਗਏ ਸੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸੈਂਟਰਲ ਪਲੇਸਮੈਂਟ ਕਮੇਟੀ ਬੰਦਿਆਂ ਨੂੰ ਮੈਰਿਟ ਤੇ ਰੱਖਦੀ ਹੈ।

Starred Question No. 469

Mr. Speaker : Extension has been asked for in respect of Starred Question No. 469.

Captain Kanwaljit Singh D.O. No. 1/1372/86-2HIV/5248
Minister of State for
Sports and Home Department, Punjab,
Chandigarh.

Dated the 15th December, 1986.

Dear Surjit Singh Ji,

The answer to Starred Vidhan Sabha Question No.469 appearing in the list of questions for 15th December, 1986 in the name of Sardar Kuldip Singh Wadala is not ready. The requisite information is being collected from the concerned quarters. I am, therefore, to request that time for answering this question may kindly be extended and this question included in the list of question for any date after 29th December, 1986.

Yours sincerely,
Sd/-
(CAPTAIN KANWALJIT SINGH)

Sardar Surjit Singh Minhas,
Speaker, Punjab Vidhan Sabha.

Mr. Speaker : Now, we pass on to the next question.

Expenditure on Annual Plan

*457. **Dr. Kewal Krishan**: Will the Minister for Finance be pleased to state the total expenditure incurred out of the funds allocated for the annual plan for the year 1986-87 during the quarters ending 30th June, 1986, 30th September, 1986 and for the period from 1st October, 1986 to 31 st October, 1986.

ਸਰਦਾਰ ਬਲਵੰਤ ਸਿੰਘ : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਸਟੇਟਮੈਂਟ

ਪਹਿਲੀ ਅਪ੍ਰੈਲ, 1986 ਤੋਂ 31 ਅਕਤੂਬਰ 1986 ਤੱਕ ਦੇ ਸਮੇਂ ਦੌਰਾਨ ਪੰਜਾਬ ਸਰਕਾਰ ਦਾ ਪਲੈਨ ਖਰਚਾ ;

ਲੜੀ ਨੰ:	ਸਮਾਂ ਤੋਂ	ਤੱਕ	ਪਲੈਨ ਖਰਚਾ (ਰੁਪਿਆਂ ਵਿੱਚ)
1	2	3	4
1	1-4-1986	30-6-1986	1,10,59,09,232
2	1-7-1986	30-9-1986	1,25,74,78,294
3	1-10-1986	31-10-1986	80,20,99,741
		ਕੁੱਲ	3,16,54,87,267

(ਸਾਧਨ : ਮਹਾਂ ਲੇਖਾਕਾਰ, ਪੰਜਾਬ)

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਫਾਈਨੈਂਸ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਇਨਫਰਮੇਸ਼ਨ ਦਿੱਤੀ ਹੈ, ਇਸ ਦੇ ਮੁਤਾਬਿਕ ਸਾਲਾਨਾ ਪਲਾਨ 1986-87 ਦੀ 575 ਕਰੋੜ ਰੁਪਏ ਦੀ ਹੈ ਅਤੇ ਹਰ ਮਹੀਨੇ ਇਸ ਦੇ ਵਿਚੋਂ 48 ਕਰੋੜ ਰੁਪਿਆ ਖਰਚ ਹੋਣਾ ਚਾਹੀਦਾ ਹੈ। ਲੇਕਿਨ ਇਨ੍ਹਾਂ ਦੀ ਸਟੇਟਮੈਂਟ ਦੇ ਮੁਤਾਬਿਕ 20 ਕਰੋੜ ਰੁਪਿਆ ਘੱਟ ਖਰਚ ਕੀਤਾ ਜਾ ਰਿਹਾ ਹੈ। ਕੀ ਇਹ ਸਾਲਾਨਾ ਪਲਾਨ 575 ਕਰੋੜ ਰੁਪਏ ਦੀ ਸਾਲ ਦੇ ਆਖਿਰ ਤੱਕ ਖਰਚ ਕਰ ਲੈਣਗੇ ?

ਮੰਤਰੀ : ਸਪੀਕਰ ਸਾਹਿਬ, ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਸਾਡੀ ਪਲਾਨ 575 ਕਰੋੜ ਤੋਂ ਵੱਧ ਕੇ 610 ਕਰੋੜ ਰੁਪਏ ਦੀ ਹੋ ਗਈ ਹੈ। ਅਸੀਂ ਸੈਂਟਰਲ ਗੌਰਮਿੰਟ ਨੂੰ ਅਪੀਲ ਕੀਤੀ ਸੀ ਕਿ ਸਾਨੂੰ ਥੀਨ ਡੈਮ ਦੇ ਵਾਸਤੇ ਸਪੈਸ਼ਲ ਗ੍ਰਾਂਟ ਦਿੱਤੀ ਜਾਵੇ ਔਰ ਫਾਈਨੈਂਸ ਮਨਿਸਟਰੀ ਨੇ ਸਾਨੂੰ 35 ਕਰੋੜ ਰੁਪਏ ਦੀ ਸਪੈਸ਼ਲ ਗ੍ਰਾਂਟ ਥੀਨ ਡੈਮ ਵਾਸਤੇ ਦਿੱਤੀ ਹੈ ਜਿਸ ਨਾਲ ਸਾਡੀ ਪਲਾਨ 575 ਕਰੋੜ ਰੁਪਏ ਤੋਂ ਵੱਧ ਕੇ 610 ਕਰੋੜ ਰੁਪਏ ਦੀ ਹੋ ਗਈ ਹੈ। ਜਿਥੋਂ ਤੱਕ ਸਾਡੇ ਖਰਚਿਆਂ ਦਾ ਸਵਾਲ ਹੈ, ਜੋ ਸਾਡੇ ਨਾਰਮਜ਼ ਹਨ, ਇਹ ਮੈਨੂੰ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਜੋ ਇਸ ਵਕਤ ਪੰਜਾਬ ਦੀ ਸਿਚੂਏਸ਼ਨ ਹੈ ਉਸ ਦੇ ਬਾਵਜੂਦ ਸਾਡਾ ਐਕਸਪੈਂਡੀਚਰ Financial target norms ਨਾਲੋਂ ਜ਼ਿਆਦਾ ਹੈ। ਡਾਕਟਰ ਸਾਹਿਬ ਵੀ ਪਲੈਨਿੰਗ ਅਤੇ ਫਾਈਨੈਂਸ ਮਨਿਸਟਰ ਰਹੇ ਹਨ, ਇਨ੍ਹਾਂ ਨੂੰ ਪਤਾ ਹੈ ਕਿ ਸਾਡੇ ਪਹਿਲੇ ਕੁਆਟਰ ਵਿਚ $12\frac{1}{2}\%$ ਖਰਚਾ ਕਰਨ ਦੇ ਨਾਰਮਜ਼ ਹਨ ਜਦ ਕਿ ਸਾਡਾ ਖਰਚਾ 18% ਹੋਇਆ ਸੀ, ਦੂਜੇ ਕੁਆਟਰ ਤੱਕ $37\frac{1}{2}\%$ ਖਰਚਾ ਕਰਨ ਦੇ ਨਾਰਮਜ਼ ਹਨ ਜਦ ਕਿ ਸਾਡਾ ਖਰਚਾ 38% ਹੋਇਆ ਸੀ, ਤੀਸਰੇ ਕੁਆਟਰਜ਼ ਅਕਤੂਬਰ ਐਂਡ ਤੱਕ 46% ਖਰਚਾ ਕਰਨ ਦੇ ਨਾਰਮਜ਼ ਸਨ ਜਦ ਕਿ ਸਾਡਾ ਖਰਚਾ 52% ਹੋਇਆ ਹੈ। ਜਿੰਨਾਂ ਸਾਡਾ ਪਲਾਨ ਹੈ ਉਤਨਾ ਸਾਡਾ ਖਰਚ ਹੋਵੇਗਾ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜਾ ਪ੍ਰਤੀਸ਼ਤ ਖਰਚਾ ਸ਼ੋਅ ਕੀਤਾ ਹੈ ਕੀ ਇਹ 610 ਕਰੋੜ ਰੁਪਏ ਦੀ ਪਲਾਨ ਦਾ ਕੀਤਾ ਹੈ ਜਾਂ 575 ਕਰੋੜ ਦਾ ਕੀਤਾ ਹੈ ?

ਮੰਤਰੀ : ਸਪੀਕਰ ਸਾਹਿਬ, ਜੋ ਸਾਡੇ ਕੋਲ 610 ਕਰੋੜ ਟੋਟਲ ਪਲਾਨ ਹੈ ਉਸ ਦੇ ਮੁਤਾਬਿਕ ਦਸਿਆ ਹੈ। ਜੋ ਖਜ਼ਾਨੇ ਵਿਚੋਂ ਪੈਸਾ ਖਰਚ ਕੀਤਾ ਗਿਆ ਹੈ ਅਤੇ ਏ.ਜੀ. ਵਾਲੇ ਜਿਹੜਾ ਮੈਥਡ ਯੂਜ਼ ਕਰਦੇ ਹਨ ਉਸ ਮੁਤਾਬਿਕ ਦਸਿਆ ਹੈ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਪ੍ਰਤੀਸ਼ਤ ਖਰਚਾ ਸ਼ੋਅ ਕੀਤਾ ਹੈ ਇਹ 610 ਕਰੋੜ ਰੁਪਏ ਦੇ ਹਿਸਾਬ ਨਾਲ ਨਹੀਂ ਬਣਦੇ ਹਨ।

ਮੰਤਰੀ : ਸਪੀਕਰ ਸਾਹਿਬ, ਇਹ ਟੋਟਲ ਪਲਾਨ ਦੇ ਮੁਤਾਬਿਕ ਹੈ।

ਸ੍ਰੀ ਸ਼ਿਵ ਚੰਦ ਮਲੋਟ : ਸਪੀਕਰ ਸਾਹਿਬ, ਪਿਛੇ ਸੈਂਟਰਲ ਗੌਰਮਿੰਟ ਦੀ ਇਕ ਟੀਮ ਆਈ ਸੀ ਅਤੇ ਉਸ ਤੋਂ ਫਰੀਦਕੋਟ, ਮਲੋਟ ਦੀ ਜਿਹੜੀ 20 ਹਜ਼ਾਰ ਏਕੜ ਕਾਟਨ ਕਰਾਪ ਖਰਾਬ ਹੋ ਗਈ ਸੀ ਉਸ ਦੇ ਲਈ 18 ਕਰੋੜ ਰੁਪਏ ਦੀ ਡੀਮਾਂਡ ਕੀਤੀ ਗਈ ਸੀ। ਮੈਨੂੰ ਪਤਾ ਲਗਾ ਹੈ ਕਿ ਸੈਂਟਰਲ ਗੌਰਮਿੰਟ ਨੇ 5 ਕਰੋੜ ਰੁਪਿਆ ਅਲਾਓ ਕੀਤਾ ਹੈ। ਇਸ ਬਾਰੇ ਦਸਿਆ ਜਾਵੇ ਕਿ ਉਹ ਰੁਪਿਆ ਕਿਥੇ ਹੈ ?

ਮੰਤਰੀ: ਸਪੀਕਰ ਸਾਹਿਬ, ਇਸ ਦੇ ਵਾਸਤੇ ਇਹ ਸੈਪਰੇਟ ਨੋਟਿਸ ਦੇ ਦੇਣ। ਅਗਰ ਇਨ੍ਹਾਂ ਨੂੰ ਕੋਈ ਪ੍ਰਾਬਲਮ ਹੈ ਤਾਂ ਇਹ ਮੈਨੂੰ ਦੱਸ ਦੇਣ, ਮੈਂ ਇਨ੍ਹਾਂ ਦੀ ਪ੍ਰਾਬਲਮ ਹੱਲ ਕਰ ਦੇਵਾਂਗਾ।

Unsafe Buildings of Government Middle Schools etc.

***443. Shri Sewa Ram Arora :** Will the Minister for Education be pleased to state—

(a) the district-wise number and names of Government Middle Schools, High and Higher Secondary Schools in the State at present the bulidings of which have been declared unsafe by the Public Works Department;

(b) the total amount sanctioned by the Government for repairs of the buildings of the said schools during the pericd from 1st September, 1984 to 30th September, 1986 ?

Sardar Surjit Singh Barnala (Chief Minister) : (a) List of Schools is at Annexure 'A'. Total number of school buildings declared as unsafe by the P.W.D. Authorities is 35 .

(b) Total amount sanctioned/spent for the repair of these buildings is Rs. 50,48,900.

ਅਨੁਲੱਗ (ੲ)

ਜ਼ਿਲ੍ਹਾਵਾਰ ਸੂਚੀ

ਜ਼ਿਲ੍ਹਾ	ਸਕੂਲ ਦਾ ਨਾਮ	ਰਾਸ਼ੀ 1-9-84 ਤੋਂ 30-9-86
ਅੰਮ੍ਰਿਤਸਰ ਕੁਲ ਸਕੂਲ : 3	ਗੌਰਮਿੰਟ ਗਰਲਜ਼ ਮਿਡਲ ਸਕੂਲ, ਚੌਕ ਪਾਸੀਆਂ, ਅੰਮ੍ਰਿਤਸਰ	ਨਿੱਲ
	ਗੌਰ : ਮਿਡਲ ਸਕੂਲ ਗਲੀ ਮੋਚੀਆਂ, ਅੰਮ੍ਰਿਤਸਰ	ਨਿਲ
	ਗੌਰ, ਗਰਲਜ਼ ਹਾ: ਸ: ਸਕੂਲ ਮਹਾਂ ਸਿੰਘ ਗੇਟ ਅੰਮ੍ਰਿਤਸਰ (ਸਿਰਫ ਮਿਡਲ ਸਕੂਲ ਪੋਰਸ਼ਨ)	ਨਿੱਲ
ਬਠਿੰਡਾ ਕੁਲ ਸਕੂਲ : ਨਿੱਲ	ਨਿੱਲ	ਨਿੱਲ
ਫਿਰੋਜ਼ਪੁਰ ਕੁਲ ਸਕੂਲ : ਨਿਲ	ਨਿਲ	ਨਿਲ
ਫਰੀਦਕੋਟ ਕੁਲ ਸਕੂਲ : 3	ਗੌਰ: ਗਰਲਜ਼ ਹਾਇਰ ਸੈਕੰਡਰੀ ਸਕੂਲ, ਮੋਗਾ ...	5,53,958
	ਗੌਰਮਿੰਟ ਗਰਲਜ਼ ਹਾਈ ਸਕੂਲ, ਪੱਤੋ ਹੀਰਾ ਸਿੰਘ ...	47,942
	ਗੌਰਮਿੰਟ ਗਰਲਜ਼ ਹਾਈ ਸਕੂਲ, ਫਰੀਦਕੋਟ ...	ਨਿਲ
	ਜੋੜ ...	6,01,900

ਜ਼ਿਲ੍ਹਾ	ਸਕੂਲ ਦਾ ਨਾਂ		ਰਾਸ਼ੀ 1-9-84 ਤੋਂ 30-9-86
ਗੁਰਦਾਸਪੁਰ ਕੁਲ ਸਕੂਲ : 9	ਗੌਰਮਿੰਟ ਹਾਈ ਸਕੂਲ, ਨੌਸ਼ਹਿਰਾ ਲਾਲ ਬੰਦਾ	...	ਨਿੱਲ
	ਸਰਕਾਰੀ ਹਾਈ ਸਕੂਲ, ਧਾਰ ਕਲਾਂ	...	1,50,000
	ਸਰਕਾਰੀ ਹਾਇਰ ਸੈਕੰਡਰੀ ਸਕੂਲ, ਮਾਧੋਪੁਰ	...	10,000
	ਸਰਕਾਰੀ ਹਾਈ ਸਕੂਲ, ਬਧਾਨੀ	...	ਨਿਲ
	ਸਰਕਾਰੀ ਹਾਈ ਸਕੂਲ, ਨੌਸ਼ਹਿਰਾ ਮਾਂਝਾ ਸਿੰਘ	...	ਨਿਲ
	ਸਰਕਾਰੀ ਹਾਈ ਸਕੂਲ ਕੋਟ ਸੰਤੋਖ ਰਾਏ	...	50,000
	ਸਰਕਾਰੀ ਹਾਈ ਸਕੂਲ, ਗੁਰਦਾਸਪੁਰ	...	1,25,000
	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਬਟਾਲਾ	...	50,000
	ਸਰਕਾਰੀ ਹਾਇਰ ਸੈਕੰਡਰੀ ਸਕੂਲ, ਪਥਰਾਲੀ	...	10,000
	ਕੁੱਲ ਰਕਮ	...	3,95,000
ਹੁਸ਼ਿਆਰਪੁਰ ਕੁਲ ਸਕੂਲ : 3	ਗੌਰਮਿੰਟ ਹਾਈ ਸਕੂਲ, ਬਡਲਾ	...	37,79,000
	ਗੌਰਮਿੰਟ ਹਾਈ ਸਕੂਲ ਖੁਆਸਪੁਰ ਹੀਰਾਂ	...	ਨਿਲ
	ਗੌਰਮਿੰਟ ਹਾਈ ਸਕੂਲ, ਨੰਗਲ ਬਿਹਾਲਾਂ	...	ਨਿੱਲ
	ਕੁੱਲ	...	37,79,000
ਜਲੰਧਰ ਕੁਲ ਸਕੂਲ : 1	ਗੌਰਮਿੰਟ ਹਾਈ ਸਕੂਲ, ਮਹਿਲ ਗਹਿਲਾਂ	...	5,000
ਕਪੂਰਥਲਾ ਕੁਲ ਸਕੂਲ : 1	ਗੌਰਮਿੰਟ ਹਾਈ ਸਕੂਲ, ਬੇਗੋਵਾਲ	...	15,000
ਲੁਧਿਆਣਾ ਕੁਲ ਸਕੂਲ : 6	ਗੌਰਮਿੰਟ ਹਾਈ ਸਕੂਲ, ਕਮਾਲਪੁਰਾ	...	ਨਿੱਲ
	ਗੌਰਮਿੰਟ ਹਾਈ ਸਕੂਲ, ਦੋਲੋਂ ਕਲਾਂ	...	1,50,000
	ਗੌਰਮਿੰਟ ਹਾਈ ਸਕੂਲ, ਲਤਾਨਾਂ	...	...
	ਗੌਰਮਿੰਟ ਹਾਈ ਸਕੂਲ ਸਾਬਾਦੀ	...	...

[ਮੁੱਖ ਮੰਤਰੀ]

ਜ਼ਿਲ੍ਹਾ	ਸਕੂਲ ਦਾ ਨਾਮ		ਰਾਸ਼ੀ 1-9-84 ਤੋਂ 30-9-86
ਲੁਧਿਆਣਾ	ਗੌਰਮਿੰਟ ਗਰਲਜ਼ ਹਾਈ ਸਕੂਲ ਡਵੀਜ਼ਨ ਨੰ: 3, ਲੁਧਿਆਣਾ	...	73,000
	ਗੌਰਮਿੰਟ ਹਾਈ ਸਕੂਲ, ਹੰਸ	...	30,000
	ਕੁੱਲ	...	2,53,000

ਪਟਿਆਲਾ			
ਕੁਲ ਸਕੂਲ : 6	ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਐਨ.ਟੀ.ਸੀ. ਰਾਜਪੁਰਾ		
	ਗੌਰਮਿੰਟ ਗਰਲਜ਼ ਹਾਇਰ ਸੈਕੰਡਰੀ ਸਕੂਲ, ਸਰਹੰਦ ਮੰਡੀ		ਨਿੱਲ
	ਗੌਰਮਿੰਟ ਗਰਲਜ਼ ਹਾਈ ਸਕੂਲ, ਬੱਸੀ ਪਠਾਣਾ		
	ਗੌਰਮਿੰਟ ਹਾਈ ਸਕੂਲ, ਕਪੂਰੀ		
	ਗੌਰਮਿੰਟ ਹਾਈ ਸਕੂਲ, ਭਾਦਸੋਂ		
	ਗੌਰਮਿੰਟ ਮਿਡਲ ਸਕੂਲ ਨਾਭਾ		
ਰੋਪੜ			
ਕੁਲ ਸਕੂਲ ; 2	ਗੌ: ਹ: ਸ: ਬ੍ਰਾਹਮਣਾਂ ਦੀਆਂ ਬੱਸੀਆਂ	...	ਨਿੱਲ
	ਗੌ: ਹ: ਸ: ਦੌਲਤ ਸਿੰਘ ਵਾਲਾ	...	ਨਿੱਲ
	(ਨੋਟ: ਦੋਹਾਂ ਸਕੂਲਾਂ ਦੀਆਂ ਬਿਲਡਿੰਗਾਂ ਦੀ ਰਿਪੇਅਰ ਪਿੰਡਾਂ ਦੀਆਂ ਪੰਚਾਇਤਾਂ ਵਲੋਂ ਕਰਵਾਈ ਗਈ ਹੈ।)		
ਸੰਗਰੂਰ			
ਕੁਲ ਸਕੂਲ : 1	ਗੌਰਮਿੰਟ ਗਰਲਜ਼ ਹਾਈ ਸਕੂਲ, ਮਲੇਰਕੋਟਲਾ	...	ਨਿੱਲ
ਕੁਲ ਸਕੂਲ : 35 (ਪੈਂਤੀ)	ਕੁਲ ਰਕਮ	...	50,48,900

ਸ੍ਰੀ ਸੇਵਾ ਰਾਮ ਅਰੋੜਾ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ 35 ਸਕੂਲਾਂ ਵਿਚੋਂ ਕਿੰਨੇ ਸਕੂਲਾਂ ਵਿਚ ਰੀਪੇਅਰ ਮੁਕੰਮਲ ਹੋ ਚੁੱਕੀ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਵਿਚੋਂ 14 ਸਕੂਲਾਂ ਦੀ ਰੀਪੇਅਰ ਗੌਰਮਿੰਟ ਵਲੋਂ ਹੋ ਚੁੱਕੀ ਹੈ ਅਤੇ 2 ਸਕੂਲਾਂ ਦੀ ਰੀਪੇਅਰ ਪੰਚਾਇਤਾਂ ਨੇ ਕਰਵਾਈ ਹੈ। ਇਸ ਤਰ੍ਹਾਂ ਟੋਟਲ 16 ਸਕੂਲਾਂ ਦੀ ਮੁਰੰਮਤ ਹੋ ਚੁੱਕੀ ਹੈ।

ਸ੍ਰੀ ਸੇਵਾ ਰਾਮ ਅਰੋੜਾ : ਸਪੀਕਰ ਸਾਹਿਬ, ਜਿਹੜੀਆਂ ਫਿਗਰਜ਼ ਦਿੱਤੀਆਂ ਹਨ ਉਸ ਦਾ ਅਮਾਊਂਟ ਥੋੜ੍ਹਾ ਹੈ। ਜਿਹੜੇ ਬਾਕੀ ਸਕੂਲਾਂ ਦੀਆਂ ਇਮਾਰਤਾਂ ਦੀ ਮੁਰੰਮਤ ਰਹਿ ਗਈ ਹੈ, ਉਨ੍ਹਾਂ ਦੀ ਬੁਰੀ ਹਾਲਤ ਹੈ ਅਤੇ ਬੱਚਿਆਂ ਦਾ ਬੁਰਾ ਹਾਲ ਹੈ, ਕੀ ਮੁੱਖ ਮੰਤਰੀ ਜੀ ਇਸ ਵਾਸਤੇ ਵੱਧ ਅਮਾਊਂਟ ਰੱਖ ਕੇ ਬਾਕੀ ਸਕੂਲਾਂ ਦੀ ਮੁਰੰਮਤ ਕਰਵਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਗੱਲ ਸਹੀ ਹੈ ਕਿ ਅਮਾਊਂਟ ਥੋੜ੍ਹਾ ਹੈ । ਇਤਨੇ ਅਮਾਊਂਟ ਨਾਲ ਸਾਰੇ ਸਕੂਲਾਂ ਦੀ ਮੁਰੰਮਤ ਨਹੀਂ ਹੋ ਸਕਦੀ। ਮੈਨੂੰ ਆਸ ਹੈ ਕਿ ਆਉਂਦੇ ਸਾਲ ਵਿਚ ਵੱਧ ਰਕਮ ਰੱਖ ਕੇ ਬਾਕੀ ਸਕੂਲਾਂ ਦੀ ਮੁਰੰਮਤ ਕਰਵਾ ਸਕਾਂਗੇ ।

Withdrawal of the Options of Medium of Hindi Language

*456. **Dr. Kewal Krishan :** Will the Minister for Education be pleased to state—

(a) whether the Government has decided to withdraw the option of medium of Hindi Language for the Examinations of the Middle/Matric Classes of the Punjab School Education Board for privately managed Schools in the State during the next academic year of 1987 ;

(b) if the reply to part (a) above be in the affirmative, the reasons therefor ?

Sardar Surjit Singh Barnala (Chief Minister) : (a) No.

(b) Nil.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਸ ਗੱਲ ਦੀ ਖੁਸ਼ੀ ਹੈ ਕਿ ਚੀਫ ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਪ੍ਰਾਈਵੇਟ ਸਕੂਲਾਂ ਵਿਚ ਆਪਸ਼ਨ ਹਿੰਦੀ ਮੀਡੀਅਮ ਦੀ ਹੈ । ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਸਟੇਟ-ਮੈਂਟ ਦਿੱਤੀ ਸੀ, ਜਿਹੜੀ ਕਿ ਅਖ਼ਬਾਰਾਂ ਵਿਚ ਵੀ ਆਈ ਸੀ, ਕਿ ਅੰਗਰੇਜ਼ੀ ਹਟਾ ਕੇ ਪੰਜਾਬੀ ਮੀਡੀਅਮ ਕਰ ਦਿੱਤਾ ਜਾਵੇਗਾ। ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਇਹ ਗੱਲ ਸੱਚ ਹੈ ਜਾਂ ਨਹੀਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਉਨ੍ਹਾਂ ਦਾ ਵਿਚਾਰ ਪ੍ਰਾਈਵੇਟ ਕੈਂਡੀਡੇਟਸ ਦੇ ਬਾਰੇ ਵਿਚ ਸੀ। ਪ੍ਰਾਈਵੇਟ ਬੱਚਿਆਂ ਦੇ ਬਾਰੇ ਉਨ੍ਹਾਂ ਦਾ ਵਿਚਾਰ ਸੀ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਪ੍ਰਾਈਵੇਟ ਕੈਂਡੀਡੇਟਸ ਵਾਸਤੇ ਗੌਰਮਿੰਟ ਦੀ ਹੁਣ ਕੀ ਪਾਲਿਸੀ ਹੈ ? ਉਨ੍ਹਾਂ ਬਾਰੇ ਸਰਕਾਰ ਦਾ ਕੀ ਸਟੈਂਡ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਉਹੀ ਪਾਲਿਸੀ ਚਲ ਰਹੀ ਹੈ। ਇਹ ਕੋਈ ਨਵੀਂ ਨਹੀਂ ਹੈ। ਇਹ ਮਾਮਲਾ ਸਕੂਲ ਐਜੂਕੇਸ਼ਨ ਬੋਰਡ ਦੇ ਥੱਲੇ ਚਲ ਰਿਹਾ ਹੈ ਔਰ ਅਜੇ ਤਕ ਕੋਈ ਫੈਸਲਾ ਨਹੀਂ ਕੀਤਾ ।

ਪ੍ਰੋਫੈਸਰ ਦਰਬਾਰੀ ਲਾਲ: ਸਪੀਕਰ ਸਾਹਿਬ, 10+2 ਸਿਸਟਮ ਵਿਚ ਪੰਜਾਬੀ ਅਤੇ ਅੰਗਰੇਜ਼ੀ ਨੂੰ ਕੰਪਲਸਰੀ ਰਖਿਆ ਗਿਆ ਹੈ। ਹਿੰਦੀ ਨੂੰ ਉਹ ਜਗ੍ਹਾ ਨਹੀਂ ਦਿੱਤੀ ਗਈ, ਜਿਹੜੀ ਕਿ ਨੈਸ਼ਨਲ ਲੈਂਗੁਏਜ ਦੀ ਹੈ। ਕੀ ਬਾਕੀ ਸੂਬਿਆਂ ਦੇ ਮੁਤਾਬਿਕ ਹੀ ਪੰਜਾਬ ਵਿਚ ਹਿੰਦੀ ਨੂੰ ਥਾਂ ਦਿੱਤੀ ਜਾਵੇਗੀ ਕਿਉਂਕਿ ਅਜੇ ਤਕ ਹਿੰਦੀ ਨੂੰ ਬਾਕੀ ਸੂਬਿਆਂ ਦੇ ਮੁਤਾਬਿਕ ਥਾਂ ਨਹੀਂ ਦਿੱਤੀ ਗਈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਮੈਨੂੰ ਇਸ ਸਬੰਧੀ ਡੀਟੇਲ ਵਿਚ ਦੱਸ ਦੇਣ ਤਾਂ ਜਵਾਬ ਦੇ ਦੇਵਾਂਗੇ ਜਾਂ ਨੋਟਿਸ ਦੇ ਦੇਣ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਇਹ ਸਵਾਲ ਪੰਜਾਬ ਨੂੰ ਰੀਲੇਟ ਕਰਦਾ ਹੈ। 10+2 ਸਿਸਟਮ ਜੋ ਹੈ ਇਸ ਵਿਚ ਨੈਸ਼ਨਲ ਲੈਂਗੂਏਜ ਹਿੰਦੀ ਦੀ ਗੱਲ ਹੈ।ਇਥੋਂ ਪੜ੍ਹ ਕੇ ਦੂਜੀ ਜਗ੍ਹਾ ਤੇ ਜਾ ਕੇ ਵੀ ਕੰਮ ਕਰਨਾ ਹੈ। ਹਿੰਦੀ ਨੂੰ ਕਿਉਂ ਨਹੀਂ ਜਗ੍ਹਾ ਦਿੱਤੀ ਜਾ ਰਹੀ ਜੋ ਕਿ ਪੰਜਾਬੀ ਅਤੇ ਅੰਗਰੇਜ਼ੀ ਨੂੰ ਦਿੱਤੀ ਜਾ ਰਹੀ ਹੈ? ਸੰਸਕ੍ਰਿਤ ਨੂੰ ਵੀ ਕਿਉਂ ਨਹੀਂ ਦਿੱਤੀ ਜਾ ਰਹੀ?

ਮੁੱਖ ਮੰਤਰੀ : ਸਪੀਕਰ ਸਾਹਿਬ, ਅੰਗਰੇਜ਼ੀ ਅਤੇ ਪੰਜਾਬੀ ਨੂੰ ਕਿਉਂ ਦਿੱਤੀ ਜਾ ਰਹੀ ਹੈ ਔਰ ਸੰਸਕ੍ਰਿਤ ਨੂੰ ਕਿਉਂ ਨਹੀਂ ਦਿੱਤੀ ਜਾ ਰਹੀ ਹੈ, ਸੰਸਕ੍ਰਿਤ ਦੀ ਕਿਤਨੀ ਵਰਤੋਂ ਹੁੰਦੀ ਹੈ ਸਭ ਜਾਣਦੇ ਹਨ। ਇਸ ਬਾਰੇ ਇਨ੍ਹਾਂ ਨੂੰ ਵੀ ਪਤਾ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹਵਾਂਗਾ ਕਿ 10+2 ਨਵਾਂ ਸਿਸਟਮ ਲਾਗੂ ਹੋਇਆ ਹੈ। ਇਹ ਨੈਸ਼ਨਲ ਪਾਲਿਸੀ ਹੈ। ਇਸ ਬਾਰੇ ਡੀਟੇਲ ਵਿਚ ਡਿਸਕਸ਼ਨ ਹੋਈ ਹੈ। ਇਸ ਵਿਚ ਸਾਨੂੰ ਵੀ ਕਈ ਦਿਕਤਾਂ ਆਉਣਗੀਆਂ ਔਰ ਉਨ੍ਹਾਂ ਨੂੰ ਅਸੀਂ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਹ ਜਿਹੜੀ ਨਵੀਂ ਪਾਲਿਸੀ 10+2 ਵਾਲੀ ਆਈ ਹੈ, ਇਸ ਵਿਚ ਹਰ ਸੂਬੇ ਦੀ ਭਾਸ਼ਾ ਅਤੇ ਅੰਗਰੇਜ਼ੀ ਨੂੰ ਪਹਿਲ ਦਿੱਤੀ ਜਾਵੇਗੀ। ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਇਹ ਠੀਕ ਨਹੀਂ ਹੈ?

ਮੁੱਖ ਮੰਤਰੀ : ਬੇਸੀਕਲੀ ਇਹੀ ਹੈ। ਇਹ ਐਜੂਕੇਸ਼ਨ ਦੀ ਨਵੀਂ ਪਾਲਿਸੀ ਬਣਾਈ ਗਈ ਹੈ। ਇਹ ਨਵੀਂ ਪਾਲਿਸੀ ਸਾਡੇ ਸੂਬੇ ਵਿਚ ਵੀ ਅਤੇ ਦੂਸਰੇ ਸੂਬਿਆਂ ਵਿਚ ਵੀ ਹੋਵੇਗੀ ਅਤੇ ਫਰਕ ਵੀ ਹੋ ਸਕਦਾ ਹੈ। ਸਾਡੇ ਪਾਸ ਜੋ ਹੈ ਉਸ ਵਿਚ ਆਪਣੇ ਸੂਬੇ ਦੀ ਭਾਸ਼ਾ ਅਤੇ ਅੰਗਰੇਜ਼ੀ ਲਈ ਜਾਂਦੀ ਹੈ।

Families Migrated to Punjab

***424. Sardar Kirpal Singh** : Will the Minister for Revenue and Rehabilitation be pleased to state —

(a) the number of families who have come to Punjab from other States after November, 1984 ;

(b) the number of migrants, who have since returned to their respective States along with the details of relief given to them ?

ਸਰਦਾਰ ਮੇਜਰ ਸਿੰਘ ਉਬੋਕੇ : (ੳ) 26038 ਪਰਿਵਾਰ।

(ਅ) 1861 ਪਰਿਵਾਰ ਆਪਣੇ ਸਬੰਧਤ ਰਾਜਾਂ ਨੂੰ ਵਾਪਸ ਚਲੇ ਗਏ ਅਤੇ ਉਨਾਂ ਨੂੰ ਕੁਲ 2,61,000 ਰੁਪਏ ਦੀ ਵਿੱਤੀ ਸਹਾਇਤਾ ਦਿਤੀ ਗਈ। ਜਿਸ ਦਾ ਵੇਰਵਾ ਨਾਲ ਨੱਥੀ ਸਟੇਟਮੈਂਟ ਵਿਚ ਦਿਤਾ ਹੈ।

District-wise Details of Sikh Migrants who returned to their respective States after short stay in Punjab

Name of the District		Total No. of families migrated	Total No. of families returned	Relief given to families who returned	Details of Relief
				Rs	
1. Bhatinda	..	623	134	Nil	..
2. Ludhiana	..	10,259	Nil	Nil	..
3. Faridkot	..	431	11	Nil	..
4. Sangrur	..	647	32	Rs 20,000	20 persons have been given relief at the rate of Rs. 1,000 for purchase of woollen clothes.
5. Amritsar	..	3,451	407	Rs 1,75,000	175 persons have been given relief at the rate of Rs. 1,000 for purchase of woollen clothes.
6. Jalandhar	..	2,665	3	Rs 10,000	2 widows have been given ex-gratia grant of Rs. 5,000 each.
7. Ferozepur	..	209	28	Nil	..
8. Hoshiarpur	..	544	4	3,000	3 persons have been given relief at the rate of Rs. 1,000 for purchase of woollen clothes.
9. Ropar	..	3,097	Nil	Nil	..
10. Patiala	..	2,798	954	Nil	..
11 Kapurthala	..	568	228	53,000	Out of 228 families 38 families were granted an ex-gratia grant at the rate of Rs. 1,000 for the purchase of woollen clothes by Govt. In addition 3 widows who lost their bread-winners were paid ex-gratia grant of Rs. 5,000 each in addition to Rs. 1,000
12. Gurdaspur	..	746	60	Nil	..
		26,038	1,861	2,61,000	

ਸਰਦਾਰ ਕਿਰਪਾਲ ਸਿੰਘ : ਇਹ ਜਿਹੜੀ ਇਨ੍ਹਾਂ ਨੇ ਡੀਟੇਲ ਦਿੱਤੀ ਹੈ, ਪੰਜਾਬ ਵਿਚ ਆਉਣ ਅਤੇ ਇਥੋਂ ਬਾਹਰ ਜਾਣ ਦਾ ਸਿਲਸਿਲਾ ਚਲ ਰਿਹਾ ਹੈ, ਬਠਿੰਡਾ, ਲੁਧਿਆਣਾ, ਫਰੀਦਕੋਟ, ਫਿਰੋਜ਼-ਪੁਰ, ਰੋਪੜ, ਪਟਿਆਲਾ ਅਤੇ ਗੁਰਦਾਸਪੁਰ ਆਦਿ ਥਾਂਵਾਂ ਤੇ ਕ੍ਰਮਵਾਰ 623, 10259, 431, 209, 3097, 2798 ਅਤੇ 746 ਪਰਿਵਾਰ ਆਏ। ਇਨ੍ਹਾਂ ਨੂੰ ਕੌਡੀ ਵੀ ਨਹੀਂ ਦਿੱਤੀ ਗਈ। ਇਸ ਬਾਰੇ ਕੀ ਮਨਿਸਟਰ ਸਾਹਿਬ ਦਸਣਗੇ ਕਿ ਉਨ੍ਹਾਂ ਨੂੰ ਕੋਈ ਰਿਲੀਫ ਦਿੱਤਾ ਗਿਆ ਹੈ ?

ਮੰਤਰੀ : ਸਪੀਕਰ ਸਾਹਿਬ, ਕੁਝ ਪਰਿਵਾਰ ਇਥੇ ਥੋੜ੍ਹੀ ਦੇਰ ਹੀ ਰਹੇ ਅਤੇ ਵਾਪਸ ਚਲੇ ਗਏ। ਕਈਆਂ ਨੇ ਰਜਿਸਟਰੇਸ਼ਨ ਵਾਸਤੇ ਦਰਖਾਸਤਾਂ ਨਹੀਂ ਦਿੱਤੀਆਂ। ਜਿਨ੍ਹਾਂ ਦੀ ਰਜਿਸਟਰੇਸ਼ਨ ਹੋਈ ਹੈ, ਉਨ੍ਹਾਂ ਨੂੰ ਰਿਲੀਫ ਦਿੱਤਾ ਗਿਆ ਹੈ, ਜੋ ਪੰਜਾਬ ਵਿਚ ਪਰਿਵਾਰ ਆਏ ਹਨ, ਉਨ੍ਹਾਂ ਨੂੰ ਬਹੁਤ ਵੱਡੀ ਰਕਮ ਦਿੱਤੀ ਗਈ ਹੈ। ਸਬਸਿਡੀ ਅਤੇ ਕਰਜ਼ੇ ਦਿੱਤੇ ਗਏ ਹਨ। 700 ਦੇ ਕਰੀਬ ਪਰਿਵਾਰਾਂ ਨੂੰ ਪੈਨਸ਼ਨਾਂ ਵੀ ਦਿੱਤੀਆਂ ਗਈਆਂ ਹਨ। ਕਈ ਪਰਿਵਾਰ ਵਾਪਸ ਵੀ ਚਲੇ ਗਏ।

ਸਰਦਾਰ ਕਿਰਪਾਲ ਸਿੰਘ : ਇਨ੍ਹਾਂ ਨੇ ਜੋ ਡਾਟਾ ਦਿੱਤਾ ਹੈ ਇਸ ਵਿਚ ਵਾਪਸ ਜੋ ਪਰਿਵਾਰ ਗਏ ਹਨ ਉਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਵਾਪਸ ਚਲੇ ਗਏ ਹਨ ਕੀ ਉਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨੇ ਉਨ੍ਹਾਂ ਨੂੰ ਮੁੜ ਵਸਾਉਣ ਵਾਸਤੇ ਕੋਈ ਉਪਰਾਲਾ ਕੀਤਾ ਹੈ ਜਾਂ ਸਹਾਇਤਾ ਦਿੱਤੀ ਹੈ ?

ਮੰਤਰੀ : ਸਪੀਕਰ ਸਾਹਿਬ, ਜਿਹੜੇ ਪਰਿਵਾਰ ਵਾਪਸ ਚਲੇ ਗਏ ਹਨ ਉਨ੍ਹਾਂ ਪਰਿਵਾਰਾਂ ਦੇ ਮੁੜ ਵਸੇਬੇ ਲਈ, ਪੂਰੀ ਸਿਕਿਉਰਿਟੀ ਅਤੇ ਉਨ੍ਹਾਂ ਦੀ ਜਾਇਦਾਦ ਦੀ ਰਾਖੀ ਵਾਸਤੇ ਪੰਜਾਬ ਸਰਕਾਰ ਵਲੋਂ ਕਿਹਾ ਗਿਆ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣ ਚਾਹੁੰਦਾ ਹਾਂ ਕਿ ਪਿਛੇ ਦਿੱਲੀ ਅਤੇ ਹੋਰ ਕਈ ਥਾਵਾਂ ਤੇ ਗੜਬੜ ਹੋਈ ਹੈ। ਕੀ ਉਨ੍ਹਾਂ ਦੀ ਰਜਿਸਟਰੇਸ਼ਨ ਖੋਲ੍ਹੀ ਹੈ ਜਾਂ ਦੁਬਾਰਾ ਖੋਲ੍ਹਣਗੇ ?

ਮੰਤਰੀ : ਸਾਰੀ ਸਥਿੱਤੀ ਨੂੰ ਦੇਖ ਕੇ ਇਸ ਗੱਲ ਤੇ ਵਿਚਾਰ ਕਰ ਲਵਾਂਗੇ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਕੀ ਕੋਈ ਇਸ ਸਬੰਧੀ ਹੋਰ ਨਵੀਆਂ ਐਪਲੀਕੇਸ਼ਨਜ਼ ਵੀ ਆਈਆਂ ਹਨ ?

ਮੰਤਰੀ : ਸਪੀਕਰ ਸਾਹਿਬ, ਹੋਰ ਐਪਲੀਕੇਸ਼ਨਾਂ ਨਹੀਂ ਆਈਆਂ। ਮਿਤੀ 14 ਫਰਵਰੀ, 1986 ਤਕ ਜਿਹੜੀ ਰਜਿਸਟਰੇਸ਼ਨਜ਼ ਹੋਈ ਹੈ 700 ਦੇ ਕਰੀਬ ਐਪਲੀਕੇਸ਼ਨਾਂ ਦੀ ਵੇਰੀਫਿਕੇਸ਼ਨ ਕਰਵਾ ਕੇ ਰਜਿਸਟਰਡ ਕਰਵਾ ਲਿਤੀਆਂ ਸਨ। ਉਸ ਤੋਂ ਬਾਅਦ ਕੋਈ ਨਹੀਂ ਹੋਈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਜਿਹੜੇ ਪਰਿਵਾਰ ਪੰਜਾਬ ਵਿਚ ਆਏ ਹਨ ਅਤੇ ਦੂਸਰੇ ਸੂਬਿਆਂ ਵਿਚ ਵਾਪਸ ਗਏ ਹਨ ਇਨ੍ਹਾਂ ਦੀ ਬਹੁਤ ਥੋੜ੍ਹੀ ਤਾਦਾਦ ਹੈ। ਪੰਜਾਬ ਸਰਕਾਰ ਕੀ ਕੋਈ ਕੋਸ਼ਿਸ਼ ਵੀ ਕਰ ਰਹੀ ਹੈ, ਗੌਰਮਿੰਟ ਆਫ ਇੰਡੀਆ ਦੀਆਂ ਹਦਾਇਤਾਂ ਦੇ ਮੁਤਾਬਿਕ, ਕਿ ਜ਼ਿਆਦਾ ਤੋਂ ਜ਼ਿਆਦਾ ਪਰਿਵਾਰ ਵਾਪਸ ਭੇਜੇ ਜਾਣ। ਪੰਜਾਬ ਵਿਚੋਂ ਜੋ ਬਾਹਰ ਗਏ ਹਨ, ਉਹ ਪਰਿਵਾਰ ਵਾਪਸ ਆ ਜਾਣ ਅਤੇ ਜਿਹੜੇ ਪਰਿਵਾਰ ਪੰਜਾਬ ਵਿਚ ਆਏ ਹਨ ਉਹ ਵੀ ਵਾਪਸ ਚਲੇ ਜਾਣ, ਕੀ ਸਰਕਾਰ ਇਸ ਬਾਰੇ ਕੋਸ਼ਿਸ਼ ਕਰ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਜੋ ਪਰਿਵਾਰ ਇਥੇ ਆਏ ਹਨ, ਉਹ ਵਾਪਿਸ ਚਲੇ ਜਾਣ ਔਰ ਜਿਹੜੇ ਪਰਿਵਾਰ ਇਥੋਂ ਗਏ ਹਨ ਉਹ ਵਾਪਿਸ ਆ ਜਾਣ। ਇਸ ਬਾਰੇ ਸਾਡੀ ਪੂਰੀ ਕੋਸ਼ਿਸ਼ ਹੋਵੇਗੀ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਜਿਹੜੇ ਪਰਿਵਾਰ ਆ ਜਾ ਰਹੇ ਹਨ, ਇਹ ਬਹੁਤ ਮਾੜੀ ਗੱਲ ਹੈ, ਕੀ ਇਸ ਦਾ ਕਾਰਨ ਇਹ ਤਾਂ ਨਹੀਂ ਜਿਸ ਤਰ੍ਹਾਂ ਸੀ.ਆਰ.ਪੀ. ਵਾਲਿਆਂ ਨੇ ਦੋ ਬੰਦਿਆਂ ਨੂੰ ਗੋਲੀਆਂ ਨਾਲ ਮਾਰ ਦਿੱਤਾ। ਕੀ ਪੰਜਾਬ ਸਰਕਾਰ ਇਸ ਗੱਲ ਨੂੰ ਰੋਕਣ ਦਾ ਯਤਨ ਕਰੇਗੀ ?

ਮੰਤਰੀ : ਇਸ ਬਾਰੇ, ਸਪੀਕਰ ਸਾਹਿਬ, ਇਨ੍ਹਾਂ ਨੂੰ ਜ਼ਿਆਦਾ ਪਤਾ ਹੈ। (ਹਾਸਾ)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਜਿਹੜੀਆਂ ਦਰਖਾਸਤਾਂ ਪੈਂਡਿੰਗ ਪਈਆਂ ਹਨ ਉਨ੍ਹਾਂ ਦੀ ਬੁਰੀ ਹਾਲਤ ਹੈ। ਕੀ ਮੰਤਰੀ ਜੀ ਪੈਂਡਿੰਗ ਦਰਖਾਸਤਾਂ ਦੀ ਇਨਕੁਆਇਰੀ ਕਰਾਉਣਗੇ? ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਕਹਿੰਦਾ ਹਾਂ ਕਿ ਜਿਹੜੇ ਬੰਦੇ ਰਹਿੰਦੇ ਹਨ ਉਨ੍ਹਾਂ ਨੂੰ ਰਜਿਸਟਰ ਕਰਵਾ ਕੇ ਕਾਰਡ ਦਿਤੇ ਜਾਣ ?

ਦੂਸਰੀ ਬਾਤ, ਇਨ੍ਹਾਂ ਨੂੰ ਏਥੇ ਇੰਡਸਟਰੀ ਜਾਂ ਟਰੇਡ ਸਥਾਪਿਤ ਕਰਨ ਵਾਸਤੇ ਬਿਜਲੀ ਆਦਿ ਦੀ ਸਪਲਾਈ ਵੀ ਦਿੱਤੀ ਜਾਵੇ।

ਮੰਤਰੀ : ਇਸ ਸਾਰੇ ਮਸਲੇ ਤੇ ਅਸੀਂ ਵਿਚਾਰ ਕਰ ਰਹੇ ਹਾਂ। ਵਿਚਾਰ ਕਰਕੇ ਹੀ ਪੂਰੀ ਤਰ੍ਹਾਂ ਦਸਾਂਗੇ ਕਿਉਂਕਿ ਅਗਰ ਇਸ ਤਰ੍ਹਾਂ ਰਜਿਸਟਰੇਸ਼ਨ ਨੂੰ ਐਨਕਰੇਜ ਕੀਤਾ ਗਿਆ ਤਾਂ ਇਹ ਇਕ ਗੰਭੀਰ ਮਸਲਾ ਬਣ ਜਾਵੇਗਾ। ਜੋ ਸਰਕਾਰ ਸਰਬਸੰਮਤੀ ਨਾਲ ਫੈਸਲਾ ਕਰੇਗੀ, ਅਸੀਂ ਉਸੇ ਨੀਤੀ ਤੇ ਚਲਾਂਗੇ।

Reservation of Seats in M.B.B.S. Courses

*430. **Shri Jagjit Singh :** Will the Minister for Information and Public Relations be pleased to state —

(a) the total number of seats for M.B.B.S. course in the Medical Colleges in the State during the current academic year together with the number of seats reserved for the candidates belonging to the scheduled castes ;

(b) whether the seats reserved for scheduled castes have been given to them ; if not the reasons therefor ;

(c) whether any proposal is under the consideration of the Govenment to abolish the PMT test for admission to the M.B.B.S. course in the State ; if so, the time by which that is likely to be done ?

ਸਰਦਾਰ ਨੱਥਾ ਸਿੰਘ ਦਾਲਮ : (ੳ) ਇਸ ਸਾਲ ਦੇ ਦੌਰਾਨ ਰਾਜ ਦੇ ਤਿੰਨ ਮੈਡੀਕਲ ਕਾਲਜਾਂ ਵਿਚ (ਅੰਮ੍ਰਿਤਸਰ, ਪਟਿਆਲਾ ਅਤੇ ਫਰੀਦਕੋਟ) ਐਮ. ਬੀ, ਬੀ.ਐਸ. ਦੀਆਂ ਕੁਲ ਸੀਟਾਂ 350 ਹਨ ਅਤੇ ਅਨੁਸੂਚਿਤ ਜਾਤੀ ਨਾਲ ਸਬੰਧਤ ਉਮੀਦਵਾਰਾਂ ਲਈ 87 ਰਾਖਵੀਆ ਸੀਟਾਂ ਹਨ। ਮੈਡੀਕਲ ਕਾਲਜ ਫਰੀਦਕੋਟ ਵਿਖੇ 10 ਸੀਟਾਂ ਸਤੰਬਰ, 1986 ਵਿਚ ਵਧਾਈਆਂ ਹਨ ਜੋ ਨੋਮੀਨੇਸ਼ਨ ਰਾਹੀਂ ਭਰੀਆਂ ਹਨ।

(ਅ) ਹਾਂ ਜੀ।

(ੲ) ਨਹੀਂ ਜੀ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੇਰਾ ਕੁਐਸ਼ਚਨ ਰਹਿ ਗਿਆ ਹੈ।

ਸ੍ਰੀ ਸਪੀਕਰ : ਇਸ ਸਵਾਲ ਤੋਂ ਬਾਅਦ ਟੇਕ ਅਪ ਕਰ ਲਵਾਂਗੇ।

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਡੀਕਲ ਕਾਲਜਾਂ ਦੀਆਂ 350 ਸੀਟਾਂ ਵਿਚੋਂ 87 ਸੀਟਾਂ ਸ਼ਡਿਊਲਡ ਕਾਸਟ ਕੈਂਡੀਡੇਟਸ ਦੀਆਂ ਭਰੀਆਂ ਗਈਆਂ ਹਨ। ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸੀਟਾਂ ਤੇ ਭਰਤੀ ਲਈ ਪੀ.ਐਮ.ਟੀ. ਟੈਸਟ ਵਿੱਚ ਕਿੰਨੇ ਕੈਂਡੀਡੇਟਸ ਸ਼ਡਿਊਲਡ ਕਾਸਟਸ ਦੇ ਮੈਰਿਟ ਤੇ ਆਏ ਤੇ ਕਿੰਨੇ ਬਾਅਦ ਵਿੱਚ ਭਰੇ ਗਏ।

ਮੰਤਰੀ: ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਇਸ ਟੈਸਟ ਵਿਚੋਂ ਪਾਸ ਹੋਣ ਲਈ ਕੁਆਲੀਫਾਇੰਗ ਮਾਰਕਸ 30% ਦੇ ਹਿਸਾਬ ਨਾਲ ਸਨ ਅਤੇ ਇਸ ਹਿਸਾਬ ਨਾਲ ਸ਼ਡਿਊਲਡ ਕਾਸਟਸ ਅਤੇ ਸ਼ਡਿਊਲਡ ਟਰਾਈਬਜ਼ ਦੇ ਕੈਂਡੀਡੇਟਸ ਦੀਆਂ ਸਿਰਫ 53 ਸੀਟਾਂ ਹੀ ਭਰੀਆਂ ਗਈਆਂ ਸਨ ਅਤੇ ਬਹੁਤ ਸਾਰੀਆਂ ਸੀਟਾਂ ਖਾਲੀ ਰਹਿ ਗਈਆਂ ਸਨ। ਫੇਰ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਕਿ ਸਾਰੇ ਹੀ ਅਨੁਸੂਚਿਤ ਜਾਤੀਆਂ ਦੇ ਕੈਂਡੀਡੇਟਸ ਨੂੰ ਦਾਖਲਾ ਦੇਣ ਵਾਸਤੇ ਕੁਆਲੀਫਾਇੰਗ ਮਾਰਕਸ 25% ਕਰ ਦਿੱਤੇ ਜਾਣ। ਇਸ ਹਿਸਾਬ ਨਾਲ 34 ਹੋਰ ਕੈਂਡੀਡੇਟਸ ਦਾਖਲ ਕੀਤੇ ਗਏ।

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਉਂ ਨਾ ਪੀ.ਐਮ. ਟੀ. ਟੈਸਟ ਨੂੰ ਸਰਕਾਰ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਲਈ ਖ਼ਤਮ ਕਰ ਦੇਵੇ ਕਿਉਂਕਿ ਜੋ ਕਹਿਣ ਵਾਲੇ ਹਨ ਇਨ੍ਹਾਂ ਦੇ ਬੱਚੇ ਤਾਂ ਪਬਲਿਕ ਸਕੂਲਾਂ ਵਿੱਚ ਪੜ੍ਹਦੇ ਹਨ, ਟਿਊਸ਼ਨਾਂ ਪੜ੍ਹਦੇ ਹਨ, ਉਨ੍ਹਾਂ ਦੇ ਮਾਂ-ਬਾਪ ਵੀ ਪੜ੍ਹਾਈ ਜਾਂਦੇ ਹਨ, ਇਨ੍ਹਾਂ ਨੂੰ ਪੂਰੀ ਗਾਈਡੈਂਸ ਮਿਲਦੀ ਹੈ ਅਤੇ ਉਹ ਬੱਚੇ ਟੈਸਟਾਂ ਵਿਚੋਂ ਪਾਸ ਵੀ ਹੋ ਜਾਂਦੇ ਹਨ। ਦੂਜੀ ਗੱਲ ਇਹ ਵੀ ਹੈ ਕਿ ਉਹ ਅਮੀਰ ਮਾਂ-ਬਾਪ ਦੇ ਬੱਚੇ ਹੁੰਦੇ ਹਨ ਅਤੇ ਦੂਸਰੇ ਢੰਗਾਂ ਨਾਲ ਵੀ ਪਾਸ ਹੋ ਜਾਂਦੇ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਬੱਚੇ ਜਿਹੜੇ ਇਸ ਟੈਸਟ ਵਿਚੋਂ ਪਾਸ ਨਹੀਂ ਹੋਏ, ਉਹ ਫੇਰ ਹਾਈ-ਕੋਰਟ ਅਤੇ ਦੂਜੀਆਂ ਕੋਰਟਾਂ ਵਿਚ ਗਏ ਤਾਂ ਫਿਰ ਸਰਕਾਰ ਨੇ ਰਿਲੈਕਸੇਸ਼ਨ ਦਿੱਤੀ ਅਤੇ ਉਨ੍ਹਾਂ ਨੂੰ ਦਾਖਲਾ ਮਿਲ ਸਕਿਆ। ਮੈਂ ਕਹਿੰਦਾ ਹਾਂ ਕਿ ਪਹਿਲਾਂ ਹੀ ਇਸ ਪੀ.ਐਮ.ਟੀ. ਟੈਸਟ ਨੂੰ ਸ਼ਡਿਊਲਡ ਕਾਸਟਸ ਬੱਚਿਆਂ ਲਈ ਕਿਉਂ ਨਾ ਖ਼ਤਮ ਕਰ ਦਿੱਤਾ ਜਾਵੇ। ਦੂਜੀ ਗੱਲ ਇਹ ਕਿ ਫਰੀਦਕੋਟ ਮੈਡੀਕਲ ਕਾਲਜ ਵਿੱਚ 10 ਸੀਟਾਂ ਹੋਰ ਵਧਾ ਦਿੱਤੀਆਂ ਗਈਆਂ।

ਸ੍ਰੀ ਸਪੀਕਰ : ਜਗਜੀਤ ਸਿੰਘ ਜੀ, ਤੁਸੀਂ ਕੁਐਸ਼ਚਨ ਪੁਟ ਕਰੋ।

ਸ੍ਰੀ ਜਗਜੀਤ ਸਿੰਘ : ਇਹ ਜੀ ਮੇਰਾ ਦੂਸਰਾ ਸਵਾਲ ਹੈ ਕਿ 10 ਸੀਟਾਂ ਸਰਕਾਰ ਵਲੋਂ ਨਾਮੀ-ਨੇਸ਼ਨ ਰਾਹੀਂ ਭਰੀਆਂ ਗਈਆਂ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਵਲੋਂ ਕੀ ਤਰੀਕਾ ਇਖਤਿਆਰ ਕੀਤਾ ਗਿਆ ਕਿ ਜਿਹੜੇ ਬੱਚੇ ਨਾਮੀਨੇਸ਼ਨ ਰਾਹੀਂ ਭਰਤੀ ਕੀਤੇ ਗਏ ਹਨ ਕੀ ਉਹ ਪੀ.ਐਮ.ਟੀ. ਟੈਸਟ ਵਿਚੋਂ ਪਾਸ ਹੋਏ ਹਨ। ਕੀ ਖਾਸ ਗੱਲ ਸੀ, ਉਨ੍ਹਾਂ ਬੱਚਿਆਂ ਵਿੱਚ। ਸਾਡੀਆਂ ਉਥੇ ਵੀ 3 ਸੀਟਾਂ ਬਣਦੀਆਂ ਸਨ, ਪਰ ਸਾਨੂੰ ਦਿੱਤੀਆਂ ਨਹੀਂ ਗਈਆਂ।

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ 3-4 ਸਵਾਲ ਇਕੱਠੇ ਹੀ ਕਰ ਦਿੱਤੇ ਹਨ। ਪਹਿਲੀ ਗੱਲ ਤਾਂ ਜਿਥੋਂ ਤੱਕ ਲੜਕੇ ਹਾਈ ਕੋਰਟ ਗਏ ਹਨ, ਉਨ੍ਹਾਂ ਬਾਰੇ ਇਹ ਹੈ ਕਿ ਜਦੋਂ ਸਰਕਾਰ ਨੇ ਉਨ੍ਹਾਂ ਨੂੰ ਕੁਆਲੀਫਾਇੰਗ ਮਾਰਕਸ ਵਿੱਚ ਬੈਨੀਫਿਟ ਹੀ ਦੇ ਦਿੱਤਾ ਅਤੇ ਮਾਰਕਸ 30% ਤੋਂ 25% ਕਰ ਦਿੱਤੇ ਤਾਂ ਇਸ ਫੈਸਲੇ ਦੇ ਵਿਰੁੱਧ ਕੁਲ ਲੜਕਿਆਂ ਨੇ ਰਿਟ ਕਰ ਦਿੱਤੀ ਸੀ ਪਰ ਹਾਈ ਕੋਰਟ

ਨੇ ਉਨ੍ਹਾਂ ਦੀ ਪਟੀਸ਼ਨ ਡਿਸਮਿਸ ਕਰ ਦਿੱਤੀ। ਬਾਕੀ ਜਿਥੋਂ ਤੱਕ ਪੀ.ਐਮ.ਟੀ. ਟੈਸਟ ਨੂੰ ਖਤਮ ਕਰਨ ਦਾ ਸਬੰਧ ਹੈ, ਉਸ ਤੇ ਤਾਂ ਵਿਚਾਰ ਕੀਤੀ ਜਾ ਸਕਦੀ ਹੈ। ਇਹ ਇਕ ਕਾਫੀ ਵੱਡਾ ਮਸਲਾ ਹੈ। ਇਸ ਦੇ ਕਾਫੀ ਸੋਚ ਵਿਚਾਰ ਦੀ ਲੋੜ ਹੈ। ਜੇ ਜ਼ਰੂਰੀ ਸਮਝਿਆ ਗਿਆ ਤਾਂ ਪੰਜਾਬ ਸਰਕਾਰ ਸੋਚ ਵਿਚਾਰ ਕਰਨ ਤੋਂ ਬਾਅਦ ਕੋਈ ਫੈਸਲਾ ਕਰੇਗੀ।

ਤੀਜਾ ਸਵਾਲ ਹੈ 10 ਸੀਟਾਂ ਵਧਾਉਣ ਬਾਰੇ, ਜਿਥੋਂ ਤੱਕ ਉਸ ਦਾ ਸਬੰਧ ਹੈ ਇਹ ਸੀਟਾਂ ਵਧਾਈਆਂ ਗਈਆਂ ਹਨ। ਕਿਉਂਕਿ ਸ਼ਡਿਊਲਡ ਕਾਸਟ ਅਤੇ ਸ਼ਡਿਊਲਡ ਟਰਾਈਬਜ਼ ਦੇ ਬੱਚਿਆਂ ਨੂੰ ਪਹਿਲਾਂ ਹੀ ਕਾਫੀ ਨੁਮਾਇੰਦਗੀ ਮਿਲ ਚੁਕੀ ਸੀ, ਕਿਉਂਕਿ ਕੁਆਲੀਫਾਇੰਗ ਮਾਰਕਸ ਦੀ ਹੱਦ 30% ਤੋਂ 25% ਕਰ ਦਿੱਤੀ ਗਈ ਸੀ, ਇਸ ਲਈ ਉਨ੍ਹਾਂ ਦੀ ਨੌਮੀਨੇਸ਼ਨ ਵਿੱਚ ਲੋੜ ਨਹੀਂ ਸਮਝੀ ਗਈ। ਬਾਕੀ ਕਿਹੜੇ ਲੜਕਿਆਂ ਨੂੰ ਦਾਖਲਾ ਦਿੱਤਾ ਗਿਆ ਹੈ ਕਿਹੜਿਆਂ ਨੂੰ ਨਹੀਂ, ਇਹ ਰੈਲੇਵੈਂਟ ਨਹੀਂ। ਇਹ ਹੋਰ ਸਵਾਲ ਕਰ ਦੇਣ, ਜਵਾਬ ਦੇ ਦਿਆਂਗੇ '

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਇਨ੍ਹਾਂ ਨੇ ਸ਼ਡਿਊਲਡ ਕਾਸਟਸ ਦੀਆਂ ਸੀਟਾਂ ਪੂਰੀਆਂ ਕਰ ਦਿੱਤੀਆਂ ਸਨ। ਲੇਕਿਨ ਜਿਹੜੇ 10 ਹੋਰ ਨਵੇਂ ਭਰਤੀ ਕੀਤੇ ਗਏ ਹਨ ਉਹ ਨੌਮੀਨੇਸ਼ਨ ਰਾਹੀਂ ਕੀਤੇ ਹਨ, ਉਨ੍ਹਾਂ ਵਿਚ ਐਸ.ਸੀਜ਼ ਦਾ ਕੋਟਾ ਪੂਰਾ ਨਹੀਂ ਕੀਤਾ ਗਿਆ। ਇਹ ਗੱਲ ਢੁਕਦੀ ਨਹੀਂ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਆਉਣ ਵਾਲੇ ਦਾਖਲਿਆਂ ਵਿੱਚ ਇਹ ਐਸ਼ਿਓਰੈਂਸ ਦੇਣਗੇ ਕਿ ਇਸ ਘਾਟੇ ਨੂੰ ਪੂਰਾ ਕੀਤਾ ਜਾਵੇਗਾ ਅਤੇ ਇਨ੍ਹਾਂ 10 ਸੀਟਾਂ ਵਿਚੋਂ 3 ਸੀਟਾਂ ਅਨੁਸੂਚਿਤ ਜਾਤੀਆਂ ਨੂੰ ਦਿੱਤੀਆਂ ਜਾਣ-ਗੀਆਂ ?

ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਇਸ ਦਾ ਜਵਾਬ ਦੇ ਚੁੱਕਾ ਹਾਂ। ਪਹਿਲਾਂ ਹੀ ਇਨ੍ਹਾਂ ਨੂੰ 33-34 ਸੀਟਾਂ ਰਿਲੈਕਸੇਸ਼ਨ ਦੇਣ ਤੋਂ ਬਾਅਦ ਮਿਲ ਚੁੱਕੀਆਂ ਸਨ। ਬਾਕੀ ਜੋ ਇਹ ਕਹਿੰਦੇ ਹਨ ਤਾਂ ਵਿਚਾਰ ਕਰ ਲਵਾਂਗੇ ਕਿ ਨੌਮੀਨੇਸ਼ਨ ਵਿੱਚ ਅਨੁਸੂਚਿਤ ਜਾਤੀਆਂ ਦੇ ਕੈਂਡੀਡੇਟਸ ਨੂੰ ਵੀ ਲਿਆ ਜਾਵੇ। ਇਹ ਤਾਂ ਜੇਕਰ ਲੋੜ ਸਮਝੀ ਜਾਵੇਗੀ, ਤਦ ਹੀ ਹੋ ਸਕੇਗਾ।

ਸ੍ਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਇਨ੍ਹਾਂ ਨੇ ਲੋੜ ਦੀ ਗੱਲ ਕਹਿ ਦਿੱਤੀ ਹੈ। ਪਹਿਲਾਂ ਜਿਹੜਾ ਸਾਡਾ ਹਿੱਸਾ ਸਾਨੂੰ ਮਿਲਿਆ ਹੈ, ਉਹ 25% ਕੋਟੇ ਦੇ ਹਿਸਾਬ ਨਾਲ ਮਿਲਿਆ ਹੈ। ਬਾਕੀ ਜਿਹੜੇ ਦੋਬਾਰਾ 10 ਕੈਂਡੀਡੇਟਸ ਭਰਤੀ ਕੀਤੇ ਹਨ, ਉਨ੍ਹਾਂ ਵਿੱਚ ਸਾਨੂੰ ਕੋਈ ਹਿੱਸਾ ਨਹੀਂ ਮਿਲਿਆ। ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਜੇ ਲੋੜ ਪਈ ਤਾਂ ਦੇ ਦਿਆਂਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਪੰਜਾਬ ਵਿੱਚ 27% ਆਬਾਦੀ ਹੈ। ਇਹ ਇਨ੍ਹਾਂ ਦਾ ਕਾਂਸਟੀ-ਚਿਊਸ਼ਨਲ ਰਾਈਟ ਹੈ ਕਿ 25% ਰਿਜ਼ਰਵੇਸ਼ਨ ਇਨ੍ਹਾਂ ਨੂੰ ਦੇਣੀ ਹੈ। ਜਿਹੜੀ ਤੁਸੀਂ ਆਪਣੀ ਮਰਜ਼ੀ ਨਾਲ ਨੌਮੀਨੇਸ਼ਨ ਕੀਤੀ ਹੈ, ਜੇ ਉਸ ਵਿੱਚ ਇਨ੍ਹਾਂ ਦਾ ਹਿੱਸਾ ਇਨ੍ਹਾਂ ਨੂੰ ਨਾ ਦਿਓਗੇ ਤਾਂ ਜਿਹੜਾ ਅੱਗੇ ਹੀ ਬੈਕਲਾਗ ਚਲ ਰਿਹਾ ਹੈ, ਉਹ ਵੀ ਕਿਸ ਤਰ੍ਹਾਂ ਪੂਰਾ ਹੋਵੇਗਾ। ਇਕ ਪਾਸੇ ਹੁਣੇ ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਅਸੀਂ ਅਨੁਸੂਚਿਤ ਜਾਤੀਆਂ ਦਾ ਵੀ ਪੂਰਾ ਧਿਆਨ ਰਖ ਰਹੇ ਹਾਂ। ਇਸੇ ਲਈ ਮੈਂ ਬੇਨਤੀ ਕਰਦਾ ਹਾਂ ਕਿ ਅਨੁਸੂਚਿਤ ਜਾਤੀਆਂ ਦੇ ਕੈਂਡੀਡੇਟਸ ਦੀ ਰਿਜ਼ਰਵੇਸ਼ਨ ਪੂਰੀ ਕਰ ਦਿੱਤੀ ਜਾਵੇ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਪ੍ਰੋਫੈਸ਼ਨਲ ਕਾਲਜਾਂ ਵਿੱਚ, ਮੈਡੀਕਲ ਕਾਲਜਾਂ ਵਿੱਚ ਦਾਖਲੇ ਦੀ ਗੱਲ ਕਰ ਰਹੇ ਹਨ ਜਿਥੇ ਕਿ ਚੰਗੇ ਕੈਂਡੀਡੇਟਸ ਨੂੰ ਦਾਖਲ ਕਰਨ ਦੀ ਬਹੁਤ ਅਹਿਮੀਅਤ ਵੀ ਹੈ ਅਤੇ ਲੋੜ ਵੀ ਹੈ। ਪਹਿਲਾਂ ਮਿਨੀਮਮ ਐਲਿਜਿਬਿਲਟੀ 40% ਰਖੀ ਗਈ ਸੀ। ਫੇਰ 40 ਤੋਂ ਘਟਾ ਕੇ 30% ਕਰ ਦਿੱਤੀ ਗਈ ਅਤੇ ਜਦੋਂ ਐਤਕੀਂ ਅਸੀਂ ਦੇਖਿਆ ਕਿ 30% ਵੀ ਅਨੁਸੂਚਿਤ ਜਾਤੀਆਂ ਦੇ ਬਹੁਤ ਥੋੜ੍ਹੇ ਕੈਂਡੀਡੇਟਸ ਆਏ ਹਨ ਤਾਂ ਇਸ ਨੂੰ ਘਟਾ ਕੇ 25% ਤੇ ਲੈ ਆਉਂਦਾ ਕਿਉਂਕਿ ਸਾਡੇ ਤੇ ਕਾਫੀ ਪ੍ਰੈਸ਼ਰ ਵੀ ਪੈ ਰਿਹਾ ਸੀ। ਦੂਜੇ ਪਾਸੇ ਸਾਨੂੰ ਇਹ ਵੀ ਕਿਹਾ ਗਿਆ ਸੀ ਕਿ ਇਹ ਐਲੀਜਿਬਿਲਟੀ ਦੀ ਦਰ ਨਾ ਘਟਾਓ ਕਿਉਂਕਿ ਏਥੇ ਚੰਗੇ ਕੈਂਡੀਡੇਟਸ ਦੀ ਲੋੜ ਹੈ। ਮੈਡੀਕਲ ਕਾਲਜਾਂ ਵਲੋਂ ਵੀ ਕਿਹਾ ਗਿਆ। ਪਰ ਇਸ ਸਭ ਦੇ ਬਾਵਜੂਦ ਅਸੀਂ 30% ਤੋਂ 25% ਦੀ ਕੁਆਲੀਫਾਇੰਗ ਮਾਰਕਸ ਦੀ ਦਰ ਰੱਖਣ ਦਾ ਫੈਸਲਾ ਕੀਤਾ ਅਤੇ ਇਸ ਨਾਲ ਸਾਰੇ ਦੇ ਸਾਰੇ ਅਨੁਸੂਚਿਤ ਜਾਤੀਆਂ ਦੇ ਕੈਂਡੀਡੇਟਸ ਐਬਜ਼ੋਰਬ ਹੋ ਗਏ ਸਨ। ਇਹ ਹੁਣ ਛੋਟੀ ਜਿਹੀ ਗੱਲ ਨੂੰ ਲੈ ਕੇ ਇਤਰਾਜ਼ ਕਰ ਰਹੇ ਹਨ। ਬਾਕੀ ਜੇ ਨੌਮੀਨੇਸ਼ਨ ਦੀ ਗੱਲ ਹੈ ਤਾਂ ਉਹ ਵੀ ਦੇਖ ਲਵਾਂਗੇ। (ਵਿਘਨ) (ਸ਼ੋਰ)

Professor Darbari Lal : It is a very serious matter.

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਇਹ ਬਿਲਕੁਲ ਧੱਕਾ ਕਰਨ ਵਾਲੀ ਗੱਲ ਹੈ। ਨੌਮੀਨੇਸ਼ਨ ਵਿੱਚ ਸਾਨੂੰ ਹਿੱਸਾ ਦਿਓ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਮੈਂ ਲੀਡਰ ਆਫ ਦੀ ਹਾਊਸ ਨਾਲ ਸਹਿਮਤ ਹਾਂ। ਪਰ ਜਿਸ ਵੇਲੇ ਨੌਮੀਨੇਸ਼ਨ ਦਾ ਸਵਾਲ ਆਉਂਦਾ ਹੈ ਤਾਂ ਉਸ ਵਿਚ ਵੀ ਹਰੀਜਨਾਂ ਲਈ ਕੋਟਾ ਫਿਕਸ ਹੋਣਾ ਚਾਹੀਦਾ ਹੈ, ਜਿਹੜੇ ਕਾਬਲ ਹਨ ਉਨ੍ਹਾਂ ਨੂੰ ਵੀ ਨੌਮੀਨੇਟ ਕਰਨਾ ਚਾਹੀਦਾ ਹੈ। (ਸ਼ੋਰ) (ਵਿਘਨ)

ਡਾਕਟਰ ਦਲਬੀਰ ਸਿੰਘ: ਮੈਡੀਕਲ ਕਾਲਜ, ਫਰੀਦਕੋਟ ਵਿਚ 10 ਸੀਟਾਂ ਦੀ ਨੌਮੀਨੇਸ਼ਨ ਕੀਤੀ ਹੈ। ਕੀ ਇਸ ਲਈ ਮੈਡੀਕਲ ਕੌਂਸਲ ਆਫ ਇੰਡੀਆ ਤੋਂ ਇਜਾਜ਼ਤ ਲਈ ਹੈ ? ਕੀ ਹਰੀਜਨਾਂ ਲਈ ਮੈਡੀਕਲ ਕੋਰਸ ਵਿਚ ਨੌਮੀਨੇਸ਼ਨ ਕੀਤੀ ਹੈ ?

ਸੂਚਨਾ ਤੇ ਲੋਕ ਸੰਪਰਕ ਮੰਤਰੀ : ਇੰਡੀਅਨ ਮੈਡੀਕਲ ਕੌਂਸਲ ਨੂੰ ਲਿਖਿਆ ਗਿਆ ਹੈ ਪਰ ਅਜੇ ਤਕ ਉਨ੍ਹਾਂ ਵਲੋਂ ਜਵਾਬ ਨਹੀਂ ਆਇਆ ਹੈ, ਉਨ੍ਹਾਂ ਨੇ ਨਾਂਹ ਵੀ ਨਹੀਂ ਕੀਤੀ ਹੈ। ਦੂਜੇ, ਇਨ੍ਹਾਂ ਨੇ ਕੋਰਸ ਵਿਚ ਨੌਮੀਨੇਸ਼ਨ ਬਾਰੇ ਕਿਹਾ ਹੈ। ਕਿਸੇ ਵੇਲੇ ਡਿਜ਼ਰਵਿੰਗ ਕੈਂਡੀਡੇਟਸ ਨੂੰ ਅਕਾਮੋਡੇਟ ਕਰਨ ਵਾਸਤੇ ਨੌਮੀਨੇਟ ਕਰ ਸਕਦੇ ਹਾਂ।

ਪ੍ਰੋਫੈਸਰ ਦਰਬਾਰੀ ਲਾਲ : ਜਿਸ ਵੇਲੇ ਪਿਛਲੀ ਸਰਕਾਰ ਸੀ ...... (ਵਿਘਨ) (ਸ਼ੋਰ)

ਸ੍ਰੀ ਸੇਵਾ ਰਾਮ ਅਰੋੜਾ : ਹਾਊਸ ਦੀ ਕਮੇਟੀ ਬਣਾਈ ਜਾਏ। ਇਹ ਬਹੁਤ ਬੜਾ ਸਕੈਂਡਲ ਹੈ।

(ਇਸ ਵੇਲੇ ਸਦਨ ਵਿਚ ਬਹੁਤ ਸ਼ੋਰ ਪੈ ਰਿਹਾ ਸੀ ਔਰ ਕਾਂਗਰਸ (ਆਈ) ਦੇ ਕਾਫੀ ਮਾਨਯੋਗ ਮੈਂਬਰ ਆਪਣੀਆਂ ਸੀਟਾਂ ਤੇ ਖੜੇ ਬੋਲ ਰਹੇ ਸਨ ਜੋ ਕਿ ਸੁਣਾਈ ਨਹੀਂ ਦੇ ਰਿਹਾ ਸੀ ** **)

ਸ੍ਰੀ ਸਪੀਕਰ : ਇਹ ਬਗੈਰ ਪਰਮਿਸ਼ਨ ਦੇ ਜੋ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ।

**Not recorded as ordered by the Chair.

(ਇਸ ਸਮੇਂ ਚੀਫ਼ ਮਨਿਸਟਰ ਸਾਹਿਬ ਅਤੇ ਨਾਲ ਹੀ ਸਰਦਾਰ ਕਿਰਪਾਲ ਸਿੰਘ ਜੀ ਵੀ ਬੋਲਣ ਲਈ ਖੜੇ ਸਨ)।

Mr. Speaker: Please sit down. (Interruption and noise)

ਸਾਰਾ ਹਾਊਸ ਇਸ ਗੱਲ ਨਾਲ ਸਹਿਮਤ ਹੈ ਅਤੇ ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ।
Let the Chief Minister make a statement. Chief Minister is on his legs. Please sit down, Sardar Kirpal Singh Ji. I have given time to the Chief Minister.

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ): ਜਿਸ ਤਰ੍ਹਾਂ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕਿਹਾ ਸੀ ਜਿਥੋਂ ਤਕ ਨੌਮੀਨੇਸ਼ਨਜ਼ ਦਾ ਤੁਅੱਲਕ ਹੈ ਗਲਤ ਨੌਮੀਨੇਸ਼ਨਜ਼ ਚਲ ਰਹੀਆਂ ਹਨ, ਫਿਰ ਇਨ੍ਹਾਂ ਨੇ ਆਪ ਸਮਝਿਆ ਸਹੀ ਹੋ ਗਈਆਂ ਹਨ। ਲੀਡਰ ਆਫ਼ ਦੀ ਆਪੋਜ਼ਸ਼ਨ ਨੇ ਸੁਜੈਸਟ ਕੀਤਾ ਨੌਮੀਨੇਸ਼ਨਜ਼ ਬਾਰੇ ਕਿ ਜੇਕਰ ਇਹ ਮੈਰਿਟ ਤੇ ਆਉਣ, ਕ੍ਰਾਈਟੇਰੀਏ ਦੇ ਮੁਤਾਬਿਕ ਆਉਂਦੇ ਹਨ ਤਾਂ ਸ਼ਡਿਊਲਡ ਕਾਸਟਸ ਨੂੰ ਉਸ ਦੇ ਹਿਸਾਬ ਨਾਲ ਨੌਮੀਨੇਸ਼ਨਜ਼ ਦੇਣੀਆਂ ਚਾਹੀਦੀਆਂ ਹਨ। ਜਿਸ ਤਰ੍ਹਾਂ ਇਹ ਸੁਜੈਸਟ ਕਰਦੇ ਹਨ ਅਸੀਂ ਸ਼ਡਿਊਲਡ ਕਾਸਟਸ ਬੱਚਿਆਂ ਨੂੰ ਉਸੇ ਤਰ੍ਹਾਂ ਹੀ ਨੌਮੀਨੇਸ਼ਨਜ਼ ਦੇਣ ਵਾਸਤੇ ਤਿਆਰ ਹੋਵਾਂਗੇ।

ਸ਼੍ਰੀ ਸੇਵਾ ਰਾਮ ਅਰੋੜਾ: ਹਾਊਸ ਦੀ ਕਮੇਟੀ ਬਣਾਈ ਜਾਏ ਅਤੇ ਇਸ ਮਾਮਲੇ ਦੀ ਪੜਤਾਲ ਕਰਾਈ ਜਾਏ।

ਪ੍ਰੋਫੈਸਰ ਦਰਬਾਰੀ ਲਾਲ: ਕਿਰਪਾਲ ਸਿੰਘ ਦੇ ਲੜਕੇ ਨੂੰ ਉਥੇ ਐਡਮਿਸ਼ਨ ਦਿੱਤੀ ਗਈ ਹੈ। (ਵਿਘਨ)

ਸ਼੍ਰੀ ਸੇਵਾ ਰਾਮ ਅਰੋੜਾ: ਕੁਨਬਾ ਪਰਵਰੀ ਹੋਈ ਹੈ। ਇਸ ਲਈ ਹਾਊਸ ਦੀ ਕਮੇਟੀ ਬਣਾਈ ਜਾਏ। ਕਿਉਂ ਇਸ ਤੋਂ ਸਰਕਾਰ ਭਜਦੀ ਹੈ? (ਵਿਘਨ) (ਸ਼ੋਰ)
(ਇਸ ਸਮੇਂ ਸਦਨ ਵਿਚ ਐਨਾ ਸ਼ੋਰ ਸੀ ਕਿ ਕੁਝ ਵੀ ਸੁਣਾਈ ਨਹੀਂ ਸੀ ਦਿੰਦਾ)

ਸਰਦਾਰ ਦਲੀਪ ਸਿੰਘ ਪਾਂਧੀ: ਬਾਲਮੀਕੀਆਂ ਦਾ ਮੰਦਰ ਦਬਾਈ ਬੈਠੇ ਹਨ ਉਹ ਇਨ੍ਹਾਂ ਤੋਂ ਖਾਲੀ ਕਰਾਓ।

ਸ਼੍ਰੀ ਸੇਵਾ ਰਾਮ ਅਰੋੜਾ: ਇਨ੍ਹਾਂ ਤੋਂ ਜਵਾਬ ਲੈ ਕੇ ਸਾਨੂੰ ਦਿੱਤਾ ਜਾਏ। ਅਸੀਂ ਤੁਹਾਡੀ ਪ੍ਰੋਟੈਕਸ਼ਨ ਮੰਗਦੇ ਹਾਂ।

Families Migrated from Punjab

*425. **Sardar Kirpal Singh**: Will the Minister for Revenue and Rehabilitation be pleased to state :—

(a) the number of families who have migrated from Punjab to other States during the last one year .

(b) the number of such families who have since returned to the State

[Sardar Kirpal Singh]

(c) the details of relief given to the families referred to in part (b) above ?

ਸਰਦਾਰ ਮੇਜਰ ਸਿੰਘ ਉਬੋਕੇ : (ੳ) ਪਿਛਲੇ ਕੁਝ ਮਹੀਨਿਆਂ ਵਿਚ 917 ਪਰਿਵਾਰ ਪੰਜਾਬ ਨੂੰ ਛੱਡ ਕੇ ਦੂਸਰੇ ਰਾਜਾਂ ਨੂੰ ਚਲੇ ਗਏ ਹਨ।

(ਅ) 156 ਪਰਿਵਾਰ ਆਪਣੇ ਘਰ ਪੰਜਾਬ ਵਿਚ ਵਾਪਸ ਆ ਗਏ ਹਨ।

(ੲ) 8000 ਰੁ: 8 ਪਰਿਵਾਰਾਂ ਨੂੰ ਗਵਰਨਰ ਪੰਜਾਬ ਦੇ ਡਿਸਕਰੀਸ਼ਨਰੀ ਫੰਡ ਵਿਚੋਂ ਦਿਤੇ ਗਏ ਹਨ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਹ ਜਿਹੜਾ ਇਨ੍ਹਾਂ ਨੇ ਜਵਾਬ ਦਿਤਾ ਹੈ, ਇਹ ਸਵਾਲ ਨੰ: 425 ਦਾ ਹੈ। ਇਸ ਦੇ ਵਿਚ ਜਿਹੜਾ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਐਨੀਆਂ ਫੈਮਿਲੀਜ਼ ਪੰਜਾਬ ਤੋਂ ਬਾਹਰ ਗਈਆਂ ਅਤੇ ਐਨੀਆਂ ਵਾਪਸ ਆ ਗਈਆਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਲੋਕਾਂ ਨੂੰ ਵਾਪਸ ਪੰਜਾਬ ਵਿਚ ਲਿਆ ਕੇ, ਉਨ੍ਹਾਂ ਨੂੰ ਸੁਰੱਖਿਆ ਦੇ ਕੇ ਤਾਕਿ ਉਹ ਇੱਜ਼ਤ ਦੀ ਜ਼ਿੰਦਗੀ ਬਸਰ ਕਰ ਸਕਣ, ਇਸ ਬਾਰੇ ਪੰਜਾਬ ਸਰਕਾਰ ਭੀ ਉਪਰਾਲਾ ਕਰ ਰਹੀ ਹੈ ? (ਵਿਘਨ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚੋਂ ਗਏ ਹੋਏ ਲੋਕਾਂ ਨੂੰ ਵਾਪਸ ਪੰਜਾਬ ਵਿਚ ਲਿਆ ਕੇ, ਉਨ੍ਹਾਂ ਨੂੰ ਸੁਰੱਖਿਆ ਦੇ ਕੇ ਤਾਕਿ ਉਹ ਇੱਜ਼ਤ ਦੀ ਜ਼ਿੰਦਗੀ ਬਸਰ ਕਰ ਸਕਣ, ਇਸ ਬਾਰੇ ਸਰਕਾਰ ਕੀ ਉਪਰਾਲਾ ਕਰ ਰਹੀ ਹੈ ?

ਮੰਤਰੀ : ਪਹਿਲਾਂ ਸਰਕਾਰ ਉਨ੍ਹਾਂ ਸਾਰੇ ਪਰਿਵਾਰਾਂ ਕੋਲ ਗਈ, ਸਰਕਾਰੀ ਟੀਮ ਉਨ੍ਹਾਂ ਕੋਲ ਗਈ ਸੀ ਅਤੇ ਉਨ੍ਹਾਂ ਨੂੰ ਵਾਪਸ ਲਿਆਉਣ ਵਾਸਤੇ ਬੇਨਤੀ ਕੀਤੀ ਸੀ। ਉਸ ਟੀਮ ਵਿਚ ਸਰਦਾਰ ਤਾਰਾ ਸਿੰਘ ਲਾਇਲਪੁਰੀ, ਸਾਡੇ ਐਫ.ਸੀ.ਆਰ., ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਹੋਰ ਬਹੁਤ ਸਾਰੇ ਅਫਸਰ ਗਏ ਸਨ। ਇਸ ਤਰ੍ਹਾਂ ਦੀ ਇਕ ਕਮੇਟੀ ਬਣਾਈ ਗਈ ਸੀ ਜਿਸ ਦੇ ਮੁੱਖੀ ਸਾਡੇ ਮਨਿਸਟਰ ਆਫ ਸਟੇਟ ਫਾਰ ਹੋਮ ਹਨ। ਉਹ ਜਾ ਕੇ ਉਨ੍ਹਾਂ ਨੂੰ ਪ੍ਰੇਰਨਾ ਕਰਦੇ ਹਨ। ਉਹ ਉਨ੍ਹਾਂ ਦੀ ਸੁਰੱਖਿਆ ਵਾਸਤੇ ਉਨ੍ਹਾਂ ਨੂੰ ਵਿਸ਼ਵਾਸ ਵੀ ਦਿੰਦੇ ਹਨ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ 8 ਹਜ਼ਾਰ ਰੁਪਏ 8 ਫੈਮਿਲੀਜ਼ ਨੂੰ ਗਵਰਨਰ ਦੇ ਡਿਸਕਰੀਸ਼ਨਰੀ ਫੰਡ ਵਿਚੋਂ ਦਿੱਤੇ ਗਏ ਹਨ। ਸਰਕਾਰ ਨੇ ਇਹ ਬਦਨਾਮੀ ਕਿਉਂ ਮੁੱਲ ਲਈ ? ਉਨ੍ਹਾਂ ਦੀ ਪੂਰੀ ਇਮਦਾਦ ਨਹੀਂ ਕੀਤੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਇਮਦਾਦ ਵਾਸਤੇ ਇਨ੍ਹਾਂ ਕੋਲ ਕੀ ਪ੍ਰੋਗਰਾਮ ਹੈ ? ਅੱਤਿਵਾਦੀਆਂ ਦੇ ਐਕਸ਼ਨ ਨਾਲ ਜਿਹੜੇ ਇਫੈਕਟਿਡ ਹਨ ਉਨ੍ਹਾਂ ਦੀ ਇਮਦਾਦ ਵਾਸਤੇ ਇਨ੍ਹਾਂ ਕੋਲ ਕੀ ਪ੍ਰੋਗਰਾਮ ਹੈ ?

ਮੰਤਰੀ : ਇਹ ਗੱਲ ਠੀਕ ਹੈ ਕਿ ਸਰਕਾਰ ਨੇ 1 ਅਕਤੂਬਰ, 1986 ਨੂੰ ਕੈਬਨਿਟ ਵਿਚ ਫੈਸਲਾ ਕੀਤਾ ਕਿ ਇਨ੍ਹਾਂ ਟੈਰੋਰਿਸਟਸ ਇਫੈਕਟਿਡ ਲੋਕਾਂ ਨੂੰ ਉਹ ਸਹੂਲਤਾਂ ਦਿੱਤੀਆਂ ਜਾਣ ਜਿਹੜੀਆਂ ਕਿ ਮਾਈਗਰੈਂਟ ਫੈਮਿਲੀਜ਼ ਨੂੰ ਦਿਤੀਆਂ ਜਾਂਦੀਆਂ ਹਨ। ਇਸ ਵਾਸਤੇ ਇਸ ਸਬੰਧ ਵਿਚ ਪੰਜਾਬ ਸਰਕਾਰ ਵਲੋਂ 10 ਅਕਤੂਬਰ ਨੂੰ ਐਫ.ਸੀ.ਆਰ. ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਚਿੱਠੀ ਜਾਰੀ ਕੀਤੀ ਹੈ । ਫਿਰ ਉਨ੍ਹਾਂ ਨੂੰ ਸੱਦ ਕੇ ਉਨ੍ਹਾਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਨ੍ਹਾਂ ਦੀ ਸੁਰੱਖਿਆ ਦਾ ਪ੍ਰਬੰਧ

ਕੀਤਾ ਜਾਵੇ ਜਿਹੜੇ ਟੈਰੋਰਿਸਟਜ਼ ਦੇ ਐਕਸ਼ਨ ਨਾਲ ਪ੍ਰਭਾਵਿਤ ਹੋਏ ਹਨ ਔਰ ਉਨ੍ਹਾਂ ਨੂੰ ਉਹੀ ਸਹੂਲਤਾਂ ਦਿਤੀਆਂ ਜਾਣ ਜੋ ਉਨ੍ਹਾਂ ਵਿਡੋਜ਼ ਨੂੰ ਦਿਤੀਆਂ ਜਾਂਦੀਆਂ ਹਨ ਜਿਹੜੇ ਬਾਹਰ ਦੇ ਸੂਬਿਆਂ ਵਿਚੋਂ ਆਈਆਂ ਹਨ। ਜਿਹੜੇ ਸਰਕਾਰ ਦੀ ਨੌਕਰੀ ਦੀ ਔਰ ਪੈਨਸ਼ਨ ਦੀ, ਮਕਾਨ ਦੀ ਔਰ ਇਸ ਤੋਂ ਇਲਾਵਾ ਜਿਹੜੇ ਲੋਕ ਡਰਦੇ ਮਾਰੇ ਚਲੇ ਗਏ ਸਨ ਜਿਨ੍ਹਾਂ ਦਾ ਬਰੈਡ ਵਿਨਰ ਨਹੀਂ ਸੀ, ਕਈ ਇਹੋ ਜਿਹੀਆਂ ਫੈਮਿਲੀਜ਼ ਸਨ ਜਿਹੜੀਆਂ ਛੱਡ ਕੇ ਚਲੀਆਂ ਗਈਆਂ ਸਨ। ਇਸ ਬਾਰੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਨ੍ਹਾਂ ਨੂੰ ਢਾਈ ਹਜ਼ਾਰ ਰੁਪਿਆ ਟਰੱਕ ਦਾ ਕਿਰਾਇਆ, ਰੋਟੀ ਅਤੇ ਹਾਊਸ ਦਾ ਦੇਣ। 20 ਹਜ਼ਾਰ ਰੁਪਿਆ $4\frac{1}{2}\%$ ਤੇ ਦੇਣਾ ਹੈ ਤਾਕਿ ਉਹ ਆਪਣਾ ਕਾਰੋਬਾਰ ਚਲਾ ਸਕਣ, ਉਨ੍ਹਾਂ ਨੂੰ ਮਕਾਨ ਮਿਲ ਸਕੇ, ਸੋ ਇਸ ਤਰ੍ਹਾਂ 25 ਹਜ਼ਾਰ ਰੁਪਿਆ ਉਨ੍ਹਾਂ ਨੂੰ ਕਰਜ਼ਾ ਦੇਣਾ ਹੈ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਸ਼ਹਿਰਾਂ ਵਿਚੋਂ ਬਹੁਤ ਸਾਰੀਆਂ ਫੈਮਿਲੀਜ਼ ਚਲੀਆਂ ਗਈਆਂ ਹਨ ਅਤੇ ਪਿੰਡਾਂ ਦੇ ਪਿੰਡ ਮਾਈਨਾਰਿਟੀ ਕਮਿਊਨਿਟੀ ਦੇ ਚਲੇ ਗਏ ਹਨ। ਕੀ ਮੰਤਰੀ ਜੀ ਇਹ ਦੱਸਣਗੇ ਕਿ ਕਿੰਨੇ ਲੋਕ ਪੰਜਾਬ ਛੱਡ ਕੇ ਚਲੇ ਗਏ ਹਨ ਅਤੇ ਜਿਹੜੇ ਉਹ ਕਹਿੰਦੇ ਹਨ ਕਿ ਵਾਪਸ ਪੰਜਾਬ ਆਏ ਹਨ ਉਨ੍ਹਾਂ ਵਿਚੋਂ ਕਿੰਨੇ ਸੈਟਲ ਹੋਏ ਹਨ ? ੮੮੦੦ ਇਨ੍ਹਾਂ ਨੇ ਨਵੀਂ ਭਰਤੀ ਕੀਤੀ ਹੈ। ਜਿਹੜੇ ਅਤਿਵਾਦੀਆਂ ਦੇ ਐਕਸ਼ਨ ਨਾਲ ਮਾਰੇ ਗਏ ਹਨ, ਉਸ ਭਰਤੀ ਵਿਚ ਉਨ੍ਹਾਂ ਦੇ ਬੱਚਿਆਂ ਨੂੰ ਕਿੰਨਿਆਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ ?

ਮੰਤਰੀ : ਮੈਂ ਗਿਣਤੀ ਦੇ ਦਿਤੀ ਹੈ ਉਨ੍ਹਾਂ ਨੂੰ ਨੌਕਰੀਆਂ ਵਾਸਤੇ ਜਿਸ ਤਰ੍ਹਾਂ ਇਹ ਹੁਣ ਪੁੱਛ ਰਹੇ ਹਨ, ਮੈਂ ਪਹਿਲਾਂ ਦੱਸਿਆ ਸੀ ਕਿ ਕੈਬਨਿਟ ਨੇ ਫੈਸਲਾ ਕੀਤਾ ਹੈ ਔਰ ਹੁਣ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ ਨੂੰ ਉਸੇ ਪ੍ਰਾਇਰਿਟੀ ਦੇ ਨਾਲ ਡੀਲ ਕਰਨ ਵਾਸਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਜਿਸ ਤਰ੍ਹਾਂ ਬਾਹਰੋਂ ਆਏ ਮਾਈਗਰੈਂਟਸ ਨੂੰ, ਵਿਡੋਜ਼ ਨੂੰ ਸਹੂਲਤਾਂ ਦਿੱਤੀਆਂ ਹਨ ਐਟ ਪਾਰ ਉਨ੍ਹਾਂ ਨੂੰ ਵੀ ਸਹੂਲਤਾਂ ਦਿੱਤੀਆਂ ਜਾਣ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਕੋਈ ਫੈਕਟਸ ਦੇ ਉਤੇ ਗੱਲ ਨਹੀਂ ਕਰ ਰਹੇ, ਉਹ ਗੋਲ ਮੋਲ ਕਰਕੇ ਜਵਾਬ ਦੇ ਰਹੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਪਰੀਵਾਰ ਵਾਪਸ ਆਏ ਹਨ ਜਿਨ੍ਹਾਂ ਨੂੰ ਇਨ੍ਹਾਂ ਨੇ ਸੈਟਲ ਕੀਤਾ ਹੈ ? ਜਿਹੜੇ 8800 ਭਰਤੀ ਕੀਤੇ ਹਨ ਕੀ ਉਸ ਦੇ ਵਿਚ 1% ਵੀ ਇਨ੍ਹਾਂ ਨੇ ਟੈਰੋ-ਰਿਸਟਜ਼ ਦੇ ਵਿਕਟਿਮਜ਼ ਨੂੰ ਰੱਖਿਆ ਹੈ ?

ਮੰਤਰੀ : ਇਸ ਦੇ ਬਾਰੇ ਜੇ ਤੁਸੀਂ ਗਿਣਤੀ ਲੈਣੀ ਹੈ ਤਾਂ ਸੈਪਰੇਟ ਸਵਾਲ ਦੇ ਦਿਓ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਵਜ਼ੀਰ ਸਾਹਿਬ ਨੇ ਫਿੱਗਰਜ਼ ਦਿਤੇ ਹਨ ਕਿ ਜਿਹੜੇ ਲੋਕੀਂ ਪੰਜਾਬ ਤੋਂ ਬਾਹਰ ਗਏ ਸਨ ਉਨ੍ਹਾਂ ਵਿਚੋਂ ਕੁਝ ਲੋਕ ਵਾਪਸ ਆਏ ਹਨ । ਸਪੀਕਰ ਸਾਹਿਬ, ਮੇਰੀ ਇਤਲਾਹ ਹੈ ਕਿ ਡਿਸਟ੍ਰਿਕਟ ਅੰਮ੍ਰਿਤਸਰ ਦੇ ਬਾਰਡਰ ਦੇ ਕਿਸੇ ਵੀ ਪਿੰਡ ਵਿਚ ਚਲੇ ਜਾਓ ਉਹ ਲੋਕ ਜਿਹੜੇ ਸਿੱਖੀ ਨੂੰ ਮੰਨਦੇ ਹਨ, ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ, ਉਨ੍ਹਾਂ ਨੂੰ ਕੁਝ ਨੂੰ ਮਾਰ ਦਿਤਾ ਕੁਝ ਨੂੰ ਕੁੱਟ ਮਾਰ ਕੇ ਭਜਾ ਦਿੱਤਾ। ਇਸ ਬਾਰੇ ਇਸ ਹਾਊਸ ਦੀ ਕਮੇਟੀ ਬਣਾਈ ਜਾਵੇ ਜਿਹੜੀ ਇਸ ਗੱਲ ਦਾ ਪਤਾ ਕਰੇ ਕਿ ਕੀ ਉਨ੍ਹਾਂ ਵਿਚੋਂ ਕੋਈ ਮੁੜਕੇ ਆਇਆ ਹੈ ? ਮੇਰੀ ਇਤਲਾਹ ਹੈ ਕਿ ਮੁੜ ਕੇ ਕੋਈ ਨਹੀਂ ਉਥੇ ਜਾ ਕੇ ਵਸਿਆ ।

ਮੰਤਰੀ: ਇਹ ਗਲਤ ਗੱਲ ਹੈ ਕਿ ਵਾਪਸ ਨਹੀਂ ਆਏ । ਬਹੁਤ ਸਾਰੇ ਪਰੀਵਾਰ ਵਾਪਸ ਆਏ ਹਨ। ਤੁਸੀਂ ਆਪੋ ਆਪਣੇ ਡਿਪਟੀ ਕਮਿਸ਼ਨਰਾਂ ਨੂੰ ਪੁਛੋ, ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਪੁੱਛੋ। ਮੈਂ ਇਸ ਗੱਲ ਨਾਲ ਸਹਿਮਤ ਨਹੀਂ ਕਿ ਉਹ ਆਏ ਨਹੀਂ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਕੋਈ ਵਾਪਸ ਨਹੀਂ ਆਇਆ।

ਸ੍ਰੀ ਬ੍ਰਹਮ ਮਹਿੰਦਰਾ: ਸਪੀਕਰ ਸਾਹਿਬ, ਇਕ ਡਾਕੂਮੈਂਟ ਸਾਰੇ ਮੈਂਬਰਾਂ ਨੂੰ ਦਿਤਾ ਹੈ ਅਤੇ ਜਿਸ ਤੇ ਪ੍ਰੋਫੈਸਰ ਦਰਬਾਰੀ ਲਾਲ ਨੇ ਕੁਝ ਪੁੱਛਣਾ ਚਾਹਿਆ ਸੀ ਕਿ ਮਾਈਗਰੈਂਟਸ ਫੈਮਿਲੀਜ਼ ਵਿਚੋਂ ਕਿੰਨੀਆਂ ਫੈਮਿਲੀਜ਼ ਵਾਪਸ ਆਈਆਂ ਹਨ। ਵਜ਼ੀਰ ਸਾਹਿਬ ਨੇ ਇਸ ਬਾਰੇ ਕੁਝ ਦੱਸਿਆ ਵੀ ਹੈ ਅਤੇ ਵਜ਼ੀਰ ਸਾਹਿਬ ਨੂੰ ਇਸ ਬਾਰੇ ਪਤਾ ਵੀ ਨਹੀਂ ਹੈ। ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਵਿਚ ਲਿਖਿਆ ਹੈ ਕਿ :—

"As many as 132 families of the minority community from Punjab which had gone out of Punjab, have returned".

ਇਹ ਸਾਨੂੰ ਇਸ ਤਰ੍ਹਾਂ ਲਗਦਾ ਹੈ ਜਿਸ ਤਰ੍ਹਾਂ ਮਨਿਸਟਰ ਸਾਹਿਬ ਨੂੰ ਇਸ ਪੈਂਫਲੈਟ ਦਾ ਪਤਾ ਨਹੀਂ। ਇਹ 126—132 ਦਾ ਨੰਬਰ ਦਿਤਾ ਹੈ, ਕੀ ਇਹ 132 ਦੀ ਲਿਸਟ ਹਾਊਸ ਨੂੰ ਇਸੇ ਸੈਸ਼ਨ ਦੇ ਦੌਰਾਨ ਦੇਣਗੇ ?

ਮੰਤਰੀ: ਤੁਸੀਂ ਰੌਲੇ ਗੌਲੇ ਵਿਚ ਜਵਾਬ ਸੁਣਿਆ ਨਹੀਂ। ਵੇਰਵੇ ਮੈਂਬਰ ਸਾਹਿਬਾਨ ਨੂੰ ਭੇਜ ਦਿਤੇ ਹਨ।

ਸ੍ਰੀ ਬ੍ਰਹਮ ਮਹਿੰਦਰਾ: ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। Mr. Speaker. I seek your protection.

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ: ਮਾਈਗਰੇਸ਼ਨ ਦੇ ਬਾਰੇ ਇਹ ਜਿਹੜਾ ਇਨ੍ਹਾਂ ਨੇ ਦੱਸਿਆ ਹੈ, ਇਨ੍ਹਾਂ ਨੇ ਦੱਸਿਆ ਹੈ ਕਿ 1,259 ਫੈਮਿਲੀਜ਼ ਮਾਈਗਰੇਟ ਕਰਕੇ ਗਈਆਂ ਜਿਹੜਾ ਕਿ ਬਿਲਕੁਲ ਗਲਤ ਹੈ। ਮੈਂ ਸਾਬਤ ਕਰ ਸਕਦਾ ਹਾਂ ਕਿ ਮੇਰੇ ਹਲਕੇ ਵਿਚੋਂ More than 1,000 have migrated. ਕੀ ਸਰਕਾਰ ਕੋਈ ਐਸਾ ਉਪਰਾਲਾ ਕਰੇਗੀ ਕਿ ਸਹੀ ਫਿੱਗਰਜ਼ ਪਤਾ ਕੀਤੀਆਂ ਜਾਣ। ਦੂਸਰਾ, ਇਹ ਕਿ ਜਿਸ ਦਿਨ ਤੋਂ ਬਰਨਾਲਾ ਸਰਕਾਰ ਬਣੀ ਹੈ, ਇਨ੍ਹਾਂ ਦੀ ਮਨਿਸਟਰੀ ਵਿਚ ਕੁਝ ਐਸੇ ਮਨਿਸਟਰ ਹਨ ਕਿ ਜਦੋਂ ਲਾਅ ਐਂਡ ਆਰਡਰ ਦੇ ਬਾਰੇ ਸਰਕਾਰ, ਪੁਲਿਸ ਕੋਈ ਐਕਸ਼ਨ ਲੈਂਦੀ ਹੈ ਤਾਂ ਉਹ ਹਮੇਸ਼ਾਂ ਉਸ ਐਕਸ਼ਨ ਨੂੰ ਅਪੋਜ਼ ਕਰਦੇ ਹਨ। ਕੀ ਸਰਕਾਰ ਇਸ ਦਾ ਪਤਾ ਕਰਾਏਗੀ ਕਿ ਉਸ ਦਿਨ ਤੋਂ ਮਾਈਗਰੇਸ਼ਨ ਵਧਿਆ ਹੈ ਜਿਸ ਦਿਨ ਤੋਂ ਬਾਦਲ ਗਰੁੱਪ ਵੱਖਰਾ ਹੋਇਆ ਅਤੇ ਅਤਿਵਾਦੀਆਂ ਦੇ ਭੋਗ ਤੇ ਜਾ ਕੇ ਸ਼ਰਧਾਂਜਲੀਆਂ ਪੇਸ਼ ਕੀਤਆਂ ਉਦੋਂ ਤੋਂ ਇਹ ਮਾਈਗਰੇਸ਼ਨ ਵਧਿਆ ? ਕੀ ਸਰਕਾਰ ਇਸ ਬਾਰੇ ਕੋਈ ਕਦਮ ਚੁੱਕੇਗੀ ? (ਵਿਘਨ) (ਸ਼ੋਰ)

ਸ੍ਰੀ ਬ੍ਰਹਮ ਮਹਿੰਦਰਾ: ਸਪੀਕਰ ਸਾਹਿਬ, ਮੇਰੀ ਗੱਲ ਦਾ ਜਵਾਬ ਨਹੀਂ ਆਇਆ। ਮੈਨੂੰ ਅਸ਼ੋਅਰ ਕੀਤਾ ਜਾਵੇ ? I seek your proteciton, Sir.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮਾਈਗਰੇਸ਼ਨ ਦੇ ਕੁਐਸ਼ਚਨ ਦੇ ਬਾਰੇ ਜੋ ਜਵਾਬ ਮਨਿਸਟਰ ਸਾਹਿਬ ਨੇ ਦਿੱਤਾ ਹੈ ਉਸ ਤੋਂ ਇਸ ਤਰ੍ਹਾਂ ਲਗਦਾ ਹੈ ਕਿ ਐਨਟਾਇਰ ਅਪੋਜ਼ੀਸ਼ਨ ਉਸ ਦੇ ਨਾਲ ਸੈਟਿਸਫਾਈਡ ਨਹੀਂ ਹੈ। ਕਿਉਂਕਿ ਇਹ ਬੜਾ ਸੈਂਸੇਟਿਵ ਇਸ਼ੂ ਹੈ ਪੰਜਾਬ ਦੇ ਲਈ ਔਰ ਇਥੇ ਦੇ ਲੋਕ ਘਰ ਛੱਡ ਕੇ ਬਾਹਰ ਚਲੇ ਜਾਣ ਅਤੇ ਉਨ੍ਹਾਂ ਨੂੰ ਵਾਪਸ ਨਾ ਲਿਆਂਦਾ ਜਾਵੇ ਤਾਂ ਇਸ ਦੇ ਨਾਲ ਪੰਜਾਬ ਦੇ ਫਿਊਚਰ ਤੇ ਬੜਾ ਭਾਰੀ ਅਸਰ ਪੈ ਰਿਹਾ ਹੈ, ਕੀ ਮਨਿਸਟਰ ਸਾਹਿਬ ਇਸ ਦੇ ਲਈ ਕੋਈ ਹਾਊਸ ਦੇ ਮੈਂਬਰਾਂ ਦੀ ਕਮੇਟੀ ਬਣਾਉਣ ਵਾਸਤੇ ਤਿਆਰ ਹਨ ਜਿਹੜੀ ਇਸ ਗੱਲ ਦੀ ਘੋਖ ਕਰੇ ਕਿ ਕਿੰਨੀਆਂ ਫੈਮਿਲੀਜ਼ ਪੰਜਾਬ ਤੋਂ ਬਾਹਰ ਗਈਆਂ ਹਨ ਅਤੇ ਕਿੰਨੀਆਂ ਵਾਪਸ ਆਈਆਂ ਹਨ ਅਤੇ ਉਨ੍ਹਾਂ ਲਈ ਕੀ ਕੁਝ ਕੀਤਾ ਗਿਆ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਬੜਾ ਸੈਂਸੇਟਿਵ ਮਸਲਾ ਹੈ, ਕੋਈ ਸਾਧਾਰਣ ਗੱਲ ਨਹੀਂ। (ਵਿਘਨ) ਆਨਰੇਬਲ ਮੈਂਬਰ ਸਾਹਿਬ ਇਥੇ ਕਿਤਾਬ ਲਹਿਰਾ ਲਹਿਰਾ ਕੇ ਦੱਸ ਰਹੇ ਸਨ ਕਿ ਇਤਨੀਆਂ ਫੈਮਿਲੀਜ਼ ਗਈਆਂ ਔਰ ਇਤਨੀਆਂ ਫੈਮਿਲੀਜ਼ ਆਈਆਂ, ਹੁਣ ਮੇਰੀ ਗਲ ਨਹੀਂ ਸੁਣ ਰਹੇ। ਕੁਝ ਫੈਮਿਲੀਜ਼ ਆਈਆਂ ਹਨ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਹੋਰ ਫੈਮਿਲੀਜ਼ ਵਾਪਸ ਆਉਣ। ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਪ੍ਰਸਨਲੀ ਮੈਂ ਕੈਂਪਸ ਵਿੱਚ ਜਾ ਕੇ ਵਿਜ਼ਿਟ ਕੀਤਾ ਸੀ ਅਤੇ ਕੋਸ਼ਿਸ਼ ਕੀਤੀ ਸੀ ਕਿ ਲੋਕ ਆਉਣ ਅਤੇ ਉਨ੍ਹਾਂ ਵਿਚੋਂ ਕੁਝ ਲੋਕ ਤਿਆਰ ਸੀ ਅਤੇ ਅਸੀਂ ਉਨ੍ਹਾਂ ਨੂੰ ਕੁਝ ਸੁਵਿਧਾਵਾਂ ਵੀ ਦਿੱਤੀਆਂ ਹਨ। ਹਰਿਆਣੇ ਦੇ ਲੋਕ ਕੁਝ ਆਏ ਸਨ। ਅਸੀਂ ਉਨ੍ਹਾਂ ਨੂੰ ਕਿਹਾ ਕਿ ਕਿਸ ਕਿਸਮ ਦੀ ਸਹਾਇਤਾ ਤੁਹਾਨੂੰ ਚਾਹੀਦੀ ਹੈ, ਕੁਝ ਸਹਾਇਤਾ ਦਿੱਤੀ ਵੀ ਗਈ ਹੈ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਫੈਮਿਲੀਜ਼ ਵਾਪਸ ਆਉਣ ਅਤੇ ਹੁਣ ਵੀ ਅਸੀਂ ਚਾਹਾਂਗੇ ਕਿ ਜੇ ਉਧਰ ਬੈਠੇ ਦੋਸਤ ਇਸ ਕੰਮ ਵਿੱਚ ਸਾਡੀ ਮਦਦ ਕਰਦੇ ਹਨ ਤਾਂ ਅਸੀਂ ਕਮੇਟੀ ਸੈਟ ਅੱਪ ਕਰ ਸਕਦੇ ਹਾਂ। ਤੁਸੀਂ ਵੀ ਚਲੋ, ਅਸੀਂ ਵੀ ਸ਼ਾਮਲ ਹੁੰਦੇ ਹਾਂ। (ਥੰਪਿੰਗ) ਅਸੀਂ ਚਾਹੁੰਦੇ ਹਾਂ ਕਿ ਘਰ ਘਰ ਵਿੱਚ ਵਿਜ਼ਿਟ ਕਰੀਏ। ਅਸੀਂ ਉਨ੍ਹਾਂ ਨੂੰ ਰੀਹੈਬਲੀਏਟ ਜਿਵੇਂ ਵੀ ਕਰ ਸਕਦੇ ਹਾਂ, ਕਰੀਏ।

Mr. Speaker : Statement has now been given by the Chief Minister, Next Question

Head Machanics Etc. in Punjab Roadways

***427. Shri Romesh Chander Dogra** (Put by Shri Ram Kishan Kataria) : Will the Minister of State for Transport be pleased to state :—

(a) the number and names of Head Mechanics, Head Electricians. Station Supervisor Incharges (Workshop), Chief Inspectors and Station Supervisors (Traffic) working in the Punjab Roadways Depots in the State as on 31 st March, 1986 alongwith the number and names of Scheduled Castes/Backward Classes amongst them ;

(b) whether the percentage of reservations fixed by the Government was adhered to while making promotions to the posts referred to in part (a) above in 1985-86, if not, the reasons therefor ?

ਸਰਦਾਰ ਹਰਦੀਪਿੰਦਰ ਸਿੰਘ : (ੳ) ਸੂਚਨਾ ਅਨੁਲੱਗ ਵਿਚ ਦਿਤੀ ਜਾਂਦੀ ਹੈ।

(ਅ) ਹਾਂ ਜੀ।

ANNEXURE

[Minister of state for Transport]

Ser al No.	Name	Whether S.C./B.C.	Whether direct/ Promotion	No. of direct	Promotion	Total
1	2	3	4	5	6	7
	Head Mechanics					
	Sarvshri—					
1.	Gobind Ram ..	..	Promotion	5	24	29
2.	Santosh Kumar ..	..	Direct	..	..	..
3.	Puran Chand ..	..	Promotion	..	..	..
4.	Gian Singh ..	..	Do	..	..	..
5.	Ajit Singh ..	..	Do	..	..	..
6.	Gurbachan Singh ..	..	Do	..	..	..
7.	Thakur Dass ..	..	Do	..	..	..
8.	Prem Nath ..	S.C.	Do	..	..	..
9.	Manohar Singh ..	B.C.	Direct	..	..	..
10.	Bishan Singh ..	S.C.	Promotion	..	..	..
11.	Desh Raj ..	..	Do	..	..	..
12.	Amar Singh ..	B.C.	Direct	..	..	..
13.	Ved Parkash ..	S.C.	Do	..	..	..
14.	Salig Ram ..	..	Promotion	..	..	..
15.	Harbhajan Singh ..	B.C.	Do	..	..	..
16.	Kewal Kr:shan ..	..	Do	..	..	..
17.	Bishamber Dass ..	..	Do	..	..	..
18.	Lahori Ram ..	..	Do	..	..	..
19.	Amarjit Singh ..	..	Do	..	..	..
20.	Harbans Singh ..	..	Do	..	..	..
21.	Om Parkash ..	..	Do	..	..	..
22.	Avtar Singh ..	..	Do	..	..	..
23,	Mukhtiar Singh ..	S.C	Do	..	..	..
24.	Baldev Randhawa ..	S.C.	Direct	..	..	..
25.	Manohar Lal ..	..	Promotion	..	..	..

1	2		3	4	5	6	7
	Head Mechanics—*concld.* Sarvshri						
26.	Sumir Singh	..	..	Promotion	..	..	..
27.	Amarjit Singh	..	..	Do	..	..	..
28.	Gurdial Singh	..	S.C.	Do	..	..	..
29,	Faqir Chand	..	..	Do	..	..	..
	Total	S.C. ..	6				29
		B.C.	3				
	Head Electrici an Sarvshri						
1.	Gian Chand	..	S.C.	Promotion	3	11	14
2.	Nirmal Dass	..	S.C.	Promotion	..	..	..
3.	Satwant Singh	..	..	Direct	..	..	..
4.	Joginder Pal	..	B.C.	Promotion	..	..	..
5.	Joginder Singh	..	B.C.	Do	..	..	..
6.	Rattan Chand	..	..	Do	..	..	..
7.	Sanji Ram	..	..	Do	..	..	..
8.	Harbans Lal	..	S.C.	Direct	..	..	..
9.	Jaswinder Singh	..	..	Promotion	..	..	..
10.	Surinder Singh	..	B.C.	Do	..	..	..
11.	Ramesh Kumar	..	..	Do	..	..	..
12.	Siri Ram	..	..	Do	..	..	..
13.	Amrik Singh	..	S.C.	Do	..	..	..
14.	Girdhari Lal	..	..	Direct	..	..	..
	Total	S.C. ..	4				14
		B.C.	3				
	Service Station Incharge						
	Sarvshri—						
1.	Mulakh Raj	..	B.C.	Promotion	..	33	41
2.	Dharam Dass	..	..	Do	..	..	..
3.	Manmohan Singh	..	..	Direct	..	..	..
4.	Dalip Singh	..	..	Promotion	..	..	..

[Minister of State for Transport]

1	2	3	4	5	6	7
	Service Station Incharge—*contd.*					
	Sarvshri—					
5.	Gurbachan Singh ..	..	Direct	..	..	..
6.	Amarjit Singh ..	..	Promotion	..	..	..
7.	Ajmer Singh ..	..	Direct	..	..	..
8.	Balraj Singh ..	..	Do	..	..	..
9.	Krishan Lal ..	..	Promotion	..	..	..
10.	Karnail Singh ..	..	Direct	..	..	..
11.	Kuldip Singh	..	Do	..	..	..
12.	Pritam Singh ..	..	Do	..	..	..
13.	Ram Mohan ..	B.C.	Promotion	..	..	..
14.	Pritam Singh ..	S.C.	Do	..	..	..
15.	Mehar Singh ..	S.C.	Do	..	..	..
16.	Sohan Singh ..	S.C.	Do	..	..	..
17.	Sant Ram ..	S.C.	Promotion	..	..	..
18.	Vidya Bhushan ..	S.C.	Do	..	..	..
19.	Yash Pal Singh ..	..	Direct	..	..	..
20.	Sukhdev Singh ..	..	Promotion	..	..	..
21.	Kirpal Singh ..	..	Direct	..	..	..
22.	Jagmohan Singh ..	..	Promotion	..	..	..
23.	Sohan Singh ..	..	Do	..	..	..
24.	Shiv Kumar ..	..	Direct	..	..	..
25.	Ajit Singh ..	B.C.	Promotion	..	..	..
26.	Harnek Singh ..	S.C.	Do	..	..	..
27.	Tara Chand ..	..	Do	..	..	..
28.	R. K. Gupta ..	..	Direct	..	..	..
29.	Ajit Singh ..	..	Do	..	..	..
30.	Sulakhan Singh ..	B.C.	Promotion	..	..	..
31.	Prabhu Dass ..	S.C.	Do	..	..	..
32.	Bal Krishan ..	:	Do	..	..	..

1	2	3	4	5	6	7
	Service Station Incharge—*concld.*					
	Sarvshri—					
33.	Nasib Chand ..	S.C.	Promotion	..	..	..
34.	Resham Singh Brar ..	..	Direct	..	..	..
35.	Inder Jit Singh Chawla	..	Do	..	..	..
36.	Bawa Singh ..	S.C.	Do	..	..	..
37.	Baldev Parkash ..	S.C.	Promotion	..	..	..
38.	Vijay Kumar ..	..	Direct	..	..	..
39.	Harbhajan Singh ..	..	Promotion	..	..	..
	Total S.C. ..	9				41
	B.C. ..	4				
	Chief Inspectors					
1.	Anoop Singh ..	..	Promotion	10	42	52
2.	Jagdish Lal ..	..	Do	..	..	..
3.	Krishan Lal ..	..	Do	..	..	..
4.	Jarnail Singh ..	S.C.	Direct	..	..	..
5.	Piara Singh ..	S,C.	Promotion	..	..	..
6.	Sarwan Singh ..	..	Do	..	..	..
7.	Harchand Singh ..	S.C.	Do	..	..	..
8.	Sukhdev Chand ..	B.C.	Promotion	..	..	..
9.	Harchand Singh ..	S.C.	Do	..	..	..
10.	Rajinder Pal ..	..	Do	..	..	..
11.	Tarsem Lal ..	S.C.	Do	..	..	..
12	Madan Singh ..	..	Do	..	..	..
13.	Tarlok Singh ..	..	Do	..	..	..
14.	Sawarn Singh ..	B.C.	Do	..	..	..
15.	K.K. Awasti ..	..	Do	..	..	..
16.	Ram Murti ..	..	Do	..	..	..
17.	Mohan Singh ..	S.C.	Do	..	..	..
18.	Harbhajan Singh ..	..	Do	..	..	..
19.	Gej Ram ..	S.C.	Do	..	..	..

[Minister of State for Transport]

1	2	3	4	5	6	6
	Chief Inspectors—*concld.*					
	Sarvshri—					
20.	Tarsem Lal ..	S.C.	Promotion	..	..	..
21.	Prithvi Raj ..	..	Do	..	..	..
22.	Tarlok Singh ..	..	Do	..	..	..
23.	Jagdish Rai ..	..	Direct	..	..	..
24.	Ratan Chand Bhardwaj	..	Do	..	..	..
25.	Vad Parkash ..	..	Promotion	..	..	..
26.	Dalip Singh ..	..	Do	..	..	..
27.	Naranjan Dass ..	S.C.	Do	..	..	..
28.	Muni Lal ..	..	Do	..	..	..
29.	Madan Singh ..	..	Direct	..	..	..
30.	Tarlochan Singh ..	..	Promotion	..	..	..
31.	Makhan Singh ..	..	Direct	..	..	..
32.	Romesh Pal ..	..	Promotion	..	..	..
33.	Krishan Chand ..	..	Do	..	..	..
34.	Harbhajan Singh ..	..	Do	..	..	..
35.	Bachan Singh ..	S.C.	Do	..	..	..
36.	Harnam Singh ..	..	Promotion	..	..	..
37.	Jaswant Singh ..	B.C.	Do	..	..	..
38,	Mukhtiar Singh ..	S.C.	Do	..	..	..
39.	Satish Kumar ..	..	Direct	..	..	..
40.	Ajit Singh ..	S.C.	Promotion	..	..	..
41.	Pawan Kumar ..	..	Direct	..	..	..
42.	Charanjit Singh ..	S.C.	Do	..	..	..
43.	Bhagat Singh ..	S.C.	Promotion	..	..	..
44.	Mohinder Singh ..	..	Do	..	..	..
45.	Tarlok Chand Sharma	..	Do	..	..	..
46.	Gurdip Singh Dhillon	..	Do	..	..	..
47,	Harbans Lal ..	..	Do	..	..	..
48.	Surjit Singh ..	..	Do	..	..	..
49.	Piara Singh ..	..	Direct	..	..	..
	Total S.C. ..	14				52
	B.C. ..	3				

1	2	3	4	5	6	7
	Station Supervisor— Grade-I					
	Sarvshri					
1,	Labh Singh ..	..	Promotion	5	15	20
2,	Om Parkash ..	..	Do	..	..	..
3.	Amrik Singh ..	B.C.	Direct	..	..	..
4.	Sawarn Singh ..	S.C.	Promotion	..	..	..
5,	Krishan Lal Mahajan,	..	Do	..	..	..
6.	Kartar Singh ..	S.C.	Do	..	..	..
7.	Bahadur Singh ..	S.C.	Direct	..	..	..
8,	Gulzar Singh ..	..	Promotion	..	..	..
9,	Charan Singh ..	..	Direct	..	..	..
10.	Karamjit Singh ..	B.C.	Promotion	..	..	..
11.	Kehar Singh ..	..	Do	..	..	..
12.	P. N. Sondhi ..	..	Do	..	..	..
13.	Radha Mohan ..	..	Promotion	..	..	..
14.	Saroop Singh ..	..	Do	..	..	..
15.	B.S. Rai ..	..	Do	..	..	..
16.	Raghubir Singh ..	..	Do	..	..	..
17.	Amarjit Singh ..	..	Do	..	..	..
18.	Kundan Singh ..	S.C.	Do	..	..	..
19.	Harbans Singh Pannu	..	Do	..	..	..
	Total S.C. ..	4				20
	B.C. ..	2				

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹਾਂਗਾ, ਇਹ ਆਮ ਸੁਣਿਆ ਜਾਂਦਾ ਹੈ ਔਰ ਇਹ ਅਸਲੀਅਤ ਹੈ ਕਿ ਰੋਡਵੇਜ਼ ਦੇ ਡਿਪੂਆਂ ਵਿੱਚ ਟੈਕਨੀਕਲ ਸਟਾਫ ਦੀ ਬਹੁਤ ਘਾਟ ਹੈ। ਬਜਾਏ ਇਸ ਦੇ ਕਿ ਉਸ ਘਾਟ ਨੂੰ ਇਮਪਰੂਵ ਕੀਤਾ ਜਾਵੇ, ਉਸ ਘਾਟ ਨੂੰ ਪੂਰਾ ਕੀਤਾ ਜਾਵੇ, ਜਿਹੜੇ ਡੇਲੀ ਵੇਜਿਜ਼ ਤੇ ਮੁਲਾਜ਼ਮ ਚਲ ਰਹੇ ਹਨ ਉਨ੍ਹਾਂ ਨੂੰ ਹਟਾ ਦਿੱਤਾ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਇਸ ਘਾਟ ਨੂੰ ਪੂਰਾ ਕਰਨ ਦਾ ਮਨਿਸਟਰ ਸਾਹਿਬ ਕੋਈ ਯਤਨ ਕਰਨਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਸਵਾਲ ਤਾਂ ਇਨ੍ਹਾਂ ਦਾ ਹੋਰ ਹੈ ਅਤੇ ਹੁਣ ਇਨ੍ਹਾਂ ਨੇ ਸਪਲੀ-ਮੈਂਟਰੀ ਹੋਰ ਕਰ ਦਿੱਤੀ ਹੈ। ਇਨ੍ਹਾਂ ਨੇ ਸਵਾਲ ਵਿੱਚ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਦੀ ਰਿਜ਼ਰਵੇਸ਼ਨ ਦਾ ਕੋਟਾ ਪੁੱਛਿਆ ਸੀ। ਹੁਣ ਹੋਰ ਜੋ ਪੁੱਛਣਾ ਚਾਹੁੰਦੇ ਹਨ ਉਸ ਦੇ ਬਾਰੇ ਸੈਪਰੇਟ ਸਵਾਲ ਦੇ ਦੇਣ, ਉਸਦਾ ਅਸੀਂ ਜਵਾਬ ਦੇਣ ਦੀ ਕੋਸ਼ਿਸ਼ ਕਰਾਂਗੇ।

ਸ਼੍ਰੀ ਮਹਿੰਦਰ ਸਿੰਘ ਕੇ. ਪੀ.: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟਸ ਦੀ ਰਿਜ਼ਰਵੇਸ਼ਨ ਦਾ ਇਹ ਸਵਾਲ ਹੈ, ਇਸ ਦੇ ਵਿੱਚ ਕਿੰਨੇ ਪਰਸੈਂਟ ਬੈਕਲਾਗ ਹੈ ਅਤੇ ਇਹ ਬੈਕਲਾਗ ਕਦੋਂ ਤਕ ਪੂਰਾ ਕਰ ਦੇਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਨਹੀਂ ਸੁਣਿਆ ਲਗਦਾ। ਇਹ ਬੈਕਲਾਗ ਨਹੀਂ ਹੈ, ਇਹ ਐਕਸਟਰਾ ਹੈ। (ਵਿਘਨ)

Mr. Speaker: Next question, Shri Mohan Lal.

Bus Accident at Dhar Kalan in Pathankot Block

***428. Master Mohan Lal** : Will the Minister of State for Transport be pleased to state—

(a) the number of persons who died and of those who were injured, separately, in a bus accident which occured on 11th Octcber, 1986 in Dhar Kalan block Pathankot;

(b) whether any compensation has been paid by the Government to the families of the persons who died and were injured in the said bus accident, if so, the details thereof?

Sardar Hardipinder Singh: (a) Eleven persons died (10 passengers and one Conductor of the bus) and twenty eight persons received injuries;

(b) Yes, ex-gratia @ Rs. 500/- each to the twenty eight (28) injured and compensation @ Rs. 15,000/- to the next of kin of five deceased persons has been paid. Payment of compensation to the next of kins of remaining 5 deceased persons will be made on receipt of claim applications. Death ex-gratia and other benefits admissible under rules to the legal heirs of the conductor are under process.

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਬੱਸ ਦਾ ਐਕਸੀਡੈਂਟ ਹੋਇਆ ਹੈ ਉਹ ਕੋਈ ਐਸੀ ਜਗ੍ਹਾ ਨਹੀਂ ਸੀ ਜਿਥੇ ਬੱਸ ਦਾ ਐਕਸੀਡੈਂਟ ਹੋ ਸਕਦਾ ਹੋਵੇ, ਉਸ ਬਸ ਦੇ ਐਕਸੀਡੈਂਟ ਦੇ ਕੀ ਕਾਰਨ ਸਨ ਜਿਨ੍ਹਾਂ ਕਰਕੇ ਇਹ ਐਕਸੀਡੈਂਟ ਹੋਇਆ ਹੈ ? ਕੀ ਇਸ ਦੇ ਬਾਰੇ ਕੋਈ ਇਨਕੁਆਇਰੀ ਕਰਾਉਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਇਹ ਟੈਕਨੀਕਲ ਕਮੇਟੀ ਦਾ ਸਵਾਲ ਹੈ। ਇਸ ਲਈ ਇਹ ਸਵਾਲ ਵੱਖਰਾ ਕਰ ਦੇਣ, ਅਸੀਂ ਉਸ ਦਾ ਜਵਾਬ ਦੇ ਦੇਵਾਂਗੇ।

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਮੈਂ ਤੁਹਾਡੀ ਪ੍ਰੋਟੈਕਸ਼ਨ ਚਾਹੁੰਦਾ ਹਾਂ । ਮੈਂ ਜੋ ਸਵਾਲ ਪੁੱਛਿਆ ਹੈ ਉਸ ਦਾ ਜਵਾਬ ਨਹੀਂ ਆਇਆ। ਜਿਹੜੇ ਮਰ ਗਏ ਉਨ੍ਹਾਂ ਨੂੰ ਪੈਸੇ ਦੇ ਦਿੱਤੇ ਗਏ, ਜਿਹੜੇ ਜ਼ਖ਼ਮੀ ਹੋਏ ਉਨ੍ਹਾਂ ਨੂੰ ਪੈਸੇ ਦੇ ਦਿੱਤੇ ਗਏ ਪਰ ਜਿਸ ਤਰੀਕੇ ਨਾਲ ਐਕਸੀਡੈਂਟ ਹੋਇਆ ਹੈ ਮੈਂ ਉਸ ਦੇ ਬਾਰੇ ਪੁੱਛਣਾ ਚਾਹੁੰਦਾ ਹਾਂ ਕਿ ਕਿਨ੍ਹਾਂ ਕਾਰਨਾਂ ਕਰਕੇ ਇਹ ਐਕਸੀਡੈਂਟ ਹੋਇਆ ਹੈ ? ਮੈਂ ਕਾਰਨ ਜਾਣਨਾ ਚਾਹੁੰਦਾ ਹਾਂ ਜਿਨ੍ਹਾਂ ਕਰਕੇ ਇਹ ਐਕਸੀਡੈਂਟ ਹੋਇਆ ਹੈ। ਕੀ ਇਸ ਦੇ ਬਾਰੇ ਕੋਈ ਇਨਕੁਆਇਰੀ ਕੀਤੀ ਗਈ ਹੈ ?

ਰਾਜ ਮੰਤਰੀ: ਸਪੀਕਰ ਸਾਹਿਬ, ਹਰ ਐਕਸੀਡੈਂਟ ਦੀ ਟੈਕਨੀਕਲ ਕਮੇਟੀ ਵੱਲੋਂ ਜਾਂਚ ਹੁੰਦੀ ਹੈ। ਜਦੋਂ ਜਾਂਚ ਕਮਪਲੀਟ ਹੋ ਗਈ ਉਸ ਤੋਂ ਬਾਅਦ ਦੱਸ ਸਕਦੇ ਹਾਂ, ਇਸ ਵੇਲੇ ਕੁਝ ਨਹੀਂ ਦੱਸ ਸਕਦੇ।

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਉਸ ਬੱਸ ਦੇ ਅੰਦਰ ਇਕ ਪ੍ਰੈਗਨੈਂਟ ਲੇਡੀ ਵੀ ਬੈਠੀ ਸੀ ਔਰ ਉਸ ਦਾ ਉਹ ਬੱਚਾ ਉਸ ਬੱਸ ਐਸੀਡੈਂਟ ਕਰਕੇ ਮਰ ਗਿਆ। ਉਸ ਨੂੰ ਇਸ ਦੀ ਕੋਈ ਕਮਪੈਨਸੇਸ਼ਨ ਨਹੀਂ ਮਿਲੀ। ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਮਰ ਗਏ ਬੱਚੇ ਦੀ ਵੀ ਕਮਪਨਸੇਸ਼ਨ ਦਿੱਤੀ ਜਾਵੇਗੀ ? (ਵਿਘਨ)

ਰਾਜ ਮੰਤਰੀ: ਸਪੀਕਰ ਸਾਹਿਬ, ਇਸ ਦੇ ਵਾਸਤੇ ਸੇਪਰੇਟ ਨੋਟਿਸ ਦੇ ਦੇਣ, ਜਵਾਬ ਦੇ ਦੇਵਾਂਗੇ ।

ਪ੍ਰੋਫੈਸਰ ਦਰਬਾਰੀ ਲਾਲ: ਸਪੀਕਰ ਸਾਹਿਬ, ਅਕਸਰ ਐਕਸੀਡੈਂਟ ਹੋ ਜਾਂਦੇ ਹਨ ਕਈ ਕਾਰਨਾਂ ਦੀ ਵਜ੍ਹਾ ਕਰਕੇ ਔਰ ਬਹੁਤ ਸਾਰੇ ਲੋਕ ਜ਼ਖਮੀ ਵੀ ਹੋ ਜਾਂਦੇ ਹਨ ਔਰ ਕਈ ਮਰ ਵੀ ਜਾਂਦੇ ਹਨ। ਮੈਂ ਆਪ ਜੀ ਦੇ ਦੁਆਰਾ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਪੈਸੰਜਰਜ਼ ਇਨਸ਼ੋਅਰੈਂਸ ਸਕੀਮ ਵਾਸਤੇ ਕੋਈ ਉਪਰਾਲਾ ਕਰਨਗੇ ਤਾਂਕਿ ਜਿਸ ਦਾ ਵੀ ਕੋਈ ਨੁਕਸਾਨ ਹੋਵੇ ਉਸ ਨੂੰ ਵਾਜਿਬ ਪੈਸਾ ਮਿਲ ਸਕੇ, ਕੰਪਨਸੇਸ਼ਨ ਮਿਲ ਸਕੇ ?

ਰਾਜ ਮੰਤਰੀ: ਕਾਫੀ ਕੁਝ ਕਾਨੂੰਨ ਦੇ ਰਾਹੀਂ ਚਲ ਰਿਹਾ ਹੈ। ਕੋਈ ਸੈਪਰੇਟ ਸਕੀਮ ਜੇ ਪ੍ਰੋਫੈਸਰ ਸਾਹਿਬ ਦੇ ਦੇਣਗੇ ਤਾਂ ਉਸ ਨੂੰ ਦੇਖ ਲਿਆ ਜਾਵੇਗਾ।

ਸ੍ਰੀ ਸਪੀਕਰ: ਸ੍ਰੀ ਰਾਧਾ ਕ੍ਰਿਸ਼ਨ। (ਵਿਘਨ)

ਪ੍ਰੋਫੈਸਰ ਦਰਬਾਰੀ ਲਾਲ: ਸਪੀਕਰ ਸਾਹਿਬ, ਮੈਂ ਪੈਸੰਜਰਜ਼ ਇਨਸ਼ੋਅਰੈਂਸ ਸਕੀਮ ਦੇ ਬਾਰੇ ਕਿਹਾ ਹੈ।

ਸ੍ਰੀ ਸਪੀਕਰ: ਪ੍ਰੋਫੈਸਰ ਸਾਹਿਬ, ਮੈਂ ਸ੍ਰੀ ਰਾਧਾ ਕ੍ਰਿਸ਼ਨ ਜੀ ਨੂੰ ਅਲਾਓ ਕੀਤਾ ਹੈ।

ਸ੍ਰੀ ਰਾਮ ਕਿਸ਼ਨ ਕਟਾਰੀਆ: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਇਤਨੀ ਵਡੀ ਘਟਨਾ ਦੀ ਮੈਜਿਸਟੀਰੀਅਲ ਇਨਕੁਆਇਰੀ ਕਰਾਉਣ ਵਾਸਤੇ ਤਿਆਰ ਹਨ ?

ਰਾਜ ਮੰਤਰੀ: ਮੈਜਿਸਟੀਰੀਅਲ ਇਨਕੁਆਇਰੀ ਇਹੋ ਜਿਹੀ ਘਟਨਾ ਦੀ ਨਹੀਂ ਹੁੰਦੀ। ਜਿਸ ਕਿਸਮ ਦੀ ਇਨਕੁਆਇਰੀ ਹੁੰਦੀ ਹੈ ਉਹ ਹੋ ਰਹੀ ਹੈ।

Punjab Housing Board Colonies, Phase I, S.A.S. Nagar

***459. Shri Arjan Singh Siag:** Will the Minister of State for Housing and Urban Development be pleased to state—

(a) whether it is a fact that the Housing Colonies built by the Punjab Housing Development Board in 1976, in Phase I of S.A.S. Nagar, have not so far been transferred to the Urban Development Department; if so, the reasons therefor;

(b) the department/agency responsible for providing civic amenities in the said colonies;

(c) the details of the steps being taken by the department/agency referred to in part (b) above for the repair of the dilapidated internal roads of the said colonies and the time likely to be taken therefor?

ਸਰਦਾਰ ਹਰੀ ਸਿੰਘ ਜ਼ੀਰਾ : (ੳ) ਇਹ ਮਕਾਨ ਉਸਾਰੀ ਕਾਲੋਨੀਆਂ ਐਸ.ਏ.ਐਸ. ਨਗਰ ਦੀ ਸ਼ਹਿਰੀ ਮਿਲਖ ਅੰਗ ਹਨ ਅਤੇ ਹੁਣ ਨੋਟੀਫਾਈਡ ਏਰੀਆ ਕਮੇਟੀ, ਐਸ. ਏ. ਐਸ. ਨਗਰ ਦੀ ਹਦੂਦ ਅੰਦਰ ਆਉਂਦੀਆਂ ਹਨ।

(ਅ) ਨੋਟੀਫਾਈਡ ਏਰੀਆ ਕਮੇਟੀ, ਐਸ.ਏ.ਐਸ. ਨਗਰ (ਮੁਹਾਲੀ) ਵੱਲੋਂ ਮੁਢਲੀਆਂ ਸਹੂਲਤਾਂ ਮੁਹੱਈਆਂ ਕੀਤੀਆਂ ਜਾਣੀਆ ਹਨ ਸਿਵਾਏ ਵਾਟਰ ਸਪਲਾਈ ਅਤੇ ਸੀਵਰੇਜ ਪ੍ਰਣਾਲੀ, ਜਿਸ ਦੀ ਜਨ ਸਿਹਤ ਵਿਭਾਗ ਦੇਖਭਾਲ ਕਰ ਰਿਹਾ ਹੈ।

(ੲ) ਇਨ੍ਹਾਂ ਕਾਲੋਨੀਆਂ ਦੀਆਂ ਸੜਕਾਂ ਦੀ ਮੁਰੰਮਤ ਦੇ ਜ਼ਰੂਰੀ ਤਖਮੀਨੇ ਤਿਆਰ ਕੀਤੇ ਜਾ ਚੁਕੇ ਹਨ ਅਤੇ ਇਹ ਕੰਮ ਕਮੇਟੀ ਪਾਸ ਜਿੰਨੇ ਫੰਡਜ਼ ਮਿਲਣਗੇ ਉਸੇ ਅਨੁਸਾਰ ਜਲਦੀ ਕੀਤੇ ਜਾਣ ਦੀ ਆਸ ਹੈ।

ਸ੍ਰੀ ਅਰਜਨ ਸਿੰਘ ਸਿਆਗ : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਇਹ ਫੰਡਜ਼ ਕਦੋਂ ਤੱਕ ਮਿਲ ਜਾਣਗੇ ਔਰ ਕਦੋਂ ਤੱਕ ਉਸ ਏਰੀਆ ਦੀਆਂ ਸੜਕਾਂ ਮੁਕੰਮਲ ਹੋ ਜਾਣਗੀਆਂ ?

ਰਾਜ ਮੰਤਰੀ : ਇਹ ਨੋਟੀਫਾਈਡ ਏਰੀਆ ਕਮੇਟੀ ਹੈ ਔਰ ਮੈਂ ਦੱਸਿਆ ਹੈ ਕਿ ਉਹ ਇਧਰ ਕੰਮ ਕਰ ਰਹੀ ਹੈ। ਇਸ ਕਮੇਟੀ ਨੂੰ ਚਾਲੂ ਮਾਲੀ ਸਾਲ ਵਿੱਚ ਲਗ ਭਗ 51 ਲੱਖ ਰੁਪਏ ਆਮਦਨ ਹੋਣ ਦਾ ਅਨੁਮਾਨ ਹੈ। 30 ਨਵੰਬਰ, 1986 ਤੱਕ ਕਮੇਟੀ ਨੂੰ ਲਗ ਭਗ 41 ਲੱਖ ਰੁਪਏ ਦੀ ਆਮਦਨ ਹੋਈ ਹੈ ਜਿਸ ਵਿਚੋਂ 29.78 ਲੱਖ ਰੁਪਏ ਲਗ ਚੁੱਕੇ ਹਨ। ਇਸ ਸਾਲ ਵਿੱਚ ਲਗ ਭਗ ਹੋਰ 5-6 ਲੱਖ ਰੁਪਏ ਲਾਏ ਜਾਣ ਦੀ ਆਸ ਹੈ।

Mr. Speaker: Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha(Punjab Legislative Assembly).

———

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Enactment of Cattle Feed Act

*461. **Sardar Sukhdev Singh Libra**: Will the Minister of State for Animal Husbandry, Dairy Development and Fisheries be pleased to state whether there is any proposal under the consideration of the Government to enact the Cattle Feed Act, if so, the approximate time by which the same is likely to be enacted?

ਸਰਦਾਰ ਜਗਦੇਵ ਸਿੰਘ ਤਾਜਪੁਰੀ : ਪੰਜਾਬ ਪਸ਼ੂ ਧਨ ਸ਼ੁੱਧ ਖੁਰਾਕ ਐਕਟ ਨੂੰ ਲਾਗੂ ਕਰਨ ਬਾਰੇ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਕਾਨੂੰਨ ਨੂੰ ਲਾਗੂ ਕਰਨ ਲਈ ਬਹੁਤ ਸਾਰੀਆਂ ਰਸਮਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ । ਇਸ ਲਈ ਇਸ ਨੂੰ ਲਾਗੂ ਕਰਨ ਲਈ ਕੋਈ ਸਮਾਂ ਨਿਸਚਿਤ ਨਹੀਂ ਕੀਤਾ ਜਾ ਸਕਦਾ ।

Under Bridge on Khanna Samrala Road

*60. **Sardar Sukhdev Singh Libra** : Will the Minister of State for Public Works be pleased to state whether the Government propose to construct a under bridge on the crossing of the railway line on Khanna Samrala Road, if so, the time by which the said bridge is likely to be constructed?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ: ਨਹੀਂ ਜੀ, ਇਸ ਤਰ੍ਹਾਂ ਦੀ ਅਜੇ ਕੋਈ ਤਜਵੀਜ਼ ਨਹੀਂ ਹੈ ਜੀ ।

Directorate of Cultural Affairs, Archaeology and Museums

*442. **Shri Sewa Ram Arora** : Will the Minister of State for Jails be pleased to state—

(a) the date since when the Directorate of Cultural Affairs, Archchaeology and Museums started functioning;

(b) whether the Service Rules for the employees of the said Directorate have been framed; if so, a copy of the same be laid on the Table of the House;

(c) if the reply to part (b) above be in the negative; the reasons therefor and the time by which these are likely to be framed;

(d) the criterion being followed to regulate the promotions in the said Directorate in the absence of the Service Rules?

ਸ੍ਰੀ ਨੁਸਰਤ ਅਲੀ ਖਾਨ : (ੳ) ਮੌਜੂਦਾ ਸਭਿਆਚਾਰਕ ਮਾਮਲੇ, ਪੁਰਾਤਤਵ ਤੇ ਅਜਾਇਬ-ਘਰ ਡਾਇਰੈਕਟੋਰੇਟ (ਵੱਖਰੇ ਤੌਰ ਤੇ) ਨੇ ਮਿਤੀ 24 ਨਵੰਬਰ, 1981 ਤੋਂ ਕੰਮ ਕਰਨਾ ਸ਼ੁਰੂ ਕੀਤਾ ।

(ਅ) ਉਕਤ ਡਾਇਰੈਕਟੋਰੇਟ ਦੇ ਕਰਮਚਾਰੀਆਂ ਲਈ ਸੇਵਾ ਨਿਯਮਾਂ ਦਾ ਖਰੜਾ ਤਿਆਰ ਕੀਤਾ ਗਿਆ ਹੈ ਜੋ ਕਿ ਸਰਕਾਰ ਦੇ ਵਿਚਾਰ ਅਧੀਨ ਹੈ ।

[ਰਾਜ ਮੰਤਰੀ, ਜੇਲ]

(ੲ) ਸੇਵਾ ਨਿਯਮਾਂ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਮੁੱਖ ਸਕੱਤਰ ਦੀ ਪਰ ਸੋਨਲ ਸ਼ਾਖਾ, ਵਿੱਤ ਵਿਭਾਗ, ਪੰਜਾਬ ਲੋਕ ਸੇਵਾ ਕਮਿਸ਼ਨ ਅਤੇ ਕਾਨੂੰਨੀ ਵਿਭਾਗ ਦੀ ਪ੍ਰਵਾਨਗੀ ਦੀ ਲੋੜ ਹੁੰਦੀ ਹੈ। ਕਿਉਂਕਿ ਸਬੰਧਤ ਵਿਭਾਗਾਂ/ਅਥਾਰਟੀਜ਼ ਤੋਂ ਪ੍ਰਵਾਨਗੀ ਲੈਣ ਦੀ ਕਾਰਜਵਿੱਧੀ ਲੰਬੀ ਹੈ ਇਸ ਲਈ ਇਨ੍ਹਾਂ ਸੇਵਾ ਨਿਯਮਾਂ ਨੂੰ ਅੰਤਿਮ ਰੂਪ ਦੇਣ ਲਈ ਸਮੇਂ ਦੀ ਸਹੀ ਸੀਮਾਂ ਨਿਸ਼ਚਿਤ ਕਰਨੀ ਸੰਭਵ ਨਹੀਂ। ਫਿਰ ਵੀ ਕੇਸ ਦਾ ਤੇਜ਼ੀ ਨਾਲ ਨਿਪਟਾਰਾ ਕੀਤਾ ਜਾ ਰਿਹਾ ਹੈ।

(ਸ) ਡਾਇਰੈਕਟੋਰੇਟ ਵਿੱਚ ਨਿਯਮਤ ਤਰੱਕੀਆਂ ਇਨ੍ਹਾਂ ਸੇਵਾ ਨਿਯਮਾਂ ਦੇ ਖਰੜੇ ਵਿੱਚ ਵੱਖ ਵੱਖ ਆਸਾਮੀਆਂ ਲਈ ਸ਼ਾਮਲ ਕੀਤੀਆਂ ਯੋਗਤਾਵਾਂ ਅਤੇ ਲੋਕ ਸੇਵਾ ਕਮਿਸ਼ਨ ਪੰਜਾਬ ਵੱਲੋਂ ਪ੍ਰਵਾਨਤ ਯੋਗਤਾਵਾਂ ਦੇ ਅਧਾਰ ਤੇ ਕੀਤੀਆਂ ਜਾ ਰਹੀਆਂ ਹਨ।

Persons killed in Encounters with the Police

***452. Shri Ashwani Sekhri**: Will the Chief Minister be pleased to to state the total number of persons killed in the encounters with the Police in the State from 29th September, 1985 to date ?

ਸਰਦਾਰ ਸੁਰਜੀਤ ਸਿੰਘ ਬਰਨਾਲਾ: ਪੰਜਾਬ ਵਿਚ 29-9-85 ਤੋਂ 15-11-86 ਤੱਕ ਦੇ ਸਮੇਂ ਦੌਰਾਨ ਕੁੱਲ 76 ਵਿਅਕਤੀ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ।

Starred Question No. 453

(Extension has been asked for in respect of Starred Question No. *453)

Allotment of Agricultural Land to Ex-servicemen in Mahablipur Randhirpur Exservicemen Colony in Tehsil Sultanpur Lodhi

***426. Shri Romesh Chander Dogra** : Will the Minister for Revenue and Rehabilitation be pleased to state—

(a) the names of ex-servicemen who have been allotted agricultural land measuring 10 acres each in Mahablipur Randhirpur Ex-servicemen Colony in Tehsil Sultanpur Lodhi District Kapurthala; during the period from February 1961 to May, 1984;

(ਅ) ਉਪਰੋਕਤ "ੳ" ਵਿੱਚ ਦਿੱਤੇ ਸਟਾਕ ਵਿਚੋਂ 15.67 ਲੱਖ ਟਨ ਕਣਕ ਗੁਦਾਮਾਂ ਵਿੱਚ ਅਤੇ 31.10 ਲੱਖ ਟਨ ਕਣਕ ਬਾਹਰ ਖੁਲ੍ਹੀ ਥਾਂ ਤੇ ਸਟੋਰ ਸੀ। ਇਸ ਤੋਂ ਇਲਾਵਾ 0.17 ਲੱਖ ਟਨ ਪੈਡੀ ਗੁਦਾਮਾਂ ਵਿੱਚ ਅਤੇ 8.88 ਲੱਖ ਟਨ ਬਾਹਰ ਖੁੱਲ੍ਹੀ ਥਾਂ ਤੇ ਸਟੋਰ ਕੀਤੀ ਗਈ।

(ੲ) ਗੁਦਾਮ ਉਪਲੱਬਧ ਨਾ ਹੋਣ ਕਾਰਨ ਇਹ ਸਟਾਕ ਖੁੱਲ੍ਹੀ ਥਾਂ ਤੇ ਬਾਹਰ ਸਟੋਰ ਕਰਨੇ ਪੈ ਰਹੇ ਹਨ। ਪਿਛਲੇ ਕੁਝ ਸਾਲਾਂ ਤੋਂ ਪੰਜਾਬ ਰਾਜ ਵਿੱਚ ਅਨਾਜ ਦੀ ਪੈਦਾਵਾਰ ਵਿੱਚ ਚੋਖਾ ਵਾਧਾ ਹੋਇਆ ਹੈ ਜਦੋਂ ਕਿ ਖਰੀਦ ਦੇ ਬਰਾਬਰ ਦੀ ਮਾਤਰਾ ਦੇ ਸਟਾਕ ਦੀ ਦੂਜੇ ਰਾਜਾਂ ਨੂੰ ਮੂਵਮੈਂਟ ਨਹੀਂ ਹੋ ਰਹੀ ਅਤੇ ਇਸ ਤਰ੍ਹਾਂ ਹਰ ਸਾਲ ਭੰਡਾਰ ਵਿੱਚ ਵਾਧਾ ਹੋ ਰਿਹਾ ਹੈ

ਸ੍ਰੀ ਹੰਸ ਰਾਜ ਆਰੀਆ: ਸਪੀਕਰ ਸਾਹਿਬ, ਪਿਛਲੇ ਸਾਲ ਵੀ ਅਨਾਜ ਰਖਣ ਦਾ ਕੋਈ ਠੀਕ ਪ੍ਰਬੰਧ ਨਾ ਹੋਣ ਕਰਕੇ ਜਿਹੜਾ ਅਨਾਜ 151 ਰੁਪਏ ਪਰ ਕੁਇੰਟਲ ਖਰੀਦਿਆ ਗਿਆ ਸੀ ਉਹ ਵੇਸਟੇਜ ਹੋਣ ਕਰਕੇ 70 ਰੁਪਏ ਕੁਇੰਟਲ ਦੇ ਹਿਸਾਬ ਨਾਲ ਵੇਚਣਾ ਪਿਆ। ਇਹ ਬਹੁਤ ਵਡਾ ਘਾਟਾ ਇਸ ਕਰਕੇ ਪਿਆ ਹੈ ਕਿਉਂਕਿ ਅਨਾਜ ਰਖਣ ਦਾ ਕੋਈ ਚੰਗਾ ਇੰਤਜ਼ਾਮ ਨਹੀਂ ਸੀ। ਇਸ ਲਈ ਕੀ ਹੁਣ ਮੰਤਰੀ ਸਾਹਿਬ ਯਕੀਨ ਦਿਵਾਉਣਗੇ ਕਿ ਜਿਹੜੀ ਕਣਕ ਇਸ ਵੇਲੇ ਅਸਮਾਨ ਦੀ ਛੱਤ ਹੇਠ ਪਈ ਹੈ ਉਸ ਨੂੰ ਠੀਕ ਰਖਣ ਲਈ ਕੋਈ ਗੋਦਾਮਾਂ ਵਗੈਰਾ ਦਾ ਇੰਤਜ਼ਾਮ ਕਰਨਗੇ?

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਸਪੀਕਰ ਸਾਹਿਬ ਅਨਾਜ ਹਰ ਸਾਲ ਵੱਧਦਾ ਜਾ ਰਿਹਾ ਹੈ ਜਿਸਦਾ ਇੰਤਜ਼ਾਮ ਕਰਨ ਲਈ ਅਸੀਂ ਹਰ ਸਾਲ ਰੇਲਵੇ ਤੇ ਜ਼ੋਰ ਪਾਉਂਦੇ ਹਾਂ ਤਾਂਕਿ ਅਨਾਜ ਦੀ ਮੂਵਮੈਂਟ ਠੀਕ ਤਰ੍ਹਾਂ ਹੋ ਸਕੇ ਪਰ ਹਾਲੇ ਤਕ ਥਰਡ ਰੇਲਵੇ ਲਾਈਨ ਉਨ੍ਹਾਂ ਨੇ ਨਹੀਂ ਦਿੱਤੀ। ਹੁਣ ਵੀ ਅਸੀਂ ਬਹੁਤ ਜ਼ੋਰ ਲਾਇਆ ਹੈ ਔਰ ਅਨਾਜ ਦੀ ਮੂਵਮੈਂਟ ਲਈ ਕੇਂਦਰ ਦੀ ਸਰਕਾਰ ਨਾਲ ਇਕ ਫੈਸਲਾ ਹੋ ਗਿਆ ਹੈ ਕਿ ਮਾਲ ਟਰੱਕਾਂ ਰਾਹੀਂ ਬਾਹਰ ਭੇਜਿਆ ਜਾਵੇ। ਇਸ ਲਈ ਸਾਰੀ ਕਾਰਵਾਈ ਕਰ ਲਈ ਗਈ ਹੈ ਔਰ ਕੱਲ੍ਹ ਟੈਂਡਰ ਵੀ ਰਖੇ ਹਨ। ਇਹ ਜਿਹੜਾ ਅਨਾਜ ਦਾ ਇੰਤਜ਼ਾਮ ਹੈ ਇਹ ਫੂਡ ਕਾਰਪੋਰੇਸ਼ਨ ਨੇ ਕਰਨਾ ਹੁੰਦਾ ਹੈ ਔਰ ਅਸੀਂ ਇਸ ਲਈ ਕੇਂਦਰ ਦੀ ਸਰਕਾਰ ਤੇ ਜ਼ੋਰ ਪਾਉਂਦੇ ਹਾਂ। ਅਸਲ ਵਿਚ ਇਹ ਸਾਰਾ ਕੰਮ ਕੇਂਦਰ ਸਰਕਾਰ ਦਾ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੇਰੇ ਤੋਂ ਪਹਿਲੇ ਜਿਵੇਂ ਕਿ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਪਿਛਲੇ ਸਾਲ ਬਹੁਤ ਸਾਰੀ ਕਣਕ ਖਰਾਬ ਹੋ ਗਈ ਔਰ ਬਾਅਦ ਵਿਚ ਸਸਤੇ ਭਾਅ ਤੇ ਵੇਚਣੀ ਪਈ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਜਿਹੜੀ ਸਸਤੇ ਭਾਅ ਤੇ ਕਣਕ ਵੇਚੀ ਗਈ, ਕੀ ਇਸ ਵਿਚ ਕੋਈ ਸਕੈਂਡਲ ਤਾਂ ਨਹੀਂ ਕਿਉਂਕਿ ਬਾਅਦ ਵਿਚ ਇਹੀ ਕਣਕ ਮਿਲਾਂ ਵਿਚ ਜਾ ਕੇ ਆਟਾ ਬਣਾ ਕੇ ਮਹਿੰਗੇ ਭਾਅ ਤੇ ਵੇਚੀ ਗਈ। ਜੇ ਕਣਕ ਖਰਾਬ ਸੀ ਤਾਂ ਉਸ ਦਾ ਆਟਾ ਕਿਵੇਂ ਬਣਾਇਆ ਗਿਆ? ਕੀ ਇਸ ਦੀ ਪੜ੍ਹਤਾਲ ਕਰਾਉਣਗੇ ਕਿ ਇਸ ਵਿਚ ਕੋਈ ਸਕੈਂਡਲ ਤਾਂ ਨਹੀਂ ਹੈ ?

ਰਾਜ ਮੰਤਰੀ: ਇਸ ਸਬੰਧ ਵਿਚ ਕੋਈ ਕੰਪਲੇਂਟ ਤਾਂ ਆਈ ਨਹੀਂ। ਜੇ ਕੋਈ ਅਜਿਹੀ ਗਲ ਹੈ ਤਾਂ ਇਹ ਲਿਖ ਕੇ ਭੇਜ ਦੇਣ ਅਸੀਂ ਵਿਚਾਰ ਕਰ ਲਵਾਂਗੇ।

ਸ੍ਰੀ ਸ਼ਿਵ ਚੰਦ ਮਲੋਟ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਪਿਛਲੇ ਸਮੇਂ ਬਹੁਤ ਸਾਰੀ ਕਣਕ ਚੋਰੀ ਹੋ ਗਈ ਔਰ ਲੁਟੀ ਵੀ ਗਈ, ਕੀ ਉਸ ਤੇ ਕੋਈ ਐਕਸ਼ਨ ਲਿਆ ਗਿਆ ਸੀ। ਇਸੇ ਤਰ੍ਹਾਂ ਅਬੋਹਰ ਸ਼ਹਿਰ ਵਿਚ 2 ਲੱਖ ਰੁਪਏ ਦੀਆਂ ਖਾਲੀ ਬੋਰੀਆਂ ਗੋਦਾਮ ਵਿਚੋਂ ਚੋਰੀ ਹੋਈਆਂ ਸਨ ਉਸ ਸਬੰਧ ਵਿਚ ਜਿਹੜੇ ਬੰਦੇ ਫੜਨੇ ਸਨ ਉਹ ਨਹੀਂ ਫੜੇ ਅਤੇ ਹੋਰ ਹਰੀਜਨ ਫੜ ਲਏ। ਕੀ ਵਜ਼ੀਰ ਸਾਹਿਬ ਇਸ ਦੀ ਪੜਤਾਲ ਕਰਵਾ ਕੇ ਜਿਹੜੇ ਕਸੂਰਵਾਰ ਹਨ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ?

ਰਾਜ ਮੰਤਰੀ: ਇਸ ਬਾਰੇ ਇਹ ਲਿਖ ਕੇ ਭੇਜ ਦੇਣ। ਜਿਹੜਾ ਵੀ ਕੋਈ ਚੋਰੀ ਕਰਦਾ ਹੈ ਉਸ ਦੇ ਖਿਲਾਫ ਸਖਤ ਤੋਂ ਸਖਤ ਐਕਸ਼ਨ ਲਿਆ ਜਾਂਦਾ ਹੈ। ਫਿਰ ਵੀ ਇਹ ਲਿਖ ਕੇ ਭੇਜਨ ਦੇਣ ਅਸੀਂ ਜਵਾਬ ਦੇ ਦੇਵਾਂਗੇ ।

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਪਿਛਲੇ ਤਿੰਨ ਸਾਲਾਂ ਵਿਚ ਕਿੰਨਾ ਅਨਾਜ ਸਰਕਾਰੀ ਚੂਹੇ ਖਾ ਗਏ ਹਨ ਅਤੇ ਕਿੰਨਾ ਅਨਾਜ ਖਰਾਬ ਹੋ ਗਿਆ ਹੈ, ਜਿਹੜਾ ਗੋਦਾਮਾਂ ਵਿਚ ਪਿਆ ਸੀ ?

ਰਾਜ ਮੰਤਰੀ: ਇਸ ਲਈ ਇਹ ਸੈਪਰੇਟ ਨੋਟਿਸ ਦੇ ਦੇਣ, ਦੱਸ ਦੇਵਾਂਗੇ ।

All India Gurdwara Act

*492. **Sardar Parshotam Singh :** Will the Chief Minister be pleased to state whether the Government has received a copy of the draft of All India Gurdwara Act from the Government of India for its comments; if so, the time by which the Government is likely to send its comments ?

ਸਰਦਾਰ ਸੁਰਜੀਤ ਸਿੰਘ ਬਰਨਾਲਾ: ਪੰਜਾਬ ਸਰਕਾਰ ਨੂੰ ਭਾਰਤ ਸਰਕਾਰ ਪਾਸੋਂ ਸਰਬ ਭਾਰਤੀ ਗੁਰਦੁਆਰਾ ਬਿਲ ਦੇ ਖਰੜੇ ਦੀ ਕੋਈ ਕਾਪੀ ਵਿਚਾਰ ਭੇਜਣ ਲਈ ਪ੍ਰਾਪਤ ਨਹੀਂ ਹੋਈ ਭਾਰਤ ਸਰਕਾਰ ਨੇ ਪੰਜਾਬ ਅਕਾਰਡ ਨੂੰ ਧਿਆਨ ਵਿਚ ਰਖਦੇ ਹੋਏ ਪੰਜਾਬ ਸਰਕਾਰ ਪਾਸੋਂ ਇਸ ਵਿਸ਼ੇ ਸਬੰਧੀ ਵਿਚਾਰ ਮੰਗੇ ਹਨ। ਆਸ ਕੀਤੀ ਜਾਂਦੀ ਹੈ ਕਿ ਰਾਜ ਸਰਕਾਰ ਦੇ ਵਿਚਾਰ ਜਲਦੀ ਭੇਜ ਦਿਤੇ ਜਾਣਗੇ।

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਪਜਾਬ ਸਰਕਾਰ ਇਹ ਸਿਫਾਰਸ ਕਰੇਗੀ ਜਾਂ ਡਿਮਾਂਡ ਕਰੇਗੀ ਜਿਵੇਂ ਕਿ ਇਹ ਡੀਸੈਂਟਰੇਲਾਈਜ਼ੇਸ਼ਨ ਆਫ ਪਾਵਰਜ਼ ਲਈ ਕਹਿੰਦੇ ਹਨ, ਕੀ ਇਸੇ ਤਰ੍ਹਾਂ ਅਨੰਦਪੁਰ ਸਾਹਿਬ ਦਾ ਜਿਹੜਾ ਮਤਾ ਹੈ ਉਸ ਦੇ ਵਿਚ ਵੀ ਡੀਸੈਂਟਰੇਲਾਈਜੇਸ਼ਨ ਆਫ ਪਾਵਰ ਲਈ ਕਿਹਾ ਗਿਆ ਹੈ ਕੀ ਹੁਣ ਇਹ ਇਸ ਵਿਚ ਆਪ ਡੀਸੈਂਟਰੇਲਾਈਜ਼ੇਸ਼ਨ ਆਫ ਪਾਵਰ ਲਈ ਸਿਫਾਰਸ਼ ਕਰਨਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਸਰਦਾਰ ਕ੍ਰਿਪਾਲ ਸਿੰਘ ਜੀ ਨੇ ਪਹਿਲੇ ਕਿਹਾ ਸੀ ਕਿ ਇਨ੍ਹਾਂ ਦਾ ਲਾਊਡ ਸਪੀਕਰ ਠੀਕ ਕੰਮ ਨਹੀਂ ਕਰ ਰਿਹਾ। ਇਹ ਠੀਕ ਹੈ ਇਸੇ ਕਾਰਨ ਮੈਨੂੰ ਇਨ੍ਹਾਂ ਦੇ ਸਵਾਲ ਦੀ ਸਮਝ ਨਹੀਂ ਆਈ। ਪਰ ਜੋ ਮੈਨੂੰ ਸਮਝ ਆਈ ਹੈ ਮੈਂ ਦੱਸ ਦਿੰਦਾ ਹਾਂ ਕਿ ਇਸ ਤੋਂ ਅਗਲਾ ਸਵਾਲ ਅਨੰਦਪੁਰ ਸਾਹਿਬ ਮਤੇ ਬਾਰੇ ਆ ਰਿਹਾ ਹੈ। ਬਾਕੀ ਇਹ ਜਿਹੜਾ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਬਣ ਰਿਹਾ ਹੈ ਇਸ ਵਿਚ ਸਾਡਾ ਜਾਂ ਸੈਂਟਰ ਦਾ ਜ਼ਿਆਦਾ ਅਖ਼ਤਿਆਰ ਨਹੀਂ ਰਹਿ ਜਾਂਦਾ।

ਸਰਦਾਰ ਕਿਰਪਾਲ ਸਿੰਘ : ** ** **

ਸ੍ਰੀ ਸਪੀਕਰ: ਸਰਦਾਰ ਕਿਰਪਾਲ ਸਿੰਘ ਜੀ, ਬੈਠੋ। ਤੁਹਾਡੇ ਸਵਾਲ ਦਾ ਜਵਾਬ ਆ ਗਿਆ ਹੈ। ਸਰਦਾਰ ਕਿਰਪਾਲ ਸਿੰਘ ਜੋ ਮੇਰੀ ਪਰਮਿਸ਼ਨ ਤੋਂ ਬਗੈਰ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

Representation before Sarkaria Commission

*493. **Sardar Parshotam Singh :** Will the Chief Minister be pleased to state —

(a) whether the Government has constituted a Committee to present its views before the Sarkaria Commission; if so, the names of the Members thereof:

(b) whether the said Committee has prepared its report and the State Government has presented its case before the said Commission, if not, the time by which that is likely to be done ?

**Not recorded as ordered by Chair.

ਸਰਦਾਰ ਸੁਰਜੀਤ ਸਿੰਘ ਬਰਨਾਲਾ: (ੳ) ਹਾਂ ਜੀ। ਮੈਂਬਰਾਂ ਦੇ ਨਾਂ ਸਦਨ ਦੀ ਮੇਜ਼ ਤੇ ਰੱਖੇ ਜਾਂਦੇ ਹਨ।

(ਅ) ਹਾਂ ਜੀ। ਕਮੇਟੀ ਦੀ ਰਿਪੋਰਟ ਰਾਜ ਸਰਕਾਰ ਵਲੋਂ ਘੋਖੀ ਜਾ ਰਹੀ ਹੈ ਅਤੇ ਆਪਣੇ ਵਿਚਾਰ ਛੇਤੀ ਹੀ ਸਰਕਾਰੀਆ ਕਮੀਸ਼ਨ ਨੂੰ ਪੇਸ਼ ਕਰ ਦੇਵੇਗੀ।

ਕਮੇਟੀ ਦੇ ਮੈਂਬਰਾਂ ਦੇ ਨਾਂ

1. ਡਾ. ਕੇ. ਐਮ. ਗਿੱਲ, ਵਾਇਸ ਚੇਅਰਮੈਨ, ਪੰਜਾਬ-ਰਾਜ ਯੋਜਨਾਬੰਦੀ ਬੋਰਡ ... ਚੇਅਰਮੈਨ
2. ਸ. ਜਸਦੇਵ ਸਿੰਘ ਸੰਧੂ, ਐਮ. ਐਲ. ਏ. ... ਮੈਂਬਰ
3. ਸ. ਐਸ. ਐਸ. ਮਿਨਹਾਸ, ਐਮ. ਐਲ. ਏ. (ਪੰਜਾਬ ਸਭਾ ਦੇ ਸਪੀਕਰ ਬਣਨ ਤੇ ਮੈਂਬਰ ਨਹੀਂ ਰਹੇ)
4. ਸ. ਅਜੀਤ ਸਿੰਘ ਸਰਹੱਦੀ, ਐਡਵੋਕੇਟ ... ਮੈਂਬਰ
5. ਸ. ਮਨਜੀਤ ਸਿੰਘ ਖੈਰਾ, ਜਨਰਲ ਸਕੱਤਰ, ਸ਼੍ਰੋਮਣੀ ਅਕਾਲੀ ਦਲ, ਚੰਡੀਗੜ੍ਹ ਮੈਂਬਰ
6. ਸ. ਦਾਰਾ ਸਿੰਘ, ਐਡਵੋਕੇਟ ... ਮੈਂਬਰ
7. ਸ. ਜੀ. ਐਸ. ਗਰੇਵਾਲ, ਐਡਵੋਕੇਟ ਜਨਰਲ, ਪੰਜਾਬ ... ਮੈਂਬਰ
8 ਸ੍ਰੀ ਕੁਲਦੀਪ ਸਿੰਘ ਭੰਡਾਰੀ, ਐਡਵੋਕੇਟ ... ਮੈਂਬਰ
9. ਸ੍ਰੀ ਕੇ. ਟੀ. ਐਸ. ਤੁਲਸੀ, ਐਡਵੋਕੇਟ (ਮਿਤੀ 25-4-1986 ਤੋਂ ਮੈਂਬਰ ਨਹੀਂ ਰਹੇ)

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ, ਇਸ ਦੇਸ਼ ਦੀ ਵੱਡੀ ਪਾਰਟੀ ਨੇ ਇਸ ਆਨੰਦਪੁਰ ਸਾਹਿਬ ਦੇ ਮਤੇ ਨੂੰ ਸਿੱਖਾਂ ਦਾ ਅਕਸ ਖਰਾਬ ਕਰਨ ਦੇ ਵਾਸਤੇ ਇਸਤੇਮਾਲ ਕੀਤਾ। ਇਸ ਮਤੇ ਦੇ ਸਬੰਧ ਵਿਚ ਅਕਾਲੀ ਪਾਰਟੀ ਦੇ ਲੀਡਰ ਨੇ ਆਪਣੇ ਵਿਚਾਰ ਭੇਜਣੇ ਸਨ ਪਰ ਉਹ ਆਲਰੈਡੀ ਲੇਟ ਹੋ ਚੁੱਕੇ ਹਨ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਕਮੇਟੀ ਸਰਕਾਰ ਨੇ ਬਣਾਈ ਸੀ ਉਸ ਨੂੰ ਕੋਈ ਟਾਈਮ ਬਾਊਂਡ ਸਰਕਾਰ ਨੇ ਕੀਤਾ ਹੈ ਤਾਂ ਕਿ ਸਰਕਾਰੀਆ ਕਮਿਸ਼ਨ ਕੋਲ ਇਹ ਆਪਣੇ ਵਿਚਾਰ ਪੇਸ਼ ਕਰ ਸਕਣ, ਕਿਉਂਕਿ ਪ੍ਰਧਾਨ ਮੰਤਰੀ ਦੀ ਪਾਰਟੀ ਇਸ ਮਤੇ ਨੂੰ ਲੈ ਕੇ ਦੇਸ਼ ਨੂੰ ਗੁਮਰਾਹ ਕਰਦੀ ਰਹੀ ਹੈ?

ਮੁੱਖ ਮੰਤਰੀ: ਸਪੀਕਰ ਸਾਹਿਬ, ਜਿਸ ਤਰ੍ਹਾਂ ਸਰਦਾਰ ਕਿਰਪਾਲ ਸਿੰਘ ਨੇ ਕਿਹਾ ਹੈ ਕਿ ਇਹ ਬੜਾ ਗੰਭੀਰ ਮਸਲਾ ਹੈ ਔਰ ਸ਼ਰੋਮਣੀ ਅਕਾਲੀ ਦਲ ਬੜੀ ਦੇਰ ਤੋਂ ਆਨੰਦਪੁਰ ਸਾਹਿਬ ਦੇ ਮਤੇ ਦੀ ਮੰਗ ਕਰ ਰਿਹਾ ਸੀ ਅਤੇ ਇਸ ਮੰਗ ਨੂੰ ਲੈ ਕੇ ਦੇਸ਼ ਵਿਚ ਕਾਫੀ ਚਰਚਾ ਵੀ ਚੱਲੀ। ਲੇਕਿਨ ਖੁਸ਼ੀ ਦੀ ਗੱਲ ਹੈ ਕਿ ਜਦੋਂ ਪੰਜਾਬ ਅਕਾਰਡ ਹੋਇਆ ਉਸ ਦੇ ਵਿਚ ਇਸ ਮਤੇ ਨੂੰ ਸ਼ਾਮਲ ਕਰ ਲਿਆ ਗਿਆ ਅਤੇ ਇਹ ਪੰਜਾਬ ਅਕਾਰਡ ਦਾ ਹਿੱਸਾ ਬਣਾ ਲਿਆ ਗਿਆ ਅਤੇ ਇਸ ਮੰਗ ਨੂੰ ਕਲਾਜ਼-8 ਵਿਚ ਦਰਜ਼ ਕਰ ਦਿੱਤਾ ਗਿਆ। ਸ਼ਰੋਮਣੀ ਅਕਾਲੀ ਦਲ ਨੇ ਕਿਹਾ ਕਿ ਆਨੰਦਪੁਰ ਸਾਹਿਬ ਦਾ ਮਤਾ ਪੂਰੀ ਤਰ੍ਹਾਂ

[ਮੁੱਖ ਮੰਤਰੀ]

ਦੇ ਨਾਲ ਭਾਰਤੀ ਸੰਵਿਧਾਨ ਦੇ ਢਾਂਚੇ ਦੇ ਅੰਦਰ ਹੈ ਅਤੇ ਇਸ ਦੇ ਵਿਚ ਕੇਂਦਰ ਅਤੇ ਰਾਜਾਂ ਦੇ ਸਬੰਧਾਂ ਬਾਰੇ ਅਜਿਹੀ ਪ੍ਰਤੀਭਾਸ਼ਾ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਨਾਲ ਸੰਵਿਧਾਨ ਦਾ ਸੰਘੀ ਰਾਜ ਉਜਾਗਰ ਹੋ ਜਾਵੇ ਤਾਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਕਾਇਮ ਰੱਖੀ ਜਾ ਸਕੇ । ਸੋ ਇਹ ਕਲਾਜ਼ ਬਣੀ ਸੀ ਪੰਜਾਬ ਅਕਾਰਡ ਦੀ ਅਤੇ ਇਸ ਨੂੰ ਪਾਰਲੀਮੈਂਟ ਵਿਚ ਐਕਸੈਪਟ ਕੀਤਾ ਗਿਆ । ਜਿਸ ਮਤੇ ਦੇ ਨਾਂ ਤੋਂ ਲੋਕ ਸੰਕੋਚ ਕਰਦੇ ਸਨ ਇਸ ਆਧਾਰ ਤੇ ਅਸੀਂ ਆਪਣਾ ਕੇਸ ਤਿਆਰ ਕੀਤਾ ਹੈ। ਇਹ ਕਮੇਟੀ ਬੜੇ ਵਿਦਵਾਨਾਂ ਦੀ ਬਣਾਈ ਗਈ ਸੀ ਜਿਸ ਨੇ ਇਸ ਦਾ ਖਰੜਾ ਤਿਆਰ ਕੀਤਾ ਹੈ ਅਤੇ ਇਕ ਸੌ ਤੋਂ ਵੀ ਵੱਧ ਸਫਿਆਂ ਦਾ ਇਹ ਡਰਾਫਟ ਤਿਆਰ ਕੀਤਾ ਹੈ । ਕਿਉਂਕਿ ਇਸ ਕਮਿਸ਼ਨ ਦੀ ਮਿਆਦ ਇਸ ਮਹੀਨੇ ਆਖਿਰ ਵਿਚ ਖਤਮ ਹੋ ਜਾਣੀ ਸੀ, ਇਸ ਲਈ ਇਸ ਕਮਿਸ਼ਨ ਦੀ ਮਿਆਦ ਹੋਰ ਵਧਾਉਣ ਲਈ ਸੈਂਟਰਲ ਗੌਰਮਿੰਟ ਨੂੰ ਕਿਹਾ ਗਿਆ ਹੈ ਤਾਂਕਿ ਅਸੀਂ ਆਪਣਾ ਪੱਖ ਸਹੀ ਤਰੀਕੇ ਨਾਲ ਪੇਸ਼ ਕਰ ਸਕੀਏ ।

ਡਾਕਟਰ ਕੇਵਲ ਕ੍ਰਿਸ਼ਨ: ਸਪੀਕਰ ਸਾਹਿਬ, ਮੈਂ ਜਾਨਣਾ ਚਾਹਾਂਗਾ ਕਿ ਸਰਕਾਰੀਆ ਕਮਿਸ਼ਨ ਅੱਗੇ ਕੇਸ ਪੇਸ਼ ਕਰਨ ਵਾਸਤੇ ਇਹ ਕਮੇਟੀ ਕਦੋਂ ਬਣਾਈ ਗਈ ਸੀ ਅਤੇ ਕਿਹੜੀ ਤਾਰੀਖ ਨੂੰ ਇਹ ਕਮੇਟੀ ਬਣਾਈ ਗਈ ਸੀ ਅਤੇ ਇਸ ਕਮੇਟੀ ਨੇ ਕਿੰਨੀਆਂ ਸਿਟਿੰਗਜ਼ ਕੀਤੀਆਂ ਅਤੇ ਕਿਹੜਾ ਖਰੜਾ ਤਿਆਰ ਕੀਤਾ ਹੈ ਤਾਕਿ ਸਟੇਟ ਆਪਣੇ ਕੇਸ ਦਾ ਪੱਖ ਪੇਸ਼ ਕਰ ਸਕੇ? ਇਹ ਕਮਿਸ਼ਨ ਅਨੰਦਪੁਰ ਸਾਹਿਬ ਦੇ ਮਤੇ ਨਾਲ ਸਬੰਧਤ ਹੈ ਅਤੇ ਇਸ ਨੂੰ ਸਰਕਾਰੀਆ ਕਮਿਸ਼ਨ ਦੇ ਸਪੁਰਦ ਕੀਤਾ ਗਿਆ ਸੀ । ਇਸ ਦੇ ਅੱਗੇ ਸਰਕਾਰ ਆਪਣਾ ਪੱਖ ਹਾਲੇ ਤੱਕ ਕਿਉਂ ਨਹੀਂ ਪੇਸ਼ ਕਰ ਸਕੀ ?

ਮੁੱਖ ਮੰਤਰੀ: ਸਪੀਕਰ ਸਾਹਿਬ, ਜਿਥੋਂ ਤਕ ਅਕਾਲੀ ਦਲ ਵਲੋਂ ਪੱਖ ਪੇਸ਼ ਕਰਨ ਦਾ ਸੀ ਉਹ ਖਰੜਾ ਤਿਆਰ ਸੀ ਪਰ-ਇਸ ਕਮਿਸ਼ਨ ਦੇ ਅੱਗੇ ਸਰਕਾਰੀ ਪੱਖ ਨੂੰ ਪੇਸ਼ ਕਰਨਾ ਸੀ ਅਤੇ ਇਸ ਨੂੰ ਸਰਕਾਰੀ ਪੱਧਰ ਤੇ ਤਿਆਰ ਕਰਨਾ ਸੀ ਅਤੇ ਪੇਸ਼ ਕਰਨਾ ਸੀ ਅਤੇ ਵਿਚਾਰਿਆ ਜਾਣਾ ਸੀ ਅਤੇ ਦੇਸ਼ ਦੀਆਂ ਸਾਰੀਆਂ ਸਟੇਟਾਂ ਨੇ ਵੀ ਆਪਣਾ ਪੱਖ ਪੇਸ਼ ਕਰਨਾ ਸੀ। ਇਸ ਦੇ ਲਈ ਇਹ ਵਿਦਵਾਨਾਂ ਦੀ ਕਮੇਟੀ 25 ਮਾਰਚ, 1986 ਨੂੰ ਬਣਾਈ ਗਈ ਸੀ, ਜਿਸ ਦੇ ਚੇਅਰਮੈਨ ਸ੍ਰੀ ਕੇ. ਐਸ. ਗਿੱਲ, ਜਿਹੜੇ ਪਲੈਨਿੰਗ ਬੋਰਡ ਦੇ ਚੇਅਰਮੈਨ ਵੀ ਹਨ ਬਣਾਏ ਗਏ ਸਨ। ਇਹ ਇਕ ਹਾਈ ਪਾਵਰਡ ਕਮੇਟੀ ਸੀ । ਇਸ ਨੇ ਬਹੁਤ ਸਾਰੀਆਂ ਮੀਟਿੰਗਜ਼ ਕੀਤੀਆਂ ਅਤੇ ਇਸ ਸਬੰਧ ਵਿਚ ਖਰੜਾ ਤਿਆਰ ਕੀਤਾ ਹੈ।

ਰਾਜਾ ਨਰਿੰਦਰ ਸਿੰਘ: ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਗੌਰਮਿੰਟ ਆਫ ਇੰਡੀਆ ਨੂੰ ਸਰਕਾਰੀਆ ਕਮਿਸ਼ਨ ਦੀ ਮਿਆਦ ਵਧਾਉਣ ਲਈ ਇਨ੍ਹਾਂ ਨੇ ਚਿੱਠੀ ਲਿਖ ਦਿੱਤੀ ਹੈ। ਪਰ ਜਿਹੜਾ ਆਨਰੇਬਲ ਮੈਂਬਰ ਵਲੋਂ ਸਵਾਲ ਉਠਾਇਆ ਗਿਆ ਹੈ ਉਸ ਦਾ ਜਵਾਬ ਨਹੀਂ ਆਇਆ ਹੈ ਕਿ ਇਸ ਕਮੇਟੀ ਲਈ ਖਰੜਾ ਤਿਆਰ ਕਰਨ ਲਈ ਕੀ ਕੋਈ ਟਾਰਗੈਟ ਡੇਟ ਫਿਕਸ ਕੀਤੀ ਸੀ ਤਾਂ ਕਿ ਕਮਿਸ਼ਨ ਕੋਲ ਸਰਕਾਰ ਆਪਣਾ ਪੱਖ ਪੇਸ਼ ਕਰ ਸਕੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਕਮੇਟੀ ਨੇ ਸਾਰੇ ਡਾਕੂਮੈਂਟਸ ਤਿਆਰ ਕਰ ਲਏ ਹਨ ਜਿਹੜੇ ਸਰਕਾਰੀਆ ਕਮਿਸ਼ਨ ਕੋਲ ਸਬਮਿਟ ਕਰਨੇ ਹਨ ।

Thein Dam

*507. **Sardar Ranjit Singh Balian** : Will the Chief Minister be pleased to state :—

(a) the date on which the construction of Thein Dam started;

(b) the amount provided during the current financial year for the said dam;

(c) the time by which it is likely to be completed?

ਸਰਦਾਰ ਸੁਰਜੀਤ ਸਿੰਘ ਬਰਨਾਲਾ: (ੳ) ਕੰਮ 3 ਅਕਤੂਬਰ, 1977 ਨੂੰ ਚਾਲੂ ਹੋਇਆ।

(ਅ) 100 ਕਰੋੜ ਰੁਪਏ।

(ੲ) ਪ੍ਰਾਜੈਕਟ ਮਾਰਚ, 1992 ਤਕ ਮੁਕੰਮਲ ਹੋਣ ਦੀ ਆਸ ਹੈ।

ਸਰਦਾਰ ਰਣਜੀਤ ਸਿੰਘ ਬਾਲੀਆਂ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਤੱਕ ਇਸ ਥੀਨ ਡੈਮ ਉਤੇ ਕਿੰਨਾ ਧਨ ਸਰਕਾਰ ਵਲੋਂ ਖਰਚ ਕੀਤਾ ਗਿਆ ਹੈ ਅਤੇ ਕਿੰਨੇ ਪ੍ਰਤੀਸ਼ਤ ਕੰਮ ਹੋ ਚੁੱਕਾ ਹੈ?

ਮੁੱਖ ਮੰਤਰੀ : ਸਪੀਕਰ ਸਾਹਿਬ, ਹੁਣ ਤੱਕ ਤਕਰੀਬਨ 165.24 ਕਰੋੜ ਰੁਪਿਆ ਇਸ ਡੈਮ ਤੇ ਸਰਕਾਰ ਦਾ ਖਰਚ ਹੋ ਚੁੱਕਾ ਹੈ ਅਤੇ ਇਥੇ ਕੰਮ ਵੀ ਬੜੀ ਤੇਜ਼ੀ ਨਾਲ ਜਾਰੀ ਹੈ। ਇਥੇ ਹੋਏ ਕੰਮ ਦਾ ਪ੍ਰਤੀਸ਼ਤ ਦੇ ਹਿਸਾਬ ਨਾਲ ਦੱਸਣਾ ਬੜਾ ਔਖਾ ਹੈ। ਇਥੇ ਕਾਫੀ ਕੰਮ ਹੋ ਚੁੱਕਾ ਹੈ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਜਾਨਣਾ ਚਾਹੁੰਦਾ ਹਾਂ ਕਿ ਥੀਨ ਡੈਮ ਦਾ ਕੰਮ ਬੜਾ ਜ਼ਰੂਰੀ ਹੈ। ਇਹ ਡੈਮ ਪੰਜਾਬ ਵਾਸਤੇ ਅਤੇ ਨੇਸ਼ਨ ਵਾਸਤੇ ਬੜਾ ਲਾਭਦਾਇਕ ਹੈ। ਇਸ ਡੈਮ ਦੇ ਲਈ ਸੈਂਟਰਲ ਗੌਰਮਿੰਟ ਵਲੋਂ ਕਿੰਨੀ ਅਸਿਸਟੈਂਸ ਮਿਲੀ ਹੈ ਅਤੇ ਪੰਜਾਬ ਸਰਕਾਰ ਵਲੋਂ ਇਸ ਉਤੇ ਕਿੰਨਾ ਪੈਸਾ ਖਰਚ ਕੀਤਾ ਗਿਆ ਹੈ ਅਤੇ ਇਸ ਡੈਮ ਦੇ ਕੰਪਲੀਟ ਹੋ ਜਾਣ ਦੀ ਕਦੋਂ ਆਸ ਹੈ?

ਵਿੱਤ ਮੰਤਰੀ : ਸਪੀਕਰ ਸਾਹਿਬ, ਇਸ ਡੈਮ ਵਾਸਤੇ ਗੌਰਮਿੰਟ ਆਫ ਇੰਡੀਆ ਵਲੋਂ ਜਿਹੜੀ ਅਸਿਸਟੈਂਸ ਮਿਲੀ ਹੈ ਅਤੇ ਕਿੰਨੀ ਖਰਚ ਕੀਤੀ ਗਈ ਹੈ ਇਸ ਬਾਰੇ ਸਵਾਲ ਕੀਤਾ ਗਿਆ ਹੈ। ਇਹ ਸਾਨੂੰ ਟੋਟਲ ਪਲਾਨ ਦੇ ਮੁਤਾਬਿਕ ਗੌਰਮਿੰਟ ਆਫ ਇੰਡੀਆ ਤੋਂ ਅਸਿਸਟੈਂਸ ਮਿਲਦੀ ਹੈ। ਇਸ ਸਾਲ ਸਪੈਸ਼ਲ ਅਸਿਸਟੈਂਸ ਥੀਨ ਡੈਮ ਦੇ ਵਾਸਤੇ 35 ਕਰੋੜ ਰੁਪਏ ਦੀ ਮਿਲੀ ਹੈ ਇਹ ਐਕਸਟਰਾ ਸਪੈਸ਼ਲ ਅਸਿਸਟੈਂਸ ਹੈ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਨੂੰ ਵੀ ਇਸੇ ਕਮੇਟੀ ਦੇ ਵਲੋਂ ਇਸ ਡੈਮ ਨੂੰ ਵੇਖਣ ਦਾ ਮੌਕਾ ਮਿਲਿਆ ਹੈ ਅਤੇ ਉਥੇ ਕੰਮ ਬੜੀ ਤੇਜ਼ੀ ਨਾਲ ਚਲ ਰਿਹਾ ਹੈ ਲੇਕਿਨ ਉਥੇ ਅਫਸਰਾਂ ਦੇ ਨਾਲ ਗੱਲ ਬਾਤ ਤੋਂ ਪਤਾ ਲਗਾ ਕਿ ਫੰਡਜ਼ ਦੀ ਬਹੁਤ ਕਮੀ ਹੈ। ਫੰਡਜ਼ ਦਾ ਹੋਰ ਇੰਤਜ਼ਾਮ ਕਰਨ ਦੀ ਲੋੜ ਹੈ ਤਾਂਕਿ ਕੰਮ ਜਲਦੀ ਹੋ ਸਕੇ। ਪਿਛੇ ਇਕ ਗੱਲ ਚੱਲੀ ਸੀ ਕਿ ਗੈਰ ਮੁਲਕ ਦੀ ਇਕ ਕੰਪਨੀ ਦਾ ਜ਼ਿਕਰ ਆਉਂਦਾ ਸੀ ਜਿਸ ਦੇ ਨਾਲ ਸਾਡੀ ਕੁੜਮਾਚਾਰੀ ਹੈ। ਕੀ ਇਹ ਸਕੀਮ ਖਤਮ ਹੋ ਗਈ ਹੈ ਜਾਂ ਹਾਲੇ ਚਲ ਰਹੀ ਹੈ, ਜਦ ਕਿ ਸਾਡੇ ਕੋਲ ਨੋਹਾਓ ਵੀ ਹੈ ਅਤੇ ਕਾਬਲ ਇੰਜੀਨੀਅਰਜ਼ ਅਤੇ ਟਰੇਂਡ ਲੇਬਰ ਵੀ ਮੌਜੂਦ ਹੈ?

ਸ੍ਰੀ ਸਪੀਕਰ : ਸਰਦਾਰ ਕਿਰਪਾਲ ਸਿੰਘ ਜੀ, ਇਸ ਬਾਰੇ ਪਿਛਲੇ ਸੈਸ਼ਨ ਵਿਚ ਜਵਾਬ ਆ ਚੁੱਕਾ ਹੈ। ਇਸ ਲਈ ਤੁਸੀਂ ਬੈਠ ਜਾਓ।

Acquisition of lands of Villages Kotli Sainian etc. in District Gurdaspur

*503. **Sardar Johar Singh :** Will the Chief Minister be pleased to state —

(a) whether it is a fact that the lands of villages Kotli Sainian, Daraha, Nameen, Karal, Nangal, Chawa and Chhurian Bangar falling in Tehsil and District Gurdaspur were acquired by the Government in 1974-75 and handed over to the Ministry of Defence, Government of India, for setting up a Military Cantonment ;

(b) whether it is also a fact that the price of the pieces of joint holding out of the lands referred to in part (a) above has not been paid to their owners; if so, the reasons therefor and time by which the payment of the said amount will be made ?

ਕੈਪਟਨ ਕੰਵਲਜੀਤ ਸਿੰਘ (ਰਾਜ ਮੰਤਰੀ, ਗ੍ਰਹਿ): (ੳ) ਹਾਂ ਜੀ। ਇਹ ਜ਼ਮੀਨ (1) ਕੋਟਲੀ ਸੈਣੀਆਂ (2) ਨਮੀਨ (3) ਕਰਾਲ (4) ਨੰਗਲ (5) ਚਾਵਾ (6) ਛੋੜੀਆਂ ਬਾਂਗਰ (7) ਬਲੇੜਾ ਪਿੰਡਾਂ ਵਿਚੋਂ ਸਾਲ 1975-76 ਵਿੱਚ ਪ੍ਰਾਪਤ ਕੀਤੀ ਗਈ ਸੀ ਅਤੇ ਮਿਲਟਰੀ ਅਧਿਕਾਰੀਆਂ ਨੂੰ ਸੌਂਪੀ ਗਈ।

(ਅ) ਹਾਂ ਜੀ। ਇਹ ਠੀਕ ਹੈ ਕਿ ਉਪਰੋਕਤ ਪਿੰਡਾਂ ਦੀ ਜ਼ਮੀਨ ਦੀ ਕੁੱਝ ਪੇਮੈਂਟ ਨਹੀਂ ਦਿੱਤੀ ਗਈ। ਨਾਂ ਦੇਣ ਦੀ ਵਜ੍ਹਾ ਹੇਠ ਦੱਸੀ ਜਾਂਦੀ ਹੈ:-

(1) ਉਪਰੋਕਤ ਪਿੰਡਾਂ ਦਾ ਅਵਾਰਡ ਨੰ: 12, ਮਿਤੀ 15 ਦਸੰਬਰ, 1975 ਨੂੰ ਸੁਣਾਇਆ ਗਿਆ ਸੀ। ਇਸ ਅਵਾਰਡ ਦੀ ਕੁੱਲ ਰਕਮ 93,85,786.21 ਪੈਸੇ ਬਣਦੀ ਸੀ। ਇਸ ਰਕਮ ਵਿਚੋਂ 81,69,736.43 ਰੁਪਏ ਮਾਲਕਾਂ ਨੂੰ ਪੇਮੈਂਟ ਕਰ ਦਿੱਤੀ ਗਈ ਸੀ। ਬਾਕੀ ਰਕਮ 12,16,049.78 ਰੁਪਏ ਗੁਰਦਾਸਪੁਰ ਖਜ਼ਾਨਾ ਵਿੱਚ ਮਿਤੀ 26 ਅਗਸਤ, 1976 ਰੈਵੀਨਿਊ ਡੀਪਾਜ਼ਿਟ ਆਰ. ਡੀ. 14 ਮੱਦ ਵਿੱਚ ਜਮਾਂ ਕਰਵਾਈ ਗਈ। ਇਸ ਵਿਚੋਂ ਮਿਤੀ 18 ਅਕਤੂਬਰ, 1979 ਤੱਕ ਰਕਮ 1,47,085.32 ਰੁਪਏ ਰਿਫੰਡ ਵਾਊਚਰ ਰਾਹੀਂ ਮਾਲਕਾਂ ਨੂੰ ਪੇਮੈਂਟ ਦਿੱਤੀ ਗਈ। ਬਾਕੀ ਰਕਮ 10,63,963.96 ਰੁਪਏ ਖਜ਼ਾਨਾ ਵਿੱਚ ਰਹਿ ਗਏ।

(2) ਇਸ ਦੌਰਾਨ ਭਾਰਤ ਸਰਕਾਰ ਨੇ ਆਪਣੇ ਖਾਤੇ ਦਾ ਵਿਭਾਗੀਕਰਨ ਕਰ ਦਿੱਤਾ ਅਤੇ ਇਸ ਕਾਰਨ ਸਪੈਸ਼ਲ ਭੋਂ ਪ੍ਰਾਪਤੀ ਕੁਲੈਕਟਰ, ਅੰਮ੍ਰਿਤਸਰ ਵਲੋਂ ਜਾਰੀ ਕੀਤੇ ਗਏ ਰਿਫੰਡ ਵਾਊਚਰ ਖਜ਼ਾਨਾ ਅਫਸਰ, ਗੁਰਦਾਸਪੁਰ ਵਲੋਂ ਇਸ ਦਲੀਲ ਨਾਲ ਵਾਪਸ ਕਰ ਦਿੱਤੇ ਕਿ ਖਜ਼ਾਨੇ ਵਲੋਂ ਹੁਣ ਸੈਂਟਰਲ ਅਕਾਊਂਟ ਵਿਚੋਂ ਅਦਾਇਗੀ ਬੰਦ ਕਰ ਦਿੱਤੀ ਹੈ। ਇਸ ਤੋਂ ਬਾਅਦ ਇਹ ਮਾਮਲਾ ਮਹਾਂ-ਲੇਖਾਕਾਰ, ਪੰਜਾਬ, ਸੀ. ਡੀ. ਏ. ਮੇਰਟ, ਏ. ਡੀ. ਈ. ਓ., ਅੰਮ੍ਰਿਤਸਰ ਅਤੇ ਖਜ਼ਾਨਾ ਅਫਸਰ, ਗੁਰਦਾਸ-ਪੁਰ ਪਾਸ ਉਠਾਇਆ ਗਿਆ। ਲੇਕਿਨ ਬਹੁਤ ਸਾਲਾਂ ਦੀ ਲਿਖਾ ਪੜ੍ਹੀ ਦੇ ਬਾਵਜੂਦ ਵੀ ਮਹਾਂਲੇਖਾਕਾਰ, ਪੰਜਾਬ ਨੇ ਇਹ ਰਕਮ ਸੈਂਟਰਲ ਖਾਤੇ ਤੋਂ ਸਟੇਟ ਖਾਤੇ ਵਿੱਚ ਨਹੀਂ ਬਦਲੀ।

ਇਸ ਸਬੰਧ ਵਿੱਚ ਅਦਾਇਗੀ ਉਦੋਂ ਕੀਤੀ ਜਾਵੇਗੀ ਜਦੋਂ ਇਹ ਰਕਮ ਮਹਾਂਲੇਖਾਕਾਰ, ਪੰਜਾਬ ਵਲੋਂ ਸੈਂਟਰਲ ਖਾਤੇ ਵਿੱਚੋਂ ਕੱਢਕੇ ਸਟੇਟ ਦੇ ਖਾਤੇ ਵਿੱਚ ਤਬਦੀਲ ਕੀਤੀ ਜਾਵੇਗੀ।

ਸਰਦਾਰ ਜੌਹਰ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਨੇ ਬੜਾ ਲੰਬਾ ਜਵਾਬ ਦਿਤਾ ਹੈ। 8-10 ਸਾਲਾਂ ਤੋਂ ਪਿੰਡ ਵਾਲੇ ਪੈਸੇ ਮੰਗਦੇ ਜਾ ਰਹੇ ਹਨ ਲੇਕਿਨ ਕੋਈ ਡੇਟ ਨਹੀਂ ਦੱਸੀ ਕਿ ਪੈਸੇ ਕਦੋਂ ਉਨ੍ਹਾਂ ਨੂੰ ਦਿਤੇ ਜਾਣਗੇ। ਪੈਸੇ ਭਾਵੇਂ ਇਹ ਸੈਂਟਰਲ ਗੌਰਮਿੰਟ ਤੋਂ ਲੈਣੇ ਹਨ ਜਾਂ ਕਿਸੇ ਹੋਰ ਥਾਂ ਤੋਂ ਲੇਣੇ ਹਨ ਸਾਨੂੰ ਇਸ ਦਾ ਕੋਈ ਮਤਲਬ ਨਹੀਂ ਹੈ। ਉਨ੍ਹਾਂ ਲੋਕਾਂ ਦੀਆਂ 8 ਸਾਲਾਂ ਤੋਂ ਜ਼ਮੀਨਾਂ ਲਈਆਂ ਹੋਈਆਂ ਹਨ ਔਰ ਮਨਿਸਟਰ ਸਾਹਿਬ ਦਾ ਜਵਾਬ ਗੋਲ ਮੋਲ ਹੈ। ਕੀ ਮੰਤਰੀ ਜੀ ਦੱਸਣਗੇ ਕਿ ਪੈਸੇ ਕਦੋਂ ਤਕ ਉਨ੍ਹਾਂ ਨੂੰ ਦਿੱਤੇ ਜਾਣਗੇ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਦੇ ਮੁਤੱਲਕ ਕੋਈ ਤਾਰੀਖ ਦਿਤੀ ਨਹੀਂ ਜਾ ਸਕਦੀ। ਮੈਂ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਅਸੀਂ ਇਸ ਚੀਜ਼ ਨੂੰ ਐਕਟਿਵਲੀ ਪਰਸੂ ਕਰਾਂਗੇ ਅਤੇ ਜਲਦੀ ਤੋਂ ਜਲਦੀ ਉਨ੍ਹਾਂ ਨੂੰ ਪੈਸਾ ਦਿਵਾਉਣ ਦੀ ਕੋਸ਼ਿਸ਼ ਕਰਾਂਗੇ।

ਸਰਦਾਰ ਜੌਹਰ ਸਿੰਘ : ਸਪੀਕਰ ਸਾਹਿਬ, ਪਾਰਟੀਸ਼ਨ ਦੇ ਸਮੇਂ ਕਈ ਲੋਕ ਪਾਕਿਸਤਾਨ ਵਿਚੋਂ ਆਏ ਸੀ। ਉਥੇ ਛਾਉਣੀ ਬਣ ਗਈ ਹੈ। ਲੋਕ ਆ ਕੇ ਪਿੰਡਾਂ ਵਿਚ ਬੈਠ ਗਏ ਹਨ। ਉਨ੍ਹਾਂ ਲੋਕਾਂ ਨੂੰ ਪੈਸੇ ਵੀ ਨਹੀਂ ਦਿਤੇ ਜਾ ਰਹੇ। ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਉਥੇ ਛਾਉਣੀ ਨੂੰ ਉਸ ਏਰੀਏ ਵਿਚ ਨਹੀਂ ਵਧਾਇਆ ਜਾਵੇਗਾ ਤਾਕਿ ਲੋਕਾਂ ਨੂੰ ਕੋਈ ਤਕਲੀਫ ਨਾ ਹੋਵੇ।

ਰਾਜ ਮੰਤਰੀ : ਮੈਂਬਰ ਸਾਹਿਬ ਨੇ ਜੋ ਲੋਕਾਂ ਦੀ ਤਕਲੀਫ ਸਦਨ ਦੇ ਸਾਹਮਣੇ ਰਖੀ ਹੈ ਉਸ ਵਿਚ ਸ਼ਰੀਕ ਹੁੰਦੇ ਹੋਏ, ਮੈਂ, ਸਪੀਕਰ ਸਾਹਿਬ, ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਨੇ ਇਕ ਹੋਰ ਸਵਾਲ ਉਠਾਇਆ ਹੈ ਜਿਸ ਦੇ ਸਬੰਧ ਵਿਚ ਮੈਂ ਬੇਨਤੀ ਕਰਾਂਗਾ ਕਿ ਇਸ ਸਬੰਧੀ ਨਵਾਂ ਸਵਾਲ ਕਰ ਦੇਣ ਤਾਂ ਉਸ ਦਾ ਜਵਾਬ ਦੇ ਦਿਤਾ ਜਾਵੇਗਾ।

ਸ੍ਰੀ ਰਾਧਾ ਕ੍ਰਿਸ਼ਨ : ਸਪੀਕਰ ਸਾਹਿਬ, ਜਿਹੜੀਆਂ ਜ਼ਮੀਨਾਂ ਐਕੁਆਇਰ ਹੋ ਗਈਆਂ ਹਨ, ਉਨ੍ਹਾਂ ਦੀ ਪੇਮੈਂਟ ਲਈ ਕੀ ਕੋਈ ਤਾਰੀਖ ਮੁਕੱਰਰ ਨਹੀਂ ਕੀਤੀ ਜਾ ਸਕਦੀ ? ਉਨ੍ਹਾਂ ਗਰੀਬਾਂ ਦੀਆਂ ਜ਼ਮੀਨਾਂ ਲੈ ਲਈਆਂ ਹਨ।

ਰਾਜ ਮੰਤਰੀ: ਸਪੀਕਰ ਸਾਹਿਬ, ਪੇਮੈਂਟ ਪਰੋਸੀਜ਼ਰ ਦੇ ਮੁਤਾਬਿਕ ਹੁੰਦੀ ਹੈ। ਉਨ੍ਹਾਂ ਦੀ ਤਕਲੀਫ ਨੂੰ ਦੂਰ ਕਰਨ ਵਾਸਤੇ ਮੈਂ ਸਦਨ ਵਿਚ ਪਹਿਲਾਂ ਹੀ ਮੈਂਬਰ ਸਾਹਿਬ ਦੇ ਸਵਾਲ ਦੇ ਜਵਾਬ ਵਿਚ ਦੱਸ ਚੁੱਕਾ ਹਾਂ ਜੋ ਕਦਮ ਉਠਾਏ ਗਏ ਹਨ।

Construction of a Bridge on the Canal at Village Tarsikka

***533. Doctor Dalbir Singh :** Will the Chief Minister be pleased to state —

(a) whether the amount for the construction of a bridge on the canal at village Tarsikka in Tehsil Baba Bakala of District Amritsar has been deposited by the Punjab Agricultural Marketing Board with the Public Works Department;

(b) if the reply to part (a) above be in the affirmative, the time by which the construction work on the said bridge is likely to be undertaken ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ (ਰਾਜ ਮੰਤਰੀ, ਭਵਨ ਤੇ ਮਾਰਗ ਸ਼ਾਖਾ ਨਹੀਂ

(ੳ) ਜੀ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

ਡਾਕਟਰ ਦਲਬੀਰ ਸਿੰਘ : ਮਾਨਯੋਗ ਮਨਿਸਟਰ ਸਾਹਿਬ ਦੀ ਇਨਫਰਮੇਸ਼ਨ ਵਾਸਤੇ ਮੈਂ ਦੱਸਾਂਗਾ। (ਵਿਘਨ) ਸਪੀਕਰ ਸਾਹਿਬ ਇਹ ਮੇਰੀ ਗੱਲ ਵੱਲ ਧਿਆਨ ਨਹੀਂ ਦਿੰਦੇ। ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਇਨਫਰਮੇਸ਼ਨ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਇਹ ਮਿਸਪ੍ਰਿੰਟ ਹੋ ਗਿਆ ਹੈ। ਬ੍ਰਿੱਜ ਤਾਂ ਉਥੇ ਆਲਰੈਡੀ ਬਣਿਆ ਹੋਇਆ ਹੈ ਔਰ ਉਥੇ ਦੋ ਸੜਕਾਂ ਬਣਾਉਣ ਵਾਲੀਆਂ ਰਹਿੰਦੀਆਂ ਹਨ। ਉਸ ਵਾਸਤੇ ਮੈਂ ਸਵਾਲ ਵਿਚ ਬੇਨਤੀ ਕੀਤੀ ਸੀ। ਮਨਿਸਟਰ ਸਾਹਿਬ ਨੇ ਕਿਹਾ ਕਿ ਬ੍ਰਿੱਜ ਵਾਸਤੇ ਪੈਸਾ ਜਮ੍ਹਾ ਨਹੀਂ ਕਰਾਇਆ ਪਰ ਬ੍ਰਿੱਜ ਤਾਂ ਆਲਰੈਡੀ ਬਣਿਆ ਹੋਇਆ ਹੈ। ਉਥੇ ਸੜਕ ਬਣਾਉਣ ਵਾਸਤੇ ਪੈਸਾ ਜਮ੍ਹਾ ਕਰਾਇਆ ਗਿਆ ਸੀ। ਇਹ ਪੈਸੇ ਮਾਰਕੀਟਿੰਗ ਬੋਰਡ ਕੋਲ ਜਮ੍ਹਾਂ ਕਰਾਏ ਗਏ ਹਨ, ਜਾਂ ਨਹੀਂ?

ਸ੍ਰੀ ਸਪੀਕਰ : ਤੁਹਾਡਾ ਸਵਾਲ ਸੜਕਾਂ ਬਾਰੇ ਨਹੀਂ ਹੈ, ਬ੍ਰਿਜ ਬਾਰੇ ਹੈ।

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ, ਬ੍ਰਿੱਜ ਤਾਂ ਪਹਿਲਾਂ ਹੀ ਬਣਿਆ ਹੋਇਆ ਹੈ। ਇਹ ਮਿਸਪ੍ਰਿੰਟ ਹੋ ਗਿਆ ਹੈ। ਮੈਂ ਕਿਹਾ ਸੀ ਕਿ ਲਿੰਕ ਰੋਡਜ਼ ਰਹਿੰਦੀਆਂ ਹਨ। ਕੀ ਉਨ੍ਹਾਂ ਵਾਸਤੇ ਪੈਸੇ ਜਮ੍ਹਾ ਕਰਾਏ ਗਏ ਹਨ, ਜਾਂ ਨਹੀਂ ?

ਰਾਜ ਮੰਤਰੀ (ਭਵਨ ਤੇ ਮਾਰਗ ਸ਼ਾਖਾ) : ਸਪੀਕਰ ਸਾਹਿਬ, ਮਾਨਯੋਗ ਮੈਂਬਰ ਦਾ ਸਵਾਲ ਸਪਸ਼ਟ ਸੀ ਔਰ ਉਸ ਦਾ ਜਵਾਬ ਦੇ ਦਿਤਾ ਹੈ। ਬ੍ਰਿੱਜ ਇਰੀਗੇਸ਼ਨ ਡਿਪਾਰਟਮੈਂਟ ਨੇ ਬਣਾਉਣਾ ਸੀ ਔਰ ਉਹ ਬਣਾ ਦਿਤਾ ਗਿਆ ਹੈ। ਰੋਡਜ਼ ਰਹਿੰਦੀਆਂ ਹਨ ਜੋ ਇਰੀਗੇਸ਼ਨ ਡਿਪਾਰਟਮੈਂਟ ਨੇ ਪੀ. ਡਬਲਿਊ. ਡੀ. ਨੂੰ ਰਿਕੁਐਸਟ ਕੀਤੀ ਸੀ। ਉਸ ਦਾ ਐਸਟੀਮੇਂਟ ਕਰਵਾ ਦਿਤਾ ਹੈ ਅਤੇ ਕੁਝ ਮਹੀਨਿਆਂ ਵਿਚ ਕੰਮ ਆਰੰਭ ਉਥੇ ਹੋ ਜਾਵੇਗਾ। ਅਪ੍ਰੈਲ, 1987 ਵਿਚ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ। (ਵਿਘਨ)

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਅੱਗੇ ਬੇਨਤੀ ਕਰਾਂਗਾ ਕਿ ਪਿੰਡ ਤਰਸਿੱਕਾ, ਤਹਿਸੀਲ ਬਾਬਾ ਬਕਾਲਾ ਤੋਂ ਸੜਕ ਜਾਂਦੀ ਹੈ। ਜ਼ਿਲ੍ਹਾ ਅੰਮ੍ਰਿਤਸਰ ਵਿਚ ਨਵੀਂ ਤਹਿਸੀਲ ਬਣਨ ਕਰਕੇ ਸਾਰੇ ਪਿੰਡ ਉਧਰ ਚਲੇ ਗਏ ਹਨ। ਪਿੰਡ ਤਰਸਿੱਕਾ, ਤਹਿਸੀਲ ਬਾਬਾ ਬਕਾਲਾ, ਦੀ ਸੜਕ ਦੀ ਉਥੇ ਬੁਰੀ ਹਾਲਤ ਹੈ। ਸਪੀਕਰ ਸਾਹਿਬ, ਉਥੇ ਸੜਕ ਉਤੇ ਸਾਈਕਲ ਵੀ ਨਹੀਂ ਚਲ ਸਕਦਾ। ਇਸ ਕਰਕੇ ਉਥੇ ਬੱਸ ਬੰਦ ਹੋ ਜਾਂਦੀ ਹੈ। ਕੀ ਮੰਤਰੀ ਜੀ ਉਸ ਸੜਕ ਨੂੰ ਬਨਾਉਣਗੇ ਤਾਂ ਕਿ ਉਥੇ ਬੱਸਾਂ ਚਲਣ ਦੇ ਯੋਗ ਹੋ ਜਾਣ।

ਸ੍ਰੀ ਸਪੀਕਰ : ਜਿਹੜਾ ਸਵਾਲ ਤੁਸੀਂ ਲਿਖਕੇ ਕੀਤਾ ਹੈ, ਉਹ ਮੈਂ ਪੰਜਾਬੀ ਵਿਚ ਪੜ੍ਹ ਦਿੰਦਾ ਹਾਂ: "ਪਿੰਡ ਤਰਸਿੱਕਾ, ਡਾਕਖਾਨਾ ਤਰਸਿੱਕਾ, ਜ਼ਿਲ੍ਹਾ ਅੰਮ੍ਰਿਤਸਰ, ਤਹਿਸੀਲ ਬਾਬਾ ਬਕਾਲਾ, ਦੇ ਨਹਿਰ ਦੇ ਪੁਲ ਦੇ ਪੈਸੇ ਕੀ ਪੀ. ਡਬਲਿਊ. ਡੀ. ਵਿਭਾਗ ਵਿਚ ਮਾਰਕੀਟਿੰਗ ਬੋਰਡ ਦੁਆਰਾ ਜਮ੍ਹਾ ਹੋਏ ਹੋਏ ਹਨ?

Question Hour is over.

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਅਗੇ ਬੇਨਤੀ ਕਰਨੀ ਚਾਹੁੰਦਾ ਹਾਂ....

ਸ੍ਰੀ ਸਪੀਕਰ : ਤੁਹਾਡੇ ਸਵਾਲ ਦਾ ਜਵਾਬ ਆ ਗਿਆ ਹੈ। ਸਰਦਾਰ ਜੋਗਿੰਦਰ ਸਿੰਘ ਮਾਨ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਕੱਲ ਅਸੀਂ ਮੁੱਖ ਮੰਤਰੀ ਜੀ ਨੂੰ ਪੁੱਛਿਆ ਸੀ ਕਿ ਪੰਜਾਬ ਵਿੱਚ ਕਿੰਨੀਆਂ ਆਸਾਮੀਆਂ ਕਰੀਏਟ ਹੋਈਆਂ ਹਨ, ਤਾਂ ਉਨ੍ਹਾਂ ਨੇ ਦੱਸਿਆ ਕਿ 8,800 ਆਸਾਮੀਆਂ ਕਰੀਏਟ ਹੋਈਆਂ ਹਨ। ਇਹ ਨੌਕਰੀਆਂ ਦੇਣ ਲਈ ਆਈਡੈਂਟੀਫਾਈ ਹੋਈਆਂ ਹਨ। ਕੁਝ ਤਾਂ ਨੌਕਰੀਆਂ ਦੇ ਵੀ ਦਿੱਤੀਆਂ ਗਈਆਂ ਹਨ। ਮੈਂ ਫੇਰ ਇਕ ਸਵਾਲ ਕੀਤਾ ਸੀ ਕਿ ਇਹ ਦੱਸਿਆ ਜਾਵੇ ਕਿ ਜਿਨ੍ਹਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ, ਉਨ੍ਹਾਂ ਵਿੱਚ ਕਿੰਨੇ ਸਿੱਖ ਅਤੇ ਕਿੰਨੇ ਨਾਨ-ਸਿੰਘ ਹਨ ਤਾਂ

ਤੁਸੀਂ ਮੇਰਾ ਸਵਾਲ ਵਾਪਸ ਕਰ ਦਿੱਤਾ ਸੀ ਕਿ ਇਹ ਸੈਂਸੇਟਿਵ ਮਾਮਲਾ ਹੈ, ਇਸ ਦਾ ਜਵਾਬ ਸਰਕਾਰ ਕੋਲੋਂ ਨਹੀਂ ਮੰਗਣਾ ਚਾਹੀਦਾ। ਪਰ ਮੈਂ ਕਹਿੰਦਾ ਹਾਂ ਕਿ ਆਮ ਪੰਜਾਬ ਵਿੱਚ ਇਹ ਚਰਚਾ ਚਲ ਰਹੀ ਹੈ ਕਿ ਅਕਾਲੀ ਸਰਕਾਰ ਪੰਥਕ ਸਰਕਾਰ ਦੇ ਤੌਰ ਤੇ ਕੰਮ ਕਰ ਰਹੀ ਹੈ ਅਤੇ ਸਾਰੀਆ ਨੌਕਰੀਆਂ ਇਕ ਵਰਗ ਨੂੰ ਦਿੱਤੀਆਂ ਜਾ ਰਹੀਆਂ ਹਨ। ਸਾਨੂੰ ਇਸ ਗੱਲ ਦਾ ਜਵਾਬ ਦਿੱਤਾ ਜਾਵੇ ਕਿਉਂਕਿ ਅਸੀਂ ਸਾਰੇ ਪੰਜਾਬ ਨੂੰ ਅੱਗੇ ਜਾ ਕੇ ਦੇਖਣਾ ਚਾਹੁੰਦੇ ਹਾਂ। ਤੁਸੀਂ ਇਸ ਨੂੰ ਡਿਸਅਲਾਓ ਕਰ ਦਿੱਤਾ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਨੂੰ ਸ਼ੌਰਟ ਨੋਟਿਸ ਕੁਐਸਚਨ ਬਣਾ ਕੇ ਇਸ ਹਾਊਸ ਵਿੱਚ ਲਿਆਂਦਾ ਜਾਵੇ।

ਸ੍ਰੀ ਸਪੀਕਰ : ਮੈਂ ਇਸ ਤੇ ਵਿਚਾਰ ਕਰ ਲਵਾਂਗਾ।

ਰਾਜਾ ਨਰਿੰਦਰ ਸਿੰਘ : ** ** **

ਸ੍ਰੀ ਸਪੀਕਰ : ਨਰਿੰਦਰ ਸਿੰਘ ਜੀ, ਤੁਸੀਂ ਜੋ ਸ਼ਬਦ ਇਸਤੇਮਾਲ ਕੀਤੇ ਹਨ, ਉਹ ਬਿਲਕੁਲ ਗਲਤ ਹਨ। ਚੇਅਰ ਨੂੰ ਤੁਸੀਂ ਵਾਰਨ ਨਹੀਂ ਕਰ ਸਕਦੇ। This is totally wrong. This is no point of order. (ਸ਼ੋਰ) (ਵਿਘਨ) (ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਪੁਆਇੰਟਸ ਆਫ ਆਰਡਰ ਦੀ ਮੰਗ ਕਰ ਰਹੇ ਸਨ)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕਾਇਦੇ ਦੇ ਮੁਤਾਬਿਕ ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ। ਇਹ ਕਤਈ ਤੌਰ ਤੇ ਵੀ ਵਿਧਾਨ ਸਭਾ ਦੀਆਂ ਕਨਵੈਨਸ਼ਨਜ਼ ਦੇ ਮੁਤਾਬਿਕ ਨਹੀਂ ਹੈ ਕਿ ਇਥੇ ਕੋਈ ਵੀ ਹਥਿਆਰ ਲੈ ਕੇ ਐਂਟਰ ਹੋਵੇ। ਤੁਸੀਂ ਇਹ ਜ਼ਰੂਰ ਵੇਖੋ। ਜੇ ਤੁਸੀਂ ਹੀ ਉਨ੍ਹਾਂ ਨੂੰ ਅਲਾਓ ਕੀਤਾ ਹੈ ਤਾਂ ਇਹ ਪਾਰਲੀ-ਮੈਂਟਰੀ ਰਵਾਇਤਾਂ ਦੇ ਬਿਲਕੁਲ ਖਿਲਾਫ ਹੈ। ਇਸਨੂੰ ਰੋਕਿਆ ਜਾਵੇ।

ਸ੍ਰੀ ਸਪੀਕਰ : ਪ੍ਰੈਮਿਸਿਜ਼ ਦੇ ਅੰਦਰ ਸਿਰਫ ਵਾਚ ਐਂਡ ਵਾਰਡ ਸਟਾਫ ਹੀ ਹੈ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਹ ਬੜਾ ਸੀਰੀਅਸ ਮਾਮਲਾ ਹੈ। ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ। ਤੁਸੀਂ ਆਰਮਜ਼ ਲੈ ਕੇ ਕਿਸੇ ਮੈਂਬਰ ਸਾਹਿਬਾਨ ਦੇ ਗਨਮੈਨ ਨੂੰ ਵੀ ਅੰਦਰ ਨਹੀਂ ਆਉਣ ਦਿੱਤਾ ਪਰ ਜੋ ਇਥੇ ਸਿਕਿਉਰਟੀ ਆਫਿਸਰਜ਼ ਦਾਖਲ ਹੋਏ ਹਨ, ਉਨ੍ਹਾਂ ਕੋਲ ਆਰਮਜ਼ ਹਨ। ਅਸੀਂ ਇਹ ਜਾਨਣਾ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਕੀ ਤੁਸੀਂ ਇਸ ਤਰੀਕੇ ਨਾਲ ਅੰਦਰ ਆਉਣ ਦੀ ਪਰਮਿਸ਼ਨ ਦਿੱਤੀ ਹੈ? ਜੇ ਦਿੱਤੀ ਹੈ, ਤਾਂ ਇਹ ਗੱਲ ਬਿਲਕੁਲ ਠੀਕ ਨਹੀਂ ਹੈ ਅਤੇ ਜੇ ਨਹੀਂ ਦਿੱਤੀ ਤਾਂ ਉਹ ਅੰਦਰ ਕਿਸ ਤਰ੍ਹਾਂ ਆ ਗਏ ਹਨ?

Mr. Speaker : I have already given ruling in this respect.

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਮੈਂ ਵੀ ਆਪ ਨੂੰ ਬੇਨਤੀ ਕਰਨੀ ਚਾਹਵਾਂਗਾ। ਪਿਛਲੇ ਸੈਸ਼ਨ ਦੇ ਦੌਰਾਨ ਇਥੇ ਇਕ ਕਿਸਮ ਦਾ ਵਾਵੇਲਾ ਉਠਿਆ ਸੀ ਅਤੇ ਮੈਂਬਰ ਸਾਹਿਬਾਨ ਦੀ ਸਰਚ ਵੀ ਕੀਤੀ ਗਈ ਸੀ ਅਤੇ ਇਹ ਸਸਪੈਕਟ ਕੀਤਾ ਗਿਆ ਸੀ ਕਿ ਕੋਈ ਕਿਸੇ ਕਿਸਮ ਦਾ ਵੈਪਨ ਅੰਦਰ ਨਾ ਆ ਜਾਵੇ ਜਿਸ ਤੇ ਕਿ ਕਾਫੀ ਇਤਰਾਜ਼ ਬਅਦ ਵਿੱਚ ਹੋਇਆ ਸੀ। ਹੁਣ ਮੈਂ ਆਪ ਨੂੰ ਬੇਨਤੀ ਕਰਨੀ ਚਾਹਵਾਂਗਾ ਕਿ ਤੁਸੀਂ ਸਟੈਂਡਿੰਗ ਆਰਡਰਜ਼ ਦਿਉ ਤਾਕਿ ਕੋਈ ਵੈਪਨਜ਼ ਲੈ ਕੇ ਇਸ ਹਾਊਸ ਵਿੱਚ ਨਾ ਆ ਸਕੇ।

**Expunged as ordered by the Chair.

ਸ੍ਰੀ ਸਪੀਕਰ : ਮੈਂ ਹਾਊਸ ਦੀ ਜਾਣਕਾਰੀ ਲਈ ਕਹਿ ਦੇਵਾਂ ਕਿ ਐਤਕੀ ਸਦਨ ਦੇ ਬੈਠਣ ਤੋਂ ਪਹਿਲਾਂ ਇਕ ਚਿੱਠੀ ਸਰਕੂਲੇਟ ਕੀਤੀ ਗਈ ਸੀ ਜਿਸ ਵਿੱਚ ਇਹ ਵੀ ਸੀ ਕਿ ਮੈਂਬਰਜ਼ ਦੀ ਫ੍ਰਿਸ-ਕਿੰਗ ਬਿਲਕੁਲ ਨਾ ਕੀਤੀ ਜਾਵੇ ਅਤੇ ਮੈਂਬਰਜ਼ ਨੂੰ ਵੀ ਬੇਨਤੀ ਕੀਤੀ ਗਈ ਸੀ ਕਿ ਉਹ ਕੋਈ ਵੀ ਕਿਸੇ ਕਿਸਮ ਦਾ ਹਥਿਆਰ ਜਾਂ ਆਬਜੈਕਸ਼ਨੇਬਲ ਮੈਟਰ ਨਾ ਲੈ ਕੇ ਆਉਣ ਅਤੇ ਇਸ ਦੇ ਵਿੱਚ ਮੈਂ ਤੁਹਾਡੇ ਸਹਿਯੋਗ ਦੀ ਆਸ ਕਰਦਾ ਹਾਂ।

ਸ੍ਰੀ ਸੇਵਾ ਰਾਮ ਅਰੋੜਾ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਜਲੰਧਰ ਦੇ ਵਿੱਚ ਪਹਿਲਾਂ ਵੀ ਇਕ ਸੈਸ਼ਨ ਜੱਜ ਦੀ ਹੱਤਿਆ ਕੀਤੀ ਗਈ ਸੀ ਅਤੇ ਕੱਲ ਵੀ ਇਕ ਐਡੀਸ਼ਨਲ ਸੈਸ਼ਨ ਜੱਜ ਦੀ ਲੁਧਿਆਣਾ ਵਿਚ ਹੱਤਿਆ ਕਰ ਦਿੱਤੀ ਗਈ ਹੈ। ਇਸ ਤਰੀਕੇ ਨਾਲ ਜੁਡੀਸ਼ੀਅਰੀ ਹਿਫਾਜ਼ਤ ਮਹਿਸੂਸ ਨਹੀਂ ਕਰਦੀ। ਮੇਰੀ ਸਰਕਾਰ ਅੱਗੇ ਬੇਨਤੀ ਹੈ ਕਿ ਉਹ ਜੁਡੀਸ਼ਿਅਰੀ ਨੂੰ ਵੀ ਸਿਕਿਓਰਟੀ ਪ੍ਰੋਵਾਈਡ ਕਰੇ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੇਰੀ ਤਾਂ ਬੇਨਤੀ ਹੈ ਕਿ ਅੱਜ 12 ਅਮੈਂਡਮੈਂਟ ਐਕਟਸ ਲਿਆਂਦੇ ਗਏ ਹਨ ...... (ਸ਼ੋਰ) (ਵਿਘਨ)

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਇਹ ਗੱਲ ਨੂੰ ਦੂਸਰੇ ਪਾਸੇ ਲੈ ਗਏ ਹਨ। ਤੁਸੀਂ ਸਾਨੂੰ ਇਸ ਗੱਲ ਦਾ ਫੈਸਲਾ ਦਿਓ ਜਿਵੇਂ ਕਿ ਸੀ. ਐਮ. ਸਾਹਿਬ ਨੇ ਵੀ ਕਿਹਾ ਹੈ ਅਤੇ ਡਾਕਟਰ ਕੇਵਲ ਕ੍ਰਿਸ਼ਨ ਨੇ ਵੀ ਕਿਹਾ ਹੈ ਕਿ ਤੁਸੀਂ ਇਹ ਆਰਡਰ ਕਰੋ ਕਿ ਸਿਕਿਉਰਟੀ ਦਾ ਕੋਈ ਵੀ ਆਦਮੀ ਹਥਿਆਰ ਲੈ ਕੇ ਅਸੈਂਬਲੀ ਦੇ ਪਰਿਮਿਸਿਜ਼ ਵਿੱਚ ਨਾ ਆਵੇ।

ਸ੍ਰੀ ਸਪੀਕਰ : ਮੇਰੇ ਨੋਟਿਸ ਵਿੱਚ ਕੋਈ ਅਜਿਹੀ ਗੱਲ ਨਹੀਂ ਆਈ। However, I will verify the facts.

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਮੁੱਖ ਮੰਤਰੀ ਸਾਹਿਬ ਨੇ ਵੀ ਤੁਹਾਨੂੰ ਰਿਕੁਐਸਟ ਕਰ ਦਿੱਤੀ, ਲੀਡਰ ਆਫ ਦੀ ਆਪੋਜ਼ੀਸ਼ਨ ਨੇ ਵੀ ਕਹਿ ਦਿੱਤਾ ਤਾਂ ਤੁਸੀਂ ਇਸ ਮਾਮਲੇ ਦੀ ਪੜਤਾਲ ਕਰੋ।

ਸ੍ਰੀ ਸਪੀਕਰ : ਮੈਂ ਕਿਹਾ ਹੈ ਕਿ ਮੈਂ ਪੜਤਾਲ ਕਰਾਵਾਂਗਾ।

ਸਰਦਾਰ ਬਸੰਤ ਸਿੰਘ ਖਾਲਸਾ : ਤੁਸੀਂ ਇਹ ਬਿਲਕੁਲ ਨਹੀਂ ਕਿਹਾ। (ਸ਼ੋਰ) (ਵਿਘਨ)

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਤੁਸੀਂ ਅਲਾਓ ਤਾਂ ਕੀਤਾ ਹੀ ਹੋਣਾ ਹੈ ਕਿਉਂਕਿ ਬਾਹਰ ਜਿਥੇ ਵੀ ਜਾਓ, ਸਾਰੇ ਹਥਿਆਰ ਲੈ ਕੇ ਖੜ੍ਹੇ ਨਜ਼ਰ ਆਉਂਦੇ ਹਨ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੀ ਗਿਆਤ ਲਈ ਕਹਿਣਾ ਚਾਹੁੰਦਾ ਹਾਂ ਕਿ ਸਾਰੇ ਮੈਂਬਰ ਸਾਹਿਬਾਨ ਸੰਸੇ ਪ੍ਰਗਟ ਕਰ ਰਹੇ ਹਨ ਅਤੇ ਅੱਜ ਤੱਕ ਵੀ ਇਹੀ ਰਵਾਇਤ ਰਹੀ ਹੈ ਕਿ ਇਥੇ ਕੰਪਲੈਕਸ ਵਿੱਚ ਕੋਈ ਵੀ ਹਥਿਆਰ ਲੈ ਕੇ ਦਾਖਲ ਨਹੀਂ ਹੋ ਸਕਦਾ। ਪੁਲਿਸ ਦੇ ਬੰਦੇ ਹਰ ਜਗ੍ਹਾ ਤਲਾਸ਼ੀ ਲੈ ਰਹੇ ਹਨ। ਇਥੇ ਐਮ.ਐਲ.ਏ. ਦਾ ਸਵਾਲ ਨਹੀਂ। ਰਵਾਇਤ ਦਾ ਸਵਾਲ ਹੈ। ਅੱਜ ਤੁਸੀਂ ਸਪੀਕਰ ਹੋ, ਕੱਲ ਐਮ.ਐਲ.ਏ. ਵੀ ਹੋ ਸਕਦੇ ਹੋ। ਅੱਜ ਕੋਈ ਸੀ.ਐਮ.

ਹੈ ਤਾਂ ਕੱਲ ਐਮ.ਐਲ.ਏ. ਵੀ ਹੋ ਸਕਦਾ ਹੈ। ਸਵਾਲ ਤਾਂ ਕਨਵੈਨਸ਼ਨ ਦਾ ਹੈ, ਸਵਾਲ ਤਾਂ ਡੈਮੋਕਰੇਸੀ ਦੀਆਂ ਕਨਵੈਨਸ਼ਨਜ਼ ਨੂੰ ਕਾਇਮ ਰੱਖਣ ਦਾ ਹੈ। ਅਸੀਂ ਸਾਰੇ ਜ਼ਿੰਮੇਵਾਰ ਮੈਂਬਰ ਹਾਂ, ਲੋਕਾਂ ਦੀਆਂ ਇਛਾਵਾਂ ਦੇ ਮੁਤਾਬਿਕ ਇਸ ਹਾਊਸ ਵਿਚ ਆਏ ਹਾਂ। ਤੁਸੀਂ ਵੀ ਜਿਵੇਂ ਸੀ.ਐਮ. ਸਾਹਿਬ ਕਹਿੰਦੇ ਹਨ, ਆਰਡਰ ਕਰੋ ਕਿ ਪੁਲਿਸ ਬਾਹਰ ਕੱਢੀ ਜਾਵੇ ਅਤੇ ਇਥੇ ਪੁਲਿਸ ਦਾ ਕੋਈ ਵੀ ਬੰਦਾ ਨਹੀਂ ਦਿੱਸੇਗਾ।

ਰਾਜ ਮੰਤਰੀ ਗ੍ਰਿਹ (ਕੈਪਟਨ ਕੰਵਲਜੀਤ ਸਿੰਘ) : ਅੱਜ ਡੈਮੋਕ੍ਰੇਸੀ ਦੀ ਇਨ੍ਹਾਂ ਨੂੰ ਯਾਦ ਆਈ ਹੈ। ਮੈਂ ਇਨ੍ਹਾਂ ਨੂੰ ਯਾਦ ਦਿਲਾਉਣਾ ਚਾਹੁੰਦਾ ਹਾਂ ਕਿ ਹਾਊਸ ਦੀ ਪਿਛਲੀ ਸਿਟਿੰਗ ਵਿਚ ਜੋ ਕਾਰਵਾਈ ਇਨ੍ਹਾਂ ਦੇ ਸਾਥੀਆਂ ਵਲੋਂ ਹੋਈ ਉਹਦਾ ਇਹ ਜਵਾਬ ਦੇਕੇ ਦੇਖਣ।

WALK-OUT

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਚੀਫ ਮਨਿਸਟਰ ਸਾਹਿਬ ਨੇ ਕਹਿ ਦਿੱਤਾ (ਵਿਘਨ) ਪਿਛਲੇ ਸੈਸ਼ਨ ਵਿਚ ਮੈਂਬਰਾਂ ਦੀ ਤਲਖੀ ਹੋਈ। (ਵਿਘਨ) ਹਾਊਸ ਵਿਚ ਪੁਲਿਸ ਨੂੰ ਮਸੌਲਾ ਕਰਕੇ ਕਿਉਂ ਲਿਆਂਦਾ ਗਿਆ ਹੈ। ਇਨ੍ਹਾਂ ਦਾ ਇਹ ਬਿਆਨ ਸਾਰੇ ਸਦਨ ਦੀ ਤੌਹੀਨ ਹੈ। ਇਹ ਹਾਊਸ ਜੋ ਸਾਰੇ ਹਿੰਦੁਸਤਾਨ ਦੇ ਅੰਦਰ ਸਟੇਟ ਅਸੰਬਲੀਆਂ ਹਨ ਇਹ ਲੋਕਾਂ ਦੇ ਲੈਜਿਸਲੇਟਰਜ਼ ਦੇ ਹੱਕਾਂ ਦੇ ਕਸਟੋਡੀਅਨਜ਼ ਹਨ। ਪਰ ਇਹ ਜੋ ਸਟੇਟਮੈਂਟ ਦਿੱਤੀ ਗਈ ਹੈ ਇਹ ਹਾਊਸ ਦੀਆਂ ਪਰੰਮਪਰਾਵਾਂ ਦੇ ਹਿੱਤ ਵਿਚ ਨਹੀਂ ਹੈ (ਵਿਘਨ) ਅਸੀਂ ਵਾਕ-ਆਊਟ ਕਰਦੇ ਹਾਂ।

(ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਸਾਹਿਬਾਨ ਵਾਕ-ਆਊਟ ਕਰ ਗਏ। ਵਾਕ-ਆਊਟ ਕਰਦੇ ਸਮੇਂ ਨਾਅਰੇ ** ** ਲਗਾ ਰਹੇ ਸਨ)

ਸ੍ਰੀ ਸਪੀਕਰ : ਇਹ ਜੋ ਨਾਅਰੇ ਲਗਾਏ ਜਾ ਰਹੇ ਹਨ, ਇਹ ਰਿਕਾਰਡ ਨਾ ਕੀਤੇ ਜਾਣ।

Now the House will take up call attention notices

CALL ATTENTION NOTICES UNDER RULE 66

(Serial No. 5)

(1) Sardar Joginder Singh Mann
(2) Professor Darbari Lal
(3) Doctor Kewal Krishan

Sir, I beg to draw the attention of the Government towards a matter of urgent public importance, namely, the Government has recently doubled the bus fare of the special buses which are being plied for Government servants in the morning and in the evening. During Sardar Partap Singh Kairon's regime special buses were arranged for Government servants on concessional fare and since then this facility is being provided to the Government servants by successor Governments. But now suddenly the Government has doubled the fare and has also given some routes to the U.T. Chandigarh Transport and thus the Government has abdicated its duty towards Government servants which has caused great resentment among the employees. Earlier practice and tarrif, i.e., fifty paise should be restored. Hence, the Government should make a statement on the floor of the House.

**Not recorded as ordered by the Chair.

ਸੰਸਦੀ ਸਕੱਤਰ, ਟਰਾਂਸਪੋਰਟ (ਸਰਦਾਰ ਸੁਰਿੰਦਰ ਸਿੰਘ ਧੂਰੀ) : ਪੰਜਾਬ ਰੋਡਵੇਜ਼/ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪੰਜਾਬ ਸਰਕਾਰ ਦੇ ਸਰਕਾਰੀ ਮੁਲਾਜ਼ਮਾਂ ਲਈ ਸਵੇਰੇ/ਸ਼ਾਮ ਚੰਡੀਗੜ੍ਹ ਦੇ ਵੱਖ ਵੱਖ ਸੈਕਟਰਾਂ/ਮੁਹਾਲੀ ਤੋਂ ਵਿਸ਼ੇਸ਼ ਬੱਸ਼ ਸੇਵਾ ਰਿਆਇਤੀ ਦਰਾਂ ਤੇ ਚਲਾ ਰਹੇ ਹਨ।

ਪੰਜਾਬ ਸਰਕਾਰ ਨੇ ਪੁਰਜ਼ਿਆਂ/ਤੇਲ ਅਤੇ ਢੋਆ-ਢੁਆਈ ਆਦਿ ਦੇ ਖਰਚੇ ਵਿਚ ਤੇਜ਼ੀ ਨਾਲ ਹੋਏ ਵਾਧੇ ਨੂੰ ਮੁੱਖ ਰੱਖਦਿਆਂ ਨੋਟੀਫਿਕੇਸ਼ਨ ਨੰਬਰ 21/219/85-1 ਟੀ (2), ਮਿਤੀ 15 ਨਵੰਬਰ, 1986 ਰਾਹੀਂ ਕਰਾਏ ਦੀ ਦਰਾਂ ਵਿਚ ਮਿਤੀ 17 ਨਵੰਬਰ, 1986 ਤੋਂ ਵਾਧਾ ਕਰ ਦਿੱਤਾ ਹੈ। ਇਸ ਨੋਟੀ-ਫਿਕੇਸ਼ਨ ਦੇ ਆਧਾਰ ਤੇ ਘੱਟੋ ਘੱਟ ਕਿਰਾਇਆ 1 ਰੁਪਿਆ ਨਿਸ਼ਚਿਤ ਕੀਤਾ ਹੈ। ਇਸ ਅਪਣਾਈ ਗਈ ਨੀਤੀ ਦੇ ਆਧਾਰ ਤੇ ਨਾ ਕੇਵਲ ਚੰਡੀਗੜ੍ਹ ਬਲਕਿ ਸਾਰੇ ਪੰਜਾਬ ਰਾਜ ਅਤੇ ਨਾਲ ਹੀ ਨਗਰ ਨਿਗਮ ਅੰਮ੍ਰਿਤਸਰ, ਜਲੰਧਰ ਤੇ ਲੁਧਿਆਣਾ ਵਲੋਂ ਚਲਾਈ ਜਾ ਰਹੀ ਬੱਸ ਸੇਵਾ ਤੇ ਵੀ ਇਹ ਵਧਿਆ ਹੋਇਆ ਕਿਰਾਇਆ ਲਾਗੂ ਕੀਤਾ ਗਿਆ ਹੈ। ਐਸ.ਏ.ਐਸ. ਨਗਰ (ਮੁਹਾਲੀ) ਤੋਂ ਸਕੱਤਰੇਤ ਦੇ ਮੁਲਾਜ਼ਮਾਂ ਲਈ ਇਕ ਫੇਰਾ ਚਲਾਉਣ ਨਾਲ ਬੱਸ ਨੂੰ 30 ਕਿਲੋਮੀਟਰ ਦਾ ਸਫਰ ਵਰਕਸ਼ਾਪ ਤੋਂ ਸਟਾਰਟਿੰਗ ਸਟੇਸ਼ਨ ਅਤੇ ਸਕੱਤਰੇਤ ਤੋਂ ਵਾਪਸ ਬੱਸ ਸਟੈਂਡ ਤਕ ਹਰ ਰੋਜ਼ ਤਹਿ ਕਰਨਾ ਪੈਂਦਾ ਹੈ। ਇਸ ਫਾਸਲੇ ਦਾ ਅਸਲ ਕਿਰਾਇਆ 3.50 ਰੁਪਏ ਪ੍ਰਤੀ ਸਵਾਰੀ ਬਣਦਾ ਹੈ। ਸਕੱਤਰੇਤ ਦੇ ਮੁਲਾਜ਼ਮਾਂ ਪਾਸੋਂ ਕੇਵਲ 1 ਰੁਪਿਆ ਪ੍ਰਤੀ ਫੇਰਾ ਪ੍ਰਤੀ ਸਵਾਰੀ ਕਿਰਾਇਆ ਵਸੂਲ ਕੀਤਾ ਜਾ ਰਿਹਾ ਹੈ ਜੋ ਕਿ ਵਿਸ਼ੇਸ਼ ਸੁਵਿਧਾ ਹੈ।

ਜਿਥੋਂ ਤੱਕ ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ ਨੂੰ ਕੁਝ ਰੂਟ ਦੇਣ ਦਾ ਸਬੰਧ ਹੈ, ਇਸ ਬਾਰੇ ਦੱਸਿਆ ਜਾਂਦਾ ਹੈ ਕਿ ਚੰਡੀਗੜ੍ਹ ਵਿਖੇ ਪੰਜਾਬ ਰੋਡਵੇਜ਼ ਦਾ ਇਕ ਡਿਪੂ ਚੰਡੀਗੜ੍ਹ ਤੋਂ ਰੋਪੜ ਤਬਦੀਲ ਹੋ ਜਾਣ ਕਾਰਨ ਬੱਸਾਂ ਦੀ ਗਿਣਤੀ ਅੱਧੀ ਰਹਿ ਗਈ ਸੀ। ਇਸ ਤੋਂ ਪਹਿਲਾਂ ਪੰਜਾਬ ਰੋਡਵੇਜ਼ ਦੇ ਵੱਖ ਵੱਖ ਡਿਪੂਆਂ ਦੀਆਂ ਬੱਸਾਂ ਸਰਕਾਰੀ ਮੁਲਾਜ਼ਮਾਂ ਦੀ ਢੋਆ-ਢੋਆਈ ਲਈ ਜਾਂਦੀਆਂ ਸਨ, ਉਹ ਚੰਡੀਗੜ੍ਹ ਵਿਖੇ ਲੇਟ ਪੁੱਜਣ/ਨਾ ਆਉਣ ਕਾਰਨ ਆਮ ਜਨਤਾ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਰਾਜ ਵਿਚ ਅਮਨ ਕਾਨੂੰਨ ਦੀ ਹਾਲਤ ਠੀਕ ਨਾ ਹੋਣ ਕਾਰਨ ਬੱਸਾਂ ਦੇ ਚਲਣ ਦੇ ਸਮੇਂ ਤੇ ਪਾਬੰਦੀ ਲਗਣ ਕਾਰਨ ਬੱਸਾਂ ਦੀ ਗਿਣਤੀ ਕਾਫੀ ਘੱਟ ਗਈ ਹੈ। ਬੱਸਾਂ ਦੇ ਸਮੇਂ ਵਿਚ ਸੋਧ ਕਾਰਨ ਪੰਜਾਬ ਦੇ ਵੱਖ ਵੱਖ ਥਾਵਾਂ ਤੋਂ ਬੱਸਾਂ ਲੇਟ/ਨਾ ਪੁੱਜਣ ਕਾਰਨ ਵਿਭਾਗ ਨੇ ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ ਦੀ ਸਹਾਇਤਾ ਲਈ, ਤਾਂ ਜੋ ਸਰਕਾਰੀ ਮੁਲਾਜ਼ਮਾਂ ਨੂੰ ਕੋਈ ਔਕੜ ਪੇਸ਼ ਨਾ ਆਵੇ। ਹੁਣ ਬੱਸਾਂ ਦੇ ਸਮੇਂ ਵਿਚ ਸੋਧ ਅਤੇ ਸਥਿੱਤੀ ਵਿਚ ਸੁਧਾਰ ਹੋ ਜਾਣ ਕਾਰਨ ਵਿਸ਼ੇਸ਼ ਬੱਸਾਂ ਰਿਆਇਤੀ ਦਰਾਂ ਤੇ ਪੰਜਾਬ ਰਾਜ ਦੇ ਦੋ ਅਦਾਰੇ ਪੰਜਾਬ ਰੋਡਵੇਜ਼/ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਲੋਂ ਚਲਾਈਆਂ ਜਾ ਰਹੀਆਂ ਹਨ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਆਮ ਲੋਕ ਕਾਰੋਬਾਰੀ ਜਾਂ ਦੂਸਰੇ ਜ਼ਰੂਰੀ ਕੰਮਾਂ ਵਾਸਤੇ ਬੱਸਾਂ ਵਿਚ ਸਫਰ ਕਰਦੇ ਹਨ। ਐਂਪਲਾਈਜ਼ ਔਰ ਗੌਰਮਿੰਟ ਸਰਵੈਂਟਸ ਨੂੰ ਰੋਜ਼ ਆਉਣਾ ਪੈਂਦਾ ਹੈ ਔਰ ਰੋਜ਼ ਜਾਣਾ ਪੈਂਦਾ ਹੈ। ਇਹ ਫੈਸਿਲਿਟੀ ਜੋ ਕਿ ਪਿਛਲੇ 20 ਸਾਲਾਂ ਤੋਂ ਇਨ੍ਹਾਂ ਨੂੰ ਮਿਲੀ ਹੋਈ ਹੈ ਇਸ ਤੋਂ ਇਨ੍ਹਾਂ ਨੂੰ ਡਿਪਰਾਈਵ ਕੀਤਾ ਜਾ ਰਿਹਾ ਹੈ ਜੋ ਕਿ ਇਨ੍ਹਾਂ ਨਾਲ ਬੇਇਨ-ਸਾਫੀ ਹੈ। ਮੁਲਾਜ਼ਮ ਸਰਕਾਰੀ ਡਿਊਟੀ ਤੇ ਆਉਂਦੇ ਹਨ। ਇਨ੍ਹਾਂ ਦੇ ਮਕਾਨ ਨਜ਼ਦੀਕ ਨਹੀਂ ਹਨ। ਇਸ ਲਈ ਮੈਂ ਕਹਾਂਗਾ ਕਿ ਮਨਿਸਟਰ ਸਾਹਿਬ ਨੂੰ ਇਸ ਬਾਰੇ ਜਵਾਬ ਦੇਣਾ ਚਾਹੀਦਾ ਹੈ। ਕੀ ਇਹ ਫੈਸਿਲਿਟੀ ਇਨ੍ਹਾਂ ਨੂੰ ਰੈਸਟੋਰ ਕਰ ਦਿੱਤੀ ਜਾਏਗੀ ? ਮੁਲਾਜ਼ਮਾਂ ਦੀ ਐਮਰਜੈਂਸੀ ਡਿਊਟੀ ਨੂੰ ਦੇਖਦੇ ਹੋਏ ਕੀ ਇਹ ਫੈਸਿਲਿਟੀ ਮੁੜ ਇਨ੍ਹਾਂ ਨੂੰ ਦਿੱਤੀ ਜਾਏਗੀ ?

ਸੰਸਦੀ ਸਕੱਤਰ, ਟਰਾਂਸਪੋਰਟ : ਸ਼ਾਇਦ ਡਾਕਟਰ ਸਾਹਿਬ ਨੇ ਮੇਰਾ ਜਵਾਬ ਧਿਆਨ ਨਾਲ ਸੁਣਿਆ ਨਹੀਂ ਹੈ। ਅਸੀਂ 3.50 ਰੁਪਏ ਦੀ ਬਜਾਏ 1 ਰੁਪਿਆ ਕੀਤਾ ਹੈ। ਮੰਥਲੀ ਪਾਸ ਜੋ ਕਿ 35 ਰੁਪਏ ਮਹੀਨਾ ਹੈ ਇਸ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ ਹੈ। ਮਹੀਨੇ ਦੇ ਪਾਸ ਲਈ 35 ਰੁਪਏ ਹੀ ਚਾਰਜ ਕਰਦੇ ਹਾਂ।

ਸਰਦਾਰ ਜੋਗਿੰਦਰ ਸਿੰਘ ਮਾਨ : 3.50 ਰੁਪਏ ਦਾ ਜੋ ਜ਼ਿਕਰ ਕੀਤਾ ਗਿਆ ਹੈ ਜਿਸ ਦੀ ਬਜਾਏ 1 ਰੁਪਿਆ ਕੀਤਾ ਗਿਆ ਹੈ, ਇਹ ਕਦੋਂ ਤੋਂ ਕੀਤਾ ਗਿਆ ਹੈ ?

ਸੰਸਦੀ ਸਕੱਤਰ, ਟਰਾਂਸਪੋਰਟ : ਇਹ ਮਿਤੀ 15 ਨਵੰਬਰ, 1986 ਦਾ ਨੋਟੀਫਿਕੇਸ਼ਨ ਹੈ। ਬਣਦਾ 3.50 ਰੁਪਏ ਸੀ ਪਰ ਮਿਨੀਮਮ ਕਰਾਇਆ ਅਸੀਂ 1 ਰੁਪਿਆ ਪ੍ਰਤੀ ਸਵਾਰੀ ਚਾਰਜ ਕਰਦੇ ਹਾਂ।

(Serial No. 7)

(1) Shri Hans Raj Arya
(2) Shri Ram Parkash Bali : Sir, I beg to draw the attention of the Government towards a matter of public importance, namely, withdrawal of plying of buses from Chandigarh to S.A.S. Nagar (Mohali) after 5.30 P.M. by Punjab Roadways/Chandigarh Transport Undertaking authorities. The daily commuters, especially the employees posted at Chandigarh, students community face hardships in reaching their destinations at Mohali. The bus service terminates in Sector-40/Badheri (U.T.) and travelling public has to walk a distance of about 5-6 Kms. in reaching their houses especially in the winter season. There is a great resentment and discontentment amongst the public especially the employees and student communities due to stoppage of the bus service in the evening and recent hike in bus fares. The Punjab Government should take up the matter with U.T. Administration or the State Government should ply Punjab Roadways buses between Chandigarh and Mohali from 5.30 to 9.00 P. M. Hence it is a fit matter for making a statement on the floor of the House by the Transport Minister.

ਸੰਸਦੀ ਸਕੱਤਰ, ਟਰਾਂਸਪੋਰਟ (ਸਰਦਾਰ ਸੁਰਿੰਦਰ ਸਿੰਘ ਧੂਰੀ) : ਪੰਜਾਬ ਰਾਜ ਵਿਚ ਅਮਨ ਕਾਨੂੰਨ ਦੀ ਸਥਿਤੀ ਕਾਰਨ ਪੰਜਾਬ ਸਰਕਾਰ ਨੇ ਬੱਸਾਂ ਦੇ ਚਲਣ ਦੇ ਸਮੇਂ ਵਿਚ ਪਾਬੰਦੀ ਲਗਾ ਦਿੱਤੀ ਹੈ ਜਿਸ ਕਾਰਨ ਪੰਜਾਬ ਰੋਡਵੇਜ਼ ਦੀਆਂ ਬੱਸਾਂ ਸਵੇਰੇ 6.30 ਵਜੇ ਤੋਂ ਸ਼ਾਮੀ 6.00 ਵਜੇ ਤਕ ਬਿਨਾਂ ਗਾਰਦ ਚਲਦੀਆਂ ਹਨ। ਸ਼ਾਮੀ 6.00 ਵਜੇ ਤੋਂ 10.00 ਵਜੇ ਤਕ ਬੱਸਾਂ ਗਾਰਦ ਨਾਲ ਚਲਾਈਆਂ ਜਾ ਰਹੀਆਂ ਹਨ।

ਚੰਡੀਗੜ੍ਹ ਮੁਹਾਲੀ ਵਿਚਕਾਰ ਲੋਕਲ ਬੱਸ ਸੇਵਾ ਕੇਵਲ ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ ਵਲੋਂ ਹੀ ਚਲਾਈ ਜਾਂਦੀ ਹੈ। ਅਮਨ ਤੇ ਕਾਨੂੰਨ ਦੀ ਹਾਲਤ ਨੂੰ ਮੁੱਖ ਰਖਦੇ ਹੋਏ, ਚੰਡੀਗੜ੍ਹ ਪ੍ਰਸ਼ਾਸਨ ਨੇ ਇਹ ਫੈਸਲਾ ਲਿਆ ਹੈ ਕਿ ਬੱਸ ਸਰਵਿਸ ਯੂਨੀਅਨ ਟੈਰੇਟਰੀ ਵਿਚ ਸੈਕਟਰ 40 ਬਡਹੇੜੀ ਤਕ ਚਲਾਈ ਜਾਂਦੀ ਹੈ। ਮੁਲਾਜ਼ਮਾਂ, ਵਿਦਿਆਰਥੀਆਂ ਅਤੇ ਆਮ ਜਨਤਾ ਦੀ ਪ੍ਰੇਸ਼ਾਨੀ ਨੂੰ ਦੂਰ ਕਰਨ ਲਈ, ਪੰਜਾਬ ਸਰਕਾਰ ਨੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਇਹ ਬੇਨਤੀ ਕੀਤੀ ਹੈ ਕਿ ਉਹ 6.00 ਵਜੇ ਸ਼ਾਮ ਤੋਂ ਬਾਅਦ ਬੱਸ ਸਰਵਿਸ ਪੁਲਿਸ ਗਾਰਡ ਦੇ ਨਾਲ ਚਲਾਉਣ। ਪੰਜਾਬ ਰੋਡਵੇਜ਼/ਪੈਪਸੂ ਰੋਡ ਟਰਾਂਸ-ਪੋਰਟ ਕਾਰਪੋਰੇਸ਼ਨ ਆਪਣੇ ਟੀਚੇ ਅਨੁਸਾਰ ਸਰਕਾਰੀ ਮੁਲਾਜ਼ਮਾਂ ਦੀ ਢੋਆ-ਢੁਆਈ ਲਈ ਸਕੱਤਰੇਤ ਦੇ ਸਮੇਂ ਤੇ ਵਿਸ਼ੇਸ਼ ਬੱਸ ਸੇਵਾ ਪਰਦਾਨ ਕਰ ਰਹੀ ਹੈ।

[ਸੰਸਦੀ ਸਕੱਤਰ, ਟ੍ਰਾਂਸਪੋਰਟ]

ਜਿਥੋਂ ਤਕ ਕਰਾਏ ਦੇ ਵਾਧੇ ਦਾ ਸਬੰਧ ਹੈ, ਪੰਜਾਬ ਸਰਕਾਰ ਨੇ ਪੁਰਜ਼ਿਆਂ/ਤੇਲ ਅਤੇ ਢੋਆ-ਢੁਆਈ ਆਦਿ ਦੇ ਖਰਚਿਆਂ ਵਿਚ ਹੋਏ ਵਾਧੇ ਨੂੰ ਮੁੱਖ ਰਖਦਿਆਂ ਹੋਇਆਂ ਕੁਝ ਮੁਆਵਜ਼ਾ ਦੇਣ ਦਾ ਫੈਸਲਾ ਕੀਤਾ। ਰਾਜ ਵਿਚ ਬੱਸ ਕਰਾਏ ਦੀਆਂ ਦਰਾਂ ਵਿਚ ਹੁਣੇ ਹੁਣੇ ਕੀਤਾ ਗਿਆ ਵਾਧਾ ਪੰਜਾਬ ਰਾਜ ਨਾਲ ਲਗਦੇ ਦੂਜੇ ਰਾਜਾਂ ਹਰਿਆਣਾ, ਹਿਮਾਚਲ ਪਰਦੇਸ਼, ਰਾਜਸਥਾਨ ਅਤੇ ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ ਵਲੋਂ ਨਿਸ਼ਚਿਤ ਕਰਾਏ ਦੀ ਦਰਾਂ ਨਾਲੋਂ ਅਜੇ ਵੀ ਘੱਟ ਹੈ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਚੰਡੀਗੜ੍ਹ ਟਰਾਂਸਪੋਰਟ ਵਾਲਿਆਂ ਨਾਲ ਜਾਂ ਚੰਡੀਗੜ੍ਹ ਐਡਮਨਿਸਟਰੇਸ਼ਨ ਨਾਲ ਫੈਸਲਾ ਕੀਤਾ ਹੈ ਉਹ ਕਦੋਂ ਤਕ ਲਾਗੂ ਹੋ ਜਾਵੇਗਾ ਜਾਂ ਉਹ ਕਾਗਜ਼ਾਂ ਵਿਚ ਹੀ ਚਲਦਾ ਰਹੇਗਾ ? ਜਿਹੜਾ ਇਨ੍ਹਾਂ ਨੇ ਫੈਸਲਾ ਕੀਤਾ ਹੈ ਕੀ ਉਸ ਦਾ ਕੋਈ ਟਾਈਮ ਫਿਕਸ ਕੀਤਾ ਹੈ ਕਿ ਕਦੋਂ ਤਕ ਉਹ ਲਾਗੂ ਹੋ ਜਾਵੇਗਾ ?

ਸੰਸਦੀ ਸਕੱਤਰ, ਟਰਾਂਸਪੋਰਟ : ਅਸੀਂ ਯੂ.ਟੀ. ਦੇ ਹੋਮ ਸੈਕਟਰੀ ਨੂੰ ਲਿਖਿਆ ਹੈ ਕਿ ਉਹ ਜਲਦੀ ਤੋਂ ਜਲਦੀ ਫੈਸਲਾ ਲਾਗੂ ਕਰਨ।

(Serial No. 8)

(1) Shri Ram Parkash Bali
(2) Shri Hans Raj Arya : Sir, I beg to draw the attention of the Government towards a matter of urgent public importance, namely, dilapidated condition of internal roads in S.A.S. Nagar in general and in Phases III-B(2) (Sector 60) and VI in particular. There always remains fear of accidents due to 2' to 3' deep ditches on the internal roads. There is no provision to drain out rainy water from the roads. There is great resentment and discontentment amongst the residents of the area on this account. The Government may, therefore, make a statement in the House in the matter.

ਰਾਜ ਮੰਤਰੀ, ਸਥਾਨਕ ਸਰਕਾਰ (ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ) : ਇਹ ਠੀਕ ਹੈ ਕਿ ਐਸ.ਏ.ਐਸ. ਨਗਰ ਵਿਖੇ ਕੁਝ ਫੇਜ਼ਾਂ ਵਿਚ ਅੰਦਰੂਨੀ ਸੜਕਾਂ ਦੀ ਹਾਲਤ ਬਹੁਤ ਤਸੱਲੀਬਖਸ਼ ਨਹੀਂ ਹੈ। ਐਸ.ਏ.ਐਸ. ਨਗਰ ਵਿਖੇ ਫੇਜ਼ 1 ਤੋਂ ਫੇਜ਼ 11 ਤੱਕ 310 ਕਿਲੋਮੀਟਰ ਸੜਕਾਂ ਹਨ ਅਤੇ ਇਸ ਤੋਂ ਇਲਾਵਾ 63 ਕਿਲੋਮੀਟਰ ਸੜਕਾਂ ਇੰਡਸਟਰੀਅਲ ਏਰੀਏ ਵਿਚ ਪੈਂਦੀਆਂ ਹਨ। ਨੋਟੀਫਾਈਡ ਏਰੀਆ ਕਮੇਟੀ ਨੇ ਜਦੋਂ ਆਪਣਾ ਕੰਮ ਮਈ, 1984 ਵਿਚ ਆਰੰਭ ਕੀਤਾ ਤਾਂ ਇਸ ਨੇ ਵੱਖ ਵੱਖ ਸੈਕਟਰਾਂ ਵਿਚ ਸੜਕਾਂ ਦੀ ਉਸਾਰੀ ਦਾ ਕੰਮ ਵੀ ਜਲਦੀ ਹੀ ਸ਼ੁਰੂ ਕਰ ਦਿੱਤਾ। ਫੇਜ਼ 5 ਅਤੇ ਫੇਜ਼ 3-ਬੀ-1 ਦੀਆਂ ਅੰਦਰੂਨੀ ਸੜਕਾਂ ਉਪਰ ਪ੍ਰੀ-ਮਿਕਸ ਪਾਈ ਜਾ ਚੁੱਕੀ ਹੈ ਅਤੇ ਫੇਜ਼ 4 ਦੀਆਂ 50% ਅੰਦਰੂਨੀ ਸੜਕਾਂ ਤੇ ਪ੍ਰੀ-ਮਿਕਸ ਪਾਈ ਜਾ ਚੁੱਕੀ ਹੈ ਅਤੇ ਇਸੇ ਤਰ੍ਹਾਂ ਫੇਜ਼ 3-ਏ ਵਿਚ 75% ਅੰਦਰੂਨੀ ਸੜਕਾਂ ਤੇ ਪ੍ਰੀ-ਮਿਕਸ ਦਾ ਕੰਮ ਹੋ ਚੁੱਕਾ ਹੈ। ਫੇਜ਼ 7 ਦੀਆਂ ਅੰਦਰੂਨੀ ਸੜਕਾਂ ਤੇ ਪ੍ਰੀ-ਮਿਕਸ ਪਾਉਣ ਦਾ ਕੰਮ ਜਾਰੀ ਹੈ। ਹੁਣ ਤਕ ਐਨ.ਏ.ਸੀ. ਨੇ 75 ਕਿਲੋਮੀਟਰ ਤੋਂ ਵੱਧ ਸੜਕਾਂ ਤੇ ਪ੍ਰੀ-ਮਿਕਸ ਪਾ ਦਿੱਤੀ ਹੈ ਅਤੇ ਇਨ੍ਹਾਂ ਉਪਰ ਸਾਲ 1984-85 ਅਤੇ ਸਾਲ 1985-86 ਵਿਚ ਕ੍ਰਮਵਾਰ 14.49 ਅਤੇ 31.84 ਲੱਖ ਰੁਪਏ ਖਰਚ ਕੀਤੇ ਹਨ। ਚਾਲੂ ਵਿੱਤੀ ਸਾਲ ਵਿਚ ਮਿਤੀ 30 ਨਵੰਬਰ, 1986 ਤੱਕ 29.78 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਚੁੰਗੀ ਕਰ ਹੀ ਨੋਟੀਫਾਈਡ ਏਰੀਆ ਕਮੇਟੀ ਦੀ ਆਮਦਨ ਦਾ ਮੁੱਖ ਸਾਧਨ ਸੀ ਕਿਉਂਕਿ ਇਥੇ ਹੋਰ ਕੋਈ ਮੁੱਖ ਕਰ ਨਹੀਂ ਲਗਾਇਆ

ਗਿਆ। ਭਾਰਤ ਦੀ ਸੁਪਰੀਮ ਕੋਰਟ ਨੇ ਐਸ.ਏ.ਐਸ. ਨਗਰ ਵਿਖੇ ਲਗ ਭਗ ਸਾਰੀਆਂ ਹੀ ਉਦਯੋਗਿਕ ਇਕਾਈਆਂ ਨੂੰ 5/6 ਸਾਲਾਂ ਲਈ ਚੁੰਗੀ ਕਰ ਤੋਂ ਛੋਟ ਦੇ ਦਿੱਤੀ ਹੈ। ਸੁਪਰੀਮ ਕੋਰਟ ਦੇ ਫੈਸਲੇ ਨਾਲ ਐਨ.ਏ.ਸੀ. ਨੂੰ ਚੁੰਗੀ ਕਰ ਦੀ ਆਮਦਨੀ ਵਿਚ ਭਾਰੀ ਘਾਟਾ ਪਿਆ ਅਤੇ ਇਹ ਬਹੁਤ ਜ਼ਿਆਦਾ ਘੱਟ ਹੋ ਗਈ। ਇਸ ਫੈਸਲੇ ਨੇ ਵੱਖ ਵੱਖ ਸੈਕਟਰਾਂ ਵਿਚ ਚੱਲ ਰਹੇ ਸੜਕਾਂ ਦੀ ਉਸਾਰੀ ਦੇ ਕੰਮ ਨੂੰ ਭਾਰੀ ਧੱਕਾ ਪਹੁੰਚਾਇਆ ਹੈ, ਜੋ ਕਿ 1984 ਵਿਚ ਬੜੇ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਕੀਤਾ ਗਿਆ ਸੀ।

ਫੇਜ਼ 3–ਬੀ–2 ਅਤੇ ਫੇਜ਼ 6 ਦੀਆਂ ਅੰਦਰੂਨੀ ਸੜਕਾਂ ਠੀਕ ਕਰਵਾਈਆਂ ਜਾ ਰਹੀਆਂ ਹਨ। ਫੇਜ਼ 3–ਬੀ–2 ਵਿਚ 4 ਪਾਕਟਾਂ ਵਿਚੋਂ 2 ਪਾਕਟਾਂ ਦੀਆਂ ਅੰਦਰੂਨੀ ਸੜਕਾਂ ਦਾ ਕੰਮ ਪਹਿਲਾਂ ਹੀ ਟੈਂਡਰ ਹੋ ਚੁੱਕਾ ਹੈ ਜਿਹੜਾ ਕਿ 31 ਮਾਰਚ, 1987 ਤੱਕ ਪੂਰਾ ਹੋ ਜਾਣ ਦੀ ਆਸ ਹੈ। ਫੇਜ਼ 6 ਦੀਆਂ ਅੰਦਰੂਨੀ ਸੜਕਾਂ ਤੇ ਪੱਥਰ ਪਾਇਆ ਜਾ ਚੁੱਕਾ ਹੈ ਅਤੇ ਇਕ ਪਾਕਟ ਵਿਚ ਪ੍ਰੀ-ਮਿਕਸ ਦਾ ਕੰਮ ਖਤਮ ਹੋ ਚੁੱਕਾ ਹੈ ਅਤੇ ਦੂਜੀ ਪਾਕਟ ਵਿਚ ਪ੍ਰੀ-ਮਿਕਸ ਚਲ ਰਹੀ ਹੈ। ਇਹ ਕੰਮ 31 ਮਾਰਚ, 1987 ਤੱਕ ਹੋਣ ਦੀ ਆਸ ਹੈ।

ਫੇਜ਼ 3–ਬੀ–2 ਅਤੇ ਫੇਜ਼ 6 ਵਿਚ ਵਰਖਾ ਪਾਣੀ ਨਿਕਾਸ ਪਾਈਪਾਂ ਪਾਈਆਂ ਹੋਈਆਂ ਹਨ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸਾਰੇ ਆਪਣੇ ਐਸਟੀਮੇਟਸ ਦੱਸ ਦਿਤੇ ਹਨ ਪਰ ਇਸ ਨਾਲ ਸਾਡੀ, ਲੋਕਾਂ ਦੀ ਤਸੱਲੀ ਨਹੀਂ ਹੁੰਦੀ। ਸੜਕਾਂ ਬਹੁਤ ਖਰਾਬ ਹਨ ਅਤੇ ਰੋਜ਼ ਐਕਸੀਡੈਂਟ ਹੁੰਦੇ ਹਨ ਉਸ ਦੇ ਨਾਲ ਕੋਈ ਕਿਸੇ ਕਿਸਮ ਦਾ ਹੋਰ ਨੁਕਸਾਨ ਹੋ ਸਕਦਾ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਕਦੋਂ ਤੱਕ ਰਿਪੇਅਰ ਕਰੋਗੇ ਅਤੇ ਕਦੋਂ ਤੱਕ ਪੈਸਾ ਦੇ ਕੇ ਜਲਦੀ ਤੋਂ ਜਲਦੀ ਕਰ ਦਿਉਗੇ ?

ਰਾਜ ਮੰਤਰੀ, ਸਥਾਨਕ ਸਰਕਾਰ : ਫੇਜ਼ 4 ਦੇ ਟੈਂਡਰ ਇਨਵਾਈਟ ਹੋ ਚੁੱਕੇ ਹਨ ਅਤੇ 1987 ਤੱਕ ਕੰਪਲੀਟ ਕਰ ਦਿਆਂਗੇ। ਪਹਿਲਾਂ ਵੀ 50% ਸੜਕਾਂ ਤੇ ਪ੍ਰੀ-ਮਿਕਸ ਪੈ ਚੁਕੀ ਹੈ।

PAPERS LAID ON THE TABLE

Mr. Speaker : Next item on the Agenda is Papers to be Laid on the Table.

Minister of State for Parliamentary Affairs (Sardar Baldev Singh Maan) : Sir, I beg to lay on the Table the papers mentioned in the Today's List of Business from Serial No. 1 to 8. These are :—

1. The Statement explaining the reasons for delay in laying the Annual Accounts and Audit Reports of the Punjab State Civil Supplies Corporation Limited for the years from 1977-78 to 1985, before the House within the prescribed period.

2. The Statement explaining the reasons for delay in laying the Annual Administration Report of the Pepsu Road Transport Corporation, for the year 1985-86, before the House within the prescribed period.

3. The Annual Report and Balance Sheet of the Punjab Ex-servicemen Corporation for the year 1985-86, as required under section 23(6) of the Punjab Ex-servicemen Corporation Act, 1978.

[Minister of State for Parliamentary Affairs]

4. The 4th Annual Report of the Punjab State Civil Supplies Corporation Ltd., for the year 1977-78, as required under section 619-A(3)(b) of the Companies Act, 1956.

5. The Administration Report of the Pepsu Road Transport Corporation for the year 1983-84, as required under section 35(3) of the Road Transport Corporation Act, 1950.

6. The Annual Accounts and Audit Report of the Pepsu Road Transport Corporation for the year 1984-85, as required under section 33(4) of the Road Transport Corporation Act, 1950.

7. The Gurnam Singh Commission of Inquiry Report regarding the cause of death of Sardar Jagjit Singh Rode son of Baba Joginder Singh, as required under section 3(4) of the Commission of Inquiry Act, 1952.

8. The Punjab Privately Managed Recognised Schools Employees (Security of Service) Amendment Ordinance, 1986 (Punjab Ordinance No. 6 of 1986), as required under Article 213(2)(a) of the Constitution of India.

PRESENTATION OF 35TH REPORT OF THE COMMITTEE ON PUBLIC UNDERTAKINGS

Mr. Speaker : Presentation of Report. Sardar Kirpal Singh.

Sardar Balwinder Singh Bhunder : On a point of Order.

Mr. Speaker : Let him present the Report.

ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ (ਸਰਦਾਰ ਕਿਰਪਾਲ ਸਿੰਘ)(ਅੰਮ੍ਰਿਤਸਰ) : ਮੈਂ ਪੰਜਾਬ ਇਸਤਰੀਆਂ ਅਤੇ ਬੱਚਿਆਂ ਦੀ ਵਿਕਾਸ ਅਤੇ ਭਲਾਈ ਕਾਰਪੋਰਸ਼ਨ ਦੇ ਆਮ ਕੰਮ–ਕਾਰ ਸਬੰਧੀ ਸਰਕਾਰੀ ਕਾਰੋਬਾਰ ਕਮੇਟੀ ਦੀ **35**ਵੀਂ ਰਿਪੋਰਟ (1986–87) ਪੇਸ਼ ਕਰਦਾ ਹਾਂ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਕੁਝ ਕਹਿਣਾ ਚਾਹੁੰਦਾ ਹਾਂ। ਮਾਨੂੰ ਸ਼ੱਕ ਪੈਦਾ ਹੁੰਦਾ ਹੈ ਕਿਉਂਕਿ ਹੋਮ ਮਨਿਸਟਰ ਨੇ ਬਿਆਨ ਦਿੱਤਾ ਹੈ। ਅਸੀਂ ਤੁਹਾਡੇ ਕੋਲੋਂ ਅੰਸ਼ੋਰੈਂਸ ਲੈਣਾ ਚਾਹੁੰਦੇ ਹਾਂ। ਕੋਈ ਮੈਂਬਰ ਇਥੇ ਲੜਨ ਨਹੀਂ ਆਉਂਦਾ। ਅਸੀਂ ਤੁਹਾਡੇ ਕੋਲੋਂ ਅਸ਼ੋਰੈਂਸ ਚਾਹੁੰਦੇ ਹਾਂ। ਹੋਮ ਮਨਿਸਟਰ ਦੀ ਸਟੇਟਮੈਂਟ ਆਈ ਹੈ। ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ, ਹੋਮ ਮਨਿਸਟਰ ਕਸਟੋਡੀਅਨ ਨਹੀਂ ਹੈ। ਮੈਂ ਬੇਨਤੀ ਕਰਾਂਗਾ ਕਿ ਪੁਲਿਸ ਨੂੰ ਵਿਦਡਰਾ ਕਰੋ। ਇਹ ਸਾਰੇ ਹਾਊਸ ਦੀ, ਸਾਰੇ ਹਾਊਸ ਦੇ ਮੈਂਬਰਾਂ ਦੀ ਇਨ–ਸਲਟ ਹੈ। ਇਸ ਲਈ ਤੁਸੀਂ ਪੁਲਿਸ ਨੂੰ ਅੱਧੇ ਘੰਟੇ ਵਿਚ ਵਿਦਡਰਾ ਕਰੋ ।ਇਹ ਮੇਰੀ ਬੇਨਤੀ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਹ ਜਿਹੜਾ ਅੱਜ ਦਾ ਏਜੰਡਾ ਹੈ ਇਸ ਤੇ ਅੱਜ 12 ਬਿੱਲ ਆਏ ਹਨ। ਇਹ ਸਾਰੇ ਅੱਜ ਹੀ ਕਰਨੇ ਹਨ ਜਾਂ ਇਹ ਡਿਵਾਈਡ ਕੀਤੇ ਜਾਣਗੇ ?

ਸ਼੍ਰੀ ਸਪੀਕਰ : ਇਹ ਹਾਊਸ ਦੀ ਪਲੀਯਰੰ ਤੇ ਡੀਪੈਂਡ ਕਰਦਾ ਹੈ। ਜਿਸ ਤਰ੍ਹਾਂ ਹਾਊਸ ਕਹੇਗਾ ਉਸੇ ਤਰ੍ਹਾਂ ਕਰਾਂਗੇ।

ਵਿੱਤ ਮੰਤਰੀ (ਬੈਠੇ ਬੈਠੇ): ਤੁਹਾਡੀ ਗੱਲ ਮੰਨ ਲਈ ਹੈ।

LEGISLATIVE BUSINESS

The East Punjab Ministers' Salaries (Amendment) Bill, 1986

Minister of State for Parliamentary Affairs (Sardar Baldev Singh Maan) : Sir, I beg to introduce the East Punjab Ministers' Salaries (Amendment) Bill.

Sir, I also beg to move—

That the East Punjab Ministers' Salaries (Amendment) Bill be taken into consideration at once.

Mr. Speaker : Motion moved—

That the East Punjab Ministers' Salaries (Amendment) Bill be taken into consideration at once.

Captain Amarinder Singh : Speaker Sahib, we have raised a point which has grave implications in the democratic set up. ਸਪੀਕਰ ਸਾਹਿਬ, ਅਸੀਂ ਐਸ਼ੋਰੈਂਸ ਚਾਹੁੰਦੇ ਹਾਂ ਕਿ ਤੁਸੀਂ ਪੁਲਿਸ ਰੀਮੂਵ ਕਰੋਗੇ। ਹੋਮ ਮਨਿਸਟਰ ਸਾਹਿਬ ਦੀ ਸਟੇਟਮੈਂਟ ਆਈ ਹੈ। You are the Speaker of the House.

Mr. Speaker : I will have to consider the facts. ਮੇਰੀ ਕੋਸ਼ਿਸ਼ ਹੈ ਕਿ ਹਾਊਸ ਦੀ ਜੋ ਮਰਿਆਦਾ ਹੈ ਉਸ ਨੂੰ ਹਰ ਹਾਲਤ ਵਿਚ ਕਾਇਮ ਰੱਖਿਆ ਜਾਵੇ ਅਤੇ ਮੈਂਬਰਾਂ ਦੇ ਹੱਕਾਂ ਦੀ ਪੂਰੀ ਤਰ੍ਹਾਂ ਰੱਖਿਆ ਕੀਤੀ ਜਾਵੇਗੀ।

ਕੈਪਟਨ ਅਮਰਿੰਦਰ ਸਿੰਘ : ਉਨ੍ਹਾਂ ਦੇ ਕੋਲ ਹਥਿਆਰ ਹਨ ......

ਸ਼੍ਰੀ ਜਗਜੀਤ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਆਪਣੀ ਸੀਟ ਤੇ ਨਹੀਂ ਹਨ ਉਨ੍ਹਾਂ ਦੀ ਚੇਅਰ ਤੇ ਕੌਣ ਸਾਹਿਬ ਬੈਠੇ ਹਨ। ਮੈਂ ਤੁਹਾਡੇ ਕੋਲੋਂ ਇਹ ਗੱਲ ਜਾਣਨਾ ਚਾਹੁੰਦਾ ਹਾਂ।

ਸ਼੍ਰੀ ਸਪੀਕਰ : ਇਸ ਵੇਲੇ ਤਾਂ ਕੋਈ ਨਹੀਂ ਬੈਠਾ। (ਵਿਘਨ) ਬਿਲ ਤੇ ਕੋਈ ਸੱਜਣ ਬੋਲਣਾ ਚਾਹੇਗਾ ?

Doctor Kewal Krishan : I want to speak.

(ਇਸ ਵਕਤ ਹਾਊਸ ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਕਈ ਮਾਨਯੋਗ ਮੈਂਬਰ ਸਾਹਿਬਾਨ ਖੜ੍ਹੇ ਸਨ)

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਪਹਿਲਾਂ ਤੁਸੀਂ ਸਾਨੂੰ ਐਸ਼ੋਰੈਂਸ ਦਿਓ।

ਸਰਦਾਰ ਕਿਰਪਾਲ ਸਿੰਘ ** ** **

Mr Speaker : This is no Point of Order.

**Expunged as ordered by the Chair.

ਸਰਦਾਰ ਕਿਰਪਾਲ ਸਿੰਘ : ** ** **

Mr. Speaker : This is no Point of Order.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਬਿਲ ਤੇ ਬੋਲਣ ਤੋਂ ਪਹਿਲਾਂ ਕਹਾਂਗਾ ਕਿ ਪਹਿਲਾਂ ਇਹ ਮਾਮਲਾ ਡਿਸਪੋਜ਼ ਆਫ਼ ਕਰਨਾ ਚਾਹੀਦਾ ਹੈ। ਕੋਈ ਆਰਮਜ਼ ਲੈ ਕੇ ਇਥੇ ਨਹੀਂ ਆਉਣ ਦੇਣਾ ਚਾਹੀਦਾ।

Mr Speaker : Please take your seat. I am on my legs. ਜੋ ਰੂਲਜ਼ ਹਨ ਜਾਂ ਮਰਿਆਦਾ ਹੈ ਜੇ ਤੁਸੀਂ ਆਪ ਹੀ ਨਹੀਂ ਰਖੋਗੇ ਤਾਂ ਹਾਊਸ ਕਿਸ ਤਰ੍ਹਾਂ ਚਲੇਗਾ। ਮੈਂ ਇਹ ਬੇਨਤੀ ਕਰਾਂਗਾ ਕਿ ਜੋ ਖਦਸ਼ਾ ਜ਼ਾਹਰ ਕੀਤਾ ਗਿਆ ਹੈ ਮੇਰੇ ਵਿਚਾਰ ਕਿਸੇ ਤੋਂ ਵੱਖਰੇ ਨਹੀਂ। ਹਾਊਸ ਦੀ ਮਰਿਯਾਦਾ ਅਤੇ ਪ੍ਰਤਿਸ਼ਠਤਾ ਸਾਡੇ ਸਾਰਿਆਂ ਲਈ ਮਹੱਤਵਪੂਰਨ ਹੈ, ਇਸ ਦੇ ਵਿੱਚ ਦੋ ਰਾਵਾਂ ਨਹੀਂ ਹਨ। I will certainly verify the facts, ਬਹੁਤ ਛੇਤੀ ਵੇਰੀਫਾਈ ਕਰਾਂਗਾ। ਬਿਲ ਇੰਟਰੋਡਿਊਸ ਹੋਇਆ ਹੋਇਆ ਹੈ ਹੁਣ ਉਸ ਤੇ ਡਾਕਟਰ ਕੇਵਲ ਕ੍ਰਿਸ਼ਨ ਜੀ ਬੋਲਣਗੇ।

(ਇਸ ਵਕਤ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਕਈ ਮਾਨਯੋਗ ਮੈਂਬਰਜ਼ ਖੜ੍ਹੇ ਹੋ ਕੇ ਬੋਲ ਰਹੇ ਸਨ ** **)

Mr. Speaker : Nothing is to be recorded.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਹ ਮਾਮਲਾ ਬੜੇ ਸਿੰਪਲ ਤਰੀਕੇ ਨਾਲ ਡਿਸਪੋਜ਼ ਆਫ਼ ਹੋ ਸਕਦਾ ਹੈ। ਜਿਹੜੇ ਇਥੇ ਹਥਿਆਰ ਲੈ ਕੇ ਆਏ ਹਨ ਉਨ੍ਹਾਂ ਨੂੰ ਤੁਸੀਂ ਇਮੀਜੀਏਟਲੀ ਆਰਡਰ ਦਿਓ ਕਿ ਉਹ ਚਲੇ ਜਾਣ ਅਤੇ ਅਗੇ ਨੂੰ ਤੁਸੀਂ ਇਹ ਐਸ਼ੋਅਰ ਕਰੋ ਕਿ ਉਹ ਇਥੇ ਹਥਿਆਰ ਲੈ ਕੇ ਨਾ ਆਉਣ।

Mr Speaker : Please take your seat. Let the Deputy Speaker come on the Chair. I will go to my Chamber to discuss this matter.

10.32 A. M.

(At this stage the Deputy Speaker occupied the Chair.)

ਡਾਕਟਰ ਕੇਵਲ ਕ੍ਰਿਸ਼ਨ (ਮੁਕੇਰੀਆਂ) : ਡਿਪਟੀ ਸਪੀਕਰ ਸਾਹਿਬ, ਈਸਟ ਪੰਜਾਬ ਮਨਿਸਟਰਜ਼ ਸੈਲਰੀਜ਼ (ਅਮੈਂਡਮੈਂਟ) ਬਿਲ ਪੇਸ਼ ਹੋਇਆ ਹੈ। ਕਿਉਂਕਿ ਮੈਂਬਰਜ਼ ਦੀ ਸੈਲਰੀ ਵਧੀ ਹੈ ਹੋਰ ਮਨਿਸਟਰਜ਼ ਨੇ ਵੀ ਮਹਿਸੂਸ ਕੀਤਾ ਹੈ ਕਿ 1,500 ਰੁਪਏ ਕਾਫੀ ਨਹੀਂ ਹੈ, ਇਸ ਲਈ ਉਹ 2,500 ਰੁਪਏ ਹੋਣੀ ਚਾਹੀਦੀ ਹੈ। ਅਸੀਂ ਇਸ ਦੀ ਪ੍ਰੋੜਤਾ ਕਰਦੇ ਹਾਂ ਔਰ ਮਹਿਸੂਸ ਕਰਦੇ ਹਾਂ ਕਿ ਮਨਿਸਟਰਜ਼ ਦੀ ਸੈਲਰੀ ਜੋ ਹੈ, ਇਹ ਵੀ ਵਧਣੀ ਚਾਹੀਦੀ ਹੈ। ਸੋ ਇਹ ਬਿਲ ਇਸ ਮਤਲਬ ਵਾਸਤੇ ਲਿਆਂਦਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮਨਿਸਟਰ ਦੀ ਸੈਲਰੀ ਵਧਾਉਣ ਦਾ ਮਤਲਬ ਮੋਟੇ ਤੌਰ ਤੇ ਇਹ ਹੈ ਕਿ ਉਨ੍ਹਾਂ ਨੂੰ ਸਾਰੀਆਂ ਸੁਵਿਧਾਵਾਂ ਮਿਲ ਸਕਣ ਜਿਹੜੀਆਂ ਕਿ ਜ਼ਿੰਦਗੀ ਵਿਚ ਚਾਹੀਦੀਆਂ ਹਨ ਲੇਕਿਨ ਇਸ ਦੇ ਨਾਲ ਹੀ ਮੈਂ ਇਹ ਜ਼ਰੂਰ ਕਹਾਂਗਾ ਕਿ ਅੱਜ ਦੇ ਡੈਮੋਕਰੈਟਿਕ ਸੈਟ ਅੱਪ ਦੇ ਵਿਚ ਜਿਹੜੇ ਇਲੈਕਟਿਡ ਰਿਪ੍ਰੇਜ਼ੈਂਟੇਟਿਵਜ਼ ਹਨ, ਚਾਹੇ ਉਹ ਐਮ.ਐਲ.ਏ. ਹੈ ਕਿਉਂਕਿ ਐਮ.ਐਲ.ਏ. ਤੋਂ ਹੀ ਮਨਿਸਟਰ ਬਣਦਾ ਹੈ, ਉਨ੍ਹਾਂ ਤੇ ਬਹੁਤ ਵੱਡੀ ਜ਼ਿੰਮੇਵਾਰੀ ਹੈ ਅੱਜ ਔਰ ਇਸ ਦੇ ਵਿੱਚ, ਡਿਪਟੀ ਸਪੀਕਰ ਸਾਹਿਬ, ਕੋਈ ਦੋ ਰਾਵਾਂ ਨਹੀਂ ਕਿ ਇਸ ਸੈਟ ਅੱਪ ਦੇ ਵਿੱਚ ਕੁਰੱਪਸ਼ਨ ਦੇ ਚਾਰਜਿਜ਼ ਲਗਦੇ ਹਨ ਅਤੇ ਇਲੈਕਟਿਡ ਰਿਪ੍ਰੇਜ਼ੈਂਟੇਟਿਵਜ਼ ਤੇ ਵੀ ਲਗਦੇ ਹਨ ਔਰ ਇਸ ਗੱਲ ਤੋਂ

**Expunged/Not recorded as ordered by the Chair.

ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਨਿਸਟਰਜ਼ ਤੇ ਵੀ ਅਗੇ ਵੀ ਚਾਰਜਿਜ਼ ਲਗੇ, ਹੁਣ ਵੀ ਲਗਦੇ ਹਨ ਔਰ ਸ਼ਾਇਦ ਅਗੇ ਨੂੰ ਵੀ ਲਗਦੇ ਰਹਿਣਗੇ। ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸੈਲਰੀ ਜ਼ਰੂਰ ਵੱਧਣੀ ਚਾਹੀਦੀ ਹੈ। ਬੇਸ਼ਕ ਇਹ ਹੋਰ ਵੀ ਵੱਧ ਜਾਵੇ ਲੇਕਿਨ ਕੁਰੱਪਸ਼ਨ ਦੇ ਚਾਰਜਿਜ਼ ਖਾਸ ਤੌਰ ਤੇ ਇਲੈਕਟਿਡ ਰਿਪ੍ਰੇਜ਼ੈਂਟੇਟਿਵਜ਼ ਤੇ ਇਸ ਤਰ੍ਹਾਂ ਦੇ ਚਾਰਜਿਜ਼ ਨਾ ਲਗਣ, ਅਗਰ ਲਗਣ ਉਹ ਸਬਸਟਾਂਸ਼ੀਏਟ ਹੋਣ। ਮੈਂ ਸਮਝਦਾ ਹਾਂ ਕਿ ਜਿਥੇ ਇਹ ਬਿਲ ਲਿਆਂਦਾ ਹੈ ਉਥੇ ਸਰਕਾਰ ਨੂੰ ਲੋਕਪਾਲ ਅਤੇ ਲੋਕ ਅਯੁਕਤ ਬਿਲ ਵੀ ਲਿਆਉਣਾ ਚਾਹੀਦਾ ਹੈ। ਹੋਰ ਦੂਸਰੀਆਂ ਸਟੇਟਸ ਵਿੱਚ ਵੀ ਇਹ ਲਿਆਂਦਾ ਹੈ। ਨਾਲ ਲਗਦੀ ਹਿਮਾਚਲ ਪ੍ਰਦੇਸ਼ ਸਟੇਟ ਹੈ ਉਥੇ ਇਹ ਬਿਲ ਲਿਆਂਦਾ ਗਿਆ ਹੈ ਅਤੇ ਉਸੇ ਤਰ੍ਹਾਂ ਦਾ ਬਿਲ ਇਥੇ ਵੀ ਲਿਆਉਣਾ ਚਾਹੀਦਾ ਹੈ ਤਾਂਕਿ ਲੋਕ ਅਯੁਕਤ ਵਲੋਂ ਨਿਡਰ ਹੀ ਨਹੀਂ ਨਿਰਪੱਖ ਇਨਕੁਆਇਰੀ ਹੋਵੇ। ਇਸ ਦੇ ਨਾਲ ਇਲੈਕਟਿਡ ਰਿਪ੍ਰੇਜ਼ੈਂਟੇਟਿਵਜ਼ ਤੇ ਜਿਹੜੇ ਕੁਰੱਪਸ਼ਨ ਦੇ ਚਾਰਜਿਜ਼ ਲਗਦੇ ਹਨ ਉਨ੍ਹਾਂ ਦੀ ਜਾਂਚ, ਦੇਖ ਭਾਲ ਹੋ ਜਾਵੇਗੀ ਔਰ ਇਨਕੁਆਇਰੀ ਦੇ ਨਾਲ ਜੋ ਕਸੂਰਵਾਰ ਹੈ ਉਹ ਮੁਲਜ਼ਮਾਂ ਦੇ ਕੱਟਹਿੜੇ ਵਿੱਚ ਖੜ੍ਹਾ ਹੋ ਸਕਦਾ ਹੈ। ਮੈਂ ਕਹਾਂਗਾ ਕਿ ਅਗਲੇ ਸੈਸ਼ਨ ਵਿੱਚ ਪੰਜਾਬ ਸਰਕਾਰ ਲੋਕ ਅਯੁਕਤ ਅਤੇ ਲੋਕ ਪਾਲ ਬਿਲ ਵੀ ਲਿਆਵੇਗੀ।

ਦੂਸਰੀ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣੀ ਚਾਹਾਂਗਾ ਕਿ ਜੋ ਫੈਸਿਲਟੀਜ਼ ਮੈਂਬਰਜ਼ ਨੂੰ ਮਿਲਦੀਆਂ ਹਨ ਮਨਿਸਟਰਜ਼ ਨੇ ਮਹਿਸੂਸ ਕੀਤਾ ਹੈ ਕਿ ਉਹ ਸਾਰੀਆਂ ਫੈਸਿਲਟੀਜ਼ ਸਾਨੂੰ ਵੀ ਮਿਲਣੀਆਂ ਚਾਹੀਦੀਆਂ ਹਨ ਹਾਲਾਂਕਿ ਮਨਿਸਟਰਜ਼ ਔਰ ਐਮ.ਐਲ.ਏਜ਼. ਦੀ ਫੈਸਿਲਟੀਜ਼ ਵਿੱਚ ਬਹੁਤ ਫ਼ਰਕ ਹੈ। ਮਨਿਸਟਰਜ਼ ਨੂੰ ਫਰੀ ਵਹੀਕਲਜ਼ ਮਿਲੀਆਂ ਹੋਈਆਂ ਹਨ, ਟੈਲੀਫੋਨ ਦੀ ਇਤਨੀ ਫੈਸਿਲਟੀ ਹੈ ਕਿ ਉਹ ਲਾਈਟਨਿੰਗ ਕਾਲਜ਼ ਚਾਹੇ ਉਹ ਘਰੋਂ ਚਾਹੁਣ ਉਥੋਂ ਕਰ ਸਕਦੇ ਹਨ ਚਾਹੇ ਉਹ ਇਥੋਂ ਕਰ ਸਕਦੇ ਹਨ, ਫਿਰ ਕੂਪਨ ਦੀ ਫੈਸਿਲਟੀ ਬਾਰੇ ਹੈ ਕਿ ਮਨਿਸਟਰਜ਼ ਕਿਧਰੇ ਵੀ ਟੂਰ ਰੱਖ ਲੈਣ ਮਨਿਸਟਰਜ਼ ਫਰੀ ਜਾ ਸਕਦੇ ਹਨ, ਉਨ੍ਹਾਂ ਨੂੰ ਪੂਰਾ ਆਰਾਮ ਮਿਲਦਾ ਹੈ, ਦੂਸਰੀ ਸਟੇਟ ਵਿੱਚ ਰਹਿ ਸਕਦੇ ਹਨ, ਸਟੇਟ ਗੈਸਟ ਵੀ ਬਣਦੇ ਹਨ, ਇਹ ਸਾਰੀਆਂ ਫੈਸਿਲਟੀਜ਼ ਉਨ੍ਹਾਂ ਨੂੰ ਹਨ ਔਰ ਮੈਂ ਨਹੀਂ ਸਮਝਦਾ ਕਿ ਮਨਿਸਟਰ ਬਣਨ ਤੋਂ ਬਾਅਦ ਮੈਂਬਰਜ਼ ਨੂੰ ਜੋ ਫੈਸਿਲਟੀਜ਼ ਮਿਲਦੀਆਂ ਹਨ ਉਨ੍ਹਾਂ ਵਲ ਉਹ ਝਾਕਣ। ਉਸ ਤਰ੍ਹਾਂ ਦੀਆਂ ਫੈਸਿਲਟੀਜ਼ ਲੈਣ ਲਈ ਉਨ੍ਹਾਂ ਨੂੰ ਦੋ ਵਾਰ ਸੋਚਣਾ ਚਾਹੀਦਾ ਹੈ। ਆਲਰੈਡੀ ਉਨ੍ਹਾਂ ਨੂੰ ਫੈਸਿਲਟੀਜ਼ ਹਨ ਔਰ ਫਿਰ ਇਨ੍ਹਾਂ ਫੈਸਿਲਟੀਜ਼ ਦਾ ਮਿਸਯੂਜ਼ ਹੋਵੇਗਾ ਕਿਉਂਕਿ ਮਨਿਸਟਰਜ਼ ਆਲਰੈਡੀ ਇਤਨੀਆਂ ਫੈਸ਼ਿਲਟੀਜ਼ ਐਨਜੁਆਇ ਕਰ ਰਹੇ ਹਨ।

ਤੀਸਰੀ ਗੱਲ ਮੈਂ, ਡਿਪਟੀ ਸਪੀਕਰ ਸਾਹਿਬ, ਇਹ ਕਹਿਣੀ ਚਾਹੁੰਦਾ ਹਾਂ ਕਿ ਅਪੋਜ਼ੀਸ਼ਨ ਦੇ ਲੀਡਰ ਨੂੰ ਕੇਬਨਿਟ ਮਨਿਸਟਰ ਦਾ ਦਰਜਾ ਹੈ। ਇਸ ਬਿਲ ਦੇ ਜਿਹੜੇ ਓਬਜੈਕਟਸ ਐਂਡ ਰੀਜ਼ਨਜ਼ ਦਿੱਤੇ ਹਨ ਉਹ ਮਨਿਸਟਰਜ਼ ਵਾਸਤੇ ਹਨ। ਇਹ ਵਿੱਤਕਰਾ ਕੀਤਾ ਗਿਆ ਹੈ, ਆਪੋਜ਼ੀਸ਼ਨ ਦੇ ਲੀਡਰ ਵਾਸਤੇ ਉਹ ਫੈਸਿਲਟੀਜ਼ ਨਹੀਂ ਹਨ ਜੋ ਸਹੂਲਤਾਂ ਮਨਿਸਟਰਜ਼ ਨੇ ਆਪਣੇ ਵਾਸਤੇ ਰਖੀਆਂ ਹਨ। ਅਪੋਜ਼ੀਸ਼ਨ ਦਾ ਲੀਡਰ ਵੀ ਕੈਬਨਿਟ ਮਨਿਸਟਰ ਦਾ ਦਰਜਾ ਰਖਦਾ ਹੈ ਅਤੇ ਉਸ ਨੂੰ ਵੀ ਉਹ ਸਾਰੀਆਂ ਫੈਸ਼ਿਲਟੀਜ਼ ਮਿਲਣੀਆਂ ਚਾਹੀਦੀਆਂ ਹਨ ਜਿਹੜੀਆਂ ਮਨਿਸਟਰਜ਼ ਨੂੰ ਮਿਲਦੀਆਂ ਹਨ। ਜਾਂ ਤਾਂ ਦਰਜਾ ਜੋ ਦਿੱਤਾ ਹੈ ਉਹ ਵਾਪਸ ਲੈ ਲਓ ਨਹੀਂ ਤਾਂ ਜੋ ਮਨਿਸਟਰਜ਼ ਨੂੰ ਸਹੂਲਤਾਂ ਦਿੱਤੀਆਂ ਹਨ ਉਸ ਨੂੰ ਵੀ ਉਹ ਮਿਲਣੀਆਂ ਚਾਹੀਦੀਆਂ ਹਨ। ਜਿਹੜਾ ਬਿਲ ਆਉਣ ਵਾਲਾ ਹੈ ਉਸ ਦੇ ਵਿੱਚ ਸੋਧ ਕਰਨੀ ਚਾਹੀਦੀ ਹੈ। ਕਿਉਂਕਿ ਇਸ ਦੇ ਵਿਚ ਟੈਲੀਫੂਨ, ਰੇਲਵੇ ਕੂਪਨਜ਼ ਹਨ ਔਰ ਹੋਰ ਦੂਸਰੀਆਂ ਫੈਸਿਲੀਟੀਜ਼ ਹਨ ਉਹ ਨਹੀਂ ਹਨ। ਜਾਂ ਤੇ ਇਹ ਆਪਣੇ ਆਪ ਪੜ੍ਹ ਲੈਣ ਜਾਂ ਮੈਂ ਪੜ੍ਹ ਕੇ ਦਸ ਦਿੰਦਾ ਹਾਂ। ਇਸ ਦੇ ਰੀਜ਼ਨਜ਼ ਐਂਡ ਔਬਜੈਕਟਸ ਵਿੱਚ ਲਿਖਿਆ ਹੋਇਆ ਹੈ :—

[Doctor Kewal Krishan]

"Keeping in view the recommendations of the General Purposes Committee of the Punjab Vidhan Sabha, the Punjab Government have revised the allowances and other facilities of the Members of the Punjab Vidhan Sabha, with effect from 29th September, 1985. Since the position of the Minister is required to be kept over and above to that of the Legislators, there is also a need to enhance the salary and other facilities available to the Chief Minister, Ministers and Ministers of State from the said date. The Government have, therefore, decided to increase the salary and Sumptuary Allowance to Chief Minister from Rs. 1,500 *plus* Rs. 500 to Rs. 2,500 *plus* Rs. 1,000 P.M. Similarly salary of Ministers and Ministers of State has been raised from Rs. 1,500 to Rs. 2,500. In view of the escalation in prices of Building Material it has been decided to raise the amount of House Building Advance from Rs. 1.25 lac to Rs. 2 lac. Similarly, provisions of funds for Annual Telephone Calls have also been raised from Rs. 4, 800 to Rs. 7,200. It has further been decided to write off the amount of Advance in case of death of Minister/ Minster of State. The facility of Rail Travel Coupons has been extended to in case of visits out of India. Hence this Bill".

This relates to Ministers. Now I read the statement of Objects and Reasons in respect of the Leader of the Opposition.

"Keeping in view the recommendations of the General Purposes Committee of the Punjab Vidhan Sabha, the Punjab Government have revised the allowances and other facilities of Members of the Punjab Vidhan Sabha, with effect from 29th September, 1985. Since the position of the Leader of Opposition is required to be kept over and above to that of the Legislators, there is also a need to enhance the salary and other facilities available to the Leader of Opposition from the said date. The Government have, therefore, decided to increase the salary of Leader of the Opposition from Rs. 1,500 to Rs. 2,500 per mensum. It has further been decided to write off the amount of advance in case of death of Leader of Opposition. A provision has also been made to grant a loan to Leader of Opposition for the conversion of the petrol-driven Motor Vehicle/Jeep to a diesel driven Motor Vehicle....."

ਇਹ ਇਕ ਅਲੱਗ ਦਿੱਤਾ ਹੈ। ਬਾਕੀ ਜੋ ਮਨਿਸਟਰਜ਼ ਨੂੰ ਦਿਤਾ ਹੈ ਉਹ ਇਸ ਦੇ ਵਿਚ ਨਹੀਂ। ਇਸ ਵਿੱਚ ਤਿੰਨ ਚਾਰ ਚੀਜ਼ਾਂ ਘਟੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚ ਕੋਈ ਵਿਤਕਰਾ ਨਹੀਂ ਚਾਹੀਦਾ। ਜੋ ਫੈਸਿਲਿਟੀ ਮਨਿਸਟਰ ਨੂੰ ਹੈ ਉਹ ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਹੋਣੀ ਚਾਹੀਦੀ ਹੈ। ਮੈਂਬਰਜ਼ ਵਾਲੀਆਂ ਫੈਸਿਲਟੀਜ਼ ਰੀਕੰਨਸਿਡਰ ਕਰਨਾ ਮੁਨਾਸਿਬ ਨਹੀਂ ਲਗਦੀਆਂ ਜਦੋਂ ਕਿ ਮਨਿਸਟਰਜ਼ ਆਲਰੈਡੀ ਉਹ ਫੈਸਿਲਿਟੀਜ਼ ਐਨਜੁਆਏ ਕਰ ਰਹੇ ਹਨ ਔਰ ਫਿਰ ਵੀ ਮੈਂਬਰਜ਼ ਵਾਲੀਆਂ ਫੈਸਿਲਿਟੀਜ਼ ਵਲ ਝਾਕਣਾ ਇਹ ਮੁਨਾਸਿਬ ਨਹੀਂ ਹੋਵੇਗਾ। ਮੈਂ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਦੇ ਨਾਲ ਇਸ ਬਿਲ ਦਾ ਸਮਰਥਨ ਕਰਦਾ ਹਾਂ ਅਤੇ ਉਹ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਜੋ ਤਜਵੀਜ਼ ਕੀਤੀਆਂ ਹਨ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਇਕ ਬੜਾ ਵੈਲਿਡ ਪੁਆਇੰਟ ਰੇਜ਼ ਕੀਤਾ ਹੈ। ਜਦੋਂ ਅਸੀਂ ਇਹ ਬਿਲ ਬਣਾ ਰਹੇ ਸੀ ਤਾਂ ਇਹ ਇਸ਼ੂ ਸਾਡੇ ਲਾਅ ਡਿਪਾਰਟਮੈਂਟ ਨੇ ਕੰਸਿਡਰ ਕੀਤਾ ਉਸ ਦੇ ਬਾਰੇ ਮੈਂ ਦਸਣਾ ਚਾਹੁੰਦਾ ਹਾਂ ਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਐਜ਼ ਐਮ.ਐਲ.ਏ. ਜਿਹੜੀਆਂ ਸਾਰੀਆਂ ਫੈਸਿਲੀਟੀਜ਼ ਹਨ ਉਹ ਆਲਰੇਡੀ ਹਨ, ਕੁੱਝ ਚੀਜ਼ਾਂ ਜਿਹੜੀਆਂ ਨਹੀਂ ਸਨ ਐਜ਼ ਏ ਲੀਡਰ ਆਫ਼ ਦੀ ਆਪੋਜ਼ੀਸ਼ਨ ਕਿਉਂਕਿ ਉਸ ਦਾ ਰੈਂਕ ਕੈਬਨਿਟ ਮਨਿਸਟਰ ਦੇ ਬਰਾਬਰ ਹੈ ਇਸ ਲਈ ਇਹ ਅਮੈਂਡਮੈਂਟ ਇੰਟਰੋਡਿਊਸ ਕੀਤੀ ਹੈ ਬਾਕੀ ਹੋਰ ਕੋਈ ਫ਼ਰਕ ਨਹੀਂ ਹੈ ਮਨਿਸਟਰਜ਼ ਔਰ ਆਪੋਜ਼ੀਸ਼ਨ ਦੇ ਲੀਡਰ ਵਿਚ। ਇਹ ਲਾਅ

ਡਿਪਾਰਟਮੈਂਟ ਦੀ ਐਡਵਾਈਸ ਹੈ। ਇਸ ਦੇ ਬਾਵਜੂਦ ਮੈਂ ਡਾਕਟਰ ਸਾਹਿਬ ਨੂੰ ਐਸ਼ਿਓਰ ਕਰਦਾ ਹਾਂ ਕਿ ਐਸੀ ਕੋਈ ਚੀਜ਼ ਨਹੀਂ ਜਿਸ ਦੇ ਵਿਚ ਕੋਈ ਫ਼ਰਕ ਰਹਿੰਦਾ ਹੋਵੇ ਕਿਉਂਕਿ ਲਾਅ ਡਿਪਾਰਟਮੈਂਟ ਨੇ ਕਿਹਾ ਹੈ ਕਿ ਕੋਈ ਫਰਕ ਨਹੀਂ ਹੈ ਔਰ ਅਸੀਂ ਇਸ ਨੂੰ ਠੀਕ ਢੰਗ ਨਾਲ ਬਣਾਇਆ ਹੈ।

ਸਰਦਾਰ ਰਵੀਇੰਦਰ ਸਿੰਘ ਜੋ ਪਹਿਲੇ ਸਪੀਕਰ ਸਨ ਉਨ੍ਹਾਂ ਦੀ ਚੇਅਰਮੈਨਸ਼ਿਪ ਥਲੇ ਇਕ ਜਨਰਲ ਪਰਪਜ਼ ਕਮੇਟੀ ਬਣੀ ਸੀ ਔਰ ਉਸ ਕਮੇਟੀ ਨੇ ਕੁਝ ਡਿਸੀਜ਼ਨਜ਼ ਕੀਤੇ ਸਨ। ਲੈਜਿਸਲੇਟਰਜ਼ ਦੇ ਅ ੁ ਾਉਂਸਿਜ਼ ਬਾਰੇ, ਮਨਿਸਟਰਜ਼, ਡਿਪਟੀ ਮਨਿਸਟਰਜ਼, ਸਪੀਕਰ, ਡਿਪਟੀ ਸਪੀਕਰ ਅਤੇ ਲੀਡਰ ਆਫ ਦੀ ਅਪੋਜ਼ੀਸ਼ਨ ਦੀਆਂ ਕੁੱਝ ਤਨਖਾਹਾਂ ਵਧਾਈਆਂ ਜਾਣਗੀਆਂ। ਉਸ ਦੇ ਮੁਤਾਬਿਕ ਇਹ ਬਿਲ ਬਣ ਗਿਆ ਹੈ ਔਰ ਇਹ ਉਸ ਜਨਰਲ ਪਰਪਜ਼ ਕਮੇਟੀ ਦੇ ਮੁਤਾਬਿਕ ਹੈ। ਪਿਛਲੇ ਸੈਸ਼ਨ ਵਿਚ ਐਮ.ਐਲ.ਏਜ਼. ਦਾ ਬਿਲ ਆ ਗਿਆ ਸੀ ਔਰ ਇਹ ਨਹੀਂ ਆਇਆ ਸੀ ਹੁਣ ਇਹ ਉਸ ਜਨਰਲ ਪਰਪਜ਼ ਕਮੇਟੀ ਦੇ ਡਿਸੀਜ਼ਨ ਮੁਤਾਬਕ ਲਿਆਂਦਾ ਗਿਆ ਹੈ। ਰੇਲਵੇ ਕੂਪਨਜ਼ ਦੀ ਮਨਿਸਟਰਜ਼ ਦੀ ਫੈਮਿਲੀਜ਼ ਨੂੰ ਪਹਿਲਾਂ ਕੋਈ ਫੈਸਿਲਿਟੀ ਨਹੀਂ ਹੈ, ਉਹ ਵੀ ਪਹਿਲਾਂ ਤਾਂ ਐਮ.ਐਲ.ਏਜ਼. ਹਨ, ਉਨ੍ਹਾਂ ਨੂੰ ਇਹ ਫੈਸਿਲਿਟੀ ਮਿਲਣੀ ਚਾਹੀਦੀ ਹੈ। ਦੂਸਰੇ ਟੈਲੀਫੂਨ ਪ੍ਰੋਵਾਈਡ ਕੀਤਾ ਹੈ, ਪਰ ਉਹ ਇਸਤੇਮਾਲ ਨਹੀਂ ਹੋਣਾ ਇਹ ਕਾਲਾਂ 48 ਸੌ ਤੋਂ 72 ਸੌ ਕੀਤੀਆਂ ਗਈਆਂ ਹਨ। ਇਹ ਤਾਂ ਟੈਲੀਫੂਨ ਰਿਡੰਡੈਂਟ ਰਹਿਣਾ ਹੈ ਕਿਉਂਕਿ ਮਨਿਸਟਰਜ਼ ਦੇ ਟੈਲੀਫੂਨਾਂ ਦਾ ਬਿਲ ਤਾਂ ਗੌਰਮਿੰਟ ਨੇ ਹੀ ਪੇ ਕਰਨਾ ਹੈ। ਇਹ ਅਗਰ ਐਕਸਕਲੂਡ ਕਰਾਉਣਾ ਚਾਹੁੰਦੇ ਹਨ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਇਹ ਬਿਲ ਜਨਰਲ ਪਰਪਜ਼ ਕਮੇਟੀ ਦੇ ਡਿਸੀਜ਼ਨ ਮੁਤਾਬਕ ਲਿਆਂਦਾ ਗਿਆ। There is no difference between the facilities of Ministers and Leader of Opposition. ਇਹ ਚਾਰੇ ਬਿਲ ਜੇ ਤੁਸੀਂ ਇਜਾਜ਼ਤ ਦਿਓ, ਕਿਉਂਕਿ ਇਹ ਸੇਮ ਹਨ ਇਨ੍ਹਾਂ ਵਿਚ ਮਨਿਸਟਰਜ਼, ਡਿਪਟੀ ਮਨਿਸਟਰਜ਼, ਸਪੀਕਰ, ਡਿਪਟੀ ਸਪੀਕਰ ਅਤੇ ਅਪੋਜ਼ੀਸ਼ਨ ਦੇ ਲੀਡਰ ਦੀਆਂ ਤਨਖਾਹਾਂ ਦਾ ਕੁਐਸਚਨ ਹੈ ਕੁਝ ਫੈਸਿਲਿਟੀਜ਼ ਦਾ ਤੁਅੱਲਕ ਹੈ, ਇਹ ਬਿਲ ਇਕੱਠੇ ਲੈ ਲਏ ਜਾਣ ਔਰ ਜੇ ਇਜਾਜ਼ਤ ਹੋਵੇ ਤਾਂ ਅਸੀਂ ਮੂਵ ਕਰ ਦਿੰਦੇ ਹਾਂ।

ਡਾਕਟਰ ਕੇਵਲ ਕ੍ਰਿਸ਼ਨ: ਨਹੀਂ ਜੀ, ਇਹ ਵੱਨ ਬਾਈ ਵੱਨ ਹੋਣੇ ਚਾਹੀਦੇ ਹਨ।

ਸਰਦਾਰ ਕਰਨੈਲ ਸਿੰਘ ਡੋਡ: ਮੈਂ ਇਕ ਬਹੁਤ ਜ਼ਰੂਰੀ ਗੱਲ ਕਰਨੀ ਹੈ।

ਸ੍ਰੀ ਸ਼ਿਵ ਚੰਦ ਮਲੋਟ: ਮੈਂ ਵੀ ਬਹੁਤ ਜ਼ਰੂਰੀ ਗੱਲ ਕਰਨੀ ਹੈ ਔਰ ਮੇਰੀ ਗੱਲ ਇਧਰ ਵਾਲੇ ਵੀ ਔਰ ਉਧਰ ਵਾਲੇ ਵੀ ਪਸੰਦ ਕਰਨਗੇ।

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ): ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਟੈਲੀਫੂਨਾਂ ਦੇ ਬਿਲਾਂ ਦੀ ਗਲ ਕੀਤੀ ਹੈ। ਮੈਂਬਰ ਸਾਹਿਬਾਨ ਦੇ ਜਿੰਨੇ ਕੁਨੈਕਸ਼ਨਜ਼ ਹਨ, ਦੋ ਹੋਣ ਜਾਂ ਤਿੰਨ ਹੋਣ, ਉਨ੍ਹਾਂ ਦੀਆਂ ਸਾਰੀਆਂ ਕਾਲਾਂ ਦੀ ਐਡਜਸਟਮੈਂਟ ਹੋ ਸਕਦੀ ਹੈ, ਪਰ ਜਿਹੜੇ ਮਨਿਸਟਰਜ਼ ਦੇ ਟੈਲੀਫੂਨਜ਼ ਹਨ ਉਨ੍ਹਾਂ ਦੇ ਨਿੱਜੀ ਕੁਨੈਕਸ਼ਨਜ਼ ਦੀ ਐਡਜਸਟਮੈਂਟ ਨਹੀਂ ਹੋ ਸਕਣੀ। ਟੈਲੀਫੂਨ ਕਾਲਾਂ ਦਾ ਅਮਾਊਂਟ 4,800 ਰੁਪਏ ਤੋਂ ਵਧਾ ਕੇ 7,200 ਰੁਪਏ ਕੀਤਾ ਸੀ। ਤੁਹਾਨੂੰ ਸਾਰੇ ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ ਪੋਸਟ ਐਂਡ ਟੈਲੀਗ੍ਰਾਫ ਡਿਪਾਰਟਮੈਂਟ ਨੇ ਰੀਸੈਂਟਲੀ ਇਹ ਚਾਰਜਿਜ਼ ਬਹੁਤ ਵਧਾ ਦਿਤੇ ਹਨ। ਜਿੰਨੇ ਪਹਿਲਾਂ ਸਨ ਉਨ੍ਹਾਂ ਤੋਂ ਡਬਲ ਚਾਰਜਿਜ਼ ਕਰ ਦਿਤੇ

[ਸਰਦਾਰ ਕਰਨੈਲ ਸਿੰਘ ਡੋਡ]
ਹਨ, ਇਸ ਦੇ ਮੁਤਾਬਿਕ ਜੇ ਵੇਖਿਆ ਜਾਵੇ ਤਾਂ ਇਹ ਜਿਹੜਾ 72 ਸੌ ਰੁਪਿਆ ਹੈ ਇਹ ਕੁਝ ਵੀ ਨਹੀਂ ਰਹਿਣਾ। ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਹ ਘੱਟੋ ਘੱਟ 12 ਹਜ਼ਾਰ ਰੁਪਿਆ ਕਰ ਦਿੱਤਾ ਜਾਏ ਲੋਕਲ ਕਾਲਾਂ ਅਤੇ ਟਰੰਕ ਕਾਲਾਂ ਲਈ। ਇਹ ਰੀਆਲਿਸਟਿਕ ਹੈ ਕਿਉਂਕਿ ਨਵੇਂ ਰੇਟਸ ਅਨੁਸਾਰ 12 ਹਜ਼ਾਰ ਰੁਪਏ ਤੋਂ ਵੀ ਬਿਲ ਵੱਧ ਆਏਗਾ।

ਪੰਡਿਤ ਮੋਹਨ ਲਾਲ (ਹੁਸ਼ਿਆਰਪੁਰ) : ਡਿਪਟੀ ਸਪੀਕਰ ਸਾਹਿਬ, ਉਹ ਜਨਰਲ ਪਰਪੱਜ਼ ਕਮੇਟੀ ਜਿਸ ਨੇ ਇਹ ਫੈਸਲਾ ਕੀਤਾ ਸੀ ਮੈਂਬਰ ਸਾਹਿਬਾਨ ਦੇ ਅਲਾਊਂਸਿਜ਼ ਵਧਾਉਣ ਦਾ ਮੈਂ ਵੀ ਉਸ ਕਮੇਟੀ ਦਾ ਮੈਂਬਰ ਸੀ ਔਰ ਉਸ ਕਮੇਟੀ ਦੀ ਮੀਟਿੰਗ ਵਿਚ ਮੈਂ ਮੌਜੂਦ ਸਾਂ। ਇਸ ਵਾਸਤੇ ਜਿਹੜਾ ਬਿਲ ਇਸ ਵੇਲੇ ਸਰਕਾਰ ਨੇ ਲਿਆਂਦਾ ਹੈ ਉਸ ਦੇ ਮੁਤਾਬਿਕ ਮਨਿਸਟਰ ਸਾਹਿਬ ਠੀਕ ਨੇ ਔਰ ਅਸੀਂ ਉਨ੍ਹਾਂ ਦੀ ਪ੍ਰੋੜਤਾ ਕਰਦੇ ਹਾਂ ਲੇਕਿਨ ਦੋ ਗੱਲਾਂ ਮੈਂ ਜ਼ਰੂਰ ਆਖਣੀਆਂ ਚਾਹੁੰਦਾ ਹਾਂ। ਫਾਈਨਾਂਸ ਮਨਿਸਟਰ ਸਾਹਿਬ ਨੇ ਜੋ ਡਿਸਟਿੰਕਸ਼ਨ ਕੀਤੀ ਹੈ, ਜਿਹੜੀ ਲੀਡਰ ਆਫ ਦੀ ਆਪੋਜ਼ੀਸ਼ਨ ਔਰ ਮਨਿਸਟਰ ਸਾਹਿਬਾਨ ਦੀ, ਉਹ ਮੇਰੀ ਰਾਏ ਵਿਚ ਮਨਿਸਟਰ ਸਾਹਿਬ ਨੂੰ ਅਗਰ ਉਨ੍ਹਾਂ ਦੇ ਲਾਅ ਡਿਪਾਰਟਮੈਂਟ ਨੇ ਵੀ ਇਹ ਗੱਲ ਆਖੀ ਹੈ ਤਾਂ ਮੈਂ ਉਸ ਦੇ ਨਾਲ ਡਿਫਰ ਕਰਦਾ ਹਾਂ। ਜੇਕਰ ਤੁਸੀਂ ਵਿਧਾਨ ਸਭਾ ਦੇ ਮਨਿਸਟਰ ਸਾਹਿਬ ਦੇ ਜਿਹੜੇ ਬਿਲ ਹਨ ਉਨ੍ਹਾਂ ਦੇ ਮੁਤਾਬਿਕ ਕੋਈ ਰੀਜ਼ਨ ਨਹੀਂ ਹੈ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਵਾਸਤੇ ਉਹ ਹੀ ਪ੍ਰੋਵੀਜ਼ਨ ਨਾ ਦਿਓ। ਜਾਂ ਤਾਂ ਮਨਿਸਟਰ ਸਾਹਿਬ ਵਾਲੇ ਬਿਲ ਵਿਚੋਂ ਵੀ ਕੱਟ ਦਿਓ, ਜਾਂ ਉਨ੍ਹਾਂ ਦੇ ਨਾਲ ਲੀਡਰ ਆਫ ਦੀ ਆਪੋਜ਼ੀਸ਼ਨ ਦੇ ਬਿਲ ਵਿਚ ਵੀ ਲਿਆਓ। ਮਨਿਸਟਰ ਵਾਸਤੇ ਵੀ ਰਹਿਣ ਦਿਓ, ਮੈਂ ਮੁਤਫਿਕ ਹਾਂ, ਲਾਅ ਡਿਪਾਰਟਮੈਂਟ ਦੀ ਰਾਏ ਜੇਕਰ ਇਹ ਹੈ ਕੱਲ ਨੂੰ ਉਹ ਰਾਏ ਡਿਫਰ ਵੀ ਹੋ ਸਕਦੀ ਹੈ। ਇਸ ਲਈ ਤੁਸੀਂ ਲੀਡਰ ਆਫ ਦੀ ਆਪੋਜ਼ੀਸ਼ਨ ਦੇ ਸਬੰਧ ਵਿਚ ਟੈਲੀਫੂਨ ਔਰ ਦੂਸਰਾ ਪ੍ਰੋਵੀਜ਼ਨ ਵੀ ਲਿਆਓ, ਜਿਹੜਾ ਡਾਕਟਰ ਸਾਹਿਬ ਨੇ ਜ਼ਿਕਰ ਕੀਤਾ ਹੈ, ਇਸ ਗੱਲ ਨੂੰ ਮੰਨ ਜਾਓ ਔਰ ਉਸ ਨੂੰ ਦੂਰ ਕਰ ਦਿਓ ਜਾਂ ਮਨਿਸਟਰਜ਼ ਵਾਲਿਆਂ ਵਿਚੋਂ ਵੀ ਕੱਟ ਦਿਓ। ਕੈਬਨਿਟ ਦਾ ਦਰਜਾ ਤਾਂ ਦਿੱਤਾ ਹੋਇਆ ਹੈ ਲੀਡਰ ਆਫ ਦੀ ਅਪੋਜ਼ੀਸ਼ਨ ਦਾ ਕੈਬਨਿਟ ਦਾ ਦਰਜਾ ਹੈ, ਕੋਈ ਘਟਾ ਨਹੀਂ ਸਕਦਾ।

ਇਕ ਗੱਲ ਹੋਰ ਕਰਨੀ ਚਾਹੁੰਦਾ ਹਾਂ। ਡੋਡ ਸਾਹਿਬ ਨੇ ਟੈਲੀਫੂਨ ਬਾਰੇ ਗੱਲ ਕੀਤੀ ਹੈ ਔਰ ਸਰਕਾਰ ਨੂੰ ਇਸ ਦੇ ਬਾਰੇ ਸੋਚਣਾ ਚਾਹੀਦਾ ਹੈ। ਹੁਣ ਜਿਹੜੇ ਪੋਸਟ ਐਂਡ ਟੈਲੀਗਰਾਫਜ਼ ਵਾਲਿਆਂ ਨੇ ਨਵੇਂ ਰੇਟ ਵਧਾਏ ਹਨ। ਕਾਲਾਂ ਦੇ ਔਰ ਜਿਹੜੇ ਲੋਕਲ ਕਾਲਾਂ ਦੇ ਹਨ ਉਨ੍ਹਾਂ ਤੇ ਵੀ ਏਨੇ ਰੇਟ ਵਧਾ ਦਿੱਤੇ ਹਨ ਕਿ ਜੋ ਇਹ ਅਲਾਊਂਸ ਤੁਸੀਂ ਮੁਕੱਰਰ ਕੀਤਾ ਸੀ ਮਨਿਸਟਰਜ਼ ਵਾਸਤੇ ਜਾਂ ਮੈਂਬਰ ਸਾਹਿਬਾਨ ਵਾਸਤੇ ਉਹ ਬਹੁਤ ਥੋੜ੍ਹੇ ਹਨ। ਮੈਂ ਅੱਜ ਤਾਂ ਨਹੀਂ ਕਹਿ ਸਕਦਾ ਕਿਉਂਕਿ ਉਹ ਬਿਲ ਨਹੀਂ ਹੈ ਲੇਕਿਨ ਕਿਰਪਾ ਕਰਕੇ ਵਿਚਾਰ ਲਓ। ਜਿਸ ਤਰ੍ਹਾਂ ਆਰਡੀਨੈਂਸ ਜਾਰੀ ਕੀਤੇ ਹਨ ਮਨਿਸਟਰਜ਼ ਵਾਸਤੇ, ਸਪੀਕਰ ਔਰ ਡਿਪਟੀ ਸਪੀਕਰ ਵਾਸਤੇ ਇਸ ਤਰ੍ਹਾਂ ਹੀ ਲੈਜਿਸਲੇਟਰਜ਼ ਵਾਸਤੇ, ਮੈਂਬਰ ਸਾਹਿਬਾਨ ਦਾ ਖਾਸ ਤੌਰ ਤੇ ਟੈਲੀਫੂਨ ਦਾ ਮਸਲਾ ਹੈ, ਇਸ ਤੇ ਵਿਚਾਰ ਕਰੋ। ਤੁਹਾਡਾ ਬਹੁਤ ਬਹੁਤ ਧੰਨਵਾਦ।

ਸ੍ਰੀ ਸ਼ਿਵ ਚੰਦ ਮਲੋਟ : ਫਾਈਨਾਂਸ ਮਨਿਸਟਰ ਬਹੁਤ ਚੰਗੇ ਹਨ, ਸਿਆਣੀਆਂ ਗੱਲਾਂ ਕਰਦੇ ਹਨ, ਪੈਸੇ ਵੀ ਦਿਲ ਖੋਲ੍ਹ ਕੇ ਦਿੰਦੇ ਹਨ। ਇਕ ਪਿਛਲੀ ਦਫਾ ਹਾਊਸ ਵਿਚ ਪਾਸ ਹੋਇਆ ਸੀ ਮੈਂਬਰਾਂ ਵਾਸਤੇ ਦੋ ਲੱਖ ਰੁਪਿਆ ਕਨਸਟਰੱਕਟਿਡ ਹਾਊਸ ਵਾਸਤੇ ਦਿੱਤਾ ਜਾਵੇਗਾ ਪਰ ਜਦੋਂ

ਹਾਊਸ ਖਰੀਦਦੇ ਹਾਂ ਤਾਂ ਰਜਿਸਟਰੇਸ਼ਨ ਵੇਲੇ 12% ਫੀਸ ਦੇਣੀ ਪੈਂਦੀ ਹੈ। ਇਸ ਤਰ੍ਹਾਂ ਨਾਲ ਇਕ ਲੱਖ ਪਿਛੇ ਬਾਰਾਂ ਸਾਢੇ ਬਾਰਾਂ ਹਜ਼ਾਰ ਰੁਪਿਆ ਮੈਂਬਰ ਨੂੰ ਦੇਣਾ ਪੈਂਦਾ ਹੈ। ਮੈਂਬਰਾਂ ਵਾਸਤੇ ਸਟੈਂਪ ਡਿਊਟੀ ਐਗਜ਼ੈਂਪਟ ਕੀਤੀ ਜਾਵੇ ਔਰ ਦੂਸਰਾ ਜਿਹੜੀ ਕਾਰ ਦੀ ਕੀਮਤ ਵੱਧ ਗਈ ਹੈ । ਜਿੰਨੀ ਵਧੀ ਹੈ ਉਨਾਂ ਰੁਪਿਆਂ ਦਿੱਤਾ ਜਾਵੇ। ਪਹਿਲਾਂ 85 ਹਜ਼ਾਰ ਰੁਪਿਆ ਸੀ ਹੁਣ ਲੱਖ ਦੋ ਲੱਖ ਦੀ ਆਉਂਦੀ ਹੈ ਉਤਨਾ ਹੀ ਪੈਸਾ ਦਿਓ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) . ਪੰਡਿਤ ਜੀ ਨੇ ਜੋ ਪੁਆਇੰਟ ਰੇਜ਼ ਕੀਤਾ ਹੈ ਲੈਜਿਸਲੇਟਰਜ਼ ਦਾ ਔਰ ਡੋਡ ਸਾਹਿਬ ਨੇ ਕੀਤਾ ਹੈ ਕਿ ਟੈਲੀਫੂਨ ਦੇ ਚਾਰਜਿਜ਼ ਵੱਧ ਗਏ ਹਨ, ਬਹੁਤ ਸਾਰੇ ਚਾਰਜਿਜ਼ ਵੱਧ ਗਏ ਹਨ, ਮੈਂ ਸਮਝਦਾ ਹਾਂ ਕਿ ਜਿੰਨੇ ਲੈਜਿਸਲੇਟਰਜ਼ ਹਨ ਉਨ੍ਹਾਂ ਦੀ ਪਬਲਿਕ ਡਿਊਟੀਜ਼ ਜ਼ਿਆਦਾ ਹਨ ਔਰ ਪਬਲਿਕ ਡਿਊਟੀਜ਼ ਪਰਫਾਰਮ ਕਰਨ ਲਈ ਟੈਲੀਫੂਨ ਚਾਰਜਿਜ਼ ਔਰ ਪੋਸਟੇਜ ਜ਼ਿਆਦਾ ਹੈ। ਸਾਡੇ ਹਾਊਸ ਦੀ ਜਨਰਲ ਪਰਪਜ਼ਿਜ਼ ਕਮੇਟੀ ਐਗਜ਼ਿਮਟ ਕਰਦੀ ਹੈ। ਸਪੀਕਰ ਸਾਹਿਬ, ਮੀਟਿੰਗ ਬੁਲਾ ਕੇ ਲੈਜਿਸਲੇਟਰਜ਼ ਨੂੰ ਬੁਲਾ ਕੇ ਜੋ ਫੈਸਲਾ ਕਰਨਗੇ, ਸਰਕਾਰ ਉਸ ਨੂੰ ਮਨਜ਼ੂਰ ਕਰੇਗੀ ਔਰ ਜੇਕਰ ਸਰਟਨ ਰੈਲੇਵੈਂਟ ਆਰਡੀਨੈਂਸ ਕਰਨਾ ਪਿਆ ਤਾਂ ਅਸੀਂ ਤਿਆਰ ਹਾਂ।

ਸੰਸਦੀ ਮਾਮਲਿਆਂ ਦੇ **ਰਾਜ ਮੰਤਰੀ** (ਸਰਦਾਰ ਬਲਦੇਵ ਸਿੰਘ ਮਾਨ) : ਡਿਪਟੀ ਸਪੀਕਰ ਸਾਹਿਬ, ਇਹ ਜੋ ਬਿਲ ਹੈ ਪਿਛਲੀ ਪ੍ਰੋਸੀਡਿੰਗਜ਼ ਦਾ ਇਕ ਹਿੱਸਾ ਹੈ ਜਦੋਂ ਜਨਰਲ ਪਰਪੱਜ਼ਿਜ਼ ਕਮੇਟੀ ਨੇ ਭੱਤੇ ਵਧਾਉਣ ਵਾਸਤੇ ਵਿਚਾਰ ਕੀਤਾ ਹੈ। ਇਸ ਕਰਕੇ ਮਨਿਸਟਰ ਸਾਹਿਬ, ਇਸ ਹਾਊਸ ਦੇ ਮੈਂਬਰ ਹਨ, ਇਸ ਲਈ ਉਨ੍ਹਾਂ ਦੀਆਂ ਫੈਸਿਲਟਿਟੀਜ਼ ਵੀ ਉਨ੍ਹਾਂ ਨੂੰ ਮਿਲਣੀਆਂ ਹਨ । ਜਿਸ ਤਰ੍ਹਾਂ ਮੈਂਬਰਜ਼ ਦੇ ਵਾਸਤੇ ਕੀਤਾ ਗਿਆ ਹੈ ਉਸ ਤਰ੍ਹਾਂ ਮਨਿਸਟਰਜ਼ ਲਈ ਕਰਨਾ ਸੀ। ਰਾਈਟ ਆਫ ਲੋਨ ਦਾ ਡੈੱਥ ਦੇ ਕੇਸ ਵਿਚ ਮਸਲਾ ਸੀ। ਜੇਕਰ ਕੋਈ ਮਾੜੀ ਘਟਨਾ ਘਟ ਜਾਵੇ ਤਾਂ ਉਨ੍ਹਾਂ ਦੇ ਕੇਸ ਵਿਚ ਵੀ ਰਾਈਟ ਆਫ ਹੋਣਾ ਚਾਹੀਦਾ ਹੈ। ਰਾਈਟ ਆਫ ਬਾਰੇ ਗੱਲ ਕੋਈ ਸੀ। ਫਿਰ ਜੇਕਰ ਆਊਟ ਆਫ ਇੰਡੀਆ ਮੈਂਬਰ ਸਾਹਿਬ ਜਾਣ ਤਾਂ ਕੂਪਨਜ਼ ਰਾਹੀਂ ਵੀ ਰੀਇੰਬਰਸਮੈਂਟ ਲੈ ਸਕਦੇ ਹਨ। ਆਊਟ ਆਫ ਇੰਡੀਆ ਫੈਸਿਲਿਟੀ ਐਕਸਟੈਂਡ ਕੀਤੀ ਹੈ, ਅਦਰਵਾਈਜ਼ ਸਾਰੀਆਂ ਫੈਸਿਲਿਟੀਜ਼ ਮਨਿਸਟਰਜ਼ ਐਨਜੁਆਏ ਕਰਦੇ ਹਨ। ਇਸ ਲਈ ਮੈਂ ਕਹਾਂਗਾ ਕਿ ਜ਼ਿਆਦਾ ਗੱਲ ਨਹੀਂ ਹੈ and the Bill be passed.

Mr. Deputy Speaker : Question is—

> That the East Punjab Ministers' Salaries (Amendment) Bill be taken into consideration at once.

The Motion was carried.

Mr. Deputy Speaker : Now the House will proceed to consider the Bill clause by clause.

ਜੇਕਰ ਤੁਸੀਂ ਸਾਰੇ ਮੈਂਬਰ ਸਹਿਮਤ ਹੋ ਤਾਂ ਸਾਰੀਆਂ ਕਲਾਜ਼ਿਜ਼ ਇਕੱਠੀਆਂ ਲੈ ਲਈਏ।

ਆਵਾਜ਼ਾਂ : ਠੀਕ ਹੈ ਜੀ ।

Sub-clause (2) of Clause 1, Clause 2, Clause 3, Clause 4, Clause 5 and Sub-clause (1) of Clause 1

Mr. Deputy Speaker : Question is—

That sub-Clause (2) of Clause 1, Clause 2, Clause 3, Clause 4, Clause 5 and Sub-Clause (1) of Clause 1 stand part of the Bill.

The Motion was carried.

TITLE

Mr. Deputy Speaker : Question is—

That Title be the Title of the Bill.

The Motion was carried.

Minister of State for Parliamentary Affairs (Sardar Baldev Singh Maan) : Sir, I beg to move—

That the East Punjab Ministers' Salaries (Amendment) Bill be passed.

Mr. Deputy Speaker : Motion moved—

That the East Punjab Ministers' Salaries (Amendment) Bill be passed.

Mr. Deputy Speaker : Question is—

That the East Punjab Ministers' Salaries (Amendment) Bill be passed.

The Motion was carried.

THE SALARIES AND ALLOWANCES OF DEPUTY MINISTER, PUNJAB (AMENDMENT) BILL, 1986

Minister of State for Parliamentary Affairs (Sardar Baldev Singh Maan) : Sir, I beg to introduce the Salaries and Allowances of Deputy Ministers, Punjab (Amendment) Bill.

Sir, I also beg to move—

That the Salaries and Allowances of Deputy Ministers, Punjab (Amendment) Bill be taken into consideration at once.

ਡਿਪਟੀ ਸਪੀਕਰ ਸਾਹਿਬ, ਪਹਿਲੇ ਬਿਲ ਦੀ ਨੇਚਰ ਦਾ ਇਹ ਬਿਲ ਹੈ, ਉਸ ਤਰ੍ਹਾਂ ਦਾ ਬਿਲ ਹੈ, ਮੈਂ ਸਮਝਦਾ ਹਾਂ ਕਿ ਇਸ ਬਿਲ ਨੂੰ ਵੀ ਪਾਸ ਕਰ ਦੇਣਾ ਚਾਹੀਦਾ ਹੈ ।

Mr. Deputy Speaker : Motion moved—

That the Salaries and Allowances of Deputy Ministers, Punjab (Amendment) Bill be taken into consideration at once.

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ (ਲੁਧਿਆਣਾ ਪੱਛਮੀ) : ਡਿਪਟੀ ਸਪੀਕਰ ਸਾਹਿਬ, ਇਹ ਤਨਖਾਹ ਜਿਹੜੀ ਹੈ ਇਹ ਬਰਾਬਰ ਹੋਣੀ ਚਾਹੀਦੀ ਹੈ, ਚਾਹੇ ਉਹ ਡਿਪਟੀ ਮਨਿਸਟਰ ਹੈ, ਭਾਵੇਂ ਪਾਰਲੀਆਮੈਂਟਰੀ ਸੈਕਟਰੀ ਹੈ, ਮਨਿਸਟਰ ਹੈ ਜਾਂ ਐਮ.ਐਲ.ਏ. ਹੈ, ਤਾਂਕਿ ਇਹ ਜਿਹੜੀ ਮਨਿਸਟਰ ਦੀ ਦੌੜ ਹੈ ਇਹ ਨਾ ਰਹਿ ਜਾਏ । ਸਾਰੀਆਂ ਸਹੂਲਤਾਂ ਇਕੋ ਜਿਹੀਆਂ ਹੋਣੀਆਂ ਚਾਹੀ-ਦੀਆਂ ਹਨ । ਇਕ ਹੋਰ ਚੀਜ਼ ਜਿਸ ਤਰ੍ਹਾਂ ਮਕਾਨ ਦਾ ਲੋਨ ਮਰਨ ਤੇ ਜਾਂ ਹੱਤਿਆ ਹੋਣ ਤੇ ਰਾਈਟ ਆਫ ਹੋ ਜਾਂਦਾ ਹੈ ਇਸੇ ਤਰ੍ਹਾਂ ਜਿਹੜਾ ਕਾਰ ਦਾ ਲੋਨ ਹੈ ਇਹ ਵੀ ਉਸ ਦੇ ਮਰਨ ਤੇ ਰਾਈਟ ਆਫ ਹੋ ਜਾਣਾ ਚਾਹੀਦਾ ਹੈ । (ਵਿਘਨ)

(ਕਈ ਅਵਾਜ਼ਾਂ : ਇਹ ਪਹਿਲੇ ਵੀ ਹੈ ।)

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ (ਗੁਰਦਾਸਪੁਰ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਨਾਲ ਸਹਿਮਤ ਹਾਂ ਕਿ ਡਿਪਟੀ ਮਨਿਸਟਰ, ਮਨਿਸਟਰ ਔਰ ਸੀ.ਐਮ. ਦੇ ਅਲਾਊਂਸ ਵੱਧਣੇ ਚਾਹੀਦੇ ਹਨ ਔਰ ਬਰਾਬਰ ਹੋਣੇ ਚਾਹੀਦੇ ਹਨ। ਲੇਕਿਨ ਇਕ ਗੱਲ ਮੈਂ ਹੋਰ ਇਹ ਕਹਾਂਗੀ ਕਿ ਲਾਅ ਐਂਡ ਆਰਡਰ ਦੀ ਰਿਸਪਾਂਸੇਬਿਲਟੀ ਵੀ ਫਿਕਸ ਕਰਨੀ ਚਾਹੀਦੀ ਹੈ। ਇਸ ਵੇਲੇ ਜੋ ਲਾਅ ਐਂਡ ਆਰਡਰ ਦੀ ਹਾਲਤ ਹੈ ਇਸ ਦੀ ਰਿਸਪਾਂਸੇਬਿਲਟੀ ਵੀ ਫਿਕਸ ਕਰਨੀ ਚਾਹੀਦੀ ਹੈ । ਮੈਂ ਇਹ ਚੀਜ਼ ਕਹਿੰਦੀ ਹਾਂ ਕਿ ਇਹ ਹਾਲਾਤ ਠੀਕ ਕਰਨ ਲਈ ਸਾਨੂੰ 24 ਘੰਟੇ ਕੰਮ ਤੇ ਲਾ ਦਿਓ, ਪਿੰਡਾਂ ਵਿਚ ਗਲੀਆਂ ਵਿਚ ਜਿਥੇ ਮਰਜ਼ੀ ਆਏ ਭੇਜੋ ਪਰ ਇਹ ਹਾਲਾਤ ਠੀਕ ਹੋਣੇ ਚਾਹੀਦੇ ਹਨ। ਅੱਜ ਇਥੇ ਮੇਰੇ ਇਕ ਵੀਰ ਨੇ ਕਿਹਾ ਹੈ ਕਿ ਇਸ ਹਾਊਸ ਵਿਚ ਵੀ ਹਥਿਆਰਬੰਦ ਆਦਮੀ ਰਖੇ ਹੋਏ ਹਨ (ਵਿਘਨ) ਇਹ ਠੀਕ ਨਹੀਂ। ਅਸੀਂ ਇਕੋ ਗੁਰੂ ਦੀ ਸੰਤਾਨ ਹਾਂ ਔਰ ਅਸੀਂ ਮਰਨ ਲਈ ਵੀ ਤਿਆਰ ਹਾਂ ਪਰ ਸਾਨੂੰ ਪੰਜਾਬ ਨੂੰ ਬਚਾਉਣਾ ਚਾਹੀਦਾ ਹੈ । ਇਹ ਜਿਹੜੇ ਜ਼ਖਮ ਹਨ ਇਨ੍ਹਾਂ ਤੇ ਮਰਹਮ ਪੱਟੀ ਕਰਨੀ ਚਾਹੀਦੀ ਹੈ ਔਰ ਰਿਸਪਾਂਸੇਬਿਲਟੀ ਜ਼ਰੂਰ ਫਿਕਸ ਕਰਨੀ ਚਾਹੀਦੀ ਹੈ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਬੀਬੀ ਜੀ ਦਾ ਮਤਲਬ ਹੈ ਕਿ ਲਾਅ ਐਂਡ ਆਰਡਰ ਠੀਕ ਹੋਵੇ ਤਾਂ ਤਨਖਾਹ ਦੇਵੋ ਨਹੀਂ ਤਾਂ ਬੰਦ ਕਰੋ।

ਸੰਸਦੀ ਮਾਮਲਿਆਂ ਦੇ ਰਾਜ ਮੰਤਰੀ (ਸਰਦਾਰ ਬਲਦੇਵ ਸਿੰਘ ਮਾਨ) : ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਇਸ ਦੇ ਬਾਰੇ ਦੱਸ ਚੁੱਕਾ ਹਾਂ ਅਤੇ ਹੁਣ ਮੈਂ ਬੇਨਤੀ ਕਰਾਂਗਾ ਕਿ ਇਸ ਬਿਲ ਨੂੰ ਪਾਸ ਕੀਤਾ ਜਾਵੇ।

Mr. Deputy Speaker : Question is—

That the Salaries and Allowances of Deputy Ministers, Punjab (Amendment) Bill be taken into consideration at once.

The Motion was carried.

Mr. Deputy Speaker : Now the House will proceed to consider the Bill clause by clause.

Mr. Deputy Speaker : Is it the pleasure of the House that all the Clauses of the Bill be put to the vote of the House together ?

Voices : Yes, yes

Sub-Clause (2) of Clause 1, Clause 2, Clause 3, Clause 4, Clause 5, Clause 6 and Sub-Clause (1) of Clause 1.

Mr. Deputy Speaker : Question is—

That Sub-Clause (2) of Clause 1, Clause 2, Clause 3, Clause 4, Clause 5, Clause 6 and Sub-Clause (1), of Clause 1 stand part of the Bill.

The Motion was carried.

TITLE

Mr. Deputy Speaker : Question is—

That Title be the Title of the Bill.

The Motion was carried.

Minister of State for Parliamentary Affairs (Sardar Baldev Singh Maan) : Sir, I beg to move—

That the Salaries and Allowances of Deputy Ministers, Punjab (Amendment) Bill be passed.

Mr. Deputy Speaker : Motion moved—

That the Salaries and Allowances of Deputy Ministers Punjab (Amendment) Bill be passed.

Mr. Deputy Speaker : Question is—

That the Salaries and Allowances of Deputy Ministers Punjab (Amendment) Bill be passed.

The Motion was carried.

THE PUNJAB LEGISLATIVE ASSEMBLY SPEAKER'S AND DEPUTY SPEAKER'S SALARIES (AMENDMENT) BILL, 1986

Minister of State for Parliamentary Affairs (Sardar Baldev Singh Mann) : Sir, I beg to introduce the Punjab Legislative Assembly Speaker's and Deputy Speaker's Salaries (Amendment) Bill.

Sir, I also beg to move—

That the Punjab Legislative Assembly Speaker's and Deputy Speaker's Salaries (Amendment) Bill be taken into consideration at once.

Mr. Deputy Speaker : Motion moved—

That the Punjab Legislative Assembly Speaker's and Deputy Speaker's Salaries (Amendment) Bill be taken into consideration at once.

Mr. Deputy Speaker : Question is—

That the Punjab Legislative Assembly Speaker's and Deputy Speaker's Salaries (Amendment) Bill be taken into consideration at once.

The Motion was carried.

Mr. Deputy Speaker : Now the House will proceed to consider the Bill Clause by Clause.

Mr. Deputy Speaker : Is it the pleasure of the House that all the Clauses of the Bill be put to the vote of the House together ?

(*Voices : yes, yes*)

Sub-Clause (2) of Clause 1, Clause 2, Clause 3, Clause 4, Clause 5, Clause 6, Clause 7 and Sub-Clause (1) of Clause 1

Mr. Deputy Speaker : Question is—

That Sub-Clause (2), of Clause 1, Clause 2, Clause 3, Clause 4, Clause 5, Clause 6, Clause 7, and Sub-Clause (1), of Clause 1 stand part of the Bill.

The Motion was carried

TITLE

Mr. Deputy Speaker : Question is—

That Title be the Title of the Bill.

The Motion was carried.

Minister of State for Parliamentary Affairs (Sardar Baldev Singh Maan) : Sir, I beg to move—

That the Punjab Legislative Assembly Speaker's and Deputy Speaker's Salaries (Amendment) Bill be passed.

Mr. Deputy Speaker : Motion moved—

That the Punjab Legislative Assembly Speaker's and Deputy Speaker's Salaries (Amendment) Bill be passed.

Mr. Deputy Speaker : Question is—

That the Punjab Legislative Assembly Speaker's and Deputy Speaker's Salaries (Amendment) Bill be passed.

The Motion was carried.

THE SALARY AND ALLOWANCES OF LEADER OF OPPOSITION IN LEGISLATIVE ASSEMBLY (AMENDMENT) BILL, 1986

Minister of State for Parliamentary Affairs (Sardar Baldev Singh Maan) : Sir, I beg to introduce the Salary and Allowances of Leader of Opposition in Legislative Assembly (Amendment) Bill.

Sir, I also beg to move—

That the Salary and Allowances of Leader of Opposition in Legislative Assembly (Amendment) Bill be taken into consideration at once.

Mr. Deputy Speaker : Motion moved—

That the Salary and Allowances of Leader of Opposition in Legislative Assembly (Amendment) Bill be taken into consideration at once.

ਪੰਡਿਤ **ਮੋਹਨ ਲਾਲ** (ਹੁਸ਼ਿਆਰਪੁਰ) : ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਸੁਜੈਸ਼ਨ ਅਸੀਂ ਦਿੱਤੀ ਸੀ ਕ੍ਰਿਪਾ ਕਰਕੇ ਉਹ ਕਲਾਜ਼ ਇਸ ਵਿਚ ਐਡ ਕਰ ਦਿੱਤੀ ਜਾਵੇ। ਜਿਹੜੀ ਟੈਲੀਫੂਨ ਵਾਲੀ ਕਲਾਜ਼ ਹੈ ਜਿਵੇਂ ਮਨਿਸਟਰ ਵਾਸਤੇ ਰਖੀ ਹੈ, ਉਸੇ ਤਰ੍ਹਾਂ ਇਹ ਵੀ ਪਾ ਦਿਓ।

ਵਿੱਤ ਮੰਤਰੀ : ਸਾਨੂੰ ਮਨਜ਼ੂਰ ਹੈ ਪਰ ਲਾਅ ਡਿਪਾਰਟਮੈਂਟ ਇਹ ਕਹਿੰਦਾ ਹੈ ਕਿ Leader of Opposition already enjoys. We accept this.

ਸੰਸਦੀ ਮਾਮਲਿਆਂ ਦੇ **ਰਾਜ ਮੰਤਰੀ :** ਜਿਸ ਤਰ੍ਹਾਂ ਐਫ.ਐਮ. ਸਾਹਿਬ ਨੇ ਐਸ਼ੋਰੈਂਸ ਦਿਤੀ ਹੈ, ਇਹ ਮਨਜ਼ੂਰ ਕਰ ਲਵਾਂਗੇ।

Mr. Deputy Speaker : Question is—

That the Salary and Allowances of leader of Opposition in Legislative Assembly (Amendment) Bill be taken into consideration at once.

The Motion was carried.

Mr. Deputy Speaker : Now the House will proceed to consider the Bill Clause-by-Clause.

Mr. Deputy Speaker : Is it the pleasure of the House that all the Clauses of the Bill be put to the vote of the House together ?

(*Voices, yes, yes*)

Sub-Clause (2) of Clause 1, Clause 2, Clause 3, Clause 4 and Sub-Clause (1) of Clause 1

Mr. Deputy Speaker : Question is—

That Sub-clause (2), of Clause 1, Clause 2, Clause 3, Clause 4 and Sub-Clause (1) of Clause 1 stand part of the Bill.

The Motion was carried.

TITLE

Mr. Deputy Speaker : Question is—

That Title be the Title of the Bill.

The Motion was carried.

Minister of State for Parliamentary Affairs (Sardar Baldev Singh Mann) : Sir, I beg to move—

That the Salary and Allowances of Leader of Opposition in Legislative Assembly (Amendment) Bill be passed.

Mr. Deputy Speaker : Motion moved—

That the Salary and Allowances of Leader of Opposition in Legislative Assembly (Amendment) Bill be passed.

Mr. Deputy Speaker : Question is—

That the Salary and Allowances of Leader of Opposition in Legislative Assembly (Amendment) Bill be passed.

The Motion was carried.

———

THE PUNJAB PANCHAYAT SAMITIS AND ZILA PARISHADS (TEMPORARY SUPERSESSION) AMENDMENT BILL, 1986

ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ (ਸਰਦਾਰ ਬਲਦੇਵ ਸਿੰਘ ਖਿਆਲਾ) : ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ (ਆਰਜ਼ੀ ਅਧਿਲੰਘਣ) ਸੋਧਨਾ ਬਿਲ ਪੇਸ਼ ਕਰਦਾ ਹਾਂ ।

ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ :—

ਕਿ ਪੰਜਾਬ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ (ਆਰਜ਼ੀ ਅਧਿਲੰਘਣ) ਸੋਧਨਾ ਬਿਲ ਤੇ ਤੁਰਤ ਵਿਚਾਰ ਕੀਤਾ ਜਾਵੇ ।

Mr. Deputy Speaker : Motion moved—

That the Punjab Panchayat Samities and Zila Parishads (Temporary Supersession) Amendment Bill be taken into consideration at once.

ਪੰਡਿਤ ਸਰਵਣ ਰਾਮ ਮਨਸੋਵਾਲੀਆ (ਗੜ੍ਹਸ਼ੰਕਰ): ਡਿਪਟੀ ਸਪੀਕਰ ਸਾਹਿਬ, ਇਹ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦਾ ਸਿਸਟਮ ਕਾਫੀ ਦੇਰ ਤੋਂ ਥ੍ਰੀ ਟਾਇਰ ਸਿਸਟਮ ਪੰਜਾਬ ਵਿਚ ਚਲ ਰਿਹਾ ਹੈ । ਇਸ ਦਾ ਮੁੱਢ ਪੰਚਾਇਤਾਂ ਹਨ ਅਤੇ ਇਸ ਤੋਂ ਬਾਦ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਹਨ । ਕਾਫੀ ਦੇਰ ਤੋਂ ਇਹ ਸਿਸਟਮ ਠੀਕ ਨਹੀਂ ਚਲ ਰਿਹਾ ਹੈ ਕਿਉਂਕਿ ਖਾਸ ਤੌਰ ਤੇ ਪੰਚਾਇਤ ਦੇ ਸਰਪੰਚਾਂ ਅਤੇ ਪੰਚਾਂ ਨੂੰ ਸਰਕਾਰ ਦੇ ਅਫਸਰ ਮਾਨਤਾ ਨਹੀਂ ਦਿੰਦੇ ਹਨ ਅਤੇ ਉਹ ਆਦਰ ਜਿਹੜਾ ਇਕ ਪਬਲਿਕ ਮੈਨ ਨੂੰ ਮਿਲਣਾ ਚਾਹੀਦਾ ਹੈ ਉਹ ਨਹੀਂ ਮਿਲਦਾ । ਅਫਸਰ ਉਨ੍ਹਾਂ ਨੂੰ ਚੌਕੀਦਾਰ ਦੇ ਤੌਰ ਤੇ ਟਰੀਟ ਕਰਦੇ ਹਨ । ਮੈਂ ਸਮਝਦਾ ਹਾਂ ਕਿ ਪੰਚਾਂ, ਸਰਪੰਚਾਂ, ਐਮ. ਐਲ. ਏਜ਼, ਐਮ. ਪੀਜ਼ ਨੂੰ ਅਫਸਰਾਂ ਵਲੋਂ ਪੂਰੀ ਮਾਨਤਾ ਮਿਲਣੀ ਚਾਹੀਦੀ ਹੈ ਕਿਉਂਕਿ ਇਹ ਪਬਲਿਕ ਦੇ ਨੁਮਾਇੰਦੇ ਹੁੰਦੇ ਹਨ। ਮੈਂ ਸਮਝਦਾ ਹਾਂ ਕਿ ਜਦ ਤੱਕ ਥੱਲੇ ਤੋਂ ਪਬਲਿਕ ਦੇ ਜਿਹੜੇ ਨੁਮਾਇੰਦੇ ਹਨ ਉਨ੍ਹਾਂ ਨੂੰ ਮਾਨਤਾ ਅਤੇ ਆਦਰ ਅਫਸਰਾਂ ਵਲੋਂ ਨਹੀਂ ਮਿਲਦਾ ਉਤਨੀ ਦੇਰ ਤੱਕ ਲੋਕ ਰਾਜ ਚਲ ਨਹੀਂ ਸਕਦਾ। ਸਰਕਾਰ ਵਲੋਂ ਅਫਸਰਾਂ ਨੂੰ ਹੁਕਮ ਹੋਣਾ ਚਾਹੀਦਾ ਹੈ ਕਿ ਉਹ ਉਨ੍ਹਾਂ ਪਬਲਿਕ ਦੇ ਨੁਮਾਇੰਦਿਆਂ ਨੂੰ ਪੂਰੀ ਤਰ੍ਹਾਂ ਇਜ਼ਤ ਮਾਣ ਦੇਣ ਤਾਂ ਹੀ ਪੰਚਾਇਤੀ ਰਾਜ ਸਿਸਟਮ ਕਾਮਯਾਬ ਹੋਵੇਗਾ ਅਤੇ ਇਸ ਦਾ ਮਕਸਦ ਪੂਰਾ ਹੋਵੇਗਾ। ਇਹ ਠੀਕ ਹੈ ਕਿ ਸਾਡੀ ਕਾਂਗਰਸ ਪਾਰਟੀ ਵੀ ਇਨ੍ਹਾਂ ਦੀਆਂ ਇਲੈਕਸ਼ਨਾਂ ਨਹੀਂ ਕਰਵਾ ਸਕੀ ਸੀ ਅਤੇ ਇਨ੍ਹਾਂ ਉਤੇ ਹਮੇਸ਼ਾਂ ਐਡਮਿਨਿਸਟਰੇਟਰਜ਼ ਲਗੇ ਰਹੇ ਹਨ। ਇਸ ਲਈ, ਜਿਹੜੇ ਇਸ ਤਰ੍ਹਾਂ ਪਬਲਿਕ ਦੇ ਅਦਾਰੇ ਹਨ ਉਥੇ ਇਲੈਕਸ਼ਨਾਂ ਕਰਵਾ ਦੇਣੀਆਂ ਚਾਹੀਦੀਆਂ ਹਨ। ਪੰਜਾਬ ਵਿਚ ਨਾ ਜ਼ਿਲ੍ਹਾ ਪਰਿਸ਼ਦਾਂ ਹਨ ਅਤੇ ਨਾ ਪੰਚਾਇਤ ਸੰਮਿਤੀਆਂ ਹਨ ਔਰ ਇਥੇ ਬੀ. ਡੀ. ਓਜ਼ ਅਤੇ ਬੀ. ਡੀ. ਪੀ. ਓਜ਼ ਆਪਣੀ ਮਨ ਮਰਜ਼ੀ ਚਲਾ ਰਹੇ ਹਨ ਅਤੇ ਆਪਣੇ ਹਿਸਾਬ ਨਾਲ ਲੋਕਾਂ ਨਾਲ ਡੀਲ ਕਰ ਰਹੇ ਹਨ। ਇਸ ਸਿਸਟਮ ਨੂੰ ਠੀਕ ਕਰਨ ਲਈ ਸਰਕਾਰ ਵਲੋਂ ਹਦਾਇਤਾਂ ਅਫਸਰਾਂ ਨੂੰ ਹੋਣੀਆਂ ਚਾਹੀਦੀਆਂ ਹਨ ਕਿ ਇਸ ਨੂੰ ਪਬਲਿਕ ਮੈਨ ਦੀ ਇਛਾ ਦੇ ਮੁਤਾਬਿਕ ਚਲਾਇਆ ਜਾਵੇ। ਇਸ ਦੇ ਵਿਚ ਅਫਸਰ ਆਪਣੇ ਅਧਿਕਾਰਾਂ ਦੀ ਕਾਫੀ ਦੁਰਵਰਤੋਂ ਕਰ ਰਹੇ ਹਨ ਅਤੇ ਕਾਫੀ ਮਨਮਰਜ਼ੀ ਕਰ ਰਹੇ ਹਨ ਅਤੇ ਆਪਣੀ ਮਰਜ਼ੀ ਦੇ ਨਾਲ ਭੱਠਿਆਂ ਵਾਲਿਆਂ ਦੇ ਨਾਲ ਮਿਲੇ ਹੋਏ ਹਨ। ਇਹ ਇੱਟਾਂ ਸਿੱਧੀਆਂ ਪੰਚਾਂ ਅਤੇ ਸਰਪੰਚਾਂ ਨੂੰ ਮਿਲਣੀਆਂ ਚਾਹੀਦੀਆਂ ਹਨ। ਹੁਣ ਜੋ ਰਿਕਾਰਡ ਹੈ ਉਹ ਸੈਕਟਰੀ ਰੱਖਦਾ ਹੈ ਅਤੇ ਉਸ ਦੀ ਜ਼ਿੰਮੇਵਾਰੀ ਹੈ ਪਰ ਉਹ ਰਿਕਾਰਡ ਵਿਚ ਪੰਚ ਅਤੇ ਸਰਪੰਚ ਨੂੰ ਫਸਾ ਦਿੰਦੇ ਹਨ। ਸੈਕਟਰੀ ਇਸ ਤਰ੍ਹਾਂ ਨਾਲ ਰਿਕਾਰਡ ਵਿਚ ਹਿਸਾਬ ਕਿਤਾਬ ਬਣਾਉਂਦੇ ਹਨ ਕਿ ਸਰਪੰਚ

[ਪੰਡਿਤ ਸਰਵਣ ਰਾਮ ਮਨਸੋਵਾਲੀਆ]

ਅਤੇ ਪੰਚ ਨੂੰ ਵਿਚ ਫਸਾ ਦਿੰਦੇ ਹਨ ਕਿਉਂਕਿ ਆਮ ਤੌਰ ਤੇ ਪੰਚ ਅਤੇ ਸਰਪੰਚ ਅਨਪੜ੍ਹ ਹੁੰਦੇ ਹਨ ਔਰ ਉਨ੍ਹਾਂ ਦਾ ਸਾਰਾ ਹਿਸਾਬ ਕਿਤਾਬ ਸੈਕਟਰੀ ਲਿਖਦਾ ਹੈ। ਕਈ ਵਾਰ ਸੈਕਟਰੀ ਰਜਿਸਟਰ ਲੁਕਾ ਲੈਂਦਾ ਹੈ ਜਿਸ ਨਾਲ ਬੀ. ਡੀ. ਓ. ਪੰਚਾਂ ਅਤੇ ਸਰਪੰਚਾਂ ਨੂੰ ਇਲੈਕਸ਼ਨ ਲੜਣ ਦੀ ਇਜਾਜ਼ਤ ਨਹੀਂ ਦਿੰਦੇ ਹਨ। ਬਹਾਨਾ ਇਹ ਬਣਾਇਆ ਜਾਂਦਾ ਹੈ ਕਿ ਤੇਰਾ ਰਜਿਸਟਰ ਨਹੀਂ ਮਿਲ ਰਿਹਾ ਹੈ। ਕੰਡੀ ਦੇ ਇਲਾਕੇ ਵਿਚ ਜਿਹੜੀਆਂ ਪੰਚਾਇਤਾਂ ਹਨ ਉਥੇ ਬਹੁਤ ਆਮਦਨੀ ਹੁੰਦੀ ਹੈ। ਇਸ ਦੇ ਵਿਚ ਜਿਹੜੇ ਬੀ. ਡੀ. ਓਜ਼ ਅਤੇ ਬੀ. ਡੀ. ਪੀ. ਓਜ਼ ਲਗੇ ਹੋਏ ਹਨ ਉਹ ਪੈਸਾ ਖਾ ਜਾਂਦੇ ਹਨ, ਜਿਸ ਦੇ ਨਾਲ ਪੰਚਾਂ ਅਤੇ ਸਰਪੰਚਾਂ ਨੂੰ ਪਰੇਸ਼ਾਨ ਹੋਣਾ ਪੈਂਦਾ ਹੈ। ਇਸ ਦਾ ਅਰੇਂਜਮੈਂਟ ਹੋਣਾ ਚਾਹੀਦਾ ਹੈ ਜਿਸ ਦੇ ਨਾਲ ਪੰਚਾਂ ਅਤੇ ਸਰਪੰਚਾਂ ਦੀ ਮੱਦਦ ਹੋ ਸਕੇ ਅਤੇ ਉਨ੍ਹਾਂ ਨੂੰ ਪੂਰੀ ਮਾਨਤਾ ਅਫਸਰਾਂ ਵਲੋਂ ਮਿਲ ਸਕੇ ਅਤੇ ਅਫਸਰਾਂ ਦੀ ਮਨ ਮਰਜ਼ੀ ਬੰਦ ਹੋਣੀ ਚਾਹੀਦੀ ਹੈ। ਇਹ ਬੜੇ ਦੁੱਖ ਦੀ ਗੱਲ ਹੈ। ਮੈਂ ਸਮਝਦਾ ਹਾਂ ਕਿ ਜ਼ਿਲ੍ਹਾ ਪਰਿਸ਼ਦਾਂ/ਪੰਚਾਇਤ ਸੰਮਿਤੀਆਂ ਨੂੰ ਵੱਧ ਤੋਂ ਵੱਧ ਇਖਤਿਆਰ ਦਿੱਤੇ ਜਾਣੇ ਚਾਹੀਦੇ ਹਨ ਤਾਂਕਿ ਲੋਕਰਾਜ ਬਹਾਲ ਰਹਿ ਸਕੇ ਅਤੇ ਪਰਫੁੱਲਤ ਹੋ ਸਕੇ ਅਤੇ ਠੀਕ ਤਰੀਕੇ ਨਾਲ ਚਲ ਸਕੇ। ਇਹ ਠੀਕ ਹੈ ਕਿ ਇਸ ਦੇ ਲਈ ਮਨਿਸਟਰ ਸਾਹਿਬ ਨੇ ਕਾਫੀ ਕੋਸ਼ਿਸ਼ ਕੀਤੀ ਹੈ। ਇਸ ਦੇ ਵਿਚ ਸੁਧਾਰ ਲਿਆਉਣ ਲਈ, ਕਾਨੂੰਨ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਬਿਲ ਲਿਆਉਣਾ ਚਾਹੀਦਾ ਹੈ ਨਹੀਂ ਤਾਂ ਪੰਚਾਇਤੀ ਰਾਜ ਸਿਸਟਮ ਅਧੂਰਾ ਰਹਿ ਜਾਵੇਗਾ। ਇਹ ਅਫਸਰਾਂ ਦੇ ਹੱਥ ਵਿਚ ਤਾਕਤ ਨਹੀਂ ਹੋਣੀ ਚਾਹੀਦੀ। ਇਹ ਪਾਵਰਜ਼ ਪੰਚਾਇਤ ਸੰਮਿਤੀਆਂ ਦੇ ਚੇਅਰਮੈਨ ਕੋਲ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਦੀਆਂ ਇਲੈਕਸ਼ਨਾਂ ਸਰਕਾਰ ਨੂੰ ਕਰਵਾ ਦੇਣੀਆਂ ਚਾਹੀਦੀਆਂ ਹਨ ਤਾਂਕਿ ਲੋਕਾਂ ਦੇ ਹੱਥ ਵਿਚ ਤਾਕਤ ਆ ਸਕੇ। ਅਸੀਂ ਤਾਂ ਇਸ ਦੀਆਂ ਇਲੈਕਸ਼ਨਾਂ ਨਹੀਂ ਕਰਵਾ ਸਕੇ ਸੀ ਤੁਸੀਂ ਤਾਂ ਆਪਣੇ ਰਾਜ ਵਿਚ ਇਸ ਦੀਆਂ ਇਲੈਕਸ਼ਨਾਂ ਕਰਵਾ ਲਵੋ ਅਤੇ ਡੇਟ ਮੁਕੱਰਰ ਕਰ ਦਿਓ ਤਾਕਿ ਲੋਕਰਾਜ ਦੀਆਂ ਲੀਹਾਂ ਮਜ਼ਬੂਤ ਹੋ ਸਕਣ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਖਤਮ ਕਰਦਾ ਹਾਂ। ਇਸ ਦੀਆਂ ਇਲੈਕਸ਼ਨਾਂ ਦੇ ਨਾਲ ਛੋਟੇ ਛੋਟੇ ਲੀਡਰਜ਼ ਵਿਚ ਤਾਕਤ ਆਵੇਗੀ ਅਤੇ ਇਹ ਸਿਸਟਮ ਅੱਗੇ ਨੂੰ ਵਧੇਗਾ ਅਤੇ ਲੋਕ-ਰਾਜ ਮਜ਼ਬੂਤ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ।

ਸਰਦਾਰ ਜਸਦੇਵ ਸਿੰਘ ਸੰਧੂ (ਘਨੌਰ): ਡਿਪਟੀ ਸਪੀਕਰ ਸਾਹਿਬ, ਜੋ ਇਹ ਬਿਲ ਹਾਊਸ ਦੇ ਸਾਹਮਣੇ ਪੇਸ਼ ਹੈ ਇਸ ਦੀ ਮੈਂ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ। ਕਿਉਂਕਿ ਜਦੋਂ ਸਾਡੀ ਪਾਰਟੀ ਦੀ ਸਰਕਾਰ ਬਣੀ ਸੀ ਅਤੇ ਅਸੀਂ ਆਨੰਦਪੁਰ ਸਾਹਿਬ ਦੇ ਮਤੇ ਦੇ ਆਧਾਰ ਤੇ ਇਲੈਕਸ਼ਨਾਂ ਲੜ ਕੇ ਆਏ ਸੀ ਅਤੇ ਇਸ ਮਤੇ ਨੂੰ ਸਾਹਮਣੇ ਰੱਖ ਕੇ ਲੋਕਾਂ ਦੀਆਂ ਵੋਟਾਂ ਲੈ ਕੇ ਆਏ ਸੀ ਕਿ ਸੂਬਿਆਂ ਨੂੰ ਵੱਧ ਤੋਂ ਵੱਧ ਅਧਿਕਾਰ ਦਿੱਤੇ ਜਾਣ ਅਤੇ ਰਾਜਾਂ ਨੂੰ ਜ਼ਿਆਦਾ ਪਾਵਰਜ਼ ਹੋਣੀਆਂ ਚਾਹੀਦੀਆਂ ਹਨ। ਇਸ ਆਧਾਰ ਤੇ ਲੋਕਾਂ ਨੇ ਸਾਨੂੰ ਵੋਟਾਂ ਪਾਈਆਂ ਸਨ ਪਰ ਹੁਣ ਦੀ ਸਰਕਾਰ ਲੋਕਾਂ ਦੀਆਂ ਵੋਟਾਂ ਦੇ ਉਲਟ ਕੰਮ ਕਰ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਇਹ ਉਸ ਦੇ ਬਿਲਕੁਲ ਉਲਟ ਕੰਮ ਕਰ ਰਹੇ ਹਨ। ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਕਈ ਸਾਲਾਂ ਤੋਂ ਚੋਣਾਂ ਨਹੀਂ ਹੋ ਰਹੀਆਂ ਹਨ। ਕੀ ਇਹ ਜਮਹੂਰੀਅਤ ਦਾ ਮਜ਼ਾਕ ਨਹੀਂ ਹੈ? ਐਸ. ਡੀ. ਐਮ. ਅਤੇ ਡਿਪਟੀ ਕਮਿਸ਼ਨਰਾਂ ਕੋਲ ਹੋਰ ਇਤਨੇ ਕੰਮ ਹੁੰਦੇ ਹਨ। ਉਨ੍ਹਾਂ ਅਫਸਰਾਂ ਨੂੰ ਵਜ਼ੀਰ ਸਾਹਿਬਾਨ ਦੇ ਦੌਰਿਆਂ ਤੋਂ ਹੀ ਫੁਰਸਤ ਨਹੀਂ ਮਿਲਦੀ। ਉਹ ਪਿੰਡਾਂ ਦੀ ਡਿਵੈਲਪਮੈਂਟ ਵੱਲ ਬਿਲਕੁਲ ਧਿਆਨ ਨਹੀਂ ਦਿੰਦੇ। ਇਹ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਜੋ ਕਿ ਪਿੰਡਾਂ ਦੇ ਲੋਕਾਂ ਦੇ ਵਿਕਾਸ ਵਾਸਤੇ ਬਣਾਈਆਂ ਗਈਆਂ ਸਨ, ਉਹ ਇਕ ਹੁਣ ਨਕਾਰਾ ਹੋ ਕੇ ਰਹਿ ਗਈਆਂ ਹਨ। ਇਸ ਲਈ ਲੋਕਾਂ ਵਿਚ ਵਿਸ਼ਵਾਸ ਪੈਦਾ ਕਰਨ

ਵਾਸਤੇ ਔਰ ਲੋਕਾਂ ਵਿਚ ਨਵੀਂ ਲਹਿਰ ਪੈਦਾ ਕਰਨ ਵਾਸਤੇ ਹੇਠਾਂ ਵੱਧ ਤੋਂ ਵੱਧ ਅਧਿਕਾਰ ਦਿਤੇ ਜਾਣੇ ਚਾਹੀਦੇ ਹਨ। ਜਿਸ ਤਰ੍ਹਾਂ ਤੁਸੀਂ ਅਨੰਦਪੁਰ ਸਾਹਿਬ ਦੇ ਮਤੇ ਰਾਹੀਂ ਵੱਧ ਅਧਿਕਾਰ ਮੰਗਦੇ ਹੋ ਤਾਂ ਤੁਹਾਨੂੰ ਹੇਠਾਂ ਵੀ ਵੱਧ ਅਧਿਕਾਰ ਦੇਣੇ ਚਾਹੀਦੇ ਹਨ। ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਇਲੈਕਸ਼ਨਾਂ ਜਲਦੀ ਤੋਂ ਜਲਦੀ ਕਰਵਾਉਣੀਆਂ ਚਾਹੀਦੀਆਂ ਹਨ। ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੇ ਜੋ ਐਡਮਨਿਸਟਰੇਟਿਵ ਸੈਕਟਰੀ ਹਨ, ਇਨ੍ਹਾਂ ਲਈ ਕੁਝ ਕੀਤਾ ਜਾਣਾ ਚਾਹੀਦਾ ਹੈ। ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੇ ਅਖਤਿਆਰ ਵਧਾਉਣੇ ਚਾਹੀਦੇ ਹਨ। ਉਹ ਐਡਮਨਿਸ-ਟਰੇਟਿਵ ਆਪਣੀਆਂ ਮਨ ਮਾਨੀਆਂ ਕਰਦੇ ਹਨ। ਇਸ ਲਈ ਉਨ੍ਹਾਂ ਨੂੰ ਰੋਕਣਾ ਚਾਹੀਦਾ ਹੈ। ਉਨ੍ਹਾਂ ਅਫਸਰਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਹੈ। ਜੇਕਰ ਤੁਸੀਂ ਅਨੰਦਪੁਰ ਸਾਹਿਬ ਦੇ ਮਤੇ ਵਿਚ ਯਕੀਨ ਰਖਦੇ ਹੋ ਤਾਂ ਤੁਸੀਂ ਵੱਧ ਅਖਤਿਆਰ ਮੰਗਦੇ ਹੋ ਤਾਂ ਜ਼ਰੂਰੀ ਹੈ ਕਿ ਤੁਸੀਂ ਹੇਠਾਂ ਵੀ ਵੱਧ ਅਧਿਕਾਰ ਦੇਵੋ। 8-10 ਸਾਲਾਂ ਤੋਂ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਵਾਸਤੇ ਇਕ ਵਧੀਆ ਢਾਂਚਾ ਹੋਵੇ। ਉਸ ਲਈ ਸਰਦਾਰ ਰਾਜਿੰਦਰ ਸਿੰਘ ਕਮੇਟੀ ਬਣਾਈ ਤਾ ਕਿ ਇਨ੍ਹਾਂ ਵਿਚ ਸੁਧਾਰ ਕੀਤਾ ਜਾ ਸਕੇ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਜਦੋਂ ਚੀਫ ਮਨਿਸਟਰ ਸਨ ਤਾਂ ਉਸ ਵੇਲੇ ਦੀ ਵੀ ਬਾਦਲ ਸਾਹਿਬ ਨੇ ਕਮੇਟੀ ਇਸ ਸਬੰਧੀ ਬਣਵਾਈ ਸੀ ਕਿ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦਾ ਇਕੋ ਢਾਂਚਾ ਬਣਾਉਣਾ ਚਾਹੀਦਾ ਹੈ। ਉਸ ਕਮੇਟੀ ਦੀ ਰਿਪੋਰਟ ਵੀ ਸਰਕਾਰ ਨੂੰ ਦਿਤੀ ਗਈ। ਕਾਂਗਰਸ ਰਾਜ ਵੇਲੇ ਰੰਧਾਵਾ ਸਾਹਿਬ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ ਗਈ ਸੀ। ਉਸ ਕਮੇਟੀ ਨੇ ਵੀ ਆਪਣੀ ਰਿਪੋਰਟ ਦਿਤੀ ਹੈ। ਸਾਰੀਆਂ ਰਿਪੋਰਟਾਂ ਸਰਕਾਰ ਕੋਲ ਹਨ ਪਰ ਕਿਸੇ ਤੇ ਵੀ ਸਰਕਾਰ ਨੇ ਅਮਲ ਨਹੀਂ ਕੀਤਾ ਬਲਕਿ ਜੋ ਢਾਂਚਾ ਚਲਿਆ ਆ ਰਿਹਾ ਸੀ, ਉਸ ਨੂੰ ਵੀ ਖਤਮ ਕਰਕੇ ਰੱਖ ਦਿਤਾ ਹੈ। ਹੁਣ ਐਡਮਨਿਸਟਰੇਟਰ ਲਗਾ ਦਿਤੇ ਗਏ ਹਨ। ਜੇਕਰ ਸਰਕਾਰ ਨਵਾਂ ਢਾਚਾਂ ਤਿਆਰ ਨਹੀਂ ਕਰ ਸਕਦੀ ਤਾਂ ਜੋ ਮੌਜੂਦਾ ਕਾਨੂੰਨ ਬਣੇ ਹੋਏ ਹਨ, ਉਹ ਤਾਂ ਲਾਗੂ ਹੋਣੇ ਚਾਹੀਦੇ ਹਨ। ਇਨ੍ਹਾਂ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਚੋਣਾ ਜਲਦੀ ਤੋਂ ਜਲਦੀ ਕਰਵਾਈਆਂ ਜਾਣ। ਹਰ ਥਾਂ ਤੇ ਐਕਸ-ਅਫੀਸ਼ੀਓ ਮੈਂਬਰ ਹੁੰਦੇ ਹਨ। ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਵਿਚ ਹਰ ਇਕ ਐਕਸ-ਅਫੀਸ਼ੀਓ ਮੈਂਬਰ ਹੈ। ਇਨ੍ਹਾਂ ਨੂੰ ਹਦਾਇਤ ਕੀਤੀ ਜਾਵੇ ਕਿ ਹਰ ਕੰਮ ਐਕਸ ਅਫੀਸ਼ੀਓ ਮੈਂਬਰ ਨਾਲ ਸਲਾਹ ਕਰਕੇ ਕਰਨ। ਕਾਨੂੰਨ ਦੇ ਮੁਤਾਬਕਿ ਉਹ ਐਕਸ ਅਫੀਸ਼ੀਓ ਮੈਂਬਰ ਹਨ। ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਨੂੰ ਉਨ੍ਹਾਂ ਮੈਂਬਰਾਂ ਦੀ ਸਲਾਹ ਨਾਲ ਸਾਰਾ ਕੰਮ ਕਰਨਾ ਚਾਹੀਦਾ ਹੈ। ਐਡਮਨਿਸਟਰੇਟਰ ਆਪਣੀ ਮਰਜ਼ੀ ਦੇ ਨਾਲ ਸਾਰਾ ਕੰਮ ਨਾ ਕਰਨ। ਡਿਪਟੀ ਸਪੀਕਰ ਸਾਹਿਬ, ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਚੋਣਾਂ ਜਲਦੀ ਤੋਂ ਜਲਦੀ ਹੋਣੀਆਂ ਚਾਹੀਦੀਆਂ ਹਨ। ਜੇਕਰ ਹਾਲਾਤ ਦੇ ਮੁਤਾਬਿਕ ਚੋਣਾਂ ਹੁਣ ਸਰਕਾਰ ਨਹੀਂ ਕਰਾ ਸਕਦੀ ਤਾਂ ਮਹੀਨੇ ਦੋ ਮਹੀਨੇ ਬਾਅਦ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਚੋਣਾਂ ਲਾਜ਼ਮੀ ਕਰਵਾ ਦੇਣ।

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ): ਡਿਪਟੀ ਸਪੀਕਰ ਸਾਹਿਬ, ਜੋ ਬਿਲ ਸਦਨ ਵਿਚ ਪੇਸ਼ ਹੈ, ਉਸ ਸਬੰਧੀ ਮੈਨੂੰ ਅਫਸੋਸ ਹੈ ਕਿ ਅਕਾਲੀ ਸਰਕਾਰ ਦੀ ਨੇਕ ਨਾਮੀ ਤੇ ਧੱਬਾ ਹੈ। ਅਨੰਦਪੁਰ ਸਾਹਿਬ ਦਾ ਮਤਾ ਡੀਸੈਂਟਰੇਲਾਈਜ਼ੇਸ਼ਨ ਆਫ ਪਾਵਰ ਬਾਰੇ ਹੈ। 8 ਸਾਲ ਦਾ ਪਹਿਲਾਂ ਸੁਪਰਸੈਸ਼ਨ ਸੀ ਪਰ ਹੁਣ ਉਨ੍ਹਾਂ ਨੂੰ 9 ਸਾਲਾਂ ਦੇ ਅਖਤਿਆਰ ਦਿਤੇ ਜਾ ਰਹੇ ਹਨ। ਅੱਗੇ ਨੂੰ 10 ਸਾਲ ਲਈ ਅਖਤਿਆਰ ਦੇਣ ਦਾ ਬਿਲ ਹਾਊਸ ਵਿਚ ਆਉਣਾ ਹੈ। ਸਾਰੀਆਂ ਪਾਵਰਾਂ ਅਫਸਰਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਇਹ ਸਰਕਾਰ ਨੇ ਆਪਣੀ ਕੰਮਜ਼ੋਰੀ ਤਸਦੀਕ ਕੀਤੀ ਹੈ। ਇਹ ਕੋਈ ਡੈਮੋਕਰੇਸੀ

[ਸਰਦਾਰ ਕਰਨੈਲ ਸਿੰਘ ਡੋਡ]

ਦੀ ਗੱਲ ਨਹੀਂ ਕੀਤੀ। ਮਾਰਕਿਟ ਕਮੇਟੀਆਂ ਦੀ ਗੱਲ ਆਈ ਸੀ। ਮਾਰਕਿਟ ਕਮੇਟੀਆਂ ਵਿਚ ਵੀ ਨਾਮੀਨੇਸ਼ਨ ਕੀਤੀ ਹੈ। ਇਹ ਜੋ ਅਨੰਦਪੁਰ ਸਾਹਿਬ ਦਾ ਮਤਾ ਹੈ ਔਰ ਜੋ ਉਸ ਦੀ ਸੋਧ ਹੈ, ਉਸ ਦੇ ਖਿਲਾਫ ਹੈ। ਸਾਨੂੰ ਇਲੈਕਸ਼ਨਾਂ ਤੋਂ ਘਬਰਾਉਣਾ ਨਹੀਂ ਚਾਹੀਦਾ। ਸਾਨੂੰ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਇਲੈਕਸ਼ਨਾਂ ਕਰਵਾਉਣੀਆਂ ਚਾਹੀਦੀਆਂ ਹਨ। ਜੋ ਡੈਮੋਕਰੇਸੀ ਦੇ ਅਦਾਰੇ ਹਨ, ਉਹ ਬਿਲਕੁਲ ਕੁਚਲ ਦਿਤੇ ਗਏ ਹਨ। ਡਿਪਟੀ ਸਪੀਕਰ ਸਾਹਿਬ, (ਮਾਈਕ ਬੰਦ) ਕਿਤਨਾ ਅਰਸਾ ਹੋ ਗਿਆ ਹੈ ਮੈਂ ਮੰਡੀ ਬੋਰਡ ਦਾ ਚੇਅਰਮੈਨ ਸਾਂ ਕਿ ਮੁੱਖ ਮੰਤਰੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਟੈਲੀਫੂਨ ਕੀਤਾ ਕਿ ਮਾਰਕਿਟ ਕਮੇਟੀ ਦੀ ਮਿਆਦ ਖਤਮ ਹੋ ਗਈ ਹੈ। ਉਨ੍ਹਾਂ ਦੀ ਥਾਂ ਐਡਮਨਿਸਟਰੇਟਰ ਲਗਾਏ ਜਾਣ। ਇਹ ਜਿਹੜੀ ਰਵਾਇਤ ਹੈ, ਇਸ ਨਾਲ ਡੈਮੋਕਰੇਸੀ ਨੂੰ ਕੁਚਲ ਦਿਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਸਰਕਾਰ ਨੂੰ ਘਬਰਾਉਣਾ ਨਹੀਂ ਚਾਹੀਦਾ। ਲੋਕਾਂ ਦੀਆਂ ਤਕਲੀਫਾਂ ਨੂੰ ਸਾਹਮਣੇ ਰਖਣਾ ਚਾਹੀਦਾ ਹੈ। ਮਾਰਕਿਟ ਕਮੇਟੀਆਂ, ਮਿਉਂਸਪਲ ਕਮੇਟੀਆਂ, ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਚੋਣਾਂ ਕਰਵਾਉਣੀਆਂ ਚਾਹੀਦੀਆਂ ਹਨ। ਲੋਕਾਂ ਦਾ ਧਿਆਨ ਉਧਰੋਂ ਹਟ ਕੇ ਇਧਰ ਚੋਣਾਂ ਵੱਲ ਆਵੇਗਾ। ਜੇਕਰ ਸਰਕਾਰ ਕਿਸੇ ਮਜ਼ਬੂਰੀ ਕਰਕੇ ਇਲੈਕਸ਼ਨਾਂ ਛੇਤੀ ਨਹੀਂ ਕਰਾ ਸਕਦੀ ਤਾਂ ਮਨਿਸਟਰ ਸਾਹਿਬ ਨੂੰ ਹਾਊਸ ਵਿਚ ਐਸ਼ੋਰੈਂਸ ਦੇਣੀ ਚਾਹੀਦੀ ਹੈ ਕਿ ਅਸੀਂ ਜਲਦੀ ਤੋਂ ਜਲਦੀ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਚੋਣਾਂ ਕਰਵਾਵਾਂਗੇ। ਇਹ ਸਰਕਾਰ ਵੀ ਉਹੀ ਕੁਝ ਕਰੀ ਜਾਂਦੀ ਹੈ ਜੋ ਕਿ ਕਾਂਗਰਸ ਸਰਕਾਰ ਕਰਦੀ ਸੀ।

ਸ੍ਰੀ ਡਿਪਟੀ ਸਪੀਕਰ: ਵਾਈਂਡ ਅਪ ਕਰੋ ਜੀ।

ਸਰਦਾਰ ਕਰਨੈਲ ਸਿੰਘ ਡੋਡ : ਬੱਸ ਜੀ। ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਅਕਾਲੀ ਸਰਕਾਰ ਪਹਿਲਾਂ ਲੋਕਾਂ ਦੇ ਹੱਕਾਂ ਵਾਸਤੇ ਲੜਦੀ ਸੀ, ਉਸ ਨੂੰ ਉਸੇ ਤਰ੍ਹਾਂ ਲੋਕਾਂ ਦੇ ਹੱਕਾਂ ਵਾਸਤੇ ਕੰਮ ਕਰਨਾ ਚਾਹੀਦਾ ਹੈ।

ਸਰਦਾਰ ਬਲਵੰਤ ਸਿੰਘ ਸਰਹਾਲ (ਬੰਗਾ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਵਿਰੋਧਤਾ ਤਾਂ ਨਹੀਂ ਕਰਦਾ। ਮੈਂ ਇਸ ਬਿਲ ਦੇ ਹੱਕ ਵਿਚ ਹਾਂ। ਮੈਂ ਇਕ ਤਜਵੀਜ਼ ਦੇਣਾ ਚਾਹੁੰਦਾ ਹਾਂ। ਜਿਸ ਤਰ੍ਹਾਂ ਕਿ ਹਰ ਇਕ ਮੈਂਬਰ ਸਾਹਿਬਾਨ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਔਰ ਆਪਣੀ ਰਾਏ ਦਿੱਤੀ ਹੈ। ਐਡਮਨਿਸਟਰੇਟਰ ਦੇ ਹੱਥਾਂ ਵਿਚ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਤਾਕਤਾਂ ਆਈਆਂ ਹਨ। ਉਹ ਉਨ੍ਹਾਂ ਨੂੰ ਮਿਸ-ਯੂਜ਼ ਕਰਦੇ ਹਨ। ਇਹ ਦੋ ਅਦਾਰੇ ਐਸੇ ਹਨ ਜਿਨ੍ਹਾਂ ਦਾ ਰੂਲਿੰਗ ਪਾਰਟੀ ਦੇ ਨਾਲ ਸਿੱਧਾ ਸਬੰਧ ਹੈ। ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦ ਪਿੰਡਾਂ ਦਾ ਵਿਕਾਸ ਕਰਦੀਆਂ ਹਨ। ਇਹ ਇਕ ਬੰਦੇ ਦੇ ਹੱਥ ਵਿਚ ਤਾਕਤ ਆ ਜਾਣ ਨਾਲ ਖਰਾਬੀ ਹੁੰਦੀ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਆਪਣੀ ਮਿਸਾਲ ਦਿੰਦਾ ਹਾਂ। ਅਕਾਲੀ ਸਰਕਾਰ ਜਿਸ ਦਿਨ ਤੋਂ ਬਣੀ ਹੈ, ਕਾਫੀ ਵਿਕਾਸ ਦੇ ਕੰਮ ਕੀਤੇ ਹਨ। ਮੇਰੇ ਆਪਣੇ ਹਲਕੇ ਵਿਚ ਇਸ ਤਰ੍ਹਾਂ ਹੋਇਆ ਹੈ ਕਿ ਬੀ. ਡੀ. ਓਜ਼ ਭੱਠੇ ਵਾਲਿਆਂ ਤੋਂ ਇੱਟਾਂ ਲੈ ਕੇ ਵੀ ਨਹੀਂ ਦਿੰਦਾ। ਉਨ੍ਹਾਂ ਨੂੰ ਰੂਲਿੰਗ ਪਾਰਟੀ ਨੇ 50,000/- ਰੁਪਏ ਦਿਤੇ ਹਨ। ਉਥੇ ਮੈਂ ਆਪ ਜਾ ਕੇ ਇੱਟਾਂ ਦੇ ਟਰੱਕ ਸੁਟਵਾਏ ਹਨ। ਇਸ ਵਿਚ, ਡਿਪਟੀ ਸਪੀਕਰ ਸਾਹਿਬ, ਸੁਧਾਰ ਹੋਣਾ ਚਾਹੀਦਾ ਹੈ। ਇਸ ਸਬੰਧੀ ਮੈਂ ਅਕਾਲੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਦ ਤੱਕ ਇਲੈਕਸ਼ਨਾਂ ਨਹੀਂ ਹੁੰਦੀਆਂ, ਇਲੈਕਸ਼ਨਾਂ ਕਰਾਉਣੀਆਂ ਡੈਮੋਕਰੇਸੀ ਵਿੱਚ ਕੋਈ ਮਾੜੀ ਗੱਲ ਨਹੀਂ ਲੇਕਿਨ ਉਦੋਂ ਤੱਕ ਸਰਕਾਰ ਨੂੰ ਇਹ ਪ੍ਰਬੰਧ ਕਰਨਾ ਚਾਹੀਦਾ ਹੈ ਕਿ ਉਹ ਲੋਕਾਂ ਦੇ ਨੁਮਾਇੰਦਿਆਂ

ਦੀ ਉਥੇ ਨੌਮੀਨੇਸ਼ਨ ਕਰ ਦੇਵੇ। ਪੰਚਾਇਤ ਸੰਮਿਤੀਆਂ ਤੇ ਜ਼ਿਲ੍ਹਾ ਪਰੀਸ਼ਦਾਂ ਵਿੱਚ ਨੌਮੀਨੇਸ਼ਨ ਕਰਕੇ ਲੋਕਾਂ ਦੇ ਨੁਮਾਇੰਦਿਆਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ ਤਾਂਕਿ ਲੋਕ ਐਡਮਨਿਸਟਰੇਟਰਾਂ ਦੀਆਂ ਮਨ-ਮਾਨੀਆਂ ਤੋਂ ਬਚ ਸਕਣ। ਇਸ ਦੇ ਨਾਲ ਹੀ ਮੈਂ ਇਸ ਬਿਲ ਦੇ ਪਾਸ ਹੋਣ ਦੀ ਹਮਾਇਤ ਕਰਦਾ ਹਾਂ।

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ): ਡਿਪਟੀ ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਇਸ ਪਾਸੇ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਵਿਚ ਹਾਲਾਤ ਐਸੇ ਹਨ ਕਿ ਇਥੇ ਇਲੈਕਸ਼ਨਾਂ ਨਹੀਂ ਹੋ ਸਕਦੀਆਂ। ਵੈਸੇ ਮੈਂ ਸਮਝਦਾ ਹਾਂ ਕਿ ਸਾਨੂੰ ਬਹੁਤਾ ਦੂਰ ਨਹੀਂ ਜਾਣਾ ਚਾਹੀਦਾ ਤਾਂ ਇਨ੍ਹਾਂ ਨੇ ਪਿਛਲੇ ਦਿਨਾਂ ਵਿੱਚ ਹੀ ਕੋਆਪਰੇਟਿਵ ਦੀਆਂ ਇਲੈਕਸ਼ਨਾਂ ਕਰਾਈਆਂ ਹਨ। ਉਦੋਂ ਤਾਂ ਕੋਈ ਕਤਲ ਨਹੀਂ ਸਨ ਹੋਏ। ਬਲਕਿ ਇਨ੍ਹਾਂ ਨੂੰ ਤਾਂ ਇਲੈਕਸ਼ਨਾਂ ਕਰਵਾ ਕੇ ਲੋਕਾਂ ਦਾ ਧਿਆਨ ਇਧਰ ਲਗਾਉਣਾ ਚਾਹੀਦਾ ਹੈ। ਇਹ ਕੋਈ ਵਜ੍ਹਾ ਨਹੀਂ ਹੈ ਕਿ ਇਲੈਕਸ਼ਨਾਂ ਇਸ ਕਰਕੇ ਨਹੀਂ ਕਰਵਾ ਰਹੇ ਕਿ ਹਾਲਾਤ ਖਰਾਬ ਹਨ। ਹਾਲਾਤ ਖਰਾਬ ਵੀ ਉਦੋਂ ਹੀ ਹੁੰਦੇ ਹਨ ਜਦੋਂ ਇਹ ਆਪ ਖਰਾਬ ਕਰਦੇ ਹਨ। ਮੈਂ ਇਕ ਮਿਸਾਲ ਇਸ ਬਾਰੇ ਦੇਂਦਾ ਹਾਂ। ਇਕ ਪਿੰਡ ਮੰਗੂਵਾਲ ਹੈ ਜਿਹੜਾ ਬੰਗਾ ਬਲਾਕ ਵਿੱਚ ਆਉਂਦਾ ਹੈ। ਉਥੋਂ ਦਾ ਸਰਪੰਚ ਗੈਰਹਾਜ਼ਰ ਹੋ ਗਿਆ। 8 ਮੈਂਬਰ ਸੀ। ਉਨ੍ਹਾਂ ਵਿਚੋਂ 5 ਨੇ ਟੈਂਪਰੇਰੀ ਤੌਰ ਤੇ ਆਪਣਾ ਆਦਮੀ ਚੁਣ ਲਿਆ। ਤਾਂ ਇਥੋਂ ਮਨਿਸਟਰ ਸਾਹਿਬ ਨੇ ਸਿੱਧੀ ਚਿੱਠੀ ਲਿਖ ਦਿੱਤੀ ਕਿ ਇਸ ਗੱਲ ਨੂੰ ਖਤਮ ਕਰਕੇ ਇਕ ਐਡਮਨਿਸਟਰੇਟਰ ਨੂੰ ਲਗਾ ਦਿੱਤਾ ਜਾਵੇ। ਜੇ ਇਹ ਗੱਲ ਗਲਤ ਹੋਵੇ ਤਾਂ ਮੈਂ ਆਪਣੀ ਮੈਂਬਰੀ ਤੋਂ ਅਸਤੀਫਾ ਦੇਣ ਨੂੰ ਤਿਆਰ ਹਾਂ, ਨਹੀਂ ਤਾਂ ਇਹ ਆਪਣੀ ਮਨਿਸਟਰੀ ਤੋਂ ਅਸਤੀਫਾ ਦੇਣ। ਤੁਸੀਂ ਆਪ ਸਿੱਧਾ ਦਖਲ ਦੇਂਦੇ ਹੋ। ਮੈਂ ਸੀ. ਐਮ. ਸਾਹਿਬ ਦੀ ਹੀ ਗੱਲ ਕਰਦਾ ਹਾਂ। ਇਹ ਇਲੈਕਸ਼ਨਾਂ ਤੋਂ ਬਾਅਦ ਨਵਾਂ ਸ਼ਹਿਰ ਹਲਕੇ ਵਿੱਚ ਗਏ ਤੇ ਉਥੇ ਜਿਹੜਾ ਹਾਰਿਆ ਹੋਇਆ ਉਮੀਦਵਾਰ ਜਤਿੰਦਰ ਸਿੰਘ ਸੀ, ਉਸ ਬਾਰੇ ਲੋਕਾਂ ਨੂੰ ਕਿਹਾ ਕਿ ਤੁਸੀਂ ਇਸ ਨੂੰ ਵੋਟਾਂ ਨਹੀਂ ਪਾਈਆਂ, ਮੇਰਾ ਤਾਂ ਐਮ. ਐਲ. ਏ. ਇਹੀ ਹੈ। ਤਾਂ ਉਸ ਸਰਪੰਚ ਦੇ ਘਰ ਉਸ ਬੰਦੇ ਦੇ ਹਮਾਇਤੀਆਂ ਨੇ ਜਾ ਕੇ ਹਮਲਾ ਕਰ ਦਿੱਤਾ ਅਤੇ ਫੇਰ ਪਰਚਾ ਵੀ ਉਸੇ ਤੇ ਕਰ ਦਿੱਤਾ। ਹੁਣ ਸੀ. ਐਮ. ਸਾਹਿਬ ਕਹਿਣ ਕਿ ਇਹ ਗੱਲ ਗਲਤ ਹੈ।

ਸ੍ਰੀ ਡਿਪਟੀ ਸਪੀਕਰ : ਤੁਸੀਂ ਚੇਅਰ ਨੂੰ ਐਡਰੈਸ ਕਰੋ।

ਸਰਦਾਰ ਦਿਲਬਾਗ ਸਿੰਘ: ਚੇਅਰ ਵੀ ਸੁਣ ਰਹੀ ਹੈ ਜੀ। ਮੈਂ ਇਨ੍ਹਾਂ ਨੂੰ ਵੀ ਦੱਸਣਾ ਚਾਹੁੰਦਾ ਹਾਂ।

ਲੋਕ ਸੰਪਰਕ ਮੰਤਰੀ (ਸਰਦਾਰ ਨੱਥਾ ਸਿੰਘ ਦਾਲਮ): ਇਹ ਗੱਲ ਤਾਂ ਤੁਸੀਂ ਪਿਛਲੇ ਸੈਸ਼ਨ ਵਿੱਚ ਵੀ ਕਰ ਚੁਕੇ ਹੋ।

ਸਰਦਾਰ ਦਿਲਬਾਗ ਸਿੰਘ : ਇਹ ਨਵੀਂ ਗੱਲ ਹੈ। ਤੁਸੀਂ ਸ਼ਾਇਦ ਗਿੱਲ ਦੇ ਟਾਈਮ ਦੀ ਗੱਲ ਕਰ ਰਹੇ ਹੋ।

ਲੋਕ ਸੰਪਰਕ ਮੰਤਰੀ : ਤੁਹਾਨੂੰ ਗਿੱਲ ਬੜਾ ਯਾਦ ਆਉਂਦਾ ਹੈ। ਉਦੋਂ ਤੁਸੀਂ ਰੂਟ ਪਰਮਿਟ ਬੜੇ ਲਏ ਸੀ।

ਸਰਦਾਰ ਦਿਲਬਾਗ ਸਿੰਘ : ਇਹ ਗੱਲ ਕਰਦੇ ਹਨ ਕਿ ਮੈਂ ਰੂਟ ਪਰਮਿਟ ਬੜੇ ਲਏ ਸੀ। ਇਨ੍ਹਾਂ ਨੇ ਤਾਂ ਅਕਾਲੀ ਦਲ ਦੀ ਟਿਕਟ ਤੇ ਲੜ ਕੇ ਵੀ ਡਿਫੈਕਟ ਕੀਤਾ ਅਤੇ ਮਨਿਸਟਰੀ ਵੀ ਲੈ ਲਈ।

ਲੋਕ ਸੰਪਰਕ ਮੰਤਰੀ : ਇਹ ਕਈ ਵਾਰੀ ਕਾਂਗਰਸ ਨੂੰ ਛੱਡ ਕੇ ਆਜ਼ਾਦ ਲੜਦੇ ਰਹੇ ਆਪਣੀਆਂ ਜ਼ਾਤੀ ਗਰਜ਼ਾਂ ਨੂੰ ਮੁੱਖ ਰਖ ਕੇ। ਇਹ ਅਸੂਲ ਵਾਲੇ ਕਹਾਉਂਦੇ ਹਨ।

ਸਰਦਾਰ ਦਿਲਬਾਗ ਸਿੰਘ : ਜਿਹੜਾ ਮਨਿਸਟਰ ਸਾਹਿਬ ਕਹਿ ਰਹੇ ਹਨ ਇਸ ਸਦਨ ਵਿੱਚ, ਉਹ ਮੈਂ ਇਕ ਵੀ ਰੂਟ ਪਰਮਿਟ ਲਿਆ ਹੋਵੇ ਤਾਂ ਮੈਂ ਹਰ ਸਜ਼ਾ ਭੁਗਤਣ ਨੂੰ ਤਿਆਰ ਹਾਂ। ਮੇਰਾ ਕੰਮ ਤੇ ਟਰੱਕਾਂ ਦਾ ਹੈ ਜਿਨ੍ਹਾਂ ਲਈ ਹਰ ਪਾਸੇ ਖੁੱਲੇ ਹਨ।

ਸ੍ਰੀ ਡਿਪਟੀ ਸਪੀਕਰ : ਤੁਸੀਂ ਬਿਲ ਤੇ ਬੋਲੋ ਅਤੇ ਚੇਅਰ ਨੂੰ ਐਡਰੈਸ ਕਰੋ।

ਸਰਦਾਰ ਦਿਲਬਾਗ ਸਿੰਘ: ਡਿਪਟੀ ਸਪੀਕਰ ਸਾਹਿਬ, ਇਹ ਇਲੈਕਸ਼ਨਾਂ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਨਾਲ ਤਾਂ ਪੰਜਾਬ ਦਾ ਮਾਹੌਲ ਠੀਕ ਹੁੰਦਾ ਹੈ। ਇਹੀ ਗੱਲ ਲੋਕ ਵੀ ਚਾਹੁੰਦੇ ਹਨ। ਜੇ ਨਾ ਚਾਹੁੰਦੇ ਹੁੰਦੇ ਤਾਂ ਇਹ ਜਿਹੜੀਆਂ ਕੋਆਪਰੇਟਿਵ ਦੀਆਂ ਇਲੈਕਸ਼ਨਾਂ ਹੋਈਆਂ ਤਾਂ ਉਸ ਵਕਤ ਵੀ ਕਈ ਕਤਲ ਹੁੰਦੇ । ਮਾਰੇ ਤਾਂ ਬੱਸਾਂ ਵਿੱਚ ਹਨ ਤੇ ਕਰਾਉਣੀਆਂ ਇਨ੍ਹਾਂ ਨੇ ਇਲੈਕਸ਼ਨਾਂ ਨਹੀਂ, ਇਹ ਗੱਲ ਬਿਲਕੁਲ ਜੋੜ ਨਹੀਂ ਖਾਂਦੀ। ਇਨ੍ਹਾਂ ਦਾ ਸਿੱਧਾ ਦਖਲ ਦੇਣਾ ਵੀ ਬਿਲਕੁਲ ਗਲਤ ਹੈ। ਇਹ ਚੁਣੇ ਹੋਏ ਸਰਪੰਚਾਂ ਨੂੰ ਹਟਾਈ ਜਾਂਦੇ ਹਨ, ਅੱਗੋਂ ਇਲੈਕਸ਼ਨਾਂ ਕਰਾਉਣੀਆਂ ਨਹੀਂ, ਇਹ ਦੋਵੇਂ ਚੀਜ਼ਾਂ ਮੇਲ ਨਹੀਂ ਖਾਂਦੀਆਂ। ਇਸ ਦੀਆਂ ਇਲੈਕਸ਼ਨਾਂ ਜਲਦੀ ਤੋਂ ਜਲਦੀ ਕਰਾਈਆਂ ਜਾਣ ਅਤੇ ਬਾਕੀ ਦੀਆਂ ਇਲੈਕਸ਼ਨਾਂ ਵੀ ਕਰਾਈਆਂ ਜਾਣ। ਇਸ ਨੂੰ ਹੋਰ ਜ਼ਿਆਦਾ ਪੋਸਟਪੋਨ ਨਹੀਂ ਕਰਨਾ ਚਾਹੀਦਾ।

ਸ੍ਰੀ ਰਾਧਾ ਕ੍ਰਿਸ਼ਨ (ਫਾਜ਼ਿਲਕਾ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਲਿਆਂਦਾ ਹੈ, ਇਸਦੇ ਕੀ ਕਾਰਨ ਹਨ? ਜਿਹੜਾ ਸਿਸਟਮ ਹੁਣ ਚਲ ਰਿਹਾ ਹੈ ਉਹ ਠੀਕ ਨਹੀਂ ਹੈ ਕਿ ਚੁਣੇ ਹੋਏ ਸਰਪੰਚਾਂ ਕੋਲ ਆਪਣਾ ਕੰਮ ਕਰਨ ਲਈ ਵੀ ਕੋਈ ਰਿਕਾਰਡ ਨਹੀਂ ਹੁੰਦਾ। ਕਿੰਨਾ ਰੁਪਿਆ ਬਾਕੀ ਹੈ ਅਤੇ ਕੀ ਕੀ ਪਿਛਲੇ ਵਕਤ ਵਿੱਚ ਹੁੰਦਾ ਰਿਹਾ ਹੈ, ਇਸ ਸਭ ਦਾ ਉਸ ਕੋਲ ਕੋਈ ਰਿਕਾਰਡ ਨਹੀਂ ਹੁੰਦਾ। ਇਸ ਸਭ ਨੂੰ ਬੀ. ਡੀ. ਓ. ਕੰਟਰੋਲ ਕਰਦਾ ਹੈ। ਇਹ ਸਾਰਾ ਰਿਕਾਰਡ ਸਰਪੰਚ ਕੋਲ ਰਹਿਣਾ ਚਾਹੀਦਾ ਹੈ। ਦੂਜੀ ਗੱਲ ਇਹ ਹੈ ਕਿ ਜਿਹੜੇ ਐਡਮਨਿਸਟਰੇਟਰ ਅਤੇ ਡਿਪਟੀ ਕਮਿਸ਼ਨਰ ਜ਼ਿਲ੍ਹਾ ਪਰੀਸ਼ਦ ਲੈਵਲ ਤੇ ਅਤੇ ਐਸ. ਡੀ. ਓ. ਸਾਹਿਬਾਨ ਅਤੇ ਮੈਜਿਸਟਰੇਟ ਬਲਾਕਾਂ ਵਿੱਚ ਲਾਏ ਜਾਂਦੇ ਹਨ, ਉਨ੍ਹਾਂ ਦੀ ਜਗ੍ਹਾ ਤੇ ਡੀ ਡੀ. ਓ. ਅਤੇ ਡੀ. ਡੀ. ਪੀ. ਓ ਹੋਣੇ ਚਾਹੀਦੇ ਹਨ ਤਾਂਕਿ ਉਹ ਸਾਰਾ ਕੰਮ ਸੰਭਾਲ ਕੇ ਪੂਰਾ ਕਰ ਸਕਣ। ਪੰਜਾਬ ਦੇ ਹਾਲਾਤ ਜੈਸੇ ਵੀ ਚਲ ਰਹੇ ਹਨ ਇਹ ਇਲੈਕਸ਼ਨਾਂ ਫੇਰ ਵੀ ਹੋਣੀਆਂ ਹੀ ਚਾਹੀਦੀਆਂ ਹਨ। ਐਡਮਨਿਸਟਰੇਟਰ ਲਾਏ ਜਾਣ ਅਤੇ ਚੁਣੇ ਹੋਏ ਸਰਪੰਚਾਂ ਕੋਲ ਰਿਕਾਰਡ ਤਕ ਨਾ ਹੋਵੇ ਤਾਂ ਮੈਂ ਇਸ ਮਾਮਲੇ ਤੇ ਮਹਿਸੂਸ ਕਰਾਂਗਾ ਕਿ ਇਸ ਮਾਮਲੇ ਵੱਲ ਵਜ਼ੀਰ ਸਾਹਿਬ ਹੋਰ ਤਕੜੇ ਹੋ ਕੇ ਧਿਆਨ ਦੇਣ। ਨਾਲ ਹੀ ਇਹ ਵੀ ਕਰਾਉਣ ਕਿ ਉਸ ਬਲਾਕ ਦੇ ਚੁਣੇ ਹੋਏ ਸਰਪੰਚਾਂ ਦੀ ਇਕ ਐਡਵਾਇਜ਼ਰੀ ਕਮੇਟੀ ਬਣਾਈ ਜਾਵੇ ਜਿਸ ਵਿੱਚ ਕੁਝ ਬਾਹਰੋਂ ਵੀ ਲੋਕਾਂ ਨੂੰ ਹੋਰ ਪਾ ਲਿਆ ਜਾਵੇ ਤਾਂਕਿ ਪਿੰਡਾਂ ਵਾਲਿਆਂ ਦੀ ਨੁਮਾਇੰਦਗੀ ਨੂੰ ਕਾਇਮ ਕੀਤਾ ਜਾ ਸਕੇ ਅਤੇ ਬਲਾਕ ਦਾ ਕੰਮ ਸੁਚਾਰੂ ਰੂਪ ਵਿੱਚ ਚਲਾਇਆ ਜਾ ਸਕੇ। ਧੰਨਵਾਦ।

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ): ਡਿਪਟੀ ਸਪੀਕਰ ਸਾਹਿਬ, ਇਹ ਜੋ ਬਿਲ ਸਾਹਮਣੇ ਆਇਆ ਹੈ ਆਪਣੀਆਂ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦਾ, ਇਸ ਬਾਰੇ ਮੈਂ ਇਹ ਕਹਿਣਾ ਚਾਹਵਾਂਗਾ ਕਿ ਪਹਿਲਾਂ ਹੀ ਇਲੈਕਸ਼ਨਾਂ ਹੋਈਆਂ ਨੂੰ 8 ਸਾਲ ਹੋ ਚੁੱਕੇ ਹਨ ਅਤੇ ਇਕ ਸਾਲ ਦੀ ਹੋਰ ਮਿਆਦ ਵਧਾਉਣ ਨਾਲ 9 ਸਾਲ ਹੋ ਜਾਣਗੇ ਜਾਂ ਤਾਂ ਜਮਹੂਰੀਅਤ ਦਾ ਨਾਂ ਹੀ ਕਿਥੇ ਰਹਿ ਜਾਂਦਾ ਹੈ। ਇਹ ਗੱਲ ਡੈਮੋਕਰੈਟਿਕ ਸੈਟ ਅੱਪ ਦੇ ਖਿਲਾਫ ਹੈ। ਸਾਡੀ ਜਮਹੂਰੀਅਤ ਪਿੰਡਾਂ ਤੋਂ ਚਲ ਕੇ ਸੈਂਟਰ ਤੱਕ ਜਾਂਦੀ ਹੈ। ਗਰੀਬ ਲੋਕ ਉਪਰ ਨਹੀਂ ਪਹੁੰਚ ਸਕਦੇ। ਉਨ੍ਹਾਂ ਦੇ ਮਸਲੇ ਪੰਚਾਇਤਾਂ ਵਿੱਚ ਸੁਲਝ ਸਕਦੇ ਹਨ। ਕੁਝ ਪੰਜਾਬ ਦੇ ਹਾਲਾਤ ਸੁਖਾਵੇਂ ਨਹੀਂ। ਇਹ ਇਸ ਕਰਕੇ ਮਿਆਦ ਵਧਾ ਰਹੇ ਹਨ। 8 ਸਾਲ ਪਹਿਲਾਂ ਹੋ ਚੁੱਕੇ ਹਨ। ਉਦੋਂ ਕਾਂਗਰਸ ਦੀ ਵੀ ਸਰਕਾਰ ਰਹੀ ਹੈ ਅਤੇ ਹਾਲਾਤ ਵੀ ਸੁਖਾਵੇਂ ਸਨ। ਉਦੋਂ ਵੀ ਕਿਸੇ ਨੇ ਇਹ ਇਲੈਕਸ਼ਨਾਂ ਨਹੀਂ ਕਰਾਈਆਂ। ਹੁਣ ਤਾਂ ਖਰਾਬ ਹਾਲਾਤ ਦਾ ਬਹਾਨਾ ਵੀ ਹੈ ਅਤੇ ਹਾਲਾਤ ਖਰਾਬ ਵੀ ਹਨ। ਇਹ ਇਲੈਕਸ਼ਨਾਂ ਨਾ ਕਰਾਉਣ ਨਾਲ ਲੋਕਾਂ ਨਾਲ ਨਿੱਜੀ ਸਬੰਧ ਬਿਲਕੁਲ ਸਮਾਪਤ ਹੋ ਜਾਂਦੇ ਹਨ। ਪਿਛਲਾ ਤਜਰਬਾ ਦੱਸਦਾ ਹੈ ਕਿ ਜੇ ਇਲੈਕਸ਼ਨਾਂ ਕਰਵਾ ਦੇਈਏ ਤਾਂ ਲੋਕਾਂ ਦੇ ਮਨਾਂ ਵਿੱਚ ਜੋ ਦਹਿਸ਼ਤ ਪਈ ਹੋਈ ਹੈ, ਉਹ ਦੂਰ ਹੋ ਜਾਵੇਗੀ। ਹਿੰਦੂ ਸਿੱਖ ਕੋਲ ਜਾਵੇਗਾ ਅਤੇ ਸਿੱਖ ਹਿੰਦੂ ਕੋਲ ਜਾਵੇਗਾ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਆਪਸੀ ਤੌਖਲੇ ਘੱਟ ਸਕਦੇ ਹਨ। ਲੋਕਾਂ ਵਿੱਚ ਭਾਈਚਾਰੇ ਦੀ ਭਾਵਨਾ ਵਧਦੀ ਹੈ। ਸਰਕਾਰ ਨੂੰ ਇਸ ਗੱਲ ਲਈ ਵੇਟ ਨਹੀਂ ਕਰਨੀ ਚਾਹੀਦੀ ਅਤੇ ਤਾਰੀਖ ਨਿਸਚਿਤ ਕਰਕੇ ਚੋਣਾਂ ਕਰਾਉਣੀਆਂ ਚਾਹੀਦੀਆਂ ਹਨ। ਦੂਸਰੇ ਪਾਸੇ, ਡਿਪਟੀ ਸਪੀਕਰ ਸਾਹਿਬ, ਐਡਮਨਿਸਟਰੇਟਰ ਜੋ ਕਿ ਬੀ. ਡੀ. ਓਜ਼. ਤੋਂ ਲੈ ਕੇ ਕਿਤੇ ਮੈਜਿਸਟਰੇਟ ਲਗਾਏ ਗਏ ਹਨ ਕਿਤੇ ਜੀ.ਏ. ਲਗਾਏ ਗਏ ਹਨ। ਕੁਝ ਐਸੇ ਸਰਪੰਚ ਹਨ ਤਜਰਬਾ ਦੱਸਦਾ ਹੈ ਕਿ ਉਨ੍ਹਾਂ ਨੂੰ ਪੁਲੀਟੀਕਲ ਬੈਕਗਰਾਊਂਡ ਨਹੀਂ ਹੈ। ਬੰਦੇ ਝੂਠੀਆਂ ਸ਼ਿਕਾਇਤਾਂ ਕਰ ਦਿੰਦੇ ਹਨ। ਸਿਆਸੀ ਦਖਲ ਅੰਦਾਜ਼ੀ ਨਾਲ ਉਨ੍ਹਾਂ ਦਾ ਫੈਸਲਾ ਠੀਕ ਨਹੀਂ ਹੁੰਦਾ ਹੈ। ਕੁਝ ਕੁਰੱਪਟ ਸਰਪੰਚ ਹਨ ਅਤੇ ਇਹ ਦਸ ਦਸ ਪੰਦਰਾਂ ਪੰਦਰਾਂ ਸਾਲਾਂ ਤੋਂ ਲਗਾਤਾਰ ਚਲੇ ਆ ਰਹੇ ਹਨ। ਉਥੇ ਪੈਸੇ ਗਬਨ ਕੀਤੇ ਜਾ ਰਹੇ ਹਨ। ਪੰਜ ਪੰਜ ਸਾਲਾਂ ਤੋਂ ਲੋਕਾਂ ਦੀਆਂ ਸ਼ਿਕਾਇਤਾਂ ਤੇ ਧਿਆਨ ਨਹੀਂ ਦਿੱਤਾ ਜਾਂਦਾ ਹੈ। ਉਨ੍ਹਾਂ ਦੀ ਪਰਵਾਹ ਨਹੀਂ ਕੀਤੀ ਜਾਂਦੀ ਹੈ। ਕਿਉਂਕਿ ਸਰਪੰਚ ਪੈਸੇ ਪਾਈ ਬੈਠਾ ਹੁੰਦਾ ਹੈ। ਮੈਂ ਮਿਸਾਲ ਦਿਆਂਗਾ ਬਲਾਕ ਕਰਾਰਾਬਾਦ, ਮੁਕੇਰੀਆਂ ਏਰੀਆ ਵਿਚ ਰਾਮ ਕ੍ਰਿਸ਼ਨ ਸਰਪੰਚ ਦੇ ਖਿਲਾਫ ਸ਼ਿਕਾਇਤ ਕੀਤੀ ਗਈ। ਇਸ ਬਾਰੇ ਲਿਖਤੀ ਪਰੂਫ ਦਿੱਤਾ ਗਿਆ। ਪਰ ਅਫਸੋਸ ਦੀ ਗਲ ਹੈ ਕਿ ਵਿਚੋਲੇ ਨੇ ਫੈਸਲਾ ਕਰਾ ਦਿੱਤਾ। ਸਿਆਸੀ ਦਖਲ ਪਹਿਲਾਂ ਇਸ ਪਾਸਿਓਂ ਹੁੰਦਾ ਸੀ ਅਤੇ ਹੁਣ ਉਸ ਪਾਸਿਓਂ ਹੁੰਦਾ ਹੈ। ਡਿਪਟੀ ਸਪੀਕਰ ਸਾਹਿਬ, ਖਿਆਲਾ ਸਾਹਿਬ ਬੈਠੇ ਹਨ। ਲੋਕਾਂ ਨੇ ਸਬੂਤ ਦਿੱਤੇ ਕਿ ਦੋ ਢਾਈ ਲੱਖ ਦਾ ਗਬਨ ਹੋਇਆ। ਇੱਕ ਹੋਰ ਕਸ਼ਮੀਰਾ ਸਿੰਘ ਸਰਪੰਚ ਹੈ। ਕਈ ਤਰ੍ਹਾਂ ਦੀਆਂ ਮਿਸਾਲਾਂ ਹਨ ਪਰ ਮੈਂ ਹਾਊਸ ਦਾ ਸਮਾਂ ਜ਼ਾਇਆ ਨਹੀਂ ਕਰਨਾ ਚਾਹੁੰਦਾ ਹਾਂ। ਇਸ ਕਰਕੇ ਮੈਂ ਸਮਝਦਾ ਹਾਂ ਕਿ ਚੋਣਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ। ਸਾਡੇ ਦੇਸ਼ ਦੀ ਜਮਹੂਰੀਅਤ ਦੀਆਂ ਜੜ੍ਹਾਂ ਨੂੰ ਖੋਖਲਾ ਨਹੀਂ ਕਰਨਾ ਚਾਹੀਦਾ ਹੈ। ਚੋਣਾਂ ਸਮੇਂ ਸਿਰ ਹੋਣੀਆ ਚਾਹੀਦੀਆਂ ਹਨ (ਘੰਟੀ) ਚੋਣਾਂ ਹੋ ਜਾਣ ਤਾਂ ਹਾਲਾਤ ਵੀ ਸੁਖਾਵੇਂ ਹੋ ਜਾਣਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਸਮਾਪਤ ਕਰਦਾ ਹਾਂ ਕਿ ਚੋਣਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ। ਇਹ ਜਿਹੜੇ ਭੱਦਰ ਪੁਰਸ਼ ਹਨ ਇਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਰਾਜਾ ਨਰਿੰਦਰ ਸਿੰਘ (ਨਾਭਾ): ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਚੰਗੀ ਧਾਰਾ ਨੂੰ ਸਪੋਰਟ ਕਰਨ ਨੂੰ ਤਿਆਰ ਹਾਂ ਲੇਕਿਨ ਜੇਕਰ ਬਿਲ ਦੀ ਇੰਟੈਨਸ਼ਨ ਇਹ ਹੈ "ਸਟ੍ਰੈਂਗੁਲੇਸ਼ਨ ਆਫ ਡੈਮੋਕ੍ਰੇਸੀ" ਤਾਂ ਇਹ ਨਹੀਂ ਹੋਣੀ ਚਾਹੀਦੀ। ਸਰਦਾਰ ਦਿਲਬਾਗ ਸਿੰਘ ਨੇ ਸਹੀ ਕਿਹਾ ਕਿ ਕੋਆਪ੍ਰੇਟਿਵ

[ਰਾਜਾ ਨਰਿੰਦਰ ਸਿੰਘ]

ਸੁਸਾਇਟੀਆਂ ਦੀਆਂ ਇਲੈਕਸ਼ਨਜ਼ ਹੋਈਆਂ ਭਾਵੇਂ 400—500 ਵੋਟਾਂ ਉਸ ਵਿਚ ਇਨਵਾਲਵਡ ਸਨ। ਮੇਰੇ ਹਲਕੇ ਵਿਚ ਵੀ ਪਿਛਲੇ ਹਫਤੇ ਇਹ ਹੋਈਆਂ। ਪਰ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਲਈ ਕੋਈ ਡੇਟ ਫਿਕਸ ਨਹੀਂ ਕਰ ਰਹੇ। ਜੇਕਰ ਇਨ੍ਹਾਂ ਦੀਆਂ ਚੋਣਾਂ ਲਈ ਕੋਈ ਡੇਟ ਫਿਕਸ ਕਰਦੇ ਤਾਂ ਸਿੱਟੇ ਚੰਗੇ ਨਿਕਲਦੇ। ਅਸੀਂ ਸੈਂਟ੍ਰਲ ਗੌਰਮਿੰਟ ਨੂੰ ਤਾਂ ਕਹਿੰਦੇ ਹਾਂ ਕਿ ਪਾਵਰਜ਼ ਡੀਸੈਂਟ੍ਰਲਾਈਜ਼ ਕਰੋ ਔਰ ਇਸ ਲਈ ਅਕਾਲੀ ਦਲ ਨੇ ਡੀਮਾਂਡ ਕੀਤੀ ਥਰੂ ਆਨੰਦਪੁਰ ਸਾਹਿਬ ਰੈਜ਼ੋਲਿਊਸ਼ਨ। ਪਰ ਹੁਣ ਇਹ ਉਸ ਦੇ ਉਲਟ ਕਰ ਰਹੇ ਹਨ। ਜਦੋਂ ਅਕਾਲੀ ਸਰਕਾਰ ਪਹਿਲੀ ਵਾਰ ਆਈ ਸੀ ਤਾਂ ਅਮੈਂਡਮੈਂਟ ਲਿਆਂਦੀ ਸੀ ਕਿ ਸਰਪੰਚ ਦੀ ਇਲੈਕਸ਼ਨ ਡਾਇਰੈਕਟ ਨਹੀਂ ਹੋਏਗੀ। ਇਸ ਦਾ ਪਿੰਡ ਵਿਚ ਫਾਇਦਾ ਹੁੰਦਾ ਸੀ ਔਰ ਪਿੰਡ ਵਿਚ ਧੜੇਬੰਦੀ ਨਹੀਂ ਹੁੰਦੀ ਸੀ ਔਰ ਮੈਂਬਰਾਂ ਤੋਂ ਸਰਪੰਚ ਇਲੈਕਟ ਹੁੰਦੇ ਸੀ। ਇਹ ਕਾਨੂੰਨ ਬਣਾਇਆ ਸੀ ਅਕਾਲੀ ਸਰਕਾਰ ਸਰਦਾਰ ਪ੍ਰਕਾਸ਼ ਸਿੰਘ ਵੇਲੇ। ਪਰ ਬਾਅਦ ਵਿਚ ਜਦੋਂ ਕਾਂਗਰਸ ਸਰਕਾਰ ਆਈ ਤਾਂ ਉਸ ਨੇ ਇਸ ਨੂੰ ਬਦਲ ਦਿੱਤਾ। ਤੁਹਾਨੂੰ ਹੁਣ ਚਾਹੀਦਾ ਸੀ ਕਿ ਪਹਿਲੀ ਵਾਂਗ ਅਮੈਂਡਮੈਂਟ ਲਿਆਂਦੇ। ਪਿਛਲੀ ਵਾਰੀ ਜਦੋਂ ਸਰਪੰਚ ਦੀ ਇਲੈਕਸ਼ਨ ਡਾਇਰੈਕਟ ਕਰ ਦਿੱਤੀ ਸੀ ਤਾਂ ਉਦੋਂ ਦੇ ਵਜ਼ੀਰ ਸਾਹਿਬ ਨੂੰ ਮੈਂ ਕਿਹਾ ਸੀ ਕਿ ਇਹ ਗਲਤ ਕੀਤਾ ਗਿਆ ਹੈ। ਇਸ ਨਾਲ ਪਿੰਡਾਂ ਵਿਚ ਧੜੇਬੰਦੀ ਹੋ ਜਾਂਦੀ ਹੈ। ਉਹ ਕਾਂਗਰਸ ਦੇ ਵਜ਼ੀਰ ਸੀ ਉਨ੍ਹਾਂ ਦਾ ਨਾਂ ਮੈਂ ਨਹੀਂ ਲੈਣਾ ਚਾਹੁੰਦਾ। ਉਨ੍ਹਾਂ ਨੇ ਕਿਹਾ ਕਿ ਅਸੀਂ ਇਹ ਜਾਣ-ਬੁਝ ਕੇ ਕਰ ਰਹੇ ਹਾਂ ਕਿਉਂਕਿ ਇਸ ਨਾਲ ਇੱਕ ਧੜਾ ਸਾਡੇ ਨਾਲ ਆ ਜਾਏਗਾ। ਇਹ ਧੜੇਬੰਦੀ ਨਹੀਂ ਹੋਣੀ ਚਾਹੀਦੀ ਹੈ। ਅਸੀਂ ਜੁਆਇੰਟਲੀ ਤੁਹਾਡੇ ਨਾਲ ਹੁੰਦੇ ਜੇਕਰ ਇਸ ਬਿਲ ਦੀ ਇੰਟੈਨਸ਼ਨ ਇਹ ਹੁੰਦੀ ਕਿ ਪਿੰਡਾਂ ਵਿਚ ਧੜੇਬੰਦੀ ਨੂੰ ਖਤਮ ਕਰਨਾ ਹੈ। ਹੁਣ ਇਹ ਇਲੈਕਸ਼ਨਜ਼ ਤੋਂ ਭੱਜ ਰਹੇ ਹਨ। Best form of dictatorship is worse than the democratic rule ਡੈਮੋਕ੍ਰੇਟਿਕ ਰੂਲ ਕਿਤਨਾ ਵੀ ਮਾੜਾ ਕਿਉਂ ਨਾ ਹੋਵੇ ਪਰ ਫਿਰ ਵੀ ਉਹ ਡਿਕਟੇਟਰਸ਼ਿਪ ਨਾਲੋਂ ਚੰਗਾ ਹੁੰਦਾ ਹੈ। ਕੱਲ ਨੂੰ ਜੇਕਰ ਪ੍ਰੈਜ਼ੀਡੈਂਟ ਰੂਲ ਲੈ ਆਓ ਤਾਂ ਉਹ ਹੁਣ ਦੀ ਸਰਕਾਰ ਨਾਲੋਂ ਵੀ ਮਾੜਾ ਹੋਏਗਾ। ਪ੍ਰੈਜ਼ੀਡੈਂਟ ਰੂਲ ਇੱਕ ਪੁਰਖੀ ਰਾਜ ਹੋਏਗਾ। ਭਾਵੇਂ ਸਾਡੀ ਆਪਸ ਵਿਚ ਲੜਾਈ ਹੈ ਪਰ ਉਸ ਡਿਕਟੇਟਰ-ਸ਼ਿਪ ਨਾਲੋਂ ਇਹ ਸਰਕਾਰ ਚੰਗੀ ਹੈ। ਇਸੇ ਤਰਾਂ ਹੀ ਜੇਕਰ ਡਿਕਟੇਟਰਸ਼ਿਪ ਨੂੰ ਹੇਠਲੇ ਲੈਵਲ ਤੇ ਫਰੋਗ ਦਿਉਗੇ ਤਾਂ ਮਾੜਾ ਹੈ। ਇਸ ਲਈ ਇਲੈਕਸ਼ਨਜ਼ ਜ਼ਰੂਰ ਹੋਣੇ ਚਾਹੀਦੇ ਹਨ। ਮੇਰਾ ਸੁਝਾਓ ਹੈ ਕਿ ਇਲੈਕਸ਼ਨਜ਼ ਲਈ ਕੋਈ ਡੇਟ ਫਿਕਸ ਕਰ ਦੇਣੀ ਚਾਹੀਦੀ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਰਾਜਾ ਨਰਿੰਦਰ ਸਿੰਘ : ਇਹ ਸਾਡੀ ਸਰਕਾਰ ਹੈ (ਵਿਘਨ) ਕਿਤੇ ਤੁਸੀਂ ਕੁਲੀਸ਼ਨ ਤਾਂ ਨਹੀਂ ਬਣਾ ਰਹੇ (ਵਿਘਨ) ਗੁਪਤਾ ਸਾਹਿਬ ਨੂੰ ਨੋਕ ਝੋਕ ਕਰਨ ਦੀ ਆਦਤ ਹੈ। ਜਿੰਨਾ ਚਿਰ ਇਲੈਕਸ਼ਨ ਨਹੀਂ ਹੁੰਦੇ ਓਨਾਂ ਚਿਰ ਹਦਾਇਤਾਂ ਕਰ ਦੇਣੀਆਂ ਚਾਹੀਦੀਆਂ ਹਨ ਕਿ ਐਡਮਨਿਸਟਰੇਟਰਜ਼ ਨਾਲ ਇਲਾਕੇ ਦੇ ਐਮ. ਐਲ. ਏਜ਼. ਬਹਿ ਕੇ ਉਥੇ ਦਾ ਸਾਰਾ ਪ੍ਰਬੰਧ ਚਲਾਉਣ। ਮੇਰਾ ਸੁਝਾਓ ਇਹੀ ਹੈ।

---

*Expunged as ordered by the Chair.

ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ (ਸਰਦਾਰ ਬਲਦੇਵ ਸਿੰਘ ਖਿਆਲਾ): ਡਿਪਟੀ ਸਪੀਕਰ ਸਾਹਿਬ, 1962-63 ਵਿਚ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਹੋਈਆਂ ਸਨ। ਇਸ ਤੋਂ ਬਾਅਦ 1972 ਵਿਚ ਪੰਚਾਇਤਾਂ ਦੀਆਂ ਚੋਣਾਂ ਹੋਈਆਂ। 1973 ਵਿਚ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਹੋਈਆਂ। ਕੁਝ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਹੋਈਆਂ ਪਰ ਕੁਝ ਦੀਆਂ ਕੁਝ ਕਾਰਨਾਂ ਕਰਕੇ ਨੇਪਰੇ ਨਾ ਚੜ੍ਹ ਸਕੀਆਂ। 1978 ਵਿਚ ਫਿਰ ਪੰਚਾਇਤਾਂ ਦੀਆਂ ਚੋਣਾਂ ਹੋਈਆਂ। ਪੰਚਾਇਤਾਂ ਦੇ ਜਿਹੜੇ ਮੈਂਬਰ ਹੁੰਦੇ ਹਨ ਉਨ੍ਹਾਂ ਦੀ ਪੰਚਾਇਤਾਂ ਦੀ ਮੁੱਢਲੀ ਮੈਂਬਰਸ਼ਿਪ ਹੁੰਦੀ ਹੈ ਅਤੇ ਕਈ ਮੈਂਬਰ ਆਪਣੀ ਇਹ ਮੁੱਢਲੀ ਮੈਂਬਰਸ਼ਿਪ ਗੰਵਾ ਬੈਠੇ। ਇਸ ਕਰਕੇ ਉਹ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਅਰਥਹੀਣ ਹੋ ਗਏ। ਫਿਰ ਸਰਕਾਰ ਨੇ 10 ਦਸੰਬਰ, 1978 ਨੂੰ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਤੋੜ ਦਿਤੇ ਕਿਉਂਕਿ ਮੈਂਬਰ ਜਿਹੜੇ ਸਨ ਉਹ ਆਪਣੀ ਹੋਂਦ ਗੰਵਾ ਬੈਠੇ ਸਨ। ਸਰਦਾਰ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿਚ ਸਰਕਾਰ 29 ਸਤੰਬਰ, 1985 ਨੂੰ ਵਜੂਦ ਵਿਚ ਆਈ। 11 ਅਕਤੂਬਰ, 1985 ਨੂੰ ਇਸ ਆਰਡੀਨੈਂਸ ਦੀ ਮਿਆਦ ਖਤਮ ਹੋ ਗਈ ਸੀ ਇਸ ਵਾਸਤੇ ਇਕ ਮਹੀਨੇ ਦਾ ਸਮਾਂ ਥੋੜ੍ਹਾ ਸੀ ਅਤੇ ਇਸ ਥੋੜ੍ਹੇ ਸਮੇਂ ਵਿਚ ਚੋਣਾਂ ਦਾ ਪ੍ਰਬੰਧ ਨਹੀਂ ਸੀ ਹੋ ਸਕਦਾ ਔਰ ਪਿੱਛੇ ਜਿਹੜਾ ਸਮਾਂ ਲੰਘਿਆ ਹੈ ਉਦੋਂ ਪੰਜਾਬ ਦੇ ਹਾਲਾਤ ਠੀਕ ਨਹੀਂ ਰਹੇ। ਉਪਰਾਲੇ ਕੀਤੇ ਕਿ ਚੋਣਾਂ ਹੋ ਸਕਣ ਤਾਂਕਿ ਐਸਾ ਪ੍ਰਬੰਧ ਕੀਤਾ ਜਾਵੇ ਜਿਸ ਦੇ ਨਾਲ ਲੋਕਾਂ ਦੇ ਨੁਮਾਇੰਦਿਆਂ ਦੇ ਹੱਥਾਂ ਵਿਚ ਤਾਕਤ ਆ ਜਾਵੇ ਪਰ ਹਾਲਾਤ ਠੀਕ ਨਾ ਹੋਣ ਕਰਕੇ ਐਸਾ ਨਾ ਹੋ ਸਕਿਆ। ਦੁਬਾਰਾ ਫਿਰ 9 ਅਕਤੂਬਰ, 1986 ਨੂੰ ਆਰਡੀਨੈਂਸ ਜਾਰੀ ਕਰਨਾ ਪਿਆ, ਇਸ ਦੀ ਮਿਆਦ ਵਧਾਉਣ ਵਾਸਤੇ ਜਿਸ ਦੀ ਥਾਂ ਇਸ ਅਮੈਂਡਮੈਂਟ ਨੇ ਲੈਣੀ ਹੈ। ਇਸ ਲਈ ਇਸ ਦੀ ਮਿਆਦ ਵਧਾਉਣ ਵਾਸਤੇ ਬੇਨਤੀ ਕੀਤੀ ਹੈ।

ਇਥੇ ਕੁਝ ਮੈਂਬਰ ਸਾਹਿਬਾਨ ਨੇ ਖਦਸ਼ੇ ਜ਼ਾਹਿਰ ਕੀਤੇ ਹਨ। ਮੈਂ ਉਨ੍ਹਾਂ ਦੀਆਂ ਕਾਫੀ ਗੱਲਾਂ ਨਾਲ ਸਹਿਮਤ ਹਾਂ। ਪੰਚਾਇਤੀ ਰਾਜ ਵਿਚ ਹੇਰਾ ਫੇਰੀ ਦੀਆਂ ਗੱਲਾਂ ਕਹੀਆਂ ਗਈਆਂ। ਇਥੇ ਕਿਹਾ ਗਿਆ ਕਿ ਬੀ.ਡੀ.ਓ. ਵੱਲੋਂ ਗਲੀਆਂ-ਨਾਲੀਆਂ ਪੱਕੀਆਂ ਕਰਨ ਵਾਸਤੇ ਗਰਾਂਟ ਦਿੱਤੀ ਜਾਂਦੀ ਹੈ। ਉਹ ਠੀਕ ਹਿਸਾਬ ਨਾਲ ਨਹੀਂ ਦਿੱਤੀ ਗਈ ਅਤੇ ਜਿਥੇ ਭੱਠਾ ਵਜੂਦ ਵਿਚ ਨਹੀਂ ਸੀ ਉਥੋਂ ਇੱਟਾਂ ਬਣਾਉਣ ਲਈ ਭੱਠੇ ਵਾਲੇ ਨੂੰ ਪੈਸੇ ਦਿੱਤੇ ਗਏ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਾਡੇ ਸਮੇਂ ਵਿਚ ਨਹੀਂ ਹੋਇਆ। ਇਹ ਪਿਛਲੇ ਸਮੇਂ ਵਿਚ ਹੋਇਆ ਸੀ। ਸਾਡੇ ਆਉਣ ਤੋਂ ਬਾਅਦ ਜੋ ਵੀ ਅਜਿਹੀ ਕੋਈ ਬਾਤ ਸਾਡੇ ਨੋਟਿਸ ਵਿਚ ਆਈ ਅਸੀਂ ਆਉਂਦੇ ਸਾਰ ਵੱਡੇ ਪੈਮਾਨੇ ਤੇ ਉਸ ਦੀ ਇਨਕੁਆਇਰੀ ਕਰਵਾ ਰਹੇ ਹਾਂ। ਸਾਰੇ ਪੰਜਾਬ ਵਿਚੋਂ ਸਬੂਤ ਇਕੱਠੇ ਹੋ ਕੇ ਆ ਗਏ ਹਨ। ਜਿਥੇ ਕਿਸੇ ਨੇ ਕੋਈ ਗਲਤ ਕੰਮ ਕੀਤਾ ਹੋਇਆ ਤਾਂ ਉਸ ਨੂੰ ਸਜ਼ਾ ਦਿੱਤੀ ਜਾਵੇਗੀ। ਪੈਸੇ ਦਾ ਫੈਸਲਾ ਕਰਕੇ ਪੰਚਾਇਤਾਂ ਦਾ ਕੰਮ ਨੇਪਰੇ ਚਾੜ੍ਹਿਆ ਜਾਵੇਗਾ। (ਥੰਪਿੰਗ)

ਜਿਥੋਂ ਤੱਕ ਪੰਚਾਇਤਾਂ ਦੀ ਗੱਲ ਸਰਦਾਰ ਦਿਲਬਾਗ ਸਿੰਘ ਨੇ ਕਹੀ ਹੈ ਕਿ ਪੰਜ ਬੰਦਿਆਂ ਨੇ ਸਰਪੰਚ ਚੁਣ ਲਿਆ ਅਤੇ ਹੋਰ ਉਸ ਨੇ ਕਾਫੀ ਕੁਝ ਕਿਹਾ ਸੀ। ਜੋ ਗਰਾਂਟ ਦਿੱਤੀ ਗਈ ਹੋਵੇ ਉਹ ਠੀਕ ਤਰ੍ਹਾਂ ਵਰਤੋਂ ਵਿਚ ਲਿਆਂਦੀ ਨਾ ਜਾਵੇ, ਠੀਕ ਕੰਮ ਨਾ ਚਲਦਾ ਹੋਵੇ ਤਾਂ ਫਿਰ ਉਥੇ ਐਡਮਨਿਸਟਰੇਟਰ ਲਾਉਣਾ ਪੈਂਦਾ ਹੈ। ਅਸੀਂ ਪੰਚਾਇਤਾਂ ਤੋੜਦੇ ਨਹੀਂ ਅਤੇ ਅਸੀਂ ਬਿਲਕੁਲ ਹਦਾਇਤ ਕੀਤੀ ਹੋਈ ਹੈ। ਚੁਣੇ ਹੋਏ ਸਰਪੰਚ ਹਨ ਅਤੇ ਛੋਟੀ ਮੋਟੀ ਗੱਲ ਤੇ ਰੇਤਾ ਪਾਉਣ ਵਾਲੀ ਗੱਲ ਹੈ। ਐਵੇਂ ਉਨ੍ਹਾਂ ਨੂੰ ਸਸਪੈਂਡ ਨਹੀਂ ਕਰਨਾ ਅਤੇ ਐਵੇਂ ਸਜ਼ਾ ਨਹੀਂ ਦੇਣੀ। ਇਹ ਇਕ

[ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ]

ਮਿਸਾਲ ਐਸੀ ਨਹੀਂ ਦੇ ਸਕਦੇ ਜਿਥੇ ਉਨ੍ਹਾਂ ਚੋਂ ਕਿਸੇ ਨਾਲ ਧੱਕਾ ਹੋਇਆ ਹੋਵੇ। ਜੇ ਹੋਇਆ ਹੋਵੇ ਤਾਂ ਅਸੀਂ ਤੁਰੰਤ ਪੜਤਾਲ ਕਰਾਉਣ ਵਾਸਤੇ, ਉਸ ਨੂੰ ਇਨਸਾਫ ਦੇਣੇ ਲਈ ਤਿਆਰ ਹਾਂ। ਸਰਦਾਰ ਨਰਿੰਦਰ ਸਿੰਘ ਨੇ ਨਾਭੇ ਦੀ ਪੰਚਾਇਤ ਦਾ ਕੇਸ ਦੱਸਿਆ। ਉਥੋਂ ਸਰਪੰਚ ਦੇ ਖਿਲਾਫ ਸ਼ਿਕਾਇਤ ਨਹੀਂ ਸੀ ਬਣਦੀ ਪਰ ਇਨ੍ਹਾਂ ਦੇ ਕਿਸੇ ਮੈਂਬਰ ਦੀ ਵਜਾਹ ਕਰਕੇ ਉਸ ਨੂੰ ਸਸਪੈਂਡ ਕੀਤਾ ਗਿਆ। ਮੈਂ ਫੌਰਨ ਉਸ ਨੂੰ ਬਹਾਲ ਕਰਨ ਦਾ ਆਰਡਰ ਕੀਤਾ ਅਤੇ ਕਿਹਾ ਕਿ ਇਸ ਦੀ ਇਨਕੁਆਇਰੀ ਕੀਤੀ ਜਾਵੇ। ਭਾਵੇਂ ਕੋਈ ਕਾਂਗਰਸੀ ਹੈ, ਭਾਵੇਂ ਕੋਈ ਕਮਿਊਨਿਸਟ ਹੈ, ਅਸੀਂ ਹਰ ਇਕ ਨੂੰ ਇਨਸਾਫ ਦੇਣ ਵਾਸਤੇ ਵਚਨਬੱਧ ਹਾਂ। ਅਸੀਂ ਪੂਰਾ ਇਨਸਾਫ ਦੇ ਰਹੇ ਹਾਂ। ਜਿਥੋਂ ਤੱਕ ਇੱਟਾਂ ਦੀ ਹੇਰਾ ਫੇਰੀ ਜਾਂ ਹੋਰ ਕੋਈ ਹੇਰਾ ਫੇਰੀ ਦੀ ਗੱਲ ਹੈ, ਇਹੋ ਜਿਹੀਆਂ ਹੇਰਾ ਫੇਰੀਆਂ ਦੀ ਜਦ ਕੋਈ ਸ਼ਿਕਾਇਤ ਆਵੇ ਤਾਂ ਮੈਂ ਅਖਬਾਰਾਂ ਦੇ ਵਿਚ ਵੀ ਕਿਹਾ ਹੈ, ਪੰਚਾਇਤ ਵਿਚ ਅਗਰ ਕੋਈ ਕਿਸੇ ਕਿਸਮ ਦਾ ਘਪਲਾ ਹੁੰਦਾ ਹੈ, ਕੋਈ ਬੀ.ਡੀ.ਓ., ਪੰਚਾਇਤ ਅਫਸਰ, ਓਵਰਸੀਅਰ, ਕੋਈ ਐਸ.ਡੀ.ਓ., ਪੰਚਾਇਤ ਸੈਕਟਰੀ ਕੋਈ ਐਸਾ ਕੰਮ ਕਰਦਾ ਹੈ ਤਾਂ ਉਸ ਦੇ ਬਾਰੇ ਸਾਨੂੰ ਦੱਸੋ। ਅਸੀਂ ਉਸ ਦੀ ਇਨਕੁਆਇਰੀ ਕਰਕੇ ਉਸ ਨੂੰ ਸਜ਼ਾ ਦੇਵਾਂਗੇ। ਕੋਈ ਇਸ ਬਾਰੇ ਸ਼ਿਕਾਇਤ ਕਰੇ ਤਾਂ ਅਸੀਂ ਉਸ ਦੀ ਇਨਕੁਆਇਰੀ ਕਰਕੇ ਐਕਸ਼ਨ ਲਵਾਂਗੇ। (ਥੰਪਿੰਗ)

ਸ਼੍ਰੀ ਰਾਮ ਲਾਲ : ** ** **

Mr. Deputy Speaker : No point of order.

ਸ਼੍ਰੀ ਰਾਮ ਲਾਲ : ** ** **

ਸ਼੍ਰੀ ਡਿਪਟੀ ਸਪੀਕਰ : ਤੁਸੀਂ ਬੈਠੋ, ਇਹ ਤੁਹਾਡਾ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਰਾਮ ਲਾਲ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ।

ਰਾਜ ਮੰਤਰੀ : ਅਸੀਂ ਤਾਂ ਗਰਾਮ ਸਭਾ ਦੇ ਮੈਂਬਰ ਦੇ ਲਿਖਣ ਤੇ ਐਕਸ਼ਨ ਲੈਂਦੇ ਹਾਂ ਅਤੇ ਪੜਤਾਲ ਕਰਦੇ ਹਾਂ ਪਰ ਇਨ੍ਹਾਂ ਦਾ ਤਾਂ ਐਮ.ਐਲ.ਏ. ਦਾ ਰੁਤਬਾ ਹੈ। ਐਸੀ ਕੋਈ ਗੱਲ ਇਨ੍ਹਾਂ ਦੇ ਨੋਟਿਸ ਵਿਚ ਆਉਂਦੀ ਹੈ ਤਾਂ ਉਹ ਸਾਨੂੰ ਦੱਸਣ ਅਸੀਂ ਪੜਤਾਲ ਕਰਕੇ ਕਸੂਰਵਾਰ ਨੂੰ ਸਜ਼ਾ ਦੇਵਾਂਗੇ। (ਥੰਪਿੰਗ)

ਜਿਥੋਂ ਤੱਕ ਪੰਚਾਇਤ ਦੇ ਸਰਪੰਚ ਕੋਲ ਰਿਕਾਰਡ ਦੀ ਗੱਲ ਕੀਤੀ ਹੈ ਕਿ ਉਨ੍ਹਾਂ ਕੋਲ ਰਿਕਾਰਡ ਨਹੀਂ। ਉਨ੍ਹਾਂ ਕੋਲ ਰਿਕਾਰਡ ਹੁੰਦਾ ਸੀ, ਸਾਰੀਆਂ ਪਾਵਰਜ਼ ਉਨ੍ਹਾਂ ਨੂੰ ਦਿੱਤੀਆਂ ਹੋਈਆਂ ਸਨ ਪੈਸਾ ਖਰਚ ਕਰਨ ਦੀਆਂ ਪਰ ਹੁੰਦਾ ਇਹ ਹੈ ਕਿ ਜਿਹੜੇ ਸਰਪੰਚ ਅਨਪੜ੍ਹ ਹੁੰਦੇ ਹਨ ਉਥੇ ਘਾਲਾ ਮਾਲਾ ਹੁੰਦਾ ਹੈ। ਉਨ੍ਹਾਂ ਦੇ ਅੰਗੂਠੇ ਲਵਾ ਲਏ ਜਾਂਦੇ ਹਨ। ਜਦੋਂ ਕੋਈ ਅਰਜ਼ੀ ਦਿੰਦਾ ਹੈ, ਸ਼ਿਕਾਇਤ ਕਰਦਾ ਹੈ ਤਾਂ ਪੜਤਾਲ ਵਾਸਤੇ ਫਿਰ ਉਹੀ ਬੀ.ਡੀ.ਓ., ਪੰਚਾਇਤ ਅਫਸਰ, ਪੰਚਾਇਤ ਸੈਕਟਰੀ ਉਸ ਦੀ ਪੜਤਾਲ ਕਰਦੇ ਹਨ। ਪਰ ਅਸੀਂ ਬਹੁਤ ਵੱਡੀ ਮਹੱਤਵਪੂਰਣ ਗੱਲ ਕੀਤੀ ਹੈ ਕਿ

**Expunged as ordered by the Chair.

ਜਿਥੇ ਪੰਚਾਇਤ ਵਿਚ ਘਪਲੇਬਾਜ਼ੀ ਹੋਵੇ ਤਾਂ ਉਥੇ ਦੇ ਸੈਕਟਰੀ, ਪੰਚਾਇਤ ਅਫਸਰ, ਉਥੇ ਦਾ ਬੀ.ਡੀ.ਓ. ਉਸ ਦਾ ਜ਼ਿਮੇਵਾਰ ਹੋਵੇ ਤਾਕਿ ਇਹ ਘਪਲੇਬਾਜ਼ੀ ਬੰਦ ਕੀਤੀ ਜਾ ਸਕੇ। ਪਹਿਲੇ ਉਹ ਆਪ ਹੀ ਇਹੋ ਜਿਹਾ ਕੰਮ ਕਰਕੇ ਆਪ ਹੀ ਪੜਤਾਲ ਅਫਸਰ ਬਣ ਜਾਂਦੇ ਸਨ। ਇਸ ਵਾਸਤੇ ਅਸੀਂ ਬਹੁਤ ਉਪਰਾਲੇ ਕੀਤੇ ਹਨ। ਜਿਥੋਂ ਵੀ ਕੋਈ ਸ਼ਿਕਾਇਤ ਹੋਵੇ, ਮੈਂਬਰ ਸਾਹਿਬਾਨ ਜਾਂ ਕਿਸੇ ਦੇ ਰਾਹੀਂ ਧਿਆਨ ਵਿਚ ਲਿਆਉਣ ਤਾਂ ਅਸੀਂ ਉਸ ਉਤੇ ਪੂਰਾ ਪੂਰਾ ਗੌਰ ਕਰਕੇ ਇਸ ਪ੍ਰਬੰਧ ਨੂੰ ਸੁਧਾਰਨ ਦਾ ਯਤਨ ਕਰਾਂਗੇ। (ਥੰਪਿੰਗ)

ਇਹ ਠੀਕ ਹੈ ਪੰਚਾਇਤੀ ਰਾਜ ਰੀੜ ਦੀ ਹੱਡੀ ਕਿਹਾ ਜਾਂਦਾ ਹੈ ਅਤੇ ਜਿੰਨਾਂ ਚਿਰ ਪੰਚਾਇਤੀ ਰਾਜ ਮਜ਼ਬੂਤ ਨਹੀਂ ਹੁੰਦਾ ਸਾਡਾ ਦੇਸ਼, ਸਾਡਾ ਸੂਬਾ ਤਰੱਕੀ ਨਹੀਂ ਕਰ ਸਕਦਾ। ਪੰਚਾਇਤੀ ਰਾਜ ਦੇ ਤਿੰਨ ਪੜਾਅ ਹਨ। ਦੋ ਪੜਾਅ ਖਤਮ ਹੋ ਗਏ ਹਨ ਜੋ ਕਿ ਬਹੁਤ ਮਹੱਤਵਪੂਰਨ ਪੜਾਅ ਹਨ। ਮੈਂ ਬੇਨਤੀ ਕਰਾਂਗਾ ਕਿ ਇਸ ਨੂੰ ਪਾਸ ਕਰੋ ਅਸੀਂ ਪੂਰਾ ਯਤਨ ਕਰਾਂਗੇ ਕਿ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਆਪਣੀ ਹੋਂਦ ਵਿਚ ਆਉਣ ਤਾਕਿ ਉਹ ਸਹੀਂ ਮਾਅਨਿਆਂ ਵਿਚ ਲੋਕਾਂ ਦੀ ਸੇਵਾ ਕਰ ਸਕਣ।

ਸਰਦਾਰ ਜਸਦੇਵ ਸਿੰਘ ਸੰਧੂ (ਬੈਠੇ, ਬੈਠੇ) : ਇਹ ਕਦੋਂ ਤੱਕ ਕਰੋਗੇ ?

ਰਾਜ ਮੰਤਰੀ : ਸਮਾਂ ਤਾਂ ਪੰਜਾਬ ਦੇ ਹਾਲਾਤ ਤੇ ਨਿਰਭਰ ਕਰਦਾ ਹੈ। ਅਸੀਂ ਬਹੁਤ ਜਲਦੀ ਉਨ੍ਹਾਂ ਨੂੰ ਵਜੂਦ ਵਿਚ ਲਿਆਉਣਾ ਚਾਹੁੰਦੇ ਹਾਂ ਤਾਕਿ ਉਹ ਆਪਣਾ ਕੰਮ ਕਰ ਸਕਣ ਅਤੇ ਆਪਣਾ ਦੇਸ਼, ਸੂਬਾ ਤਰੱਕੀ ਕਰ ਸਕੇ। ਮੈਂ ਬੇਨਤੀ ਕਰਾਂਗਾ ਕਿ ਇਸ ਨੂੰ ਪਾਸ ਕੀਤਾ ਜਾਵੇ।

Mr. Deputy Speaker : Question is—

That the Punjab Panchayat Samitis and Zila Parishads (Temporary Supersession) Amendment Bill be taken into consideration at once.

The Motion was carried.

Mr. Deputy Speaker : Now the House will proceed to consider the Bill Clause by Clause.

(Voice : Please put all the clauses of the Bill to the vote of the House together).

Mr. Deputy Speaker : Is it the pleasure of the House that all the Clauses of the Bill be put to the vote of the House together ?

(*Voices : Yes, yes*)

Sub-clause (2) of Clause 1, Clause 2, Clause 3 and Sub-Clause (1) of Clause 1

Mr. Deputy Speaker : Question is—

That Sub-clause (2) of Clause 1 Clause 2, Clause 3 and Sub-Clause (1) of Clause 1 stand part of the Bill.

The Motion was carried.

TITLE

Mr. Deputy Speaker : Question is—

That Title be the Title of the Bill.

The Motion was carried

Minister of State for Rural Development and Panchayats (Sardar Baldev Singh Khiala) : Sir, I beg to move—

That the Punjab Panchayat Samities and Zila Parishads (Temporary Supersession) Amendment Bill be passed.

Mr. Deputy Speaker : Motion moved—

That the Punjab Panchayat Samitis and Zila Parishads (Temporary Supersession) Amendment Bill be passed.

ਸ੍ਰੀ ਜਗਜੀਤ ਸਿੰਘ (ਕਰਤਾਰਪੁਰ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਬੋਲਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਆਇਆ ਹੈ ਮੈਂ ਇਸ ਤੇ ਇਹੀ ਕਹਿਣਾ ਚਾਹੁੰਦਾ ਹਾਂ ਕਿ ਪੰਚਾਇਤ ਸੰਮਿਤੀਆਂ ਦੀਆਂ ਜਿਹੜੀਆਂ ਚੋਣਾਂ ਹਨ ਉਹ ਚੋਣਾਂ ਕਰਾ ਕੇ ਜਿਹੜਾ ਥਰੀ ਟਾਇਰ ਸਿਸਟਮ ਹੈ ਉਹ ਮੁੜ ਕੇ ਲਾਗੂ ਕੀਤਾ ਜਾਵੇ ਤਾਕਿ ਸਾਰੇ ਪੰਜਾਬ ਵਿੱਚ ਪੰਚਾਇਤੀ ਰਾਜ ਦੀ ਮਾਰਫਤ ਸਾਡੀਆਂ ਪੰਚਾਇਤਾਂ ਦੇ ਪੰਚ, ਸਰਪੰਚ ਸੰਮਿਤੀਆਂ ਦੇ ਮੈਂਬਰ ਬਣਨ ਅਤੇ ਇਸ ਤਰ੍ਹਾਂ ਆਪਣੇ ਪਿੰਡਾਂ ਦੀ ਤਰੱਕੀ ਵਿੱਚ ਹਿੱਸਾ ਪਾ ਸਕਣ ਅਤੇ ਬਲਾਕਾਂ ਵਿੱਚ, ਸੰਮਿਤੀਆਂ ਵਿੱਚ ਆ ਸਕਣ ਔਰ ਤਰੱਕੀ ਵਾਲੇ ਪਾਸੇ ਜਾ ਸਕਣ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਪੰਚਾਇਤ ਸੰਮਿਤੀਆਂ ਦੀਆਂ ਚੋਣਾਂ ਵੀ ਕਰਵਾ ਦੇਈਏ ਕਿਉਂਕਿ ਹੁਣੇ ਪਿਛੇ ਜੋ ਕੋਅਪਰੇਟਿਵ ਸੋਸਾਇਟੀਆਂ ਦੀਆਂ ਚੋਣਾਂ ਹੋਈਆਂ ਹਨ ਉਨ੍ਹਾਂ ਵਿੱਚ ਕੋਈ ਐਸੀ ਗੱਲ ਨਹੀਂ ਹੈ ਜਿਸ ਦੇ ਨਾਲ ਕੋਈ ਘਟਨਾ ਵਾਪਰੀ ਹੋਵੇ। ਪੰਚਾਇਤ ਸੰਮਿਤੀਆਂ ਦੀਆਂ ਚੋਣਾਂ ਨਾ ਕਰਾਉਣ ਦਾ ਇਹ ਕੋਈ ਬਹਾਨਾ ਨਹੀਂ ਹੈ। ਇਨ੍ਹਾਂ ਦੀਆਂ ਚੋਣਾਂ ਕਰਾਉਣ ਦੇ ਨਾਲ ਸਰਕਾਰ ਨੂੰ ਮਦਦ ਮਿਲੇਗੀ ਅਤੇ ਜਿਹੜਾ ਪੰਚਾਇਤ ਸੰਮਿਤੀਆਂ ਦੇ ਮੈਂਬਰ ਬਣ ਕੇ ਆਉਣਗੇ ਉਹ ਸਰਕਾਰੀ ਅਦਾਰਿਆਂ ਨਾਲ ਮਿਲ ਕੇ ਜਿਥੇ ਅਸੀਂ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਨੂੰ ਸੁਧਾਰਨ ਦੀ ਗੱਲ ਕਰਦੇ ਹਾਂ ਉਥੇ ਉਹ ਵੀ ਇਸ ਕੰਮ ਵਿੱਚ ਮੱਦਦਗੀਰ ਸਾਬਤ ਹੋਣਗੇ ਅਤੇ ਲੋਕ ਡਿਵੈਲਪਮੈਂਟ ਵਾਲੇ ਪਾਸੇ ਲਗਣਗੇ।

ਇਸ ਦੇ ਨਾਲ ਹੀ ਮੈਂ ਇਹ ਵੀ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਪਿੰਡਾਂ ਵਿੱਚ ਪੰਜਾਬ ਵਿੱਚ ਕੰਮ ਹੋ ਰਿਹਾ ਹੈ ਅਤੇ ਨਵੀਂ ਸਰਕਾਰ ਨੇ ਬਹੁਤ ਸਾਰਾ ਰੁਪਿਆ ਪਿੰਡਾਂ ਦੀ ਤਰੱਕੀ ਵਾਸਤੇ ਦਿੱਤਾ ਹੈ, ਗਲੀਆਂ-ਨਾਲੀਆਂ ਪੱਕੀਆਂ ਕਰਨ ਵਾਸਤੇ ਜਿਹੜਾ ਪੈਸਾ ਜਾ ਰਿਹਾ ਹੈ ਅਤੇ ਪਿੰਡਾਂ ਨੂੰ ਜਿਹੜਾ ਇਸ ਕੰਮ ਵਾਸਤੇ ਮਿਲ ਰਿਹਾ ਹੈ ਉਸ ਦੇ ਵਾਸਤੇ ਸਰਕਾਰ ਦੀਆਂ ਸਿੱਧੀਆਂ ਇਨਸਟ੍ਰਕਸ਼ਨਜ਼ ਹਨ ਕਿ ਜਿਸ ਪਿੰਡ ਨੂੰ ਪੈਸਾ ਦਿੱਤਾ ਜਾਵੇ ਉਸ ਪਿੰਡ ਦੀ ਜੋ ਹਰੀਜਨ ਬਸਤੀ ਹੈ ਉਸ ਤੇ ਕੰਮ ਪਹਿਲਾਂ ਗਲੀਆਂ-ਨਾਲੀਆਂ ਪੱਕੀਆਂ ਕਰਨ ਦਾ ਕੀਤਾ ਜਾਵੇ ਤਾਂਕਿ ਉਨ੍ਹਾਂ ਲੋਕਾਂ ਨੂੰ ਸਹੂਲਤ ਮਿਲ ਸਕੇ। ਮੈਂ ਤੁਹਾਡੀ ਮਾਰਫਤ, ਡਿਪਟੀ ਸਪੀਕਰ ਸਾਹਿਬ, ਸਰਕਾਰ ਦੇ ਧਿਆਨ ਵਿੱਚ ਇਹ ਗਲ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਨਸਟ੍ਰਕਸ਼ਨਜ਼ ਦਿੱਤੀਆਂ ਹੋਈਆਂ ਹਨ ਉਨ੍ਹਾਂ ਤੇ ਪੂਰਾ ਅਮਲ ਨਹੀਂ ਹੋ ਰਿਹਾ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਇਨਸਟ੍ਰਕਸ਼ਨਜ਼ ਦਿੱਤੀਆਂ ਹੋਈਆਂ

ਹਨ ਇਨ੍ਹਾਂ ਨੂੰ ਪੂਰੇ ਅੱਛੇ ਢੰਗ ਨਾਲ ਲਾਗੂ ਕੀਤਾ ਜਾਵੇ ਕਿਉਂਕਿ ਜਿਹੜਾ ਪੈਸਾ ਦਿੱਤਾ ਜਾਂਦਾ ਹੈ ਉਸ ਦੇ ਵਿਚੋਂ ਪਹਿਲਾਂ ਹਰੀਜਨ ਬਸਤੀਆਂ ਤੇ ਕੰਮ ਹੋਣਾ ਚਾਹੀਦਾ ਹੈ ਜਿਸ ਦੇ ਵਾਸਤੇ ਪੈਸਾ ਦਿੱਤਾ ਜਾਂਦਾ ਹੈ ਪਰ ਉਹ ਪੈਸਾ ਹਰੀਜਨ ਬਸਤੀਆਂ ਵਿੱਚ ਨਹੀਂ ਲਗਾਇਆ ਜਾ ਰਿਹਾ ਔਰ ਸਾਰੀ ਗਰਾਂਟ ਜੋ ਜਾਂਦੀ ਹੈ ਉਹ ਪਿੰਡਾਂ ਵਿਚ ਹੀ ਖਰਚ ਹੋ ਜਾਂਦੀ ਹੈ ਅਤੇ ਜੋ ਹਰੀਜਨ ਬਸਤੀਆਂ ਦੀਆਂ ਗਲੀਆਂ-ਨਾਲੀਆਂ ਹਨ ਉਹ ਪੱਕੀਆਂ ਹੋਣ ਤੋਂ ਰਹਿ ਜਾਂਦੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਪਾਸੇ ਪੂਰਾ ਧਿਆਨ ਦੇਵੇ ਔਰ ਇਸ ਦੇ ਨਾਲ ਹੀ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਪੰਚਾਇਤੀ ਰਾਜ ਡੀਪਾਰਟਮੈਂਟ ਹੈ ਅਤੇ ਪਬਲਿਕ ਵਰਕਸ ਡੀਪਾਰਟਮੈਂਟ ਹੈ ਜਿਸ ਦੇ ਥਰੂ ਇਹ ਸਾਰਾ ਕੰਮ ਹੁੰਦਾ ਹੈ ਉਨ੍ਹਾਂ ਵਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਹ ਜਿਹੜਾ ਪੈਸਾ ਦਿੱਤਾ ਜਾਂਦਾ ਹੈ ਇਸ ਦੇ ਨਾਲ ਜੋ ਕੰਮ ਹੁੰਦਾ ਹੈ ਅਤੇ ਜੋ ਓਵਰਸੀਅਰ ਜਾਂ ਹੋਰ ਦੂਸਰੇ ਅਫਸਰ ਇਹ ਕੰਮ ਕਰਾਉਂਦੇ ਹਨ, ਇਸ ਕੰਮ ਦੇ ਵਿੱਚ ਬੜਾ ਘੱਪਲਾ ਹੋ ਰਿਹਾ ਹੈ। ਜਿਥੇ ਕਿਧਰੇ ਵੀ ਕੋਈ ਬਿਲਡਿੰਗ ਬਣ ਰਹੀ ਹੈ ਜੇ ਸਰਕਾਰ ਇਸ ਗਲ ਦੀ ਪੜਤਾਲ ਕਰਾਏ ਤਾਂ ਪਤਾ ਲੱਗੇਗਾ ਕਿ ਜਿਹੜੀ ਬਿਲਡਿੰਗ ਬਣਨੀ ਜਾਂ ਹੋਰ ਕੰਮ ਕਰਨਾ ਸ਼ੁਰੂ ਕੀਤਾ ਸੀ ਉਹ ਕੰਮ ਅਧੂਰੇ ਹੀ ਬਹੁਤ ਸਾਰੇ ਪਏ ਹਨ ਅਤੇ ਇਸ ਤਰ੍ਹਾਂ ਇਹ ਕੰਮ ਅਧੂਰੇ ਪਏ ਰਹਿਣ ਨਾਲ ਜਿਸ ਪਰਪੱਜ਼ ਵਾਸਤੇ ਗਰਾਂਟ ਦਿੱਤੀ ਗਈ ਹੈ, ਪੈਸਾ ਦਿੱਤਾ ਗਿਆ ਹੈ ਉਹ ਪਰਪੱਜ਼ ਪੂਰਾ ਨਹੀਂ ਹੁੰਦਾ। ਜਿਥੇ ਜਿਥੇ ਕੰਮ ਅਧੂਰੇ ਪਏ ਹਨ ਉਥੇ ਉਨ੍ਹਾਂ ਕੰਮਾਂ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਆਪਣਾ ਪੂਰਾ ਧਿਆਨ ਦੇਣਾ ਚਾਹੀਦਾ ਹੈ ਔਰ ਖਾਸ ਤੌਰ ਤੇ ਜਿਨ੍ਹਾਂ ਪਿੰਡਾਂ ਵਿੱਚ ਗਲੀਆਂ-ਨਾਲੀਆਂ ਪੱਕੀਆਂ ਕਰਨ ਵਾਸਤੇ ਗਰਾਂਟ ਦਿੱਤੀ ਜਾਂਦੀ ਹੈ ਉਥੇ ਥੋੜਾ ਜਿਹਾ ਪਿੰਡ ਪੱਕਾ ਹੋ ਜਾਂਦਾ ਹੈ ਅਤੇ ਬਾਕੀ ਦਾ ਸਾਰਾ ਕੰਮ ਅਧੂਰਾ ਰਹਿ ਜਾਂਦਾ ਹੈ। ਮੈਂ ਤੁਹਾਡੀ ਮਾਰਫਤ, ਡਿਪਟੀ ਸਪੀਕਰ ਸਾਹਿਬ, ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਸ ਪਿੰਡ ਨੂੰ ਪੱਕਿਆਂ ਕਰਨ ਵਾਸਤੇ ਪੈਸਾ ਦਿੱਤਾ ਗਿਆ ਹੈ ਅਤੇ ਕੰਮ ਸ਼ੁਰੂ ਹੋ ਗਿਆ ਹੈ ਉਕੇ ਕੋਈ ਇਸ ਕਿਸਮ ਦਾ ਪ੍ਰੋਗਰਾਮ ਬਣਾਇਆ ਜਾਵੇ ਕਿ ਸਾਰੇ ਦਾ ਸਾਰਾ ਪਿੰਡ, ਹਰੀਜਨ ਬਸਤੀ ਨੂੰ ਇਕੋ ਵਾਰੀ ਪੱਕਿਆਂ ਕਰ ਦਿੱਤਾ ਜਾਵੇ ਤਾਂਕਿ ਪਿੰਡ ਦੇ ਲੋਕ ਆਪਣੇ ਆਪ ਨੂੰ ਇਕੋ ਜਿਹੇ ਫੀਲ ਕਰ ਸਕਣ, ਤਾਂਕਿ ਸਾਰੇ ਲੋਕ ਇਹ ਮਹਿਸੂਸ ਕਰ ਸਕਣ ਕਿ ਜੋ ਸਹੂਲਤ ਮਿਲੀ ਹੈ ਉਹ ਸਾਰਿਆਂ ਨੂੰ ਇਕੋ ਜਿਹੀ ਮਿਲੀ ਹੈ।

ਸ੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ ਜੀ।

ਸ੍ਰੀ ਜਗਜੀਤ ਸਿੰਘ: ਬੱਸ ਜੀ ਦੋ-ਤਿੰਨ ਗੱਲਾਂ ਹੀ ਕਹਿਣੀਆਂ ਹਨ।

ਜਿਹੜਾ ਵਜ਼ੀਰ ਸਾਹਿਬ ਨੇ ਅਕਾਊਂਟਸ ਦੇ ਮੁਤੱਲਕ ਫਰਮਾਇਆ ਹੈ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਪੰਚਾਇਤ ਸੈਕਟਰੀ ਜੋ ਹਨ ਜੋ ਤਾਰੀਖਾਂ ਫਿਕਸ ਕੀਤੀਆਂ ਹੋਈਆਂ ਹੁੰਦੀਆਂ ਹਨ ਮੀਟਿੰਗਜ਼ ਦੇ ਲਈ ਉਹ ਮੀਟਿੰਗ ਕਰਨ ਵਾਸਤੇ ਨਹੀਂ ਜਾਂਦੇ। ਉਹ ਬਹੁਤ ਘੱਟ ਮੀਟਿੰਗਜ਼ ਕਰਨ ਜਾਂਦੇ ਹਨ। ਇਸ ਦੇ ਨਾਲ ਜੋ ਪੰਚਾਇਤਾਂ ਦੀਆਂ ਕਾਰਵਾਈਆਂ ਜਿਹੜੀਆਂ ਹਨ, ਜਿਹੜੀਆਂ ਪੰਚਾਇਤਾਂ ਕੰਮ ਕਰਨਾ ਚਾਹੁੰਦੀਆਂ ਹਨ ਉਹ ਪੂਰਾ ਨਹੀਂ ਕਰ ਸਕਦੀਆਂ। ਜਿਹੜੇ ਸਰਪੰਚ ਰੋਜ਼ਮੱਰਾ ਦੀਆਂ ਚੀਜ਼ਾਂ ਤੇ ਜੋ ਜ਼ਿੰਦਗੀ ਵਿੱਚ ਚਾਹੀਦੀਆਂ ਹਨ ਉਨ੍ਹਾਂ ਵਾਸਤੇ ਖਰਚ ਕਰਦੇ ਹਨ ਉਹ ਖਰਚੇ ਸਰਪੰਚ ਪੜ੍ਹੇ-ਲਿਖੇ ਨਾ ਹੋਣ ਕਰਕੇ ਕੈਸ਼ਬੁੱਕ ਤੇ ਨਹੀਂ ਚਾੜ੍ਹਦੇ ਅਤੇ ਜੇ ਉਹ ਉਸ ਨੂੰ ਲੰਮੇ ਅਰਸੇ ਲਈ ਨਾ ਚਾੜ੍ਹਨ ਤਾਂ ਇਸ ਦੇ ਵਿੱਚ ਕਈ ਕਿਸਮ ਦੇ ਸ਼ੰਕੇ ਪੈਦਾ ਹੋ ਸਕਦੇ ਹਨ ਅਤੇ ਇਸ ਤਰ੍ਹਾਂ ਜਿਹੜੇ ਸਰਪੰਚ ਪੜ੍ਹੇ-ਲਿਖੇ ਨਹੀਂ ਉਹ ਇਨ੍ਹਾਂ ਸ਼ੰਕਿਆਂ ਦੀ ਵਜ੍ਹਾ ਕਰਕੇ ਕਈ ਸਜ਼ਾ ਵੀ ਭੁਗਤਦੇ ਹਨ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪੰਚਾਇਤ ਸੈਕਟਰੀਜ਼ ਜੋ ਮੀਟਿੰਗਜ਼

[ਸ੍ਰੀ ਜਗਜੀਤ ਸਿੰਘ]

ਫਿਕਸ ਹੋਈਆਂ ਹਨ ਉਨ੍ਹਾਂ ਵਿੱਚ ਅਗਰ ਨਹੀਂ ਜਾਂਦੇ ਤਾਂ ਉਨ੍ਹਾਂ ਦੇ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ। ਜਿਹੜੇ ਅਫਸਰ ਹਨ .ਬੀ.ਡੀ.ਪੀ.ਓ. ਜਾਂ ਡੀ.ਡੀ.ਪੀ.ਓ ਜਾਂ ਡਿਪਟੀ ਡਾਇਰੈਕਟਰ ਜਾਂ ਹੋਰ ਅਫਸਰ ਉਨ੍ਹਾਂ ਨੂੰ ਨਿਸਚਿਤ ਕੀਤਾ ਜਾਵੇ, ਕੋਈ ਟਾਰਗੇਟ ਫਿਕਸ ਕੀਤਾ ਜਾਵੇ ਕਿ ਉਹ ਜਾ ਕੇ ਮੁਆਇਨਾ ਕਰਨ। ਡਿਪਟੀ ਸਪੀਕਰ ਸਾਹਿਬ, ਅਗੇ ਇਸ ਕਿਸਮ ਦੇ ਮੁਆਇਨੇ ਕੀਤੇ ਜਾਂਦੇ ਸਨ, ਜਿਸ ਦੇ ਨਾਲ ਇਹ ਪਤਾ ਲਗ ਜਾਂਦਾ ਸੀ ਕਿ ਜਿਹੜੀਆਂ ਪੰਚਾਇਤਾਂ ਖੱਜਲ ਹੋ ਰਹੀਆਂ ਹਨ ਉਹ ਸਾਰਾ ਕੁੱਝ ਸਰਕਾਰ ਦੇ ਨੋਟਿਸ ਵਿੱਚ ਆ ਜਾਂਦਾ ਸੀ ਅਤੇ ਜਿਥੇ ਕੋਈ ਇਸ ਕਿਸਮ ਦੀ ਗਲ ਹੁੰਦੀ ਸੀ ਤਾਂ ਉਸ ਦਾ ਨਿਪਟਾਰਾ ਹੋ ਜਾਂਦਾ ਸੀ। ਇਸ ਦੇ ਨਾਲ ਪੰਚਾਇਤਾਂ ਵਾਸਤੇ ਵੀ ਠੀਕ ਗਲ ਰਹਿੰਦੀ ਸੀ ਅਤੇ ਪਿੰਡਾਂ ਦੇ ਲੋਕਾਂ ਦਾ ਕੰਮ ਵੀ ਸਹੀ ਹੁੰਦਾ ਰਹਿੰਦਾ ਸੀ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਕਿਸਮ ਦੇ ਮੁਆਇਨੇ ਕਰਨੇ ਵੀ ਨਿਸ਼ਚਿਤ ਕਰਨੇ ਚਾਹੀਦੇ ਹਨ ਕਿ ਮਹਿਕਮੇ ਦਾ ਪੰਚਾਇਤ ਅਫਸਰ ਜਾਂ ਦੂਸਰੇ ਅਫਸਰ ਇਤਨੇ ਮੁਆਇਨੇ ਕਰੇਗਾ। ਉਹ ਪਿੰਡਾਂ ਵਿੱਚ ਜੋ ਕੰਮ ਹੋ ਰਿਹਾ ਹੈ ਉਹ ਦੇਖੇ, ਇਹ ਵੀ ਦੇਖੇ ਕਿ ਸਮੇਂ ਸਿਰ ਪੰਚਾਇਤਾਂ ਦੀਆਂ ਮੀਟਿੰਗਜ਼ ਹੋ ਰਹੀਆਂ ਹਨ ਜਾਂ ਨਹੀਂ ਹੋ ਰਹੀਆਂ, ਜੇ ਨਹੀਂ ਹੋ ਰਹੀਆਂ ਤਾਂ ਕਰਵਾਈਆਂ ਜਾਣ ਤਾਂਕਿ ਸਹੀ ਮਾਅਨਿਆਂ ਵਿੱਚ ਪਿੰਡਾਂ ਦੀ ਡਿਵੈਲਪਮੈਂਟ ਹੋ ਸਕੇ, ਸਹੀ ਮਾਅਨਿਆਂ ਵਿੱਚ ਪਿੰਡਾਂ ਦੀ ਤਰੱਕੀ ਵਾਸਤੇ ਕੰਮ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਪਿੰਡਾਂ ਦੀਆਂ ਜਿਹੜੀਆਂ ਪੰਚਾਇਤਾਂ ਹਨ, ਪਿੰਡਾਂ ਦੇ ਜੋ ਲੋਕ ਹਨ ਉਹ ਪੀਸ ਚਾਹੁੰਦੇ ਹਨ, ਉਨ੍ਹਾਂ ਨੂੰ ਤਰੱਕੀ ਵਾਲੇ ਪਾਸੇ ਲਿਆਓ।

ਸ੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ ਜੀ।

ਸ੍ਰੀ ਜਗਜੀਤ ਸਿੰਘ : ਜੋ ਪੰਜਾਬ ਵਿੱਚ ਰੌਲਾ ਹੈ ਉਸ ਨੂੰ ਦੂਰ ਕਰ ਸਕਦੇ ਹੋ ਜੇ ਪਿੰਡਾਂ ਨੂੰ, ਪੰਚਾਇਤਾਂ ਨੂੰ ਤੁਸੀਂ ਕਾਨਫੀਡੈਂਸ ਵਿੱਚ ਲਓ। ਪੰਚਾਇਤ ਸੰਮਿਤੀਆਂ ਦੀਆਂ ਇਲੈਕਸ਼ਨਜ਼ ਕਰਾਓ ਅਤੇ ਉਨ੍ਹਾਂ ਵਿੱਚ ਨਵੇਂ ਲੀਡਰ ਪੈਦਾ ਕਰਕੇ ਉਨ੍ਹਾਂ ਨੂੰ ਕੰਮ ਦਿਓ ਲਾਅ ਐਂਡ ਆਰਡਰ ਨੂੰ ਠੀਕ ਕਰਨ ਵਾਸਤੇ। ਲੋਕਾਂ ਵਿੱਚ ਇਸ ਵੇਲੇ ਬਹੁਤ ਬਰਾਦਰੀਆਂ ਵਿੱਚ ਪਾੜੇ ਪੈ ਗਏ ਹਨ, ਉਹ ਇਕ ਦੂਸਰੇ ਕੋਲੋਂ ਦੂਰ ਹੋਏ ਹਨ ਉਹ ਭਾਈਚਾਰਾ ਪੱਕਾ ਕਰਨ ਵਾਸਤੇ, ਦੂਰੀ ਨੂੰ ਦੂਰ ਕਰਨ ਵਾਸਤੇ ਪੰਚਾਇਤਾਂ ਕੰਮ ਕਰਨ ਔਰ ਇਹ ਸਾਰਾ ਕੰਮ ਪੰਚਾਇਤੀ ਰਾਜ ਦੀ ਮਾਰਫਤ ਹੋ ਸਕਦਾ ਹੈ। ਪੰਚਾਇਤੀ ਰਾਜ ਦੀ ਮਾਰਫਤ ਅਸੀਂ ਲੋਕਾਂ ਨੂੰ ਲਾਗੇ ਲਾਗੇ ਕਰ ਸਕਦੇ ਹਾਂ ਔਰ ਭਾਈਚਾਰੇ ਨੂੰ ਹੋਰ ਪੱਕਾ ਕਰ ਸਕਦੇ ਹਾਂ। ਪੰਚਾਇਤੀ ਰਾਜ ਇਕ ਐਸਾ ਸਿਸਟਮ ਹੈ ਜਿਸ ਦੇ ਵਿੱਚ ਅਸੀਂ ਸਾਰੇ ਪੰਜਾਬੀ ਖਾਸ ਤੌਰ ਤੇ ਪਿੰਡਾਂ ਵਿੱਚ ਵੱਸਣ ਵਾਲੇ ਲੋਕ ਇਕੱਠੇ ਬੈਠ ਕੇ ਫੈਸਲੇ ਕਰੀਏ ਔਰ ਪੰਜਾਬ ਦੀ ਤਰੱਕੀ ਲਈ, ਪੰਜਾਬ ਦੀ ਲਾਅ ਐਂਡ ਆਰਡਰ ਦੀ ਹਾਲਤ ਨੂੰ ਠੀਕ ਕਰਨ ਵਾਸਤੇ ਪੰਚਾਇਤਾਂ ਕੰਮ ਕਰਨ ਤਾਂਕਿ ਸਾਡਾ ਸੂਬਾ ਅੱਗੇ ਵਧ ਸਕੇ।

12.10 P.M. | (ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)।

ਔਰ ਅਸੀਂ ਤਰੱਕੀ ਦੇ ਕੰਮਾਂ ਵਿਚ ਹੋਰ ਹਿੱਸਾ ਪਾ ਸਕੀਏ ਔਰ ਜੋ ਤਰੱਕੀ ਦੇ ਕੰਮ ਕਰਾਉਣੇ ਹਨ, ਉਹ ਪੰਚਾਇਤਾਂ ਦੀ ਮਾਰਫਤ ਕਰਾਏ ਜਾਣ ਔਰ ਪੰਚਾਇਤਾਂ ਨੂੰ ਹੋਰ ਅਧਿਕਾਰ ਦਿੱਤੇ ਜਾਣ ਤਾਕਿ ਪਿੰਡਾਂ ਵਿਚ ਸਹੀ ਮਾਅਨਿਆਂ ਵਿਚ ਕੰਮ ਹੋ ਸਕੇ। ਇਨ੍ਹਾਂ ਸ਼ਬਦਾਂ ਨਾਲ ਮੈਂ ਸਰਕਾਰ ਨੂੰ ਜ਼ੋਰ ਨਾਲ ਬੇਨਤੀ ਕਰਾਂਗਾ ਕਿ ਪੰਚਾਇਤ ਸੰਮਿਤੀਆਂ ਦੇ ਇਲੈਕਸ਼ਨਜ਼ ਜਿੰਨੀ ਜਲਦੀ ਹੋ ਸਕਣ ਕਰਾਏ ਜਾਣ। ਇਸ ਨਾਲ ਪਿੰਡਾਂ ਨੂੰ ਫ਼ਾਇਦਾ ਹੋਵੇਗਾ ਔਰ ਪਿੰਡਾਂ ਵਿਚ ਨਵੀਂ ਲੀਡਰਸ਼ਿਪ ਆਵੇਗੀ। ਪੰਚਾਇਤਾਂ ਨਾਲ ਸਾਰੇ ਪਿੰਡਾਂ ਵਿਚ ਅਮਨ ਰੱਖਣ ਲਈ, ਭਾਈਚਾਰਾ ਰੱਖਣ ਲਈ ਮੱਦਦ ਮਿਲੇਗੀ।

Mr. Speaker : Question is—

That the Punjab Panchayat Samitis and Zila Parishads (Temporary Supersession) Amendment Bill be passed.

The Motion was carried.

Mr. Speaker : Now the Minister will move the next Bill.

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਬਾਕੀ ਦੇ ਬਿਲ ਕੱਲ੍ਹ ਤੱਕ ਪਾ ਦਿਓ ਜਿਹੜਾ ਕੱਲ੍ਹ ਦਾ ਦਿਨ ਬੀਤ ਗਿਆ ਹੈ, ਕੱਲ੍ਹ ਬਹੁਤ ਥਕ ਗਏ ਸੀ ।

ਸ੍ਰੀ ਸਪੀਕਰ : ਇਹ ਛੇਵਾਂ ਬਿਲ ਆ ਰਿਹਾ ਹੈ।

ਮੁੱਖ ਮੰਤਰੀ : ਸਪੀਕਰ ਸਾਹਿਬ, ਕੱਲ੍ਹ ਨੂੰ ਜਨਰਲ ਡਿਸਕਸ਼ਨ ਪੰਜਾਬ ਇਸ਼ੂ ਤੇ ਕਰਾ ਰਹੇ ਹੋ । ਹੁਣ ਸਿਰਫ਼ ਅੱਧੇ ਘੰਟੇ ਦਾ ਕੰਮ ਰਹਿ ਗਿਆ ਹੈ, ਮੇਰਾ ਖਿਆਲ ਹੈ ਕਿ ਇਹ ਕੰਮ ਕਰ ਦੇਣਾ ਚਾਹੀਦਾ ਹੈ ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਇਹ ਬਾਕੀ ਕੰਮ ਕੱਲ੍ਹ ਨੂੰ ਹੋਣਾ ਚਾਹੀਦਾ ਹੈ ।

ਮੁੱਖ ਮੰਤਰੀ : ਇਹ ਅੱਜ ਹੀ ਕਰ ਦਿਓ ਜੀ।

ਸ੍ਰੀ ਸਪੀਕਰ : ਮੈਂ ਵਾਇਆ ਮੀਡੀਆ ਦੱਸ ਦਿੰਦਾ ਹਾਂ ਬਾਕੀ ਹਾਊਸ ਦੀ ਮਰਜ਼ੀ ਹੈ। ਮਹਿਰਾ ਸਾਹਿਬ ਨੇ ਆਪਣੀ ਰਾਇ ਦਿੱਤੀ ਹੈ, ਅੱਜ ਕੁੱਲ 12 ਬਿਲ ਹਨ। ਕੱਲ੍ਹ ਨੂੰ ਵੈਸੇ ਵੀ ਦੋ ਘੰਟਿਆਂ ਦਾ ਕੰਮ ਹੈ। ਕੁਐਸਚਨ ਆਵਰ ਹੈ, ਜ਼ੀਰੋ ਆਵਰ ਵਿਚ ਵੀ ਤੁਸੀਂ ਆਪਣੀ ਗਲ ਕਹਿ ਸਕਦੇ ਹੋ ਅਤੇ ਤਿੰਨ ਕਾਲ ਅਟੈਨਸ਼ਨ ਮੋਸ਼ਨਜ਼ ਵੀ ਹਨ । 9 ਵਜੇ ਤੋਂ 11 ਵਜੇ ਤੱਕ ਮਸ਼ਾਂ ਕਰ ਸਕਾਂਗੇ।

ਡਾਕਟਰ ਕੇਵਲ ਕ੍ਰਿਸ਼ਨ : ਫਾਈਨਾਂਸ ਮਨਿਸਟਰ ਸਾਹਿਬ ਵੀ ਕਹਿ ਗਏ ਹਨ ਕਿ ਹਾਊਸ ਦੀ ਕਨਸੈਂਟ ਨਾਲ ਬਾਕੀ ਬਿਲ ਕੱਲ੍ਹ ਨੂੰ ਲੈ ਲੈਣਾ।

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਮਹਿਰਾ ਸਾਹਿਬ ਨੇ ਠੀਕ ਹੀ ਕਿਹਾ ਹੈ ਕਿ ਬਾਕੀ ਬਿਲ ਕੱਲ੍ਹ ਨੂੰ ਲੈ ਲੈਣਾ।

ਮੁੱਖ ਮੰਤਰੀ : ਸਪੀਕਰ ਸਾਹਿਬ, ਜੇ ਮਹਿਰਾ ਸਾਹਿਬ ਤੇ ਉਨ੍ਹਾਂ ਦੇ ਸਾਥੀ ਅਗਰ ਇਤਨੇ ਥੱਕੇ ਹੋਏ ਹਨ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ।

Mr. Speaker : As far as the Sixth Bill is concerned, the Minister is to move the Bill.

THE PUNJAB TOWN IMPROVEMENT (AMENDMENT) BILL, 1986

ਰਾਜ ਮੰਤਰੀ, ਸਥਾਨਕ ਸਰਕਾਰ (ਸਰਦਾਰ ਮਹਿੰਦਰ ਸਿੰਘ ਸਾਂਈਆਂ ਵਾਲਾ) : ਸਪੀਕਰ, ਸਾਹਿਬ, ਮੈਂ ਪੰਜਾਬ ਟਾਊਨ ਇੰਪਰੂਵਮੈਂਟ (ਸੋਧਨਾ) ਬਿਲ ਪੇਸ਼ ਕਰਦਾ ਹਾਂ ।

Pandit Mohan Lal : He has to move it for consideration. He has only introduced it.

Mr. Speaker : I would suggest to the Minister that the motion be moved first. Let the motion be moved first that the Punjab Town Improvement (Amendment) Bill be taken into consideration at once.

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ (ਰਾਜਮੰਤਰੀ, ਸਥਾਨਕ ਸਰਕਾਰ) : ਸਪੀਕਰ ਸਾਹਿਬ, ਮੈ ਪ੍ਰਸਤਾਵ ਕਰਦਾ ਹਾਂ :

ਕਿ ਪੰਜਾਬ ਟਾਊਨ ਇੰਪਰੂਵਮੈਂਟ (ਸੋਧਨਾ) ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

Mr. Speaker : Motion moved—

That the Punjab Town Improvement (Amendment) Bill be taken into consideration at once.

Pandit Mohan Lal : I would like to speak on this. (noise) ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਬਿਲ ਲੋਕ ਰਾਜ ਦੀਆਂ ਜੋ ਰਵਾਇਤਾਂ ਹਨ ਉਨ੍ਹਾਂ ਦੇ ਮੁਤਾਬਕ ਮੇਲ ਨਹੀਂ ਖਾਂਦਾ। ਅਟਾਨੋਮਅਸ ਬਾਡੀਜ਼ ਜਿੰਨੀਆਂ ਵੀ ਬਣੀਆਂ ਹੋਈਆਂ ਹਨ, ਉਹ ਇਸ ਖਾਤਰ ਬਣਾਈਆਂ ਜਾਂਦੀਆਂ ਹਨ ਤਾਂਕਿ ਉਨ੍ਹਾਂ ਨੂੰ ਮੁਨਾਸਿਬ ਅਖਤਿਆਰ ਦਿਤੇ ਜਾਣ ਔਰ ਉਹ ਅਖਤਿਆਰ ਵਰਤਣ। ਇਨ੍ਹਾਂ ਦੇ ਅਖਤਿਆਰਾਂ ਵਿਚ ਦੋ ਅਮੈਂਡਮੈਂਟਾਂ ਕਰਨ ਦਾ ਸੁਝਾ ਰਖਿਆ ਗਿਆ ਹੈ ਜਿਹੜਾ ਕਿ ਨਾਮੁਨਾਸਬ ਲਗਦਾ ਹੈ। ਇਹ ਗੱਲ ਮੈਂ ਮੰਨਦਾ ਹਾਂ ਕਿ ਇੰਪਰੂਵਮੈਂਟ ਟਰੱਸਟਾਂ ਵਿਚ ਕਈ ਕਿਸਮ ਦੀਆਂ ਬੇਜ਼ਾਬਤਗੀਆਂ ਹੁੰਦੀਆਂ ਹਨ ਲੇਕਿਨ ਇਸ ਗਲ ਨੂੰ ਧਿਆਨ ਵਿਚ ਰਖਣਾ ਪਏਗਾ ਕਿ ਜਿਹੜੀਆਂ ਨਾਮੀਨੇਸ਼ਨਾਂ ਹੁੰਦੀਆਂ ਹਨ, ਉਹ ਠੀਕ ਆਦਮੀਆਂ ਦੀਆਂ ਨਹੀਂ ਹੁੰਦੀਆਂ। ਜਦ ਤਕ ਨਾਮੀਨੇਸ਼ਨਜ਼ ਠੀਕ ਨਹੀਂ ਕਰੋਗੇ ਤਾਂ ਇਹ ਬੇਜ਼ਾਬਤਗੀਆਂ ਹੋਣਗੀਆਂ। ਅਗਰ ਠੀਕ ਤਰੀਕੇ ਨਾਲ ਚੋਣਾਂ ਹੋਣ, ਨਾਮੀਨੇਸ਼ਨਜ਼ ਹੋਣ ਤਾਂ ਸਾਨੂੰ ਉਨ੍ਹਾਂ ਤੇ ਵਿਸ਼ਵਾਸ ਔਰ ਭਰੋਸਾ ਰੱਖਣਾ ਚਾਹੀਦਾ ਹੈ ਔਰ ਜਿਸ ਏਰੀਆ ਨਾਲ ਉਹ ਸਬੰਧ ਰਖਦੇ ਹਨ ਉਹ ਆਪਣਾ ਪੂਰਾ ਕੰਮ ਕਰਨਗੇ।

ਇਸ ਸੋਧਨਾ ਬਿਲ ਵਿਚ ਦੋ ਪ੍ਰੋਵੀਜ਼ਨ ਰਖੇ ਗਏ ਹਨ। ਪਹਿਲਾਂ ਤਾਂ ਕਲਾਜ਼ ਦੋ ਵਿਚ ਇਹ ਅਖਤਿਆਰ ਲੈਣਾ ਚਾਹੁੰਦੇ ਹਨ ਕਿ ਗੌਰਮਿੰਟ ਕਿਸੇ ਵੀ ਅਫ਼ਸਰ ਨੂੰ ਉਨ੍ਹਾਂ ਦੇ ਆਫਿਸ ਦੀ ਜਾਂਚ ਪੜਤਾਲ ਕਰਨ ਲਈ ਮੁਕੱਰਰ ਕਰ ਸਕਦੀ ਹੈ। ਇਸ ਵਿਚ ਮੈਨੂੰ ਬਹੁਤ ਬੜਾ ਇਤਰਾਜ਼ ਹੈ that the State Government may authorise any of its officer to inspect or examine. ਅੱਨਡਿਫਾਈਂਡ ਅਫ਼ਸਰ ਦਾ ਮਤਲਬ ਤਾਂ ਇਹ ਹੋਇਆ ਕਿ ਅਸਿਸਟੈਂਟ ਵੀ ਹੋ ਸਕਦਾ ਹੈ ਅਤੇ ਸੁਪਰਡੰਟ ਵੀ ਹੋ ਸਕਦਾ ਹੈ। ਕੀ ਇਕ ਅਸਿਸਟੈਂਟ ਜਾਂ ਸੁਪਰਡੰਟ ਨੂੰ ਇੰਪਰੂਵਮੈਂਟ ਟਰੱਸਟ ਦੀ ਇੰਸਪੈਕਸ਼ਨ ਲਈ ਭੇਜਣਾ ਠੀਕ ਹੈ ? ਇਹ ਠੀਕ ਨਹੀਂ। ਮੈਂ ਕਹਿੰਦਾ ਹਾਂ ਕਿ ਇਹ ਸਪੈਸੀਫੀਕਲੀ ਲਿਖਣਾ ਚਾਹੀਦਾ ਹੈ ਕਿ ਇਸ ਰੈਂਕ ਦਾ ਆਫੀਸਰ ਜਾਏਗਾ। (ਇਕ ਅਵਾਜ਼ : ਕਲਾਸ ਵਨ ਹੋਣਾ ਚਾਹੀਦਾ ਹੈ।) ਕਲਾਸ ਵਨ ਦੇ ਮੁਤੱਲਕ ਵੀ ਸੋਚਿਆ ਜਾ ਸਕਦਾ ਹੈ। ਮੇਰੀ ਆਪਣੀ ਰਾਏ ਹੈ ਕਿ ਡਿਪਟੀ ਸੈਕਟਰੀ ਦੇ ਲੈਵਲ ਤੋਂ ਕੋਈ ਘੱਟ ਅਫ਼ਸਰ ਇਸ ਦੇ ਲਈ ਨਹੀਂ ਜਾਣਾ ਚਾਹੀਦਾ। ਜ਼ਿਲ੍ਹੇ ਵਿਚ ਏ.ਡੀ.ਸੀ., ਜਾਂ ਡੀ.ਐਮ. ਦੇ ਲੈਵਲ ਤੋਂ ਘੱਟ ਕੋਈ ਆਦਮੀ ਨਹੀਂ ਜਾਣਾ ਚਾਹੀਦਾ।

ਦੂਸਰੀ ਕਲਾਜ਼ ਜਿਹੜੀ 72 (ਈ) (ਬੀ) ਹੈ, ਉਸ ਦੇ ਰਾਹੀਂ ਗੌਰਮਿੰਟ ਅਖਤਿਆਰ ਲੈਣਾ ਚਾਹੁੰਦੀ ਹੈ ਇੰਪਰੂਵਮੈਂਟ ਟਰੱਸਟ ਨੂੰ ਹਦਾਇਤਾਂ ਦੇਣ ਲਈ। ਇਸ ਤਰ੍ਹਾਂ ਕਰੋ ਇਸ ਤਰ੍ਹਾਂ ਨਾ ਕਰੋ,

ਇਸ ਦੇ ਵਾਸਤੇ ਪੈਸੇ ਰਖੋ ਉਸ ਦੇ ਵਾਸਤੇ ਨਾ ਰਖੋ। ਜੇ ਨਹੀਂ ਰਖੋਗੇ ਤਾਂ ਉਸ ਦਾ ਅਖ-ਤਿਆਰ ਸਰਕਾਰ ਨੂੰ ਹੋਵੇਗਾ ਕਿ ਉਹ ਜਿਵੇਂ ਚਾਹੇ ਕਰੇ। ਇਹ ਮੁਨਾਸਬ ਨਹੀਂ। ਇਸ ਦੇ ਵਾਸਤੇ ਜੇਕਰ ਕੋਈ ਸੈਕਟਰੀ ਦੇ ਲੈਵਲ ਦਾ ਜਾਂ ਡਿਪਟੀ ਸੈਕਟਰੀ ਦੇ ਲੈਵਲ ਤੋਂ ਕੋਈ ਘੱਟ ਵਾਲਾ ਇੰਟਰਵੀਨ ਕਰੇ ਤਾਂ ਠੀਕ ਨਹੀਂ ਹੋਵੇਗਾ। ਜੇਕਰ ਛੋਟੇ ਅਫ਼ਸਰ ਨੂੰ ਅਖਤਿਆਰ ਦਿਉਗੇ ਤਾਂ ਮੈਂ ਬੇ-ਝਿਜਕ ਕਹਿੰਦਾ ਹਾਂ ਕਿ ਪਹਿਲਾਂ ਕੁਰੱਪਸ਼ਨ ਬਹੁਤ ਹੈ ਅਤੇ ਇਹ ਹੋਰ ਵਧੇਗੀ ਔਰ ਇਹ ਜ਼ਾਹਰਾ ਤੌਰ ਤੇ ਵਧੇਗੀ।

ਇਨ੍ਹਾਂ ਦੋਨਾਂ ਪ੍ਰੋਵੀਜ਼ਨਜ਼ ਵਿਚ ਇਤਰਾਜ਼ ਇਸ ਲਈ ਹੈ ਕਿ ਅਫ਼ਸਰ ਦਾ ਲੈਵਲ ਮੁਕੱਰਰ ਕਰ ਦਿਉ ਇੰਸਪੈਕਸ਼ਨ ਔਰ ਇੰਪਲੀਮੈਂਟੇਸ਼ਨ ਵਾਸਤੇ।

ਮਾਸਟਰ ਮੋਹਨ ਲਾਲ (ਪਠਾਨਕੋਟ): ਸਪੀਕਰ ਸਾਹਿਬ, ਇਹ ਜੋ ਇੰਪਰੂਵਮੈਂਟ ਟਰੱਸਟਾਂ ਲਈ ਕੁੱਝ ਅਮੈਂਡਮੈਂਟਸ ਰਖੀਆਂ ਹਨ ਮੈਂ ਉਸ ਦੀ ਪ੍ਰੋੜ੍ਹਤਾ ਕਰਨ ਲਈ ਖੜਾ ਹੋਇਆ ਹਾਂ। ਮੈਂ ਇਕ ਗਲ ਲਈ ਪੰਡਿਤ ਮੋਹਨ ਲਾਲ ਨਾਲ ਸਹਿਮਤ ਹਾਂ ਕਿ ਐਨੀ ਆਫ਼ੀਸਰ ਦਾ ਮਤਲਬ ਇਹ ਨਹੀਂ ਕਿ ਕਿਸੇ ** ਨੂੰ ਉਠਾ ਕੇ ਭੇਜ ਦਿਓ। It should be determined specificaly.

ਸ੍ਰੀ ਸਪੀਕਰ: ਇਹ ** ਦਾ ਸ਼ਬਦ ਐਕਸਪੰਜ ਕੀਤਾ ਜਾਂਦਾ ਹੈ।

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਹੈ ਕਿ (ਵਿਘਨ) ਇੰਪਰੂਵ-ਮੈਂਟ ਟਰੱਸਟ ਦੀ ਫੰਕਸ਼ਨਿੰਗ ਬਾਰੇ ਜਾਂਚ ਪੜਤਾਲ ਕਰਨੀ ਹੈ ਜਾਂ ਇੰਮਪਰੂਵਮੈਂਟ ਟਰੱਸਟ ਦੀਆਂ ਕਾਰ-ਗੁਜ਼ਾਰੀਆਂ ਦੀ ਕਰਨੀ ਹੈ ਤਾਂ ਉਸ ਡੈਮੋਕ੍ਰੇਟਿਕ ਢਾਂਚੇ ਵਿੱਚ ਐਸੇ ਆਦਮੀ ਨੂੰ ਨਿਯੁਕਤ ਕੀਤਾ ਜਾਵੇ, ਉਸ ਦਾ ਸਪੈਸੇਫਿਕ ਮੈਨਸ਼ਨ ਹੋਵੇ ਜਿਸ ਤਰ੍ਹਾਂ ਸੈਕਟਰੀ ਹੈ, ਡਿਪਟੀ ਸੈਕਟਰੀ ਹੈ, ਡਾਇਰੈਕਟਰ ਹੈ, ਇਨ੍ਹਾਂ ਵਿਚੋਂ ਕਿਸੇ ਆਦਮੀ ਨੂੰ ਕਹਿ ਦਿੱਤਾ ਜਾਵੇ ਕਿ ਇੰਪਰੂਵਮੈਂਟ ਟਰੱਸਟ ਦੀ ਫਲਾਣੀ ਫਲਾਣੀ ਆਈਟਮ ਨੂੰ ਚੈਕ ਕਰਨਾ ਹੈ। ਕੋਈ ਵੀ ਹੋਵੇ। ਇੰਪਰੂਵਮੈਂਟ ਟਰੱਸਟ ਦੀ ਇਨਸਪੈਕਸ਼ਨ ਹੈ, ਕਿਸੇ ਖਾਸ ਸਪੈਸੇਫਿਕ ਆਦਮੀ ਦੁਆਰਾ ਕੀਤੀ ਜਾਣੀ ਚਾਹੀਦੀ ਹੈ।

ਦੂਸਰੀ ਗਲ ਹੈ ਕਿ ਇੰਪਰੂਵਮੈਂਟ ਟਰੱਸਟ ਦੇ ਇੰਪਲਾਈਜ਼ ਦੀ ਕਾਰ-ਗੁਜ਼ਾਰੀ ਨੂੰ ਚੈਕ ਕਰਨ ਦਾ ਮਤਲਬ ਨਹੀਂ ਹੈ, ਸਪੈਸੇਫਿਕ ਇਹ ਕੀਤਾ ਜਾਣਾ ਚਾਹੀਦਾ ਹੈ ਕਿ ਇੰਪਰੂਵਮੈਂਟ ਟਰੱਸਟ ਦਾ ਈ. ਓ. ਹੈ, ਐਮ.ਈ. ਹੈ ਐਸ.ਓ. ਹੈ, ਉਨ੍ਹਾਂ ਲੋਕਾਂ ਨੇ ਕੀ ਕੰਮ ਕੀਤਾ ਹੈ, ਟੈਂਡਰ ਕਦੋਂ ਦਿੱਤੇ, ਕਿੱਥੇ ਦਿੱਤੇ ਹਨ, ਟੈਂਡਰ ਗਲਤ ਦਿੱਤੇ ਹਨ। ਉਨ੍ਹਾਂ ਦੀ ਚੈਕਿੰਗ ਕੀਤੀ ਜਾਵੇ ਕਿਸੇ ਦੂਜੇ ਇੰਮਪਲਾ-ਈਜ਼ ਨੂੰ ਚੈਕ ਨਹੀਂ ਕਰਨਾ। ਸਾਰੇ ਇੰਪਲਾਈਜ਼ ਗੌਰਮਿੰਟ ਦੇ ਇੰਪਲਾਈਜ਼ ਹਨ। ਜਿਹੜੇ ਸਪੈਸੇਫਿਕ ਇੰਪਲਾਈਜ਼ ਅਥਾਰਿਟੀਜ਼ ਹਨ ਟੈਂਡਰ ਲੈਣ ਦੇ, ਦੇਣ ਦੇ, ਕੰਮ ਦੇਣ ਵਿਚ, ਇਨਸਪੈਕਸ਼ਨ ਉਨ੍ਹਾਂ ਦੀ ਕੀਤੀ ਜਾਣੀ ਚਾਹੀਦੀ ਹੈ।

ਤੀਸਰੀ ਗੱਲ ਇਹ ਕਹਿਣੀ ਚਾਹੁੰਦਾ ਹਾਂ ਕਿ ਇੰਪਰੂਵਮੈਂਟ ਟਰਸਟ ਦੇ ਕੋਲ ਜਿਹੜੇ ਫੰਡਜ਼ ਹਨ ਉਹ ਇਨਐਡੀਕੁਏਟ ਹਨ। ਬੇਨਤੀ ਹੈ ਕਿ ਇੰਮਪਰੂਵਮੈਂਟ ਟਰੱਸਟ ਦੀ ਫੰਕਸ਼ਨਿੰਗ ਠੀਕ ਕਰਨ ਵਾਸਤੇ ਇਸ ਦੇ ਲਈ ਬੜਾ ਜ਼ਰੂਰੀ ਹੈ ਕਿ ਸਰਕਾਰ ਲਿਬਰਲੀ ਗਰਾਂਟ-ਇਨ-ਏਡ ਟਾਈਮ ਸਿਰ ਦਿੰਦੀ ਰਹੇ ਤਾਕਿ ਇੰਪਰੂਵਮੈਂਟ ਟਰੱਸਟ ਦੇ ਜਿਹੜੇ ਕੰਮ ਰੁੱਕੇ ਹੋਏ ਹਨ ਉਹ ਪੂਰੇ ਕੀਤੇ ਜਾਣ।

**Expunged as ordered by the Chair.

ਸ੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬੀ) : ਡਿਪਟੀ ਸਪੀਕਰ ਸਾਹਿਬ, (ਹਾਸਾ) ਸੌਰੀ ਵੈਰੀ ਸੌਰੀ, ਸਪੀਕਰ ਸਾਹਿਬ (ਵਿਘਨ) ਹੋਰ ਵੀ ਉਚੇ ਜਾਓ।

ਜਿਹੜਾ ਪੰਜਾਬ ਟਾਊਨ ਇੰਪਰੂਵਮੈਂਟ ਅਮੈਂਡਮੈਂਟ ਬਿਲ, 1986 ਪੇਸ਼ ਹੋਇਆ ਹੈ, ਅੱਜ ਮੈਂ ਇਸ ਦੇ ਬਾਰੇ ਅਰਜ਼ ਕਰਨ ਲਗਾ ਹਾਂ। ਇਹ ਠੀਕ ਹੈ ਕਿ ਇਹ ਹੋਣਾ ਚਾਹੀਦਾ ਹੈ, ਉਹ ਹੋਣਾ (ਵਿਘਨ) ਇਸ ਵਾਸਤੇ ਕਿ ਮੈਂ ਵੀ ਕਿਸੇ ਵੇਲੇ ਇੰਮਪਰੂਵਮੈਂਟ ਟਰਸਟ ਦਾ ਮੈਂਬਰ ਹੁੰਦਾ ਸੀ ਔਰ ਸਾਡੇ ਸ਼ਹਿਰ ਵਿਚ ਸਾਰਿਆਂ ਨਾਲੋਂ ਵੱਡਾ ਇੰਪਰੂਵਮੈਂਟ ਟਰਸਟ ਹੈ ਲੇਕਿਨ ਬੈਕਗਰਾਊਂਡ ਜਿਹੜੀ ਸੀ ਉਹ ਸੀ ਕਿ ਏਨੀ ਆਬਾਦੀ ਵੱਧਦੀ ਜਾਂਦੀ ਹੈ, ਅਨਪਲੈਂਡ ਡਿਵੈਲਪਮੈਂਟ ਵੱਧਦੀ ਜਾਂਦੀ ਹੈ, ਇਸ ਕਰਕੇ ਏਨੇ ਘਰ ਬਣ ਜਾਣਗੇ ਜਿਹੜੇ ਗਰੀਬਾਂ ਨੂੰ ਘਰ ਦਿੱਤੇ ਜਾਣਗੇ। ਔਰ ਪਲਾਨ ਨਾਲ ਕੰਮ ਹੋਵੇ ਲੇਕਿਨ ਹੋਇਆ ਸਾਰਾ ਐਡਵਰਸ ਹੈ। ਕਈ ਮਿਸਾਲਾਂ ਦੇ ਸਕਦਾ ਹਾਂ ਕਿ ਘਪਲੇ ਹੋਏ, ਹਨ, ਘੱਪਲੇ ਹੋਏ ਹਨ ਖਾਸ ਤੌਰ ਤੇ ਵੱਡੇ ਸ਼ਹਿਰਾਂ ਵਿਚ। 500 ਗਜ਼ ਤੋਂ 200 ਗਜ਼ ਤਕ ਜਿਹੜੇ ਨਹੀਂ ਸੀ ਜਗ੍ਹਾ ਲੈ ਸਕਦੇ ਦਿੱਤੀ ਗਈ ਹੈ, ਛੋਟੇ ਗਰੀਬ ਨੂੰ ਜਗ੍ਹਾ ਨਹੀਂ ਦਿੱਤੀ ਗਈ। ਕੋਈ ਰੇਲਵੇ ਲਾਈਨ ਤੇ ਬੈਠਾ ਹੈ, ਜਿਨ੍ਹਾਂ ਵਾਸਤੇ ਜਗ੍ਹਾ ਚਾਹੀਦੀ ਸੀ ਉਨ੍ਹਾਂ ਵਾਸਤੇ ਜਗ੍ਹਾ ਨਹੀਂ ਮਿਲੀ। ਇਹ ਤੋੜਨ ਨੂੰ ਫਿਰਦੇ ਹਨ ਸਾਨੂੰ ਵੀ ਤੋੜ ਦਿਓ, ਇਨ੍ਹਾਂ ਨੂੰ ਵੀ ਤੋੜ ਦਿਓ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀ ਅਮੈਂਡਮੈਂਟ ਹੈ ਬਹੁਤ ਅੱਛੀ ਹੈ। ਪੰਡਿਤ ਜੀ ਨੇ ਕੁਝ ਸੁਜੈਸ਼ਨਜ਼ ਦਿੱਤੀਆਂ ਹਨ, ਉਹ ਕਨਸਿਡਰ ਕਰ ਲਈਆਂ ਜਾਣ। ਪਤਾ ਨਹੀਂ ਹੈ ਕਿ ਪੰਜਾਬ ਸਰਕਾਰ ਵਿਚ ਕੋਈ ਆਨੈਸਟ ਆਦਮੀ ਮਿਲ ਜਾਵੇ ਨਾ ਮਿਲ ਜਾਵੇ, ਇਹ ਕਰਨ ਵਾਲੇ ਤੇ ਡਿਪੈਂਡ ਕਰਦਾ ਹੈ ਉਹ ਕਰਦਾ ਹੈ ਕਿ ਨਹੀਂ ਕਰਦਾ ਹੈ। ਮੈਂ ਬੇਨਤੀ ਕਰਨ ਲਗਾ ਹਾਂ ਕਿ ਇੰਪਰੂਵਮੈਂਟ ਟਰਸਟਾਂ ਨੂੰ ਇਹ ਪ੍ਰਿੰਸੀਪਲ ਗੌਰਮਿੰਟ ਨੇ ਬਣਾਇਆ ਹੈ ਤਾਂ ਜੋ ਕੰਟਰੋਲ ਕਰਦਾ ਹੈ ਇੰਪਰੂਵਮੈਂਟ ਟਰਸਟਾਂ ਨੂੰ, ਇਸ ਵਾਸਤੇ ਸਰਕਾਰ ਕੋਲ ਕੋਈ ਖਾਸ ਪਾਵਰਜ਼ ਨਹੀਂ ਸਨ ਜਿਨ੍ਹਾਂ ਨਾਲ ਜਿਹੜੀਆਂ ਸ਼ਿਕਾਇਤਾਂ ਕਬਜ਼ੇ ਕੁਬਜ਼ੇ ਕਰਕੇ ਕਰਦੇ ਸਨ। ਮੈਂ ਮਿਸਾਲ ਦੇਣਾ ਚਾਹੁੰਦਾ ਹਾਂ ਕਿ ਸਾਡੇ ਸ਼ਹਿਰ ਵਿਚ ਇਕ ਮਾਰਕਿਟ ਫਿਰੋਜ਼ ਗਾਂਧੀ ਮਾਰਕਿਟ' ਬੜੀ ਇੰਪਾਰਟੈਂਟ ਮਾਰਕਿਟ ਹੈ। ਉਥੇ ਇਕ ਬੋਗਸ ਸੋਸਾਇਟੀ ਬਣੀ ਹੈ। 5,000 ਗਜ਼ ਉਹਨੇ ਜਗ੍ਹਾ ਲੈ ਲਈ ਔਰ 10 ਸਾਲ ਲਈ ਜਗ੍ਹਾ ਲੈ ਲਈ, ਬਣਾਇਆ ਕੁਝ ਨਹੀਂ ਹੈ ਜਗ੍ਹਾ ਕਿਰਾਏ ਤੇ ਦੇ ਦਿੱਤੀ ਔਰ ਬੋਗਸ ਸੋਸਾਇਟੀ ਹੈ। ਪ੍ਰਾਈਮ ਮਨਿਸਟਰ ਨੇ ਇਨਕੁਆਇਰੀ ਦਾ ਆਰਡਰ ਕੀਤਾ ਹੈ। ਗੌਰਮਿੰਟ ਕੋਲ ਇਨ-ਕੁਆਇਰੀ ਆਈ। ਇਹ ਇਨਕੁਆਇਰੀ ਨਹੀਂ ਕਰ ਸਕੇ। ਜੇਕਰ ਕੀਤੀ ਕਰਾਈ ਹੈ ਤਾਂ ਦਸਦੇ ਨਹੀਂ ਕਿ ਕੀ ਕੀਤਾ ਹੈ, ਕੀ ਨਹੀਂ ਕੀਤਾ। ਬੇਨਤੀ ਹੈ ਕਿ ਇਥੇ ਏਹੋ ਜਿਹੀਆਂ ਵੀ ਅਲਾਟਮੈਂਟਾਂ ਹੋਈਆਂ, ਨਿਆਣਾ ਚਾਰ ਸਾਲ ਦਾ ਹੈ, ਉਸ ਦੇ ਨਾਮ ਤੇ ਅਲਾਟਮੈਂਟਾਂ ਹੋਈਆਂ ਹਨ। ਪਰਪੱਜ਼ ਫੌਤ ਹੋ ਰਿਹਾ ਹੈ। ਚਾਰ ਪੰਜ ਸੌ ਘਰ ਯੂਨੀਵਰਸਿਟੀ ਦੇ ਨਾਲ ਸਰਕਾਰ ਦੀ ਜਗ੍ਹਾ ਪਈ ਹੈ ਉਥੇ ਗਰੀਬ ਬੈਠੇ ਸੀ। ਚਾਰ ਸੌ ਦੀਆਂ ਚਾਰ ਸੌ ਝੁੱਗੀਆਂ ਉਠਾ ਦਿੱਤੀਆਂ। ਉਹ ਗਰੀਬ ਕਿੱਥੇ ਜਾਣ, ਕੋਈ ਸੁਣਦਾ ਨਹੀਂ ਹੈ। ਵੀਹ ਵੀਹ ਸਾਲ ਦੇ ਬੈਠੇ ਹਨ। ਉਨ੍ਹਾਂ ਕੁੱਲੀਆਂ ਨੂੰ ਐਵੇਂ ਚੁੱਕੀ ਜਾਂਦੇ ਹਨ। ਇਹ ਸਾਡੇ ਨਾਲ ਇੰਪਰੂਵਮੈਂਟ ਟਰੱਸਟ ਕਰ ਰਿਹਾ ਹੈ। ਅਜੇ ਤਾਈਂ ਗਰੀਬ ਦੀ ਗਲ ਸੁਣਨ ਲਈ ਤਿਆਰ ਨਹੀਂ। ਇਕ ਮਕਾਨ ਨਹੀਂ ਗਰੀਬ ਨੂੰ ਦੇ ਸਕਿਆ। ਇਸ ਕਰਕੇ ਇਹ ਹਾਲਤ ਕਰ ਦਿੱਤੀ ਹੈ। ਇੰਪਰੂਵਮੈਂਟ ਨਹੀਂ ਹੋਈ ਆਬਾਦੀ ਦੇ ਹਿਸਾਬ ਨਾਲ, ਔਰ ਤਰੀਕੇ ਨਾਲ। ਇਹ ਬਹੁਤ ਜ਼ਰੂਰੀ ਹੈ ਕਿ ਇਸ ਦੇ ਬਾਰੇ ਵਿਚ ਐਸੀ ਕਮੇਟੀ ਬਣਾਈ ਜਾਵੇ, ਇਸ ਹਾਊਸ ਦੀ ਕਮੇਟੀ ਬਣਾਈ ਜਾਵੇ, ਕਿਸੇ ਹੋਰ ਦੀ ਕਮੇਟੀ ਬਣਾਓ ਔਰ ਪਤਾ ਕਰੋ ਕਿ ਕਿਹੜੇ ਕਿਹੜੇ ਇੰਪਰੂਵਮੈਂਟ ਟਰੱਸਟ ਨੇ ਕਿਹੜੇ ਕਿਹੜੇ ਘਪਲੇ ਕੀਤੇ ਹਨ। ਇਕ ਆਦਮੀ ਨੂੰ ਜਗ੍ਹਾ ਅਲਾਟ ਹੋਈ ਹੈ। ਉਹ

ਕਿਤੇ ਚਲਾ ਗਿਆ, ਉਹ ਦੂਜਾ ਕੰਮ ਹੋ ਗਿਆ ਔਰ ਉਹ ਕਿਸੇ ਹੋਰ ਨਾਮ ਤੇ ਰਜਿਸਟਰੀ ਹੋ ਗਈ। ਮੈਂ ਸਮਝਦਾ ਹਾਂ ਕਿ ਇਥੇ ਦਾ ਡਿਪਾਰਟਮੈਂਟ ਜਿਹੜਾ ਹੈ, ਮੈਂ ਬਹੁਤ ਸਾਰੀਆਂ ਗੱਲਾਂ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਂਦੀਆਂ ਸੀ, ਇਥੋਂ ਦੇ ਡਾਇਰੈਕਟੋਰੇਟ ਦੇ ਅਫਸਰ ਵੀ ਨਾਲ ਮਿਲੇ ਹੋਏ ਹਨ।

(ਇਸ ਸਮੇਂ ਸਰਕਾਰੀ ਬੈਂਚਾਂ ਤੇ ਕੁਝ ਮਾਨਯੋਗ ਮੈਂਬਰ ਆਪਸ ਵਿਚ ਗੱਲਾਂ ਕਰ ਰਹੇ ਸਨ)

ਰਾਜਾ ਨਰਿੰਦਰ ਸਿੰਘ : ** ** **

Mr. Speaker: This is no point of order.

Dr. Kewal Krishan: 15 ਮੈਂਬਰ ਗੱਲਾਂ ਕਰਦੇ ਹਨ ਹਾਊਸ ਵਿਚ। ਹਾਊਸ ਵਿਚ ਹਾਊਸ ਕਿਸ ਤਰ੍ਹਾਂ ਬਣ ਸਕਦਾ ਹੈ, ਤੁਸੀਂ ਕਹਿੰਦੇ ਹੋ No point of order Rules object to this, It is an insult to the House. The Point of Order is correct.

Mr. Speaker: Anyhow, I request the Members to be attentive.

ਸ੍ਰੀ ਓਮ ਪ੍ਰਕਾਸ਼ ਗੁਪਤਾ : ਉਨ੍ਹਾਂ ਨੇ ਇਕੱਠੇ ਹੋਣ ਦਾ ਐਲਾਨ ਕਰਨਾ ਹੈ, ਸਾਨੂੰ ਤਾਂ ਖੁਸ਼ੀ ਹੈ, ਕਰ ਦੇਣ। (ਵਿਘਨ)

ਗਰੀਬਾਂ ਵਾਸਤੇ ਕੋਈ ਸਕੀਮ ਬਨਾਉਣੀ ਚਾਹੀਦੀ ਹੈ ਔਰ ਉਹ ਸਕੀਮ ਬਣੇ ਤਾਕਿ ਜਿਹੜੇ ਗਰੀਬ ਝੁੱਗੀਆਂ ਵਿਚ ਰਹਿੰਦੇ ਹਨ, ਕਿਤੇ ਹੋਰ ਰਹਿੰਦੇ ਹਨ, ਜਿਨ੍ਹਾਂ ਪਾਸ ਕੋਈ ਜਗ੍ਹਾ ਨਹੀਂ, ਕੋਈ ਸਟੇਸ਼ਨ ਤੇ ਸੌਂਦੇ ਹਨ, ਕਈ ਵਰਾਂਡਿਆਂ ਵਿਚ ਸੌਂ ਜਾਂਦੇ ਹਨ, ਕਈ ਮਰ ਵੀ ਜਾਂਦੇ ਹਨ, ਕੋਈ ਸਕੀਮ ਬਣਾਉਣੀ ਚਾਹੀਦੀ ਹੈ, ਨਹੀਂ ਤਾਂ ਕੋਈ ਫਾਇਦਾ ਨਹੀਂ ਹੈ। ਇਸ ਵਾਸਤੇ ਜ਼ਰੂਰੀ ਹੈ ਕਿ ਗਰੀਬਾਂ ਵਾਸਤੇ ਮਕਾਨ ਬਣਾਏ ਜਾਣ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ (ਅੰਮ੍ਰਿਤਸਰ ਉੱਤਰੀ) : ਸਪੀਕਰ ਸਾਹਿਬ, ਮੈਨੂੰ ਨਹੀਂ ਪਤਾ ਹੋਰ ਕਿਹੜੇ ਕਿਹੜੇ ਮੈਂਬਰਜ਼ ਸਾਹਿਬਾਨ ਕਿਸੇ ਕਮੇਟੀ ਦੇ ਮੈਂਬਰ ਰਹੇ ਹਨ ਪਰ ਮੈਂ ਤਾਂ ਅੰਮ੍ਰਿਤਸਰ ਕਮੇਟੀ ਦਾ ਮੈਂਬਰ ਰਿਹਾ ਹਾਂ ਔਰ ਇਸ ਲਈ ਇਥੇ ਇਹ ਦਸਣਾ ਚਾਹੁੰਦਾ ਹਾਂ ਕਿ, ਜਿਸ ਕੁਰਸੀ ਤੇ ਤੁਸੀਂ ਬੈਠੇ ਹੋ ਮੈਂ ਵੀ ਇਥੇ ਸੇਵਾ ਕੀਤੀ ਹੈ, ਜਿੰਨੀ ਲੋਕਲ ਡੈਮੋਕਰੇਸੀ, ਜਿੰਨਾ ਚੰਗਾ ਕੰਮ ਇਨ੍ਹਾਂ ਕਮੇਟੀਆਂ ਔਰ ਇੰਪਰੂਵਮੈਂਟ ਟਰਸੱਟਾਂ ਵਿਚ ਇਲੈਕਟਿਡ ਮੈਂਬਰਜ਼ ਕਰਦੇ ਹਨ, ਉਨ੍ਹਾਂ ਚੰਗਾ ਕੰਮ ਇਸ ਸਰਕਾਰ ਵਿਚ ਵੀ ਨਹੀਂ ਹੋ ਰਿਹਾ। ਸਪੀਕਰ ਸਾਹਿਬ, ਜਿੰਨੇ ਅਖਤਿਆਰ ਲੋਕਲ ਬਾਡੀਜ਼ ਦੇ ਸਰਕਾਰ ਆਪ ਲੈ ਰਹੀ ਹੈ, ਇਹ ਠੀਕ ਨਹੀਂ ਹੋ ਰਿਹਾ। ਇਹ ਜਿਹੜਾ ਕੰਮ ਕਰ ਰਹੇ ਹੋ ਇਸ ਦੇ ਜਿਹੜੇ ਅੰਜਾਮ ਨਿਕਲਣਗੇ ਉਹ ਭੈੜੇ ਨਿਕਲਣਗੇ। ਚੁਣੇ ਹੋਏ ਜਿਹੜੇ ਲੋਕ ਹਨ ਉਹ ਆਪਣੇ ਹਲਕੇ ਦੀਆਂ ਮੁਸ਼ਕਲਾਂ ਚੰਗੀ ਤਰ੍ਹਾਂ ਸਮਝਦੇ ਹਨ ਔਰ ਲੋਕਲ ਇਲੈਕਟਿਡ ਆਦਮੀ ਹੋਣ ਕਰਕੇ ਘਪਲੇਬਾਜ਼ੀ ਵੀ ਨਹੀਂ ਹੁੰਦੀਆਂ। ਪਰ ਜੇ ਇਹ ਅਫ਼ਸਰਸ਼ਾਹੀ ਚਲਦੀ ਰਹੀ ਤਾਂ ਇਹ ਘਪਲੇਬਾਜ਼ੀ ਵਧਦੀ ਹੀ ਜਾਵੇਗੀ। ਇਹ ਬੰਦ ਨਹੀਂ ਹੋਣੀ। ਅਫਸਰਸ਼ਾਹੀ ਨੂੰ ਜਿੰਨੀ ਤਾਕਤ ਦਿਉਗੇ ਲੋਕਾਂ ਦੀ ਸੇਵਾ ਨਹੀਂ ਹੋਵਗੀ ਲੋਕਾਂ ਨੂੰ ਤਕਲੀਫ ਹੋਵੇਗੀ। ਤੁਹਾਨੂੰ ਪਤਾ ਹੈ ਕਿ ਜੇ ਤੁਸੀਂ ਫਾਇਲ ਵੇਖੀ ਹੋਵੇ ਤਾਂ ਇਸ ਅਫਸਰ ਸ਼ਾਹੀ ਵਿਚ ਅਗਰ ਕਿਸੇ ਨੇ ਕੋਈ ਸ਼ਿਕਾਇਤ ਪੰਜਾਬ ਸਰਕਾਰ

**Expunged as ordered by the Chair.

[ਸ੍ਰੀ ਬ੍ਰਿਜ ਭੂਸ਼ਨ ਮਹਿਰਾ]

ਨੂੰ ਭੇਜੀ ਹੈ ਤਾਂ ਉਸ ਦਾ ਜਵਾਬ ਸਾਲਾਂ ਭਰ ਨਹੀਂ ਦਿੱਤਾ ਗਿਆ ਔਰ ਸਕੀਮਾਂ ਜਿਹੜੀਆਂ ਚਲਦੀਆਂ ਸਨ ਉਹ ਰੁਕੀਆਂ ਰਹੀਆਂ। ਇਸੇ ਤਰ੍ਹਾਂ ਜੇ ਤੁਸੀਂ ਹੁਣ ਹੋਰ ਅਖਤਿਆਰ ਅਫ਼ਸਰਾਂ ਨੂੰ ਦਿਉਗੇ ਤਾਂ ਤੁਸੀਂ ਵੇਖੋਗੇ ਕਿ ਇਨ੍ਹਾਂ ਵਿਚ ਕੁਰੱਪਸ਼ਨ ਹੋਰ ਜ਼ਿਆਦਾ ਵੱਧੇਗੀ। ਇਸ ਦੀ ਬੇਹਤਰ ਗੱਲ ਇਹ ਹੈ ਕਿ ਕਾਰਪੋਰੇਸ਼ਨਾਂ ਅਤੇ ਕਮੇਟੀਆਂ ਦੀ ਇਲੈਕਸ਼ਨ ਕਰਵਾਓ। ਚੀਫ਼ ਮਨਿਸਟਰ ਸਾਹਿਬ ਚਲੇ ਗਏ ਹਨ, ਮੈਂ ਉਨ੍ਹਾਂ ਨੂੰ ਇਹ ਕਹਿੰਦਾ ਸੀ ਕਿ ਇਨ੍ਹਾਂ ਟਰੱਸਟਾਂ ਦੇ ਚੇਅਰਮੈਨ ਤਾਂ ਉਨ੍ਹਾਂ ਨੇ ਨਾਮੀਨੇਟ ਕਰ ਦਿੱਤੇ ਹਨ, ਉਹ ਇਨ੍ਹਾਂ ਦੇ ਆਪਣੇ ਆਦਮੀ ਹਨ, ਅੱਜ ਵੀ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਔਰ ਜਿਹੜੀਆਂ ਸਕੀਮਾਂ ਚਲ ਰਹੀਆਂ ਸਨ ਉਹ ਖਤਮ ਹੋ ਰਹੀਆਂ ਹਨ। ਲੋਕ ਹਾਹਾਕਾਰ ਕਰ ਰਹੇ ਹਨ। ਜੇ ਲੋਕਾਂ ਦੇ ਚੁਣੇ ਹੋਏ ਬੰਦੇ ਉਥੇ ਕੰਮ ਕਰਨਗੇ ਤਾਂ ਉਹ ਲੋਕਾਂ ਦਾ ਦਰਦ ਸਮਝ ਸਕਦੇ ਹਨ। ਇਸ ਲਈ ਮੇਰਾ ਇਹ ਖਿਆਲ ਹੈ ਕਿ ਇਹ ਅਖਤਿਆਰਾਤ ਅਫ਼ਸਰਸ਼ਾਹੀ ਨੂੰ ਨਹੀਂ ਦੇਣੇ ਚਾਹੀਦੇ। ਅਫ਼ਸਰਸ਼ਾਹੀ ਲੋਕ ਰਾਜ ਤੇ ਸਿੱਧੀ ਸੱਟ ਹੈ। ਇਸ ਲਈ ਇਹ ਬਿਲ ਪਾਸ ਨਹੀਂ ਹੋਣਾ ਚਾਹੀਦਾ।

ਮੈਂ ਇਹ ਫਿਰ ਕਹਿੰਦਾ ਹਾਂ ਕਿ ਜਿੰਨੇ ਅਖਤਿਆਰਾਤ ਅਫ਼ਸਰਾਂ ਨੂੰ ਦਿਉਗੇ ਉਸ ਨਾਲ ਡਿਵੈਲਪਮੈਂਟ ਨਹੀਂ ਹੋ ਸਕੇਗੀ। ਇਨ੍ਹਾਂ ਟਰੱਸਟਾਂ ਦੇ ਚੇਅਰਮੈਨ ਆਪ ਐਪੁਆਇੰਟ ਕਰ ਦਿਓ ਪਰ ਬਾਕੀ ਕੰਮ ਅਫ਼ਸਰਾਂ ਦੇ ਹਵਾਲੇ ਨਾ ਕਰੋ। ਇਸ ਤੋਂ ਇਲਾਵਾ ਇਕ ਗੱਲ ਮੈਂ ਇਹ ਵੀ ਕਹਾਂਗਾ ਕਿ ਇਹ ਜਿਹੜਾ ਬਿਲ ਹੈ ਇਹ ਡਿਫੈਕਟਿਵ ਹੈ। ਇਸ ਵਿਚ ਡਿਪਟੀ ਸੈਕਟਰੀ ਨਹੀਂ, ਬਲਕਿ ਜੁਆਇੰਟ ਸੈਕਟਰੀ ਲੈਵਲ ਤੋਂ ਘੱਟ ਦਾ ਆਦਮੀ ਨਹੀਂ ਹੋਣਾ ਚਾਹੀਦਾ। ਇਹ ਠੀਕ ਨਹੀਂ ਜਿਹੜਾ ਅਫ਼ਸਰ ਚਾਹੇ ਜਾ ਕੇ ਇਨ੍ਹਾਂ ਟਰੱਸਟਾਂ ਦੀ ਘੋਖ ਕਰੇ। ਇਸ ਨਾਲ ਕੁਰੱਪਸ਼ਨ ਹੋਰ ਜ਼ਿਆਦਾ ਵੱਧੇਗੀ। ਤੁਹਾਨੂੰ ਪਤਾ ਹੈ ਕਿ ਅੱਜ ਟਰਾਂਸਫਰ ਦਾ ਕੀ ਹਾਲ ਹੈ। ਪੈਸਾ ਖਰਚ ਕਰ ਲਓ ਔਰ ਟਰਾਂਸਫਰ ਜਿਥੇ ਮਰਜ਼ੀ ਕਰਾ ਲਓ। ਲੋਕਲ ਬਾਡੀਜ਼ ਵਿਚ ਜਿੰਨੀ ਕੁਰੱਪਸ਼ਨ ਹੈ ਐਨੀ ਕਿਤੇ ਨਹੀਂ। ਗਰੀਬ ਆਦਮੀ ਆਪਣਾ ਕੋਈ ਕੰਮ ਨਹੀਂ ਕਰਵਾ ਸਕਦਾ। ਜਿੰਨੀ ਮਰਜ਼ੀ ਆਏ ਸ਼ਿਕਾਇਤ ਕਰੋ, ਪੰਜਾਬ ਸਰਕਾਰ ਦੇ ਅਫ਼ਸਰ ਕੋਈ ਕੰਮ ਨਹੀਂ ਹੋਣ ਦਿੰਦੇ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ** ** **

Mr. Speaker: No Point of Order.

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਇਸ ਵੇਲੇ ਇੰਪਰੂਵਮੈਂਟ ਟਰੱਸਟਾਂ ਦੀ ਗਲ ਹੋ ਰਹੀ ਹੈ। ਮੈਂ ਇਹ ਕਹਿ ਰਿਹਾ ਸੀ ਅਫ਼ਸਰਸ਼ਾਹੀ ਨੂੰ ਤਾਕਤ ਦੇਣਾ ਇਹ ਲੋਕਾਂ ਦੇ ਹੱਕਾਂ ਤੇ ਛਾਪਾ ਹੈ। ਅਫ਼ਸਰ-ਸ਼ਾਹੀ ਨੇ ਅੱਗੇ ਹੀ ਲੋਕਾਂ ਦੀ ਗਿੱਚੀ ਨੱਪੀ ਹੋਈ ਹੈ, ਇਸ ਨਾਲ ਹੋਰ ਨੱਪੀ ਜਾਵੇਗੀ।

ਰਾਜ ਮੰਤਰੀ, ਖ਼ੁਰਾਕ ਅਤੇ ਸਪਲਾਈ : ਸਪੀਕਰ ਸਾਹਿਬ, ਇਹ ਆਪਣੀ ਗੱਲ ਦੀ ਕੰਟਰਾ-ਡਿਕਸ਼ਨ ਕਰ ਰਹੇ ਹਨ। ਇਕ ਪਾਸੇ ਤਾਂ ਇਹ ਲੋਕਪਾਲ ਦੀ ਗੱਲ ਕਰਦੇ ਹਨ। (ਵਿਘਨ)

ਡਾਕਟਰ ਕੇਵਲ ਕ੍ਰਿਸ਼ਨ (ਮੁਕੇਰੀਆਂ) : ਸਪੀਕਰ ਸਾਹਿਬ, ਅੱਜ ਇਹ ਜਿਹੜੀ ਅਮੈਂਡ-ਮੈਂਟ ਇਸ ਬਿਲ ਵਿਚ ਕਰਨ ਲਈ ਇਹ ਬਿਲ ਲੈ ਕੇ ਆਏ ਹਨ, ਮੈਂ ਸਮਝਦਾ ਹਾਂ ਕਿ ਇਹ ਇੱਕ ਟਰੱਸਟ ਨੂੰ ਅਨ-ਟਰੱਸਟ ਕਰਨ ਵਾਲੀ ਗਲ ਹੈ। ਜਿਹੜਾ ਯਕੀਨ ਟਰੱਸਟ ਤੇ ਕੀਤਾ ਗਿਆ ਸੀ, ਉਹ ਯਕੀਨ ਹਟਾ ਰਹੇ ਹਨ। ਇਹ ਗਲ ਇਨ੍ਹਾ ਦੇ ਬਿਲ ਦੇ ਵੈਰੀ ਫੇਸ ਤੋਂ ਹੀ ਨਜ਼ਰ ਆਉਂਦੀ ਹੈ।

**Exdungad as ordered by the Chair.

ਇਸ ਲਈ ਇਹ ਬਿਲ ਵਾਪਸ ਲੈ ਲੈਣਾ ਚਾਹੀਦਾ ਹੈ ਤਾਕਿ ਇੰਪਰੂਵਮੈਂਟ ਟਰੱਸਟਸ ਜਿਹੜੇ ਹਨ, ਉਹ ਅਸਲ ਮਾਅਨਿਆਂ ਵਿਚ ਗੌਰਮਿੰਟ ਦੇ ਵਿਸ਼ਵਾਸਪਾਤਰ ਬਣਨ। ਇਹ ਅਟਾਨੋਮਸ ਬਾਡੀਜ਼ ਹਨ, ਇਨ੍ਹਾਂ ਵਿਚ ਗੌਰਮਿੰਟ ਦੀ ਜ਼ਿਆਦਾ ਇੰਟਰਫੀਅਰੈਂਸ ਨਹੀਂ ਹੋਣੀ ਚਾਹੀਦੀ। ਇਨ੍ਹਾਂ ਇੰਪਰੂਵਮੈਂਟ ਟਰੱਸਟਾਂ ਵਿਚ ਜਿੰਨੇ ਵੀ ਚੇਅਰਮੈਨ ਲਗੇ ਹਨ ਉਹ ਗੌਰਮਿੰਟ ਦੇ ਹੀ ਆਦਮੀ ਹਨ। ਇਸ ਤੋਂ ਇਲਾਵਾ ਈ.ਓਜ਼. ਵਗੈਰਾ ਵੀ ਗੌਰਮਿੰਟ ਦੇ ਹੀ ਲਗੇ ਹੁੰਦੇ ਹਨ, ਇਸ ਤਰ੍ਹਾਂ ਨਾਲ ਡਾਇਰੈਕਟਲੀ ਨਹੀਂ ਤਾਂ ਇਨਡਾਇਰੈਕਟਲੀ ਗੌਰਮਿੰਟ ਦਾ ਹੱਥ ਹੈ, ਪਰ ਇਸ ਤੋਂ ਜ਼ਿਆਦਾ ਉਨ੍ਹਾਂ ਵਿਚ ਅਫ਼ਸਰ-ਸ਼ਾਹੀ ਨੂੰ ਅਖ਼ਤਿਆਰ ਦੇਣਾ ਠੀਕ ਨਹੀਂ। ਕੋਈ ਵੀ ਅਫ਼ਸਰ ਜਾ ਕੇ ਉਨ੍ਹਾਂ ਨੂੰ ਚੈਕ ਕਰ ਲਵੇ ਇਸ ਨਾਲ ਕੁਰੱਪਸ਼ਨ ਵੱਧ ਜਾਵੇਗੀ। ਇੰਪਰੂਵਮੈਂਟ ਟਰੱਸਟਾਂ ਨੇ ਲੋਕਾਂ ਨੂੰ ਜ਼ਮੀਨ ਰਹਿਣ ਲਈ ਦੇਣੀ ਹੁੰਦੀ ਹੈ, ਹੋਰ ਕਈ ਲੋਕਾਂ ਦੇ ਕੰਮ ਹੁੰਦੇ ਹਨ। ਜੇ ਇਸ ਵਿੱਚ ਗੌਰਮਿੰਟ ਦੀ ਜ਼ਿਆਦਾ ਇੰਟਰਫਿਅਰੈਂਸ ਹੋਵੇਗੀ ਤਾਂ ਉਨ੍ਹਾਂ ਦੇ ਰਸਤੇ ਵਿਚ ਰੁਕਾਵਟ ਪਵੇਗੀ। ਇਹ ਬਿਲ ਲਿਆਉਣ ਨਾਲ ਇਹ ਹੋਵੇਗਾ ਕਿ ਉਨ੍ਹਾਂ ਟਰੱਸਟਾਂ ਤੇ ਟਰੱਸਟ ਨਹੀਂ ਰਹਿ ਜਾਵੇਗਾ। ਚੀਫ਼ ਮਨਿਸਟਰ ਸਾਹਿਬ ਬੈਠੇ ਨਹੀਂ ਹਨ, ਸ਼ਾਇਦ ਉਹ ਕੋਈ ਇਸ ਵਿਚ ਹੋਰ ਅਮੈਂਡਮੈਂਟ ਲਿਆਉਣਗੇ ਕਿਉਂਕਿ ਇਸ ਵਿਚ ਕਿਸੇ ਅਫ਼ਸਰ ਨੂੰ ਸਪੈਸੀ-ਫਾਈ ਨਹੀਂ ਕੀਤਾ, ਕਿਹੜਾ ਅਫ਼ਸਰ ਇੰਟਰਫੀਅਰੈਂਸ ਕਰੇਗਾ, ਇਸ ਤਰੀਕੇ ਨਾਲ ਤਾਂ ਇੰਪਰੂਵ-ਮੈਂਟ ਟਰੱਸਟ ਠੀਕ ਤਰੀਕੇ ਨਾਲ ਕੰਮ ਨਹੀਂ ਕਰ ਸਕਣਗੇ। ਇਸ ਨਾਲ ਕੁਰੱਪਸ਼ਨ ਵੱਧੇਗੀ। ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਬਿਲ ਇਨ੍ਹਾਂ ਨੂੰ ਵਾਪਸ ਲੈ ਲੈਣਾ ਚਾਹੀਦਾ ਹੈ।

ਸ੍ਰੀ ਹੰਸ ਰਾਜ ਆਰੀਆ (ਬਲੂਆਨਾ, ਐਸ ਸੀ.) : ਸਪੀਕਰ ਸਾਹਿਬ, ਇਹ ਜਿਹੜੀ ਅਮੈਂਡ-ਮੈਂਟ ਬਿਲ ਤੇ ਆਈ ਹੈ ਮੈਂ ਇਸ ਤੇ ਬੋਲਣਾ ਚਾਹੁੰਦਾ ਹਾਂ। ਇਹ ਜਿਹੜੇ ਇੰਪਰੂਵਮੈਂਟ ਟਰੱਸਟ ਬਣੇ ਸਨ।(ਇਸ ਵੇਲੇ ਮਾਈਕ ਤੋਂ ਆਵਾਜ਼ ਨਹੀਂ ਆ ਰਹੀ ਸੀ) ਸਪੀਕਰ ਸਾਹਿਬ, ਇਹ ਮਾਈਕ ਦੀ ਅਵਾਜ਼ ਠੀਕ ਕਰਵਾ ਦਿਓ। 1011 ਵਿਚ ਜਦੋਂ ਮਿਊਂਸਿਪਲ ਐਕਟ ਦੇ ਥਲੇ ਠੀਕ ਕੰਮ ਨਹੀਂ ਹੋ ਰਿਹਾ ਸੀ, ਉਸ ਵੇਲੇ ਇਹ ਟਰੱਸਟ ਬਣਾਏ ਗਏ ਸਨ। ਉਸ ਵੇਲੇ ਇਸ ਵਿਚ ਤਿੰਨ ਆਦਮੀ ਤਾਂ ਗੌਰਮਿੰਟ ਦੀ ਤਰਫੋਂ ਲੋਕਲ ਸੈਲਫ ਗੌਰਮਿੰਟ ਦੇ ਮਹਿਕਮੇ ਦੇ ਹੁੰਦੇ ਸਨ। ਇਸ ਦੇ ਵਿਚ 3 ਬੰਦੇ ਆਊਟ ਸਾਈਡ ਦੇ ਨੌਮੀਨੇਟਿਡ ਕਰਨੇ ਹਨ। ਇਸ ਦੇ ਵਿਚ ਤਜਰਬੇਕਾਰ ਬੰਦੇ ਲਗਾਏ ਜਾਣੇ ਚਾਹੀਦੇ ਹਨ। ਇੰਪਰੂਵਮੈਂਟ ਟ੍ਰਸਟਾਂ ਦੀਆਂ ਸਕੀਮਾਂ ਨੂੰ ਇੰਪਰੂਵ ਕਰਨ ਵਾਸਤੇ ਤਜਰਬੇਕਾਰ ਅਫ਼ਸਰਾਂ ਦੀ ਲੋੜ ਹੈ ਅਤੇ ਇਸ ਦੇ ਮੈਂਬਰ ਵੀ ਤਜਰਬੇ ਕਾਰ ਹੋਣੇ ਚਾਹੀਦੇ ਹਨ। ਇਸ ਦੀਆਂ ਸਕੀਮਾਂ ਨੂੰ ਲਾਗੂ ਕਰਨ ਲਈ ਜਗ੍ਹਾਂ ਦੀ ਲੋੜ ਹੈ, ਸੀਵਰੇਜ ਸਿਸਟਮ ਦਾ ਇੰਤਜ਼ਾਮ ਕਰਨਾ ਹੈ, ਬਿਜਲੀ ਦਾ ਅੰਡਰਗਰਾਊਂਡ ਦਾ ਇੰਤਜ਼ਾਮ ਕਰਨਾ ਹੈ ਅਤੇ ਵਾਟਰ ਪਾਈਪ ਸਿਸਟਮ ਵੀ ਅੰਡਰ ਗਰਾਊਂਡ ਕਰਨਾ ਹੈ ਤਾਕਿ ਕੋਈ ਇਸ ਦੀ ਤੋੜ ਫੋੜ ਨਾ ਕਰ ਸਕੇ। ਪੰਜਾਬ ਦੇ ਵਿਚ ਇੰਪਰੂਵਮੈਂਟ ਟਰੱਸਟਾਂ ਦੀਆਂ ਬਿਲਡਿੰਗਾਂ ਬਣੀਆਂ ਹੋਈਆਂ ਹਨ ਪਰ ਉਸ ਮੁਤਾਬਕ ਨਹੀਂ ਬਣੀਆਂ ਹੋਈਆਂ ਜਿਸ ਮੁਤਾਬਿਕ ਇਸ ਦੇ ਬਾਈ ਲਾਜ਼ ਹਨ। ਉਹ ਬਿਲਡਿੰਗਾਂ ਬੇਕਾਰ ਪਈਆਂ ਹੋਈਆਂ ਹਨ। ਇਸੇ ਤਰ੍ਹਾਂ ਇਕ ਅਬੋਹਰ ਇੰਪਰੂਵਮੈਂਟ ਟਰੱਸਟ ਦੀ ਮਾਰਕਿਟ ਬਣੀ ਹੋਈ ਹੈ ਅਤੇ ਇਹ 7 ਸਾਲਾਂ ਤੋਂ ਬਣੀ ਹੋਈ ਹੈ। ਇਹ ਹਾਲੇ ਤੱਕ ਕਿਸੇ ਨੂੰ ਅਲਾਟ ਨਹੀਂ ਕੀਤੀ ਗਈ ਹੈ ਅਤੇ ਨਾ ਹੀ ਇਸ ਦੀ ਨੀਲਾਮੀ ਕੀਤੀ ਗਈ ਹੈ। ਜਿਸ ਤਰ੍ਹਾਂ ਪੰਡਿਤ ਮੋਹਨ ਲਾਲ ਜੀ ਨੇ ਕਿਹਾ ਹੈ ਅਤੇ ਡਾਕਟਰ ਸਾਹਿਬ ਨੇ ਇਸ ਬਿਲ ਬਾਰੇ ਜ਼ਿਕਰ ਕੀਤਾ ਹੈ ਕਿ ਇੰਪਰੂਵਮੈਂਟ ਟਰੱਸਟ ਵਿਚ ਹਲਕੇ ਦੇ ਐਮ.ਐਲ.ਏਜ਼ ਨੂੰ ਐਕਸ-ਆਫੀਸ਼ਿਓ ਮੈਂਬਰ ਬਣਾਇਆ ਜਾਣਾ ਚਾਹੀਦਾ ਹੈ ਤਾਕਿ ਇਹ ਸਕੀਮਾਂ ਸਿਰੇ ਚੜ੍ਹ ਸਕਣ ਅਤੇ ਇਨ੍ਹਾਂ ਸਕੀਮਾਂ ਨੂੰ ਪੰਜਾਬ ਸਰਕਾਰ ਲਾਗੂ ਕਰ ਸਕੇ। ਇਸ ਤਰ੍ਹਾਂ ਇੰਪਰੂਵਮੈਂਟ ਟਰੱਸਟਾਂ ਵਿੱਚ ਬੜੇ ਅਨੁਭੱਵੀ ਅਤੇ ਤਜਰਬੇਕਾਰ ਬੰਦੇ ਲਗਾਏ ਜਾਣੇ ਚਾਹੀਦੇ ਹਨ।

ਸ੍ਰੀ ਸਪੀਕਰ : ਬਸ ਕਾਫੀ ਹੋ ਗਿਆ ਹੈ । ਇਸ ਬਿਲ ਦੇ ਵਿਚ ਇਕੋ ਹੀ ਇਸ਼ੂ ਸੀ ਜਿਸ ਨੂੰ ਪੰਡਿਤ ਜੀ ਨੇ ਪੁਆਇੰਟ ਆਊਟ ਕੀਤਾ ਸੀ ਕਿ ਸਟੇਟ ਗੌਰਮਿੰਟ ਕਿਸੇ ਅਫ਼ਸਰ ਦੇ ਰਾਹੀਂ ਇੰਸਪੈਕਸ਼ਨ ਕਰਵਾਏ ਅਤੇ ਇਸ ਇਸ਼ੂ ਨੂੰ ਕਿਸ ਤਰ੍ਹਾਂ ਅਸੀਂ ਸਪੈਸੀਫਿਕਲੀ ਕਰ ਸਕਦੇ ਹਾਂ।

ਰਾਜ ਮੰਤਰੀ ਸਥਾਨਕ ਸਰਕਾਰ (ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ) : ਸਪੀਕਰ ਸਾਹਿਬ, ਮੈਂ ਇਸ ਬਾਰੇ ਜਵਾਬ ਦਿੰਦਾ ਹਾਂ। ਅਸੀਂ ਪਹਿਲੇ ਹੀ ਕਿਹਾ ਹੈ ਕਿ ਰਿਕਾਰਡ ਪੜਤਾਲ ਕਰਨ ਲਈ ਅਸੀਂ ਕਿਸੇ ਅਫ਼ਸਰ ਨੂੰ ਮੁਕੱਰਰ ਇਸ ਬਿਲ ਰਾਹੀਂ ਕਰ ਸਕਦੇ ਹਾਂ। ਅਸੀਂ ਕਿਸੇ ਗਜ਼ਟਿਡ ਅਫ਼ਸਰ ਨੂੰ ਲਗਾ ਦੇਵਾਂਗੇ ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਗਜ਼ਟਿਡ ਅਫ਼ਸਰ ਤਾਂ ਸੁਪਰਡੈਂਟ ਲੈਵਲ ਦਾ ਵੀ ਹੁੰਦਾ ਹੈ।

Professor Darbari Lal : The Minister concerned is confused. He should make a specific reply in this connection.

ਸ੍ਰੀ ਸਪੀਕਰ : ਸਾਈਆਂਵਾਲਾ ਜੀ, ਇਨ੍ਹਾਂ ਦਾ ਸਵਾਲ ਹੈ ਕਿ ਜਿਹੜਾ ਵੀ ਅਫ਼ਸਰ ਲਗੇ ਉਹ ਕੁਆਲੀਫਾਈਡ ਹੋਣਾ ਚਾਹੀਦਾ ਹੈ। ਕਿਉਂਕਿ ਮੈਨੂੰ ਆਪਣਾ ਤਜਰਬਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਦਾ ਹੈ, ਤੁਸੀਂ ਇਨ੍ਹਾਂ ਦੇ ਮਨ ਦਾ ਖਦਸ਼ਾ ਦੂਰ ਕਰੋ।

ਰਾਜ ਮੰਤਰੀ : ਸਪੀਕਰ ਸਾਹਿਬ, ਜੇਕਰ ਇਹ ਕਹਿੰਦੇ ਹਨ ਕਿ ਗਜ਼ਟਿੱਡ ਅਫਸਰ ਉੱਚ ਪੱਧਰ ਦਾ ਹੋਣਾ ਚਾਹੀਦਾ ਤਾਂ ਫੇਰ ਅਸੀਂ ਕੋਈ ਪੀ. ਸੀ. ਐਸ. ਅਫਸਰ ਲਗਾ ਦੇਵਾਂਗੇ।

ਸ੍ਰੀ ਸਪੀਕਰ : ਤੁਸੀਂ ਅਗਰ ਚਾਹੋ ਤਾਂ ਇਹ ਬਿਲ ਕੱਲ੍ਹ ਤੱਕ ਪੋਸਟਪੋਨ ਕਰ ਦਿੰਦੇ ਹਾਂ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮਨਿਸਟਰ ਸਾਹਿਬ, ਬਿਲ ਉੱਤੇ ਜਵਾਬ ਨਹੀਂ ਦੇ ਸਕਦੇ ਅਤੇ ਇਹ ਬੋਲ ਨਹੀਂ ਸਕਦੇ ਤਾਂ ਬਿਲ ਕੱਲ੍ਹ ਤੱਕ ਪੋਸਟਪੋਨ ਕਰ ਦਿੱਤਾ ਜਾਵੇ ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸਪੀਕਰ ਸਾਹਿਬ, ਅਸੀਂ ਕੋਈ ਕੰਪੀਟੈਂਟ ਅਫ਼ਸਰ ਲਗਾ ਦੇਵਾਂਗੇ। ਇਹ ਅਫ਼ਸਰ ਡਿਪਟੀ ਡਾਇਰੈਕਟਰ, ਲੋਕਲ ਗੌਰਮਿੰਟ ਦੇ ਲੈਵਲ ਦਾ ਹੋਵੇਗਾ ਜਾਂ ਫੇਰ ਪੀ.ਸੀ.ਐਸ. ਅਫ਼ਸਰ ਦੇ ਲੈਵਲ ਦਾ ਹੋਵੇਗਾ ਅਤੇ ਸੀਨੀਅਰ ਪੀ.ਸੀ.ਐਸ. ਅਫਸਰ ਵੀ ਹੋ ਸਕਦਾ ਹੈ ਅਤੇ ਜਿਥੇ ਜ਼ਰੂਰਤ ਹੋਈ ਉਥੇ ਆਈ.ਏ.ਐਸ. ਅਫ਼ਸਰ ਵੀ ਲਗਾ ਦੇਵਾਂਗੇ ਕਿਉਂਕਿ ਮਿਊਂਸਪਲ ਕਾਰਪੋਰੇਸ਼ਨ ਦਾ ਐਡਮਨਿਸਟਰੇਟਰ ਆਈ.ਏ.ਐਸ. ਹੁੰਦਾ ਹੈ ਅਤੇ ਉਹ ਹੈਡ ਹੁੰਦਾ ਹੈ । ਜਿਹੜਾ ਵੀ ਇਸ ਦੇ ਨਾਲ ਸਬੰਧਤ ਹੋਵੇਗਾ। (ਵਿਘਨ)

Pandit Mohan Lal : Are you giving an assurance or making an amendment to the Bill?

Finance Minister : This is an assurance.

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਫਾਈਨਾਂਸ ਮਨਿਸਟਰ ਨੂੰ ਇਨ੍ਹਾਂ ਸਾਰੇ ਮਨਿਸਟਰਾਂ ਦਾ ਹੈਡ ਮਾਸਟਰ ਲਗਾ ਦੇਣਾ ਚਾਹੀਦਾ ਹੈ।

Pandit Mohan Lal: May I suggest you either to make an amendment in the Bill or bring the Bill tomorrow.

ਰਾਜ ਮੰਤਰੀ : ਸੰਸਦੀ ਮਾਮਲੇ (ਸਰਦਾਰ ਬਲਦੇਵ ਸਿੰਘ ਮਾਨ) : ਸਪੀਕਰ ਸਾਹਿਬ, ਬਿਲ ਕੱਲ੍ਹ ਤੱਕ ਪੋਸਟਪੋਨ ਕਰ ਦਿੱਤਾ ਜਾਵੇ ਤਾਕਿ ਜਿਹੜੀ ਇਸ ਦੇ ਵਿਚ ਅਮੈਂਡਮੈਂਟ ਲਿਆਉਣੀ ਹੈ, ਉਹ ਲੈ ਆਵਾਂਗੇ।

ਸ਼੍ਰੀ ਹੰਸ ਰਾਜ ਆਰੀਆ : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਜਿਸ ਤਰ੍ਹਾਂ ਰਾਜਾ ਨਰਿੰਦਰ ਸਿੰਘ ਜੀ ਨੇ ਫਰਮਾਇਆ ਸੀ ਕਿ ਇੰਪਰੂਵਮੈਂਟ ਟਰੱਸਟਾਂ ਵਿੱਚ ਜਿਹੜੇ ਮੈਂਬਰ ਨੌਮੀਨੇਟ ਕਰਨੇ ਹਨ ਉਸ ਦੇ ਵਿਚ ਹਲਕੇ ਦੇ ਐਮ.ਐਲ.ਏ. ਨੂੰ ਵੀ ਐਕਸ-ਆਫਿਸ਼ਿਓ ਮੈਂਬਰ ਜ਼ਰੂਰ ਬਣਾਇਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਟਾਊਨ ਕਾਫੀ ਇੰਪਰੂਵ ਕਰ ਸਕਦੇ ਹਨ। ਇਹ ਮਾਮਲਾ ਬੜਾ ਸੀਰੀਅਸ ਹੈ। ਇਸ ਬਿਲ ਦੀ ਸੀਰੀਅਸਨੈਸ ਨੂੰ ਵੇਖਦੇ ਹੋਏ ਇਹ ਬਿਲ ਕੱਲ੍ਹ ਤੱਕ ਪੋਸਟਪੋਨ ਕਰ ਦਿੱਤਾ ਜਾਵੇ।

ਸ਼੍ਰੀ ਸਪੀਕਰ : ਇਸ ਮਾਮਲੇ ਦੀ ਸੀਰੀਅਸਨੈਸ ਨੂੰ ਕੰਸਿਡਰ ਕਰਦੇ ਹੋਏ The Consideration of this Bill is postpond till tomorrow.

Mr. Speaker: The House stands adjourned till 9.00 A.M. on Wednesday, the 17th December, 1986.

*12.47 P.M | *(The Sabha then adjourned* till 9.00 A.M. on Wednesday, the 17th December 1986.)*

APPENDIX

TO

PUNJAB VIDHAN SABHA DEBATES

Dated 16th December, 1986

Vol. IV—No. 3

STARRED QUESTION AND ANSWER

Construction of Approach Roads/Link Roads

*501. **Jathedar Naranjan Singh Patti** : Will the Minister of State for Public Works be pleased to state :—

(a) the name of the approach roads/link roads in Amritsar District which are in a bad/dilapidated condition and have not been repaired for the last five years ;

(b) the steps taken/proposed to be taken by the Government for the repair of the said approach roads/link roads ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : (ੳ) 874 ਲਿੰਕ ਸੜਕਾਂ ਹਨ। ਇਨ੍ਹਾਂ ਵਿਚੋਂ 464 ਸੜਕਾਂ ਖਰਾਬ ਹਨ । ਇਨ੍ਹਾਂ ਨੂੰ ਮੁਰੰਮਤ ਦੀ ਲੋੜ ਹੈ । 60 ਸੜਕਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ।

(ਅ) 176 ਸੜਕਾਂ ਦੀ ਮੁਰੰਮਤ ਲਈ ਅਨੁਮਾਨ ਪ੍ਰਵਾਨ ਹੋ ਚੁਕੇ ਹਨ ਅਤੇ ਧਨ ਵੀ ਜਮ੍ਹਾਂ ਹੋ ਚੁਕਾ ਹੈ। ਇਸ ਤੋਂ ਇਲਾਵਾ 45 ਸੜਕਾਂ ਲਈ ਭਾਵੇਂ ਅਨੁਮਾਨ ਪ੍ਰਵਾਨ ਹੋ ਚੁਕੇ ਹਨ, ਪਰ ਧੰਨ ਰਾਸ਼ੀ ਜਮ੍ਹਾਂ ਨਹੀਂ ਕਰਵਾਈ ਗਈ।

24534 PVS—Govt. Press, Chd.

Published under the authority of the Punjab Vidhan Sabha and Printed by the Controller, Printing and Stationery Deparment (U.T.), Chandigarh.

38

Punjab Vidhan Sabha Debates

17th December, 1986

Vol. IV—No. 4



OFFICIAL REPORT

CONTENTS

Wednesday, the 17th December, 1986

Punjab Vidhan Sabha Secretariat, Chandigarh.

:Price

Rs 4 5.0 0

PUNJAB VIDHAN SABHA

Wednesday, the 17th December, 1986

The Vidhan Sabha met in the Punjab Vidhan Sabha Hall, Vidhan Bhavan Chandigarh, at 9.00 A.M. of the Clock. Mr. Speaker (Sardar Surjit Singh Minhas) in the Chair

STARRED QUESTIONS AND ANSWERS

ਸ੍ਰੀ ਸਪੀਕਰ : ਸਟਾਰਡ ਕੁਐਸਚਨਜ਼ । ਡਾਕਟਰ ਕੇਵਲ ਕ੍ਰਿਸ਼ਨ ।

Sikh Migrant Families registered in the State

*458. **Dr. Kewal Krishan** : Will the Minister for Revenue and Rehabilitation be pleased to state—

(a) the total number of sikh migrant families victims of November, 1984 riots registered in the State upto 31st October, 1986 together with their district-wise break up and the names of the States from where they migrated ;

(b) the number of such families which have been rehabilitated up to 31st October, 1986, alongwith their district-wise break-up.

(c) the total amount disbursed to the said families by the Government either directly or through the nationalised Banks ;

(d) the details of other facilities, if any, provided to the said families ?

ਸਰਦਾਰ ਮੇਜਰ ਸਿੰਘ ਉਬੋਕੇ : (ੳ) ਰਾਜ ਵਿਚ 24,177 ਸਿੱਖ ਪਰਿਵਾਸੀ ਪਰਿਵਾਰ ਮਿਤੀ 31 ਅਕਤੂਬਰ, 1986 ਤੱਕ ਰਜਿਸਟਰਡ ਕੀਤੇ ਗਏ । ਉਨ੍ਹਾਂ ਦੀ ਜ਼ਿਲ੍ਹਾਵਾਰ ਵੰਡ ਅਤੇ ਰਾਜਾਂ ਦੇ ਨਾਂ ਜਿਥੋਂ ਉਹ ਆਏ ਸਨ, ਅਨੁਲਗ "ੳ" ਤੇ ਦਿੱਤੀ ਜਾਂਦੀ ਹੈ ।

(ਅ) ਮਿਤੀ 31 ਅਕਤੂਬਰ, 1986 ਤੱਕ 11,288 ਸਿੱਖ ਪਰਿਵਾਸੀ ਪਰਿਵਾਰਾਂ ਨੂੰ ਮੁੜ ਵਸਾਇਆ ਗਿਆ ਹੈ। ਜ਼ਿਲ੍ਹਾਵਾਰ ਵੰਡ ਅਨੁਲੱਗ "ਅ" ਤੇ ਦਿੱਤੀ ਜਾਂਦੀ ਹੈ ।

(ੲ) ਕੁਲ 8,63,99,350 ਰੁਪਏ ਸਿੱਖ ਪਰਿਵਾਸੀ ਪਰਿਵਾਰਾਂ ਨੂੰ ਸਰਕਾਰ ਅਤੇ ਕੌਮੀ-ਕਰਣ ਬੈਂਕਾਂ ਰਾਹੀਂ ਵੰਡੇ ਜਾ ਚੁੱਕੇ ਹਨ ।

(ਸ) ਉਕਤ ਪਰਿਵਾਰਾਂ ਨੂੰ ਦਿੱਤੀ ਗਈ ਹੋਰ ਸਹਾਇਤਾ ਦਾ ਵੇਰਵਾ ਅਨੁਲੱਗ "ੲ" ਤੇ ਦਿੱਤਾ ਜਾਂਦਾ ਹੈ ।

[Minister for Revenue and Rehabilitation]

ANNEXURE-A

Registration of Sikh Migrant Families

District		No. of Sikh migrants registered	State from where migrated
1. Amritsar	..	3,044	1. Assam
2. Bhatinda	..	489	2. Andhra Pradesh
3. Ferozepur	..	181	3. Bhutan
4. Faridkot	..	420	4. Bihar
5. Gurdaspur	..	686	5. Delhi
6. Hoshiarpur	..	540	6. Goa
7. Jalandhar	..	2,662	7. Gujrat
8. Kapurthala	..	340	8. Himachal Pradesh
9. Ludhiana	..	10,259	9. Haryana
10. Patiala	..	1,844	10. J & K.
11. Ropar	..	3,097	11. Karnatak
12. Sangrur	..	615	12. Kerala
			13. Madhya Pradesh
		24,177	14. Maharashtra
			15. Manipur
			16. Nagaland
			17. Orissa
			18. Rajasthan
			19. Tamil Nadu
			20. Uttar Pradesh
			21. West Bengal.

ANNEXURE-B

Seial No.	Name of the District		No. of Sikh migrant families rehabilitated
1	Amritsar	..	3,044
2	Bhatinda	..	488
3	Ferozepur	..	180
4	Faridkot	..	408
5	Gurdaspur	..	650
6	Hoshiarpur	..	535
7	Jalandhar	..	1,511
8	Kapurthala	..	339
9	Ludhiana	..	1,557
10	Patiala	..	1,503
11	Ropar	..	424
12	Sangrur	..	594
			11,288

ANNEXURE-C

Other facilities provided to the Sikh migrant families

1. L.I.G. Houses free of cost for Widows/Destitutes/Disabled/Orphans.
2. L.I.G. Houses on concessional terms to other Sikh migrants.
3. Residential plots on reserve price.
4. Commercial plots on reserve price.
5. Industrial plots on preferential basis.
6. Monthly pension at Rs. 250 P.M. to the widows/Destitutes/Disabled/ Orphans under Financial Assistance to victims of Riots Rules, 1985.
7. Free education to Sikh migrant children.
8. Government Jobs.
9. Loans/Training to Sikh migrant widows through PUNWAC.
10. Ration Depots.
11. Loans/Subsidy through Banks.
12. Ex-gratia grant of Rs. 1000 for purchase of woollen clothes for needy families.
13. Ex-gratia grant of Rs. 5000 for widows who have no ablebodied member to earn livelihood to support them.
14. Ex-gratia grant of Rs. 5000 for marriage of a daughter of widows/destitutes and disabled persons who have no ablebodied member to earn livelihood to support them.
15. Type-writers, machines, Photostat Machines etc. had also been provided through Red Cross Society.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, 24,177 ਪਰਿਵਾਰ ਬਾਹਰੋਂ ਆ ਚੁੱਕੇ ਹਨ ਅਤੇ 11,288 ਨੂੰ ਰੀਹੈਬਿਲੀਟੇਟ ਕਰ ਦਿੱਤਾ ਹੈ। 8 ਕਰੋੜ ਰੁਪਏ ਦੀ ਰਕਮ ਉਨ੍ਹਾਂ ਦੀ ਮੱਦਦ ਵਾਸਤੇ ਵੀ ਦਿੱਤੀ ਗਈ ਹੈ। ਜਿਹੜੇ ਸਪੀਕਰ ਸਾਹਿਬ, ਰਾਇਟਸ 1984 ਵਿਚ ਹੋਏ ਸਨ, 1984 ਤੋਂ ਲੈ ਕੇ 1985 ਤਕ ਰਜਿਸਟਰੇਸ਼ਨ ਹੋ ਰਹੀ ਹੈ। ਰਾਇਟਸ ਵੇਲੇ ਅਤੇ ਉਸ ਤੋਂ ਬਾਅਦ ਮਾਈਗਰੇਟ ਹੋ ਕੇ ਪੰਜਾਬ ਵਿਚ ਆਏ ਹਨ। ਇਹ ਚੀਜ਼ ਕਿਉਂ ਹੋ ਰਹੀ ਹੈ; ਸਾਰੀਆਂ ਫੈਸਿਲਿਟੀਜ਼ ਉਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਹਨ। (ਵਿਘਨ)

ਮੰਤਰੀ : ਸਪੀਕਰ ਸਾਹਿਬ, ਬਹੁਤ ਸਾਰੀਆਂ ਦਰਖਾਸਤਾਂ ਬਾਅਦ ਵਿਚ ਵੀ ਆਈਆਂ ਹਨ। ਮਿਤੀ 31 ਅਕਤੂਬਰ, 1986 ਤੱਕ ਰਜਿਸਟਰਡ ਕੀਤੇ ਗਏ। ਉਸ ਤੋਂ ਬਾਅਦ ਡਿਪਟੀ ਕਮਿਸ਼ਨਰ ਸਾਹਿਬਾਨ ਨੇ ਧਿਆਨ ਨਾਲ, ਜਿਸ ਦਾ ਬਹੁਤ ਨੁਕਸਾਨ ਹੋਇਆ ਹੈ, ਉਹੀ ਪਰਿਵਾਰਾਂ ਹੀ ਰਜਿਸਟਰਡ ਕੀਤੇ ਗਏ ਹਨ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਸ ਤਰ੍ਹਾਂ ਦੇਸ਼ ਵਿਚ ਪਰਿਵਾਰਾਂਦੀ ਮਾਈਗ੍ਰੇਸ਼ਨ ਹੋਣੀ ਠੀਕ ਨਹੀਂ ਹੈ। ਇਸ ਬਾਰੇ ਚੀਫ ਮਨਿਸਟਰ ਸਾਹਿਬ ਨੇ ਵੀ ਕਿਹਾ ਹੈ। ਜੇ ਇਸ ਤਰ੍ਹਾਂ ਰਜਿਸਟਰੇਸ਼ਨ ਹੁੰਦੀ ਰਹੀ ਤਾਂ ਇਹ ਟੈਰੋਰਿਸਟਾਂ ਨੂੰ ਬੜ੍ਹਾਵਾ ਦੇਣ ਦੀ ਗੱਲ ਨਹੀਂ ਹੈ? ਇਥੋਂ

[ਡਾਕਟਰ ਕੇਵਲ ਕ੍ਰਿਸ਼ਨ]
ਲੋਕ ਬਾਹਰ ਨਾ ਜਾਣ ਇਸ ਨੂੰ ਰੋਕਣ ਵਾਸਤੇ ਸਰਕਾਰ ਕੀ ਉਪਰਾਲੇ ਕਰੇਗੀ ਔਰ ਕੀ ਰਜਿਸਟਰੇਸ਼ਨ ਨੂੰ ਸਰਕਾਰ ਬੰਦ ਨਹੀਂ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਰਜਿਸਟਰੇਸ਼ਨ ਤਾਂ ਤਕਰੀਬਨ ਬੰਦ ਹੀ ਹੈ। ਸਿਰਫ ਖਾਸ ਕੇਸਿਜ਼ ਵਿਚ ਹੀ ਡਿਪਟੀ ਕਮਿਸ਼ਨਰ ਵਲੋਂ ਸਿਫਾਰਸ਼ ਆਉਣ ਤੇ ਰਜਿਸਟਰ ਕੀਤੇ ਗਏ ਸੀ, ਲੇਕਿਨ ਉਸ ਤੋਂ ਬਾਅਦ ਜਿਹੜੇ ਬਾਹਰ ਚਲੇ ਗਏ ਉਨ੍ਹਾਂ ਨੂੰ ਵਾਪਿਸ ਲਿਆਉਣ ਵਾਸਤੇ ਸਰਕਾਰ ਪੂਰੇ ਯਤਨ ਕਰ ਰਹੀ ਹੈ । ਜੋ ਰਿਆਇਤਾਂ ਇਨ੍ਹਾਂ ਪਰਿਵਾਰਾਂ ਨੂੰ ਦਿੱਤੀਆਂ ਹਨ, ਉਹੀ ਰਿਆਇਤਾਂ ਉਨ੍ਹਾਂ ਹੀ ਪਰਿਵਾਰਾਂ ਨੂੰ ਦਿੱਤੀਆਂ ਗਈਆਂ ਹਨ। ਉਸੇ ਤਰ੍ਹਾਂ ਲੋਨ ਕਰਜ਼ੇ, ਮਕਾਨ ਅਤੇ ਹੋਰ ਸਹੂਲਤਾਂ ਦੇ ਰਹੇ ਹਾਂ ਤਾਕਿ ਉਹ ਆਪਣੇ ਸੂਬੇ ਵਿਚ ਉਸੇ ਤਰ੍ਹਾਂ ਆ ਕੇ ਵੱਸਣ ਅਤੇ ਰਹਿਣ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹਾਂਗਾ ਕਿ ਨਵੰਬਰ ਰਾਇਟਸ ਦੇ ਦੌਰਾਨ ਜਿਨ੍ਹਾਂ ਦਾ ਨੁਕਸਾਨ ਵੱਖੋ ਵੱਖ ਸਟੇਟਾਂ ਵਿਚ ਹੋਇਆ, ਕਈ ਪਰਿਵਾਰ ਇਧਰੋਂ ਉਧਰ ਚਲੇ ਗਏ, ਕੀ ਉਨ੍ਹਾਂ ਬਾਰੇ ਪੰਜਾਬ ਸਰਕਾਰ ਨੇ ਸਬੰਧਤ ਸਟੇਟ ਗੌਰਮਿੰਟ ਨਾਲ ਗੱਲ ਬਾਤ ਕੀਤੀ ਤਾਕਿ ਉਨ੍ਹਾਂ ਦੀ ਮੱਦਦ ਕੀਤੀ ਜਾ ਸਕੇ । ਜੇਕਰ ਸਪੀਕਰ ਸਾਹਿਬ, ਇਸੇ ਤਰ੍ਹਾਂ ਇਧਰੋਂ ਉਧਰ ਅਤੇ ਉਧਰੋਂ ਇਧਰ ਮਾਈਗ੍ਰੇਸ਼ਨ ਹੁੰਦੀ ਰਹੀ ਤਾਂ ਕੀ ਇਸ ਤਰ੍ਹਾਂ ਟੈਰੇ-ਰਿਜ਼ਮ ਨੂੰ ਐਨਕਰੇਜ਼ਮੈਂਟ ਨਹੀਂ ਮਿਲੇਗੀ ? ਕੀ ਇਸ ਨਾਲ ਨਵੀਆਂ ਪਰਾਬਲਮਜ਼ ਕਰੀਏਟ ਨਹੀਂ ਹੋਣਗੀਆਂ ?

ਮੰਤਰੀ : ਸਪੀਕਰ ਸਾਹਿਬ, ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਪਰਾਈਮ ਮਨਿਸਟਰ ਨਾਲ ਜੋ ਸਮਝੌਤਾ ਹੋਇਆ ਸੀ, ਉਸ ਦੇ ਮੁਤਾਬਿਕ ਇਨ੍ਹਾਂ ਸਾਰੇ ਪਰਿਵਾਰਾਂ ਨੂੰ ਆਪਣੇ ਆਪਣੇ ਸੂਬਿਆਂ ਵਿਚ ਭੇਜਿਆ ਜਾਣਾ ਸੀ। ਇਸ ਲਈ ਪੰਜਾਬ ਸਰਕਾਰ ਨੇ ਸੈਂਟਰ ਦੀ ਸਰਕਾਰ ਦੇ ਹੋਮ ਮਨਿਸਟਰ ਨਾਲ ਲਿਖਾ ਪੜ੍ਹੀ ਵੀ ਕੀਤੀ । ਅਸੀਂ ਚਾਹੁੰਦੇ ਹਾਂ ਕਿ ਸੈਂਟਰਲ ਗੌਰਮਿੰਟ ਮੀਟਿੰਗ ਰੱਖੇ, ਜਿਸ ਵਿਚ ਸਾਡੇ ਨੁਮਾਇੰਦੇ ਵੀ ਆਉਣ ਅਤੇ ਜੋ ਸਿੱਖ ਪਰਿਵਾਰ ਪੰਜਾਬ ਵਿਚ ਆਏ ਹਨ ਇਨ੍ਹਾਂ ਦੇ ਨੁਮਾਇੰਦੇ ਵੀ ਵਿਚ ਹੋਣ। ਇਸ ਸਬੰਧੀ ਗੱਲ ਬਾਤ ਸੈਂਟਰਲ ਗੌਰਮਿੰਟ ਨਾਲ ਕੀਤੀ ਜਾ ਸਕੇ, ਲੇਕਿਨ ਉਨ੍ਹਾਂ ਨੇ ਕਿਹਾ ਕਿ ਤੁਹਾਡੇ ਆਉਣ ਦੀ ਲੋੜ ਨਹੀਂ ਹੈ, ਅਸੀਂ ਆਪਣੇ ਤੌਰ ਤੇ ਹੀ ਮੀਟਿੰਗ ਕਰ ਰਹੇ ਹਾਂ ਔਰ ਯਤਨ ਕਰ ਰਹੇ ਹਾਂ । ਜਿਥੋਂ ਤਕ ਸਾਨੂੰ ਇਤਲਾਹ ਮਿਲੀ ਹੈ ਕਿ ਦੂਜੇ ਸੂਬਿਆਂ ਵਿਚ ਵੀ ਸਿੱਖ ਪਰਿਵਾਰ ਮਾਰੇ ਗਏ ਹਨ । ਕਈਆਂ ਨੂੰ ਵੀਹ, ਵੀਹ ਹਜ਼ਾਰ ਰੁਪਏ ਦੀ ਰਕਮ ਵੀ ਦਿੱਤੀ ਜਾ ਚੁੱਕੀ ਹੈ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਉਤੇ ਜ਼ੁਲਮ ਢਾਹੇ ਗਏ, ਦਿੱਲੀ ਵਿਚ ਸਿੱਖਾਂ ਉਤੇ ਅਤਿਆਚਾਰ ਕੀਤੇ ਗਏ, ਉਨ੍ਹਾਂ ਦੇ ਗਲਿਆਂ ਵਿਚ ਟਾਇਰ ਪਾ ਕੇ ਫੂਕਿਆ ਗਿਆ । ਉਨ੍ਹਾਂ ਨੂੰ ਜਲਦੀ ਭਠੀ ਵਿਚ ਸੁਟਿਆ ਗਿਆ । ਐਨੇ ਭਿਆਨਕ ਅਤਿਆਚਾਰ ਉਨ੍ਹਾਂ ਸਿੱਖਾਂ ਉਤੇ ਕੀਤੇ ਗਏ । ਉਹ ਸਿੱਖ ਉਥੇ ਵਾਪਿਸ ਜਾਣਾ ਨਹੀਂ ਚਾਹੁੰਦੇ । ਜੇ ਕਰ ਛੋਟਾ ਮੋਟਾ ਵਾਕਿਆ ਪੰਜਾਬ ਵਿਚ ਹੋਵੇ ਤਾਂ ਦਿੱਲੀ ਅਤੇ ਹੋਰ ਸਟੇਟਾਂ ਵਿਚ ਸਿੱਖਾਂ ਨਾਲ ਅਤਿਆਚਾਰ ਹੁੰਦਾ ਹੈ । ਇਸ ਲਈ ਉਨ੍ਹਾਂ ਦੀ ਰਜਿਸਟਰੇਸ਼ਨ ਖੁਲ੍ਹੀ ਰਹਿਣੀ ਚਾਹੀਦੀ ਹੈ। ਦਿੱਲੀ ਦੀ ਸਰਕਾਰ ਵਿਚ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਜੇਕਰ ਵੱਡਾ ਦਰਖਤ ਗਿਰਦਾ ਹੈ ਤਾਂ ਜ਼ਮੀਨ ਹਿਲਦੀ ਹੈ। ਉਨ੍ਹਾਂ ਕੋਲੋਂ ਪੰਜਾਬ ਬਾਰੇ ਕੀ ਆਸ ਰੱਖੀ ਜਾ ਸਕਦੀ ਹੈ। ਪੰਜਾਬ ਗੌਰਮਿੰਟ ਨੂੰ ਸੈਂਟਰ ਦੀ ਗੌਰਮਿੰਟ ਤੋਂ ਕੋਈ ਆਸ ਰਖਣੀ ਠੀਕ ਨਹੀਂ ਹੈ ?

ਮੰਤਰੀ : ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਕਿਹਾ ਹੈ ਕਿ ਰਜਿਸਟ੍ਰੇਸ਼ਨ ਬੰਦ ਹੋਣੀ ਚਾਹੀਦੀ ਹੈ । ਸਰਦਾਰ ਕ੍ਰਿਪਾਲ ਸਿੰਘ ਜੀ ਨੇ ਕਿਹਾ ਕਿ ਰਜਿਸਟ੍ਰੇਸ਼ਨ ਜਾਰੀ ਰਹਿਣੀ ਚਾਹੀਦੀ ਹੈ । ਇਹ ਇਕ ਬਹੁਤ ਹੀ ਗੰਭੀਰ ਮਸਲਾ ਹੈ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜਿਸ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ ਅਤੇ ਖਾਸ ਕੇਸਿਜ਼ ਵਿਚ ਹੀ ਰਿਆਇਤ ਦਿੱਤੀ ਜਾਂਦੀ ਹੈ। ਜਿਥੋਂ ਇਹ ਪਰਿਵਾਰ ਆਏ ਹਨ, ਉਨ੍ਹਾਂ ਦੀਆਂ ਰਿਪੋਰਟਾਂ ਵੀ ਲਈਆਂ ਹਨ ਤਾਂ ਹੀ ਰਜਿਸਟਰ ਕੀਤੇ ਗਏ ਹਨ। ਕੰ[illegible] ਗਰਾਉਂਡਜ਼ ਤੇ ਹੀ ਵਿਚਾਰ ਕੀਤਾ ਜਾਵੇਗਾ । ਇਹ ਠੀਕ ਹੈ ਕਿ ਉਨ੍ਹਾਂ ਵਿਚ ਵਿਸ਼ਵਾਸ਼ ਨਹੀਂ ਬਣਦਾ ਜਿਹੜੇ ਬਾਹਰਲੇ ਸੂਬਿਆਂ ਵਿਚੋਂ ਆਏ ਹਨ, ਉਨ੍ਹਾਂ ਵਿਚ ਵਿਸ਼ਵਾਸ਼ ਪੈਦਾ ਕਰਨ ਦੀ ਜ਼ਰੂਰਤ ਹੈ। ਅਸੀਂ ਸੈਂਟਰਲ ਗੌਰਮਿੰਟ ਨਾਲ ਕੇਸ ਟੇਕ-ਅੱਪ ਕਰ ਰਹੇ ਹਾਂ ਕਿ ਉਨ੍ਹਾਂ ਵਿਚ ਵਿਸ਼ਵਾਸ਼ ਪੈਦਾ ਕਰੋ । ਸਪੀਕਰ ਸਾਹਿਬ, ਉਨ੍ਹਾਂ ਵਿਚ ਵਿਸ਼ਵਾਸ਼ ਪੈਦਾ ਕਰਨ ਵਿਚ ਅਸੀਂ ਪੂਰਾ ਯਤਨ ਕਰ ਰਹੇ ਹਾਂ । ਸਰਕਾਰ ਵਲੋਂ ਪੂਰੀ ਕੋਸ਼ਿਸ਼ ਹੈ ਕਿ ਜਿਥੋਂ ਪਰਿਵਾਰ ਆਏ ਹਨ, ਉਥੇ ਹੀ ਰਹਿਣ । ਜੇਕਰ ਇਧਰੋਂ ਉਧਰ ਅਤੇ ਉਧਰੋਂ ਇਧਰ ਆਉਣਗੇ ਤਾਂ ਇਸ ਦਾ ਮਾੜਾ ਅਸਰ ਹੋਵੇਗਾ । ਅਸੀਂ ਸਪੀਕਰ ਸਾਹਿਬ, ਮਾਈਗ੍ਰੇਸ਼ਨ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਾਂ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਪੂਰਾ ਜਵਾਬ ਨਹੀਂ ਆਇਆ । ਜਿਹੜੇ ਪਰਿਵਾਰ ਬਾਹਰੋਂ ਇਧਰ ਆਏ ਹਨ, ਕੀ ਦਿੱਲੀ ਦੀ ਸਰਕਾਰ ਨੇ ਅਤੇ ਦੂਸਰੇ ਸੂਬਿਆਂ ਨੇ ਉਨ੍ਹਾਂ ਨੂੰ ਕੋਈ ਮੱਦਦ ਦਿੱਤੀ ਹੈ ? ਕੀ ਉਨ੍ਹਾਂ ਨੂੰ ਇਸ ਸਬੰਧੀ ਕੋਈ ਰਕਮ ਦਿੱਤੀ ਗਈ ਹੈ ?

ਸ੍ਰੀ ਸਪੀਕਰ : ਸਰਦਾਰ ਕਿਰਪਾਲ ਸਿੰਘ ਜੀ, ਮਨਿਸਟਰ ਸਾਹਿਬ ਨੇ ਜਵਾਬ ਦੇ ਦਿੱਤਾ ਹੈ ਅਤੇ ਕਿਹਾ ਹੈ ਕਿ ਉਹ ਸੈਂਟਰਲ ਗੌਰਮਿੰਟ ਨਾਲ ਗੱਲ ਕਰ ਰਹੇ ਹਨ।

ਮੁੱਖ ਮੰਤਰੀ : ਸਪੀਕਰ ਸਾਹਿਬ, ਸਵਾਲ ਹੈ ਕਿ ਕੀ ਸੈਂਟਰਲ ਗੌਰਮਿੰਟ ਨੇ ਅਤੇ ਦੂਸਰੇ ਸੂਬਿਆਂ ਨੇ ਕੋਈ ਮੱਦਦ ਦਿੱਤੀ ਹੈ । ਉਨ੍ਹਾਂ ਨੇ ਉਨ੍ਹਾਂ ਨੂੰ ਕੋਈ ਮੱਦਦ ਨਹੀਂ ਦਿੱਤੀ। ਅਸੀਂ ਯਤਨ ਕੀਤਾ ਹੈ ਕਿ ਸੈਂਟਰਲ ਗੌਰਮਿੰਟ ਅਤੇ ਦੂਸਰੀਆਂ ਸਟੇਟਾਂ ਵਿਚ ਸਾਰੇ ਦੇਸ਼ ਵਿਚ ਇਹ ਚੀਜ਼ ਹੋਣੀ ਚਾਹੀਦੀ ਹੈ ਕਿ ਸਿੱਖ ਪਰਿਵਾਰਾਂ ਨੂੰ ਕਿਸੇ ਸੂਬੇ ਵਿਚੋਂ ਵੀ ਹਿੱਲਣਾ ਨਾ ਪਵੇ ਐਸੇ ਹਾਲਾਤ ਬਣਾ ਦਿੱਤੇ ਜਾਣ। ਕਈ ਮੀਟਿੰਗਾਂ ਹੁੰਦੀਆਂ ਹਨ, ਸੈਂਟਰਲ ਗੌਰਮਿੰਟ ਲੈਵਲ ਤੇ ਅਤੇ ਚੀਫ਼ ਮਨਿਸਟਰ ਲੈਵਲ ਤੇ ਵੀ ਹੁੰਦੀਆਂ ਹਨ । ਨੈਸ਼ਨਲ ਇੰਟੇਗਰੇਸ਼ਨ ਕੌਂਸਲ ਦੀਆਂ ਮੀਟਿੰਗਾਂ ਹੁੰਦੀਆਂ ਹਨ। ਮੈਂ ਉਥੇ ਵੀ ਦੂਜੇ ਸੂਬਿਆਂ ਦੇ ਚੀਫ ਮਨਿਸਟਰਜ਼ ਨੂੰ ਇਹੀ ਕਿਹਾ ਹੈ ਕਿ ਜੇ ਤੁਸੀਂ ਸਾਡੀ ਕੋਈ ਮਦੱਦ ਕਰਨਾ ਚਾਹੁੰਦੇ ਹੋ ਤਾਂ ਇਕੋ ਤਰੀਕੇ ਨਾਲ ਹੋ ਸਕਦੀ ਹੈ ਕਿ ਆਪਣੇ ਸੂਬੇ ਵਿਚੋਂ ਕਿਸੇ ਵੀ ਸਿੱਖ ਪਰਿਵਾਰ ਨੂੰ ਹਿੱਲਣ ਨਾ ਦਿਓ । ਐਸੇ ਹਾਲਾਤ ਪੈਦਾ ਕਰੋ ਕਿ ਉਹ ਲੋਕ ਉਥੇ ਹੀ ਰਹਿਣ । ਇਹ ਸਾਡੇ ਯਤਨ ਜਾਰੀ ਰਹਿੰਦੇ ਹਨ । ਮੈਂ ਬਾਹਰਲੇ ਸੂਬਿਆਂ ਵਿੱਚ ਵੀ ਜਾਣ ਦਾ ਯਤਨ ਕੀਤਾ। ਰਾਜਸਥਾਨ ਰਿਆ ਅਤੇ ਵੈਸਟ ਬੰਗਾਲ ਦਾ ਪਰੋਗਰਾਮ ਬਣਾਇਆ ਪਰ ਨਹੀਂ ਜਾ ਸਕਿਆ। ਉਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਆਪਣੇ ਸੂਬਿਆਂ ਦੇ ਹਾਲਾਤ ਵੀ ਸੁਖਾਵੇਂ ਬਨਾਉਣੇ ਚਾਹੀਦੇ ਹਨ। ਇਹ ਜੋ ਰਜਿਸਟਰੇਸ਼ਨ ਦੀ ਗੱਲ ਸੀ, ਉਹ ਵੀ ਇਸ ਕਰਕੇ ਕਰਨੀ ਪਈ ਹੈ ਕਿ ਇਕ ਸਾਲ ਹੋ ਗਿਆ ਸੀ ਇਨ੍ਹਾਂ ਦੁਖਿਤ ਅਤੇ ਉਜੜੇ ਹੋਏ ਪਰਿਵਾਰਾਂ ਨੂੰ ਆਇਆਂ ਹੋਇਆਂ ਨੂੰ। ਉਹ ਲੋਕ ਲੁੱਟੇ ਗਏ, ਪੱਟੇ ਗਏ ਅਤੇ ਮਾਰੇ ਗਏ ਸਨ ਪਰ ਕਿਸੇ ਨੇ ਉਨ੍ਹਾਂ ਦੀ ਸਾਰ ਨਹੀਂ ਲਈ ਸੀ । ਉਹ ਸਾਡਾ ਸਹਾਰਾ ਲੈ ਕੇ ਹੀ ਇਧਰ ਆਏ ਹਨ। ਕਿਸੇ ਦਾ ਭਰਾ ਅਤੇ ਕਿਸੇ ਦਾ ਰਿਸ਼ਤੇਦਾਰ ਇਥੇ ਰਹਿੰਦਾ ਹੈ। ਉਹ

[ਮੁੱਖ ਮੰਤਰੀ]
ਲੋਕ ਇਕ ਇਕ ਪੀੜ੍ਹੀ ਦੇ ਜੈਨਰੇਸ਼ਨ ਗੈਪ ਤੋਂ ਬਾਹਰ ਰਹਿ ਰਹੇ ਸਨ ਅਤੇ ਉਨ੍ਹਾਂ ਨੇ ਉਥੇ ਹੀ ਆਪਣੇ ਘਰ ਬਾਰ ਵੀ ਬਣਾ ਲਏ ਸਨ । ਪਰ ਹਾਲਾਤ ਐਸੇ ਹੋ ਗਏ ਕਿ ਉਨ੍ਹਾਂ ਨੂੰ ਸਭ ਕੁਝ ਛੱਡ ਕੇ ਆਉਣਾ ਪਿਆ। ਉਹ ਲੋਕ ਸਾਲ ਭਰ ਇਥੇ ਰੁਲਦੇ ਰਹੇ, ਪਰ ਕਿਸੇ ਨੇ ਉਨ੍ਹਾਂ ਨੂੰ ਨਹੀਂ ਪੁੱਛਿਆ। ਫੇਰ ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦਾ ਸਹਾਰਾ ਬਣੀਏ । ਅਸੀਂ ਇਕ ਤਾਰੀਖ ਨਿਸਚਿਤ ਕਰਕੇ ਕਿ 14 ਫਰਵਰੀ ਤੋਂ ਬਾਅਦ ਜੋ ਲੋਕ ਇਥੇ ਆਏ ਹਨ, ਉਨ੍ਹਾਂ ਦੀ ਰਜਿਸਟਰੇਸ਼ਨ ਕਰ ਲਈ ਜਾਵੇ। ਕੁਝ ਲੋਕ ਉਵੇਂ ਹੀ ਬਹੁਤ ਕੁਝ ਯਤਨ ਕਰਦੇ ਰਹੇ ਹਨ ਕਿ ਸਾਡੀ ਵੀ ਰਜਿਸਟਰੇਸ਼ਨ ਕੀਤੀ ਜਾਵੇ । ਪਰ ਇਸ ਵਿੱਚ ਕਈ ਤਰ੍ਹਾਂ ਦੇ ਅੜਿਕੇ ਲਗਦੇ ਰਹੇ ਹਨ। ਉਨ੍ਹਾਂ ਲੋਕਾਂ ਨੂੰ ਐਮ.ਐਲ.ਏ. ਤੋਂ ਕਾਗਜ਼ ਤਸਦੀਕ ਕਰਾਉਣੇ ਪੈਂਦਾ ਹੈ । ਲੋਕ ਐਮ.ਐਲ.ਏਜ਼. ਕੋਲ ਆ ਵੀ ਰਹੇ ਹਨ। ਸਰਦਾਰ ਕਿਰਪਾਲ ਸਿੰਘ ਹੋਰਾਂ ਨੇ ਕਿਹਾ ਹੈ ਕਿ ਉਹ ਰੋਜ਼ 4—5 ਕੇਸਾਂ ਦੀ ਤਸਦੀਕ ਕਰਦੇ ਹਨ। ਕਈ ਲੋਕ 14 ਫਰਵਰੀ ਤੋਂ ਪਹਿਲਾਂ ਵੀ ਆਏ ਹਨ। ਉਹ ਜ਼ਿਲ੍ਹੇ ਵਿਚੋਂ ਡਿਪਟੀ ਕਮਿਸ਼ਨਰ ਪਾਸੋਂ ਤਸਦੀਕ ਕਰਾਵੇ ਅਤੇ ਹੋਰ ਕੰਸਰਨਡ ਆਫਿਸਰਜ਼ ਪਾਸੋਂ ਤਸਦੀਕ ਕਰਾਵੇ ਕਿ ਉਹ 14 ਫਰਵਰੀ ਤੋਂ ਪਹਿਲਾਂ ਦਾ ਆਇਆ ਹੋਇਆ ਹੈ । ਉਸ ਕੋਲ ਕੋਈ ਰਾਸ਼ਨ ਕਾਰਡ ਵੀ ਹੋਵੇਗਾ ਅਤੇ ਰਹਿਣ ਲਈ ਘਰ ਵੀ ਹੋਵੇਗਾ। ਇਹ ਸਾਰੀਆਂ ਚੀਜ਼ਾਂ ਦੇਖੀਆਂ ਜਾਂਦੀਆਂ ਹਨ। ਇਸ ਤਰ੍ਹਾਂ ਇਹ ਯਕੀਨੀ ਬਣਾਇਆ ਗਿਆ ਹੈ ਕਿ ਕੋਈ ਵਾਧੂ ਦੀ ਰਜਿਸਟਰੇਸ਼ਨ ਨਾ ਹੋਵੇ ।

Market Fee

*537. **Shri Brij Bhushan Mehra**: Will the Minister for Agriculture be pleased to state—

(a) the amount of market fee collected in all the Mandis in the State on account of wheat and paddy, separately, during the year 1985-86 ;

(b) the target of wheat and rice production, separately, fixed for the year 1986-87 ?

ਸਰਦਾਰ ਹਰਭਜਨ ਸਿੰਘ ਸੰਧੂ : (ੳ) 1985-86 ਦੌਰਾਨ ਇਕੱਠੀ ਕੀਤੀ ਗਈ ਮਾਰਕੀਟ ਫੀਸ :

ਕਣਕ ਤੇ........................	19.80 ਕਰੋੜ
ਝੋਨੇ ਤੇ	20.50 ,,
ਕੁੱਲ ਜੋੜ	40.30 ਕਰੋੜ

(ਅ) 1986-87 ਦੌਰਾਨ ਕਣਕ ਦਾ ਮਿਥਿਆ ਟੀਚਾ...... 102.00 ਲੱਖ ਟਨ
1986-87 ਦੌਰਾਨ ਚੌਲਾਂ ਦਾ ਮਿਥਿਆ ਟੀਚਾ ......52.00 ਲੱਖ

ਸ੍ਰੀ ਬ੍ਰਿਜ ਭੂਸ਼ਨ ਮਹਿਰਾ: ਸਪਲੀਮੈਂਟਰੀ ਸਰ। ਇਨ੍ਹਾਂ ਨੇ ਦੱਸਿਆ ਹੈ ਜੀ ਕਿ ਵ੍ਹੀਟ ਤੋਂ ਪਿਛੇ 19.80 ਕਰੋੜ ਮਾਰਕੀਟ ਫੀਸ ਲਈ ਹੈ ਅਤੇ ਪੰਜਾਬ ਸਰਕਾਰ ਦੇ ਆਂਕੜਿਆਂ ਮੁਤਾਬਿਕ ਇਨ੍ਹਾਂ ਦੀ ਕਣਕ ਪਿਛਲੇ ਸਾਲ 102 ਲੱਖ ਟਨ ਹੋਈ ਹੈ । ਅਗਰ ਇਸਦੇ ਵਿਚੋਂ ਅਸੀਂ 5 ਪ੍ਰਤੀਸ਼ਤ ਕਿਸਾਨ ਦੇ ਬੀਜਾਂ ਵਾਸਤੇ ਛੱਡ ਦੇਈਏ ਅਤੇ 20 ਪ੍ਰਤੀਸ਼ਤ ਉਸਦੀ ਜ਼ਾਤੀ ਖੁਰਾਕ ਵਾਸਤੇ ਛੱਡ ਦੇਈਏ ਤਾਂ 2 ਪ੍ਰਤੀਸ਼ਤ ਮਾਰਕੀਟ ਫੀਸ ਦੇ ਹਿਸਾਬ ਨਾਲ 30 ਕਰੋੜ ਰੁਪਿਆ ਮਾਰੀਕਟ ਫੀਸ ਦਾ ਬਣਦਾ ਹੈ । ਇਸ ਤੋਂ ਸਾਫ

ਜ਼ਾਹਿਰ ਹੁੰਦਾ ਹੈ ਕਿ ਇਸ ਤਰ੍ਹਾਂ ਇਹ ਦੋਵੇਂ ਆਕੜੇ ਆਪਸ ਵਿਚ ਮੇਲ ਨਹੀਂ ਖਾਂਦੇ ਅਤੇ ਕੋਈ 10 ਕਰੋੜ ਦੀ ਘਪਲੇਬਾਜ਼ੀ ਇਸ ਵਿੱਚ ਨਜ਼ਰ ਆਉਂਦੀ ਹੈ। ਇਹ ਇਸ ਗੱਲ ਦਾ ਜਵਾਬ ਦੇਣ।

ਮੰਤਰੀ : ਸਪੀਕਰ ਸਾਹਿਬ, ਇਹ ਘਪਲੇ-ਬਾਜ਼ੀ ਕੋਈ ਨਹੀਂ ਹੋਈ ਜੀ । ਜਿਹੜੀ ਵੀ ਵ੍ਹੀਟ ਮਾਰਕੀਟ ਵਿਚ ਆਉਂਦੀ ਹੈ, ਅਸੀਂ ਤਾਂ ਉਸਤੇ ਹੀ ਮਾਰਕੀਟ ਫੀਸ ਲੈਣੀ ਹੁੰਦੀ ਹੈ । ਜਿਹੜਾ ਐਮ-ਫਾਰਮ ਵਪਾਰੀ ਭਰਦਾ ਹੈ, ਅਸੀਂ ਉਸਤੇ ਫੀਸ ਕੈਲਕੁਲੇਟ ਕਰ ਲੈਂਦੇ ਹਾਂ ਅਤੇ ਇਹ ਉਹੀ ਆਕੜੇ ਹਨ । ਅਸੀਂ ਕਣਕ ਅਤੇ ਝੋਨੇ ਦੀ ਆਮਦਨ ਤੇ ਫੀਸ ਕੈਲਕੁਲੇਟ ਕਰਕੇ ਦੱਸੀ ਹੈ ਜਿਸਦਾ ਕਿ ਕੋਈ 40 ਕਰੋੜ ਰੁਪਿਆ ਬਣਦਾ ਹੈ ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਜਿਹੜੀ ਕਣਕ ਪੈਦਾ ਹੋਈ ਹੈ, ਉਹ 102 ਲੱਖ ਟਨ ਹੈ ਅਤੇ 5 ਪ੍ਰਤੀਸ਼ਤ ਕਿਸਾਨ ਆਪਣੇ ਪਾਸ ਬੀਜਾਂ ਵਾਸਤੇ ਰਖ ਲੈਂਦਾ ਹੈ ਅਤੇ 20 ਪ੍ਰਤੀਸ਼ਤ ਹੋਰ ਕੱਢ ਕੇ ਬਾਕੀ ਸਾਰੀ ਕਣਕ ਮੰਡੀਆਂ ਵਿੱਚ ਹੀ ਜਾਂਦੀ ਹੈ। ਅਗੋਂ ਚਾਹੇ ਉਹ ਚੱਕੀਆਂ ਵਿੱਚ ਗਈ ਹੋਵੇ ਅਤੇ ਚਾਹੇ ਮਿੱਲਾਂ ਵਿਚ ਗਈ ਹੋਵੇ, ਇਹ ਸਾਰੀ ਕਣਕ ਐਕੁਆਇਰ ਤਾਂ ਸਰਕਾਰੀ ਖੇਤਰਾਂ ਰਾਹੀਂ ਹੀ ਹੁੰਦੀ ਹੈ। ਇਨ੍ਹਾਂ ਵਿਚੋਂ ਕਿੰਨੀ ਕਣਕ ਚੱਕੀਆਂ ਅਤੇ ਮਿੱਲਾਂ ਨੇ ਲਈ ਹੈ, ਉਹ ਅਲਗ ਗੱਲ ਹੈ ਲੇਕਿਨ ਕਣਕ ਇਕੱਠੀ ਤਾਂ ਮੰਡੀਆਂ ਵਿੱਚ ਹੀ ਹੋਈ ਹੈ ਅਤੇ ਉਸਤੇ ਮਾਰਕਿਟ ਫੀਸ ਕੈਲਕੁਲੇਟ ਕਰਨੀ ਚਾਹੀਦੀ ਹੈ । ਇਸ ਵਿੱਚ ਗੌਰਮਿੰਟ ਵਲੋਂ ਵੀ ਕੁਤਾਹੀ ਕੀਤੀ ਗਈ ਹੈ ।

ਮੰਤਰੀ : ਇਸ ਵਿੱਚ ਕੋਈ ਗੌਰਮਿੰਟ ਵਲੋਂ ਕੁਤਾਹੀ ਨਹੀਂ ਹੋ ਰਹੀ । ਕਿਉਂਕਿ ਇਹ ਆਪ ਤਾਂ ਸ਼ਹਿਰ ਦੇ ਵਸਨੀਕ ਹਨ, ਇਨ੍ਹਾਂ ਨੂੰ ਤਾਂ ਆਟੇ ਦਾ ਹੀ ਪਤਾ ਹੈ, ਕਣਕ ਦਾ ਪਤਾ ਨਹੀਂ। ਮੈਂ ਯਕੀਨ ਦਿਵਾਉਂਦਾ ਹਾਂ ਕਿ ਜਿਥੇ ਕਿਧਰੇ ਵੀ ਕੋਈ ਐਸੀ ਗੱਲ ਇਹ ਦੱਸਣਗੇ ਅਤੇ ਸਾਡੇ ਨੋਟਿਸ ਵਿੱਚ ਲਿਆਉਣਗੇ, ਅਸੀਂ ਉਸਦੀ ਇਨਕੁਆਇਰੀ ਕਰਾ ਦਿਆਂਗੇ । ਸਾਡੀ ਮਾਰਕਿਟ ਫੀਸ ਇਸ ਸਾਲ ਪਿਛਲੇ ਸਾਲ ਨਾਲੋਂ ਇਨਕਰੀਜ਼ ਹੋਈ ਹੈ, ਡੀਕਰੀਜ਼ ਨਹੀਂ ਹੋਈ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਫਾਰਮੂਲਾ ਮਹਿਰਾ ਸਾਹਿਬ ਨੇ ਪੇਸ਼ ਕੀਤਾ ਹੈ, ਇਸ ਫਾਰਮੂਲੇ ਨੂੰ ਅਪਲਾਈ ਕਰਕੇ ਪਿਛਲੇ ਸਾਲਾਂ ਦੀ ਜਿਹੜੀ ਮਾਰਕਿਟ ਫੀਸ ਹੈ, ਜਦੋਂ ਇਨ੍ਹਾਂ ਦੀ ਆਪਣੀ ਸਰਕਾਰ ਸੀ, ਤਾਂ ਉਸ ਵਿੱਚ ਕਿੰਨੀ ਘਪਲੇਬਾਜ਼ੀ ਹੋਈ ਹੈ, ਇਹ ਦੱਸਣ ਦੀ ਕ੍ਰਿਪਾ ਕਰਨਗੇ ? ਇਨ੍ਹਾਂ ਦੀਆਂ ਬਣਾਈਆਂ ਹੋਈਆਂ ਮਾਰਕੀਟ ਕਮੇਟੀਆਂ ਸੀ, ਉਨ੍ਹਾਂ ਵਿੱਚ ਕਿੰਨਾ ਘਪਲਾ ਹੋਇਆ ਹੈ, ਕੀ ਮਨਿਸਟਰ ਸਾਹਿਬ ਇਸ ਗੱਲ ਦੀ ਇਨਕੁਆਇਰੀ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਕੋਈ ਐਸਾ ਇਨਸਟਾਂਸ ਸਾਡੇ ਨੋਟਿਸ ਵਿੱਚ ਲਿਆ ਦੇਣ, ਅਸੀਂ ਇਸ ਗੱਲ ਦੀ ਇਨਕੁਆਇਰੀ ਕਰਾ ਲਵਾਂਗੇ ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਰਦਾਰ ਕਿਰਪਾਲ ਸਿੰਘ, ਅਸੀਂ ਐਸਾ ਕੁਝ ਨਹੀਂ ਕੀਤਾ ....

ਸ੍ਰੀ ਸਪੀਕਰ : ਮਹਿਰਾ ਸਾਹਿਬ, ਤੁਸੀਂ ਦੋ ਸਪਲੀਮੈਂਟਰੀਜ਼ ਪੁਛ ਚੁਕੇ ਹੋ । ਚੌਧਰੀ ਜਗਜੀਤ ਸਿੰਘ ਜੀ, ਤੁਸੀਂ ਕੁਐਸਚਨ ਕਰੋ ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਮੈਂ ਆਂਕੜਿਆਂ ਦੇ ਮੁਤੱਲਕ ਕੁਝ ਕਹਿਣਾ ਸੀ। ਮੇਰੇ ਸਵਾਲ ਦਾ ਜਵਾਬ ਪੂਰਾ ਨਹੀਂ ਆਇਆ ।

ਸ਼੍ਰੀ ਸਪੀਕਰ : ਨੈਕਸਟ ਕੁਐਸਚਨ । ਚੌਧਰੀ ਜਗਜੀਤ ਸਿੰਘ ਜੀ ।

Auction of Panchayat Lands

*433. **Shri Jagjit Singh** : Will the Minister of State for Rural Development and Panchayats be pleased to state—

(a) the number of panchayats in the state which have auctioned their panchayat lands during the year 1986-87 (till September, 1986) together with the area of land auctioned by each of the said panchayats ;

(b) whether 1/3rd area of the said area of the land has been given to the persons belonging to the Scheduled Castes in accordance with the Government instructions ; if so, the panchayat-wise details thereof, if not, the reasons therefor ?

ਸਰਦਾਰ ਬਲਦੇਵ ਸਿੰਘ ਖਿਆਲਾ : (ੳ) ਰਾਜ ਵਿਚ 8,603 ਪੰਚਾਇਤਾਂ ਹਨ, ਉਨ੍ਹਾਂ ਨੇ ਸਾਲ 1986-87 ਦੇ ਦੌਰਾਨ (ਸਤੰਬਰ, 1986 ਤੱਕ) 1,74,946 ਏਕੜ ਵਾਹੀਯੋਗ ਰਕਬਾ 9,40,72,597.00 ਰੁਪਏ ਵਿਚ ਨਿਲਾਮ ਕੀਤਾ । ਉਕਤ ਹਰ ਇਕ ਪੰਚਾਇਤ ਨੇ ਜ਼ਮੀਨ ਦੀ ਜੋ ਨੀਲਾਮੀ ਕੀਤੀ, ਉਸਦਾ ਵੇਰਵਾ ਸਦਨ ਦੇ ਮੇਜ਼ ਤੇ ਰੱਖਿਆ ਜਾਂਦਾ ਹੈ।

(ਅ) ਹਾਂ ਜੀ । ਸਰਕਾਰ ਦੀਆਂ ਹਦਾਇਤਾਂ ਅਨੁਸਾਰ ਚਕੌਤੇ ਤੇ ਦਿੱਤੀ ਜ਼ਮੀਨ ਦਾ 58,315 ਏਕੜ ਦਾ ਬਣਦਾ 1/3 ਹਿੱਸਾ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਦੇਣਾ ਬਣਦਾ ਸੀ। ਉਸ ਵਿਚ 40,554 ਏਕੜ ਰਕਬਾ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਲੀਜ਼ ਤੇ ਦਿੱਤਾ ਗਿਆ ਅਤੇ ਬਾਕੀ 17,751 ਏਕੜ ਰਕਬਾ ਅਨੁਸੂਚਿਤ ਜਾਤੀਆਂ ਨੂੰ ਨਹੀਂ ਦਿੱਤਾ ਜਾ ਸਕਿਆ, ਜਿਸਦੇ ਕਾਰਨ ਹੇਠ ਵਰਨਣ ਕੀਤੇ ਜਾਂਦੇ ਹਨ :—

(1) ਕਈ ਪਿੰਡਾਂ ਵਿਚ ਅਨੁਸੂਚਿਤ ਜਾਤੀਆਂ ਦੇ ਵਿਅਕਤੀ ਬੋਲੀ ਸਮੇਂ ਹਾਜ਼ਰ ਨਹੀਂ ਹੋਏ ਅਤੇ ਜ਼ਮੀਨ ਦੀ ਬੋਲੀ ਨਹੀਂ ਦਿੱਤੀ ; ਅਤੇ

(2) ਕਈ ਪਿੰਡਾਂ ਵਿਚ ਸ਼ਾਮਲਾਤ ਜ਼ਮੀਨ ਛੋਟੇ ਛੋਟੇ ਟੁਕੜਿਆਂ ਵਿਚ ਹੈ ਜੋ ਕਿ ਉਨ੍ਹਾਂ ਲਈ ਲਾਭਦਾਇਕ ਨਹੀਂ ਹੈ ।

ਰਾਜ ਵਿਚ ਪੰਚਾਇਤੀ ਜ਼ਮੀਨਾਂ ਦੀ ਨੀਲਾਮੀ ਬਾਰੇ ਵੇਰਵਾ

ਲੜੀ ਨੰ:	ਜ਼ਿਲ੍ਹਾ		ਪੰਚਾਇਤਾਂ ਦੀ ਗਿਣਤੀ ਜਿਨ੍ਹਾਂ ਨੇ ਸਾਲ 1986-87 (ਸਤੰਬਰ 86 ਤੱਕ) ਆਪਣੀ ਜ਼ਮੀਨ ਚਕੌਤੇ ਉਤੇ ਦਿੱਤੀ	ਚਕੌਤੇ ਤੇ ਦਿੱਤਾ ਰਕਬਾ (ਏਕੜਾਂ ਵਿਚ)	ਚਕੌਤੇ ਦੀ ਰਕਮ (ਰੁਪਏ)	1/3 ਹਿੱਸਾ ਜੋ ਅਨੁ-ਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਦਿੱਤਾ ਗਿਆ (ਏਕੜਾਂ ਵਿਚ)	ਵਿਸ਼ੇਸ਼ ਕਥਨ
1	2		3	4	5	6	7
1	ਅੰਮ੍ਰਿਤਸਰ	...	944	15,100	1,03,09,149	3,159	
2	ਬਠਿੰਡਾ	...	435	9,982	59,13,510	3,061	
3	ਫਰੀਦਕੋਟ	...	462	7,557	52,34,717	1,089	
4	ਫਿਰੋਜ਼ਪੁਰ	...	914	18,846	1,37,15,653	2,534	
5	ਗੁਰਦਾਸਪੁਰ	...	1,138	15,425	60,98,762	3,497	
6	ਹੁਸ਼ਿਆਰਪੁਰ	...	837	19,273	24,28,211	3,014	
7	ਜਲੰਧਰ	...	801	9,326	68,59,232	1,861	
8	ਕਪੂਰਥਲਾ	...	386	7,810	40,95,482	2,184	
9	ਲੁਧਿਆਣਾ	...	656	11,748	90,18,801	2,417	
10	ਪਟਿਆਲਾ	...	1,130	39,620	1,93,12,115	13,195	
11	ਰੋਪੜ	...	410	11,535	22,12,939	1,160	
12	ਸੰਗਰੂਰ	...	490	10,723	88,74,026	3,883	
	ਜੋੜ	...	8,603	1,74,945	9,40,72,597	40,554	

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਕੁੱਲ 1 ਲੱਖ 74 ਹਜ਼ਾਰ 955 ਏਕੜ ਜ਼ਮੀਨ ਨੀਲਾਮ ਕੀਤੀ ਗਈ। ਇਸ ਵਿੱਚ 58 ਹਜ਼ਾਰ 315 ਏਕੜ ਜ਼ਮੀਨ ਅਨੁਸੂਚਿਤ ਜਾਤੀਆਂ ਦੇ ਹਿੱਸੇ ਵਿੱਚ ਬਣਦੀ ਸੀ ਜਦ ਕਿ 40 ਹਜ਼ਾਰ 554 ਏਕੜ ਜ਼ਮੀਨ ਉਨ੍ਹਾਂ ਨੂੰ ਦਿੱਤੀ ਗਈ ਹੈ। 17 ਹਜ਼ਾਰ 761 ਏਕੜ ਦਾ ਰਕਬਾ ਜਿਹੜਾ ਅਨੁਸੂਜਿਤ ਜਾਤੀਆਂ ਨੂੰ ਨਹੀਂ ਦਿੱਤਾ ਗਿਆ, ਉਸ ਦੇ ਬਾਰੇ ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਨੀਲਾਮੀ ਜ਼ਮੀਨ ਦੀ ਪਿੰਡਾਂ ਵਿੱਚ ਹੁੰਦੀ ਹੈ, ਮੈਂ ਉਨ੍ਹਾਂ ਨਾਲ ਮੁਤਫਿਕ ਨਹੀਂ ਕਿ ਅਨੁਸੂਚਿਤ ਜਾਤੀਆਂ ਦੇ ਲੋਕ ਬੋਲੀ ਵਿੱਚ ਸ਼ਾਮਲ ਨਹੀਂ ਹੁੰਦੇ। ਇਹ ਇਨ੍ਹਾਂ ਨੇ ਇਕ ਕਾਰਣ ਦੱਸਿਆ ਹੈ ਅਤੇ ਦੂਸਰਾ ਕਾਰਣ ਇਹ ਦੱਸਿਆ ਹੈ ਕਿ ਕਈ ਪਿੰਡਾਂ ਵਿੱਚ ਸ਼ਾਮਲਾਟ ਦੀ ਜ਼ਮੀਨ ਬਹੁਤ ਥੋੜ੍ਹੀ ਹੈ ਜਿਸ ਕਾਰਣ ਕਿ ਅਨੁਸੂਚਿਤ ਜਾਤੀਆਂ ਨੂੰ ਉਸ ਬੋਲੀ ਵਿਚੋਂ ਕੋਈ ਲਾਭ ਨਹੀਂ ਮਿਲ ਸਕਦਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡਾਂ ਵਿੱਚ ਬੋਲੀ ਹੁੰਦੀ ਹੈ, ਉਨ੍ਹਾਂ ਵਿਚੋਂ ਬਹੁਤ ਸਾਰੇ ਪਿੰਡ ਐਸੇ ਹਨ ਜਿਹੜੇ ਬੋਲੀ ਲਈ ਨਿਰਧਾਰਤ ਕੀਤੇ ਹੋਏ ਤਰੀਕੇ ਜਿਵੇਂ ਕਿ ਡੌਂਡੀ ਪਿੱਟਣਾ, ਪਿੰਡ ਵਿਚ ਪਤਾ ਦੇਣਾ ਆਦਿ ਇਸਤੇਮਾਲ ਨਹੀਂ ਕਰਦੇ ਅਤੇ ਬੋਲੀ ਸਰਪੰਚ ਅਤੇ ਪੰਚਾਇਤ ਇਕ ਜਗ੍ਹਾ ਤੇ ਬੈਠ ਕੇ ਕਰ ਲੈਂਦੇ ਹਨ ਅਤੇ ਉਸ ਵਿੱਚ ਹਰੀਜਨਾਂ ਨੂੰ ਬੁਲਾਇਆ ਹੀ ਨਹੀਂ ਜਾਂਦਾ। ਕੀ ਵਜ਼ੀਰ ਸਾਹਿਬ ਜਦੋਂ ਬੋਲੀ ਹੋਣੀ ਹੋਵੇ ਉਦੋਂ ਇਹ ਯਕੀਨੀ ਬਣਵਾਉਗੇ ਕਿ ਉਸ ਵਿੱਚ ਹਰੀਜਨਾਂ ਦੇ ਮੈਂਬਰ ਆਫ ਪੰਚਾਇਤ ਨੂੰ ਵੀ ਬੁਲਾਇਆ ਜਾਵੇ ਅਤੇ ਬੋਲੀ ਵਿੱਚ ਉਸਦੇ ਵੀ ਦਸਤਖਤ ਹੋਣ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ ਗਿਆਤ ਵਾਸਤੇ ਪਹਿਲਾਂ ਹੀ ਸਾਰਾ ਕੁਝ ਸਦਨ ਦੀ ਮੇਜ਼ ਤੇ ਰਖ ਦਿੱਤਾ ਗਿਆ ਹੈ। ਖੇਤੀਬਾੜੀ ਦਾ ਧੰਦਾ ਲਾਭਦਾਇਕ ਨਹੀਂ ਹੈ। ਪੱਛੜੀਆਂ ਸ਼੍ਰੇਣੀਆਂ ਨੇ ਤੀਜਾ ਹਿੱਸਾ ਜ਼ਮੀਨ ਦਾ ਬੋਲੀ ਤੇ ਲੈਣਾ ਹੁੰਦਾ ਹੈ। । ਜਲੰਧਰ ਇਨ੍ਹਾਂ ਦਾ ਆਪਣਾ ਹਲਕਾ ਹੈ ਉਥੇ 44 ਪਿੰਡਾਂ ਵਿਚ ਬੋਲੀ ਦੇਣ ਵਾਸਤੇ ਕੋਈ ਪੱਛੜੀਆਂ ਸ਼੍ਰੇਣੀਆਂ ਦਾ ਬੰਦਾ ਨਹੀਂ ਆਇਆ। ਪੰਚਾਇਤਾਂ ਵੀ ਜ਼ਮੀਨ ਆਪਣੇ ਕੋਲ ਨਹੀਂ ਰਖ ਸਕਦੀਆਂ। ਕਿਸੇ ਨੂੰ ਤਾਂ ਜ਼ਮੀਨ ਦੇਣੀ ਹੀ ਹੁੰਦੀ ਹੈ। ਮੇਰੇ ਕੋਲ ਅਜਿਹੀ ਕੋਈ ਸ਼ਿਕਾਇਤ ਨਹੀਂ ਹੈ। ਜੇਕਰ ਇਨ੍ਹਾਂ ਕੋਲ ਇਸ ਸਬੰਧ ਵਿਚ ਕੋਈ ਸ਼ਿਕਾਇਤ ਹੈ ਤਾਂ ਇਹ ਮੇਰੇ ਨੋਟਿਸ ਵਿਚ ਲਿਆਉਣ ਮੈਂ ਅਗਲੀ ਕਾਰਵਾਈ ਕਰਾਂਗਾ।

ਸ੍ਰੀ ਜਗਜੀਤ ਸਿੰਘ : ਜਿਹੜਾ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਖੇਤੀਬਾੜੀ ਕਰਨ ਵਿਚ ਕੋਈ ਲਾਭ ਨਹੀਂ ਹੈ, ਇਹ ਅੱਖਾਂ ਵਿਚ ਧੂੜ ਪਾਉਣ ਵਾਲੀ ਗਲ ਹੈ। ਖੇਤੀ ਵਿਚ ਕਾਫੀ ਲਾਭ ਹੈ। ਜ਼ਮੀਨ ਦਾ ਤੀਜਾ ਹਿੱਸਾ ਪੱਛੜੀਆਂ ਸ਼੍ਰੇਣੀਆਂ ਨੂੰ ਦੇਣਾ ਨਿਸਚਿਤ ਕੀਤਾ ਸੀ। ਇਹ ਇਸ ਵਾਸਤੇ ਕੀਤਾ ਸੀ ਤਾਕਿ ਜਿਹੜੇ ਲੋਕ ਬੇਜ਼ਮੀਨੇ ਪਿੰਡਾਂ ਵਿਚ ਹਨ ਉਨ੍ਹਾਂ ਨੂੰ ਜ਼ਮੀਨ ਮਿਲ ਸਕੇ ਔਰ ਉਹ ਵਾਹੀ ਕਰ ਸਕਣ। ਵਾਹੀ ਕਰਨ ਦਾ ਜੋ ਨਤੀਜਾ ਹੈ ਉਸ ਬਾਰੇ ਸਾਰੇ ਪੰਜਾਬ ਵਿਚ ਪਤਾ ਹੈ ਕਿ ਕਿੰਨੀ ਪੈਦਾਵਾਰ ਵਧੀ ਹੈ ਔਰ ਇਸ ਵਿਚ ਕਿੰਨਾ ਲਾਭ ਹੈ। ਇਸ ਲਈ ਇਨ੍ਹਾਂ ਦਾ ਆਖਣਾ ਕਿ ਖੇਤੀਬਾੜੀ ਵਿਚ ਕੋਈ ਫਾਇਦਾ ਨਹੀਂ ਹੈ, ਇਹ ਗਲਤ ਹੈ। ਦੂਜੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਜਲੰਧਰ ਦੇ ਇਲਾਕੇ ਵਿਚ ਅਨੁਸੂਚਿਤ ਜਾਤੀਆਂ ਵਾਲੇ ਜ਼ਮੀਨ ਦੀ ਬੋਲੀ ਦੇਣ ਲਈ ਨਹੀਂ ਆਏ। ਇਹ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਪਤਾ ਨਹੀਂ ਲਗਦਾ ਪੰਚਾਇਤਾਂ ਜਿਹੜੀਆਂ ਇਹ ਇਸ ਲਈ ਪੂਰੇ ਤਰੀਕੇ ਇਸਤੇਮਾਲ ਨਹੀਂ ਕਰਦੀਆਂ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਬੋਲੀ ਹੋਵੇ ਇਹ ਪੰਚਾਇਤ ਘਰ ਵਿਚ ਹੋਵੇ ਜਾਂ ਫਿਰ ਸਕੂਲ ਵਿਚ ਹੋਵੇ। ਸਰਪੰਚ ਦੇ ਘਰ ਬੋਲੀ ਨਹੀਂ ਕਰਨੀ ਚਾਹੀਦੀ। ਇਨ੍ਹਾਂ ਨੇ ਕਿਹਾ ਹੈ ਕਿ ਬਹੁਤ ਸਾਰੇ ਪਿੰਡਾਂ ਵਿਚ ਜ਼ਮੀਨ ਬਹੁਤ ਥੋੜ੍ਹੀ ਹੈ ਔਰ ਹਰੀਜਨਾਂ ਨੂੰ ਨਹੀਂ ਦੇ ਸਕਦੇ।

ਇਸ ਸਬੰਧ ਵਿਚ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹਜ਼ਾਰਾਂ ਏਕੜ ਜ਼ਮੀਨ ਦੇਣੀ ਹਾਲੇ ਬਾਕੀ ਹੈ। ਜੇਕਰ ਥੋੜੀ ਜ਼ਮੀਨ ਹੈ ਤਾਂ ਫਿਰ ਉਹ ਸਿਰਫ ਹਰੀਜਨਾਂ ਵਿਚ ਹੀ ਵੰਡ ਦਿਆ ਕਰਨ।

ਸ੍ਰੀ ਸਪੀਕਰ : ਇਸ ਲਈ ਪਰੈਸਕ੍ਰਾਈਬਡ ਪ੍ਰੋਸੀਜਰ ਹੈ ਅਤੇ ਉਸ ਮੁਤਾਬਿਕ ਹੀ ਕਰਨਾ ਪੈਂਦਾ ਹੈ। (ਵਿਘਨ)

ਰਾਜ ਮੰਤਰੀ : ਬੋਲੀ ਕਰਾਉਣ ਵਾਸਤੇ 15 ਦਿਨ ਪਹਿਲਾਂ ਮੁਨਾਦੀ ਕਰਾਈ ਜਾਂਦੀ ਹੈ ਔਰ ਇਸ਼ਤਿਹਾਰ ਵੰਡੇ ਜਾਂਦੇ ਹਨ ਤਾਕਿ ਹਰ ਬੰਦਾ ਬੋਲੀ ਦੇ ਸਕੇ। ਜਿਥੋਂ ਤਕ ਹਰੀਜਨਾਂ ਨੂੰ ਜ਼ਮੀਨ ਦੇਣ ਦਾ ਸਵਾਲ ਹੈ (ਵਿਘਨ) ਮੈਂ ਅੰਦਾਜ਼ਾ ਦਸਿਆ ਹੈ ਕਿ ਸਿਰਫ ਚੌਧਰੀ ਸਾਹਿਬ ਦੇ ਇਲਾਕੇ ਵਿਚ ਹੀ 44 ਪਿੰਡਾਂ ਵਿਚ ਕੋਈ ਬੰਦਾ ਬੋਲੀ ਦੇਣ ਵਾਸਤੇ ਨਹੀਂ ਆਇਆ। ਜਿੰਨੇ ਸਦਨ ਦੇ ਮੈਂਬਰ ਚੁਣ ਕੇ ਆਏ ਹਨ ਉਨ੍ਹਾਂ ਵਿਚੋਂ ਕਿਸੇ ਨੇ ਵੀ ਲਿਖਤੀ ਰੂਪ ਵਿਚ ਇਸ ਸਬੰਧ ਵਿਚ ਮੈਨੂੰ ਸ਼ਿਕਾਇਤ ਨਹੀਂ ਕੀਤੀ ਹੈ ਕਿ ਫਲਾਨੇ ਪਿੰਡ ਵਿਚ ਜ਼ਮੀਨ ਹਰੀਜਨਾਂ ਨੂੰ ਨਹੀਂ ਦਿੱਤੀ ਗਈ। ਇਸ ਬਾਰੇ ਜੇਕਰ ਕਿਸੇ ਪਿੰਡ ਦੀ ਕੋਈ ਸ਼ਿਕਾਇਤ ਹੈ ਤਾਂ ਇਹ ਮੇਰੇ ਨੋਟਿਸ ਵਿਚ ਲਿਆਉਣ ਐਕਸ਼ਨ ਲਿਆ ਜਾਏਗਾ।

ਸ੍ਰੀ ਜਗਜੀਤ ਸਿੰਘ : ਹਜ਼ਾਰਾਂ ਏਕੜ ਜ਼ਮੀਨ ਪਈ ਹੈ ਜਿਸ ਵਿਚੋਂ ਹਰੀਜਨਾਂ ਨੂੰ ਜ਼ਮੀਨ ਨਹੀਂ ਦਿੱਤੀ ਗਈ। ਫਿਰ ਇਹ ਕਹਿੰਦੇ ਹਨ ਕਿ ਸ਼ਿਕਾਇਤ ਕੋਈ ਨਹੀਂ ਹੈ (ਵਿਘਨ)।

ਸ੍ਰੀ ਸਪੀਕਰ : ਪਛੜੀਆਂ ਸ਼੍ਰੇਣੀਆਂ ਨੂੰ ਜ਼ਮੀਨ ਦੇਣ ਵਾਸਤੇ ਹਾਊਸ ਸਹਿਮਤ ਹੈ, ਪਰ ਇਸ ਬਾਰੇ ਪਰੋਸੀਜਰ ਹੈ ਅਤੇ ਉਸ ਮੁਤਾਬਿਕ ਚਲਣਾ ਚਾਹੀਦਾ ਹੈ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦੀ ਹਾਂ ਕਿ ਮੇਰੇ ਹਲਕੇ ਵਿਚ ਇੱਕ ਪਿੰਡ ਹੈ ਜਦੂਰੀ ਪੰਚਾਇਤ ਨੇ ਮੁਨਾਦੀ ਕਰਾਈ ਅਖਬਾਰਾਂ ਵਿਚ ਵੀ ਕਢਾਇਆ ਗਿਆ ਪਰ ਬੀ.ਡੀ.ਓ. ਨੇ ਪਿੰਡ ਦੇ ਹਰੀਜਨਾਂ ਨੂੰ ਉਹ ਜ਼ਮੀਨ ਨਹੀਂ ਦਿੱਤੀ ਬਲਕਿ ਪਿੰਡ ਦੇ ਬਾਹਰ ਦੇ ਬੰਦਿਆਂ ਨੂੰ ਜ਼ਮੀਨ ਦਿੱਤੀ ਗਈ।

ਰਾਜ ਮੰਤਰੀ : ਇਸ ਬਾਰੇ ਇਹ ਲਿਖਤੀ ਰੂਪ ਵਿਚ ਭੇਜ ਦੇਣ ਮੈਂ ਪੜਤਾਲ ਕਰਾ ਲਵਾਂਗਾ।

ਸ੍ਰੀ ਓਮ ਪ੍ਰਕਾਸ਼ ਗੁਪਤਾ : ** ** **

ਸ੍ਰੀ ਸਪੀਕਰ : ਜੋ ਕੁਝ ਗੁਪਤਾ ਸਾਹਿਬ ਨੇ ਕਿਹਾ ਹੈ ਇਹ ਪਾਰਟ ਆਫ ਦੀ ਪਰੋਸੀਡਿੰਗਜ਼ ਨਹੀਂ ਬਣੇਗਾ।

ਸ੍ਰੀ ਰਾਧਾ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪੰਚਾਇਤੀ ਫਾਰਮ ਛਡੇ ਗਏ ਸਨ, 40 ਕਿੱਲੇ ਦੇ ਸੁਪਰੀਮ ਕੋਰਟ ਦੇ ਫੈਸਲੇ ਦੇ ਮੁਤਾਬਿਕ ਬਾਅਦ ਵਿਚ ਉਨ੍ਹਾਂ ਦਾ ਇੰਤਕਾਲ ਪੰਚਾਇਤਾਂ ਦੇ ਨਾਂ ਅਜੇ ਤਕ ਨਹੀਂ ਹੋਇਆ, ਇਹ ਕਿਉਂ ਨਹੀਂ ਹੋਇਆ?

ਸ੍ਰੀ ਸਪੀਕਰ : ਇਸ ਦਾ ਸੁਆਲ ਨਾਲ ਕੋਈ ਤੁਅੱਲਕ ਨਹੀਂ ਹੈ।

**Expunged as ordered by the Chair.

ਸ਼੍ਰੀ ਜਗਜੀਤ ਸਿੰਘ : ਪੰਜਾਬ ਵਿਚ ਬਹੁਤ ਸਾਰੇ ਜ਼ਿਮੀਦਾਰਾਂ ਨੇ ਜੱਥੇਦਾਰਾਂ ਨੇ ਹਰੀਜਨਾਂ ਦੇ ਨਾਂ ਤੇ ਬੋਲੀ ਕਰਾਕੇ ਜ਼ਮੀਨਾਂ ਆਪ ਲਈਆਂ ਹੋਈਆਂ ਹਨ। ਕੀ ਇਸ ਗਲ ਦੀ ਇਨਕੁਆਇਰੀ ਕਰਾਉਣਗੇ ?

ਸ਼੍ਰੀ ਸਪੀਕਰ : ਜਵਾਬ ਆ ਚੁੱਕਾ ਹੈ। ਅਗਲਾ ਸਵਾਲ।

Buildings of Dispensaries at villages Chandiani Khurd and Nighi

*464. **Shri Ram Kishan Kataria**: Will the Minister of State for Health and Family Welfare be pleased to state—

(a) whether it is a fact that the administrative approval has been granted for the construction of the Dispensary (SHC) buildings alongwith staff quarters at villages Chandiani Khurd and Nighi in Saroa and Balachaur blocks, respectively under Phase-I and II scheme;

(b) whether it is a fact that the proposed site for the building of the dispensary at village Nighi in Balachaur block had been rejected during the joint inspection by the S.E. (PWD) and Civil Surgeon of District Hoshiarpur; if so, whether the new site proposed at Adowana village for the said dispensary has been approved?

Sardar Sukhdev Singh Dhillon : (a) Yes Sir.

(b) Yes sir. The site at Nighi was rejected on technical grounds.

(ii) No new site has been selected at Adowana.

ਸ਼੍ਰੀ ਰਾਮ ਕਿਸ਼ਨ ਕਟਾਰੀਆ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਪਰੂਵਲ ਕਦੋਂ ਦਿੱਤੀ ਗਈ ? ਕੰਸਟਰਕਸ਼ਨ ਕਰਾਉਣ ਵਿਚ ਦਿੱਕਤ ਕੀ ਹੈ ? ਜਦੋਂ ਪਿੰਡ ਦੀ ਪੰਚਾਇਤ ਨੇ ਲੋੜੀਂਦੀ ਜ਼ਮੀਨ ਗੌਰਮਿੰਟ ਦੇ ਨਾਂ ਤੇ ਕਰ ਦਿੱਤੀ ਹੈ ਅਤੇ ਹੋਰ ਸਾਰੀਆਂ ਫਾਰਮੈਲਿਟੀਜ਼ ਕੰਪਲੀਟ ਕਰ ਦਿੱਤੀਆਂ ਹਨ ਅਗਰ ਇੱਕ ਜਗ੍ਹਾ ਰਿਜੈਕਟ ਹੋਈ ਹੈ ਤਾਂ ਦੂਜੀ ਜਗ੍ਹਾ ਵਾਸਤੇ ਜੋ ਕਿ ਸਿਵਿਲ ਸਰਜਨ ਨੇ ਰਿਕੁਮੈਂਡ ਕਰਕੇ ਭੇਜੀ ਹੈ, ਪਿੰਡ ਦੀ ਪੰਚਾਇਤ ਨੇ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ ਹਨ, ਤਾਂ ਫਿਰ ਦੂਸਰੀ ਜਗ੍ਹਾ ਦੀ ਜੋ ਪਰਪੋਜ਼ਲ ਹੈ ਉਸ ਨੂੰ ਫਾਈਨਲ ਕਰਾਉਣ ਵਿਚ ਕੀ ਦਿੱਕਤ ਹੈ ?

ਸ਼੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਤੁਸੀਂ ਚੇਅਰ ਨੂੰ ਐਡਰੈਸ ਕਰੋ ਨਾਂ ਕਿ ਮੈਂਬਰ ਨੂੰ।

ਰਾਜ ਮੰਤਰੀ : ਐਡਮਨਿਸਟਰੇਟਿਵ ਅਪਰੂਵਲ 14 ਫਰਵਰੀ, 1986 ਨੂੰ ਹੋਈ ਸੀ। ਇਸ ਦੀ ਟੈਕਨੀਕਲ ਗਰਾਊਂਡਜ਼ ਤੇ, ਸਪੀਕਰ ਸਾਹਿਬ, ਐਸ.ਈ, ਅਤੇ ਸਿਵਲ ਸਰਜਨ ਨੇ 4 ਮਾਰਚ, 1986 ਨੂੰ ਇਨਸਪੈਕਸ਼ਨ ਕੀਤੀ। ਉਹ ਸਾਈਟ ਠੀਕ ਨਹੀਂ ਆਈ। ਟੈਕਨੀਕਲ ਗਰਾਊਂਡਜ਼ ਤੇ ਰਸਤਾ ਠੀਕ ਸੀ। ਜਿਹੜੀ ਚੌੜੀ ਜਗ੍ਹਾ ਸੀ ਉਹ ਬਹੁਤ ਨੀਵੀਂ ਸੀ ਜਿਸ ਕਰਕੇ ਇਸ ਨੂੰ ਰੀਜੈਕਟ ਕਰ ਦਿੱਤਾ ਉਹ ਪਰਪੋਜ਼ ਨਹੀਂ ਹੋਈ। ਹੋਰ ਕੋਈ ਪਰਪੋਜ਼ਲ ਨਹੀਂ ਆਈ।

ਸ਼੍ਰੀ ਰਾਮ ਕਿਸ਼ਨ ਕਟਾਰੀਆ : ਇਨ੍ਹਾਂ ਨੇ ਦੱਸਿਆ ਹੈ ਕਿ 14 ਫਰਵਰੀ, 1986 ਨੂੰ ਐਡਮਨਿਸ-ਟਰੇਟਿਵ ਅਪਰੂਵਲ ਹੋਈ। ਇਨ੍ਹਾਂ ਨੇ ਕਨਸਟਰੱਕਸ਼ਨ ਵਾਸਤੇ ਕੀ ਉਪਰਾਲਾ ਕੀਤਾ ਹੈ ਅਤੇ ਕਦੋਂ

ਤੱਕ ਕਨਸਟਰਕਸ਼ਨ ਪੂਰੀ ਹੋ ਜਾਵੇਗੀ ? ਇਹ ਕਹਿੰਦੇ ਹਨ ਕਿ ਕੋਈ ਪਰਪੋਜ਼ਲ ਨਹੀਂ। ਪਰਪੋਜ਼ਲ ਐਸ.ਐਮ.ਓ. ਅਤੇ ਸਿਵਲ ਸਰਜਨ ਵਲੋਂ ਹੈਡਕੁਆਟਰਜ਼ ਤੇ ਪਹੁੰਚ ਚੁੱਕੀ ਹੈ ।

ਰਾਜ ਮੰਤਰੀ : ਇਸ ਦੀ ਬੈਕਗਰਾਊਂਡ ਇਹ ਹੈ ਕਿ 40 ਜਗ੍ਹਾਂ ਸਿਲੈਕਟ ਕੀਤੀਆਂ ਅਤੇ 7 ਲੱਖ 90 ਹਜ਼ਾਰ ਰੁਪਿਆ ਕਾਸਟ ਹੋਣੀ ਸੀ । ਉਸ ਦੇ ਮੁਤਾਬਿਕ 40 ਜਗ੍ਹਾਂ ਦਾ ਸਾਰਾ ਪੈਸਾ ਸਟੇਟ ਅਵਾਰਡ ਮਨੀ ਵਿਚੋਂ ਖਰਚ ਕਰਨ ਦਾ ਫੈਸਲਾ ਕੀਤਾ ਸੀ ਲੇਕਿਨ ਅਵਾਰਡ ਮਨੀ ਗੌਰਮਿੰਟ ਆਫ ਇੰਡੀਆ ਦੀਆਂ ਇਨਸਟਰੱਕਸ਼ਨਜ਼ ਦੇ ਮੁਤਾਬਿਕ ਅਸੀਂ ਫੈਮਿਲੀ ਪਲਾਨਿੰਗ ਤੇ ਖਰਚ ਕੀਤਾ । ਜਿਹੜਾ ਪੈਸਾ ਬਾਕੀ ਬਚਿਆ ਉਹ 1 ਕਰੋੜ 25 ਲੱਖ ਰੁਪਿਆ ਸੀ। 16 ਸਾਈਟਸ ਤੇ ਕਨਸਟਰਕਸ਼ਨ ਹੋ ਰਹੀ ਹੈ । ਅਸੀਂ ਇਹ ਫੈਸਲਾ ਕੀਤਾ ਕਿ ਜਿਥੇ ਕਨਸਟਰਕਸ਼ਨ ਸ਼ੁਰੂ ਹੋ ਗਈ ਹੈ ਉਸ ਨੂੰ ਜਾਰੀ ਰਖਿਆ ਜਾਵੇ ਅਤੇ ਬਾਕੀ ਨੂੰ ਡਰਾਪ ਕਰ ਦਿੱਤਾ ਹੈ ।

ਸ੍ਰੀ ਸ਼ਿਵ ਚੰਦ ਮਲੋਟ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਐਡਮਨਿਸ-ਟਰੇਟਿਵ ਅਪਰੂਵਲ ਹੋਈ ਜਾਂ ਨਹੀਂ ਹੋਈ । ਇਸੇ ਤਰ੍ਹਾਂ ਗਿੱਦੜਬਾਹਾ ਵਿਖੇ ਸਿਵਲ ਹਸਪਤਾਲ 50 ਬੈਡਜ਼ ਵਾਸਤੇ ਮਨਜ਼ੂਰ ਹੋਇਆ ਸੀ ਅਤੇ ਇਹ ਸਰਦਾਰ ਦਰਬਾਰਾ ਸਿੰਘ ਦੀ ਗੌਰਮਿੰਟ ਵੇਲੇ ਮਨਜ਼ੂਰ ਹੋਇਆ ਸੀ । ਇਸ ਵਾਸਤੇ 50 ਲੱਖ ਰੁਪਿਆ ਵੀ ਉਹ ਮਨਜ਼ੂਰ ਕਰਕੇ ਗਏ ਸੀ । ਉਸ ਵਾਸਤੇ ਕਿਸੇ ਦਾਨੀ ਨੇ 20 ਲੱਖ ਰੁਪਏ ਦੀ ਜਗ੍ਹਾ ਦਿਤੀ ਸੀ ਪਰ ਉਸ ਵਾਸਤੇ ਇਨ੍ਹਾਂ ਨੇ ਹਾਲਾਂ ਤੱਕ ਕੋਈ ਕਾਰਵਾਈ ਨਹੀਂ ਕੀਤੀ । ਉਸ ਉਤੇ ਇਹ ਕੀ ਐਕਸ਼ਨ ਲੈਣਗੇ ?

ਸ੍ਰੀ ਸਪੀਕਰ : ਤੁਸੀਂ ਕੋਈ ਸਪੈਸੀਫਿਕ ਕੁਐਸ਼ਚਨ ਕਰੋ ਤਾਂ ਹੀ ਉਹ ਜਵਾਬ ਦੇਣਗੇ ?

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਸਟੇਟ ਦੇ ਵਿਚ ਕੁੱਲ ਕਿੰਨੀਆਂ ਡਿਸਪੈਂਸਰੀਆਂ ਹਨ ਜਿਨ੍ਹਾਂ ਦੀਆਂ ਬਿਲਡਿੰਗਜ਼ ਹਨ ਅਤੇ ਕਿੰਨੀਆਂ ਡਿਸਪੈਂਸਰੀਆਂ ਹਨ ਜਿਨਾਂ ਵਿਚ ਡਾਕਟਰਾਂ ਦੇ ਰਹਿਣ ਵਾਸਤੇ ਰਿਹਾਇਸ਼ੀ ਬਿਲਡਿੰਗ ਜਾਂ ਕੁਆਰਟਰਜ਼ ਹਨ ?

ਸ੍ਰੀ ਸਪੀਕਰ : ਕੋਈ ਸਪੈਸੀਫਿਕ ਕੁਐਸ਼ਚਨ ਪੁੱਛੋ । (ਵਿਘਨ)

ਰਾਜ ਮੰਤਰੀ : ਇਹ ਨਵਾਂ ਕੁਐਸ਼ਚਨ ਦੇ ਦੇਣ, ਮੈਂ ਇਨ੍ਹਾਂ ਨੂੰ ਪੂਰੀ ਇਨਫਰਮੇਸ਼ਨ ਦੇ ਦਿਆਂਗਾ।

ਡਾਕਟਰ ਦਲਬੀਰ ਸਿੰਘ : ਮੈਂ ਬਿਲਡਿੰਗਜ਼ ਦੇ ਨਾਲ ਸਬੰਧਤ ਕੁਐਸ਼ਚਨ ਪੁੱਛ ਰਿਹਾ ਹਾਂ। ਇਸ ਦੇ ਵਿਚ ਕੀ ਰੈਲੇਵੈਂਸੀ ਨਹੀਂ ਹੈ ? ਇਹ ਦੱਸਿਆ ਜਾਵੇ। ਮੈਂ ਸਪੈਸੀਫਿਕ ਕੁਐਸ਼ਚਨ ਕੀਤਾ ਹੈ। (ਵਿਘਨ) ਸਪੀਕਰ ਸਾਹਿਬ, ਸਵਾਲ ਕੋਈ ਪੁੱਛਿਆ ਜਾਂਦਾ ਹੈ ਅਤੇ ਜਵਾਬ ਕੋਈ ਹੋਰ ਦਿੱਤਾ ਜਾਂਦਾ ਹੈ । ਐਫੀਸੈਂਸੀ ਗੌਰਮਿੰਟ ਦੀ ਚਾਹੀਦੀ ਹੈ। ਇਹ "ਯੈਸ" "ਨੋ" ਕਰੀ ਜਾਂਦੇ ਹਨ।

ਸ੍ਰੀ ਅਸ਼ਵਨੀ ਸੇਖੜੀ : ਪਿਛਲੇ ਸੈਸ਼ਨ ਦੇ ਵਿਚ ਬਟਾਲਾ ਦੇ ਸਿਵਲ ਹਸਪਤਾਲ ਦੇ ਬਾਰੇ...

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਇਕੱਠੇ ਬੋਲ ਰਹੇ ਸਨ ਅਤੇ ਸਦਨ ਵਿਚ ਸ਼ੋਰ ਪੈ ਰਿਹਾ ਸੀ ।)

ਸ੍ਰੀ ਸਪੀਕਰ : ਯੰਗੈਸਟ ਮੈਂਬਰ ਬੋਲ ਰਹੇ ਹਨ ਔਰ ਤੁਸੀਂ ਉਨ੍ਹਾਂ ਨੂੰ ਸੁਣ ਨਹੀਂ ਰਹੇ।

ਸ੍ਰੀ ਅਸ਼ਵਨੀ ਸੇਖੜੀ: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸੈਸ਼ਨ ਦੇ ਵਿਚ ਬਟਾਲਾ ਦੇ ਸਿਵਲ ਹਸਪਤਾਲ ਦੇ ਬਾਰੇ ਸਰਕਾਰ ਨੇ ਇਹ ਅਸ਼ੋਰੈਂਸ ਦਿੱਤੀ ਸੀ ਕਿ ਬਹੁਤ ਜਲਦੀ ਜਗ੍ਹਾਂ ਐਕੁਆਇਰ ਕਰਕੇ ਉਥੇ ਕੰਸਟਰਕਸ਼ਨ ਸ਼ੁਰੂ ਹੋ ਜਾਵੇਗੀ । ਉਸ ਉਤੇ ਕੀ ਐਕਸ਼ਨ ਹੋਇਆ ਹੈ? ਇਸ ਨੂੰ ਟਾਈਮ ਬਾਉਂਡ ਕੀਤਾ ਜਾਵੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਉਥੇ ਕੰਸ-ਟਰੱਕਸ਼ਨ ਸ਼ੁਰੂ ਹੋ ਜਾਵੇਗੀ ?

ਰਾਜ ਮੰਤਰੀ: ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਸਵਾਲ ਨਾਲ ਇਹ ਸਪਲੀਮੈਂਟਰੀ ਤੁਅੱਲਕ ਨਹੀਂ ਰੱਖਦੀ। ਇਹ ਮੇਰੇ ਕੋਲ ਆ ਜਾਣ, ਮੈਨੂੰ ਦੱਸ ਦੇਣ, ਮੈਂ ਦੇਖ ਲਵਾਂਗਾ ।।

ਸ੍ਰੀ ਰਾਮ ਕਿਸ਼ਨ ਕਟਾਰੀਆ: ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਸੀ ਆਇਆ ।। ਦੋਨਾਂ ਡਿਸਪੈਂਸਰੀਆਂ ਦੀ ਐਡਮਨਿਸਟਰੇਟਿਵ ਅਪਰੂਵਲ ਆ ਚੁੱਕੀ ਹੈ, ਜਗ੍ਹਾ ਸਿਲੈਕਟ ਹੋ ਚੁੱਕੀ ਹੈ। ਪਹਿਲਾਂ ਉਨ੍ਹਾਂ ਨੇ ਇਹ ਗੱਲ ਮੰਨੀ ਅਤੇ ਫਿਰ ਕਹਿ ਦਿੱਤਾ ਕਿ ਡਰਾਪ ਕਰ ਦਿੱਤੀ ਹੈ। ਜ਼ਮੀਨ ਮਹਿਕਮੇ ਦੇ ਨਾਮ ਕਰ ਦਿਤੀ ਹੈ, ਸਾਰੀਆਂ ਸ਼ਰਤਾਂ ਪੂਰੀਆਂ ਕਰ ਦਿਤੀਆਂ ਹਨ। ਪਹਿਲਾਂ 'ਹਾਂ' ਕਿਹਾ ਅਤੇ ਫਿਰ 'ਨਾਂਹ' ਕਹਿ ਦਿਤਾ ।

ਸ੍ਰੀ ਸਪੀਕਰ: ਨੈਕਸਟ ਕੁਐਸ਼ਚਨ । ਸ੍ਰੀ ਰਮੇਸ਼ ਚੰਦਰ ਡੋਗਰਾ ਜੀ ।

Building of Range Office at Village Badla in Tehsil Dasuya

***454. Shri Romesh Chander Dogra**: Will the Minister of State for Forests be pleased to state—

(a) whether the building for the Range Office was built at village Badla in Tehsil Dasuya, District Hoshiarpur during the period from 1st January, 1972 to 31st December, 1975; if so, when ;

(b) the details of the land acquired/taken over for the construction of the said building alongwith the terms and conditions thereof ;

(c) whether any compensation has been paid to the owners of the land refferred to in part (b) above; if so, the details thereof ;

(d) if no compensation has been paid so far, the time by which the same is likely to be paid ?

Sardar Surinder Pal Singh : (a) No Sir. The building of Range Office was constructed during the year 1984-85.

(b) The land measuring 25 K 6M comprising khasra Nos. 829, 830, 831, 832, tehsil Dasuya, District Hoshiarpur belonging to Shri Khushala son of Shri Devi Ditta, Village Badla was taken over for the construction of some building, for the Forest Department on 8th November, 1973. Shri Khushala gave consent for the purpose in the presence of Gram Panchayat which passed resolution also. No terms and conditions were settled, when the land was taken over from the land owner.

(c) No Sir.

(d) There is no likely date for the payment of compensation, as the land owner had applied on 31st October, 1979 for providing him land at village Basa instead of compensation for the land acquired.

ਸ੍ਰੀ ਰਮੇਸ਼ ਚੰਦਰ ਡੋਗਰਾ: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ 1973 ਤੋਂ ਲੈ ਕੇ 1986 ਤੱਕ 13 ਸਾਲ ਹੋ ਗਏ ਹਨ ਪਰ ਅਜੇ ਤਕ ਨਾ ਉਸ ਨੂੰ ਕੰਪਨਸੇਸ਼ਨ ਦਿੱਤਾ ਗਿਆ ਹੈ ਅਤੇ ਨਾ ਲੈਂਡ ਇਨ ਲਿਊ ਆਫ ਲੈਂਡ ਉਸ ਨੂੰ ਦਿੱਤੀ ਗਈ ਹੈ। ਡੀਪਾਰਟਮੈਂਟ ਨੇ ਉਸ ਨਾਲ ਇਹ ਮਜ਼ਾਕ ਕੀਤਾ ਹੈ ਕਿਉਂਕਿ ਉਸ ਨੂੰ ਅਜੇ ਤਕ ਕੰਪਨਸੇਸ਼ਨ ਵੀ ਨਹੀਂ ਦਿੱਤਾ ਅਤੇ ਨਾ ਹੀ ਜ਼ਮੀਨ ਦੇ ਬਦਲੇ ਜ਼ਮੀਨ ਦਿੱਤੀ ਹੈ। ਉਹ ਬੰਦਾ ਪਿਛੇ ਜਿਹੇ ਮਰ ਗਿਆ ਹੈ। ਇਹ ਡਿਪਾਰਟਮੈਂਟ ਦੀ ਬਹੁਤ ਵੱਡੀ ਗਲਤੀ ਹੈ। ਕੀ ਮੰਤਰੀ ਜੀ ਸਾਨੂੰ ਇਹ ਦੱਸਣਗੇ ਕਿ ਕਿੰਨੀ ਜਲਦੀ ਉਸ ਨੂੰ ਜ਼ਮੀਨ ਦੇ ਬਦਲੇ ਜ਼ਮੀਨ ਦੇਣਗੇ ਜਾਂ ਕੰਪਨਸੇਸ਼ਨ ਦੇਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ 12 ਮਾਰਚ, 1973 ਨੂੰ ਗ੍ਰਾਮ ਪੰਚਾਇਤ, ਬਡਲਾ ਨੇ ਫਾਰੈਸਟ ਡਿਪਾਰਟਮੈਂਟ ਨੂੰ ਇਸ ਬਾਰੇ ਰਿਕੁਐਸਟ ਕੀਤੀ। (ਵਿਘਨ) ਗ੍ਰਾਮ ਪੰਚਾਇਤ ਨੇ ਰੈਜ਼ੋਲਿਊਸ਼ਨ ਦੇ ਰਾਹੀਂ ਅੰਡਰਟੇਕਿੰਗ ਦਿਤੀ ਸੀ ਕਿ ਅਸੀਂ ਆਪਣੀ ਪੰਚਾਇਤ ਦੀ ਜ਼ਮੀਨ ਦਿੰਦੇ ਹਾਂ ਉਸ ਦੇ ਬਾਅਦ 1976 ਤੱਕ ਡਿਪਾਰਟਮੈਂਟ ਸਮਝਦਾ ਰਿਹਾ ਕਿ ਗ੍ਰਾਮ ਪੰਚਾਇਤ ਨੇ ਜ਼ਮੀਨ ਦੇ ਦਿਤੀ ਹੈ। ਪਰ 1976 ਦੇ ਵਿਚ ਸ੍ਰੀ ਖੁਸ਼ਾਲਾ ਸਡਨਲੀ ਡਿਪਾਰਟਮੈਂਟ ਦੇ ਕੋਲ ਆਇਆ ਕਿ ਮੈਨੂੰ ਕੰਪਨਸੇਸ਼ਨ ਦਿਵਾਓ। ਐਕਟ ਦੇ ਥੱਲੇ ਡੀ.ਸੀ. ਨੇ 4104 ਰੁਪਏ ਉਸ ਨੂੰ ਦਿਤੇ ਮਗਰ ਉਸ ਨੇ ਫਿਰ ਡਿਕਲਾਈਨ ਕਰ ਦਿਤਾ ਕਿ ਕੰਪਨਸੇਸ਼ਨ ਬਹੁਤ ਥੋੜ੍ਹਾ ਹੈ। ਉਸ ਨੇ ਕਿਹਾ ਕਿ ਮੈਨੂੰ ਜ਼ਮੀਨ ਦਿਓ। ਫਿਰ ਡਿਪਾਰਟਮੈਂਟ ਨੇ ਐਕਟ ਦੇ ਥੱਲੇ ਫਾਰੈਸਟ ਲੈਂਡ ਨੂੰ ਨਾਨ-ਫਾਰਸਟ ਕਰਨ ਵਾਸਤੇ ਬੇਨਤੀ ਕੀਤੀ। ਪੰਜਾਬ ਗੌਰਮਿੰਟ ਨੇ ਸੈਂਟਰਲ ਗੌਰਮਿੰਟ ਨੂੰ ਲਿਖਿਆ ਕਿ ਉਸ ਨੂੰ ਜ਼ਮੀਨ ਦੇਣ ਲਈ ਅਲਾਓ ਕਰੋ। 1984 ਤੋਂ ਲੈ ਕੇ 1986 ਤੱਕ ਸੈਂਟਰਲ ਗੌਰਮਿੰਟ ਨਾਲ ਖਤੋ ਕਿਤਾਬਤ ਚਲ ਰਹੀ ਹੈ। ਜਿਸ ਵੇਲੇ ਜਵਾਬ ਆ ਜਾਵੇਗਾ ਉਸ ਵੇਲੇ ਕਰਾਂਗੇ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਕੀ ਸਵਾਲ ਦੇ ਇਸ ਜਵਾਬ ਨਾਲ ਉਸ ਗਰੀਬ ਦੇ ਬੱਚਿਆਂ ਦਾ, ਗਰੀਬ ਦੇ ਪ੍ਰੀਵਾਰ ਦਾ ਢਿੱਡ ਭਰ ਜਾਵੇਗਾ ? ਉਸ ਨੂੰ ਪੈਸਿਆਂ ਦੀ ਲੋੜ ਹੈ। ਉਨ੍ਹਾਂ ਨੂੰ ਤੁਰਤ ਜ਼ਮੀਨ ਦੇ ਬਦਲੇ ਜ਼ਮੀਨ ਦੇਣੀ ਚਾਹੀਦੀ ਹੈ ਜਾਂ ਉਨ੍ਹਾਂ ਨੂੰ ਕੰਪਨਸੇਸ਼ਨ ਦੇਣੀ ਚਾਹੀਦੀ ਹੈ। ਕੀ ਮਨਿਸਟਰ ਸਾਹਿਬ ਕੋਈ ਡੇਟ ਫਿਕਸ ਕਰਨਗੇ ਕਿ ਕਿਸ ਡੇਟ ਤਕ ਫੈਸਲਾ ਕਰ ਦੇਣਗੇ ?

ਰਾਜ ਮੰਤਰੀ : ਡੇਟ ਤਾਂ ਸੈਂਟਰਲ ਗੌਰਮਿੰਟ ਫਿਕਸ ਕਰ ਸਕਦੀ ਹੈ। ਜਦੋਂ ਉਹ ਅਲਾਓ ਕਰਨਗੇ ਅਸੀਂ ਦੇ ਦੇਵਾਂਗੇ। (ਵਿਘਨ)

ਸਰਦਾਰ ਕਰਨੈਲ ਸਿੰਘ ਡੋਡ: ਸਪੀਕਰ ਸਾਹਿਬ, ਕਈ ਕੰਮ ਸਬਜੈਕਟ ਟੂ ਸੈਂਕਸ਼ਨ ਹੋ ਜਾਂਦੇ ਹਨ। ਕੀ ਇਸ ਦਾ ਵੀ ਫੈਸਲਾ ਸਬਜੈਕਟ ਟੂ ਦੀ ਸੈਂਕਸ਼ਨ ਆਫ ਸੈਂਟਰਲ ਗੌਰਮਿੰਟ ਕਰਕੇ ਉਸ ਗਰੀਬ ਆਦਮੀ ਨੂੰ ਕੁਝ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੇਰੇ ਮਾਨਯੋਗ ਮੈਂਬਰ ਸਾਹਿਬ ਵਕੀਲ ਹਨ ਇਨ੍ਹਾਂ ਨੂੰ ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਲੈਂਡ ਐਕਟ, 1980 ਜੋ ਹੈ, ਉਸ ਮੁਤਾਬਿਕ ਸੈਂਟਰਲ ਗੌਰਮਿੰਟ ਅਲਾਓ ਕਰੇਗੀ ਤਾਂ ਹੀ ਦੇ ਸਕਦੇ ਹਾਂ ਸਾਡੇ ਤੇ ਬੈਨ ਹੈ।

Construction of Link road from village Dunera to Lahroon Tehsil Pathankot

*437. **Master Mohan Lal** : Will the Minister of State for Public Works be pleased to state—

(a) whether the Public Works Department (B & R) had received deposits from the Punjab State Agricultural Marketing Board during the period from 1983 to 1985 for the construction of link road from village Dunera to Lahroon in Tehsil Pathankot ;

(b) if the construction of the said link road has not yet been undertaken, the reasons therefor ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : (ੳ) ਦੁਨੇਰ੍ਹਾ ਸਲਿਆਲੀ ਤੋਂ ਪਿੰਡ ਲਹਿਰੂਨ ਤੱਕ ਪਹੁੰਚ ਸੜਕ ਦੀ ਵਿਸ਼ੇਸ਼ ਮੁਰੰਮਤ ਲਈ 8.96 ਲੱਖ ਰੁਪਏ ਜਮ੍ਹਾਂ ਕਰਵਾਏ ਗਏ ਸਨ ।

(ਅ) ਕੰਮ ਪ੍ਰਗਤੀ ਵਿਚ ਹੈ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ 1983 ਵਿਚ 9 ਲੱਖ ਰੁਪਿਆ ਪੀ.ਡਬਲਿਊ.ਡੀ. ਵਿਚ ਜਮ੍ਹਾਂ ਕਰਵਾਇਆ ਗਿਆ ।

Shri Romesh Chander Dogra : Please give me protection. I want to put supplementary question.

Mr. Speaker : You have already been allowed to put supplementary questions. Now please take your seat.

ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਡੋਗਰਾ ਸਾਹਿਬ ਦਾ ਸਵਾਲ ਸੀ ਔਰ ਜੋ ਉਸ ਦਾ ਜਵਾਬ ਆਇਆ ਹੈ, ਮੈਂ ਸਮਝਦਾ ਹਾਂ ਕਿ ਉਸ ਦੇ ਵਿਚ ਕੁਝ ਨਾ-ਇਨਸਾਫੀ ਹੋਈ ਲਗਦੀ ਹੈ। (ਥੰਪਿੰਗ) ਕਿਸੇ ਗਰੀਬ ਨੇ ਜ਼ਮੀਨ ਦੇ ਦਿੱਤੀ । ਉਸ ਨੇ ਕੁਝ ਹੋਰ ਸਮਝ ਕੇ ਦੇ ਦਿੱਤੀ ਔਰ ਮਹਿਕਮਾ ਕੁੱਝ ਹੋਰ ਸਮਝਦਾ ਰਿਹਾ । ਕੁਝ ਬੇਸਮਝੀ ਕਰਕੇ ਇਹ ਕੰਮ ਹੋਇਆ ਹੈ । ਅਸੀਂ ਇਸ ਦੇ ਵਾਸਤੇ ਕੁਝ ਨਾ ਕੁੱਝ ਤਰੀਕਾ ਕੱਢ ਕੇ ਉਸ ਨੂੰ ਕੁਝ ਨਾ ਕੁਝ ਕੰਪੇਨਸੇਟ ਕਰਾਂਗੇ। (ਥੰਪਿੰਗ)।

ਮਾਸਟਰ ਮੋਹਨ ਲਾਲ : ਸਰ, 1983 ਵਿਚ ਇਸ ਪਰਟੀਕੁਲਰ ਸੜਕ ਵਾਸਤੇ 9 ਲੱਖ ਰੁਪਿਆ ਜਮ੍ਹਾ ਕਰਵਾਇਆ ਸੀ, ਹੁਣ ਸੰਨ 1986 ਬੀਤਣ ਲਗਿਆ ਹੈ ਪਰ ਅਜੇ ਤਕ ਉਥੇ ਕੰਮ ਸ਼ੁਰੂ ਨਹੀਂ ਹੋਇਆ। ਕੀ ਕਾਰਨ ਹਨ ਕਿ ਇਤਨੀ ਦੇਰ ਕੰਮ ਕਿਉਂ ਨਹੀਂ ਸ਼ੁਰੂ ਹੋਇਆ ?

ਰਾਜ ਮੰਤਰੀ : ਸਪੀਕਰ ਸਾਹਿਬ, ਮਾਸਟਰ ਜੀ ਦੀ ਇਨਫਰਮੇਸ਼ਨ ਗਲਤ ਹੈ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ 3/83 ਵਿੱਚ 4 ਲੱਖ 48 ਹਜ਼ਾਰ 50 ਰੁਪਏ ਜਮ੍ਹਾਂ ਕਰਵਾਏ ਗਏ ਸਨ ਔਰ ਇਸੇ ਤਰ੍ਹਾਂ ਫਿਰ 2/86 ਵਿੱਚ ਬਾਕੀ ਬੱਚਦੀ ਰਕਮ 4 ਲੱਖ 48 ਹਜ਼ਾਰ 50 ਰੁਪਏ ਜਮ੍ਹਾਂ ਕਰਵਾਏ ਗਏ। ਇਹ ਸੜਕ ਪਹਾੜ ਵਿੱਚ ਬਣਨੀ ਸੀ ਔਰ ਇਸ ਦੇ ਵਿੱਚ 3 ਕਿਲੋਮੀਟਰ ਮਿੱਟੀ ਦਾ ਕੰਮ ਹੋਣਾ ਸੀ, ਇਸੇ ਤਰ੍ਹਾਂ ਇਸ ਦੇ ਵਿੱਚ 6 ਪੁਲੀਆਂ ਬਣਨੀਆਂ ਸਨ ਔਰ 24 ਬਲਾਸਟਿੰਗ ਵਾਲਜ਼/ਰੀਟੇਨਿੰਗ ਵਾਲਜ਼ ਬਣਨੀਆਂ ਸੀ। ਬਲਾਸਟਿੰਗ/ਰੀਟੇਨਿੰਗ ਵਾਲਜ਼ ਬਣ ਗਈਆਂ ਹਨ ਔਰ 6 ਪੁਲੀਆਂ

ਵੀ ਬਣ ਗਈਆਂ ਹਨ। ਪਹਾੜ ਨੂੰ ਪਾੜਨ ਦੇ ਵਾਸਤੇ ਕੁਝ ਬਲਾਸਟਿੰਗ ਮੈਟੀਰੀਅਲ ਦੀ ਲੋੜ ਸੀ ਜਿਸ ਦਾ ਇੰਤਜ਼ਾਮ ਕਰਨਾ ਹੈ। ਇਸ ਦਾ ਇੰਤਜ਼ਾਮ ਕਰਕੇ ਛੇਤੀ ਹੀ ਸੜਕ ਬਣਾ ਦੇਵਾਂਗੇ।

ਮਾਸਟਰ ਮੋਹਨ ਲਾਲ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਹ ਸੜਕ ਕਦੋਂ ਤਕ ਬਣ ਕੇ ਪੂਰੀ ਹੋ ਜਾਵੇਗੀ ?

ਰਾਜ ਮੰਤਰੀ : ਅਸੀਂ ਬਲਾਸਟਿੰਗ ਮੈਟੀਰੀਅਲ ਇਕੱਠਾ ਕਰਨ ਦਾ ਇੰਤਜ਼ਾਮ ਕਰ ਰਹੇ ਹਾਂ ਔਰ ਛੇਤੀ ਹੀ ਬਣਾ ਦੇਵਾਂਗੇ।

ਸ੍ਰੀ ਸਪੀਕਰ : ਕਾਮਰੇਡ ਮਹਿਤਾਬ ਸਿੰਘ।

Master Mohan Lal : Time limit should be fixed.

Mr. Speaker : I have allowed Comrade Mehtab Singh to put a supplementary question. Comrade Mehtab Singh.

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਇਹ ਸੜਕਾਂ ਦਾ ਸਵਾਲ ਹੈ ਅਤੇ ਕਈ ਸੜਕਾਂ ਮੇਰੇ ਹਲਕੇ ਵਿਚ ਜਿਥੇ 5—5 ਸਾਲ ਤੋਂ ਮੈਟੀਰੀਅਲ ਪੱਥਰ ਵਗੈਰਾ ਸਭ ਕੁੱਝ ਪਾਇਆ ਹੋਇਆ ਹੈ ਅਤੇ ਉਹ ਸਾਰਾ ਕੁੱਝ ਡੈਸਟਰਾਏ ਹੋ ਰਿਹਾ ਹੈ ਪਰ ਮਹਿਕਮਾ ਉਸ ਵਲ ਕੋਈ ਧਿਆਨ ਨਹੀਂ ਦੇ ਰਿਹਾ। ਮੈਂ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਕ ਪਰਟੀਕੁਲਰ ਸੜਕ ਚੱਖਪੱਖੀ ਤੋਂ ਨੁਕੇਰੀਆਂ ਤੱਕ ਦੀ ਹੈ, ਉਥੇ ਮਿੱਟੀ ਵਗੈਰਾ ਅਤੇ ਹੋਰ ਸਾਰਾ ਕੁੱਝ ਪਿਆ ਹੈ ਅਤੇ ਉਹ ਦੱਬ ਗਈ ਹੈ, ਕੀ ਇਹ ਕੋਈ ਹਦਾਇਤ ਕਰਨਗੇ ਕਿ ਇਹ ਸੜਕ ਬਣਾਈ ਜਾਵੇ ਅਤੇ ਇਹ ਕਦੋਂ ਤਕ ਪੂਰੀ ਹੋ ਜਾਵੇਗੀ ?

ਰਾਜ ਮੰਤਰੀ: ਸਪੀਕਰ ਸਾਹਿਬ, ਇਸ ਸੜਕ ਦਾ ਜਿਸ ਤਰ੍ਹਾਂ ਇਨ੍ਹਾਂ ਨੇ ਦੱਸਿਆ ਹੈ ਮੈਂ ਇਸ ਦੀ ਪੜਤਾਲ ਕਰਵਾਵਾਂਗਾ ਔਰ ਉਸ ਰਿਪੋਰਟ ਦੇ ਮੁਤਾਬਿਕ ਜਿਹੜਾ ਕੰਮ ਹੈ ਅਗਰ ਪੈਸੇ ਵਗੈਰਾ ਜਮ੍ਹਾਂ ਕਰਾਏ ਹੋਏ ਔਰ ਉਹ ਐਪਰੂਵਡ ਸੜਕ ਹੋਈ ਤਾਂ ਉਹ ਜ਼ਰੂਰ ਬਣਾਵਾਂਗੇ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਹਿੱਲੀ ਏਰੀਆ ਵਿੱਚ ਸਬ-ਮਾਉਂਟੇਨੀਅਸ ਏਰੀਆ ਵਿੱਚ, ਕੰਡੀ ਏਰੀਆ ਵਿੱਚ ਜੋ ਸੜਕਾਂ ਮੰਡੀਕਰਨ ਬੋਰਡ ਨੇ ਬਣਾਉਣੀਆਂ ਹਨ, ਉਨ੍ਹਾਂ ਦੀ ਸ਼ਰਤ ਹੈ ਕਿ ਮਿੱਟੀ ਪੁਆਉਣ ਦਾ ਕੰਮ ਪੰਚਾਇਤ ਕਰੇ। ਉਥੇ ਮਿੱਟੀ ਪੁਆਉਣ ਦਾ ਕੰਮ ਪੰਚਾਇਤਾਂ ਨਹੀਂ ਕਰਵਾ ਸਕਦੀਆਂ, ਨਾ ਉਨ੍ਹਾਂ ਕੋਲ ਕੋਈ ਫੰਡ ਹੁੰਦਾ ਹੈ ਅਤੇ ਨਾ ਕੋਈ ਉਨ੍ਹਾਂ ਕੋਲ ਖਾਸ ਸੋਰਸ ਹੁੰਦਾ ਹੈ। ਉਥੇ ਕਈ ਥਾਂ ਇਸ ਤਰ੍ਹਾਂ ਦਾ ਏਰੀਆ ਹੈ, ਜਿਥੇ ਮਿੱਟੀ ਹੈ ਹੀ ਨਹੀਂ, ਪਥਰੀਲੀ ਅਤੇ ਰੇਤਲੀ ਜ਼ਮੀਨ ਹੈ। ਕੰਡੀ ਏਰੀਆ ਵਿੱਚ ਜਿਸ ਤਰ੍ਹਾਂ ਪਹਿਲਾਂ ਰਿਆਇਤ ਸੀ। (ਵਿਘਨ) ਚਲੋ ਸਾਡੇ ਵੇਲੇ ਸੀ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕੀ ਉਹ ਮੰਡੀਕਰਨ ਬੋਰਡ ਨੂੰ ਇਹ ਕਹਿਣਗੇ ਕਿ ਸਬ-ਮਾਉਂਟੇਨੀਅਸ ਏਰੀਆ ਵਿੱਚ, ਕੰਡੀ ਏਰੀਆ ਵਿੱਚ ਮਿੱਟੀ ਪੁਆਉਣ ਦਾ ਕੰਮ ਸਰਕਾਰ ਆਪ ਕਰੇ? ਉਸ ਦੇ ਨਾਲ ਹੀ ਜਿੰਨੀਆਂ ਵੀ ਉਥੇ ਸੜਕਾਂ ਬਣਦੀਆਂ ਹਨ ਉਹ ਡੇਢ ਦੋ ਸਾਲ ਬਾਦ ਟੁੱਟ ਜਾਂਦੀਆਂ ਹਨ ਕਿਉਂਕਿ ਪਾਣੀ ਜ਼ੋਰ ਨਾਲ ਆਉਂਦਾ ਹੈ ਅਤੇ ਪਾਣੀ ਦਾ ਵਹਾਓ ਤੇਜ਼ ਹੋਣ ਕਰਕੇ ਸੜਕਾਂ ਟੁੱਟ ਜਾਂਦੀਆਂ ਹਨ। ਕੀ ਉਸ ਏਰੀਆ ਵਾਸਤੇ ਇਹ ਕੋਈ ਸਪੈਸ਼ਲ ਪਰਮਿਸ਼ਨ ਦੇਣਗੇ, ਕੋਈ ਸਪੈਸ਼ਲ ਇੰਤਜ਼ਾਮ ਕਰਨਗੇ ਕਿ ਪਾਣੀ ਦੇ ਵਹਾਓ ਨੂੰ ਰੋਕਣ ਵਾਸਤੇ ਤਾਂਕਿ ਇਹ ਚੀਜ਼ ਨਾ ਹੋਵੇ ?

[ਸ੍ਰੀ ਰਾਮ ਪ੍ਰਕਾਸ਼ ਬਾਲੀ]

ਦੂਸਰੀ ਗੱਲ ਮੈਂ ਇਹ ਪੁੱਛਣਾ ਚਾਹੁੰਦਾ ਹਾਂ......

ਸ੍ਰੀ ਸਪੀਕਰ : ਬਾਲੀ ਸਾਹਿਬ ਤੁਸੀਂ ਇਕ ਸਪਲੀਮੈਂਟਰੀ ਕੀਤਾ ਹੈ Let the answer now come.

ਰਾਜ ਮੰਤਰੀ : ਸਪੀਕਰ ਸਾਹਿਬ, ਲਿੰਕ ਸੜਕਾਂ ਲਈ ਪੈਸੇ ਮੰਡੀਕਰਨ ਬੋਰਡ ਨੇ ਜਮ੍ਹਾਂ ਕਰਵਾਉਣੇ ਹਨ। ਸਾਰਾ ਕੰਮ ਇਹ ਮੰਡੀਕਰਨ ਬੋਰਡ ਦਾ ਹੈ ਮਿੱਟੀ ਵਗੈਹਾ ਪੰਚਾਇਤ ਤੋਂ ਪੁਆਉਣ ਦਾ ਅਸੀਂ ਉਨ੍ਹਾਂ ਨੂੰ ਰਿਕੁਐਸਟ ਕਰ ਸਕਦੇ ਹਾਂ, ਐਡਵਾਈਸ ਭੇਜ ਸਕਦੇ ਹਾਂ। ਅਸੀਂ ਮੰਡੀਕਰਨ ਬੋਰਡ ਨੂੰ ਲਿਖ ਦੇਵਾਂਗੇ ਕਿ ਇਸ ਤੇ ਗੌਰ ਕੀਤਾ ਜਾਵੇ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਬਾਲੀ ਸਾਹਿਬ ਨੇ ਜੋ ਫ਼ਰਮਾਇਆ ਹੈ ਕਿ ਸਾਡੀ ਸਰਕਾਰ ਦੇ ਵੇਲੇ ਇਹ ਕੰਮ ਹੋ ਰਿਹਾ ਸੀ, ਪੰਜਾਬੀ ਦੇ ਵਿੱਚ ਇਕ ਕਹਾਵਤ ਹੈ—

'ਨੰਗਾ ਰਖਦੀ ਕਲਿਪ ਵਾਲਾ ਪਾਸਾ, ਜੇਠ ਕੋਲੋਂ ਘੁੰਡ ਕੱਢਦੀ।' (ਹਾਸਾ)

ਇਨ੍ਹਾਂ ਨੂੰ ਭੁਲੇਖਾ ਪਿਆ ਹੋਇਆ ਹੈ। ਕੀ ਮਨਿਸਟਰ ਸਾਹਿਬ ਦਸਣਗੇ ਕਿ ਜਿਹੜਾ ਪੱਥਰ, ਲੁੱਕ ਔਰ ਬਜਰੀ ਸੁਟਦੇ ਹਨ, ਉਸ ਨੂੰ ਕੋਈ ਠੇਕੇ ਤੇ ਦਿੰਦੇ ਹੋ ਜਾਂ ਪੈਮਾਇਸ਼ ਕੋਈ ਹੁੰਦੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਦੇ ਬਾਰੇ ਮੈਂਬਰ ਸਾਹਿਬ ਜੇ ਕੋਈ ਸਪੈਸੀਫਿਕ ਇਨਫਰਮੇਸ਼ਨ ਲੈਣਾ ਚਾਹੁੰਦੇ ਹਨ ਤਾਂ ਸਪੈਸਿਫਿਕ ਸਵਾਲ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

STARRED QUESTION No. 455

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

Flying Bridge at Jalandhar City

***514. Vaid Om Parkash Datta** :Will the Chief Minister be plesed to state whether there is any proposal under the consideration of the Government to construct Over/Flying Bridge(s) at the railway crossings in Jalandhar City, if so, the steps taken or proposed to be taken in this behalf ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ (ਰਾਜ ਮੰਤਰੀ, ਭਵਨ ਦੇ ਮਾਰਗ ਸ਼ਾਖਾ): ਨਹੀਂ ਜੀ।

ਵੈਦ ਓਮ ਪ੍ਰਕਾਸ਼ ਦੱਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਲੰਧਰ ਸ਼ਹਿਰ ਦੀ ਅਹਿਮੀਅਤ ਨੂੰ ਮੱਦੇ ਨਜ਼ਰ ਰਖੇ ਬਿਨਾਂ 'ਨਹੀਂ ਜੀ' ਜਵਾਬ ਦੇ ਦਿੱਤਾ। ਮੈਂ ਕਹਿੰਦਾ ਹਾਂ ਕਿ ਜਲੰਧਰ ਸ਼ਹਿਰ ਪੰਜਾਬ ਦਾ ਇਕ ਬਹੁਤ ਵਡਾ ਇੰਡਸਟਰੀਅਲ ਸ਼ਹਿਰ ਹੈ, ਇਹ ਪ੍ਰੈਸ ਦਾ ਸੈਂਟਰ ਹੈ, ਰੇਲਵੇ ਜੰਕਸ਼ਨ ਹੈ। ਇਸ ਤਰ੍ਹਾਂ ਨਹੀਂ ਜੀ, ਕਹਿ ਕੇ ਮੰਤਰੀ ਮਹੋਦਯ ਨੇ ਗਲਤ ਕੰਮ ਕੀਤਾ ਹੈ। (ਹਾਸਾ) ਸਾਰਾ ਦਿਨ ਐਕਸਪ੍ਰੈਸ ਰੇਲਾਂ, ਮਿਲਿਟਰੀ, ਟਰੇਨਾਂ ਅਤੇ ਹੋਰ ਟਰੇਨਾਂ ਚਲਦੀਆਂ ਰਹਿੰਦੀਆਂ ਹਨ ਔਰ ਫਾਟਕ ਬੰਦ ਰਹਿੰਦਾ ਹੈ ਔਰ ਕਈ ਐਕਸੀਡੈਂਟ ਵੀ

ਹੁੰਦੇ ਰਹਿੰਦੇ ਹਨ ਕਿਉਂਕਿ ਰਸ਼ ਬੜਾ ਹੁੰਦਾ ਹੈ। ਇਹ ਦੱਸਣ ਕਿ ਕਦ ਤੱਕ ਇਹ ਕੋਈ ਫਲਾਈਂਗ ਪੁਲ ਬਣਾ ਦੇਣਗੇ ?

ਰਾਜ ਮੰਤਰੀ, ਭਵਨ ਤੇ ਮਾਰਗ ਸ਼ਾਖਾ : ਮੈਂ ਮਾਨਯੋਗ ਮੈਂਬਰ ~~ਜੀ~~ ਨੂੰ ਬੇਨਤੀ ਕਰਾਂਗਾ ਕਿ ਇਹ ਛੋਟਾ ਜਿਹਾ ਪ੍ਰੋਜੈਕਟ ਨਹੀਂ ਹੈ ਇਸ ਤੇ ਕਰੋੜਾਂ ਰੁਪਏ ਖਰਚ ਆਉਂਦੇ ਹਨ। ਪਿਛੇ ਜਿਹੇ ਸ਼ਰੀਫਪੁਰੇ ਦਾ ਕੀਤਾ ਹੈ, ਦੋ ਪੁਲ ਲੁਧਿਆਣਾ ਵਿੱਚ ਬਣਾ ਰਹੇ ਹਾਂ। ਇਨ੍ਹਾਂ ਦੀ ਮਹੱਤਤਾ ਦੇ ਮੁਤਾਬਕ ਛੇਵੀਂ ਪੰਜ ਸਾਲਾ ਯੋਜਨਾ ਵਿਚ 26 ਪੁਲ ਬਣਾਉਣੇ ਹਨ ਜਿਨ੍ਹਾਂ ਲਈ 949.30 ਕਰੋੜ ਰੁਪਿਆ ਰਖਿਆ ਹੋਇਆ ਹੈ ਔਰ ਪ੍ਰੀਆਰਟੀ ਮੁਤਾਬਕ ਖਰਚ ਕਰਦੇ ਹਾਂ। ਇਸ ਦੇ ਲਈ ਜਦੋਂ ਫੰਡਜ਼ ਪਰੋਵਾਈਡ ਹੋਣਗੇ ਬਣਾ ਦਿੱਤਾ ਜਾਏਗਾ।

ਸ੍ਰੀ ਸਪੀਕਰ : ਜਿਹੜਾ ਪਲਾਨ ਬਣਾਇਆ ਹੈ ਆਇਆ ਇਹ ਪੁਲ ਉਸ ਵਿਚ ਸ਼ਾਮਲ ਹੈ ?

ਰਾਜ ਮੰਤਰੀ : ਨਹੀਂ ਜੀ, ਉਸ ਵਿਚ ਨਹੀਂ ਹੈ।

ਸ੍ਰੀ ਸਪੀਕਰ : ਇਸ ਦੀ ਬੜੀ ਲੋੜ ਹੈ, ਅਸੀਂ ਸਾਰੇ ਜਾਣਦੇ ਹਾਂ ਇਸ ਪਾਸੇ ਵੀ ਵਿਚਾਰ ਕਰਨਾ ਚਾਹੀਦਾ ਹੈ।

ਇਕ ਅਵਾਜ਼ : ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਤਾਂ ਇਨ੍ਹਾਂ ਨੂੰ ਕਰਨਾ ਚਾਹੀਦਾ ਹੈ।

ਸ੍ਰੀ ਸਪੀਕਰ : ਇਹ ਕਨਸਿਡਰ ਕਰਨਗੇ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਲੁਧਿਆਣਾ ਸ਼ਹਿਰ ਵਿੱਚ ਢੋਲੇਵਾਲਾ ਚੌਕ ਤੇ ਰੇਲਵੇ ਲਾਈਨ ਤੇ ਪੁਲ ਬਣਾਉਣ ਵਾਸਤੇ 2 ਮਹੀਨੇ ਪਹਿਲਾਂ ਮੁੱਖ ਮੰਤਰੀ ਜੀ ਨੇ ਨੀਂਵ ਪੱਥਰ ਰਖਿਆ ਸੀ। ਕੀ ਮੰਤਰੀ ਜੀ ਦੱਸਣਗੇ ਕਿ ਕੀ ਉਥੇ ਕੰਮ ਸ਼ੁਰੂ ਹੋਏਗਾ ਔਰ ਜੇ ਹੋਏਗਾ ਤਾਂ ਕਦੋਂ ਤੱਕ ਹੋਏਗਾ ?

ਰਾਜ ਮੰਤਰੀ : ਉਥੇ ਅਸੀਂ ਬੜੀ ਛੇਤੀ ਕੰਮ ਅਰੰਭ ਕਰਨ ਲੱਗੇ ਹਾਂ।

Mr. Speaker: Next question.

Power Supply to village Mouli Biadwan in Tehsil Kharar

*429. **Master Mohan Lal** : Will the Chief Minister be pleased to state:—

(a) whether any legislator wrote to the authorities of the Punjab State Electricity Board and the Government regarding power supply to village Mouli Baidwan, Tehsil Kharar, District Ropar during the period from July, 1986 to date ;

(b) if the answer to part (a) above in the affirmative the details of the action taken by the authorities in respect thereof ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਹਾਂ ਜੀ, ਸ੍ਰੀ ਮਹਿਤਾਬ ਸਿੰਘ, ਐਮ. ਐਲ. ਏ. ਨੇ ਪਿੰਡ ਮੌਲੀ ਬੇਦਵਾਨ, ਤਹਿਸੀਲ ਖਰੜ, ਜ਼ਿਲ੍ਹਾ ਰੋਪੜ ਨੂੰ ਬਿਜਲੀ ਸਪਲਾਈ ਦੇਣ ਸਬੰਧੀ ਪੰਜਾਬ ਰਾਜ ਬਿਜਲੀ ਬੋਰਡ ਨੂੰ ਅਗਸਤ, 1986 ਅਤੇ ਮੁੱਖ ਮੰਤਰੀ ਜੀ ਨੂੰ ਅਕਤੂਬਰ, 1986 ਵਿਚ ਲਿਖਿਆ ਸੀ।

[ਮੁੱਖ ਮੰਤਰੀ]

(ਅ) ਹਵਾਲੇ ਅਧੀਨ ਪਿੰਡ ਦਾ ਸਰਵੇਖਣ ਕੀਤਾ ਗਿਆ ਸੀ ਅਤੇ ਇਹ ਪਾਇਆ ਗਿਆ ਸੀ ਕਿ ਸਮੁੱਚੇ ਤੌਰ ਤੇ ਪਿੰਡ ਦੀ ਸਥਾਨਕ ਵੰਡ ਪ੍ਰਣਾਲੀ ਸੰਤੋਸ਼ਜਨਕ ਹਾਲਤ ਵਿਚ ਹੈ। ਜਿਹੜੀ ਤਾਰ ਕਿਸੇ ਕਿਸੇ ਥਾਂ ਤੇ ਢਿੱਲੀ ਲਮਕੀ ਹੋਈ ਸੀ, ਨੂੰ ਠੀਕ ਕਰ ਦਿਤਾ ਗਿਆ ਹੈ।

Industrial Focal Point Jalandhar

***515. Vaid Om Parkash Datta** : Will the Minister for Finance be pleased to state whether the Government has any proposal of extending the Industrial Focal Point Jalandhar ; if so, the details of the steps taken or proposed to be taken in that direction ?

ਸਰਦਾਰ ਬਲਵੰਤ ਸਿੰਘ : ਜੀ ਹਾਂ।

ਸਾਇਟ ਸਲੈਕਸ਼ਨ ਬੋਰਡ ਨੇ ਜਗ੍ਹਾ ਚੁਣ ਲਈ ਹੈ ਅਤੇ ਰਾਜ ਪੱਧਰ ਤੇ ਪ੍ਰਾਪਤੀ ਬੋਰਡ ਪਾਸੋਂ ਇਤਰਾਜ਼ਹੀਨਤਾ ਸ਼ਰਟੀਫਿਕੇਟ ਲੈਣ ਸਬੰਧੀ ਕਦਮ ਉਠਾਏ ਜਾ ਰਹੇ ਹਨ।

ਵੈਦ ਓਮ ਪ੍ਰਕਾਸ਼ ਦੱਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਨਾ ਹਾਲੇ ਤਕ ਕੋਈ ਨੋਟਿਸ ਦਿੱਤਾ ਗਿਆ ਹੈ ਔਰ ਨਾ ਹੀ ਕੋਈ ਪਲਾਨ ਬਣਾਇਆ ਹੈ। ਇਹ ਦਸ ਦੇਣ ਕਿ ਕਦੋਂ ਤਕ ਪਲਾਨ ਬਣ ਜਾਏਗਾ ਔਰ ਕੰਮ ਸ਼ੁਰੂ ਹੋ ਜਾਏਗਾ ?

ਮੰਤਰੀ : ਪਿਛਲੀ ਸਰਕਾਰ ਵੇਲੇ ਦੋ ਸੌ ਏਕੜ ਜ਼ਮੀਨ ਲਈ ਜਾਣੀ ਸੀ ਔਰ ਕਾਰਵਾਈ ਅਰੰਭ ਹੋ ਗਈ ਸੀ, ਪਰ ਮਿਥਿਆ ਸਮਾਂ ਲੰਘ ਗਿਆ ਸੀ ਅਤੇ ਇਸ ਲਈ ਉਹ ਜਿਹੜੇ ਨੋਟਿਸ ਵਗੈਰਾ ਦਿੱਤੇ ਗਏ ਸਨ, ਉਹ ਲੈਪਸ ਹੋ ਗਏ। ਇਹ ਠੀਕ ਹੈ ਕਿ ਜਲੰਧਰ ਵਿਚ ਇੰਡਸਟਰੀਅਲ ਏਰੀਆ ਬਹੁਤ ਜ਼ਰੂਰੀ ਹੈ ਔਰ ਹੁਣ ਇਸ ਦੇ ਲਈ ਪੰਜਾਬ ਸਮਾਲ ਸਕੇਲ ਇੰਡਸਟਰੀ ਵਾਲੇ ਸਕੀਮ ਬਣਾ ਰਹੇ ਹਨ।

Industrial Plots in Phase 6 of S.A.S. Nagar

***450. Sardar Kirpal Singh** : Will the Minister for Finance be pleased to state:—

(a) whether it is a fact that the Government has allotted industrial plots in phase 6 of Sahibzada Ajit Singh Nagar (Mohali) and many entrepreneurs have built buildings of factories on them ;

(b) whether it is also a fact that the prices of the plots, referred to in para (a) above, have not so far been finalised ; if so, the reasons therefore ?

ਸਰਦਾਰ ਬਲਵੰਤ ਸਿੰਘ : (ੳ) ਜੀ ਹਾਂ।

(ਅ) ਉਪਰ ਨੁਕਤਾ 'ੳ' ਵਿਚ ਦੱਸੇ ਪਲਾਟਾਂ ਦੀਆਂ ਕੀਮਤਾਂ ਟੈਂਟੇਟਿਵ ਤੌਰ ਤੇ ਹੇਠ ਲਿਖੇ ਅਨੁਸਾਰ ਨਿਸਚਿਤ ਕੀਤੀਆਂ ਗਈਆਂ ਸਨ :

(1)	ਅੱਧ ਏਕੜ ਅਤੇ ਇਸ ਤੋਂ ਉਪਰ ਪਰ ਦੋ ਏਕੜ ਨਾਲੋਂ ਘਟ ਹੈ	15/- ਪ੍ਰਤੀ ਵਰਗ ਗਜ਼
(2)	ਦੋ ਏਕੜ ਅਤੇ ਇਸ ਤੋਂ ਵੱਧ ਪਰ 5 ਏਕੜ ਤੋਂ ਘਟ	13/- ਪ੍ਰਤੀ ਵਰਗ ਗਜ਼
(3)	5 ਏਕੜ ਤੋਂ 10 ਏਕੜ ਤੱਕ	11/- ਪ੍ਰਤੀ ਵਰਗ ਗਜ਼

ਇਨ੍ਹਾਂ ਪਲਾਟਾਂ ਦੀਆਂ ਪਕੀਆਂ ਕੀਮਤਾਂ ਅਜੇ ਨਿਸਚਿਤ ਨਹੀਂ ਕੀਤੀਆਂ ਜਾ ਸਕੀਆਂ ਕਿਉਂਕਿ ਦੂਜੇ ਵਿਭਾਗਾਂ ਪਾਸੋਂ ਇਹਨਾਂ ਵਲੋਂ ਇਸ ਫੋਕਲ ਪੁਆਇੰਟ ਤੇ ਖਰਚ ਕੀਤੇ ਗਏ ਵਿਕਾਸ ਅਤੇ ਉਸ ਕਾਲ ਸਬੰਧੀ ਖ਼ਰਚੇ ਦਾ ਪੂਰਾ ਵੇਰਵਾ ਅਜੇ ਤਕ ਨਹੀਂ ਆਇਆ।

ਸਰਦਾਰ ਕਿਰਪਾਲ ਸਿੰਘ: ਇਹ ਮਹਿਕਮੇ ਇਸ ਚਾਲ ਨਾਲ ਚਲਦੇ ਹਨ ਕਿ 8 ਸਾਲਾਂ ਤੱਕ ਕੀਮਤਾਂ ਮੁਕਰੱਰ ਨਹੀਂ ਹੋਈਆਂ, ਇਨ੍ਹਾਂ ਦੀ ਖ਼ਬਰ ਲੈਣੀ ਚਾਹੀਦੀ ਹੈ। ਕਈ ਮਾਲਕ ਬਦਲ ਗਏ ਹਨ ਕਿਸੇ ਨੇ ਵੇਚ ਦਿੱਤੀ ਔਰ ਕਿਸੇ ਹੋਰ ਨੇ ਲੈ ਲਈ। ਇਹ ਜਿਹੜੀਆਂ ਟੈਂਟੇਟਿਵ ਕੀਮਤਾਂ ਹਨ, ਇਹ ਠੀਕ ਸਮਝ ਕੇ ਮੁਕੱਰਰ ਕਰ ਦੇਣੀਆਂ ਚਾਹੀਦੀਆਂ ਹਨ ਔਰ ਅਗਰ ਕੀਮਤਾਂ ਹੋਰ ਵਧਾ ਦਿੱਤੀਆਂ ਤਾਂ ਕਾਫੀ ਰੰਜਿਸ਼ ਪੈਦਾ ਹੋ ਜਾਏਗੀ।

ਮੰਤਰੀ: ਮੈਂ ਇਨ੍ਹਾਂ ਨਾਲ ਸਹਿਮਤ ਹਾਂ ਕਿ ਫੋਕਲ ਪੁਆਇੰਟਾਂ ਤੇ ਦਸ ਦਸ ਸਾਲ ਬਾਰਾਂ ਬਾਰਾਂ ਸਾਲ ਕੀਮਤਾਂ ਮੁਕਰੱਰ ਨਹੀਂ ਹੁੰਦੀਆਂ ਔਰ ਸਰਕਾਰ ਦਾ ਵੀ ਕਾਫੀ ਨੁਕਸਾਨ ਹੁੰਦਾ ਹੈ। ਇਸ ਵਿਚ ਕਈ ਮਹਿਕਮੇ ਇਨਵਾਲਵਡ ਹੁੰਦੇ ਹਨ ਜਿਵੇਂ ਇੰਡਸਟਰੀ ਦਾ ਮਹਿਕਮਾ, ਪੀ. ਡਬਲਿਊ. ਡੀ. ਅਤੇ ਫਿਨਾਂਸ ਦੇ ਮਹਿਕਮੇ ਆਦਿ। ਇਸ ਚੀਜ਼ ਨੂੰ ਦੂਰ ਕਰਨ ਲਈ ਅਸੀਂ ਨਵਾਂ ਸਿਸਟਮ ਸ਼ੁਰੂ ਕੀਤਾ ਹੈ ਕਿ ਸਮਾਲ ਸਕੇਲ ਇੰਡਸਟਰੀਅਲ ਕਾਰਪੋਰੇਸ਼ਨ ਸਾਰਾ ਕੰਮ ਕਰੇਗੀ। ਉਹ ਹੀ ਐਕੁਈਜ਼ੀਸ਼ਨ ਕਰੇਗੀ, ਸਾਰੀ ਡਿਵੈਲਪਮੈਂਟ ਉਹ ਕਰਨਗੇ ਅਤੇ ਨੋ ਪ੍ਰਾਫਿਟ ਨੋ ਲਾਸ ਤੇ ਦੇਵੇਗੀ ਔਰ ਪਿਛਲੀ ਕਮੀ ਨੂੰ ਦੂਰ ਕਰਾਂਗੇ।

ਸਰਦਾਰ ਕਿਰਪਾਲ ਸਿੰਘ: ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਟਾਈਮ ਜਿਹੜਾ ਲੰਘ ਗਿਆ ਹੈ ਉਸ ਦੇ ਬਾਅਦ ਡਿਵੈਲਪਮੈਂਟ ਦੇ ਰੇਟਸ ਬਹੁਤ ਵੱਧ ਗਏ ਹਨ ਅਤੇ ਮਾਲਕਾਨ ਜਿਨ੍ਹਾਂ ਨੇ ਉਥੇ ਫੈਕਟਰੀਆਂ ਐਸਟੈਬਲਿਸ਼ ਕੀਤੀਆਂ ਹੋਈਆਂ ਹਨ, ਅਗਰ ਉਨ੍ਹਾਂ ਨੂੰ ਇਹ ਕਿਹਾ ਗਿਆ ਕਿ ਮੌਜੂਦਾ ਰੇਟਸ ਨਾਲ ਪੈਸੇ ਦਿੱਤੇ ਜਾਣ ਤਾਂ ਇਹ ਉਨ੍ਹਾਂ ਤੇ ਜੁਰਮਾਨਾ ਹੋਵੇਗਾ, ਫਿਰ ਤੁਸੀਂ ਕੀ ਰਿਲੀਫ ਦਿੱਤਾ। ਕੀ ਗੌਰਮਿੰਟ ਕਰੇਗੀ ਕਿ ਪ੍ਰੈਜ਼ੈਂਟ ਕੀਮਤਾਂ ਨਾ ਲੈ ਕੇ ਉਸ ਵੇਲੇ ਦੇ ਡਿਵੈਲਪ-ਮੈਂਟ ਦੇ ਜਿਹੜੇ ਰੇਟਸ ਸਨ ਉਹ ਲਏ ਜਾਣਗੇ ਅਤੇ ਕਦੋਂ ਤੱਕ ਇਹ ਟਰਾਂਸਫਰ ਹੋ ਜਾਣਗੇ? ਕੀ ਉਸ ਦੇ ਲਈ ਕੋਈ ਡੇਟ ਫਿਕਸ ਕਰਨਗੇ?

ਮੰਤਰੀ: ਉਸ ਵੇਲੇ ਦੀਆਂ ਜਿਹੜੀਆਂ ਕੀਮਤਾਂ ਸਨ ਔਰ ਜਿਹੜਾ ਖਰਚ ਆਇਆ ਸੀ ਉਹੀ ਰਖਿਆ ਜਾਏਗਾ ਪਰ ਹਾਈ ਕੋਰਟ ਨੇ ਜਿਹੜਾ ਫਾਰਮਰਜ਼/ਮਾਲਕ ਜ਼ਮੀਨਾਂ ਦਾ ਕੰਪਨਸੇਸ਼ਨ ਵਧਾਇਆ ਹੈ ਉਹ ਉਨ੍ਹਾਂ ਕੋਲੋਂ ਜ਼ਰੂਰ ਲਿਆ ਜਾਏਗਾ ਬਾਕੀ ਉਹੀ ਰਖਾਂਗੇ। ਔਰ ਅਸੀਂ ਕੋਸ਼ਿਸ਼ ਕਰਾਂਗੇ ਕਿ ਤਿੰਨ ਮਹੀਨਿਆਂ ਵਿੱਚ ਇਸ ਦਾ ਫੈਸਲਾ ਹੋ ਜਾਏਗਾ।

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਇੰਡਸਟਰੀਅਲਿਸਟਸ ਨੂੰ ਇਨ੍ਹਾਂ ਨੇ ਜ਼ਮੀਨ ਦਿੱਤੀ ਹੈ। ਇਸ ਦਾ ਜ਼ਿਕਰ ਕਰ ਦਿੱਤਾ ਪਰ ਜਿਹੜੇ ਕਿਸਾਨਾਂ ਤੋਂ ਛੁੱਟਾਂ ਅਤੇ ਗੱਜ਼ਾਂ ਵਿਚ ਜ਼ਮੀਨ ਲਈ ਹੈ ਉਨ੍ਹਾਂ ਨੂੰ ਬਹੁਤ ਘੱਟ ਕੀਮਤਾਂ ਦਿੱਤੀਆਂ ਹਨ। ਕੀ ਉਨ੍ਹਾਂ ਦੇ ਬਾਰੇ ਵੀ ਕੁਝ ਸੋਚਣਗੇ ?

ਮੰਤਰੀ : ਉਨ੍ਹਾਂ ਤੋਂ ਫੁੱਟਾਂ ਜਾਂ ਗਜ਼ਾਂ ਵਿੱਚ ਨਹੀਂ ਏਕੜਾਂ ਵਿਚ ਜ਼ਮੀਨਾਂ ਲਈਆਂ ਹਨ ਔਰ ਉਨ੍ਹਾਂ ਨੂੰ ਬਹੁਤ ਘੱਟ ਪੈਸੇ ਮਿਲੇ ਹਨ।

ਸਰਦਾਰ ਰਣਜੀਤ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਪੰਜਾਬ ਵਿੱਚ ਫ਼ਰੀ ਹੋਲਡ ਤੇ ਇੰਡਸਟਰੀਅਲ ਪਲਾਟਸ ਦਿੱਤੇ ਹਨ ਅਤੇ ਸਾਡੇ ਲੀਜ਼ ਹੋਲਡ ਤੇ ਹਨ, ਕੀ ਉਥੇ ਵੀ ਫ਼ਰੀ ਹੋਲਡ ਕਰਨਗੇ ?

(ਕੋਈ ਉਤਰ ਨਹੀਂ ਆਇਆ)

Mr. Speaker : Question Hour is over. The remaining Questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Ass embly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Posts of Lecturers/Principals in Government Higher Secondary Schools

***444. Shri Sewa Ram Arora** : Will the Minister for Education be pleased to state —

(a) the District-wise number of posts of lecturers/principals in the Government Higher Secondary Schools lying vacant together with the date since when these are vacant ;

(b) the reasons for not filling up the posts referred to in part (a) above and the time by which the same are likely to be filled up ?

ਸਰਦਾਰ ਸੁਰਜੀਤ ਸਿੰਘ ਬਰਨਾਲਾ (ਮੁੱਖ ਮੰਤਰੀ) : (ੳ) ਸਰਕਾਰੀ ਹਾਇਰ ਸੈਕੰਡਰੀ ਸਕੂਲਾਂ ਵਿੱਚ ਲੈਕਚਰਾਰਾਂ/ਪ੍ਰਿੰਸੀਪਲਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ ਅਤੇ ਇਹ ਜਿਸ ਤਰੀਕ ਤੋਂ ਖਾਲੀ ਪਈਆਂ ਹਨ, ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਕੈਮਿਸਟਰੀ, ਫਿਜ਼ਿਕਸ, ਹਿਸਾਬ, ਭੂਗੋਲ, ਹੋਮ ਸਾਇੰਸ, ਬਾਇਲੋਜੀ ਅਤੇ ਖੇਤੀ ਬਾੜੀ ਵਿਸ਼ਿਆਂ ਲਈ ਸਕੂਲ ਲੈਕਚਰਾਰਾਂ ਦੀਆਂ ਕੁਝ ਪੋਸਟਾਂ ਇਸ ਕਾਰਕੇ ਨਹੀਂ ਭਰੀਆਂ ਜਾ ਸਕੀਆਂ ਕਿਉਂਕਿ ਇਨ੍ਹਾਂ ਵਿਸ਼ਿਆਂ ਦੇ ਪੋਸਟ ਗਰੈਜੂਏਟ ਅਧਿਆਪਕ/ਅਧਿਆਪਕਾਵਾਂ ਮਹਿਕਮੇ ਵਿੱਚ ਉਪਲਬਧ ਨਹੀਂ ਸਨ। ਦੂਜੀਆਂ ਕੁੱਝ ਪੋਸਟਾਂ ਇਸ ਕਾਰਨ ਖਾਲੀ ਹਨ, ਕਿਉਂਕਿ ਪਰੋਮੋਟ ਕੀਤੇ ਲੈਕਚਰਾਰਾਂ ਨੇ ਆਪਣੀਆਂ ਨਵੀਆਂ ਪੋਸਟਿੰਗਾਂ ਦੂਰ ਦੁਰੇਡੇ ਥਾਵਾਂ ਤੇ ਹੋਣ ਕਾਰਨ ਹਾਜ਼ਰ ਨਹੀਂ ਹੋਏ।

ਜਿਥੋਂ ਤਕ ਹਾਇਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲ ਦੀਆਂ ਖਾਲੀ ਥਾਵਾਂ ਦਾ ਸਬੰਧ ਹੈ,

ਪਦ-ਉਨਤ ਹੋਇਆਂ ਵਿਚੋਂ ਕੁਝ ਕੁ ਨੇ ਇਨ੍ਹਾਂ ਥਾਵਾਂ ਤੇ ਵਿੱਤੀ ਲਾਭ ਨਾ ਮਿਲਣ ਕਾਰਨ ਅਤੇ ਉਨ੍ਹਾਂ ਦੀ ਇੱਛਾ ਅਨੁਸਾਰ ਯੋਗ ਨਿਯੁੱਕਤੀ ਦਾ ਥਾਂ ਨਾ ਮਿਲਣ ਕਾਰਨ ਹਾਜ਼ਰੀ ਨਹੀਂ ਦਿੱਤੀ। ਕੁਝ ਥਾਵਾਂ ਹੁਣ ਰਿਟਾਇਰਮੈਂਟ ਕਾਰਨ ਖਾਲੀ ਹੋਈਆਂ ਹਨ।

ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਕੇਸ ਵਿਚਾਰ ਅਧੀਨ ਹੈ।

ਲੈਕਚਰਾਰਾਂ/ਪ੍ਰਿੰਸੀਪਲਜ਼ ਦੀਆਂ ਖਾਲੀ ਪੋਸਟਾਂ ਦੀ ਲਿਸਟ

ਜ਼ਿਲ੍ਹਾ ਹੁਸ਼ਿਆਰਪੁਰ

ਲੜੀ ਨੰ:	ਸਕੂਲ ਦਾ ਨਾਂ		ਜਿਹੜੀ ਤਰੀਕ ਤੋਂ ਪੋਸਟ ਖਾਲੀ ਪਈ ਹੈ
ਪ੍ਰਿੰਸੀਪਲ—2			
1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਜੈਜੋਂ, ਦੋਆਬਾ ...		1-4-86
2	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਮਾਹਿਲਪੁਰ		1-11-86
	ਲੈਕਚਰਾਰ—11		
1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਖੁੱਡਾ ...	ਹਿੰਦੀ	17-9-85
2	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਮਾਹਿਲਪੁਰ ...	ਅੰਗਰੇਜ਼ੀ	18-12-85
3	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਕੋਟ ਕਪੂਰਾ ...	ਅੰਗਰੇਜ਼ੀ	5-8-86
4	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਰੋਲਵੇ ਮੰਡੀ ...	ਹੋਮ ਸਾਇੰਸ	ਪਿਛਲੇ 3 ਸਾਲਾਂ ਤੋਂ।
5	ਸਰਕਾਰੀ ਹਾਇਰ ਸੈਕੰਡਰੀ ਸਕੂਲ, ਪੰਜੋ ਦਿਓਤਾ ਸੂਸ ...	ਮੈਥ,	ਪਿਛਲੇ 2 ਸਾਲਾਂ ਤੋਂ
6	ਸਰਕਾਰੀ ਹਾਇਰ ਸੈਕੰਡਰੀ ਸਕੂਲ, ਗੜ੍ਹ ਸ਼ੰਕਰ ...	ਉਹੀ	
7	ਸਰਕਾਰੀ ਹਾਇਰ ਸੈਕੰਡਰੀ ਸਕੂਲ, ਜੈਜੋਂ ਦੋਆਬਾ ...	ਉਹੀ	
8	ਸਰਕਾਰੀ ਹਾਇਰ ਸੈਕੰਡਰੀ ਸਕੂਲ, ਦਸੂਆ ...	ਉਹੀ	
9	ਸਰਕਾਰੀ ਹਾਇਰ ਸੈਕੰਡਰੀ ਸਕੂਲ, ਤਲਵਾੜਾ ...	ਉਹੀ	
10	ਸਰਕਾਰੀ ਹਾਇਰ ਸੈਕੰਡਰੀ ਸਕੂਲ, ਜਹੂਰਾ ...	ਉਹੀ	
11	ਸਰਕਾਰੀ ਹਾਇਰ ਸੈਕੰਡਰੀ ਸਕੂਲ, ਮਾਹਿਲਪੁਰ ...	ਉਹੀ	

[ਮੁੱਖ ਮੰਤਰੀ]

ਲੜੀ ਨੰ:	ਸਕੂਲ ਦਾ ਨਾਂ	ਜਿਹੜੀ ਤਰੀਕ ਤੋਂ ਪੋਸਟ ਖਾਲੀ ਪਈ ਹੈ
	ਜ਼ਿਲ੍ਹਾ ਬਠਿੰਡਾ	
	ਪ੍ਰਿੰਸੀਪਲ—2 ਪੋਸਟਾਂ	
1	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਮਾਨਸਾ (ਗਰਲਜ਼)	18-5-84
2	ਸਰਕਾਰੀ ਹਾਇਰ ਸੈਕੰਡਰੀ ਸਕੂਲ, ਨਥਾਨਾ ...	1-3-86
	ਲੈਕਚਰਾਰ—6 ਪੋਸਟਾਂ	
1	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਮਾਨਸਾ ...	ਹਿਸਟਰੀ, ਸੰਨ 1978
2	—ਉਹੀ—	ਅੰਗਰੇਜ਼ੀ, ਸੰਨ 1982
3	ਸਰਕਾਰੀ ਹਾਇਰ ਸੈਕੰਡਰੀ ਸਕੂਲ, ਬਠਿੰਡਾ ...	ਇਕਨੋਮਿਕਸ, 12-6-86
4	—ਉਹੀ—	ਹਿਸਟਰੀ, 18-1-86
5	ਸਰਕਾਰੀ ਹਾਇਰ ਸੈਕੰਡਰੀ ਸਕੂਲ, ਨਥਾਨਾ ...	ਹਿਸਟਰੀ, 16-11-84
6	ਦੇਸ ਰਾਜ ਹਾਇਰ ਸੈਕੰਡਰੀ ਸਕੂਲ, ਬਠਿੰਡਾ ...	ਹਿਸਟਰੀ, 1-6-86
	ਜ਼ਿਲ੍ਹਾ ਕਪੂਰਥਲਾ	
	ਪ੍ਰਿੰਸੀਪਲ—2 ਪੋਸਟਾਂ	
1	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਕਪੂਰਥਲਾ ...	1-8-85
2	ਸਰਕਾਰੀ ਜਨਤਾ ਕਾਲਜ, ਸੇਖੂਪੁਰਾ ...	27-5-86
	ਲੈਕਚਰਾਰ—16 ਪੋਸਟਾਂ	
1	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਕਪੂਰਥਲਾ ...	ਪੰਜਾਬੀ, 4-5-84
		ਬਿਆਲੋਜੀ, 27-5-85
		ਫਾਈਨ, ਆਰਟ 4/85
		ਹੋਮ ਸਾਇੰਸ, 3/81
		ਹਿਸਟਰੀ, ਅਤੇ ਸਿਵਿਕਸ 9-7-86
		ਹਿਸਟਰੀ, 24-8-85

ਲੜੀ ਨੰ.	ਸਕੂਲ ਦਾ ਨਾਂ	ਜਿਹੜੀ ਤਰੀਕ ਤੋਂ ਪੋਸਟ ਖਾਲੀ ਪਈ ਹੈ
2	ਸਰਕਾਰੀ ਹਾਇਰ ਸੈਕੰਡਰੀ ਸਕੂਲ, ਫਗਵਾੜਾ	... ਹਿੰਦੀ, 9-12-85
		ਹੋਮ ਸਾਇੰਸ, 1969 ਤੋਂ
3	ਸਰਕਾਰੀ ਹਾਇਰ ਸੈਕੰਡਰੀ ਸਕੂਲ, ਹੈਦੀਆਬਾਦ	... ਅੰਗਰੇਜ਼ੀ, 16-7-86
4	ਸਰਕਾਰੀ ਹਾਇਰ ਸੈਕੰਡਰੀ ਸਕੂਲ, ਕਪੂਰਥਲਾ	ਇਕਨੋਮਿਕਸ, 9-1-86
		ਸਿਵਿਕਸ, 10-11-86
		ਅੰਗਰੇਜ਼ੀ, 9-11-86
		ਫਿਜ਼ਿਕਸ, 19-6-84
		ਐਜੂਕੇਸ਼ਨ, 10/86
		ਹਿਸਟਰੀ, 9-7-86
		ਹਿਸਟਰੀ, 24-3-85
	ਜ਼ਿਲ੍ਹਾ ਰੋਪੜ	
	ਪ੍ਰਿੰਸੀਪਲ—1 ਪੋਸਟ	
1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਰੋਪੜ	... 1-11-86
	ਲੈਕਚਰਾਰ—3 ਪੋਸਟਾਂ	
1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਰੋਪੜ	... ਹਿੰਦੀ, 15-5-86
		ਜਾਗਰਫੀ, 26-2-83
		ਮੈਥੇਮੈਟਿਕਸ, 8/86
	ਜ਼ਿਲ੍ਹਾ ਲੁਧਿਆਣਾ	
	ਪ੍ਰਿੰਸੀਪਲ—ਨਿਲ	
	ਲੈਕਚਰਾਰ—13 ਪੋਸਟਾਂ	
1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਸਮਰਾਲਾ	... ਅੰਗਰੇਜ਼ੀ 9/86
		ਮੈਥ 7/86

[ਮੁੱਖ ਮੰਤਰੀ]

ਲੜੀ ਨੰ.	ਸਕੂਲ ਦਾ ਨਾਂ	ਜਿਹੜੀ ਤਰੀਕ ਤੋਂ ਪੋਸਟ ਖਾਲੀ ਪਈ ਹੈ
		ਹਿੰਦੀ 8/86
		ਕੈਮਿਸਟਰੀ 5/86
2	ਸਰਕਾਰੀ ਹਾਇਰ ਸੈਕੰਡਰੀ ਸਕੂਲ, ਸਰਾਭਾ ...	ਅੰਗਰੇਜ਼ੀ 4-9-84
		ਮੈਥ 9/86
		ਹਿੰਦੀ 6/86
3	ਸਰਕਾਰੀ ਹਾਇਰ ਸੈਕੰਡਰੀ ਸਕੂਲ, ਲੁਧਿਆਣਾ ...	ਅੰਗਰੇਜ਼ੀ 11/86
4	ਸਰਕਾਰੀ ਹਾਇਰ ਸੈਕੰਡਰੀ ਸਕੂਲ, ਬੜੂੰਦੀ ...	ਮੈਥ 5/86
		ਕੈਮਿਸਟਰੀ 8/86
		ਹਿਸਟਰੀ 8/86
5	ਸਰਕਾਰੀ ਹਾਇਰ ਸੈਕੰਡਰੀ ਸਕੂਲ, ਖੰਨਾ ...	ਮੈਥ 7/86
6.	ਸਰਕਾਰੀ ਹਾਇਰ ਸੈਕੰਡਰੀ ਸਕੂਲ, ਜੰਡੀਆਲੀ ...	ਕੈਮਿਸਟਰੀ 8/86
	ਜ਼ਿਲ੍ਹਾ ਫਰੀਦਕੋਟ	
	ਪ੍ਰਿੰਸੀਪਲ—3 ਪੋਸਟਾਂ	
1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਕੋਟ ਕਪੂਰਾ ...	4/85
2	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਗੁਰੂ ਤੇਗ ਬਹਾਦਰ ਗੜ੍ਹ	3-2-86
3	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਰੁਪਾਣਾ ...	31-1-85
	ਲੈਕਚਰਾਰਜ਼—21 ਪੋਸਟਾਂ	
1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਮਾਲਕੇ ...	ਮੈਥ 7/86
2	ਸਰਕਾਰੀ ਹਾਇਰ ਸੈਕੰਡਰੀ ਸਕੂਲ, ਗੁਰੂ ਤੇਗ ਬਹਾਦਰਗੜ੍ਹ...	ਸਿਵਿਕਸ 2 ਸਾਲਾਂ ਤੋਂ
		ਫਿਜ਼ਿਕਸ —
		ਹਿਸਟਰੀ 6/85
		ਕੈਮਿਸਟਰੀ 5/83

ਲੜੀ ਨੰ :	ਸਕੂਲ ਦਾ ਨਾਂ		ਜਿਹੜੀ ਤਰੀਕ ਤੋਂ ਪੋਸਟ ਖਾਲੀ ਪਈ ਹੈ
3	ਸਰਕਾਰੀ ਹਾਇਰ ਸੈਕੰਡਰੀ ਸਕੂਲ, ਮਹਿਤਾਬਗੜ੍ਹ ...	ਇੰਗਲਿਸ਼	—
		ਮੈਥ	2 ਸਾਲਾਂ ਤੋਂ
		ਫਿਜ਼ਿਕਸ	3 ਸਾਲਾਂ ਤੋਂ
		ਹਿਸਟਰੀ	1 ਸਾਲ ਤੋਂ
		ਬਾਇਆਲੋਜੀ	11/85
4	ਸਰਕਾਰੀ ਹਾਇਰ ਸੈਕੰਡਰੀ ਸਕੂਲ, ਢੂਡੀਕੇ ...	ਹਿਸਟਰੀ	2 ਸਾਲਾਂ ਤੋਂ
		ਮੈਥ	8/86
5	ਸਰਕਾਰੀ ਹਾਇਰ ਸੈਕੰਡਰੀ ਸਕੂਲ, ਪੱਤੋ ਹੀਰਾ ਸਿੰਘ ...	ਇਕਨਾਮਿਕਸ	12/85
		ਕੈਮਿਸਟਰੀ	4/86
		ਸਵਿਕਸ	12/86
		ਐਗਰੀਕਲਚਰਲ	4 ਸਾਲਾਂ ਤੋਂ
6	ਸਰਕਾਰੀ ਹਾਇਰ ਸੈਕੰਡਰੀ ਸਕੂਲ, ਬਾਜਾ ਖਾਨਾ ...	ਅੰਗਰੇਜ਼ੀ	9/86
		ਹਿਸਟਰੀ	9/86
7	ਸਰਕਾਰੀ ਸੀਨੀਅਰ ਹਾਇਰ ਸੈਕੰਡਰੀ ਸਕੂਲ, ਬਿਲਾਸਪੁਰ ...	ਅੰਗਰੇਜ਼ੀ	9/86
		ਹਿਸਟਰੀ	9/86
		ਪੰਜਾਬੀ	9/86
	ਜ਼ਿਲ੍ਹਾ ਜਲੰਧਰ		
	ਪ੍ਰਿੰਸੀਪਲ—ਨਿੱਲ		
	ਲੈਕਚਰਾਰ—13 ਪੋਸਟਾਂ		
1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਫਿਲੌਰ ...	ਅੰਗਰੇਜ਼ੀ	5/85
		ਪੰਜਾਬੀ	10/85
		ਹਿੰਦੀ	6/85

[ਮੁੱਖ ਮੰਤਰੀ]

ਲੜੀ ਨੰ:	ਸਕੂਲ ਦਾ ਨਾਂ	ਜਿਹੜੀ ਤਰੀਕ ਤੋਂ ਪੋਸਟ ਖਾਲੀ ਪਈ ਹੈ
2	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਫਿਲੌਰ ...	ਅੰਗਰੇਜ਼ੀ 25/85, 6/86 ਮਿਊਜ਼ਕ ਇਨ : ਸੰਨ 1983 ਹੋਮ ਸਾਇੰਸ —
3	ਸਰਕਾਰੀ ਹਾਇਰ ਸੈਕੰਡਰੀ ਸਕੂਲ, ਰੁੜਕੇ ਕਲਾਂ ...	ਬਾਇਆਲੋਜੀ 1/85
4	ਸਰਕਾਰੀ ਹਾਇਰ ਸੈਕੰਡਰੀ ਸਕੂਲ, ਭਾਰਗੋ ਨਗਰ ...	ਪੰਜਾਬੀ 11/85
5	ਸਰਕਾਰੀ ਹਾਇਰ ਸੈਕੰਡਰੀ ਸਕੂਲ, ਕਰਤਾਰਪੁਰ ...	ਬਾਇਆਲੋਜੀ 5/86
6	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਨਹਿਰੂ ਗਾਰਡਨ	ਅੰਗਰੇਜ਼ੀ 9/86
7	ਸਰਕਾਰੀ ਮਾਡਲ ਹਾਇਰ ਸੈਕੰਡਰੀ ਸਕੂਲ (ਕੋ.ਐਜੂ.) ਜਲੰਧਰ	ਫਿਜ਼ਿਕਸ 9/86
8	ਸਰਕਾਰੀ ਮਾਡਲ ਹਾਇਰ ਸੈਕੰਡਰੀ ਸਕੂਲ, ਜਲੰਧਰ ...	ਬਾਇਆਲੋਜੀ 10/86

ਜ਼ਿਲ੍ਹਾ ਗੁਰਦਾਸਪੁਰ

ਪ੍ਰਿੰਸੀਪਲ—3 ਪੋਸਟਾਂ

1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਗੁਰਦਾਸਪੁਰ ...	10-1-86
2	ਸਰਕਾਰੀ ਹਾਇਰ ਸੈਕੰਡਰੀ ਸਕੂਲ, ਡੇਰਾ ਬਾਬਾ ਨਾਨਕ ...	1-2-86
3	ਸਰਕਾਰੀ ਹਾਇਰ ਸੈਕੰਡਰੀ ਸਕੂਲ, ਬਟਾਲਾ ਗਰੰਥੀਆਂ ...	26-1-86

ਲੈਕਚਰਾਰ—9 ਪੋਸਟਾਂ

1	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਗੁਰਦਾਸਪੁਰ	ਹੋਮਸਾਇੰਸ ਸੰਨ 1980
2	ਸਰਕਾਰੀ ਹਾਇਰ ਸੈਕੰਡਰੀ ਸਕੂਲ, ਪਠਾਨਕੋਟ ...	ਮੈਥ 1986
3	ਸਰਕਾਰੀ ਹਾਇਰ ਸੈਕੰਡਰੀ ਸਕੂਲ, ਡੇਹਰਾ ਬਾਬਾ ਨਾਨਕ	ਪੰਜਾਬੀ ਸੰਨ 1984 ਹਿਸਟਰੀ ਮਈ, 1986 ਅੰਗਰੇਜ਼ੀ ਸੰਨ 1983 ਸਿਵਿਕਸ ਸੰਨ, 1985

ਲੜੀ ਨੰ:	ਸਕੂਲ ਦਾ ਨਾਂ		ਜਿਹੜੀ ਤਰੀਕ ਤੋਂ ਪੋਸਟ ਖਾਲੀ ਪਈ ਹੈ
4	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਬਟਾਲਾ	...	ਅੰਗਰੇਜ਼ੀ ਸੰਨ, 1984
5	ਸਰਕਾਰੀ ਹਾਇਰ ਸੈਕੰਡਰੀ ਸਕੂਲ, ਬਡਾਲਾ ਗਰੰਥੀਆਂ	...	ਸਿਵਿਕਸ ਸੰਨ, 1984
	ਜ਼ਿਲ੍ਹਾ ਫਿਰੋਜ਼ਪੁਰ		
	ਪ੍ਰਿੰਸੀਪਲ—3 ਪੋਸਟਾਂ		
1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਫਿਰੋਜ਼ਪੁਰ	...	5–8–86
2	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਫਿਰੋਜ਼ਪੁਰ	...	10–7–85
3	ਸਰਕਾਰੀ ਹਾਇਰ ਸੈਕੰਡਰੀ ਸਕੂਲ, ਤਲਵੰਡੀ ਭਾਈ		27–11–80
	ਲੈਕਚਰਾਰ—13 ਪੋਸਟਾਂ		
1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਜੰਡਵਾਲਾ ਭੀਮੇ ਸ਼ਾਹ		ਅੰਗਰੇਜ਼ੀ ਪਿਛਲੇ 5 ਸਾਲਾਂ ਤੋਂ
			ਹਿਸਟਰੀ ਪਿਛਲੇ 5 ਸਾਲਾਂ ਤੋਂ
			ਪੰਜਾਬੀ 1 ਸਾਲ ਤੋਂ
			ਇਕਨਾਮਿਕਸ 18–6–86
			ਹਿੰਦੀ 18–6–86
2	ਸਰਕਾਰੀ ਹਾਇਰ ਸੈਕੰਡਰੀ ਸਕੂਲ, ਅਬੋਹਰ	...	ਸਵੀਕਸ —
			ਅੰਗਰੇਜ਼ੀ —
			ਪੰਜਾਬੀ 1–6–86
3	ਸਰਕਾਰੀ ਹਾਇਰ ਸੈਕੰਡਰੀ ਸਕੂਲ, ਤਲਵੰਡੀ ਭਾਈ	...	ਪੰਜਾਬੀ ਸੰਨ 1981
			ਹਿੰਦੀ 18-6-86
4	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਫਿਰੋਜ਼ਪੁਰ	...	ਹੋਮ ਸਾਇੰਸ ਸੰਨ 1982
			ਇਕਨਾਮਿਕਸ 20–6–86
5	ਸਰਕਾਰੀ ਹਾਇਰ ਸੈਕੰਡਰੀ ਸਕੂਲ, ਫਿਰੋਜ਼ਪੁਰ	...	ਟੈਕਨੀਕਲ ਸੰਨ 1981

[ਮੁੱਖ ਮੰਤਰੀ]

ਲੜੀ ਨੰ:	ਸਕੂਲ ਦਾ ਨਾਂ		ਜਿਹੜੀ ਤਰੀਕ ਤੋਂ ਪੋਸਟ ਖਾਲੀ ਪਈ ਹੈ
	ਜ਼ਿਲ੍ਹਾ ਸੰਗਰੂਰ		
	ਪ੍ਰਿੰਸੀਪਲ—2 ਪੋਸਟਾਂ		
1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਸੁਨਾਮ	...	ਮਿਤੀ 8-9-86
2	ਸਰਕਾਰੀ ਹਾਇਰ ਸੈਕੰਡਰੀ ਸਕੂਲ, ਲੁਸੋਈ	...	ਮਿਤੀ 25-9-86
	ਲੈਕਚਰਾਰ—9 ਪੋਸਟਾਂ		
1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਸੰਗਰੂਰ	...	ਐਜੂਕੇਸ਼ਨ 4 ਸਾਲਾਂ ਤੋਂ
2	ਸਰਕਾਰੀ ਹਾਇਰ ਸੈਕੰਡਰੀ ਸਕੂਲ, ਭਿਵਾਨੀਗੜ੍ਹ	...	ਇਕਨਾਮਿਕਸ 7/86
3	ਸਰਕਾਰੀ ਹਾਇਰ ਸੈਕੰਡਰੀ ਸਕੂਲ, ਅਮਰਗੜ੍ਹ	...	ਅੰਗਰੇਜ਼ੀ 12/86
			ਕੈਮਿਸਟਰੀ 7/86
			ਫਿਜ਼ਿਕਸ 7/86
4	ਸਰਕਾਰੀ ਹਾਇਰ ਸੈਕੰਡਰੀ ਸਕੂਲ, ਲੁਸੋਈ	...	ਐਗਰੀਕਲਚਰਲ 3 ਸਾਲਾਂ ਤੋਂ
			ਸਿਵੀਕਸ 1 ਸਾਲ ਤੋਂ
			ਬਾਇਆਲੋਜੀ 1 ਸਾਲ ਤੋਂ
			ਪੰਜਾਬੀ 1 ਸਾਲ ਤੋਂ
	ਜ਼ਿਲ੍ਹਾ ਪਟਿਆਲਾ		
	ਪ੍ਰਿੰਸੀਪਲ—ਨਿੱਲ		
	ਲੈਕਚਰਾਰ—9 ਪੋਸਟਾਂ		
1	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਬਸੀ ਪਠਾਨਾਂ		ਹੋਮ ਸਾਇੰਸ 7/86
			ਅੰਗਰੇਜ਼ੀ 7/86
			ਜਾਗਰਫੀ 11/85
2	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਓਲਡ ਪੁਲਿਸ ਲਾਇਨ ਪਟਿਆਲਾ	...	ਅੰਗਰੇਜ਼ੀ 10/86

ਲੜੀ ਨੰ:	ਸਕੂਲ ਦਾ ਨਾਂ		ਜਿਹੜੀ ਤਰੀਕ ਤੋਂ ਪੋਸਟ ਖਾਲੀ ਪਈ ਹੈ
3	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਬਨੂੜ	...	ਅੰਗਰੇਜ਼ੀ 10/86 ਇਕਨਾਮਿਕਸ 8/86
4	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਮਾਡਲ ਟਾਊਨ, ਪਟਿਆਲਾ	...	ਹੋਮ ਸਾਇੰਸ 9/85
5	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਮੰਡੀ ਗੋਬਿੰਦਗੜ੍ਹ	...	ਮੈਥ 11/85
6	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਫਤਿਹਗੜ੍ਹ ਸਾਹਿਬ		ਮੈਥ 4/85

ਜ਼ਿਲ੍ਹਾ ਅੰਮ੍ਰਿਤਸਰ

ਪ੍ਰਿੰਸੀਪਲ—6 ਪੋਸਟਾਂ

1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਤੁੜ	...	3-6-1984
2	ਸਰਕਾਰੀ ਹਾਇਰ ਸੈਕੰਡਰੀ ਸਕੂਲ, ਕੰਗ	...	ਪਿਛਲੇ 1 ਸਾਲ ਤੋਂ
3	ਸਰਕਾਰੀ ਹਾਇਰ ਸੈਕੰਡਰੀ ਸਕੂਲ, ਮਹਿਤਾ ਨੰਗਲ	...	3 ਸਾਲ ਤੋਂ
4	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਕੈਰੋਂ	...	3-8-84
5	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਲੋਪੋਕੇ	...	ਪਿਛਲੇ 1 ਸਾਲ ਤੋਂ
6	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਰੱਤਾ ਗੁੱਦਾ	...	ਪਿਛਲੇ 1 ਸਾਲ ਤੋਂ

ਲੈਕਚਰਾਰ—23 ਪੋਸਟਾਂ

1	ਸਰਕਾਰੀ ਹਾਇਰ ਸੈਕੰਡਰੀ ਸਕੂਲ, ਕੰਗ	...	ਇਕਨਾਮਿਕਸ	ਪਿਛਲੇ 1 ਸਾਲ ਤੋਂ
2	ਸਰਕਾਰੀ ਹਾਇਰ ਸਕੰਡਰੀ ਸਕੂਲ, ਮਹਿਤਾ ਨੰਗਲ	...	,,	9 ਮਹੀਨਿਆਂ ਤੋਂ
3	ਸਰਕਾਰੀ ਹਾਇਰ ਸੈਕੰਡਰੀ ਸਕੂਲ, ਪੱਟੀ	...	,,	ਪਿਛਲੇ 1 ਸਾਲ ਤੋਂ
4	ਸਰਕਾਰੀ ਹਾਇਰ ਸੈਕੰਡਰੀ ਸਕੂਲ, ਵਲਟੋਹਾ	...	,,	,,
5	ਸਰਕਾਰੀ ਹਾਇਰ ਸੈਕੰਡਰੀ ਸਕੂਲ ਗਰਲਜ਼, ਕੈਰੋਂ	...	ਸਵੀਕਸ	,,
6	ਸਰਕਾਰੀ ਹਾਇਰ ਸੈਕੰਡਰੀ ਸਕੂਲ, ਜੰਡਿਆਲਾ ਗੁਰੂ	...	ਪੋਲ ਸਾਇੰਸ	2 ਮਹੀਨਿਆਂ ਤੋਂ
7	ਸਰਕਾਰੀ ਹਾਇਰ ਸੈਕੰਡਰੀ ਸਕੂਲ, ਲੋਪੋਕੇ	...	ਪੰਜਾਬੀ	1 ਸਾਲ ਤੋਂ
8	ਸਰਕਾਰੀ ਹਾਇਰ ਸੈਕੰਡਰੀ ਸਕੂਲ, ਕੰਗ	...	ਅੰਗਰੇਜ਼ੀ	1 ਸਾਲ ਤੋਂ

ਲੜੀ ਨੰ:	ਸਕੂਲ ਦਾ ਨਾਂ		ਜਿਹੜੀ ਤਰੀਕ ਤੋਂ ਪੋਸਟ ਖਾਲੀ ਪਈ ਹੈ
9	ਸਰਕਾਰੀ ਹਾਇਰ ਸੈਕੰਡਰੀ ਸਕੂਲ, ਦੀ ਮਾਲ	...	ਅੰਗਰੇਜ਼ੀ ਪਿਛਲੇ 6 ਮਹੀਨਿਆਂ ਤੋਂ
10	ਸਰਕਾਰੀ ਹਾਇਰ ਸੈਕੰਡਰੀ ਸਕੂਲ, ਰੱਤਾ ਗੁੱਦਾ	...	,, ਪਿਛਲੇ 2 ਸਾਲਾਂ ਤੋਂ
11	ਸਰਕਾਰੀ ਹਾਇਰ ਸੈਕੰਡਰੀ ਸਕੂਲ, ਤੁੜ	...	,, ਪਿਛਲੇ 3 ਮਹੀਨਿਆਂ ਤੋਂ
12	ਸਰਕਾਰੀ ਹਾਇਰ ਸੈਕੰਡਰੀ ਸਕੂਲ, ਵਲਟੋਹਾ	...	ਅੰਗਰੇਜ਼ੀ ਪਿਛਲੇ 2 ਸਾਲਾਂ ਤੋਂ
13	ਸਰਕਾਰੀ ਹਾਇਰ ਸੈਕੰਡਰੀ ਸਕੂਲ, ਤਰਨ ਤਾਰਨ	...	ਜਾਗਰਫੀ 2 ਸਾਲ ਤੋਂ
14	ਸਰਕਾਰੀ ਹਾਇਰ ਸੈਕੰਡਰੀ ਸਕੂਲ, ਵੇਰਕਾ (ਜੇ.ਬੀ.ਟੀ.)	...	ਐਜੂਕੇਸ਼ਨ 1 ਸਾਲ ਤੋਂ
15	ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ, ਕੈਰੋਂ	...	ਹਿੰਦੀ 3 ਸਾਲਾਂ ਤੋਂ
16	ਸਰਕਾਰੀ ਹਾਇਰ ਸੈਕੰਡਰੀ ਸਕੂਲ, ਕੰਗ	...	ਕੈਮਿਸਟਰੀ 1 ਸਾਲ ਤੋਂ
17	ਸਰਕਾਰੀ ਹਾਇਰ ਸੈਕੰਡਰੀ ਸਕੂਲ, ਤੁੜ	...	,, ,,
18	ਸਰਕਾਰੀ ਹਾਇਰ ਸੈਕੰਡਰੀ ਸਕੂਲ, ਕੰਗ	...	ਫਿਜ਼ਿਕਸ 2 ਸਾਲਾਂ ਤੋਂ
19	ਸਰਕਾਰੀ ਹਾਇਰ ਸੈਕੰਡਰੀ ਸਕੂਲ, ਲੋਪੋਕੇ	...	,, 1 ਸਾਲ ਤੋਂ
20	ਸਰਕਾਰੀ ਹਾਇਰ ਸੈਕੰਡਰੀ ਸਕੂਲ, ਪੱਟੀ	...	,, 1 ਸਾਲ 6 ਮਹੀਨੇ ਤੋਂ
21	ਸਰਕਾਰੀ ਹਾਇਰ ਸੈਕੰਡਰੀ ਸਕੂਲ, ਤੁੜ	...	,, 1 ਸਾਲ ਤੋਂ
22	ਸਰਕਾਰੀ ਹਾਇਰ ਸੈਕੰਡਰੀ ਸਕੂਲ, ਵਲਟੋਹਾ	..	,, ,,
23	ਸਰਕਾਰੀ ਹਾਇਰ ਸੈਕੰਡਰੀ ਸਕੂਲ, ਤੁੜ	...	ਮੈਥ 3 ਮਹੀਨਿਆਂ ਤੋਂ

Lady Deputy District Education Officers

***445. Shri Sewa Ram Arora** : Will the Minister for Education be pleased to state :—

(a) the total number of the Deputy District Education Officers in the Department of Education alongwith the number of such officers in each district both in Secondary and Primary Section at present ;

(b) whether it is a fact that lady Deputy District Education Officer is not posted in each district both in Primary and Secondary section ;

(c) if the reply to Part (b) above be in the affirmative, the name of the officer who looks after the grievances of the lady teachers ;

(d) whether there is any proposal to appoint a lady Deputy District Education Officer in each district, if so, the time by which that is likely to be done ?

ਸਰਦਾਰ ਸੁਰਜੀਤ ਸਿੰਘ ਬਰਨਾਲਾ (ਮੁੱਖ ਮੰਤਰੀ) : (ੳ) ਇਸ ਸਮੇਂ ਰਾਜ ਵਿਚ 33 ਪੋਸਟਾਂ ਉਪ-ਜ਼ਿਲ੍ਹਾ ਸਿਖਿਆ ਅਫਸਰਾਂ ਦੀਆਂ ਹਨ, ਜਿਹਨਾਂ ਵਿਚੋਂ 7 ਆਸਾਮੀਆਂ ਪ੍ਰਾਈਮਰੀ ਵਿਭਾਗ ਦੀਆਂ ਹਨ ਅਤੇ 26 ਆਸਾਮੀਆਂ ਸਕੈਂਡਰੀ ਵਿਭਾਗ ਦੀਆਂ ਹਨ ।

(ਅ) ਹਾਂ ਜੀ ।

(ੲ) ਇਨ੍ਹਾਂ ਜ਼ਿਲ੍ਹਿਆਂ ਵਿੱਚ ਜਿੱਥੇ ਲੇਡੀ ਉਪ-ਜ਼ਿਲ੍ਹਾ ਸਿਖਿਆ (ਪ੍ਰਾ.) ਦੀਆਂ ਪੋਸਟਾਂ ਨਹੀਂ ਹਨ, ਉਥੇ ਇੰਚਾਰਜ ਉਪ-ਸਿਖਿਆ ਅਫਸਰ (ਸਕੈਂਡਰੀ) ਲੇਡੀ ਅਧਿਆਪਕਾਂ ਦੀਆਂ ਸ਼ਕਾਇਤਾਂ ਨੂੰ ਸੁਣਦਾ ਹੈ ।

(ਸ) ਨਹੀਂ ਜੀ । ਪਰ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜ਼ਿਲ੍ਹੇ ਵਿੱਚ ਇਕ ਲੇਡੀ ਸਿਖਿਆ ਅਫਸਰ ਹੋਵੇ ਜਿੱਥੇ ਨਰੀਖਣ ਕਰਨ ਵਾਲੇ ਅਧਿਕਾਰੀਆਂ ਦੀਆਂ ਆਸਾਮੀਆਂ ਇੱਕ ਨਾਲੋਂ ਵੱਧ ਹੋਣ ।

Link Roads in Tehsil Balachaur

*465. **Shri Ram Krishan Kataria** ; Will the Minister of State for Public Works be pleased to state whether it is a fact that the condition of link roads in the Balachaur Tehsil of District Hoshiarpur is very bad and the movements of vehicles thereon is difficult; if so, the steps taken or proposed to be taken for the repair of said roads ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : ਇਹ ਠੀਕ ਹੈ ਕਿ ਇਸ ਤਹਿਸੀਲ ਵਿਚ ਕੁਝ ਲਿੰਕ ਸੜਕਾਂ ਦੀ ਮੁਰੰਮਤ ਕਰਨ ਅਤੇ ਇਹਨਾ ਨੂੰ ਇੰਮਪਰੂਵ ਕਰਨ ਦੀ ਜ਼ਰੂਰਤ ਹੈ । ਛੇ ਸੜਕਾਂ ਦੀ ਹੁਣੇ ਹੁਣੇ ਮੁਰੰਮਤ ਕੀਤੀ ਗਈ ਹੈ । ਤਿੰਨ ਹੋਰ ਸੜਕਾਂ ਤੇ ਕੰਮ ਪ੍ਰਗਤੀ ਅਧੀਨ ਹੈ । ਹੋਰ ਸੜਕਾਂ ਦੀ ਮੁਰੰਮਤ ਦਾ ਕੰਮ ਮਾਰਕੀਟ ਕਮੇਟੀ ਜਾਂ ਪੰਜਾਬ ਰਾਜ ਮੰਡੀਕਰਨ ਬੋਰਡ ਵਲੋਂ ਉਨ੍ਹਾਂ ਲਈ ਧੰਨ ਜਮ੍ਹਾਂ ਕਰਾਉਣ ਤੇ ਹੱਥ ਵਿਚ ਲਿਆ ਜਾਵੇਗਾ ।

Small Size Kirpans in Bulk

*451. **Sardar Kirpal Singh** : Will the Chief Minister be pleased to state whether there is any restriction on the carrying of small size kirpans in bulk from one place to another within the State for the purpose of "Amrit Parchar"? If so, the reasons thereof ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਨਹੀਂ ਜੀ ਪੰਜਾਬ ਰਾਜ ਵਿੱਚ ਅੰਮ੍ਰਿਤ ਪ੍ਰਚਾਰ ਵਾਸਤੇ ਬਹੁ ਗਿਣਤੀ ਵਿਚ ਛੋਟੀਆ ਕਿਰਪਾਨਾ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਵਾਸਤੇ ਕੋਈ ਰੋਕ ਨਹੀਂ ਹੈ ।

Revival of Subordinate Services Selection Board

*432. **Shri Jagjit Singh**: Will the Chief Minister be pleased to state whether the Government proposes to revive the Subordinate Services Selection Board; if so, the time by which it is likely to be revived ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਅਜੇਹੀ ਕੋਈ ਤਜ਼ਵੀਜ਼ ਅਜੇ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

Declaration of Amritsar as Holy City

*475. **Sardar Sukhdev Singh Libra** : Will the Chief Minister be pleased to state whether there is any proposal under consideration of the Government to declare Amritsar as a Holy City ; if so the time by which the decision is likely to be taken ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਹਾਂ ਜੀ । ਇਸ ਸਬੰਧੀ ਇਕ ਬਿਲ ਸਭਾ ਸਾਹਮਣੇ ਛੇਤੀ ਲਿਆਉਣ ਦਾ ਸਰਕਾਰ ਦਾ ਵਿਚਾਰ ਹੈ ।

Railway Line between Chandigarh to Ludhiana

*476. **Sardar Sukhdev Singh Libra** : Will the Chief Minister be pleased to state whether the Government has approached the Railway authorities for laying a Railway line between Chandigarh and Ludhiana, if so, the present stage thereof ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ (ਰਾਜ ਮੰਤਰੀ, ਭਵਨ ਤੇ ਮਾਰਗ ਸ਼ਾਖਾ) : ਹਾਂ ਜੀ । ਰੇਲਵੇ ਦੁਆਰਾ ਰਾਜ ਸਰਕਾਰ ਵੱਲੋਂ ਦਿੱਤੇ ਗਏ ਫੰਡਜ਼ ਰਾਹੀਂ ਕੀਤੇ ਸਰਵੇ ਮੁਤਾਬਿਕ ਰੇਲਵੇ ਲਾਇਨ ਮਾਲ ਅਤੇ ਯਾਤਰੂ ਆਵਾਜਾਈ ਦੇ ਅਧਾਰ ਤੇ ਲਾਹੇਵੰਦ ਨਹੀਂ ਸੀ ।

Encounter with the Police in Dera Baba Nanak

*477. **Sardar Kuldip Singh Wadala** : Will the Chief Minister be pleased to state—

(a) whether some persons were killed in encounter with the Police in Dera Baba Nanak Sector in District Gurdaspur on the 30th August, 1986 ; if so, the number thereof ;

(b) whether any Committee of the Ministers was appointed to look into the said encounter ;

(c) if the reply to part (b) above be in the affirmative ; whether the said Committee has submitted any report ; if so, a copy thereof be laid on the Table of the House ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਭਾਰਤ-ਪਾਕ ਸਰਹੱਦ ਤੇ ਡੇਰਾ ਬਾਬਾ ਨਾਨਕ ਸੈਕਟਰ ਵਿਚ ਮਿਤੀ 30 ਅਗਸਤ 1980 ਨੂੰ 10 ਆਦਮੀ ਬਾਰਡਰ ਸਿਕਿਉਰਿਟੀ ਫੋਰਸ ਨਾਲ ਮੁੱਠ ਭੇੜ ਵਿਚ ਮਾਰੇ ਗਏ ਸਨ ।

(ਅ) ਕੋਈ ਸਰਕਾਰੀ ਕਮੇਟੀ ਨਿਯੁਕਤ ਨਹੀਂ ਕੀਤੀ ਗਈ ।

(ੲ) ਸਵਾਲ ਹੀ ਪੈਦਾ ਨਹੀਂ ਹੁੰਦਾ ।

Registration of a Case against the Personnel of C.R.P.F./B.S.F. in Police Station, Shahkot

***478. Sardar Kuldip Singh Wadala** : Will the Chief Minister be pleased to state whether any case was registered against CRPF/BSF Personnel in the Police Station, Shahkot during the current year regarding the murder of Joginder Singh and Baldev Singh of village Rupewali ; if so, whether the accused have been identified and arrested ; if not, the reasons therefor ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਹਾਂ ਜੀ। ਪਿੰਡ ਰੂਪੇਵਾਲੀ ਦੇ ਸਰਵਸ਼੍ਰੀ ਜੋਗਿੰਦਰ ਸਿੰਘ ਅਤੇ ਬਲਦੇਵ ਸਿੰਘ ਦੀ ਮੌਤ ਸਬੰਧੀ ਕੇਸ ਐਫ.ਆਈ. ਆਰ. ਨੰਬਰ 196 ਮਿਤੀ 22-6-86 ਭਾਰਤੀ ਦੰਡਾਵਲੀ ਦੀ ਧਾਰਾ 302/34 ਅਧੀਨ ਪੁਲਿਸ ਸਟੇਸ਼ਨ, ਸ਼ਾਹਕੋਟ, ਜ਼ਿਲ੍ਹਾ ਜਲੰਧਰ ਦਰਜ ਕੀਤਾਗਿਆ। ਅਪਰਾਧੀਆਂ ਦੀ ਸ਼ਨਾਖ਼ਤ ਕੀਤੀ ਜਾ ਚੁੱਕੀ ਹੈ ਅਤੇ ਉਹ ਇਹ ਹਨ .—

(1) ਹੈਡ ਕਾਂਸਟੇਬਲ ਬਾਲਕ ਰਾਮ, ਨੰਬਰ 560450012

(2) ਲਾਂਸ ਨਾਇਕ ਹਰੀਸ਼ ਚੰਦਰ, ਨੰਬਰ 690512846

(3) ਕਾਂਸਟੇਬਲ ਰਛਪਾਲ ਸਿੰਘ, ਨੰਬਰ 850803229

(4) ਕਾਂਸਟੇਬਲ ਚੰਦਰ ਪਾਲ ਸਿੰਘ, ਨੰਬਰ 850803283

(5) ਕਾਂਸਟੇਬਲ ਹਰੀ ਚੰਦ ਭੱਟ, ਨੰਬਰ 850803167

(6) ਕਾਂਸਟੇਬਲ ਰਾਮ ਲੰਗਮ, ਨੰਬਰ 850805188

(7) ਕਾਂਸਟੇਬਲ ਰਾਮ ਮੇਹਰ ਸਿੰਘ, ਨੰਬਰ 850804048

(8) ਡੀ. ਜੇ. ਕੁਮਾਰ, ਨੰਬਰ 850801137

ਉਨ੍ਹਾਂ ਨੂੰ ਮੁਕੱਦਮੇ ਦੀ ਤਫਤੀਸ਼ ਵਿੱਚ ਸ਼ਾਮਿਲ ਕਰਨ ਹਿੱਤ ਯੋਗ ਅਧਿਕਾਰ-ਖੇਤਰ ਵਾਲੀ ਅਦਾਲਤ ਤੋਂ ਉਨ੍ਹਾਂ ਦੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਕੀਤੇ ਗਏ। ਲੇਕਿਨ ਉਨ੍ਹਾਂ ਦੀ ਗ੍ਰਿਫਤਾਰੀ ਨਹੀਂ ਕੀਤੀ ਗਈ ਕਿਉਂਕਿ ਉਨ੍ਹਾਂ ਨੇ ਸੁਪਰੀਮ ਕੋਰਟ ਵਿਚ ਅਪੀਲ ਦਾਈਰ ਕੀਤੀ ਹੋਈ ਹੈ।

WALK-OUT

ਸਰਦਾਰਨੀ ਗੁਰਬਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਕੱਲ੍ਹ ਦਾ ਜੋ ਵਾਕਿਆ ਹੋਇਆ ਹੈ ਜਿਸ ਦੇ ਵਿਚ ਇਕ ਪਰਿਵਾਰ ਦੇ ਛੇ ਜੀਅ ਮਾਰੇ ਗਏ ਅੰਮ੍ਰਿਤਸਰ ਜ਼ਿਲ੍ਹੇ ਦੇ ਰਾਮਦਾਸੀਆ ਥਾਣੇ ਵਿਚ। ਇਹ ਬੜਾ ਭਿਆਨਕ ਵਾਕਿਆ ਹੈ। ਬਹੁਤ ਬੇਰਹਿਮੀ ਔਰ ਬੇਦਰਦੀ ਨਾਲ ਮਾਰਿਆ ਗਿਆ ਜਦੋਂ ਕਿ ਸਾਰਾ ਪਰਿਵਾਰ ਆਪਣੇ ਘਰ ਵਿਚ ਟੀਵੀ ਦੇਖ ਰਿਹਾ ਸੀ। ਤਿੰਨ ਸਾਲ ਤੋਂ ਪੰਜ ਸਾਲ ਤਕ ਦੇ ਬੱਚੇ ਵੀ ਕਤਲ ਕਰ ਦਿਤੇ ਗਏ। ਕੋਈ ਕਿਧਰੇ ਆਪਣੇ ਆਪ ਨੂੰ ਸੇਫ਼ ਮਹਿਸੂਸ ਨਹੀਂ ਕਰਦਾ ਨਾ ਬਸਾਂ ਵਿੱਚ ਅਤੇ ਨਾ ਘਰਾਂ ਵਿਚ। ਘਰ ਜਾ ਰਹੇ ਐਡੀਸ਼ਨਲ ਜੱਜ ਨੂੰ ਗੋਲੀ ਮਾਰ ਕੇ ਮਾਰ ਦਿਤਾ ਗਿਆ।

[ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ]

ਇਸ ਤਰ੍ਹਾਂ ਦੇ ਹਾਲਾਤ ਨਾਲ ਸਾਰਾ ਪਿੰਡ ਜਿਹੜਾ ਸੀ ਏਨਾ ਭੈ-ਭੀਤ ਔਰ ਮੂਨ ਹੋ ਗਿਆ ਕਿ ਜਿਸ ਵੇਲੇ ਪੁਲਿਸ ਗਈ ਤਾਂ ਉਨ੍ਹਾਂ ਦੇ ਨਾਲ ਚਲਣ ਨੂੰ ਕੋਈ ਤਿਆਰ ਨਹੀਂ ਸੀ। ਐਸੀ ਹਾਲਤ ਹੋ ਗਈ ਕਿ ਕੋਈ ਪੁਲਿਸ ਨਾਲ ਜਾਣ ਨੂੰ ਤਿਆਰ ਨਹੀਂ ਸੀ। ਅਖਬਾਰਾਂ ਵਿਚ ਸਾਰਾ ਵਾਕਿਆ ਆਇਆ ਹੋਇਆ ਹੈ। ਮੇਰੀ ਪਾਰਟੀ ਔਰ ਮੈਂ ਇਸ ਵਾਕਿਆ ਨੂੰ ਕੰਡੈਮ ਕਰਦਿਆਂ ਹੋਇਆਂ ਅਸੀਂ ਵਾਕ ਆਊਟ ਕਰਦੇ ਹਾਂ ਔਰ ਅੱਜ ਦੇ ਸੈਸ਼ਨ ਦਾ ਬਾਈਕਾਟ ਕਰਦੇ ਹਾਂ।

(ਇਸ ਸਮੇਂ ਸਦਨ ਵਿਚ ਹਾਜ਼ਰ ਸਾਰੇ ਹੀ ਕਾਂਗਰਸ (ਆਈ) ਅਤੇ ਬੀ.ਜੇ.ਪੀ. ਦੇ ਮਾਨਯੋਗ ਮੈਂਬਰ ਵਾਕ ਆਊਟ ਕਰ ਗਏ। ਉਹ ਬਾਹਿਰ ਜਾਂਦੇ ਜਾਂਦੇ ਨਾਹਰੇ ਲਗਾ ਰਹੇ ਸਨ ਜੋ ਸ੍ਰੀ ਸਪੀਕਰ ਦੀ ਆਗਿਆ ਅਨੁਸਾਰ ਰਿਕਾਰਡ ਨਾ ਕੀਤੇ ਗਏ।)

ਸ੍ਰੀ ਸਪੀਕਰ: ਸੀ. ਐਮ. ਸਾਹਿਬ ਦੀ ਤਜਵੀਜ਼ ਤੁਹਾਡੇ ਸਾਹਮਣੇ ਰੱਖੀ ਗਈ ਹੈ। ਕੱਲ੍ਹ ਦਾ ਦਿਨ ਡਿਸਕਸ਼ਨ ਵਾਸਤੇ ਰਖਿਆ ਹੈ।

ਡਾਕਟਰ ਕੇਵਲ ਕ੍ਰਿਸ਼ਨ : ** ** **

ਸ੍ਰੀ ਸਪੀਕਰ: ਇਹ ਜੋ ਮੈਂਬਰ ਵਲੋਂ ਕਿਹਾ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ।

ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕਿਹਾ ਹੈ ਕਿ ਉਸ ਪਰਿਵਾਰ ਦੇ ਛੇ ਜੀਆਂ ਦਾ ਕਤਲ ਕਰ ਦਿੱਤਾ ਗਿਆ ਹੈ। ਇਹ ਦਰਦਨਾਕ ਵਾਕਿਆ ਹੈ ਲੇਕਿਨ ਕੱਲ੍ਹ ਦਾ ਦਿਨ ਰਖਿਆ ਹੋਇਆ ਹੈ। ਇਸ ਕਰਕੇ ਡਿਸਕਸ਼ਨ ਹੋਵੇਗੀ। ਅੱਜ ਦਾ ਵਾਕ ਆਊਟ ਬੇਮਾਇਨਾ ਸੀ।

(ਇਸ ਸਮੇਂ ਮੁੱਖ ਮੰਤਰੀ ਜੀ ਬੋਲਣ ਲਈ ਖੜੇ ਹੋਏ। ਮਾਨਯੋਗ ਮੈਂਬਰ ਗਿਆਨੀ ਅਰਜਨ ਸਿੰਘ ਲਿੱਟ ਵੀ ਖੜੇ ਹੋਏ।)

Giani Ji, you are a ssnior le‸der. Chief Minister is on his legs. Please listen him· **ਤੁਸੀਂ ਸੀਨੀਅਰ** ਮੈਂਬਰ ਹੋ।

STATEMENT BY THE CHIEF MINISTER *RE.* CONDEMNATION OF KILLINGS

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਇਹ ਮਾੜੀ ਘਟਨਾ ਹੋਈ ਹੈ। ਇਥੋਂ ਤਕ ਕਿ ਚਾਰ ਸਾਲ ਦੇ ਬੱਚੇ ਨੂੰ ਸਪੇਅਰ ਨਹੀਂ ਕੀਤਾ। 75 ਸਾਲਾ ਬੁਢੇ ਬਜ਼ੁਰਗ ਨੂੰ ਸਪੇਅਰ ਨਹੀਂ ਕੀਤਾ। ਇਸ ਦੇ ਨਾਲੋਂ ਮਾੜੀ ਘਟਨਾ ਹੋਰ ਨਹੀਂ ਹੋ ਸਕਦੀ। ਇਸ ਦੇ ਨਾਲੋਂ ਮਾੜਾ ਤਰੀਕਾ ਕਿਸੇ ਪਰਿਵਾਰ ਨੂੰ ਖ਼ਤਮ ਕਰਨ ਦਾ ਨਹੀਂ ਹੋਵੇਗਾ। ਜਿੰਨਾਂ ਇਸ ਨੂੰ ਕੰਡੈਮ ਕਰੀਏ ਥੋੜ੍ਹਾ ਹੈ। ਸਾਰੇ ਹਾਊਸ ਨੂੰ ਕੰਡੈਮ ਕਰਨਾ ਚਾਹੀਦਾ ਹੈ। ਜਿੰਨਾਂ ਕੰਡੈਮ ਹੋਵੇ ਥੋੜ੍ਹਾ ਹੈ।

ਗਿਆਨੀ ਅਰਜਨ ਸਿੰਘ ਲਿੱਟ: ਸਪੀਕਰ ਸਾਹਿਬ, ਇਕ ਇਹ ਕਿਤਾਬ ਛਪੀ ਹੈ ਜੀ 'ਹੂ ਇਜ਼ ਹੂ'। (ਇਸ ਸਮੇਂ ਉਨ੍ਹਾਂ ਦੇ ਹੱਥ ਵਿਚ ਇਕ ਕਿਤਾਬ ਫੜੀ ਹੋਈ ਸੀ ਅਤੇ ਉਸ ਨੂੰ ਵਿਖਾ ਕੇ ਬੋਲ ਰਹੇ ਸਨ) ਮੁਆਫ ਕਰਨਾ ਜੇਕਰ ਪੈਸੇ ਨਹੀਂ ਹਨ ਤਾਂ ਪੈਸੇ ਹੋਰ ਲੈ ਲਿਆ ਕਰਨ। ਸਾਡੀਆਂ

**Not recorded as ordered by the Chair.

ਇਸ ਵਿਚ ਫੋਟੋ ਹਨ। ਉਨ੍ਹਾਂ ਨੂੰ ਵੇਖ ਕੇ ਕੰਮ-ਅਜ਼-ਕੰਮ ਘਰ ਦੇ ਤਾਂ ਪਛਾਣਨ, ਪਰ ਘਰ ਦੇ ਵੀ ਨਹੀਂ ਪਛਾਣ ਸਕਣਗੇ।

ਸ੍ਰੀ ਸਪੀਕਰ : ਤੁਸੀਂ ਇਸ ਬਾਰੇ ਮੈਨੂੰ ਚੈਂਬਰ ਵਿਚ ਮਿਲ ਲਓ।

ਗਿਆਨੀ ਅਰਜਨ ਸਿੰਘ ਲਿੱਟ: ਸਾਡੇ ਪਾਸੋਂ ਪੈਸੇ ਲੈ ਲਵੋ। ਕਮ-ਅਜ਼-ਕਮ ਫੋਟੋ ਤਾਂ ਠੀਕ ਹੋਵੇ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੰਗਲਵਾਰ ਨੂੰ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਗਹਿਰਾ ਅਫਸੋਸ ਕੀਤਾ ਹੈ। ਕੱਲ੍ਹ ਦਾ ਦਿਨ ਨਿਸਚਿਤ ਕੀਤਾ ਗਿਆ ਹੈ, ਮੈਂ ਬੇਨਤੀ ਕਰਾਂਗਾ ਕਿ ਕੱਲ੍ਹ ਦੀ ਬਜਾਏ ਅੱਜ ਹੀ ਡਿਸਕਸ਼ਨ ਕਰ ਲਈ ਜਾਵੇ, ਸਾਰਾ ਬਿਜ਼ਨੈਸ ਐਡਜਰਨ ਕਰਕੇ ਅੱਜ ਹੀ ਕੀਤਾ ਜਾਵੇ। ਛੇ ਮਾਸੂਮ ਲੋਕਾਂ ਦੀ ਹੱਤਿਆ ਦਿਨ ਦਿਹਾੜੇ ਕਰ ਦਿੱਤੀ ਗਈ ਹੈ। ਇਸ ਦੇ ਉਤੇ ਇਕ ਸਟੇਟਮੈਂਟ ਲੀਡਰ ਆਫ ਦੀ ਹਾਊਸ ਵਲੋਂ ਜ਼ਰੂਰ ਦਿੱਤੀ ਜਾਣੀ ਚਾਹੀਦੀ ਹੈ।

Mr. Speaker: Let the reply come. Please take your seat now. ਮੈਂ ਕਹਿਣਾ ਚਾਹਵਾਂਗਾ ਔਰ ਇਸ ਉਤੇ ਹਾਊਸ ਨੂੰ ਕਾਨਫੀਡੈਂਸ ਵਿਚ ਲੈਣਾ ਚਾਹਵਾਂਗਾ,। ਸੀ.ਐਮ.ਸਾਹਿਬ ਨੇ ਕੱਲ੍ਹ ਦੀ ਦੁਖਦਾਈ ਘਟਣਾ ਬਾਰੇ ਜ਼ਿਕਰ ਕੀਤਾ ਹੈ। ਇਸ ਵਿਚ ਹਾਊਸ ਸ਼ਰੀਕ ਹੈ ਪਰ ਜੋ ਮਾਨ ਮਰਯਾਦਾ ਹੈ, ਜ਼ਾਬਤਾ ਹੈ, ਉਹ ਸਪੱਸ਼ਟ ਹੈ ਸਾਰੇ ਦੇਸ਼ ਵਿਚ। ਪਹਿਲੇ ਸਪੀਕਰ ਲੋਕ ਸਭਾ ਸੰਨ 1950 ਵਿਚ ਸ੍ਰੀ ਮਾਵਲੰਕਾਰ ਜੀ ਦੀ ਰੂਲਿੰਗ ਜਿਹੜੀ ਹਾਊਸ ਵਿਚ ਦਿੱਤੀ ਗਈ ਹੈ, ਉਹ ਗਿਆਤ ਲਈ ਹਾਊਸ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ :—

"The point is that if hon. members have a fairly good chance of raising the question on a debate, it will not be permitted as an adjournment motion. The adjournment motion is a device to bring something before the House which is not included in the agenda or Order Paper. It is something like taking up a new matter which is not intended to be taken up and of which all members had no notice whatever. So in the interest of all, it has been the practice to allow adjournment motion as a matter of exception where the matter is really urgent and there is no other opportunity or chance for the House to consider the matter."

ਚੂੰਕਿ ਇਸ ਮਸਲੇ ਤੇ ਹਾਊਸ ਨੂੰ ਆਲਰੈਡੀ ਚਾਂਸ ਡੀਬੇਟ ਕਰਨ ਦਾ ਮਿਲ ਗਿਆ ਹੈ। ਸਮੇਂ ਬਾਰੇ ਵੀ ਇਹ ਹੈ ਕਿ ਪਹਿਲਾਂ ਦੋ ਘੰਟੇ ਸੀ, ਮੈਂ ਵੀ ਕਿਹਾ ਹੈ ਕਿ ਮੈਕਸੀਮੱਮ ਟਾਈਮ ਦੇ ਦੇਣਾ ਚਾਹੀਦਾ ਹੈ। ਠੀਕ ਹੈ ਮੈਂਬਰਜ਼ ਐਜੀਟੇਟਿਡ ਤਾਂ ਹਨ ਸਾਰੇ ਹੀ, ਲੇਕਿਨ ਇਸ ਦੇ ਬਾਰੇ ਅੱਜ ਜ਼ੋਰ ਪਾਉਣ ਦਾ ਕੋਈ ਫਾਇਦਾ ਨਹੀਂ ਹੈ।

(ਇਸ ਸਮੇਂ ਮਾਸਟਰ ਮੋਹਨ ਲਾਲ ਜੀ ਖੜੇ ਸਨ)।
Masterji, please take your seat.

ਮਾਸਟਰ ਮੋਹਨ ਲਾਲ : ** ** **

ਸ੍ਰੀ ਸਪੀਕਰ: ਮਾਸਟਰ ਮੋਹਨ ਲਾਲ ਜੀ ਦਾ ਕੋਈ ਲਫਜ਼ ਰਿਕਾਰਡ ਨਾ ਕੀਤਾ ਜਾਵੇ।

** Not recorded as ordered by the Chair.

CALL ATTENTION NOTICES UNDER RULE 66

Mr. Speaker : We passover to the next item on the Agenda. Call Attention Notices. Sardar Kirpal Singh.

(Serial No. *9)

Sardar Kirpal Singh : Sir I beg to draw the attention of the Government towards a matter of urgent public importance, namely, the Government of India had appointed MISHRA Commission to probe the killings of thousands of Punjabis which had already submitted its Report to the Government of India but that report has not been made Public which has created resentment amongst the people. The State Government should make a statement on the floor of the House in regard to the efforts made by it in getting the aforesaid report made Public.

ਰਾਜ ਮੰਤਰੀ, ਗ੍ਰਹਿ (ਕੈਪਟਨ ਕੰਵਲਜੀਤ ਸਿੰਘ) : ਸਪੀਕਰ ਸਾਹਿਬ, ਮਿਸ਼ਰਾ ਕਮਿਸ਼ਨ ਆਫ ਇਨਕੁਆਇਰੀ ਗੌਰਮਿੰਟ ਆਫ ਇੰਡੀਆ ਨੇ ਨਿਯੁਕਤ ਕੀਤਾ ਸੀ ਅਤੇ ਕਮਿਸ਼ਨ ਨੇ ਆਪਣੀ ਰਿਪੋਰਟ ਕੇਂਦਰ ਸਰਕਾਰ ਨੂੰ ਦੇ ਦਿੱਤੀ ਹੈ। ਇਸ ਕਰਕੇ ਇਹ ਮਾਮਲਾ ਕੇਂਦਰ ਸਰਕਾਰ ਦੇ ਨਾਲ ਸਬੰਧਤ ਹੈ। ਇਨਕੁਆਇਰੀ ਕਮਿਸ਼ਨ ਨੇ ਪੰਜਾਬ ਸਰਕਾਰ ਨੂੰ ਇਹ ਇਨਕੁਆਇਰੀ ਦੇ ਨਾਲ ਐਸੋਸੀਏਟ ਨਹੀਂ ਕੀਤਾ, ਇਸ ਕਰਕੇ ਪੰਜਾਬ ਸਰਕਾਰ ਆਪਣੇ ਵਲੋਂ ਏਸ ਮਸਲੇ ਦੇ ਬਾਰੇ ਕੋਈ ਐਕਸ਼ਨ ਨਹੀਂ ਲੈ ਸਕਦੀ।

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ ਮੈਂ ਜਵਾਬ ਤੇ ਬਹੁਤ ਹੈਰਾਨ ਨਹੀਂ ਹੋਇਆ। ਜਦੋਂ ਕਿਸੇ ਦੀ ਹੋਂਦ ਕਿਸੇ ਦੇ ਗੋਚਰੇ ਹੋਵੇ ਉਸ ਵੇਲੇ ਕੋਈ ਸਰਕਾਰ ਏਨਾ ਜ਼ੋਰ ਲਾ ਸਕਦੀ ਵੀ ਨਹੀਂ। ਕਿਸੇ ਗੱਲ ਤੇ ਐਗਜ਼ਰਟ ਕਰਨਾ ਜਾਂ ਜ਼ਿਦ ਕਰਨ ਦੀ ਉਸ ਦੀ ਤਾਕਤ ਨਹੀਂ ਰਹਿਦੀ। ਇਹ ਹੀ ਹਾਲ ਏਸ ਪੰਜਾਬ ਸਰਕਾਰ ਦਾ ਹੈ ਕਿਉਂਕਿ ਨਜ਼ਰ ਹੀ ਆਉਂਦਾ ਹੈ ਹਾਲਾਤ ਤੋਂ। ਕੀ ਪੰਜਾਬ ਸਰਕਾਰ ਦਾ ਇਹ ਇਖਲਾਕੀ ਫਰਜ਼ ਨਹੀਂ ਸੀ ਬਣ ਜਾਂਦਾ ਕਿ ਕੋਈ ਵੀ ਤਰੀਕੇ ਇਖਤਿਆਰ ਕੀਤੇ ਜਾਂਦੇ, ਲਾਇਕ ਮਾਈਂਡਿਡ ਪਾਰਟੀਆਂ ਨੂੰ ਨਾਲ ਲੈ ਕੇ ਸਰਕਾਰ ਤੇ ਜ਼ੋਰ ਪਾਇਆ ਜਾਵੇ। ਬਹੁਤ ਬੇਰਹਿਮੇ ਕਤਲ ਹੋਏ ਹਨ ਔਰ ਬੇਹਿਯਾਈ ਨਾਲ ਬਿਆਨ ਦਿੱਤਾ ਗਿਆ ਹੈ ਸਰਕਾਰਾਂ ਵਲੋਂ ਜਿਹੜੀ ਰਿਪੋਰਟ ਬਣੀ ਉਹ ਸ਼ਾਇਆ ਕਰਨ ਲਈ ਜ਼ੋਰ ਪਾਇਆ ਜਾਏ, ਕੀ ਸਰਕਾਰ ਇਸ ਗਲ ਵੱਲ ਧਿਆਨ ਦੇਵੇਗੀ ?

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਮਿਸ਼ਰਾ ਕਮਿਸ਼ਨ, ਸਪੀਕਰ ਸਾਹਿਬ, ਜਦੋਂ ਇਹ ਹੱਤਿਆਵਾਂ ਹੋਈਆਂ ਸਣ ਤਾਂ ਬਹੁਤ ਦੇਰ ਲੋਕਾਂ ਦੀ ਮੰਗ ਰਹੀ ਕਿ ਕੋਈ ਕਮਿਸ਼ਨ ਨਿਯੁਕਤ ਕੀਤਾ ਜਾਵੇ ਤਾਂ ਕਿ ਹਕੀਕਤ ਜੋ ਹੈ ਸਾਹਮਣੇ ਆ ਸਕੇ। ਸ਼੍ਰੋਮਣੀ ਅਕਾਲੀ ਦਲ ਨੇ ਬਹੁਤ ਜ਼ੋਰ ਨਾਲ ਆਵਾਜ਼ ਉਠਾਈ। ਜਦੋਂ ਅਸੀਂ ਬਾਹਰ ਆਏ, ਸੰਤ ਲੌਂਗੋਵਾਲ ਜੀ ਬਾਹਰ ਆਏ ਤਾਂ ਬਹੁਤ ਜ਼ੋਰ ਨਾਲ ਕਿਹਾ ਕਿ ਇਕ ਕਮਿਸ਼ਨ ਮੁਕੱਰਰ ਕੀਤਾ ਜਾਵੇ ਤਾਂ ਕਿ ਅਸਲੀਅਤ ਦਾ ਪਤਾ ਲਗੇ। ਮਿਸ਼ਰਾ ਕਮਿਸ਼ਨ ਬਣਾਇਆ, ਦਿੱਲੀ ਲਈ ਬਣਾਇਆ ਗਿਆ ਸੀ। ਅਸੀਂ ਕਿਹਾ ਕਿ ਇਕੱਲੀ ਦਿਲੀ ਲਈ ਨਹੀਂ ਹੋਰ ਥਾਵਾਂ ਤੇ ਵੀ ਦੰਗਿਆਂ ਦਰਮਿਆਨ ਬੰਦੇ ਬਹੁਤ ਤਾਦਾਦ ਵਿਚ ਉਥੇ ਵੀ ਮਾਰੇ ਗਏ ਸਨ, ਉਨ੍ਹਾਂ ਦੀ ਇਨਕੁਆਇਰੀ ਵੀ ਹੋਣੀ ਚਾਹੀਦੀ ਹੈ (ਥੰਪਿੰਗ) ਜਦੋਂ ਰਾਜੀਵ ਲੌਂਗੋਵਾਲ ਅਕਾਰਡ ਹੋਇਆ ਤਾਂ ਫੈਸਲਾ ਹੋਇਆ ਕਿ ਕਮਿਸ਼ਨ ਦੀ ਹੱਦ ਵਧਾ ਕੇ ਕਾਨਪੁਰ ਔਰ ਬੋਕਾਰੋ ਵੀ ਸ਼ਾਮਲ ਕਰਨਾ ਚਾਹੀਦਾ ਹੈ। ਉਹ ਹੋ ਗਿਆ। ਅਕਾਲੀ ਦਲ ਲੌਂਗੋਵਾਲ ਨੇ ਮੰਗ ਕੀਤੀ ਔਰ ਕਮਿਸ਼ਨ ਨੇ ਰਿਪੋਰਟ ਦਿੱਤੀ ਸੈਂਟਰ ਦੀ ਸਰਕਾਰ ਨੂੰ ਲੇਕਿਨ ਉਹ ਰਿਪੋਰਟ ਪਬਲਿਸ਼ ਨਹੀਂ ਹੋਈ।

*Read in Punjabi.

ਨਾ ਹੀ ਇਸ ਤੇ ਕੋਈ ਫਾਲੋਅੱਪ ਐਕਸ਼ਨ ਹੋਇਆ। ਇਸ ਲਈ ਅਸੀਂ ਆਪਣੇ ਵਲੋਂ ਨਵੰਬਰ ਦੇ ਮਹੀਨੇ ਵਿਚ ਇਕ ਚਿੱਠੀ ਲਿਖੀ। ਮੈਂ ਹਾਊਸ ਦੀ ਜਾਣਕਾਰੀ ਵਾਸਤੇ ਦੱਸਣਾ ਚਾਹਵਾਂਗਾ ਜਿਹੜੀ ਚਿੱਠੀ ਸੈਂਟਰ ਨੂੰ ਲਿਖੀ ਗਈ ਸੀ ਉਹ ਇਹ ਹੈ—

"My dear Prime Minister,

The violent incidents in various parts of the country in the aftermath of the tragic assassination of the late Prime Minister, Mrs. Indira Gandhi led to the killings of a very large number of innocent sikh men, women and children. Properties, worth crores, were damaged or destroyed by frenzied mobs. The scale of violence was unprecedented in the history of the country.

2. What was even more unprecedented was the total inaction on the part of the law enforcing agencies at most of the places and they remained mute witnesses to the spectre of death and destruction.Indeed, at many places, the officials who were supposed to uphold the law of the land actually connived in the violence.

3. Understandably the events of November,1984 left the sikhs in adaze and trauma. The Shiromani Akali Dal was in the fore-front in demanding justice and action under the law against the culprits. As a consequence, the Mishra Commission was set up to enquire into the November, 1984, violence. Later, the jurisdiction of the Commission was widened to cover Bokaro and Kanpur also. The Mishra Commission has now submitted its report to the Government of India. I shall be grateful if the report is made public and a copy of the report is provided to us.

ਇਹ ਚਿੱਠੀ ਲਿਖੀ ਗਈ। ਸਿਰਫ਼ ਇਹ ਚਿੱਠੀ ਹੀ ਨਹੀਂ ਲਿਖੀ ਗਈ ਬਲਕਿ ਗਲਬਾਤ ਦੇ ਰਾਹੀਂ ਵੀ ਅਸੀਂ ਕੋਸ਼ਿਸ਼ ਕੀਤੀ ਕਿ ਇਹ ਰਿਪੋਰਟ ਪਬਲਿਕ ਕੀਤੀ ਜਾਵੇ ਔਰ ਫਾਲੋਅੱਪ ਐਕਸ਼ਨ ਹੋਵੇ। ਇਸ ਦੇ ਵਾਸਤੇ ਅਸੀਂ ਇਕ ਸਾਡੇ ਸਰਦਾਰ ਬਜਰੰਗ ਸਿੰਘ ਸਨ ਤੁਸੀਂ ਸਾਰੇ ਜਾਣਦੇ ਹੋ ਉਨ੍ਹਾਂ ਨੇ ਵਿਡੋਜ਼ ਦੀ ਬਹੁਤ ਰਖਵਾਲੀ ਕੀਤੀ ਔਰ ਉਨ੍ਹਾਂ ਦੀ ਬਹੁਤ ਸਹਾਇਤਾ ਕੀਤੀ, ਉਨ੍ਹਾਂ ਨੂੰ ਅਸੀਂ ਆਨਰ ਕਰਨ ਲਈ ਇਕ ਦਿੱਲੀ ਵਿਖੇ ਫੰਕਸ਼ਨ ਵੀ ਕੀਤਾ ਔਰ ਉਸ ਫੰਕਸ਼ਨ ਦੇ ਵਿਚ ਵੀ ਮੈਂ ਆਖਿਆ ਕਿ ਇਸ ਰਿਪੋਰਟ ਤੇ ਫਾਲੋਅੱਪ ਐਕਸ਼ਨ ਹੋਣਾ ਚਾਹੀਦਾ ਹੈ। ਇਹ ਚੀਜ਼ ਸਾਰੇ ਪੇਪਰਾਂ ਵਿਚ ਛੱਪੀ ਹੈ। ਸੋ ਸਾਡੀ ਇਹ ਕੋਸ਼ਿਸ਼ ਰਹੀ ਹੈ ਕਿ ਇਹ ਰਿਪੋਰਟ ਪਬਲਿਕ ਕੀਤੀ ਜਾਵੇ ਔਰ ਉਸ ਤੇ ਫਾਲੋਅੱਪ ਐਕਸ਼ਨ ਹੋਵੇ।

ਸ੍ਰੀ ਸਪੀਕਰ : ਕਾਲ ਅਟੈਨਸ਼ਨ ਨੋਟਿਸ ਨੰ: 11.

(Serial No. 11*)

Sardar Kirpal Singh : Sir, I beg to draw the attention of the Government towards a matter of urgent public importance, namely, the Government has made a 500 metre patti on the border of Punjab State due to which the farmers of the area are experiencing a great difficulty and hardship because they have to seek permits to go to their fields in that area from 6.00 A.M. to 6.00 P.M. and then they are required to return the same, which is creating resentment in the minds of the people of the area. The people and even the women folk of that area cannot go even to their neighbours and kith and kin after 6.00 P.M. even if somebody is seriously ill or dying. Hence it is a fit case of urgent public importance about which the State Government should make a statement on the floor of the House.

Minister of State for Home (Capt. Kanwaljit Singh) : 1. District Magistrates of Amritsar, Ferozepur and Gurdaspur have, in exercise of the powers under Section 144 Criminal Procedure Code, imposed curfew along

---

*Read in Punjabi.

[Minister of State for Home]

the International Border with Pakistan. In Amritsar and Ferozepur districts the curfew has been imposed within 500 meters of the International Border from 6.00 P.M. to 6.00 A.M. whereas in Gurdaspur, it has been imposed within 300 meters of the Border and remains in force from 7.30 P.M. to 6.00 A.M. The curfew has to be imposed because ex-filtrators/infiltrators have been taking advantage of wide gaps between observation Posts of B.S.F., High Sarkanda growth and the practice of cultivation of land right upto the dejure line. The anti-national elements, at times, pose as farmers.

2. To enable the farmers to cultivate/irrigate their lands at night also, the District Magistrates of the three Border districts of Amritsar, Ferozepur and Gurdaspur were directed to issue passes to the farmers whose cultivable land is situated within the aforementioned border belt. B.S.F. authorities, however, do not favour the issuing of these passes because it can be hazardous from the security angle, especially in the context of the current disturbed situation in the State and the reports of foreign assistance being given to the extremists. The issue of passes would also make the enforcement of curfew difficult and may also lead to untoward incidents.

3. The matter concerning issue of identity slips by BSF personnel to the farmers for entry into the Border belt during day time has been brought to the notice of the Government recently. Report in this behalf is being obtained from the three District Magistrates of Amritsar, Ferozepur and Gurdaspur and necessary action will be taken, in the light thereof, to minimise the inconvenience to the genuine people.

ਸਰਦਾਰ ਕਿਰਪਾਲ ਸਿੰਘ : ਸਰ, ਇਹ ਫਸਲਾਂ ਬਿਲਕੁਲ ਹੀ ਨਾ-ਖਸਮੀਆਂ ਰਹਿ ਗਈਆਂ ਹਨ ਕਿਉਂਕਿ ਰਾਤ ਨੂੰ ਤਾਂ ਉਥੇ ਸੂਰ ਆ ਕੇ ਫਸਲਾਂ ਖਰਾਬ ਕਰ ਦਿੰਦੇ ਹਨ। ਬਹੁਤ ਸਾਰੀ ਜ਼ਮੀਨ ਜਿਹੜੀ ਅੱਗੇ ਕਲਟੀਵੇਸ਼ਨ ਦੇ ਅਦਰ ਸੀ ਉਹ ਖਰਾਬ ਹਵੇਗੀ ਔਰ ਫਸਲਾਂ ਨਾ ਹੋਣ ਨਾਲ ਉਥੇ ਕਾਫੀ ਵਡਾ ਵਡਾ ਘਾਹ ਅਤੇ ਕਾਨੇ ਵਗੈਰਾ ਉਗ ਪੈਣਗੇ ਜਿਸ ਨਾਲ ਕਿ ਉਥੇ ਕਈ ਲੋਕੀ ਲੁਕ ਜਾਇਆ ਕਰਨਗੇ ਜਿਸ ਨਾਲ ਹੋਰ ਜ਼ਿਆਦਾ ਖਤਰਾ ਹੋਵੇਗਾ। ਡਿਫੈਂਸ ਪਰਪਜ਼ ਦੇ ਹਿਸਾਬ ਨਾਲ ਵੀ ਉਹ ਜਗ੍ਹਾ ਹੋਰ ਮਾੜੀ ਰਹੇਗੀ। ਇਸ ਤੋਂ ਇਲਾਵਾ ਜਿਨ੍ਹਾਂ ਲੋਕਾਂ ਦਾ ਰੋਜ਼ਗਾਰ ਮਾਰਿਆ ਗਿਆ ਉਹ ਵੀ ਮੁਸ਼ਕਿਲ ਵਿਚ ਫੱਸ ਜਾਣਗੇ। ਇਸ ਲਈ ਕੋਈ ਅਜਿਹਾ ਤਰੀਕਾ ਬਣਾਇਆ ਜਾਏ ਜਿਸ ਨਾਲ ਕਿ ਉਨ੍ਹਾਂ ਨੂੰ ਸ਼ਨਾਖਤੀ ਕਾਰਡ ਇਸ਼ੂ ਕੀਤੇ ਜਾਣ ਔਰ ਕੁਝ ਉਥੇ ਹੋਰ ਫੋਰਸ ਵਗੈਰਾ ਲਾਕੇ ਉਥੋਂ ਲੋਕਾਂ ਨੂੰ ਉਜਾੜਿਆ ਨਾ ਜਾਵੇ। ਇਹ ਤਾਂ ਉਹ ਗਲ ਹੋਈ ਕਿ ਕਿਸੇ ਨੇ ਕਿਹਾ ਕਿ ਸਕੂਲ ਵਿਚ ਕਾਂਗਜ਼ ਚੋਰੀ ਬਹੁਤ ਹੁੰਦੇ ਹਨ, ਇਹ ਕਾਗਜ਼ ਚੋਰੀ ਨਾ ਹੋਣ ਇਸ ਕਰਕੇ ਜਦੋਂ ਇਹ ਪੁਛਿਆ ਗਿਆ ਕਿ ਕੀ ਕੋਈ ਐਸਾ ਬੱਚਾ ਵੀ ਹੈ ਜਿਹੜਾ ਚੋਰੀ ਨਾ ਕਰਦਾ ਹੋਵੇ ਤਾਂ ਇਹ ਜਵਾਬ ਮਿਲਿਆ ਕਿ ਸ਼ਾਇਦ ਇਕ ਅੱਧ ਕੋਈ ਐਸਾ ਹੋਵੇ। ਸੋ ਇਸ ਤਰ੍ਹਾਂ ਤਾਂ ਉਹ ਚੋਰੀ ਨਹੀਂ ਰੁਕ ਸਕਦੀ। ਕਿਸੇ ਨੇ ਮਾਸਟਰ ਨੂੰ ਕਿਹਾ ਤੁਸੀਂ ਜਿਹੜੇ ਕਾਗਜ਼ ਬੱਚਿਆਂ ਨੂੰ ਦਿੰਦੇ ਹੋ ਇਹ ਵਰਤਨ ਦੀ ਬਜਾਏ ਚੋਰੀ ਕਰ ਲੈਂਦੇ ਹਨ। ਮਾਸਟਰ ਨੇ ਕਿਹਾ ਕਿ ਕਈ ਬੱਚੇ ਐਸੇ ਵੀ ਹਨ ਜਿਹੜੇ ਚੋਰੀ ਨਹੀਂ ਕਰਦੇ। ਉਸ ਨੇ ਕਿਹਾ ਸ਼ਾਇਦ ਇਕ-ਦੋ ਐਸੇ ਵੀ ਹੋਣ। ਮਾਸਟਰ ਨੇ ਕਿਹਾ ਮੈਨੂੰ ਇਕ ਦੋ ਬੱਚਿਆਂ ਕਰਕੇ ਸਾਰਿਆਂ ਤੇ ਇਤਬਾਰ ਕਰਨਾ ਪੈਂਦਾ ਹੈ। ਇਸ ਲਈ ਮੈਂ ਤਾਂ ਇਹ ਕਹਾਂਗਾ ਕਿ ਬੀ.ਐਸ.ਐਫ. ਵਾਲੇ ਕੁਝ ਵੀ ਕਹਿਣ, ਜਿੰਨੀ ਮਰਜ਼ੀ ਸਿਕਓਰਿਟੀ ਟਾਈਟ

ਕਰਨ, ਪਰ ਇਹ ਖਿਆਲ ਰਖਣਾ ਚਾਹੀਦਾ ਹੈ ਕਿ ਉਨ੍ਹਾਂ ਲੋਕਾਂ ਦਾ ਰੋਜ਼ਗਾਰ ਨਾ ਮਾਰਿਆ ਜਾਵੇ। ਉਨ੍ਹਾਂ ਦੀ ਜਿਹੜੀ ਮੁਸ਼ਕਲ ਹੈ ਉਸ ਦਾ ਹੱਲ ਜ਼ਰੂਰ ਕਰਨਾ ਚਾਹੀਦਾ ਹੈ।

ਰਾਜ ਮੰਤਰੀ: ਜਿਸ ਤਰ੍ਹਾਂ ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਅਸੀਂ ਆਪ ਇਸ ਵਾਸਤੇ ਸੋਚਿਆ ਹੈ ਅਤੇ ਜਲਦੀ ਹੀ ਇਸ ਵਿਚ ਕੁਝ ਸੁਧਾਰ ਲਿਆਵਾਂਗੇ। ਲੇਕਿਨ ਜਿਹੜੀ ਸਰਕੰਡੇ ਵਾਲੀ ਗਲ ਇਨ੍ਹਾਂ ਨੇ ਕੀਤੀ ਹੈ ਇਹ ਤਾਂ ਇਨ੍ਹਾਂ ਨੂੰ ਹੀ ਪਤਾ ਹੋਣੀ ਹੈ। ਅਸੀਂ ਕੋਈ ਫਸਲ ਬਰਬਾਦ ਨਹੀਂ ਹੋਣ ਦੇ ਰਹੇ। ਬਾਰਡਰ ਤੇ ਫਸਲ ਬਹੁਤ ਅੱਛੀ ਹੋ ਰਹੀ ਹੈ। ਬਾਕੀ ਗੱਲਾਂ ਦਾ ਜਵਾਬ ਮੈਂ ਦੇ ਚੁਕਾ ਹਾਂ ਸ਼ਾਇਦ ਇਨ੍ਹਾਂ ਸੁਣਿਆ ਨਹੀਂ।

(ਇਸ ਵੇਲੇ ਸਰਦਾਰ ਨਿਰਮਲ ਸਿੰਘ ਕਾਹਲੋਂ ਸਪਲੀਮੈਂਟਰੀ ਕਰਨ ਲਈ ਖੜੇ ਹੋਏ।)

ਸ੍ਰੀ ਸਪੀਕਰ: ਤੁਸੀਂ ਤਾਂ ਆਪ ਡਿਪਟੀ ਸਪੀਕਰ ਰਹੇ ਹੋ। ਇਕ ਕਾਲ ਅਟੈਨਸ਼ਨ ਤੇ ਦੂਜਾ ਸਵਾਲ ਨਹੀਂ ਕੀਤਾ ਜਾ ਸਕਦਾ। ਨੈਕਸਟ ਕਾਲ ਅਟੈਨਸ਼ਨ ਮੋਸ਼ਨ।

(Serial No. 13)

Shri Ram Kishan Kataria : Sir, I beg to draw the attention of the Government towards a matter of urgent public importance, namely, that a choe near Nanowal village in SAROA block of Tehsil Balachaur, District Hoshiarpur had changed its course during the last rainy season, thereby flowing direct into the locality of village Attal Majra, and did damage the houses and Agricultural land etc. of the inhabitants.

There is a great anxiety prevailing amongst the residents of the area on account of the change of water course from its normal channel.

In view of the urgency of the matter, the Government may be asked to make a statement in the house as to the steps it proposes to take to ensure safety of the inhabitants.

ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ (ਸਰਦਾਰ ਹਰੀ ਸਿੰਘ ਜ਼ੀਰਾ): ਸਪੀਕਰ ਸਾਹਿਬ, ਨਾਨੋਵਾਲ ਚੋਅ ਸ਼ਿਵਾਲਿਕ ਪਹਾੜੀਆਂ ਵਿਚੋਂ ਨਿਕਲ ਕੇ ਨਾਨੋਵਾਲ, ਜੀਤਪੁਰ, ਧਰਮਪੁਰ ਅਤੇ ਅਟੱਲਮਾਜਰਾ ਪਿੰਡਾਂ ਦੇ ਨਜ਼ਦੀਕ ਦੀ ਵਗਦਾ ਹੈ। ਸਾਲ 1978-79 ਅਤੇ 1979-80 ਵਿਚ ਚੋਅ ਦੇ ਦੋਹੀਂ ਪਾਸੀਂ ਇਨ੍ਹਾਂ ਪਿੰਡਾਂ ਨੂੰ ਬਚਾਉਣ ਲਈ ਬੰਧ ਬਣਾਏ ਗਏ ਸਨ। ਪਿਛਲੀ ਬਰਸਾਤ ਦੇ ਮੌਸਮ ਵਿਚ ਚੋਅ ਨੇ ਆਪਣਾ ਰਸਤਾ ਬਦਲ ਕੇ ਕਈ ਥਾਵਾਂ ਤੇ ਬੰਧ ਵਿਚ ਖੱਪੇ ਪਾਏ ਅਤੇ ਆਰ.ਡੀ. 3450 ਅਤੇ 4250 ਦੇ ਕੰਢਿਆਂ ਨੂੰ ਢਾਹ ਲਾਈ। 1986 ਦੀਆਂ ਬਰਸਾਤਾਂ ਵਿਚ ਭਾਵੇਂ ਪਾਣੀ ਇਨ੍ਹਾਂ ਖੱਪਿਆਂ ਵਿਚੋਂ ਖੇਤਾਂ ਵਿੱਚ ਵਗਿਆ ਫਿਰ ਵੀ ਫ਼ਸਲਾਂ ਨੂੰ ਕੋਈ ਬਹੁਤਾ ਨੁਕਸਾਨ ਨਹੀਂ ਪੁੱਜਾ। ਅਟੱਲਮਾਜਰਾ ਪਿੰਡ ਦੀ ਆਬਾਦੀ ਚੋਅ ਦੇ ਵਹਿਣ ਤੋਂ ਤਕਰੀਬਨ 1 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ ਅਤੇ ਨਾਨੋਵਾਲ ਪਿੰਡ ਤੋਂ ਤਕਰੀਬਨ 4 ਕਿਲੋਮੀਟਰ ਹੇਠਲੇ ਪਾਸੇ ਹੈ: ਹੁਣ ਦੇ ਹਾਲਾਤ ਵਿਚ ਵੀ ਅਟੱਲ ਮਾਜਰਾ ਪਿੰਡ ਦੀ ਆਬਾਦੀ ਨੂੰ ਕੋਈ ਖਤਰਾ ਨਹੀਂ। ਭਾਵੇਂ ਕਿਸੇ ਪਿੰਡ ਦੀ ਆਬਾਦੀ ਨੂੰ ਖੇਤੀਯੋਗ ਜ਼ਮੀਨ ਨੂੰ ਖਤਰੇ ਦੀ ਸੰਭਾਵਨਾ ਬਹੁਤ ਘੱਟ ਹੈ ਫਿਰ ਵੀ ਅਨੁਮਾਨ ਇਸ ਵਿਚਾਰ ਨਾਲ ਤਿਆਰੀ ਅਧੀਨ ਹਨ ਕਿ ਜੇ ਫੰਡ ਉਪਲੱਬਧ ਹੋਏ ਤਾਂ ਮੁਰੰਮਤ ਦੇ ਕੰਮਾਂ ਨੂੰ ਹੱਥ ਵਿੱਚ ਲਿਆ ਜਾਵੇਗਾ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਆਮ ਤੌਰ ਤੇ ਕਾਲ ਅਟੈਨਸ਼ਨ ਦਾ ਜਵਾਬ ਹਮੇਸ਼ਾਂ ਡੀਟੇਲ ਵਿਚ ਆਉਂਦਾ ਹੈ । ਜਵਾਬ ਇਥੇ ਡੀਟੇਲ ਵਿਚ ਆਉਣਾ ਚਾਹੀਦਾ ਸੀ, ਮਨਿਸਟਰ ਦੇ ਜਵਾਬ ਦੀ ਇਕ ਕਾਪੀ ਸਾਰੇ ਮੈਂਬਰ ਸਾਹਿਬਾਨ ਕੋਲ ਆਉਣੀ ਚਾਹੀਦੀ ਹੈ ਅਤੇ ਇਕ ਕਾਪੀ ਜਵਾਬ ਦੀ ਹਾਊਸ ਦੀ ਟੇਬਲ ਤੇ ਆਉਣੀ ਚਾਹੀਦੀ ਹੈ ਤਾਂਕਿ ਸਾਰੇ ਮੈਂਬਰ ਸਾਹਿਬ ਇਸ ਜਵਾਬ ਨੂੰ ਪੜ੍ਹ ਸਕਣ। ਜੇਕਰ ਇਸ ਦੇ ਲਈ ਰੂਲਜ਼ ਦੀ ਅਮੈਂਡਮੈਂਟ ਕਰਨ ਦੀ ਲੋੜ ਹੋਵੇ ਤਾਂ ਅਮੈਂਡਮੈਂਟ ਕਰ ਲੈਣੀ ਚਾਹੀਦੀ ਹੈ। ਸਪੀਕਰ ਸਾਹਿਬ, ਇਹ ਪਿੰਡ ਨਾਨੋਵਾਲ ਮੇਰੇ ਪਿੰਡ ਤੋਂ ਕੇਵਲ 4-5 ਕਿਲੋਮੀਟਰ ਤੇ ਹੀ ਹੈ। ਚਾਹੇ ਇਹ ਕੋਰਸ ਚੇਂਜ ਹੋਣ ਕਰਕੇ ਹੋਇਆ ਹੈ । ਇਸ ਦੇ ਨਾਲ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਹੈ ਅਤੇ ਘਰਾਂ ਦਾ ਨੁਕਸਾਨ ਹੋਇਆ ਹੈ ਐਗਰੀਕਲਚਰ ਲੈਂਡ ਦਾ ਨੁਕਸਾਨ ਹੋਇਆ ਹੈ। ਉਹ ਲੋਕ ਮੇਰੇ ਕੋਲ ਆਏ ਸਨ ਅਤੇ ਮੈਂ ਵੀ ਉਥੇ ਮੌਕਾ ਦੇਖਣ ਲਈ ਗਿਆ ਸੀ ਅਤੇ ਲੋਕ ਕਹਿੰਦੇ ਸਨ ਕਿ ਸਰਕਾਰ ਚਾਹੇ ਸਾਨੂੰ ਮਕਾਨਾਂ ਦੇ ਨੁਕਸਾਨ ਦਾ ਮੁਆਵਜ਼ਾ/ਕਲੇਮ ਨਾ ਦੇਵੇ ਪਰ ਇਸ ਚੋਅ ਨੂੰ ਠੀਕ ਕਰ ਦੇਵੇ ਅਤੇ ਇਸ ਦੀ ਮੁਰੰਮਤ ਹੋਣੀ ਚਾਹੀਦੀ ਹੈ ਤਾਕਿ ਅਗਲੀ ਬਰਸਾਤ ਆਉਣ ਤੋਂ ਪਹਿਲਾਂ ਇਹ ਠੀਕ ਹੋ ਜਾਵੇ। ਮਹਿਕਮੇ ਦੇ ਬੜੇ ਜ਼ਿੰਮੇ-ਵਾਰ ਅਫ਼ਸਰ ਮੌਕਾ ਦੇਖ ਕੇ ਆਏ ਹਨ ਪਰ ਜਵਾਬ ਵਿਚ ਮਨਿਸਟਰ ਸਾਹਿਬ ਡੀਨਾਈ ਕਰ ਗਏ ਹਨ ਕਿ ਉਥੇ ਕੋਈ ਨੁਕਸਾਨ ਨਹੀਂ ਹੋਇਆ ਹੈ । ਇਨ੍ਹਾਂ ਨੂੰ ਮਹਿਕਮੇ ਵਲੋਂ ਇਨਫਰਮੇਸ਼ਨ ਗਲਤ ਮਿਲੀ ਹੈ। ਮੈਂ ਖੁਦ ਮੌਕਾ ਦੇਖ ਕੇ ਆਇਆ ਹਾਂ ਅਤੇ ਤੁਸੀਂ ਵੀ ਇਸ ਦੀ ਦੁਬਾਰਾ ਪੜਤਾਲ ਕਰਵਾ ਲਵੋ ਅਤੇ ਇਸ ਪਿੰਡ ਨੂੰ ਬਚਾਓ।

ਰਾਜ ਮੰਤਰੀ : ਸਪੀਕਰ ਸਾਹਿਬ, ਸਬੰਧਤ ਨਿਗਰਾਨ ਇੰਜੀਨੀਅਰ ਵਲੋਂ ਦਿੱਤੀ ਸੂਚਨਾ ਅਨੁਸਾਰ ਪਿੰਡ ਅਟੱਲਮਾਜਰਾ ਦੇ ਘਰਾਂ ਨੂੰ ਹੜ੍ਹ ਨਾਲ ਹੋਏ ਨੁਕਸਾਨ ਬਾਰੇ ਕੋਈ ਸੂਚਨਾ ਨਹੀਂ ਮਿਲੀ । ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੀ ਸੂਚਨਾ ਦੇ ਆਧਾਰ ਤੇ ਮਾਲ ਵਿਭਾਗ ਨੇ ਦਸਿਆ ਹੈ ਕਿ ਬਰਸਾਤ ਦੇ ਮੌਸਮ ਦੌਰਾਨ ਕਿਤੇ ਵੀ ਫ਼ਸਲਾਂ ਜਾਂ ਮਕਾਨਾਂ ਦਾ ਨੁਕਸਾਨ ਨਹੀਂ ਹੋਇਆ।

ਅਜਿਹਾ ਕੋਈ ਗੰਭੀਰ ਨੁਕਸਾਨ ਨਹੀਂ ਹੋਇਆ ਜਿਸ ਨੇ ਕਿ ਪਿੰਡ ਅਟੱਲਮਾਜਰਾ ਦੀ ਆਬਾਦੀ ਤੇ ਬੁਰਾ ਪ੍ਰਭਾਵ ਪਾਇਆ ਹੋਵੇ। ਫਿਰ ਵੀ ਮੌਜੂਦਾ ਕੰਮਾਂ ਦੀ ਪੜਤਾਲ ਕੀਤੀ ਜਾਵੇਗੀ ਅਤੇ ਜੇ ਕੰਮਾਂ ਦੀ ਮੁਰੰਮਤ ਜਾਂ ਸੋਧਣ ਦੀ ਜ਼ਰੂਰਤ ਹੋਈ ਤਾਂ ਆਬਾਦੀ ਦੇ ਬਚਾਓ ਲਈ ਯੋਗ ਸਕੀਮਾਂ ਦੀ ਪੜਤਾਲ ਕਰਵਾਈ ਜਾਵੇਗੀ। ਚੂੰਕਿ ਮਾਨਯੋਗ ਮੈਂਬਰ ਸਾਹਿਬਾਨ ਨੇ ਕਿਹਾ ਹੈ ਇਸ ਬਾਰੇ ਦੁਬਾਰਾ ਵਿਚਾਰ ਕਰ ਕੇ ਪੜਤਾਲ ਕਰਾਂਗੇ । ਜੇ ਫੇਰ ਵੀ ਲੋੜ ਹੋਈ ਤਾਂ ਮੈਂਬਰ ਸਾਹਿਬਾਨ ਨੂੰ ਨਾਲ ਲੈ ਲਿਆ ਜਾਵੇਗਾ ਤਾਕਿ ਠੀਕ ਪ੍ਰਬੰਧ ਹੋ ਸਕੇ।

ਸ੍ਰੀ ਸਪੀਕਰ : ਕੱਲ੍ਹ ਦਾ ਰਹਿੰਦਾ ਲੈਜਿਸਲੇਟਿਵ ਬਿਜ਼ਨੈਸ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਹਾਊਸ ਨੂੰ ਇਸ ਸਿਲਸਿਲੇ ਵਿਚ ਭਰੋਸੇ ਵਿਚ ਲੈਣਾ ਚਾਹੁੰਦਾ ਹਾਂ ਕਿ ਜਿਹੜਾ ਕੁਝ ਮਾਨਯੋਗ ਮੈਂਬਰ ਸਾਹਿ-ਬਾਨ ਨੇ ਕੱਲ੍ਹ ਇਹ ਖਦਸ਼ਾ ਪ੍ਰਗਟ ਕੀਤਾ ਸੀ ਐਪਰੀਹੈਨਸ਼ਨ ਦਾ ਕਿ ਫਾਇਰ ਆਰਮਜ਼ ਲੈ ਕੇ ਕੁਝ ਲੋਕ ਅੰਦਰ ਆਏ ਹਨ ਉਸ ਸਬੰਧੀ ਮੈਂ ਪੂਰੀ ਤਰ੍ਹਾਂ ਤਫਤੀਸ਼ ਕੀਤੀ ਹੈ। ਕੱਲ੍ਹ ਮੇਰੇ ਚੈਂਬਰ ਵਿਚ ਮਾਨਯੋਗ ਮੈਂਬਰ ਸਾਹਿਬਾਨ ਹਾਊਸ ਦੇ ਵੱਖ ਵੱਖ ਵਰਗਾਂ ਵਿਚੋਂ ਪਾਰਟੀ ਦੇ ਨੁਮਾਇੰਦਿਆਂ ਵਲੋਂ ਸੱਜਣ ਆਏ ਸਨ। ਉਨ੍ਹਾਂ ਨਾਲ ਕਾਫੀ ਲੰਬੀ ਵਿਚਾਰ ਹੋਈ ਸੀ ਅਤੇ ਕਾਫੀ ਸਦਭਾਵਨਾਂ ਵਾਲੇ ਮਾਹੌਲ ਵਿੱਚ ਵਿਚਾਰ ਹੋਇਆ ਸੀ ਅਤੇ ਇਸ ਮਸਲੇ ਉਤੇ ਸਾਰੇ ਸਹਿਮਤ ਸਨ। ਜਿੱਥੋਂ ਤਕ ਇਸ ਆਗਸਟ ਹਾਊਸ ਦੀਆਂ ਰਵਾਇਤਾਂ ਦਾ ਤੁਅੱਲਕ ਹੈ, ਟਰੈਡੀਸ਼ਨ ਦਾ ਤੁਅਲਕ ਹੈ ਇਸ

ਬਾਰੇ ਕੋਈ ਨਾ ਕੰਪ੍ਰੋਮਾਈਜ਼ ਹੋਇਆ ਹੈ ਅਤੇ ਨਾ ਹੋ ਸਕਦਾ ਹੈ।ਇਹ ਹਾਊਸ ਸਾਰੇ ਪੰਜਾਬ ਦੇ ਲੋਕਾਂ ਦਾ ਚੁਣਿਆ ਹੋਇਆ ਹੈ। ਇਸ ਦਾ ਸਾਰੇ ਸਤਿਕਾਰ ਕਰਦੇ ਹਨ ਅਤੇ ਮੇਰੀ ਇਸ ਵਿਚ ਜ਼ਿਆਦਾ ਜ਼ਿੰਮੇਵਾਰੀ ਹੈ। ਇਸ ਬਾਰੇ ਕੱਲ੍ਹ ਜੋ ਇਨਕੁਆਇਰੀ ਕੀਤੀ ਹੈ, ਅਤੇ ਮੈਂ ਡਿਸਕਸ - ਕੀਤਾ ਹੈ। ਇਸ ਬਾਰੇ ਸਿੱਟਾ ਆਪ ਦੇ ਗਿਆਤ ਲਈ ਪੇਸ਼ ਕਰਦਾ ਹਾਂ। ਇਸ ਹਾਊਸ ਵਿਚ ਜਿਥੇ ਅਸੀਂ ਬੈਠੇ ਹਾਂ ਇਸ ਦੇ ਫਲੋਰ ਆਫ ਦੀ ਹਾਊਸ ਅਤੇ ਗੈਲਰੀਆਂ ਵਿਚ, ਲੌਬੀਆਂ ਵਿਚ ਜਿਥੇ ਅਖਬਾਰਾਂ ਪਈਆਂ ਹੋਈਆਂ ਹਨ ਇਸ ਦੇ ਵਿਚ ਵਾਚ ਐਂਡ ਵਾਰਡ ਦੇ ਬੰਦੇ ਲਗੇ ਹੋਏ ਹਨ। ਇਸ ਵਾਚ ਐਂਡ ਵਾਰਡ ਸਟਾਫ ਦਾ ਕੋਈ ਵੀ ਮੈਂਬਰ ਫਾਇਰ ਆਰਮਜ਼ ਲੈ ਕੇ ਅੰਦਰ ਨਹੀਂ ਆ ਸਕਦਾ ਅਤੇ ਨਾ ਹੀ ਲੈ ਕੇ ਆਇਆ ਹੈ। ਇਹ ਵਿਧਾਨ ਸਭਾ ਦੇ ਕਰਮਚਾਰੀ ਹਨ। ਇਹ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਦੀ ਅਸਿਸਟੈਂਸ ਅਤੇ ਸਹਾਇਤਾ ਵਾਸਤੇ ਹਨ ਅਤੇ ਮੇਰੀ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਉਹ ਵੀ ਕੋਈ ਫਾਇਅਰ ਆਰਮਜ਼ ਸੈਸ਼ਨ ਦੇ ਦੌਰਾਨ ਅੰਦਰ ਲੈ ਕੇ ਨਾ ਆਉਣ ਅਤੇ ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਸਾਰੇ ਮੈਨੂੰ ਪੂਰਾ ਸਹਿਯੋਗ ਦੇਵੋਗੇ। ਪਿਛੇ ਗੱਲਬਾਤ ਹੋਈ ਅਤੇ ਮੈਂਬਰਜ਼ ਨੇ ਰੋਸ ਪ੍ਰਗਟ ਕੀਤਾ ਸੀ ਕਿ ਸਿਕਿਉ-ਰਿਟੀ ਵਾਲੇ ਮੈਂਬਰਾਂ ਦੀ ਤਲਾਸ਼ੀ ਲੈਂਦੇ ਹਨ। ਇਸ ਲਈ ਹੁਣ ਕੋਈ ਵੀ ਸਿਕਿਉਰਿਟੀ ਵਾਲੇ ਆਨਰੇਬਲ ਮੈਂਬਰਜ਼ ਦੀ ਤਲਾਸ਼ੀ ਨਹੀਂ ਲੈਣਗੇ। ਅਸੀਂ ਜੇ ਚਾਹੁੰਦੇ ਹਾਂ ਕਿ ਸਾਡੀ ਕੋਈ ਤਲਾਸ਼ੀ ਨਾ ਲਵੇ ਫਿਰ ਅਸੀਂ ਸਾਰੇ ਪੂਰੀ ਨਿਸ਼ਚਾ ਅਤੇ ਜ਼ਿੰਮੇਵਾਰੀ ਨਾਲ ਇਥੇ ਆਈਏ ਅਤੇ ਕੋਈ ਵੀ ਮੈਂਬਰਜ਼ ਫਾਇਅਰ ਆਰਮਜ਼ ਲੈ ਕੇ ਨਾ ਆਏ। ਕੱਲ੍ਹ ਦੀ ਮੀਟਿੰਗ ਵਿਚ ਕੈਪਟਨ ਅਮਰਿੰਦਰ ਸਿੰਘ, ਰਾਜਾ ਸਾਹਿਬ, ਲਾਲਪੁਰਾ ਸਾਹਿਬ, ਸਰਦਾਰ ਕਿਰਪਾਲ ਸਿੰਘ ਅਤੇ ਮਹਿਰਾ ਸਾਹਿਬ ਅਤੇ ਮੈਂ ਵੀ ਸੀ। ਇਸ ਮੀਟਿੰਗ ਵਿਚ ਨਿਰਣਾ ਲਿਆ ਸੀ ਕਿ ਹਾਊਸ ਦੀ ਪੂਰੀ ਤਰ੍ਹਾਂ ਨਾਲ ਮਰਿਯਾਦਾ ਰੱਖੀ ਜਾਵੇ ਅਤੇ ਕੋਈ ਵੀ ਮੈਂਬਰ ਫਾਇਰ ਆਰਮਜ਼ ਲੈ ਕੇ ਗੈਲਰੀਆਂ ਵਿਚ, ਫਲੋਰ ਆਫ ਦੀ ਹਾਊਸ ਵਿਚ, ਲੌਬੀ ਵਿਚ ਨਾ ਆਵੇ। ਕੁਝ ਮੈਂਬਰਜ਼ ਅੰਦਰ ਆ ਜਾਂਦੇ ਹਨ ਫਾਇਰ ਆਰਮਜ਼ ਲੈ ਕੇ। ਇਹ ਆਪਣੀ ਸਿਕਿਉਰਿਟੀ ਵਾਸਤੇ ਗੇਟ ਤੱਕ ਲੈ ਕੇ ਆ ਸਕਦੇ ਹਨ। ਉਹ ਆਪਣੇ ਗਾਰਡ ਦੇ ਹਵਾਲੇ ਕਰਕੇ ਆ ਸਕਦੇ ਹਨ ਜਾਂ ਫਿਰ ਸਾਡਾ ਸਟਾਫ ਹੈ ਉਸ ਕੋਲ ਜਮ੍ਹਾਂ ਕਰਵਾ ਕੇ ਆ ਸਕਦੇ ਹਨ। ਸਟਾਫ ਦਾ ਪ੍ਰਬੰਧ ਅਸੀਂ ਕਰ ਦਿੱਤਾ ਹੈ ਜਾਂ ਫੇਰ ਉਥੇ ਲੌਕਰ ਲਗਾ ਦਿੱਤੇ ਹਨ ਉਸ ਦੇ ਵਿਚ ਰੱਖ ਸਕਦੇ ਹਨ ਅਤੇ ਚਾਬੀ ਆਪਣੇ ਪਾਸ ਰੱਖ ਸਕਦੇ ਹਨ। ਅਤੇ ਹੋਰ ਡਾਕੂਮੈਂਟਸ ਵੀ ਰੱਖ ਸਕਦੇ ਹਨ ਅਤੇ ਵਾਪਸੀ ਦੇ ਟਾਈਮ ਲਿਜਾ ਸਕਦੇ ਹਨ। ਲੌਕਰ ਵਿਚ ਫਾਇਰ ਆਰਮਜ਼ ਸੇਫ਼ ਵੀ ਰਹਿਣਗੇ। ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਸੰਤੁਸ਼ਟ ਹੋਣਗੇ। ਹੁਣ ਕੱਲ੍ਹ ਦਾ ਲੈਜਿਸਲੇਟਿਵ ਬਿਜ਼ਨੈਸ ਸ਼ੁਰੂ ਕਰਾਂਗੇ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਤੁਹਾਡਾ ਬੜਾ ਧੰਨਵਾਦ ਹੈ। ਇਸ ਹਾਊਸ ਵਿਚ, ਇਸ ਫਲੋਰ ਆਫ ਦੀ ਹਾਊਸ ਤੇ ਕੋਈ ਵੀ ਫਾਇਰ ਆਰਮਜ਼ ਲੈ ਕੇ ਨਹੀਂ ਆ ਸਕਦਾ ਪਰ ਬਿਲਡਿੰਗ ਵਿਚ ਤੁਹਾਡੇ ਵੱਲੋਂ ਇਜਾਜ਼ਤ ਦਿੱਤੀ ਹੋਈ ਹੈ ਕਿ ਫਾਇਰ ਆਰਮਜ਼ ਲੈ ਕੇ ਲੋਕ ਆ ਸਕਦੇ ਹਨ। ਬਾਕੀ ਵਾਚ ਐਂਡ ਵਾਰਡ ਦੀ ਗੱਲ ਤੁਸੀਂ ਕੀਤੀ ਹੈ। ਇਸ ਦੇ ਵਿਚ ਪੁਲਿਸ ਦੇ ਬੰਦੇ ਵਾਚ ਐਂਡ ਵਾਰਡ ਦੇ ਬਿੱਲੇ ਲਗਾ ਕੇ ਆਏ ਹੋਏ ਹਨ ਹਾਊਸ ਵਿਚ। ਮੈਂ ਇਨ੍ਹਾਂ ਦੋ ਗਲਾਂ ਦੀ ਕਲੈਰੀਫੀਕੇਸ਼ਨ ਲੈਣਾ ਚਾਹੁੰਦਾ ਹਾਂ। ਕੋਈ ਗੰਨਮੈਨ ਆਰਮਜ਼ ਲੈ ਕੇ ਆ ਜਾ ਸਕਦਾ ਹੈ। ਦੂਸਰਾ, ਵਾਚ ਐਂਡ ਵਾਰਡ ਪੁਲਿਸ ਦੇ ਕਰਮਚਾਰੀ ਇਸ ਸੈਸ਼ਨ ਵਿਚ ਭਰਤੀ ਕੀਤੇ ਹਨ।

ਸ੍ਰੀ ਸਪੀਕਰ: ਸਿਕਿਉਰਿਟੀ ਦੇ ਪਰਪਜ਼ ਲੈਪਸ ਹੋ ਜਾਣਗੇ ਜੇ ਸਾਰੀ ਗੱਲ ਇਸ ਹਾਊਸ ਵਿਚ ਲੀਕ ਕੀਤੀ ਜਾਵੇ। ਪੁਲਿਸ ਦੇ ਬੰਦੇ ਵਾਚ ਐਂਡ ਵਾਰਡ ਨਹੀਂ ਹਨ। ਇਹ ਡਾਇਰੈਕਟ ਮੇਰੀ

[ਸ੍ਰੀ ਸਪੀਕਰ]

ਸੁਪਰਵੀਜ਼ਨ ਵਿਚ ਹਨ । ਇਹ ਮੈਂਬਰਾਂ ਦੀ ਸਹਾਇਤਾ ਵਾਸਤੇ ਹਨ। ਜੋ ਵਿਵਰਣ ਕੀਤਾ ਹੈ ਮੈਂ ਬੇਨਤੀ ਕਰਦਾ ਹਾਂ ਕਿ ਇਹ ਮੈਂਬਰ ਸਾਹਿਬਾਨ ਦੀ ਸੇਵਾ ਵਾਸਤੇ ਹਨ । ਕੋਈ ਵੀ ਵਾਚ ਐਂਡ ਵਾਰਡ ਫਾਇਰ ਆਰਮਜ਼ ਲੈ ਕੇ ਨਹੀਂ ਆਵੇਗਾ । ਕੱਲ੍ਹ ਹੀ ਇਹ ਨਿਰਣਾ ਹੋਇਆ ਹੈ ।

So, now we take up the Legislative Business regarding resumption of discussion on consideration of the Punjab Town Improvement (Amendment) Bill.

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ, ਤੁਸੀਂ ਕਿਹਾ ਸੀ ਕਿ ਪੁਲਿਸ ਦੇ ਬੰਦੇ ਕੁਝ ਟਾਈਮ ਲਈ ਵਾਚ ਐਂਡ ਵਾਰਡ ਵਾਸਤੇ ਲਏ ਹਨ। ਇਹ ਪੁਲਿਸ ਡਿਪਾਰਟਮੈਂਟ ਤੋਂ ਉਧਾਰੇ ਲਏ ਹਨ। ਕੀ ਇਹ ਵੀ ਅੰਦਰ ਆ ਸਕਦੇ ਹਨ ?

ਸ੍ਰੀ ਸਪੀਕਰ: ਇਹ ਵੀ ਫਾਇਰ ਆਰਮਜ਼ ਲੈ ਕੇ ਅੰਦਰ ਨਹੀਂ ਆਉਣਗੇ ਚਾਹੇ ਕਿਸੇ ਕਿਸਮ ਦਾ ਹੋਵੇ। ਫਾਇਰ ਆਰਮ ਲੈ ਕੇ ਵਾਚ ਐਂਡ ਵਾਰਡ ਵਾਲੇ ਅੰਦਰ ਨਹੀਂ ਆਉਣਗੇ ।

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ, ਜਿਹੜੇ ਉਧਾਰੇ ਲਏ ਹੋਏ ਹਨ ......

ਸ੍ਰੀ ਸਪੀਕਰ: ਇਹ ਮੈਂਬਰਾਂ ਦੀ ਅਸਿਸਟੈਂਸ ਵਾਸਤੇ ਵਾਚ ਐਂਡ ਵਾਰਡ ਸਟਾਫ ਹਨ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਕੀ ਤੁਸੀਂ ਪੁਲਿਸ ਡਿਪਾਰਟਮੈਂਟ ਤੋਂ ਸਟਾਫ ਵਾਚ ਐਂਡ ਵਾਰਡ ਵਾਸਤੇ ਲਿਆ ਹੋਇਆ ਹੈ ?

ਸ੍ਰੀ ਸਪੀਕਰ: ਢੀਂਡਸਾ ਸਾਹਿਬ, ਤੁਸੀਂ ਮਨਿਸਟਰ ਰਹੇ ਹੋ ਅਤੇ ਤੁਹਾਨੂੰ ਪਤਾ ਵੀ ਹੈ ਕਿ ਇਹ ਵਾਚ ਐਂਡ ਵਾਰਡ ਸਟਾਫ ਮੈਂਬਰਾਂ ਦੀ ਸੇਵਾ ਵਾਸਤੇ ਹੈ (ਹਾਸਾ) ਸੇਵਾ ਦਾ ਭਾਵ ਸਿੱਖੀ ਤੋਂ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਇਕ ਹੋਰ ਬੇਨਤੀ ਹੈ ਕਿ ਜਿਹੜਾ ਵਿਧਾਨ ਸਭਾ ਦੇ ਮੁਲਾਜ਼ਮਾਂ ਦੇ ਘਰਾਂ ਵਿਚ ਜਾ ਕੇ ਇਨਕੁਆਇਰੀ ਕੀਤੀ । ਉਸ ਸਬੰਧੀ ਮੁੱਖ ਮੰਤਰੀ ਸਾਹਿਬ ਵਲੋਂ ਜਾਂ ਹੋਮ ਮਨਿਸਟਰ ਵਲੋਂ ਕੋਈ ਜਵਾਬ ਨਹੀਂ ਆਇਆ।

ਸ੍ਰੀ ਸਪੀਕਰ: ਮੈਂ ਉਡੀਕ ਕਰ ਰਿਹਾ ਹਾਂ। I will pursue the matter.

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਇਹ ਕੱਲ੍ਹ ਤਕ ਜਵਾਬ ਦੇ ਦੇਣ।

ਸ੍ਰੀ ਸਪੀਕਰ: ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਸਬੰਧੀ ਜੋ ਵੀ ਫੈਸਲਾ ਜਾਂ ਨਿਰਣਾ ਲਿਆ ਗਿਆ ਹੈ, ਹੁਣ ਦੱਸ ਦੇਣ। ਜੇਕਰ ਨਹੀਂ ਲਿਆ ਗਿਆ ਤਾਂ ਫਿਰ ਦੱਸ ਦੇਣ ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ): ਸਪੀਕਰ ਸਾਹਿਬ, ਇਹ ਕੋਈ ਸਪੈਸੇਫਿਕ ਇਨਸਟਾਂਸ ਦੱਸ ਦੇਣ ।

ਸ੍ਰੀ ਸਪੀਕਰ: ਮੈਂ ਪਰਸੋਂ ਚਿੱਠੀ ਲਿਖੀ ਸੀ।

ਮੁੱਖ ਮੰਤਰੀ: ਸਪੀਕਰ ਸਾਹਿਬ, ਉਹ ਅਜੇ ਮਿਲੀ ਨਹੀਂ ਹੈ।

(At this stage some hon. Members were speaking)

*M*r. **Speaker :** Let Mr. Bhunder speak.

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸਪੀਕਰ ਸਾਹਿਬ, ਤੁਸੀਂ ਇਸ ਹਾਊਸ ਦੇ ਆਨਰੇਬਲ ਮੈਂਬਰਾਂ ਨੂੰ ਨਾਲ ਲੈ ਕੇ ਇਕ ਬਹੁਤ ਸੱਚਾ ਔਰ ਵਧੀਆ ਫੈਸਲਾ ਕੀਤਾ ਸੀ। ਇਹ ਬਹੁਤ ਹੀ ਅੱਛੀ ਗੱਲ ਹੈ ਕਿ ਹਾਊਸ ਦੀ ਪਰੰਪਰਾ ਨੂੰ ਕਾਇਮ ਰੱਖਣ ਦਾ ਯਤਨ ਕੀਤਾ ਗਿਆ ਹੈ। ਹਾਊਸ ਦੇ ਸਾਰੇ ਮੈਂਬਰਾਂ ਨੇ ਵੀ ਯਕੀਨ ਦਿਵਾਇਆ ਸੀ ਕਿ ਹਰ ਇਕ ਮੈਂਬਰ ਦੀ ਜ਼ਿੰਮੇਵਾਰੀ ਹੈ। ਮੈਂਬਰ ਸਾਹਿਬਾਨ ਡੈਮੋਕਰੇਸੀ ਵਿਚ ਜ਼ਿੰਮੇਵਾਰੀ ਨਾਲ ਆਉਂਦੇ ਹਨ। ਮੈਂਬਰਜ਼ ਆਪਣੇ ਲੋਕਾਂ ਦੀਆਂ ਭਾਵਨਾਵਾਂ ਨੂੰ ਹਾਊਸ ਵਿਚ ਰਖਦੇ ਹਨ। ਉਨ੍ਹਾਂ ਦੀ ਨਿੱਜੀ ਕੋਈ ਗੱਲ ਨਹੀਂ ਹੁੰਦੀ। ਅੱਜ ਵੀ ਤੁਹਾਡੇ ਕਹਿਣ ਦੇ ਮੁਤਾਬਿਕ ਹੈ ਕਿ ਪੁਲਿਸ ਭਰਤੀ ਕੀਤੀ ਹੈ। ਤੁਸੀਂ ਇਹ ਚੀਜ਼ ਮੰਨ ਚੁਕੇ ਹੋ ਕਿ ਪੁਲਿਸ ਹੈ। ਇਸ ਤੋਂ ਵੱਡੀ ਜ਼ਿੰਮੇਵਾਰੀ ਕੀ ਹੈ? ਜਦੋਂ ਕਿ ਜ਼ਿੰਮੇਵਾਰ ਮੈਂਬਰਾਂ ਦੇ ਨਾਲ ਫੈਸਲਾ ਕਰ ਲਿਆ ਹੈ, ਫਿਰ ਵੀ ਹਾਊਸ ਵਿਚ ਪੁਲਿਸ ਮੌਜੂਦ ਹੈ। ਅਸੀਂ ਦੁਬਾਰਾ ਰਿਕੁਐਸਟ ਕਰਾਂਗੇ ਵਿਦ ਪਰੋਟੈਸਟ ਰਿਕੁਐਸਟ ਕਰਾਂਗੇ ਕਿ ਪੁਲਿਸ ਬਿਲਕੁਲ ਅੰਦਰ ਨਹੀਂ ਆਉਣੀ ਚਾਹੀਦੀ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੁਬਾਰਾ ਬੇਨਤੀ ਬੜੇ ਅਦਬ ਨਾਲ ਕਰਾਂਗਾ ਕਿ ਤੁਸੀਂ ਮੰਨ ਲਿਆ ਹੈ ਅਤੇ ਇਹ ਅਫਸੋਸ ਦੀ ਗੱਲ ਹੈ, ਇਸ ਲਈ ਉਨ੍ਹਾਂ ਨੂੰ ਬਾਹਰ ਕੱਢ ਦੇਣਾ ਚਾਹੀਦਾ ਹੈ। ਮੈਂ ਕੋਈ 10 ਬੰਦੇ ਦੇਖੇ ਹਨ। ਸਪੀਕਰ ਸਾਹਿਬ, ਪੁਲਿਸ ਨੂੰ ਅੰਦਰ ਨਹੀਂ ਆਉਣਾ ਚਾਹੀਦਾ। ਇਸ ਲਈ, ਸਪੀਕਰ ਸਾਹਿਬ, ਇਸ ਚੀਜ਼ ਨੂੰ ਠੀਕ ਕਰੋ।

ਸ੍ਰੀ ਸਪੀਕਰ: ਇਸ ਦੇ ਬਾਰੇ ਮੈਂ ਬੇਨਤੀ ਕਰਨੀ ਚਾਹਵਾਂਗਾ ਕਿ ਮੈਂ ਕਦੇ ਨਹੀਂ ਮੰਨਿਆ ਕਿ ਹਾਊਸ ਵਿਚ ਪੁਲਿਸ ਹੈ। ਇਹ ਮਿਸਇੰਟਰਪ੍ਰੈਟ ਕੀਤਾ ਗਿਆ ਹੈ। ਕੋਈ ਵੀ ਆਦਮੀ ਹਾਊਸ ਵਿਚ ਹਥਿਆਰ ਲੈ ਕੇ ਨਹੀਂ ਆਏਗਾ। (ਥੰਪਿੰਗ) Be rest assured on this score.

ਹੁਣ ਜਿਹੜੀ ਕੱਲ ਦੀ ਬਾਕੀ ਡਿਸਕਸ਼ਨ ਰਹਿੰਦੀ ਸੀ, ਉਹ ਸ਼ੁਰੂ ਕੀਤੀ ਜਾਵੇਗੀ।

LEGISLATIVE BUSINESS

THE PUNJAB TOWN IMPROVEMENT (AMENDMENT) BILL, 1986 (*Resumption of consideration*)

ਰਾਜ ਮੰਤਰੀ, ਸਥਾਨਕ ਸਰਕਾਰ (ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ): ਮੈਂ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਹ ਬਿਲ ਤੇ ਅਗੇ ਬਹਿਸ ਸ਼ੁਰੂ ਕੀਤੀ ਜਾਵੇ। ਜੋ ਅਮੈਂਡਮੈਂਟ ਕਹੋਗੇ, ਉਹ ਕਰ ਦਿਆਂਗੇ।

ਸ੍ਰੀ ਸਪੀਕਰ: ਮੈਂ ਇਸ ਗੱਲ ਦੀ ਸਟੇਟ ਮਨਿਸਟਰ, ਲੋਕਲ ਬਾਡੀਜ਼ ਨੂੰ ਵਧਾਈ ਦਿੰਦਾ ਹਾਂ ਕਿ ਜਿਸ ਤਰ੍ਹਾਂ ਪੰਡਿਤ ਮੋਹਨ ਲਾਲ, ਡਾਕਟਰ ਕੇਵਲ ਕ੍ਰਿਸ਼ਨ ਅਤੇ ਕੁੱਝ ਹੋਰ ਮੈਂਬਰਾਂ ਨੇ ਕੁੱਝ ਚੀਜ਼ਾਂ ਧਿਆਨ ਵਿਚ ਲਿਆਂਦੀਆਂ ਸਨ, ਉਨ੍ਹਾਂ ਨੂੰ ਸਰਕਾਰ ਨੇ ਧਿਆਨ ਵਿਚ ਰੱਖ ਕੇ ਸੋਧ ਕੀਤੀ ਹੈ। ਉਨ੍ਹਾਂ ਦੇ ਜਜ਼ਬਾਤ ਨੂੰ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਵਿਚਾਰ ਕਰਕੇ ਫੈਸਲਾ ਕੀਤਾ ਹੈ। ਉਨ੍ਹਾਂ

[ਸ੍ਰੀ ਸਪੀਕਰ]

ਨੇ ਕੱਲ੍ਹ ਕਿਹਾ ਸੀ ਕਿ ਮੈਂਬਰਾਂ ਦੀ ਰਾਏ ਦੇ ਮੁਤਾਬਿਕ ਸੋਧ ਕਰ ਦੇਵਾਂਗੇ । The concerned Minister will read out the amendment.

Now the House will resume discussion on the Punjab Town Improvement (Amendment) Bill. ਕੱਲ੍ਹ ਡਿਸਕਸ਼ਨ ਹੋ ਰਹੀ ਸੀ, ਉਸ ਤੋਂ ਬਾਦ ਹੀ ਸ਼ੁਰੂ ਕਰ ਲਈਏ ।

ਸਰਕਾਰ ਨੇ ਬੜੀ ਅੱਛੀ ਮਰਿਆਦਾ ਕਾਇਮ ਕੀਤੀ ਹੈ । ਮੈਂਬਰਾਂ ਦੀ ਰਾਏ ਦੇ ਮੁਤਾਬਿਕ ਸੋਧ ਕੀਤੀ ਗਈ ਹੈ। ਜੇਕਰ ਕੋਈ ਛੋਟੇ ਰੈਂਕ ਦਾ ਆਦਮੀ ਚਲਾ ਜਾਏ ਤਾਂ ਇਹ ਠੀਕ ਨਹੀਂ ਹੈ। ਇਨ੍ਹਾਂ ਨੇ ਅਮੈਂਡਮੈਂਟ ਲਿਆ ਕੇ ਕਰ ਦਿੱਤਾ ਹੈ ਕਿ ਡਿਪਟੀ ਸੈਕਟਰੀ ਦੇ ਰੈਂਕ ਤੋਂ ਘੱਟ ਨਹੀਂ ਹੋਣਾ ਚਾਹੀਦਾ । (ਥੰਪਿੰਗ)

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਪਿਛਲੇ ਦਿਨਾਂ ਵਿਚ ਮੈਂ ਹਰਿਆਣਾ ਅਸੈਂਬਲੀ ਦਾ ਸੈਸ਼ਨ ਥੋੜ੍ਹੇ ਟਾਈਮ ਲਈ ਵੇਖਣ ਲਈ ਗਿਆ। ਉਥੇ, ਸਪੀਕਰ ਸਾਹਿਬ, ਸਾਰੇ ਸਵਾਲਾਂ ਦੇ ਜਵਾਬ 'ਆਈਜ਼' ਜਾਂ 'ਨੋਜ਼' ਵਿਚ ਨਹੀਂ ਹੁੰਦੇ ਬਲਕਿ 'ਹਾਂ' ਜਾਂ 'ਨਾ' ਵਿਚ ਹੁੰਦੇ ਹਨ ਤਾਂ ਫਿਰ ਇਥੇ 'ਹਾਂ' ਜਾਂ 'ਨਾ' ਵਿਚ ਕਿਉਂ ਨਹੀਂ ਕੀਤੇ ਜਾ ਸਕਦੇ। ਇਹ ਚੀਜ਼ ਇਥੇ ਪੰਜਾਬੀ ਵਿਚ ਕਿਉਂ ਨਹੀਂ ਕੀਤੀ ਜਾ ਸਕਦੀ ?

ਸ੍ਰੀ ਸਪੀਕਰ : ਮੈਂ ਰੂਲਜ਼ ਕਮੇਟੀ ਦੀ ਸ਼ੌਰਟਲੀ (shortly) ਮੀਟਿੰਗ ਬੁਲਾਵਾਂਗਾ ਔਰ ਤੁਸੀਂ ਉਸ ਵਿਚ ਆ ਜਾਣਾ ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਤੁਸੀਂ ਇਥੇ ਅੰਗਰੇਜ਼ੀ ਵਿਚ ਕਰਦੇ ਹੋ । ਇਹ ਚੀਜ਼ ਪੰਜਾਬੀ ਵਿਚ ਕਰੋ।

Mr. Speaker : Question is—

That the Punjab Town Improvement (Amendment) Bill be taken into consideration at once.

The motion was carried.

Mr. Speaker : Now the House will proceed to consider the Bill clause by clause.

Clause 2

Mr. Speaker : There is an amendment to this Clause.

Minister of State for Local Self Government (Sardar Mohinder Singh Sayianwala) : Sir, I beg to move—

That in sub-section (1) of proposed section 72-E A, after the word "officers" the following words and signs may be added:—

"not below the rank of a Deputy Secretary to Government of Punjab".

Mr. Speaker : Motion moved—

That in sub-section (1) of proposed section 72-E A, after the word "officers" the following words and signs may be added:—

"not below the rank of a Deputy Secretary to Government of Punjab,"

Mr. Speaker : Question is—

That in sub-section (1) of proposed section 72-E A, after the word "officers" the following words and signs may be added:—

"not below the rank of a Deputy Secretary to Government of Punjab".

The motion was carried.

Mr. Speaker : Question is—

That Clause 2, as amended, stand part of the Bill.

The motion was carried.

Clause 1

Mr. Speaker : Question is—

That Clause 1 stand part of the Bill.

The motian was carried.

Title

Mr. Speaker : Question is—

That Title be the Title of the Bill.

The motion was carried

Mr. Speaker: Now the Minister to move that the Bill, as amended, be passed.

Minister of State for Local Self Government (Sardar Mohinder Singh Sayianwala) : Sir, I beg to move—

That the Punjab Town Improvement (Amendment) Bill, as amended, be passed.

Mr. Speaker : Motion moved—

That the Punjab Town Improvement (Amendment) Bill, as amended, be passed.

Mr. Speaker : Question is—

That the Punjab Town Improvement (Amendment) Bill, as amended, be passed.

The motion was carried.

ਸ਼੍ਰੀ ਸਪੀਕਰ : ਮੈਂ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਜੋ ਹਾਊਸ ਦੀ ਇੱਛਾ ਸੀ, ਉਸ ਨੂੰ ਸਵੀਕਾਰ ਕੀਤਾ ਹੈ। ਇਸੇ ਲਈ ਹੀ ਬਿਲ ਵਿਚ ਅਮੈਂਡਮੈਂਟ ਕੀਤੀ ਹੈ। (ਥੰਪਿੰਗ) The Government deserves appreciation on this score. Now the Minister will move the next Bill.

THE PUNJAB MUNICIPAL CORPORATION (AMENDMENT) BILL, 1986

Minister of State for Local Self Government (Sardar Mohinder Singh Sayianwala) : Sir, I beg to introduce the Punjab Municipal Corporation (Amendment) Bill.

Sir, I also beg to move—

That the Punjab Municipal Corporation (Amendment) Bill be taken into consideration at once.

Mr. Speaker : Motion moved—

That the Punjab Municipal Corporation (Amendment) Bill be taken into consideration at once.

ਸਰਦਾਰ ਜਸਦੇਵ ਸਿੰਘ ਸੰਧੂ (ਘਨੌਰ) : ਸਪੀਕਰ ਸਾਹਿਬ, ਪੰਜਾਬ ਮਿਊਂਸਪਲ ਕਾਰਪੋਰੇਸ਼ਨ (ਸੋਧਨਾ) ਬਿਲ, 1986 ਜਿਹੜਾ ਕਿ ਮੈਂ ਸਮਝਦਾ ਹਾਂ ਕਿ ਇਸ ਵਿਚ ਵਾਧੂ ਕਲਾਜ਼ ਸੀ। ਇਲੈਕਸ਼ਨ ਲੜ ਸਕਦੇ ਸੀ ਤਾਂ ਉਸ ਦੀ ਸਾਰੇ ਹਿੰਦੁਸਤਾਨ ਵਿਚ ਮੰਗ ਉਠੀ ਕਿ ਇਸ ਦੀ ਉਮਰ 25 ਸਾਲ ਤੋਂ 21 ਸਾਲ ਕਰ ਦਿੱਤੀ ਜਾਵੇ। ਜੇ ਕੇਂਦਰੀ ਸਰਕਾਰ ਨੇ ਅਸੈਂਬਲੀ ਅਤੇ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਲੜਨ ਦੀ ਉਮਰ 25 ਸਾਲ ਤੋਂ 21 ਸਾਲ ਨਹੀਂ ਕੀਤੀ ਔਰ ਜੇ ਪੰਜਾਬ ਸਰਕਾਰ ਨੇ ਕਾਰਪੋਰੇਸ਼ਨ ਦਾ ਮੈਂਬਰ ਬਣਨ ਦੀ ਉਮਰ 21 ਸਾਲ ਹੋਣ ਦੀ ਇਜਾਜ਼ਤ ਦਿੱਤੀ ਹੋਈ ਸੀ ਤਾਂ ਇਹ ਇੱਕ ਅਗਾਂਹਵਧੂ ਕਦਮ ਸੀ। ਸਾਡੀ ਇਹ ਸਰਕਾਰ ਇਕ ਅਗਾਂਹਵਧੂ ਕਦਮ ਨੂੰ ਮੁੜ ਕੇ ਪਿੱਛੇ ਵੱਲ ਨੂੰ ਲਿਜਾ ਰਹੀ ਹੈ ਅਤੇ 25 ਸਾਲ ਦੀ ਉਮਰ ਕਰ ਰਹੀ ਹੈ। ਇਹ ਕੋਈ ਜ਼ਰੂਰੀ ਨਹੀਂ ਕਿ 25 ਸਾਲ ਦਾ ਬੰਦਾ ਹੀ ਇਲੈਕਸ਼ਨ ਲੜ ਸਕਦਾ ਹੈ। ਇਹ ਨੌਜਵਾਨਾਂ ਦਾ ਯੁਗ ਹੈ, ਉਹ ਬੜੀ ਤੇਜ਼ੀ ਨਾਲ ਅੱਗੇ ਆ ਰਹੇ ਹਨ ਅਤੇ ਇਨਕਲਾਬ ਲਿਆ ਰਹੇ ਹਨ। ਉਨ੍ਹਾਂ ਨੂੰ ਹਰ ਖੇਤਰ ਵਿਚ ਅੱਗੇ ਆਉਣ ਤੋਂ ਨਹੀਂ ਰੋਕਣਾ ਚਾਹੀਦਾ ਅਤੇ ਹੋਰ ਮੌਕੇ ਮੁਹੱਈਆ ਕਰਨੇ ਚਾਹੀਦੇ ਹਨ। ਪਰ ਇਸ ਤੋਂ ਉਲਟ ਇਹ ਉਮਰ 21 ਸਾਲ ਰਹਿਣ ਦੀ ਬਜਾਏ 25 ਸਾਲ ਕੀਤੀ ਜਾ ਰਹੀ ਹੈ। ਇਹ ਇਕ ਬੜਾ ਪਿਛਾਂਹਖਿੱਚੂ ਕਦਮ ਹੈ। ਜਿਹੜਾ ਪਹਿਲਾਂ ਹੀ ਪੰਜਾਬ ਸਰਕਾਰ ਨੇ ਇਕ ਅਗਾਂਹਵਧੂ ਕਦਮ ਚੁਕਿਆ ਹੋਇਆ ਸੀ, ਉਸ ਨੂੰ ਪਿੱਛੇ ਨੂੰ ਨਹੀਂ ਲਿਜਾਣਾ ਚਾਹੀਦਾ ਬਲਕਿ ਅਸੈਂਬਲੀ ਅਤੇ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਲੜਨ ਲਈ ਵੀ ਉਮਰ 21 ਸਾਲ ਦੀ ਹੀ ਹੋਣੀ ਚਾਹੀਦੀ ਹੈ। ਮੇਰੀ ਇਹ ਤਜ਼ਵੀਜ਼ ਹੈ ਅਤੇ ਵਜ਼ੀਰ ਸਾਹਿਬ ਦੀ ਇਹ ਗੱਲ ਗਲਤ ਹੈ ਅਤੇ ਉਨ੍ਹਾਂ ਨੂੰ ਇਸ ਨੂੰ ਵਾਪਸ ਲੈ ਲੈਣਾ ਚਾਹੀਦਾ ਹੈ। ਪਹਿਲਾ ਕਾਨੂੰਨ ਹੀ ਠੀਕ ਹੈ ਅਤੇ ਉਸੇ ਤੇ ਹੀ ਅਮਲ ਹੋਣਾ ਚਾਹੀਦਾ ਹੈ। ਪਹਿਲੀ ਗੱਲ ਤਾਂ ਅੱਜ ਤੱਕ ਹਾਲੇ ਇਨ੍ਹਾਂ ਨੇ ਇਲੈਕਸ਼ਨਾਂ ਹੀ ਨਹੀਂ ਕਰਾਈਆਂ ਕਾਰਪੋਰੇਸ਼ਨਾਂ ਦੀਆਂ ਤਾਂ ਇਨ੍ਹਾਂ ਨੂੰ ਕਿਵੇਂ ਪਤਾ ਲਗ ਗਿਆ ਕਿ ਨੌਜਵਾਨਾਂ ਨੇ ਚੰਗਾ ਕੰਮ ਹੀ ਨਹੀਂ ਕੀਤਾ ਅਤੇ ਕੋਈ ਨੁਕਸਾਨ ਹੋਇਆ ਹੈ। ਅਸੀਂ ਇਹ ਕਿਵੇਂ ਕਹਿ ਸਕਦੇ ਹਾਂ। ਇਕ ਵਾਰੀ ਇਲੈਕਸ਼ਨਾਂ ਹੋ ਜਾਣ ਦਿਓ, ਫੇਰ ਤੁਸੀਂ ਕੋਈ ਵਿਚਾਰ ਕਰ ਸਕਦੇ ਹੋ। ਜਿਹੜਾ ਇਹ ਅਗਾਂਹਵਧੂ ਕਦਮ ਇਸ ਸੂਬੇ ਨੇ ਚੁਕਿਆ ਹੋਇਆ ਹੈ, ਇਸ ਨੂੰ ਪਿਛਾਂਹਖਿੱਚੂ ਨਹੀਂ ਬਣਾਉਣਾ ਚਾਹੀਦਾ ਬਲਕਿ ਹਿੰਦੁਸਤਾਨ ਨੂੰ ਵੀ ਰਸਤਾ ਦਿਖਾਉਣਾ ਚਾਹੀਦਾ ਹੈ ਕਿ ਪੰਜਾਬ ਨੇ ਮਿਊਂਸਪਲ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਵਿੱਚ 21 ਸਾਲ ਦੇ ਨੌਜਵਾਨਾਂ ਨੂੰ ਇਲੈਕਸ਼ਨਾਂ ਲੜਨ ਦਾ ਮੌਕਾ ਮੁਹੱਈਆ ਕੀਤਾ ਹੋਇਆ ਹੈ ਤਾਕਿ ਹਿੰਦ ਸਰਕਾਰ ਵੀ ਇਲੈਕਸ਼ਨਾਂ ਲੜਨ ਦੀ ਉਮਰ 21 ਸਾਲ ਦੀ ਕਰ ਦੇਵੇ। ਇਸ ਦੇ ਨਾਲ ਹੀ ਮੈਂ ਇਸ ਬਿਲ ਦੀ ਸਖਤ ਵਿਰੋਧਤਾ ਕਰਦਾ ਹਾਂ। ਇਹ ਇਕ ਪਿਛਾਂਹਖਿਚੂ ਕਦਮ ਹੈ ਜਿਹੜਾ ਕਿ ਸਰਕਾਰ ਨੂੰ ਨਹੀਂ ਚੁਕਣਾ ਚਾਹੀਦਾ।

ਸ੍ਰੀ ਸਪੀਕਰ : ਵੈਸੇ ਇਸਦੇ ਬਾਰੇ ਮੈਂ ਬੇਨਤੀ ਕਰਾਂਗਾ । ਸੰਧੂ ਸਾਹਿਬ ਤਾਂ ਆਪ ਵੀ ਇਕ ਲਾਇਅਰ ਅਤੇ ਇੰਟਲੈਕਚੁਅਲ ਸੱਜਨ ਹਨ। ਇਹ ਜਿਹੜਾ ਮਿਊਂਸਪਲ ਕਮੇਟੀਆਂ ਦਾ ਐਕਟ ਹੈ, ਉਸ ਵਿੱਚ ਕੋਈ ਤਰਮੀਮ ਨਹੀਂ ਕੀਤੀ ਗਈ। ਉਸ ਦੇ ਵਿੱਚ ਜੋ ਪ੍ਰੋਵੀਜ਼ਨ ਹੈ ਕਿ ਇਲੈਕਸ਼ਨ ਲੜਨ ਦੀ ਉਮਰ 25 ਸਾਲ ਹੈ ਅਤੇ ਵੋਟਰ ਬਣਨ ਦੀ 21 ਸਾਲ ਹੈ, ਉਸਨੂੰ ਕੁਝ ਨਹੀਂ ਕੀਤਾ। ਇਹ ਕੋਈ ਤਰਮੀਮ ਦੀ ਗੱਲ ਨਹੀਂ ਹੈ । ਇਹ ਮਿਊਂਸਪਲ ਐਕਟ ਵਿੱਚ ਤਰਮੀਮ ਦੀ ਗੱਲ ਕਰ ਰਹੇ ਹਨ। ਇਸ ਕਿਸਮ ਦੀ ਇਹ ਕੋਈ ਗੱਲ ਨਹੀਂ ਹੈ । Anyhow a Member has a right to express his views.

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਇਥੇ ਜੋ ਸੰਧੂ ਸਾਹਿਬ ਨੇ ਗੱਲ ਕੀਤੀ ਹੈ, ਉਸ ਦੀ ਮੈਂ ਤਾਈਦ ਕਰਦਾ ਹਾਂ। ਮਿਊਨਿਸਪਲ ਕਮੇਟੀਜ਼ ਐਕਟ, 1911, ਅੰਗਰੇਜ਼ ਦੇ ਟਾਈਮ ਦਾ ਇਕ ਐਸਾ ਦਸਤਾਵੇਜ਼ ਹੈ ਜਿਹੜਾ ਲੋਕਾਂ ਨੂੰ ਅਖੌਤੀ ਆਜ਼ਾਦੀ ਦੇਂਦਾ ਹੈ। ਲੋਕਲ ਬਾਡੀਜ਼ ਵਿੱਚ ਅਸਲੀਅਤ ਵਿੱਚ ਕੋਈ ਆਜ਼ਾਦੀ ਨਹੀਂ। ਸਪੀਕਰ ਸਾਹਿਬ, ਤੁਸੀਂ ਆਪ ਮਿਊਂਸਪਲ ਕਮੇਟੀ ਦੇ ਮੈਂਬਰ ਅਤੇ ਟਰੱਸਟ ਦੇ ਚੇਅਰਮੈਨ ਰਹੇ ਹੋ । ਤੁਹਾਨੂੰ ਵੀ ਪਤਾ ਹੀ ਹੋਣਾ ਹੈ ਕਿ ਇਕ ਲੋਕਲ ਫੰਡ ਅਕਾਊਂਟ ਦਾ ਕਲਰਕ ਜਿਹੜਾ ਡੀ.ਸੀ. ਦੇ ਦਫਤਰ ਵਿਚ ਬੈਠਾ ਹੈ, ਉਹੀ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਲਿਖੀ ਗੱਲ ਨੂੰ ਕਿਸ ਤਰ੍ਹਾਂ ਕੱਟ ਸਕਦਾ ਹੈ ਅਤੇ ਸਾਰੇ ਮੈਂਬਰਾਂ ਦੇ ਲਿਖੇ ਨੂੰ ਨਸ਼ਟ ਕਰ ਸਕਦਾ ਹੈ ਫੇਰ ਵੱਡੇ ਅਫਸਰਾਂ ਦੀ ਗੱਲ ਤਾਂ ਛੱਡ ਹੀ ਦਿਓ। ਇਹ ਐਕਟ ਦੀਆਂ ਖਾਮੀਆਂ ਹਨ ਕਿ ਚੁਣੇ ਹੋਏ ਨੁਮਾਇੰਦਿਆਂ ਤੇ ਇਕ ਕਲਰਕ ਹੀ ਰਾਜ ਕਰੀ ਜਾਵੇ । ਇਨ੍ਹਾਂ ਨੂੰ ਤਾਂ ਇਸ ਗੱਲ ਲਈ ਅਮੈਂਡਮੈਂਟ ਲਿਆਉਣੀ ਚਾਹੀਦੀ ਹੈ। ਇਹ ਉਲਟ ਬਾਤ ਹੀ ਕਰੀ ਜਾਂਦੇ ਹਨ । ਉਸੇ ਐਕਟ ਦੀ ਇਕ ਦਫਾ ਦੇ ਮੁਤਾਬਿਕ ਇਲੈਕਸ਼ਨ ਲੜਨ ਦੀ ਉਮਰ 25 ਸਾਲ ਹੋਣੀ ਚਾਹੀਦੀ ਹੈ । 21 ਸਾਲ ਦਾ ਬੱਚਾ ਕੀ ਨਹੀਂ ਕਰ ਸਕਦਾ, ਉਹ 21 ਸਾਲਾਂ ਵਿੱਚ ਐਮ.ਏ. ਕਰ ਸਕਦਾ ਹੈ, ਜੋ ਉਹ 5 ਸਾਲ ਦਾ ਪੜ੍ਹਨਾ ਪੈ ਗਿਆ ਹੈ ਤਾਂ 5 ਅਤੇ 16 ਯਾਨੀ 21 ਸਾਲ ਦੀ ਉਮਰ ਵਿੱਚ ਉਹ ਐਮ.ਏ. ਕਰ ਜਾਂਦਾ ਹੈ। ਉਸ ਨੂੰ ਇਸ ਕਾਬਲ ਨਾ ਸਮਝਣਾ ਕਿ ਉਸ ਦੇ ਵਿੱਚ ਮੈਂਬਰ ਬਣਨ ਦੀ ਯੋਗਤਾ ਨਹੀਂ ਹੈ, ਤਾਂ ਉਸ ਦੇ ਨਾਲ ਮਹਿਜ਼ ਇਕ ਉਮਰ ਦਾ ਤਕਾਜ਼ਾ ਲੈ ਕੇ ਮਜ਼ਾਕ ਵਾਲੀ ਗੱਲ ਹੈ ਅਤੇ ਇਹ ਇਨਸਾਨੀਅਤ ਅਤੇ ਨੌਜਵਾਨਾਂ ਨਾਲ ਬੇਇਨਸਾਫੀ ਹੈ। ਇਹ ਗੱਲ ਮਹਿਜ਼ ਇਕ ਅਮੈਂਡਮੈਂਟ ਨਾਲ ਹੋ ਸਕਦੀ ਹੈ ਕਿ 21 ਸਾਲ ਤੋਂ 25 ਸਾਲ ਦੇ ਦਰਮਿਆਨ ਇਕ ਇਕ ਸ਼ਹਿਰ ਵਿੱਚ ਜਿਹੜੇ ਹਜ਼ਾਰਾਂ ਲੋਕ ਇਸ ਜਮਹੂਰੀਅਤ ਦੇ ਫਾਇਦੇ ਨੂੰ ਨਹੀਂ ਉਠਾ ਸਕਦੇ, ਉਹ ਵੀ ਇਸ ਦਾ ਫਾਇਦਾ ਉਠਾ ਸਕਣ ਅਤੇ ਉਹ ਵੀ ਲੋਕਾਂ ਦੀ ਨੁਮਾਇੰਦਗੀ ਕਰਨ ਵਾਸਤੇ ਪੰਜਾਬ ਦੇ ਲੋਕਾਂ ਸਾਹਮਣੇ ਆਪਣੇ ਆਪ ਨੂੰ ਇਮਤਿਹਾਨ ਲਈ ਪੇਸ਼ ਕਰ ਸਕਣ । ਕੋਈ ਵੀ ਨੌਜਵਾਨ ਜਿਹੜਾ ਕਿ ਆਪਣੀ ਛੋਟੀ ਉਮਰ ਵਿੱਚ ਹੀ ਲੋਕਾਂ ਦੇ ਸਾਹਮਣੇ ਪੇਸ਼ ਹੋਵੇਗਾ, ਉਸ ਦੇ ਵਿਚ ਜਿਹੜੀ ਬਾਵੇਲੀ ਤਬੀਅਤ ਹੈ, ਉਸ ਦੇ ਬਜਾਏ ਉਹ ਇਕ ਜ਼ਿੰਮੇਵਾਰ ਸ਼ਖਸੀਅਤ ਦਾ ਮਾਲਕ ਬਣੇਗਾ । 21 ਸਾਲ ਦੇ ਨੌਜਵਾਨ ਨੂੰ ਉਸਦੀ ਐਸੀ ਤਬੀਅਤ ਤੋਂ ਜਿਹੜੀ ਉਸ ਦੇ ਨਿਯੰਤਰਨ ਵਿੱਚ ਨਹੀਂ ਹੈ, ਉਸ ਨੂੰ ਅਸੀਂ ਕੰਟਰੋਲਡ ਤਬੀਅਤ ਵਾਲਾ ਪੇਸ਼ ਹੋਣ ਵਿੱਚ ਯਤਨ ਕਰ ਸਕਦੇ ਹਾਂ । ਇਹ ਜਮਹੂਰੀਅਤ ਦੇ ਹੱਕ ਵਿੱਚ ਇਕ ਅੱਛਾ ਸਾਈਨ ਹੋਵੇਗਾ ਜਿਸ ਨੂੰ ਏਥੇ ਬੈਠ ਕੇ ਅਸੀਂ ਸਾਰੇ ਪਾਸ ਕਰ ਸਕਦੇ ਹਾਂ ਅਤੇ ਇਹ ਸ਼ੋਭਾ ਦਾ ਬਾਇਸ ਵੀ ਹੋਵੇਗਾ। 1911 ਦੇ ਅੰਗਰੇਜ਼ ਦੇ ਟਾਈਮ ਦੇ ਐਕਟ ਦੀਆਂ ਖਾਮੀਆਂ ਨੂੰ ਦੂਰ ਕਰਨ ਵਾਸਤੇ ਅਗਰ ਅੱਜ ਦੀ ਸਰਕਾਰ ਨੇ ਕੋਈ ਅਮੈਂਡਮੈਂਟ ਮੂਵ ਨਾ ਕੀਤੀ ਅਤੇ ਜਮਹੂਰੀਅਤ ਦੇ ਘੇਰੇ ਨੂੰ ਹੋਰ ਤੰਗ ਕਰ ਦਿੱਤਾ ਅਤੇ 21 ਤੋਂ 25 ਸਾਲ ਦੀ ਉਮਰ ਦੇ ਲੋਕਾਂ ਨੂੰ ਡੀਬਾਰ ਹੀ ਰਖਿਆ ਤਾਂ ਇਸ ਦਾ ਅਸਰ ਚੰਗਾ ਨਹੀਂ ਹੋਵੇਗਾ । ਸਰਕਾਰ ਭਾਵੇਂ ਅਕਾਲੀ ਦਲ ਦੀ ਹੋਵੇ, ਕਾਂਗਰਸ ਦੀ ਹੋਵੇ ਅਤੇ ਭਾਵੇਂ ਜਨਤਾ ਪਾਰਟੀ ਦੀ ਹੋਵੇ, ਕਿਸੇ ਕੋਲ ਏਨੀ ਜੁਰਅੱਤ ਨਹੀਂ ਕਿ ਉਹ ਮਿਊਂਸਪਲ

[ਸਰਦਾਰ ਕਿਰਪਾਲ ਸਿੰਘ]

ਕਮੇਟੀਆਂ ਦਾ ਇਨਤਖਾਬ ਕਰਾਏ । ਅੱਜ ਦੀ ਸਰਕਾਰ ਨੂੰ ਤਾਂ ਇਹ ਇਲੈਕਸ਼ਨਜ਼ ਫੌਰਨ ਕਰਾ ਦੇਣੇ ਚਾਹੀਦੇ ਸਨ। ਇਨ੍ਹਾਂ ਨੇ ਵੀ ਨਹੀਂ ਕਰਾਏ । ਅੱਜ ਦੀ ਜਮਹੂਰੀਅਤ ਦੇ ਤਕਾਜ਼ਿਆਂ ਨੂੰ ਪੂਰਾ ਕਰਨ ਵਾਸਤੇ ਸਰਕਾਰ ਨੂੰ ਪ੍ਰੋਗਰੈਸਿਵ ਕਦਮ ਲੈਣੇ ਚਾਹੀਦੇ ਹਨ । ਇਹ ਕੋਈ ਪ੍ਰੋਗਰੈਸਿਵ ਕਦਮ ਨਹੀਂ ਬਲਕਿ ਪਿਛਾਂਹਖਿਚੂ ਕਦਮ ਹੈ । ਮੈਂ ਰਿਕੁਐਸਟ ਕਰਾਂਗਾ ਵਜ਼ੀਰ ਸਾਹਿਬ ਅਤੇ ਸੀ.ਐਮ. ਸਾਹਿਬ ਕੋਲ ਕਿ ਉਹ 1911 ਦੇ ਐਕਟ ਵਿੱਚ 21 ਸਾਲ ਦੀ ਕੁਆਲੀਫਿਕੇਸ਼ਨ ਸਾਰੀਆਂ ਮਿਊਂਸਪਲ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਵਿੱਚ ਮੈਂਬਰ ਬਣਨ ਲਈ ਇਕ ਅਮੈਂਡਮੈਂਟ ਲਿਆਉਣ। ਧੰਨਵਾਦ।

ਮਾਸਟਰ ਮੋਹਨ ਲਾਲ (ਪਠਾਨਕੋਟ) : ਸਪੀਕਰ ਸਾਹਿਬ, ਇਹ ਜਿਹੜਾ ਸੋਧ ਬਿਲ ਪੇਸ਼ ਕੀਤਾ ਗਿਆ ਹੈ, ਮਿਊਂਸਪਲ ਕਾਰਪੋਰੇਸ਼ਨਜ਼ ਐਕਟ 1976, ਮੈਂ ਉਸ ਦੀ ਵਿਰੋਧਤਾ ਕਰਨ ਵਾਸਤੇ ਖੜਾ ਹੋਇਆ ਹਾਂ । ਦਰਅਸਲ ਲੋਕਤੰਤਰ ਦੀ ਜੜ ਇਹ ਹੈ ਕਿ ਇਸ ਦੇ ਵਿੱਚ ਵੱਧ ਤੋਂ ਵੱਧ ਲੋਕੀਂ ਆਪਣੇ ਵੋਟ ਦਾ ਇਸਤੇਮਾਲ ਕਰ ਸਕਣ ਅਤੇ ਜ਼ਿਆਦਾ ਰਾਏ ਵਿਅਕਤ ਕਰ ਸਕਣ। ਦੇਸ਼ ਦੀਆਂ ਵੱਖ ਵੱਖ ਵਿਰੋਧੀ ਪਾਰਟੀਆਂ ਇਸ ਲਈ ਜੱਦੋ-ਜਹਿਦ ਕਰ ਰਹੀਆਂ ਹਨ ਕਿ ਵੋਟ ਪਾਉਣ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦੇਣੀ ਚਾਹੀਦੀ ਹੈ। ਜੇ ਅਸੀਂ ਇਸ ਸੋਧ ਨੂੰ ਮੰਨ ਲੈਂਦੇ ਹਾਂ ਤਾਂ ਹਿੰਦੁਸਤਾਨ ਦੇ ਬਹੁਤ ਸਾਰੇ ਨੌਜਵਾਨਾਂ ਨੂੰ ਉਨ੍ਹਾਂ ਦੇ ਜਮਹੂਰੀਅਤ ਦੇ ਹੱਕ ਤੋਂ ਮਹਿਰੂਮ ਕਰਾਂਗੇ।

*10.48 ਪੂਰਵ ਦੁਪਹਿਰ : (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਇਸ ਲਈ ਅੱਜ ਲੋੜ ਹੈ ਕਿ ਵੱਧ ਤੋਂ ਵੱਧ ਨੌਜਵਾਨ ਸਰਕਾਰੀ ਕੰਮਾਂ ਵਿੱਚ, ਰਾਜਨੀਤੀ ਵਿੱਚ ਅਤੇ ਵੱਖ ਵੱਖ ਅਦਾਰਿਆਂ ਵਿੱਚ ਆਪਣਾ ਯੋਗਦਾਨ ਦੇ ਸਕਣ । ਇਸ ਲਈ ਅੱਜ ਮਿਊਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਹੋਣ, ਚਾਹੇ ਐਮ.ਐਲ.ਏਜ਼. ਦੀਆਂ ਅਤੇ ਚਾਹੇ ਐਮ.ਪੀਜ਼. ਦੀਆਂ ਇਲੈਕਸ਼ਨਾਂ ਹੋਣ, ਤਾਂ ਉਨ੍ਹਾਂ ਨੌਜਵਾਨਾਂ ਨੂੰ ਸਭ ਪਾਸੇ ਨੁਮਾਇੰਦਗੀ ਦੇਣ ਲਈ ਇਹ ਜ਼ਰੂਰੀ ਹੈ ਕਿ ਇਸ ਸੋਧ ਬਿਲ ਦੀ ਵਿਰੋਧਤਾ ਕੀਤੀ ਜਾਵੇ । ਜਿਹੜੀ ਇਲੈਕਸ਼ਨ ਲੜਨ ਦੀ ਉਮਰ ਹੈ, ਉਹ 21 ਸਾਲ ਹੀ ਰਖੀ ਜਾਵੇ। ਇਸ ਦੇ ਨਾਲ ਹੀ ਇਹ ਵੀ ਠੀਕ ਹੈ ਕਿ ਅੱਜ ਦੇ ਨੌਜਵਾਨ ਟੈਲੈਂਟਿਡ ਆ ਰਹੇ ਹਨ, ਉਹ ਪੂਰੇ ਐਗਰੈਸਿਵ ਹਨ। ਯੂਨੀਵਰਸਿਟੀਆਂ ਦਾ ਰਿਕਾਰਡ, ਐਥਲੈਟਿਕਸ ਦਾ ਦੂਜੇ ਦੇਸ਼ਾਂ ਦੀਆਂ ਖੇਡਾਂ ਵਿੱਚ ਸਭ ਦਾ ਰਿਕਾਰਡ ਦੇਖ ਲਓ ਤਾਂ 18 ਤੋਂ 21 ਸਾਲ ਦੀ ਉਮਰ ਦਾ ਨੌਜਵਾਨ ਹਰ ਪਾਸੇ ਪ੍ਰਗਤੀਸ਼ੀਲ ਦ੍ਰਿਖ ਰਿਹਾ ਹੈ। ਅੱਜ ਅਗਰ ਇਸ ਸੋਧ ਨੂੰ ਮੰਨ ਲੈਂਦੇ ਹਾਂ ਤਾਂ ਅਸੀਂ ਨੌਜਵਾਨਾਂ ਨੂੰ ਉਨ੍ਹਾਂ ਦੇ ਹੱਕ ਤੋਂ ਮਹਿਰੂਮ ਕਰਾਂਗੇ । ਇਲੈਕਸ਼ਨ ਲੜਨ ਦੀ ਉਮਰ ਨੂੰ ਨਾ ਵਧਾਇਆ ਜਾਵੇ ਅਤੇ ਇਹ 21 ਸਾਲ ਦੀ ਹੀ ਠੀਕ ਹੈ । ਅਗਰ ਇਹ ਗੱਲ ਠੀਕ ਹੈ ਤਾਂ ਇਸ ਨੂੰ ਕਿਸੇ ਵੀ ਐਕਸਪਰਟ ਤੋਂ ਜਾਂਚ ਪੜਤਾਲ ਕਰਾ ਲਿਆ ਜਾਵੇ, ਜਾਂ ਸਿਲੈਕਟ ਕਮੇਟੀ ਵਿੱਚ ਬਿਲ ਨੂੰ ਭੇਜ ਦਿੱਤਾ ਜਾਵੇ। ਉਸ ਦੀ ਰਾਏ ਵੀ ਦੇਖ ਲਈ ਜਾਵੇ ਅਤੇ ਉਮਰ ਨੂੰ ਨਾ ਵਧਾਇਆ ਜਾਵੇ ਅਤੇ ਸੋਧ ਨਾ ਕੀਤੀ ਜਾਵੇ । ਧੰਨਵਾਦ ।

ਸਰਦਾਰ ਜਸਦੇਵ ਸਿੰਘ ਸੰਧੂ : ਜੋ ਆਨਰੇਬਲ ਮੈਂਬਰਜ਼ ਨੇ ਸੁਝਾਓ ਦਿੱਤੇ ਹਨ ਉਨ੍ਹਾਂ ਬਾਰੇ ਸਾਡੀ ਮੰਗ ਹੈ ਕਿ ਮਨਿਸਟਰ ਸਾਹਿਬ ਜਵਾਬ ਦੇਣ।

ਰਾਜ ਮੰਤਰੀ, ਸਥਾਨਕ ਸਰਕਾਰ (ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ) : ਕਾਰਪੋਰੇਸ਼ਨ ਦੀ ਵੋਟ ਬਣਾਉਣ ਦੀ ਉਮਰ 21 ਸਾਲ ਹੈ। ਇਹ ਕਿਤੇ ਵੇਰਵਾ ਨਹੀਂ ਸੀ। ਵੇਰਵਾ ਪਾਉਣ ਦੀ ਖਾਤਰ ਇਹ ਸੋਧ ਲਿਆਂਦੀ ਹੈ। ਮੈਂ ਰਿਕੁਐਸਟ ਕਰਾਂਗਾ ਕਿ ਇਸ ਨੂੰ ਪਾਸ ਕਰਾਇਆ ਜਾਏ। (ਥੇਪਿੰਗ)

Mr. Deputy Speaker : Question is—

That the Punjab Municipal Corporation (Amendment) Bill, be taken into consideration at once.

The Motion was carried.

Mr. Deputy Speaker : Now the House will proceed to consider the Bill Clause by Clause.

Mr. Deputy Speaker: Is it the pleasure of the House that all the Clauses of the Bill be put to the vote of the House together ?

(*Voices: yes. yes*)

Clause 2 and Clause 1

Mr. Deputy Speaker : Question is—

That Clause 2 and Clause 1 stand part of the Bill.

The Motion was carried.

TITLE

Mr. Deputy Speaker : Question is—

That Title be the Title of the Bill.

The Motion was carried.

Minister of State for Local Self Government (Sardar Mohinder Singh Sayianwala): Sir, I beg to move—

That the Punjab Municipal Corporation (Amendment) Bill be passed.

Mr. Deputy Speaker : Motion moved—

That the Punjab Municipal Corporation (Amendment) Bill be passed.

Mr. Deputy Speaker : Question is—

That the Punjab Municipal Corporation (Amendment) Bill, be passed.

The Motion was carried.

THE PUNJAB MOTOR ACCIDENTS CLAIMS TRIBUNALS (VALIDATION OF ADJUDICATIONS) BILL, 1986

Minister of State for Transport (Sardar Hardipinder Singh): Sir, I beg to introduce the Punjab Motor Accidents Claims Tribunals (Validation of Adjudications) Bill.

Sir, I also beg to move—

That the Punjab Motor Accidents Claims Tribunals (Validation of Adjudications) Bill, be taken into consideration at once.

Mr. Deputy Sepaker: Motion moved—

That the Punjab Motor Accidents Claims Tribunals (Validation of Adjudications) Bill be taken into consideration at once.

Mr. Deputy Speaker: Question is—

That the Punjab Motor Accidents Claims Tribunals (Validation of Adjudications) Bill be taken into consideration at once.

The Motion was carried.

Mr. Deputy Speaker: Now the House will proceed to consider the Bill Clause-by-Clause.

Mr Deputy Speaker: Is it the pleasure of the House that all the Clauses of the Bill be put to the vote of the House together ?

(*Voices : yes, yes*).

Clause 2 and Clause 1

Mr. Deputy Speaker : Question is—

That Clause 2 and Clause 1 stand part of the Bill.

The Motion was carried.

TITLE

Mr. Deputy Speaker: Question is—

That the Title be the Title of the Bill.

The Motion was carried.

Minister of State for Transport (Sardar Hardipinder Singh) : Sir, I beg to move—

That the Punjab Motor Accidents Claims Tribunals (Validation of Adjudications) Bill be passed.

Mr. Deputy Speaker: Motion moved—

That the Punjab Motor Accidents Claims Tribunals (Validation of Adjudications) Bill be passed.

Mr. Deputy Speaker : Question is—

That the Punjab Motor Accidents Claims Tribunals (Validation of Adjudications) Bill be passed.

The Motion was carried.

THE PUNJAB LIVESTOCK AND BIRDS DISEASES (AMENDMENT) BILL, 1986

ਰਾਜ ਮੰਤਰੀ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ (ਸਰਦਾਰ ਜਗਦੇਵ ਸਿੰਘ ਤਾਜਪੁਰੀ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਪੰਜਾਬ ਪਸ਼ੂ ਅਤੇ ਪੰਛੀਆਂ ਦੀਆਂ ਬੀਮਾਰੀਆਂ (ਸੋਧਨਾ) ਬਿਲ ਪੇਸ਼ ਕਰਦਾ ਹਾਂ ।

ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ :—

ਕਿ ਪੰਜਾਬ ਪਸ਼ੂ ਅਤੇ ਪੰਛੀਆਂ ਦੀਆਂ ਬਿਮਾਰੀਆਂ (ਸੋਧਨਾ) ਬਿਲ ਤੇ ਤੁਰਤ ਵਿਚਾਰ ਕੀਤੀ ਜਾਵੇ ।

Mr. Deputy Speaker : Motion moved—

That the Punjab Livestock and Birds Diseases (Amendment) Bill be taken into consideration at once.

Mr. Deputy Speaker: Question is—

That the Punjab Livestock and Birds Diseases (Amendment) Bill, be taken into consideration at once.

The Motion was carried.

Mr. Deputy Speaker : Now the House will proceed to consider the Bill Clause by Clause.

Mr. Deputy Speaker : Is it the pleasure of the House that all the Clauses of the Bill be put to the vote of the House together ?

(*Voices*: *yes, yes*)

Clause 2, Clause 3, Clause 4, Clause 5, Clause 6 and Clause 1

Mr. Deputy Speaker : Question is—

That Clause 2, Clause 3, Clause 4, Clause 5, Clause 6 and Clause 1 stand part of the Bill.

The Motion was carried.

TITLE

Mr. Deputy Speaker : Question is—

That Title be the Title of the Bill.

The Motion was carried.

ਰਾਜ ਮੰਤਰੀ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ (ਸਰਦਾਰ ਜਗਦੇਵ ਸਿੰਘ ਤਾਜਪੁਰੀ): ਮੈਂ ਇਹ ਬਿਲ ਅਮੈਂਡਮੈਂਟ ਵਾਸਤੇ ਮੂਵ ਕਰਦਾ ਹਾਂ ਅਤੇ ਇਹ ਇੱਕ ਬਹੁਤ ਜ਼ਰੂਰੀ ਬਿਲ ਹੈ। ਇਸ ਵਿੱਚ ਕੁਝ ਸੋਧਾਂ ਦਾ ਸੁਝਾਅ ਦਿੱਤਾ ਗਿਆ ਹੈ । ਕੁੱਝ ਡਾਕਟਰਾਂ ਦੇ ਲਈ ਪਰੈਸਕ੍ਰਾਈਬਡ ਕੁਆਲੀਫਿਕੇਸ਼ਨਜ਼ ਦਿੱਤੀਆਂ ਗਈਆਂ ਹਨ। ਉਨ੍ਹਾਂ ਨੂੰ ਪਾਵਰਜ਼ ਦਿੱਤੀਆਂ ਗਈਆਂ ਹਨ ਕਿ ਜੇ ਕਿਸੇ ਪਸ਼ੂ ਨੂੰ ਕੋਈ ਇਨਫੈਕਸ਼ੀਅਸ ਡਿਜੀਜ਼ ਲੱਗੀ ਹੋਵੇ ਤਾਂ ਉਸ ਨੂੰ ਟੀਕਾ ਲਗਵਾਉਣ ਵਾਸਤੇ ਉਸ ਦੇ ਮਾਲਕ ਨੂੰ ਆਖਣ। ਮਾਲਕ ਉਨ੍ਹਾਂ ਦਾ ਕਹਿਣਾ ਨਾ ਮੰਨੇ ਤਾਂ ਉਹ ਆਪ ਟੀਕਾ ਲਗਾ ਸਕਦੇ ਹਨ ਅਤੇ ਮਾਲਕ ਉਸਦਾ ਪੂਰਾ ਖ਼ਰਚਾ ਦੇਵੇਗਾ। ਸੋ ਇਸ ਢੰਗ ਦੇ ਨਾਲ ਇਹ ਸਾਰੀਆਂ ਕੰਟੇਜੀਅਸ ਬੀਮਾਰੀਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ ਅਤੇ ਮੈਂ ਬੇਨਤੀ ਕਰਦਾ ਹਾਂ ਕਿ ਇਸ ਅਮੈਂਡਿਡ ਬਿਲ ਨੂੰ ਪੇਸ਼ ਕੀਤਾ ਜਾਵੇ । ਆਖਰ ਵਿੱਚ ਮੈਂ ਮੈਂਬਰਾਂ ਦਾ ਇਸ ਬਿਲ ਨੂੰ ਬਗੈਰ ਡਿਸਕਸ਼ਨ ਦੇ ਪਾਸ ਕਰਾਉਣ ਲਈ ਧੰਨਵਾਦ ਕਰਦਾ ਹਾਂ ।

[Minister of State for Animal Husbandry, Dairy Development and Fisheries]

I beg to move—

That the Punjab Livestock and Birds Diseases (Amendment) Bill be passed.

Mr. Deputy Speaker: Motion moved—

That the Punjab Livestock and Birds Diseases (Amendment) Bill, be passed.

Mr. Deputy Speaker : Question is—

That the Punjab Livestock and Birds Diseases (Amendment) Bill be passed.

The Motion was carried.

THE PUNJAB LEGISLATIVE ASSEMBLY (ALLOWANCES OF MEMBERS) SECOND AMENDMENT BILL, 1986

Minister of State for Parliamentary Affairs (Sardar Baldev Singh Maan): Sir, I beg to introduce the Punjab Legislative Assembly (Allowances of Members) Second Amendment Bill.

Sir, I also beg to move—

That the Punjab Legislative Assembly (Allowances of Members) Second Amendment Bill be taken into consideration at once.

Mr. Deputy Speaker : Motion moved—

That the Punjab, Legislative Assembly (Allowances of Members) Second Amendment Bill be taken into consideration at once.

Mr. Deputy Speaker : Question is—

That the Punjab Legislative Assembly (Allowances of Members) Second Amendment Bill be taken into consideration at once.

The Motion was carried.

Mr. Deputy Speaker : Now the House will proceed to consider the Bill Clause by Clause.

Mr. Deputy Speaker : Is it the pleasure of the House that all the Clauses of the Bill be put to the vote of the House together ?

(*Voices*: *yes, yes*)

Clause 2, Clause 3 and Clause 1

Mr. Deputy Speaker : Question is—

That Clause 2, Clause 3 and Clause 1 stand part of the Bill.

The Motion was carried.

TITLE

Mr. Deputy Speaker : Question is—

That Title be the Title of the Bill.

The Motion was carried.

Minister of State for Parliamentary Affairs (Sardar Baldev Singh Maan): Sir, I beg to move—

That the Punjab. Legislative Assembly (Allowances of Members) Second Amendment Bill be passed.

Mr. Deputy Speaker : Motion moved—

That the Punjab Legislative Assembly (Allowances of Members) Second Amendment Bill be passed.

Mr. Deputy Speaker : Question is—

That the Punjab Legislative Assembly (Allowances of Members) Second Amendment Bill be passed.

The Motion was carried.

THE PUNJAB MOTOR VEHICLES TAXATION (AMENDMENT) BILL, 1986

Minister of State for Transport (Sardar Hardipinder Singh): Sir, I beg to introduce the Punjab Motor Vehicles Taxation (Amendment) Bill.

Sir, I also beg to move—

That the Punjab Motor Vehicles Taxation (Amendment) Bill be taken into consideration at once.

Mr. Deputy Speaker : Motion moved—

That the Punjab Motor Vehicles Taxation (Amendment) Bill be taken into consideration at once.

Mr. Deputy Speaker : Question is—

That the Punjab Motor Vehicles Taxation (Amendment) Bill be taken into consideration at once.

The Motion was carried.

Mr. Deputy Speaker : Now the House will proceed to consider the Bill Clause-by-Clause.

Mr. Deputy Speaker : Is it the pleasure of the House that all the Clauses of the Bill be put to the vote of the House together ?

(*Voices : yes, yes*)

Sub-Clause (2) of Clause 1, Clause 2, Clause 3, Clause 4 and Sub-Clause (1) of Clause 1

Mr. Deputy Speaker: Question is—

That Sub-Clause (2) of Clause 1, Clause 2, Clause 3, Clause 4 and **Sub-clause (1) of clause 1 stand part of the Bill.**

[Mr. Deputy Speaker]

The Motion was carried.

TITLE

Mr. Deputy Speaker : Question is—

That Title be the Title of the Bill.

The Motion was carried.

Minister of State for Transport (Sardar Hardipinder Singh): Sir, I beg to move—

That the Punjab Motor Vehicles Taxation (Amendment) Bill be passed.

Mr. Deputy Speaker : Motion moved—

That the Punjab Motor Vehicles Taxation (Amendment) Bill be passed.

Mr. Deputy Speaker : Question is—

That the Punjab Motor Vehicles Taxation (Amendment) Bill be passed.

The Motion was carried.

THE PUNJAB PRIVATELY MANAGED RECOGNISED SCHOOLS EMPLOYEES (SECURITY OF SERVICE) AMENDMENT BILL, 1986

Chief Minister (Sardar Surjit Singh Barnala): Sir, I beg to introduce the Punjab Privately Managed Recognised Schools Employees (Security of Service) Amendment Bill.

Sir, I also beg to move—

That the Punjab Privately Managed Recoginsed Schools Employees (Security of Service) Amendment Bill be taken into consideration at once.

Mr. Deputy Speaker, : Motion moved—

That the Punjab Privately Managed Recognised Schools Employees (Security of Service) Amendment Bill be taken into consideration at once.

ਮਾਸਟਰ ਮੋਹਨ ਲਾਲ (ਪਠਾਨਕੋਟ) : ਸਪੀਕਰ ਸਾਹਿਬ, ਪ੍ਰਾਈਵੇਟਲੀ ਮੈਨੇਜਡ ਰੀਕੁਗਨਾਈਜ਼ਡ ਸਕੂਲਜ਼ ਦੇ ਟੀਚਰਜ਼ ਬੜੀ ਦੇਰ ਤੋਂ ਜੱਦੋ ਜਹਿਦ ਕਰ ਰਹੇ ਹਨ। ਅਸੀਂ ਇਸ ਗੱਲ ਤੇ ਮਾਣ ਕਰ ਸਕਦੇ ਹਾਂ ਕਿ ਪੰਜਾਬ ਵਿਚ ਜਦੋਂ ਵੀ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਆਈਆਂ ਉਨ੍ਹਾਂ ਨੇ ਪ੍ਰਾਈਵੇਟ ਸਕੂਲਾਂ ਦੇ ਟੀਚਰਜ਼ ਦੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣਿਆ। ਜਦੋਂ ਵੀ ਅਕਾਲੀ ਪਾਰਟੀ ਦੀ ਸਰਕਾਰ ਬਣੀ, ਭਾਵੇਂ ਉਸ ਦੇ ਬਾਦਲ ਸਾਹਿਬ ਮੁੱਖ ਮੰਤਰੀ ਸਨ ਜਾਂ ਸਰਦਾਰ ਗੁਰਨਾਮ ਸਿੰਘ ਜੀ ਉਸ ਦੇ ਮੁੱਖ ਮੰਤਰੀ ਸਨ ਜਾਂ ਅਕਾਲੀ ਜਨਤਾ ਸਰਕਾਰ ਸੀ, ਉਨ੍ਹਾਂ ਨੇ ਪ੍ਰਾਈਵੇਟਲੀ ਮੈਨੇਜਡ ਰੀਕੁਗਨਾਈਜ਼ਡ ਸਕੂਲਜ਼ ਦੇ ਟੀਚਰਜ਼ ਦੀਆਂ ਮੰਗਾਂ ਤੇ ਬੜਾ ਧਿਆਨਪੂਰਵਕ ਵਿਚਾਰ ਕੀਤਾ। ਅੱਜ 17 ਤਾਰੀਖ ਹੈ, ਸਾਰੇ ਪ੍ਰਾਈਵੇਟ ਸਕੂਲਾਂ ਵਿਚ ਜਿਹੜੇ ਟੀਚਰ ਕੰਮ ਕਰ ਰਹੇ ਹਨ ਉਹ 10 ਹਜ਼ਾਰ ਟੀਚਰ ਸਟਰਾਈਕ ਦੇ ਉਤੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਬੜਾ ਸੰਜ਼ੀਦਾ ਮਸਲਾ ਹੈ ਅਤੇ ਇਸ ਮਸਲੇ ਉਤੇ ਮੈਂ ਅੱਜ ਇਕ ਐਡਜਰਨਮੈਂਟ ਮੋਸ਼ਨ ਦਿਤੀ ਸੀ। ਮੈਂ ਕਲ੍ਹ ਵੀ ਇਸ ਮਸਲੇ ਉਤੇ

ਐਡਜਰਨਮੈਂਟ ਮੋਸ਼ਨ ਦਿਤੀ ਸੀ ਪਰ ਉਸ ਵਿਚ ਕੋਈ ਤਰੁੱਟੀ ਸਮਝਦੇ ਮੇਰੀ ਉਹ ਐਡਜਰਨਮੈਂਟ ਮੋਸ਼ਨ ਡਿਸਅਲਾਓ ਕਰ ਦਿਤੀ। ਅੱਜ ਫਿਰ ਇਹ ਐਡਜਰਨਮੈਂਟ ਮੋਸ਼ਨ ਅਲਾਓ ਨਹੀਂ ਕੀਤੀ ਸਗੋਂ ਡਿਸਅਲਾਓ ਕਰ ਦਿਤੀ ਹੈ।

ਸ੍ਰੀ ਡਿਪਟੀ ਸਪੀਕਰ : ਤੁਸੀਂ ਬਿਲ ਤੇ ਬੋਲੋ।

ਮਾਸਟਰ ਮੋਹਨ ਲਾਲ : ਪ੍ਰਾਈਵੇਟ ਸਕੂਲਾਂ ਦੇ ਟੀਚਰ ਬੜੀ ਦੇਰ ਤੋਂ ਜਦੋਂ ਜਹਿਦ ਕਰ ਰਹੇ ਹਨ। ਅੱਜ ਇਹ ਜਿਹੜਾ ਸੋਧ ਦਾ ਬਿਲ ਪੇਸ਼ ਕੀਤਾ ਜਾ ਰਿਹਾ ਹੈ, ਇਸ ਵਿਚ ਇਕ ਬੜੀ ਅਜੀਬ ਗਲ ਹੈ। ਮੈਂ ਲੀਡਰ ਆਫ ਦੀ ਹਾਊਸ ਨੂੰ ਬੇਨਤੀ ਕਰਾਂਗਾ ਕਿ--

A person shall not be qualified for appointment as a Presiding Officer of a School Tribunal unless he is or has been a Judge of the High Court or an Officer of the State Government not below the rank of a Commissioner of a Division.

ਡਿਪਟੀ ਸਪੀਕਰ ਸਾਹਿਬ, ਮੈ ਲੀਡਰ ਆਫ ਦੀ ਹਾਊਸ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਦੀ ਕਲਾਜ਼ ਦਾ ਪਹਿਲਾ ਜਿਹੜਾ ਪਾਰਟ ਹੈ ਕਿ ਹਾਈ ਕੋਰਟ ਦੇ ਇਕ ਜੱਜ ਨੂੰ ਟਰੀਬਿਊਨਲ ਦੇ ਜੱਜ ਦੇ ਵਾਸਤੇ ਨਿਯੁਕਤ ਕੀਤਾ ਜਾਵੇ, ਇਹ ਬੜੀ ਦੇਰ ਤੋਂ ਮੰਗ ਸੀ, ਇਨ੍ਹਾਂ ਸਕੂਲ ਟੀਚਰਜ਼ ਦੀ। ਇਸ ਦੇ ਨਾਲ ਇਕ ਨਵੀਂ ਜਿਹੜੀ ਗੱਲ ਲਿਖੀ ਹੈ ਕਿ ਕਮਿਸ਼ਨਰ ਆਫ ਡਵੀਜ਼ਨ, ਉਹ ਟਰੀਬਿਊਨਲ ਦੇ ਫੈਸਲੇ ਕਰੇਗਾ। ਕਮਿਸ਼ਨਰ ਜਿਹੜਾ ਹੈ ਇਹ 1967 ਤੋਂ ਇਸ ਤਰ੍ਹਾਂ ਦੇ ਫੈਸਲੇ ਕਰਦਾ ਚਲਾ ਆ ਰਿਹਾ ਹੈ। ਪਹਿਲੇ ਲੇਬਰ ਕਮਿਸ਼ਨਰ ਸੀ, ਫਿਰ ਉਸ ਦੇ ਬਾਅਦ ਇਹ ਬਿਊਰੋਕਰੈਟਿਕ ਢਾਂਚੇ ਦੇ ਨਾਲ ਅਪੀਲਾਂ ਟੀਚਰਜ਼ ਦੀਆਂ ਚਲਦੀਆਂ ਰਹੀਆਂ ਹਨ ਕਿਉਂਕਿ ਉਨ੍ਹਾਂ ਕੋਲ ਕੋਈ ਜੁਡੀਸ਼ਲ ਪਾਵਰ ਨਹੀਂ ਹੁੰਦੀ ਇਸ ਕਰਕੇ ਟੀਚਰਜ਼ ਜਿਹੜੇ ਸੀ ਉਨ੍ਹਾਂ ਨੂੰ ਬੜੀ ਮਾਰ ਪੈਂਦੀ ਸੀ ਇਨ੍ਹਾਂ ਟਰੀਬਿਊਨਲ ਵਿਚ ਜਾ ਕੇ। ਮੈਂ ਲੀਡਰ ਆਫ ਦੀ ਹਾਊਸ ਨੂੰ ਬੇਨਤੀ ਕਰਾਂਗਾ ਕਿ 20 ਅਕਤੂਬਰ, 1986 ਨੂੰ ਪ੍ਰਾਈਵੇਟ ਰੀਕੁਗਨਾਈਜ਼ਡ ਸਕੂਲ ਟੀਚਰਜ਼ ਯੂਨੀਅਨ ਦੀ ਜਿਹੜੀ ਮੀਟਿੰਗ ਲੀਡਰ ਆਫ ਦੀ ਹਾਊਸ ਮਾਨਯੋਗ ਬਰਨਾਲਾ ਸਾਹਿਬ ਦੇ ਨਾਲ ਹੋਈ ਸੀ, ਬਰਨਾਲਾ ਜੀ ਨੇ ਉਨ੍ਹਾਂ ਨੂੰ ਐਸ਼ੋਰੈਂਸ ਦਿੱਤੀ ਸੀ ਕਿ 2 ਮਹੀਨਿਆਂ ਦੇ ਅੰਦਰ ਅੰਦਰ ਜਿਹੜੀਆਂ ਵੀ ਉਨ੍ਹਾਂ ਦੀਆਂ ਅਨਾਮਲੀਜ਼ ਹਨ ਜਿਵੇਂ ਕਿ ਪੈਨਸ਼ਨ, ਗਰੈਚੁਅਟੀ, ਮੈਟਰਨਿਟੀ ਲੀਵ, ਮੈਡੀਕਲ ਲੀਵ, ਇਨ੍ਹਾਂ ਦੇ ਬਾਰੇ 2 ਮਹੀਨਿਆਂ ਦੇ ਵਿਚ ਫੈਸਲਾ ਕਰ ਦਿਤਾ ਜਾਵੇਗਾ। ਪਰ, ਡਿਪਟੀ ਸਪੀਕਰ ਸਾਹਿਬ, ਮੈਂਨੂੰ ਅਫਸੋਸ ਹੈ ਕਿ ਇਹ ਜਿਹੜਾ ਉਨ੍ਹਾਂ ਨੇ 20 ਅਕਤੂਬਰ, 1986 ਨੂੰ ਟੀਚਰਜ਼ ਨੂੰ ਭਰੋਸਾ ਦਿਤਾ ਸੀ, ਉਹ ਪੂਰਾ ਨਹੀਂ ਕੀਤਾ ਗਿਆ। ਮੈਂ ਆਸ ਕਰਾਂਗਾ ਕਿ ਅੱਜ ਲੀਡਰ ਆਫ ਦੀ ਹਾਊਸ ਉਸ ਭਰੋਸੇ ਤੋਂ ਬੈਕ ਆਊਟ ਨਹੀਂ ਕਰਨਗੇ। ਜੋ ਉਸ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਸੀ, ਜੋ ਉਨ੍ਹਾਂ ਨੂੰ ਐਸ਼ੋਰੈਂਸ ਦਿਤੀ ਗਈ ਸੀ, ਉਸ ਨੂੰ ਹੂ-ਬਹੂ ਲਾਗੂ ਕਰਨਗੇ। ਅੱਗੇ ਇਸ ਕਲਾਜ਼ ਵਿਚ ਲਿਖਿਆ ਹੈ :—

"An Officer of the State Government not below the rank of a Commissioner of Division."

ਇਸ ਨੂੰ ਡਲੀਟ ਕਰ ਦਿਤਾ ਜਾਵੇ। ਇਸ ਦੇ ਨਾਲ ਟੀਚਰਜ਼ ਦੇ ਗਰੀਵੈਂਸਿਜ਼ ਰੀਮੂਵ ਹੋ ਸਕਦੇ ਹਨ ਅਤੇ ਉਹ ਜੱਜ ਦੇ ਸਾਹਮਣੇ ਆਪਣੇ ਗਰੀਵੈਂਸਿਜ਼ ਰੱਖ ਸਕਣਗੇ। ਕਮਿਸ਼ਨਰ ਹੋਵੇ ਜਾਂ ਲੇਬਰ ਕਮਿਸ਼ਨਰ ਹੋਵੇ, ਮੈਨੇਜਮੈਂਟ ਦਾ ਕੋਈ ਨੁਮਾਇੰਦਾ ਹੋਵੇ ਜਾਂ ਗੌਰਮਿੰਟ ਦਾ ਕੋਈ ਨੁਮਾਇੰਦਾ ਹੋਵੇ, ਉਨ੍ਹਾਂ ਕੋਲ ਬੇਖੌਫ ਉਹ ਆਪਣੀ ਗੱਲ ਕਹਿ ਸਕਣ। ਅਗਰ ਕੋਈ ਗੌਰਮਿੰਟ ਦਾ ਅਫਸਰ ਹੋਵੇਗਾ ਤਾਂ ਮੈਂ ਤੁਹਾਡੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਉਹ ਦਿਸ ਵੇ ਆਰ ਦੈਟ ਵੇ ਫੈਸਲਾ ਕਰ

[ਮਾਸਟਰ ਮੋਹਨ ਲਾਲ]

ਦੇਵੇਗਾ ਅਤੇ ਐਕਚੂਲੀ ਐਕਸ਼ਨ ਨਹੀਂ ਹੋਵੇਗਾ। ਫੈਸਲਾ ਜੂਡੀਸ਼ਿਅਸ ਹੋਣਾ ਚਾਹੀਦਾ ਹੈ। ਜੂਡੀਸ਼ਰੀ ਤੇ ਲੋਕਾਂ ਨੂੰ ਭਰੋਸਾ ਹੈ। ਇਹ ਜਿਹੜੇ ਲਫਜ਼ ਇਸ ਵਿਚ ਲਿਖ ਦਿਤੇ ਹਨ :—

"Any Officer of the State Government not below the rank of a Commissioner of Division."

ਇਹ ਡਲੀਟ ਕਰ ਦਿਤੇ ਜਾਣ। ਮੈਂ ਲੀਡਰ ਆਫ ਦੀ ਹਾਊਸ ਨੂੰ ਨਿਵੇਦਨ ਕਰਾਂਗਾ ਜਿਨ੍ਹਾਂ ਨੇ ਇਥੇ ਇਹ ਸੋਧ ਬਿਲ ਪੇਸ਼ ਕੀਤਾ ਹੈ ਇਹ ਇਸ ਬਿਲ ਨੂੰ ਸਿਲੈਕਟ ਕਮੇਟੀ ਦੇ ਵਿਚ ਭੇਜ ਦੇਣ। ਉਸ ਦੀ ਰਾਏ ਲੈ ਕੇ ਫਿਰ ਉਸ ਦੇ ਬਾਅਦ ਇਹ ਸੋਧ ਦੁਬਾਰਾ ਅਗਲੇ ਸੈਸ਼ਨ ਵਿਚ ਲਿਆਂਦੀ ਜਾਵੇ। ਮੈਂ ਅਰਜ਼ ਕਰਾਂਗਾ ਕਿ ਇਹ ਪ੍ਰਾਈਵੇਟ ਸਕੂਲ ਟੀਚਰਜ਼ ਯੂਨੀਅਨ ਜਦ ਦੀ ਹੋਂਦ ਵਿਚ ਆਈ ਹੈ, ਮੈਂ ਉਦੋ ਦਾ ਇਸ ਵਿਚ ਕੰਮ ਕਰ ਰਿਹਾ ਹਾਂ।

My humble submission is that the words of clause 2, "an Officer of the State Government not below the rank of a Commissioner of a Division" should be deleted and "A person shall not be qualified for appointment as a Presiding Officer of a School Tribunal unless he is or has been a Judge of the High Court". ਇਹ ਕਲਾਜ਼ ਇਥੋਂ ਤਕ ਰਹੇ। ਜਿਥੋਂ ਤਕ ਤਾਂ ਇਹ ਹੈ ਇਹ ਠੀਕ ਹੈ ਪਰ ਇਸ ਤੋਂ ਬਾਅਦ ਦੀ ਜਿਹੜੀ ਗਲ ਹੈ ਇਸ ਦੇ ਬਾਰੇ ਮੈਂ ਬੇਨਤੀ ਕਰਾਂਗਾ ਕਿ ਇਹ ਡਿਲੀਟ ਕਰ ਦਿੱਤੀ ਜਾਵੇ। ਇਸ ਦੇ ਨਾਲ ਹੀ ਇਸ ਪਵਿੱਤਰ ਹਾਊਸ ਵਿਚ ਮੈਂ ਇਹ ਵੀ ਗੁਜ਼ਾਰਿਸ਼ ਕਰਾਂਗਾ ਸਰਕਾਰ ਅੱਗੇ ਕਿ ਪ੍ਰਾਈਵੇਟ ਸਕੂਲਾਂ ਦੇ ਅੰਦਰ ਜਿਹੜੇ 1967 ਦੇ ਵਿੱਚ ਰੂਲਜ਼ ਲਾਗੂ ਕੀਤੇ ਗਏ ਹਨ, ਜਿਹੜੀਆਂ ਫੈਸਿਲਿਟੀਜ਼ ਅਕਾਲੀ ਸਰਕਾਰ ਦੇ ਆਉਣ ਨਾਲ ਉਨ੍ਹਾਂ ਸਕੂਲਾਂ ਦੇ ਟੀਚਰਜ਼ ਨੂੰ ਮਿਲੀਆਂ ਹਨ, ਉਹ ਸਾਰੀਆਂ ਫੈਸਿਲਿਟੀਜ਼ ਹੂ-ਬ-ਹੂ ਗੌਰਮਿੰਟ ਸਕੂਲ ਟੀਚਰਜ਼ ਨੂੰ ਜੋ ਮਿਲੀਆਂ ਹਨ ਉਹ ਉਨ੍ਹਾਂ ਨੂੰ ਵੀ ਇੰਨ ਬਿੰਨ ਮਿਲਣੀਆਂ ਚਾਹੀਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਕੂਲਾਂ ਦੇ ਅੰਦਰ 150 ਐਸੇ ਸਕੂਲਜ਼ ਹਨ ਲੱਗਭੱਗ ਜਿਥੇ ਉਨ੍ਹਾਂ ਸਕੂਲਾਂ ਦੇ ਟੀਚਰਜ਼ ਤਨਖਾਹਾਂ ਤੋਂ ਬਗੈਰ ਕੰਮ ਕਰ ਰਹੇ ਹਨ। ਕੱਲ੍ਹ ਇਥੇ ਹਾਊਸ ਵਿਚ ਐਸ਼ੋਅਰ ਕਰਵਾਇਆ ਗਿਆ ਸੀ ਕਿ ਗਰਾਂਟਾਂ ਭੇਜ ਦਿੱਤੀਆਂ ਹਨ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਗਰਾਂਟਾਂ ਜਿਹੜੀਆਂ ਰਿਲੀਜ਼ ਹੋਈਆਂ ਹਨ, ਉਹ 3 ਮਹੀਨੇ ਵਾਸਤੇ ਹੋਈਆਂ ਹਨ ਅਤੇ ਇਸ ਦੇ ਨਾਲ ਵੀ ਉਹ ਟੀਚਰਜ਼ ਸਫਰ ਕਰਨਗੇ। ਮੈਂ ਇਸ ਦੇ ਮੁਤੱਲਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਦੇ ਬਾਰੇ ਯੂਨੀਅਨ ਦੇ ਨੁਮਾਇੰਦਿਆਂ ਨਾਲ ਜੋ ਫੈਸਲਾ ਕੀਤਾ ਗਿਆ ਹੈ, ਉਹ ਹੂ-ਬ-ਹੂ ਉਸੇ ਤਰ੍ਹਾਂ ਲਾਗ ਹੋਣਾ ਚਾਹੀਦਾ ਹੈ।

ਆਖਿਰ ਵਿੱਚ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਕਮਿਸ਼ਨਰ ਵਾਲੀ ਲਾਈਨ ਹੈ ਇਸ ਦੇ ਵਿਚੋਂ ਉਹ ਡਿਲੀਟ ਕਰ ਦਿੱਤੀ ਜਾਵੇ ਤਾਂਕਿ ਟੀਚਰਜ਼ ਆਪਣੇ ਹੱਕਾਂ ਦੇ ਲਈ ਜੱਜ ਦੇ ਅਗੇ ਕੇਸ ਪੇਸ਼ ਕਰ ਸਕਣ ਔਰ ਉਨ੍ਹਾਂ ਤੋਂ ਇਨਸਾਫ ਲੈ ਸਕਣ। ਮੈਨੂੰ ਉਮੀਦ ਹੈ ਕਿ ਪ੍ਰਾਈਵੇਟ ਟੀਚਰਜ਼ ਦੇ ਬਾਰੇ ਜਿਹੜੇ ਕਿ ਇਸ ਵੇਲੇ 10 ਹਜ਼ਾਰ ਦੇ ਕਰੀਬ ਹਨ ਉਨ੍ਹਾਂ ਦੇ ਲਈ ਠੀਕ ਤਰੀਕੇ ਨਾਲ ਵਿਚਾਰ ਕਰਕੇ ਉਨ੍ਹਾਂ ਨੂੰ ਇਸ ਗਲ ਦਾ ਭਰੋਸਾ ਦੇਣਗੇ ਕਿ ਇਹ ਟੀਚਰਜ਼ ਵੀ ਉਸੇ ਤਰ੍ਹਾਂ ਦੇ ਕ੍ਰਮਸ਼ੀਲ ਹਨ, ਪਿਆਰੇ ਹਨ ਜਿਸ ਤਰ੍ਹਾਂ ਗੌਰਮਿੰਟ ਸਕੂਲਾਂ ਦੇ ਟੀਚਰਜ਼ ਹਨ, ਜੋ ਗੌਰਮਿੰਟ ਸਕੂਲਾਂ ਦੇ ਟੀਚਰਜ਼ ਨੂੰ ਫੈਸਿਲਿਟੀਜ਼ ਮਿਲਦੀਆਂ ਹਨ ਉਹੀ ਫੈਸਿਲਿਟੀਜ਼ ਪ੍ਰਾਈਵੇਟ ਸਕੂਲਾਂ ਦੇ ਟੀਚਰਜ਼ ਨੂੰ ਵੀ ਮਿਲਣੀਆਂ ਚਾਹੀਦੀਆਂ ਹਨ। ਜਿਸ ਤਰ੍ਹਾਂ ਗੌਰਮਿੰਟ ਸਕੂਲਜ਼ ਦੇ ਟੀਚਰਜ਼ ਨੂੰ ਫੈਸਿਲਿਟੀਜ਼ ਹਨ ਲੀਵ ਰੂਲਜ਼ ਦੀ, ਕੰਮ ਦੇ ਘੰਟਿਆਂ ਆਦਿ ਦੀ ਉਹੀ ਸੁਵਿਧਾਵਾਂ ਪ੍ਰਾਈਵੇਟ ਸਕੂਲਜ਼ ਟੀਚਰਜ਼ ਨੂੰ ਵੀ

ਮਿਲਣੀਆਂ ਚਾਹੀਦੀਆਂ ਹਨ। ਇਨ੍ਹਾਂ ਸ਼ਬਦਾਂ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਔਰ ਇਕ ਵਾਰੀ ਫਿਰ ਨਿਵੇਦਨ ਕਰਦਾ ਹਾਂ ਕਿ ਪ੍ਰਾਈਵੇਟ ਟੀਚਰਜ਼ ਨੂੰ ਵੀ ਉਹੀ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਜਿਹੜੀਆਂ ਗੌਰਮਿੰਟ ਸਕੂਲਜ਼ ਦੇ ਟੀਚਰਜ਼ ਨੂੰ ਮਿਲਦੀਆਂ ਹਨ ਔਰ ਜਿਹੜੀ ਕਮਿਸ਼ਨਰ ਵਾਲੀ ਲਾਈਨ ਇਸ ਦੇ ਵਿੱਚ ਪਾਈ ਗਈ ਹੈ ਇਸ ਨੂੰ ਡਿਲੀਟ ਕਰ ਦਿੱਤਾ ਜਾਵੇ ਤਾਂਕਿ ਉਹ ਆਪਣੇ ਹੱਕਾਂ ਵਾਸਤੇ ਇਨਸਾਫ਼ ਜੱਜ ਪਾਸੋਂ ਲੈ ਸਕਣ। ਧੰਨਵਾਦ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ): ਡਿਪਟੀ ਸਪੀਕਰ ਸਾਹਿਬ, ਮਾਸਟਰ ਮੋਹਨ ਲਾਲ ਜੀ ਦੀ ਜੋ ਅਮੈਂਡਮੈਂਟ ਆਈ ਹੈ, ਉਨ੍ਹਾਂ ਦੀ ਜੋ ਰਿਕੁਐਸਟ ਹੈ ਉਸ ਦੀ ਹਰਫ਼-ਬ-ਹਰਫ਼ ਤਾਈਦ ਕਰਨ ਵਾਸਤੇ ਮੈਂ ਬੇਨਤੀ ਕਰ ਰਿਹਾ ਹਾਂ। ਪ੍ਰਾਈਵੇਟ ਸਕੂਲਾਂ ਦੇ ਮਸਲੇ ਇਤਨੇ ਜ਼ਿਆਦਾ ਪੇਚੀਦਾ ਹੋ ਗਏ ਹਨ ਕਿ ਬਹੁਤ ਸਾਰੀਆਂ ਮੈਨੇਜਮੈਂਟਸ ਤਨਖਾਹਾਂ ਦੇਣ ਦੇ ਕਾਬਲ ਵੀ ਨਹੀਂ ਰਹੀਆਂ। ਲੜਾਈ ਮੈਨੇਜਮੈਂਟ ਦੀ ਔਰ ਉਨ੍ਹਾਂ ਦੀ ਹੈ। ਜਿਵੇਂ ਜਿਵੇਂ ਆਬਾਦੀ ਵੱਧ ਰਹੀ ਹੈ, ਸਕੂਲਾਂ ਵਿਚ ਬੱਚੇ ਵੱਧ ਰਹੇ ਹਨ। ਇਨ੍ਹਾਂ ਸਕੂਲਾਂ ਨੂੰ ਬਹੁਤ ਦੇਰ ਪਹਿਲਾਂ ਇਨ੍ਹਾਂ ਦੀ ਸਟਰੈਂਥ ਦੇ ਮੁਤਾਬਿਕ 95 ਪ੍ਰਤੀਸ਼ਤ ਗਰਾਂਟ ਮਿਲਦੀ ਹੈ। ਉਸ ਦੇ ਵਿੱਚ ਤਾਲੀਮ ਦੀਆਂ ਲੋੜਾਂ ਮੁਤਾਬਿਕ ਬਹੁਤ ਸਾਰੇ ਬੱਚੇ ਨਵੇਂ ਆਉਂਦੇ ਹਨ, ਕਲਾਸਿਜ਼ ਨਵੀਆਂ ਬਣਦੀਆਂ ਹਨ, ਟੀਚਰਜ਼ ਨਵੇਂ ਲਗਦੇ ਹਨ ਔਰ ਉਨ੍ਹਾਂ ਟੀਚਰਜ਼ ਦਾ ਮੈਨੇਜਮੈਂਟ ਤੇ ਬੜਾ ਬੋਝਾ ਹੁੰਦਾ ਹੈ ਔਰ ਮੈਨੇਜਮੈਂਟ ਫਿਰ ਉਨ੍ਹਾਂ ਨੂੰ ਕੁਝ ਦੇ ਨਹੀਂ ਸਕਦੀ ਜਿਸ ਕਰਕੇ ਉਹ ਆਪਣੇ ਹਕੂਕਾਂ ਵਾਸਤੇ ਵਾਵਰੋਲਾ ਕਰਦੇ ਹਨ ਔਰ ਇਹ ਸਾਰਾ ਕੁਝ ਫਿਰ ਝਗੜੇ ਦਾ ਕਾਰਨ ਬਣਦਾ ਹੈ। ਇਨ੍ਹਾਂ ਸਕੂਲਾਂ ਵਾਸਤੇ ਸਰਕਾਰ 95 ਪ੍ਰਤੀਸ਼ਤ ਗਰਾਂਟ ਦਿੰਦੀ ਹੈ। ਸਕੂਲਾਂ ਦੇ ਵਿੱਚ ਆਬਾਦੀ ਦੇ ਲਿਹਾਜ਼ ਨਾਲ ਬੱਚਿਆਂ ਦੀ ਗਿਣਤੀ ਵੱਧਦੀ ਜਾਂਦੀ ਹੈ ਅਤੇ ਟਾਈਮ ਟੂ ਟਾਈਮ ਉਨ੍ਹਾਂ ਦੀਆਂ ਜ਼ਰੂਰਤਾਂ ਵੱਧਦੀਆਂ ਜਾਂਦੀਆਂ ਹਨ ਔਰ ਇਸ ਦੇ ਵਾਸਤੇ ਕੋਈ ਸਰਵੇ ਵਗੈਰਾ ਇਤਨੇ ਚਿਰ ਤੋਂ ਨਹੀਂ ਹੋਇਆ। ਹਰ ਵੇਲੇ ਵਾਇਦਾ ਹੁੰਦਾ ਰਿਹਾ ਹੈ ਕਿ ਸਰਵੇ ਹੋਵੇਗਾ, ਸਰਵੇ ਹੋਵੇਗਾ ਪਰ ਕੋਈ ਸਰਵੇ ਨਹੀਂ ਹੋਇਆ ਔਰ ਉਨ੍ਹਾਂ ਸਕੂਲਾਂ ਦੇ, ਕਾਲਜਾਂ ਦੇ ਵੱਧਦੇ ਹੋਏ ਖਰਚੇ ਨਵੀਂ ਨਵੀਂ ਪ੍ਰਾਬਲਮਜ਼ ਪੈਦਾ ਕਰਦੇ ਹਨ। ਜਿਹੜੀਆਂ ਗੱਲਾਂ ਮਾਸਟਰ ਮੋਹਨ ਲਾਲ ਨੇ ਕਹੀਆਂ ਹਨ ਇਨ੍ਹਾਂ ਨੂੰ ਜ਼ਾਤੀ ਤਜਰਬਾ ਵੀ ਹੈ ਕਿਉਂਕਿ ਇਹ ਆਪ ਟੀਚਰ ਰਹੇ ਹਨ। ਲੋਕ ਹਾਲੀਂ ਵੀ ਜੁਡੀਸ਼ਰੀ ਤੇ ਇਤਬਾਰ ਕਰਦੇ ਹਨ ਭਾਵੇਂ ਉਸ ਤੇ ਕੋਈ ਬਹੁਤਾ ਟਰੱਸਟ ਨਹੀਂ ਰਹਿ ਗਿਆ ਜੋ ਹੋਣਾ ਚਾਹੀਦਾ ਹੈ। ਜੋ ਇਸ ਦੇਸ਼ ਦੇ ਵਿੱਚ ਦਿੱਲੀ ਵਿੱਚ ਜੱਜ ਫੈਸਲਾ ਦੇਣ ਲਗਿਆਂ ਇਹ ਕਹਿੰਦਾ ਹੈ ਕਿ ਬੇਅੰਤ ਸਿੰਘ ਦੀ ਵਜ੍ਹਾ ਕਰਕੇ 10 ਹਜ਼ਾਰ ਸਿੱਖ ਹਿੰਦੁਸਤਾਨ ਵਿੱਚ ਉਸ ਨੇ ਮਰਵਾ ਦਿੱਤਾ ਹੈ ਤਾਂ ਸੋਚੀਦਾ ਹੈ ਕਿ ਇਹ ਜੱਜ ਹਨ ਜਾਂ ਕੁਝ ਹੋਰ ਹਨ। ਕਲਮ ਆਪਣੀ ਹੈ ਨਿਜ਼ਾਮ ਕਿਸੇ ਹੋਰ ਦੇ ਹੱਥ ਵਿਚ ਔਰ ਇਸ ਫੈਸਲੇ ਦੇ ਬਾਵਜੂਦ ਜੱਜ ਤੇ ਇਤਬਾਰ ਥੋੜ੍ਹਾ ਬਹੁਤ ਬਾਕੀ ਹੈ। ਇਹ ਮੁਤਾਲਬਾ ਦੱਸਿਆ ਹੈ। ਜਿਹੜੀ ਅਮੈਂਡਮੈਂਟ ਇਨ੍ਹਾਂ ਨੇ ਕਹੀ ਹੈ ਇਹ ਮੰਨ ਲੈਣੀ ਚਾਹੀਦੀ ਹੈ। ਇਸ ਦੇ ਨਾਲ ਹੀ ਮੈਂ ਇਕ ਗਲ ਇਹ ਕਹਿਣੀ ਹੈ ਕਿ ਟੀਚਰਜ਼ ਦੀਆਂ ਪ੍ਰਾਬਲਮਜ਼ ਦੀ ਬਹੁਤੀ ਗਲ ਗੌਰਮਿੰਟ ਤੇ ਆਉਂਦੀ ਹੈ। ਜੋ 95 ਪ੍ਰਤੀਸ਼ਤ ਗਰਾਂਟ ਵੱਧ ਰਹੀ ਸਕੂਲਾਂ ਦੀ ਆਬਾਦੀ ਨੂੰ ਮੁੱਖ ਰਖਦਿਆਂ ਹੋਇਆਂ ਹਾਲੀ ਤਕ ਰਿਲੀਜ਼ ਨਹੀਂ ਕਰਦੇ ਟਾਈਮ-ਟੂ-ਟਾਈਮ ਸਰਵੇ ਨਹੀਂ ਕਰਦੇ ਤਾਂ ਇਹ ਗੱਲਾਂ ਝਗੜੇ ਦਾ ਕਾਰਨ ਬਣਦੀਆਂ ਹਨ। ਸਰਵੇ ਵਾਲੀ ਗਲ ਗੌਰਮਿੰਟ ਨੂੰ ਫੌਰੀ ਤੌਰ ਤੇ ਕਰਨੀ ਚਾਹੀਦੀ ਹੈ। ਮੈਂ ਮਾਸਟਰ ਮੋਹਨ ਲਾਲ ਜੀ ਦੀ ਵੀ ਗੱਲ ਨਾਲ ਸਹਿਮਤ ਹਾਂ ਕਿ ਇਸ ਦੀ ਅਮੈਂਡਮੈਂਟ ਕੀਤੀ ਜਾਵੇ। ਅੱਗੇ ਇਕ ਮਨਿਸਟਰ ਸਾਹਿਬ ਨੇ ਐਸੀ ਅਮੈਂਡਮੈਂਟ ਕੀਤੀ ਹੈ ਇਮਪਰੂਵਮੈਂਟ ਟਰੱਸਟ ਦੇ ਕੇਸ ਵਿੱਚ ਕਿ ਡਿਪਟੀ ਸੈਕਟਰੀ ਤੋਂ ਘੱਟ, ਉਸ ਤੋਂ ਛੋਟਾ ਅਫ਼ਸਰ ਹਸਤਕਸ਼ੇਪ ਨਹੀਂ ਕਰ ਸਕਦਾ। ਉਸ ਗੱਲ ਦੀ ਸਪੀਕਰ ਸਾਹਿਬ ਨੇ ਦਾਦ ਦਿੱਤੀ ਹੈ, ਅਸੀਂ ਵੀ ਪ੍ਰਸ਼ੰਸਾ ਕੀਤੀ ਹੈ। ਮੇਰੀ ਬੇਨਤੀ ਹੈ ਕਿ ਚੀਫ਼

[ਸਰਦਾਰ ਕਿਰਪਾਲ ਸਿੰਘ]

ਮਨਿਸਟਰ ਸਾਹਿਬ ਵੀ ਇਹ ਪ੍ਰਸ਼ੰਸਾ ਲੈਣਗੇ ਅਤੇ ਇਕ ਥਾਂ ਤੇ ਜੋ ਲਾਈਨ ਹੈ ਉਸ ਨੂੰ ਕੱਟ ਕੇ ਉਹ ਵੀ ਪ੍ਰਸ਼ੰਸਾ ਦੇ ਪਾਤਰ ਬਣਨਗੇ ।

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ) : ਡਿਪਟੀ ਸਪੀਕਰ ਸਾਹਿਬ, ਜੋ ਅਮੈਂਡਿੰਗ ਬਿਲ ਪੇਸ਼ ਹੋਇਆ ਹੈ ਔਰ ਉਸ ਦੇ ਵਿਚ ਜੋ ਮਾਸਟਰ ਮੋਹਨ ਲਾਲ ਜੀ ਨੇ, ਸਰਦਾਰ ਕਿਰਪਾਲ ਸਿੰਘ ਜੀ ਨੇ ਕਿਹਾ ਹੈ, ਜੋ ਦਲੀਲ ਦਿੱਤੀ ਹੈ ਮੈਂ ਉਨ੍ਹਾਂ ਨਾਲ ਸਹਿਮਤ ਹਾਂ। ਬੇਨਤੀ ਇਹ ਹੈ ਕਿ 95 ਪ੍ਰਤੀਸ਼ਤ ਗਰਾਂਟ ਪੰਜਾਬ ਸਰਕਾਰ ਦੇ ਖਜ਼ਾਨੇ ਵਿਚੋਂ ਜਾਂਦੀ ਹੈ ਪ੍ਰਾਈਵੇਟ ਸਕੂਲਾਂ ਦੇ ਟੀਚਰਜ਼ ਵਾਸਤੇ ਔਰ ਇਸ ਦੇ ਬਾਵਜੂਦ ਵੀ ਪ੍ਰਾਈਵੇਟ ਸਕੂਲਾਂ ਦੇ ਟੀਚਰਜ਼ ਨੂੰ ਵਕਤ ਸਿਰ ਤਨਖਾਹਾਂ ਨਹੀਂ ਮਿਲਦੀਆਂ। ਤਕਰੀਬਨ 10 ਹਜ਼ਾਰ ਪ੍ਰਾਈਵੇਟ ਸਕੂਲਾਂ ਦੇ ਟੀਚਰਜ਼ ਹਨ ਉਨ੍ਹਾਂ ਨੂੰ ਹੋਰ ਕਈ ਕਿਸਮ ਦੀਆਂ ਮੁਸ਼ਕਲਾਂ ਹਨ. ਉਨ੍ਹਾਂ ਨੂੰ ਤਨਖਾਹਾਂ ਵਕਤ ਸਿਰ ਨਹੀਂ ਮਿਲਦੀਆਂ, ਉਨ੍ਹਾਂ ਨੂੰ ਫੇਸਿਲਿਟੀਜ਼ ਗੌਰਮਿੰਟ ਸਕੂਲਾਂ ਦੇ ਟੀਚਰਜ਼ ਵਾਲੀਆਂ ਨਹੀਂ ਮਿਲਦੀਆਂ ਅਤੇ ਹੋਰ ਕਈ ਮਸਲੇ ਉਨ੍ਹਾਂ ਦੇ ਪੇਚੀਦਾ ਹਨ ਤਾਂ ਘੱਟੋ ਘੱਟ ਆਪਣੇ ਹਕੂਕਾਂ ਦੀ ਰਾਖੀ ਵਾਸਤੇ ਉਸ ਦੇ ਵਾਸਤੇ ਇਤਨਾ ਤਾਂ ਕਰਨਾ ਚਾਹੀਦਾ ਹੈ ਕਿ ਜੁਡੀਸ਼ਰੀ ਤੋਂ ਆਪਣਾ ਇਨਸਾਫ ਲੈ ਸਕੇ । ਦੂਸਰੇ ਪਾਸੇ ਇਸ ਤੋਂ ਇਲਾਵਾ ਮੇਰੀ ਇਹ ਮੰਗ ਵੀ ਹੈ ਕਿ ਸਾਡੀ ਤਾਲੀਮ ਦਾ ਆਦਾਰਾ ਇਕ ਐਸਾ ਅਦਾਰਾ ਹੈ ਜਿਸ ਤੇ ਸਾਡੀ ਨੇਸ਼ਨ ਖੜੀ ਹੈ ਔਰ ਇਸ ਦੇ ਲਈ ਮੇਰੀ ਮੰਗ ਹੈ ਕਿ ਇਨ੍ਹਾਂ ਅਮੈਂਡਮੈਂਟਾਂ ਦੀ ਬਜਾਏ ਇਸ ਨੂੰ ਨੇਸ਼ਨੈਲਾਈਜ਼ ਕੀਤਾ ਜਾਵੇ ਤਾਕਿ ਪ੍ਰਾਈਵੇਟ ਹੱਥਾਂ ਵਿਚੋਂ ਇਹ ਤਾਲੀਮ ਨਿਕਲੇ। ਇਸ ਨੂੰ ਨੇਸ਼ਨੇਲਾਈਜ਼ ਕੀਤਾ ਜਾਵੇ ਤਾਂ ਕਿ ਗਰੀਬ ਅਤੇ ਅਮੀਰ ਦੇ ਬੱਚੇ ਸਾਰੇ ਸਾਂਝੇ ਪੜ੍ਹ ਸਕਣ, ਉਨ੍ਹਾਂ ਦੀ ਤਾਲੀਮ ਸਾਂਝੀ ਹੋ ਸਕੇ। ਐਗਜ਼ੈਕਟਿਵ ਕਿਸੇ ਦੀ ਕੀ ਪ੍ਰਵਾਹ ਕਰਦੀ ਹੈ, ਇਹ ਅਫ਼ਸਰ ਸਾਡੀ ਵੀ ਪ੍ਰਵਾਹ ਨਹੀਂ ਕਰਦੇ। ਇਕ ਐਮ.ਐਲ.ਏ. ਲੋਕਾਂ ਦਾ ਚੁਣਿਆ ਹੋਇਆ ਨੁਮਾਇੰਦਾ ਆਉਂਦਾ ਹੈ ਉਹ ਉਸ ਦੀ ਪ੍ਰਵਾਹ ਨਹੀਂ ਕਰਦੇ ਔਰ ਉਹ ਆਪਣੀ ਮਰਜ਼ੀ ਕਰਦੇ ਹਨ। ਅਸੀਂ ਮਨਿਸਟਰ ਸਾਹਿਬਾਨ ਕੋਲੋਂ ਲਿਖਵਾ ਕੇ ਲੈ ਵੀ ਜਾਂਦੇ ਹਾਂ ਪਰ ਉਹ ਅਫ਼ਸਰ ਉਸ ਦੀ ਵੀ ਪ੍ਰਵਾਹ ਨਹੀਂ ਕਰਦੇ ।

ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਵੇਲੇ ਹਾਲਤ ਇਹ ਹੈ ਕਿ ਪੰਜਾਬ ਦੇ ਵਿੱਚ ਜੋ ਪ੍ਰਾਇਮਰੀ ਸਕੂਲਜ਼ ਹਨ ਜਾਂ ਦੂਸਰੇ ਸਕੂਲਜ਼ ਹਨ, ਉਨ੍ਹਾਂ ਵਿੱਚ ਸਟਾਫ ਬਹੁਤ ਘੱਟ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਆਪਣੇ ਹਲਕੇ ਵਿੱਚ ਨੌਕਰੀਆਂ ਦੀ ਗੱਲ ਦੱਸਣਾ ਚਾਹੁੰਦਾ ਹਾਂ ਕਿ ਉਥੇ ਜਿਹੜਾ ਸਕੂਲ ਹੈ ਉਥੇ ਇਕ ਹਿੰਦੀ ਦੀ ਪੋਸਟ ਸੀ। ਟੀਚਰ ਦੀ ਬਦਲੀ ਕਰਾਉਣ ਵਾਸਤੇ ਪੋਸਟ ਹੀ ਕਢ ਕੇ ਦੇ ਦਿਤੀ। ਹਿੰਦੀ ਇਕ ਜ਼ਰੂਰੀ ਸਬਜੈਕਟ ਹੈ, ਕਮਪਲਸਰੀ ਹੈ ਬੱਚੇ ਵਾਸਤੇ ਪਾਸ ਹੋਣ ਲਈ ਪਰ ਉਥੇ ਉਸ ਸਕੂਲ ਵਿੱਚ ਪਹਿਲਾਂ ਤਾਂ 5-6 ਮਹੀਨੇ ਤੋਂ ਹਿੰਦੀ ਦੀ ਪੋਸਟ ਤੇ ਕੋਈ ਹਿੰਦੀ ਟੀਚਰ ਹੀ ਨਹੀਂ ਸੀ ਔਰ ਫਿਰ ਪੋਸਟ ਵੀ ਚੱਕ ਦਿੱਤੀ ਗਈ । ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਗੱਲਾਂ ਵਲ ਧਿਆਨ ਦੇਣਾ ਚਾਹੀਦਾ ਹੈ। ਇਹ ਮੇਰੀ ਰਿਕੁਐਸਟ ਹੈ ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਡਿਪਟੀ ਸਪੀਕਰ ਸਾਹਿਬ, ਜੋ ਬਹਿਸ ਹੋਈ ਹੈ ਬਿਲ ਤੇ ਬਹੁਤ ਘੱਟ ਹੋਈ ਹੋਰ ਗੱਲਾਂ ਕਰਦੇ ਰਹੇ ਪ੍ਰਾਈਵੇਟ ਸਕੂਲਾਂ ਦੇ ਟੀਚਰਜ਼ ਦੀ ਸਿਕਿਉਰਿਟੀ ਆਫ ਸਰਵਿਸ ਦਾ ਜਿਹੜਾ ਬਿਲ ਸੀ, ਉਹ ਵੀ ਅਸੀਂ ਲਿਆਏ ਸੀ ਜਦੋਂ ਸਰਦਾਰ ਗੁਰਨਾਮ ਸਿੰਘ ਹੋਰਾਂ ਦੀ ਸਰਕਾਰ ਸੀ। ਉਸ ਵੇਲੇ ਕੀਤਾ ਸੀ ਕਿਉਂਕਿ ਟੀਚਰਜ਼ ਦੀ ਇਹ ਮੰਗ ਸੀ ਔਰ ਉਨ੍ਹਾਂ ਦੀ ਮੰਗ ਨੂੰ ਜਾਇਜ਼ ਸਮਝਦੇ ਹੋਏ ਇਹ ਲੈਜਿਸਲੇਸ਼ਨ ਲਿਆਂਦੀ ਸੀ। ਫਿਰ ਕਾਲਜ

ਟੀਚਰਾਂ ਦਾ ਆਇਆ। ਹੁਣ ਉਨ੍ਹਾਂ ਵਾਸਤੇ ਇਕ ਟ੍ਰਿਬਿਊਨਲ ਬਣਿਆ ਹੋਇਆ ਹੈ, ਜਿਸ ਦੇ ਵਿੱਚ ਪੰਜਾਬ ਪ੍ਰਾਈਵੇਟ ਕਾਲਜਾਂ ਦੇ ਟੀਚਰਾਂ ਦੀ ਸਿਕਿਉਰਿਟੀ ਆਫ਼ ਸਰਵਿਸ ਦਾ ਕਾਨੂੰਨ ਹੈ। ਉਸ ਦੇ ਵਿਚ ਇਹ ਪ੍ਰੋਵੀਜ਼ਨ ਮੌਜੂਦ ਹੈ ਕਿ ਹਾਈ ਕੋਰਟ ਦਾ ਜਜ ਹੋਵੇ ਜਾਂ ਡਵੀਜ਼ਨਲ ਕਮਿਸ਼ਨ ਦੇ ਰੈਂਕ ਦਾ ਕੋਈ ਬੰਦਾ ਹੋਵੇ ਉਹ ਉਸ ਦਾ ਚੇਅਰਮੈਨ ਹੋ ਸਕੇਗਾ। ਇਹ ਪਹਿਲਾਂ ਅਸੀਂ ਸਕੂਲਾਂ ਵਾਸਤੇ ਪ੍ਰੋਵਾਈਡ ਨਹੀਂ ਸੀ ਕੀਤਾ ਔਰ ਅਸੀਂ ਚਾਹੁੰਦੇ ਹਾਂ ਕਿ ਇਹ ਸਕੂਲਾਂ ਦੇ ਵਿੱਚ ਵੀ ਹੋਵੇ ਤਾਕਿ ਕੇਸਾਂ ਦਾ ਛੇਤੀ ਫੈਸਲਾ ਹੋ ਜਾਵੇ ਕਿਉਂਕਿ ਬੜੇ ਬੜੇ ਲੰਬੇ ਅਰਸੇ ਤਕ ਕੇਸ ਲਮਕਦੇ ਰਹਿੰਦੇ ਹਨ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਡਿਮਾਂਡ ਜਾਇਜ਼ ਹੈ ਇਹ ਮੰਨ ਲੈਣੀ ਚਾਹੀਦੀ ਹੈ।

Mr. Deputy Speaker : Question is—

That the Punjab Privately Managed Recognised Schools Employees (Security of Service) Amendment Bill be taken into consideration at once.

The Motion was carried.

Mr. Deputy Speaker : Now the House will proceed to consider the Bill Clause-by-Clause.

Mr. Deputy Speaker : If the House agrees all the Clauses of the Bill be put to the vote of the House together ?

(*Voices: yes, yes*).

Sub-Clause (2) of Clause 1, Clause 2, Clause 3, and Sub-Clause (1) of Clause 1.

Mr. Deputy Speaker : Question is—

That Sub-Clause (2) of Clause 1, Clause 2, Clause 3 and Sub-Clause (1) of Clause 1 stand part of the Bill.

The Motion was carried.

TITLE

Mr. Deputy Speaker : Question is—

That Title be the Title of the Bill.

The Motion was carried.

Chief Minister (Sardar Surjit Singh Barnala): Sir, I beg to move—

That the Punjab Privately Managed Recognised Schools Employees (Security of Service) Amendment Bill be passed.

Mr. Deputy Speaker : Motion moved—

That the Punjab Privately Managed Recognised Schools Employees (Security of Service) Amendment Bill be passed.

Mr. Deputy Speaker : Question is—

That the Punjab Privately Managed Recognised Schools Employees (Security of Service) Amendment Bill be passed.

The Motion was carried.

Mr. Deputy Speaker: The House stands adjourned till 9.00 A.M. on Thursday, the 18th December, 1986.

*11.24 A.M. (*The Sabha then *adjourned till 900 A. M. on Thursday, the 18th December, 1986*).

24476/PVS—Govt. Press, Chd.

THE PUNJAB [illegible] EMPLOYEES (SECURITY OF SERVICE) [illegible] BILL, 1965

[illegible]

Mr. Deputy Speaker : Question is—

That the Punjab [illegible] Employees (Security of Service) [illegible] be taken into consideration at once.

The Motion was carried.

Mr. Deputy Speaker : Now the House will proceed to consider the Bill Clause-by-clause.

Mr. Deputy Speaker : Is the House agreeable that the Clauses of the Bill be put to the vote of the House together?

(Voices : Yes, yes)

Sub-Clause (2) of Clause 1, Clause 2, Clause 3, Sub-Clause (1) of Clause 1, [illegible]

Mr. Deputy Speaker : Question is—

That sub-clause (2) of Clause 1, [illegible] sub-clause (1) of Clause 1 [illegible] stand part of the Bill.

The Motion was carried.

[illegible]

Mr. Deputy Speaker : Question is—

That Title [illegible] be the Title of the Bill.

The Motion was carried.

Chief Minister (Sardar [illegible] Singh [illegible]) : Sir, I beg to move—

That the Punjab [illegible] Employees (Security of Service) Amendment Bill be passed.

Mr. Deputy Speaker : Motion moved—

That the Punjab [illegible] Employees (Security of Service) Amendment Bill be passed.

Mr. Deputy Speaker : Question is—

That the Punjab [illegible] Employees (Security of Service) Amendment Bill be passed.

The Motion was carried.

Mr. Deputy Speaker : [illegible] the House stands adjourned [illegible]

1.58 p.m. *The Sabha then adjourned till 9.00 a.m. on [illegible] the [illegible] 1965.*

[illegible]


Published under the authority of the Punjab Vidhan Sabha and printed by the Controller, Government Press, Chandigarh.

Punjab Vidhan Sabha Debates

18th December, 1986

Vol. IV—No. 5

OFFICIAL REPORT



CONTENTS

Thursday, the 18th December, 1986

Punjab Vidhan Sabha Secretariat, Chandigarh.

Price : Rs. 106-0

ERRATA

TO

PUNJAB VIDHAN SABHA DEBATES

Vol. IV—No. 5

Dated 18th December, 1986

Read	*For*	*Page*	*Line*
Pandit Sarwan Ram Mansowalia	Pandit Sarwan Ram Mansonwalia	(5)1	11
ਹਾਂ	ਤਾਂ	(5)73	10
victims	victins	(5)73	2nd from below
Expunged	Epunged	(5)88	Foot note
ਟਾਰਚਰ	ਟਾਚਰ	(5)109	5
ਲੈਣਾ	ਲਣਾ	(5)113	5
ਗਏ	ਰਏ	(5)133	3rd from below
Expunged/Not recorded	Expunged not recorded	(5)139	1st from below

PUNJAB VIDHAN SABHA

Thursday, the 18th December, 1986

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 *A.M. of the Clock. Mr. Speaker (Sardar Surjit Singh Minhas) in the Chair.*

STARRED QUESTIONS AND ANSWERS

ਨਿਸ਼ਾਨ ਵਾਲੇ ਪ੍ਰਸ਼ਨ ਨੰ: 552 ਅਤੇ 575

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਏ।)

Rural Dispensaries in Garhshankar and Mahilpur Blocks

*544. **Pandit Sarwan Ram Mansonwalia :** Will the Minister of State for Health and Family Welfare be pleased to state—

(a) the number of rural dispensaries in the Garhshankar and Mahilpur blocks in district Hoshiarpur ;

(b) the number of dispensaries out of those referred to in part (a) above the buildings of which are in dilapidated condition ;

(c) the steps proposed to be taken for the repair of the said buildings ?

Sardar Sukhdev Singh Dhillon :

(a) 15 in each block.

(b) 2 in Mahilpur Block (Mahilpur and Baddon).

(c) Zila Parishad Dispensary at Mahilpur has yet not been provincialized. The Zila Parishad, Hoshiarpur is being requested to carry out necessary repairs.

The estimate for special repairs of Baddon is under process.

ਪੰਡਿਤ ਸਰਵਣ ਰਾਮ ਮਨਸੋਵਾਲਿਆ : ਸਰ, ਇਨ੍ਹਾਂ ਨੇ ਦੱਸਿਆ ਹੈ ਕਿ ਹਰੇਕ ਬਲਾਕ ਵਿਚ 15 ਡਿਸਪੈਂਸਰੀਆਂ ਹਨ ਤੇ ਉਨ੍ਹਾਂ ਦੀਆਂ ਦੋ ਦੀਆਂ, ਮਾਹਿਲਪੁਰ ਬਲਾਕ ਦੇ ਵਿਚ ਤੇ ਗੜ੍ਹਸ਼ੰਕਰ ਬਲਾਕ ਦੇ ਵਿਚ ਇਮਾਰਤਾਂ ਬਣਨੀਆਂ ਰਹਿੰਦੀਆਂ ਹਨ ਪਰ ਹਾਲੇ ਤਕ ਇਹ ਜਿਹੜੀ ਸਟੇਟਮੈਂਟ ਹੈ ਮਨਿਸਟਰ ਸਾਹਿਬ ਨੂੰ ਪਤਾ ਨਹੀਂ ਹੈ ਕਿ ਕਿੱਥੋਂ ਮਿਲੀ ਹੈ। ਕੰਡੀ ਏਰੀਆ ਵਿਚ ਹਾਲੇ ਤਕ ਕਾਫੀ ਤੋਂ ਜ਼ਿਆਦਾ ਡਿਸ਼ਪੈਂਸਰੀਆਂ ਬਣੀਆਂ ਹੀ ਨਹੀਂ। ਜਿਸ ਤਰ੍ਹਾਂ ਬੀਨੇ-ਵਾਲ ਹੈ, ਉਥੇ ਡਿਸਪੈਂਸਰੀ ਨਹੀਂ ਬਣੀ, ਹੈਬੋਵਾਲ ਹੈ, ਉਥੇ ਅਸੀਂ ਲੋਕਾਂ ਤੋਂ ਥੋੜ੍ਹੀ ਜਿਹੀ ਥਾਂ ਬਣਵਾਈ ਹੈ, ਮਨਸੋਵਾਲ ਵਿਚ ਤਕਰੀਬਨ ਕੋਈ 50 ਸਾਲ ਤੋਂ ਡਿਸਪੈਂਸਰੀ ਹੈ, ਉਸ ਦੀ ਬਿਲ-

[ਪੰਡਿਤ ਸਰਵਣ ਰਾਮ ਮਨਸੋਵਾਲੀਆ]

ਡਿੰਗ ਡਿਗਣ ਵਾਲੀ ਹੈ। ਐਸਟੀਮੇਟ ਬਣ ਕੇ ਇਥੇ ਆਇਆ ਹੈ । ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਹੜੀਆਂ ਡਿਸਪੈਂਸਰੀਆਂ ਦੀਆਂ ਬਿਲਡਿੰਗਾਂ ਡਿਗਣ ਵਾਲੀਆਂ ਹਨ, ਉਨ੍ਹਾਂ ਦੀ ਮੁਰੰਮਤ ਵਾਸਤੇ ਕੋਈ ਯਤਨ ਸਰਕਾਰ ਵਲੋਂ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕੀਤੀ ਸੀ ਜਵਾਬ ਵਿਚ ਕਿ ਮਾਹਿਲਪੁਰ, ਜ਼ਿਲ੍ਹਾ ਪ੍ਰੀਸ਼ਦ ਕੋਲ ਹੈ। ਉਨ੍ਹਾਂ ਨੂੰ ਇਨਸਟਰੱਕਸ਼ਨਜ਼ ਦਿੱਤੀਆਂ ਹਨ ਕਿ ਰਿਪੇਅਰ ਜਲਦੀ ਕਰਵਾ ਦਿੱਤੀ ਜਾਵੇ। ਐਸਟੀਮੇਟ ਬਣਵਾ ਲਿਆ ਹੈ। ਜਲਦੀ ਤੋਂ ਜਲਦੀ ਜਿਤਨਾ ਹੋ ਸਕਿਆ ਕਰਵਾ ਦੇਵਾਂਗੇ ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਰ, ਇਹ ਤਾਂ ਮਾਹਿਲਪੁਰ ਨੂੰ ਹੀ ਲਈ ਜਾਂਦੇ ਹਨ। ਗੜ੍ਹੀ ਮਨਸੋਵਾਲ ਗੜ੍ਹਸ਼ੰਕਰ ਬਲਾਕ ਵਿਚ ਬਿਲਡਿੰਗ ਟੁੱਟੀ ਭੱਜੀ ਪਈ ਹੈ । ਡਾਕਟਰ ਬਾਹਰ ਬੈਠ ਕੇ ਦਵਾਈਆਂ ਦਿੰਦਾ ਹੈ, ਕੀ ਉਸ ਦੀ ਮੁਰੰਮਤ ਕਰਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜੀਆਂ ਡਿਸ਼ਪੈਂਸਰੀਆਂ ਦੀ ਹਾਲਤ ਮਾੜੀ ਹੈ ਦੋ ਦਾ ਜ਼ਿਕਰ ਕੀਤਾ ਸੀ ਉਹ ਮੈਂ ਦੱਸ ਦਿੱਤਾ ਹੈ। ਜੇਕਰ ਹੋਰ ਇਨ੍ਹਾਂ ਦੇ ਨੋਟਿਸ ਵਿਚ ਹੈ ਦੱਸ ਦੇਣ, ਜ਼ਰੂਰ ਕਰਵਾ ਦੇਵਾਂਗੇ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹਵਾਂਗਾ ਕਿ ਜਿੱਥੇ ਡਾਕਟਰ ਹੈ, ਉਥੇ ਦਵਾਈ ਨਹੀਂ, ਦਵਾਈ ਹੈ ਤਾਂ ਦਾਈ ਨਹੀਂ। ਕੀ ਇਹ ਯਕੀਨ ਦਿਵਾਉਣਗੇ ਕਿ ਤਿੰਨੇ ਚੀਜ਼ਾਂ ਕੰਪਲੀਟ ਹੋਣ ਡਿਸਪੈਂਸਰੀਆਂ ਵਿਚ ਡਾਕਟਰ ਵੀ ਹੋਣ, ਦਵਾਈਆਂ ਵੀ ਹੋਣ, ਦਾਈਆਂ ਵੀ ਹੋਣ ?

ਰਾਜ ਮੰਤਰੀ : ਇਸ ਦਾ ਸਵਾਲ ਨਾਲ ਤਾਂ ਤੁਅੱਲਕ ਨਹੀਂ ਹੈ। ਪਰ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਇਸ ਮਹੀਨੇ ਦੇ ਆਖੀਰ ਤਕ ਹਰ ਡਿਸਪੈਂਸਰੀ ਵਿਚ ਡਾਕਟਰ ਹੋਵੇਗਾ। ਦਵਾਈ ਪਹਿਲਾਂ ਹੀ ਚਲੀ ਗਈ ਹੈ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਰ, ਵੇਖੋ ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ਜੀ। ਗੜ੍ਹਸ਼ੰਕਰ ਵਿਚ ਡਿਸਪੈਂਸਰੀਆਂ ਹਨ ਔਰ ਗੜ੍ਹਸ਼ੰਕਰ ਦਾ ਦੱਸਿਆ ਹੀ ਨਹੀਂ ਹੈ । ਗੜ੍ਹ-ਸ਼ੰਕਰ ਵਿਚ ਦੋ ਤਿੰਨ ਡਿਸਪੈਂਸਰੀਆਂ ਖਸਤਾ ਹਾਲਤ ਵਿਚ ਪਈਆਂ ਹਨ ਔਰ ਕਈ ਨਵੀਆਂ ਬਨਾਉਣ ਵਾਲੀਆਂ ਹਨ ਔਰ ਇਨ੍ਹਾਂ ਦਾ ਕਹਿਣਾ ਹੈ ਕਿ ਕੰਡੀ ਏਰੀਆ ਨੂੰ ਪਹਿਲ ਦੇਣੀ ਹੈ । ਕੀ ਕੰਡੀ ਏਰੀਆ ਨੂੰ ਪਹਿਲ ਦੇਣਗੇ ?

ਸ੍ਰੀ ਸਪੀਕਰ : ਅਸਲ ਵਿਚ ਤੁਸੀਂ ਕੰਡੀ ਏਰੀਆ ਦੇ ਇਕੱਲੇ ਹੋ। ਕਟਾਰੀਆ ਸਾਹਿਬ ਨਹੀਂ ਹਨ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਜਨਾਬ, ਦਸ ਸਾਲਾਂ ਤੋਂ ਕੰਮ ਉਥੇ ਹੀ ਪਿਆ ਹੈ। ਸਰਕਾਰ ਕੋਈ ਧਿਆਨ ਨਹੀਂ ਦੇ ਰਹੀ।

ਸ੍ਰੀ ਸ਼ਿਵ ਚੰਦ ਮਲੋਟ: ਸਪੀਕਰ ਸਾਹਿਬ, ਗਿੱਦੜਬਾਹਾ ਹਲਕੇ ਵਿਚ ਗੜ੍ਹੀ ਪਿੰਡ ਹੈ । ਉਥੇ ਹਸਪਤਾਲ ਬਣਿਆ ਹੋਇਆ ਹੈ, ਗੌਰਮਿੰਟ ਧਿਆਨ ਨਹੀਂ ਦੇ ਰਹੀ। ਉਥੇ ਜਿਸ ਤਰ੍ਹਾਂ ਦਰਬਾਰੀ ਲਾਲ ਜੀ ਨੇ ਕਿਹਾ ਹੈ ਨਾ ਡਾਕਟਰ ਹੈ, ਨਾ ਦਵਾਈ ਹੈ, ਨਾ ਕੋਈ ਦਾਈ ਹੈ, ਕੀ ਇਹ ਉਸ ਵਲ ਧਿਆਨ ਦੇਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਜੇਕਰ ਰੈਲੇਵੈਂਸੀ ਹੋਵੇ ਤਾਂ ਜਵਾਬ ਦੇ ਦੇਵਾਂ।

ਸ੍ਰੀ ਸ਼ਿਵ ਚੰਦ ਮਲੋਟ: ਕੁਐਸ਼ਚਨ ਇਨ੍ਹਾਂ ਦੇ ਮਹਿਕਮੇਂ ਨਾਲ ਤੁਅੱਲਕ ਰਖਦਾ ਹੈ ਇਹ ਕਹਿੰਦੇ ਹਨ ਕਿ ਰੈਲੇਵੈਂਸੀ ਨਹੀਂ ਹੈ।

Mr. Speaker : Whether the question is relevant or not, this is not your privilege to say. ਇਸ ਦੇ ਬਾਰੇ ਸਪੈਸੀਫਿਕ ਕੁਐਸ਼ਚਨ ਤੁਸੀਂ ਕਰ ਲਵੋ ।

ਪੰਡਿਤ ਸਰਵਣ ਰਾਮ ਮਠਸੋਵਾਲੀਆ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਜਿਹੜੀਆਂ ਡਿਸਪੈਂਸਰੀਆਂ ਦੀ ਬਿਲਡਿੰਗਜ਼ ਦੀ ਹਾਲਤ ਖਰਾਬ ਹੈ। ਹੁਣ ਅਸੀਂ ਜਾਨਣਾ ਚਾਹਵਾਂਗੇ ਕਿ ਕਈਆਂ ਡਿਸਪੈਂਸਰੀਆਂ ਦੀ ਮੁਰੰਮਤ ਕਿੰਨੇ ਅਰਸੇ ਤੋਂ ਨਹੀਂ ਹੋਈ ਔਰ ਡਾਕਟਰ ਉਥੇ ਕੰਮ ਨਹੀਂ ਕਰ ਸਕਦਾ, ਉਨ੍ਹਾਂ ਦਾ ਫਾਇਦਾ ਕੀ ਹੈ। ਇਸ ਕਰਕੇ ਕਿੰਨੀ ਦੇਰ ਵਿਚ ਇਹ ਕੰਮ ਕਰ ਦੇਣਗੇ ?

ਰਾਜ ਮੰਤਰੀ: ਸਰ, ਉਨ੍ਹਾਂ ਦੇ ਐਸਟੀਮੇਟ ਬਣਵਾਏ ਹਨ, ਫਾਇਨਾਂਸ਼ੀਅਲ ਯੀਅਰ ਦੇ ਅੰਦਰ ਅੰਦਰ ਮਾਇਨਰ ਰਿਪੇਅਰ ਕਰ ਦੇਵਾਂਗੇ।

Dispensaries/Hospitals in District Amritsar

*502. **Jathedar Naranjan Singh Patti :** Will the Minister of state for Health and Family Welfare be pleased to state—

(a) the number of dispensaries/Hospitals set up in District Amritsar during the last 5 years ;

(b) the names of towns/villages in district Amritsar where dispensaries are likely to be set up during the current financial year ;

(c) the names of villages in district Amritsar which are still without rural dispensaries and the time by which these are likely to be provided ?

ਸਰਦਾਰ ਸੁਖਦੇਵ ਸਿੰਘ ਢਿੱਲੋਂ : (ੳ) (1) ਡਿਸਪੈਂਸਰੀਆਂ 35

(2) ਹਸਪਤਾਲ 1

(ਅ) ਕੋਈ ਨਹੀਂ।

[ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਭਲਾਈ]

(ੲ) ਕਿਸੇ ਭੀ ਹੋਰ ਪਿੰਡ ਵਿਚ ਨਵੀਂ ਡਿਸਪੈਂਸਰੀ ਖੋਲਣ ਦੀ ਤਜਵੀਜ਼ ਨਹੀਂ ਹੈ। ਜਿਥੇ ਪਿੰਡਾਂ ਵਿਚ ਰੂਰਲ ਡਿਸਪੈਂਸਰੀਆਂ ਜਾਂ ਮੈਡੀਕਲ ਇੰਸਟੀਚਿਊਟ ਮੌਜੂਦ ਹਨ ਉਨ੍ਹਾਂ ਦੇ ਨਾਮ ਸਟੇਟਮੈਂਟ ਵਿਚ ਨੱਥੀ ਕੀਤੇ ਜਾਂਦੇ ਹਨ। ਜ਼ਿਲ੍ਹਾ ਅੰਮ੍ਰਿਤਸਰ ਦੇ ਬਾਕੀ ਦੇ ਰਹਿੰਦੇ ਪਿੰਡ ਬਿਨਾ ਡਿਸਪੈਂਸਰੀਆਂ ਤੋਂ ਹਨ।

ਸਟੇਟਮੈਂਟ

ਜ਼ਿਲ੍ਹਾ ਅੰਮ੍ਰਿਤਸਰ ਦੇ ਦਿਹਾਤੀ ਇਲਾਕਿਆਂ ਵਿਚ ਕੰਮ ਕਰ ਰਹੇ ਸਰਕਾਰੀ ਸਬਸ਼ਿਡਰੀ ਹੈਲਥ ਸੈਂਟਰ (ਡਿਸਪੈਂਸਰੀਜ਼) ਦੀ ਸੂਚੀ :—

ਲੜੀ ਨੰ:	ਐਸ.ਐਚ.ਸੀ. ਦਾ ਨਾਂ		ਬਲਾਕ ਦਾ ਨਾਂ	ਤਹਿਸੀਲ
1	ਕਿਆਮਪੁਰਾ	...	ਅਜਨਾਲਾ	ਅਜਨਾਲਾ
2	ਚੱਕ ਡੋਗਰਾਂ	...	,,	,,
3	ਗਗੋਮਾਹਲ	...	,,	,,
4	ਇਸਾਪੁਰ	...	,,	,,
5	ਜਗਦੇਵ ਖੁਰਦ	...	,,	,,
6	ਖਤਰਾਏ ਕਲਾਂ	...	,,	,,
7	ਨੰਗਲ ਸੋਲ	...	,,	,,
8	ਲਸ਼ਕਰੀ ਨੰਗਲ	...	,,	,,
9	ਚੇਤਨਪੁਰਾ	...	,,	,,
10	ਮੱਕੋਵਾਲ	...	,,	,,
11	ਧਾਰੀਵਾਲ	...	,,	,,
12	ਮਹਿਲਾਂਵਾਲਾ	...	,,	,,
13	ਘੋਨੇਵਾਲਾ	...	,,	,,
14	ਸੁਧਾਰ	...	,,	,,
15	ਰੋਖੇ	...	,,	,,

ਲੜੀ ਨੰ:	ਐਸ.ਐਚ.ਸੀ. ਦਾ ਨਾਂ		ਬਲਾਕ ਦਾ ਨਾਂ	ਤਹਿਸੀਲ
16	ਸੰਗਤਪੁਰਾ	...	ਅਜਨਾਲਾ	ਅਜਨਾਲਾ
17	ਸੰਸਰਾਂ ਕਲਾਂ	...	,,	,,
18	ਸੰਰਗਦੇਵ	...	,,	,,
19	ਥੋਬਾ	...	,,	,,
20	ਅਦਲੀ ਬਾਲਾ	...	,,	,,
21	ਵਛੋਆ	...	,,	,,
22	ਚੋਗਾਵਾਂ	...	ਚੋਗਾਵਾਂ	,,
23	ਬਚੀਵਿੰਡ	...	,,	,,
24	ਭਿਲੋਵਾਲ	...	,,	,,
25	ਭਿੰਡੀ ਔਲਖ	...	,,	,,
26	ਭਿੰਡੀ ਸੈਦਾ	...	,,	,,
27	ਬਰਾੜ	...	,,	,,
28	ਵੋਪਾਰਾਏ	...	,,	,,
29	ਚਮੀਂਡਾ ਕਲਾਂ	...	,,	,,
30	ਦੁਗਤੂਤ	...	,,	,,
31	ਹਰਸ਼ਾ ਚੀਣਾ	...	,,	,,
32	ਕੋਟ ਸਿੱਧੂ	...	,,	,,
33	ਕੱਕੜ	...	,,	,,
34	ਕੋਹਾਲੀ	...	,,	,,
35	ਜਸਰੋੜ	...	,,	,,

[ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਭਲਾਈ]

ਲੜੀ ਨੰ:	ਐਸ.ਐਚ.ਸੀ. ਦਾ ਨਾਂ		ਬਲਾਕ ਦਾ ਨਾਂ	ਤਹਿਸੀਲ
36	ਚੰਨਣਕੇਟੀ	...	ਚੋਗਾਵਾਂ	ਅਜਨਾਲਾ
37	ਕਾਵੀਂ	...	,,	,,
38	ਮਾਨਾਵਾਲਾ	...	,,	,,
39	ਮੋਹਲੇਕੇ	...	,,	,,
40	ਔਠੀਆਂ	...	,,	,,
41	ਰਾਜਾਸਾਂਸੀ	...	,,	,,
42	ਰਾਣੀਆਂ	...	,,	,,
43	ਪਦਰੀ	...	,,	,,
44	ਬਾਣੀਕੇ	...	,,	,,
45	ਸਰੰਗੜਾ	...	,,	,,
46	ਚਿਮੰਡਾ ਦੇਵੀ	...	ਮਜੀਠਾ	ਅੰਮ੍ਰਿਤਸਰ
47	ਕੱਥੂ ਨੰਗਲ	...	,,	,,
48	ਲਿਹਾਰਕੇ	...	,,	,,
49	ਨਾਗਕਲਾਂ	...	,,	,,
50	ਸੋਈਆਂ ਕਲਾਂ	...	,,	,,
51	ਜਲਾਲਪੁਰ	...	,,	,,
52	ਬਡਾਲਾ ਵਿਰਮ	...	,,	,,
53	ਕੋਟਲਾ ਗੁਜਰਾਂ	...	,,	,,
54	ਗੁਪਾਲਪੁਰ	...	,,	,,
55	ਅਬਦਲ	...	,,	,,

ਲੜੀ ਨੰ:	ਐਸ.ਐਚ.ਸੀ. ਦਾ ਨਾਂ		ਬਲਾਕ ਦਾ ਨਾਂ	ਤਹਿਸੀਲ
56	ਬਾਸਰਕੇ ਗਿਲਾਂ	...	ਵੇਰਕਾ	ਅੰਮ੍ਰਿਤਸਰ
57	ਚੱਕ ਮੁਕੰਦ	...	,,	,,
58	ਵਡਾਲਾ ਭਿਟੇਵਿਡ	...	,,	,,
59	ਫਤਿਹਗੜ੍ਹ ਸ਼ੁੱਕਰਚੱਕ	...	,,	,,
60	ਬਾਲਕਲਾਂ	...	,,	,,
61	ਘੁਮਾਣਪੁਰਾ	...	,,	,,
62	ਖੱਪੜ ਖੇੜੀ	...	,,	,,
63	ਗੁੰਮਟਾਲਾ	...	,,	,,
64	ਬੋਹਦ	...	,,	,,
65	ਮੀਰਾਂਕੋਟ ਕਲਾਂ	...	,,	,,
66	ਇਬੱਨਕਲਾਂ	...	,,	,,
67	ਮੁਰਾਦਪੁਰਾ	...	,,	,,
68	ਮਾਹਲ	...	,,	,,
69	ਦੱਬਾ	...	,,	,,
70	ਮੁਦੱਲ	...	,,	,,
71	ਸੁਲਤਾਨਵਿੰਡ	...	,,	,,
72	ਢਾਂਡਾ	...	,,	,,
73	ਭਿੰਡਰ	...	ਰਈਆ	ਬਾਬਾ ਬਕਾਲਾ
74	ਬੁਤਾਲਾ	...	,,	,,
75	ਜੋਧੇ	...	,,	,,

[ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਭਲਾਈ]

ਲੜੀ ਨੰ:	ਐਸ.ਐਚ.ਸੀ. ਦਾ ਨਾਂ		ਬਲਾਕ ਦਾ ਨਾਂ	ਤਹਿਸੀਲ
76	ਖਿਲਚੀਆਂ	...	ਰਈਆ	ਬਾਬਾ ਬਕਾਲਾ
77	ਖਾਨਪੁਰ	...	,,	,,
78	ਰਤਨਗੜ੍ਹ	...	,,	,,
79	ਰਈਆ	...	,,	,,
80	ਸੁਧਾਰ ਰਾਜਪੂਤਾਂ	...	,,	,,
81	ਬੁਟਰਕਲਾਂ	...	,,	,,
82	ਸ਼ੇਰੋਂ ਨਿਗਾਹ	...	,,	,,
83	ਹੇਠੀਆਂ	...	,,	,,
84	ਵਡਾਲਾ ਕਲਾਂ	...	,,	,,
85	ਭਿਲੋਵਾਲ	...	ਤਰਸਿੱਕਾ	,,
86	ਦਸ਼ਮੇਸ਼ ਨਗਰ	...	,,	,,
87	ਚੰਦਨਕੇ	...	,,	,,
88	ਗਿੱਲ	...	,,	,,
89	ਜੱਬੋਵਾਲ	...	,,	,,
90	ਕਾਲੇਕੇ	...	,,	,,
91	ਮੱਤੇਵਾਲ	...	,,	,,
92	ਸ਼ੈਦਪੁਰ	...	,,	,,
93	ਬੋਂਦਾਲਾ	...	ਜੰਡਿਆਲਾ	ਅੰਮ੍ਰਿਤਸਰ
94	ਛੱਜਲਵੱਡੀ	...	,,	,,
95	ਜਾਣੀਆਂ	...	,,	,,

ਲੜੀ ਨੰ:	ਐਸ.ਐਚ.ਸੀ. ਦਾ ਨਾਂ		ਬਲਾਕ ਦਾ ਨਾਂ	ਤਹਿਸੀਲ
96	ਮਹਿਮਾਨ	...	ਜੰਡਿਆਲਾ	ਅੰਮ੍ਰਿਤਸਰ
97	ਨਿਜਾਮਪੁਰਾ	...	,,	,,
98	ਸਿਧਵਾਂ	...	ਤਰਸਿੱਕਾ	ਬਾਬਾ ਬਕਾਲਾ
99	ਵਰਧਾਨ	...	ਜੰਡਿਆਲਾ	ਅੰਮ੍ਰਿਤਸਰ
100	ਵਡਾਲਾ ਜੋਹਲ	...	,,	,,
101	ਮਾਨਾਵਾਲਾ ਖੁਰਦ	...	,,	,,
102	ਦੇਵੀਦਾਸਪੁਰਾ	...	,,	,,
103	ਮੱਖਣਵਿੰਡੀ	...	,,	,,
104	ਨਵਾਂ ਪਿੰਡ	...	,,	,,
105	ਗਹਿਰੀ	...	,,	,,
106	ਮਲੀਆਂ	...	,,	,,
107	ਤਾਰਾਗੜ੍ਹ	...	,,	,,
108	ਝਿਟਰ ਕਲਾਂ	...	,,	,,
109	ਭਾਗੋਪੁਰਾ	...	ਪੱਟੀ	ਪੱਟੀ
110	ਵੇਂਪਾਰਾਏ	...	,,	,,
111	ਹਰੀਕੇ ਪਤਨ	...	,,	,,
112	ਕੱਚਾ ਪੱਕਾ	...	,,	,,
113	ਕੀਰਤੋਵਾਲ	...	,,	,,
114	ਕੋਟ ਬੁੱਢਾ	...	,,	,,
115	ਪਿੰਗਰੀ	...	,,	,,

[ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਭਲਾਈ]

ਲੜੀ ਨੰ:	ਐਸ.ਐਚ.ਸੀ. ਦਾ ਨਾਂ		ਬਲਾਕ ਦਾ ਨਾਂ	ਤਹਿਸੀਲ
116	ਡਬਲੀ	...	,,	ਪੱਟੀ
117	ਰੱਤਾ ਗੁਡਾ	...	,,	,,
118	ਸਬਰਾਏ	...	,,	,,
119	ਖੇਮਕਰਨ	...	ਵਲਟੋਹਾ	,,
120	ਅਸਲ ਉੱਤਰ	...	,,	,,
121	ਭੰਗਾਲਾ	...	,,	,,
122	ਭੂਰਾ ਘੋਹਨਾ	...	,,	,,
123	ਚੱਕਵਾਲੀਆਂ	...	,,	,,
124	ਮਹਿੰਦੀਪੁਰ	...	,,	,,
125	ਤੂਤ	...	,,	,,
126	ਵਲਟੋਹਾ	...	,,	,,
127	ਬਰਨਾਲਾ	...	,,	,,
128	ਅਲਗੋਂ	...	ਭਿੱਖੀ ਵਿੰਡ	,,
129	ਦਿਆਲਪੁਰ	...	,,	,,
130	ਬਾਸਰਕੇ	...	,,	,,
131	ਭਾਈਲਾਦੋ	...	,,	,,
132	ਭਿੱਖੀ ਵਿੰਡ	...	,,	,,
133	ਸੁੱਗਾ	...	,,	,,
134	ਮਾੜੀਮੇਘਾ	...	,,	,,
135	ਨਾਰਲੀ	...	,,	,,

ਲੜੀ ਨੰ:	ਐਸ.ਐਚ.ਸੀ. ਦਾ ਨਾਂ		ਬਲਾਕ ਦਾ ਨਾਂ	ਤਹਿਸੀਲ
136	ਪਾਹੋਵਿੰਡ	...	ਭਿਖੀਵਿੰਡ	ਪੱਟੀ
137	ਬਹਿਲਾਂ	...	ਤਰਨਤਾਰਨ	ਤਰਨਤਾਰਨ
138	ਵਗਾਰੀਆਂ	...	,,	,,
139	ਡਾਲੇਕੇ	...	,,	,,
140	ਗੋਹਲਵਾੜ	...	,,	,,
141	ਜਿਓਵਾਲਾ	...	,,	,,
142	ਗਦਗਿੱਲ	...	,,	,,
143	ਪਦਰੀ	...	,,	,,
144	ਪੰਜਵਾੜ	...	,,	,,
145	ਥਾਰੂ	...	,,	,,
146	ਨਰੰਗਾਬਾਦ	...	,,	,,
147	ਹੋਟੇਲ	...	,,	,,
148	ਸ਼ਾਹਬਾਦਪੁਰ	...	,,	,,
149	ਪੰਡੋਰੀ ਰਨ ਸਿੰਘ	...	,,	,,
150	ਪਖੋਕੇ	...	,,	,,
151	ਚੋਹਲਾ ਸਾਹਿਬ	...	ਚੋਹਲਾ ਸਾਹਿਬ	ਤਰਨ ਤਾਰਨ
152	ਗੰਡੀਵਿੰਡ ਵਾਲਾ	...	,,	,,
153	ਬ੍ਰਹਮਪੁਰਾ	...	,,	,,
154	ਜਾਮਾਰਾਏ	...	,,	,,
155	ਮਰਹਾਨਾ	...	,,	,,
156	ਮੁੰਡਾਪਿੰਡ	...	,,	,,

[ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਭਲਾਈ]

ਲੜੀ ਨੰ:	ਐਸ.ਐਚ.ਸੀ. ਦਾ ਨਾਂ	ਬਲਾਕ ਦਾ ਨਾਂ	ਤਹਿਸੀਲ
157	ਚੰਬਾ ...	ਚੋਲਾ ਸਾਹਿਬ	ਤਰਨਤਾਰਨ
158	ਰੱਤਕੇ ...	,,	,,
159	ਬਾਹਮਣੀਵਾਲਾ ...	ਨੁਸ਼ਹਿਰਾ ਪਨੂਵਾਂ	,,
160	ਮੋਹਨਪੁਰਾ ...	ਚੋਹਲਾ ਸਾਹਿਬ	,,
161	ਢੋਟੀਆਂ ...	ਨੁਸ਼ਹਿਰਾ ਪਨੂਵਾਂ	,,
162	ਲਾਲਪੁਰਾ ...	,,	,,
163	ਨੰਦਪੁਰ ...	,,	,,
164	ਸਰਹਾਲੀ ਖੁਰਦ ...	,,	,,
165	ਸ਼ਰਾਬਪੁਰਾ ...	,,	,,
166	ਠੱਠੀਆਂ ਮਹੰਤਾਂ ...	,,	,,
167	ਸ਼ੇਰੋਂ ...	,,	,,
168	ਜੌੜਾ ...	,,	,,
169	ਬੀਰ ਬਾਬਾ ਬੁੱਢਾ ਸਾਹਿਬ ...	ਗੰਡੀ ਵਿੰਡ	,,
170	ਚੀਚਾ ...	,,	,,
171	ਚੀਮਾਂ ਖੁਰਦ ...	,,	,,
172	ਛੀਨਾ ਬਿਧੀਚੰਦ ...	,,	,,
173	ਗੰਡੀਵਿੰਡ ...	,,	,,
174	ਗਰਿੰਡਾ ...	,,	,,
175	ਰਾਜਾ ਤਾਲ ...	,,	,,
176	ਸਰਾਏ ਅਮਾਨਤ ਖਾਂਨ ...	,,	,,

ਲੜੀ ਨੰ:	ਐਸ.ਐਚ.ਸੀ. ਦਾ ਨਾਂ		ਬਲਾਕ ਦਾ ਨਾਂ	ਤਹਿਸੀਲ
177	ਸੋਹਲ ਠੱਠੀ	...	ਗੰਡੀਵਿੰਡ	ਤਰਨਤਾਰਨ
178	ਨੁਸ਼ਹਿਰਾ ਢੱਲਾ	...	,,	,,
179	ਅਟਾਰੀ	...	,,	,,
180	ਭਚੋਵਾਲ	...	ਖਡੂਰ ਸਾਹਿਬ	,,
181	ਚੱਕ ਕਾਹੇ ਖਾਨ	...	,,	,,
182	ਗੋਇੰਦਵਾਲ	...	,,	,,
183	ਜਲਾਲਾਬਾਦ	...	,,	,,
184	ਜਹਾਂਗੀਰ	...	,,	,,
185	ਕੰਗ	...	,,	,,
186	ਮੁਗਲਾਨੀ ਐਟ ਖਡੂਰ ਸਾਹਿਬ	...	,,	,,
187	ਵੈਰੋਵਾਲ	...	,,	,,
188	ਤਖਤੂਚੱਕ	...	,,	,,

ਨੋਟ:--ਉਪਰੋਕਤ ਤੋਂ ਇਲਾਵਾ ਜ਼ਿਲ੍ਹੇ ਵਿਚ 15 ਮੁੱਢਲੇ ਸਿਹਤ ਕੇਂਦਰ ਅਤੇ 13 ਪੇਂਡੂ ਹਸਪਤਾਲ ਕੰਮ ਕਰ ਰਹੇ ਹਨ।

ਜਥੇਦਾਰ ਨਰੰਜਨ ਸਿੰਘ ਪੱਟੀ : ਸਪੀਕਰ ਸਾਹਿਬ, ਸਰਕਾਰ ਨੇ ਐਲਾਨ ਕੀਤਾ ਸੀ ਕਿ ਜਿਥੇ ਫੋਕਲ ਪੁਆਇੰਟ ਬਣਨੇ ਹਨ ਉਥੇ 25-25 ਬੈਡਜ਼ ਦੇ ਹਸਪਤਾਲ ਬਣਨੇ ਹਨ। ਹੁਣ ਇਹ ਕਹਿੰਦੇ ਹਨ ਕਿ ਹੋਰ ਡਿਸਪੈਂਸਰੀ ਖੋਲ੍ਹਣ ਦੀ ਤਜਵੀਜ਼ ਨਹੀਂ ਹੈ। ਮੇਰੀ ਬੇਨਤੀ ਹੈ ਕਿ ਰਹਿੰਦੇ ਪਿੰਡਾਂ ਵਿਚ ਕਦੋਂ ਤਕ ਡਿਸਪੈਂਸਰੀਆਂ ਖੋਲ੍ਹ ਦਿੱਤੀਆਂ ਜਾਣਗੀਆਂ ?

ਰਾਜ ਮੰਤਰੀ : ਇਸ ਸਾਲ ਦੇ ਪਲਾਨ ਵਿਚ ਤਾਂ ਹੋਰ ਨਹੀਂ ਬਣ ਸਕਦੀਆਂ। ਅਗਲੇ ਸਾਲ ਵਿਚ ਵੇਖਾਂਗੇ।

ਨਿਸ਼ਾਨਵਾਲੇ ਪ੍ਰਸ਼ਨ ਨੰ: 528 ਅਤੇ 551

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਏ।)

Link Roads to Villages in District Hoshiarpur

*546. **Pandit Sarwan Ram Mansowalia :** Will the Minister of State for Public Works be pleased to state whether all the villages in District Hoshiarpur are linked with the roads, if not the names of the villages which are yet to be linked with roads and the time by which they are likely to be linked ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : ਨਹੀਂ ਜੀ। 14 ਪਿੰਡ ਜਿਨ੍ਹਾਂ ਨੂੰ ਅਜੇ ਲਿੰਕ ਸੜਕਾਂ ਨਾਲ ਜੋੜਿਆ ਜਾਣਾ ਹੈ, ਉਨ੍ਹਾਂ ਦੇ ਨਾਵਾਂ ਦੀ ਸੂਚੀ ਵਿਸਥਾਰ ਸਹਿਤ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

Statement

Name of the villages which are not connected with link roads :—

1. Dharampur
2. Bhanvnour
3. Sukhchainpur
4. Bhoatoli
5. Gambowal
6. Jherera
7. Bhol Badmania
8. Nari
9. Dharian
10. Thana
11. Kangwari
12. Rajwan
13. Mubarikpur
14. Dopali

(a) Funds for the construction of link roads to village Gambowal (Serial No. 5) have been deposited recently and the work has been taken in hand.

(b) The estimates for the link road to village at Serial No. 7 is being prepared and will be sent to the Board for administrative approval shortly.

(c) The alignment for the construction of link roads for villages at Serial No. 8 & 9 is not available. The work of construction of these roads cannot, therefore, be taken in hand, for the time being.

(d) For villages at Serial No. 12 and 13 land for the construction of link roads has not been made available.

(e) The estimates for the construction and completion of the other eight link roads have been sent to the Punjab Marketing Board for administrative approval and deposit of funds.

ਪੰਡਿਤ ਸਰਵਣ ਰਾਮ ਮਠਸੋਵਾਲੀਆ : ਸਪੀਕਰ ਸਾਹਿਬ, ਇਨ੍ਹਾਂ ਨੇ ਨਾਂਹ ਦੇ ਦਿੱਤੀ ਹੈ ਅੌਰ ਜਿਹੜੇ 14 ਪਿੰਡਾਂ ਦੀ ਲਿਸਟ ਦਿੱਤੀ ਹੈ ਉਹ ਵੀ ਠੀਕ ਨਹੀਂ ਹੈ। ਜਿਵੇਂ ਕੰਡੀ ਇਲਾਕੇ ਵਿਚ ਕੋਠਾ ਪਿੰਡ ਹੈ, ਇਥੇ ਕੋਈ ਸੜਕ ਨਹੀਂ ਹੈ ਅੌਰ ਨਾ ਹੀ ਇਸ ਦਾ ਲਿਸਟ ਵਿਚ ਨਾਂ ਪਾਇਆ ਗਿਆ ਹੈ।

ਸ੍ਰੀ ਸਪੀਕਰ : ਪੰਡਿਤ ਜੀ, ਸਵਾਲ ਕੰਡੀ ਏਰੀਆ ਦਾ ਨਹੀਂ ਹੈ। ਇਹ ਤਾਂ ਡਿਸਟ੍ਰਿਕਟ ਹੁਸ਼ਿਆਰਪੁਰ ਦਾ ਹੈ ਜਿਸ ਦਾ ਜਵਾਬ ਦੇ ਦਿੱਤਾ ਹੈ।

ਪੰਡਿਤ ਸਰਵਣ ਰਾਮ ਮਠਸੋਵਾਲੀਆ : ਜਨਾਬ, ਡਿਸਟ੍ਰਿਕਟ ਹੁਸ਼ਿਆਰਪੁਰ ਵਿਚ ਹੀ ਕੰਡੀ ਏਰੀਆ ਪੈਂਦਾ ਹੈ। ਇਹ ਕੋਠਾ ਪਿੰਡ ਵੀ ਡਿਸਟ੍ਰਿਕਟ ਹੁਸ਼ਿਅਰਪੁਰ ਵਿਚ ਹੀ ਆਉਂਦਾ ਹੈ।

ਰਾਜ ਮੰਤਰੀ : ਸਪੀਕਰ ਸਾਹਿਬ, ਜੇ ਇਹ ਕੋਈ ਖਾਸ ਪਿੰਡ ਦੇ ਬਾਰੇ ਦੱਸਣਾ ਚਾਹੁੰਦੇ ਹਨ ਤਾਂ ਲਿੱਖ ਕੇ ਦੇ ਦੇਣ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਹਾਊਸ ਵਿਚ ਦਸ ਰਿਹਾ ਹਾਂ ਕਿ ਇਹ ਕੋਠਾ ਪਿੰਡ ਹੈ ਜਿਸ ਨੂੰ ਕਿਸੇ ਸੜਕ ਨਾਲ ਲਿੰਕ ਨਹੀਂ ਕੀਤਾ ਹੋਇਆ। ਨੋਟ ਕਰ ਲਓ।

ਸ੍ਰੀ ਸਪੀਕਰ : ਨੋਟ ਕਰ ਲਓ ਜੀ।

ਰਾਜ ਮੰਤਰੀ : ਮੈਂ ਨੋਟ ਕਰ ਲਿਆ ਹੈ ਜੀ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਦਸਣਾ ਚਾਹਵਾਂਗਾ ਕਿ ਜਿੰਨੀਆਂ ਵੀ ਲਿੰਕ ਰੋਡਜ਼ ਪਿੰਡਾਂ ਦੀਆਂ ਹਨ, ਖਾਸ ਕਰਕੇ ਕੰਡੀ ਏਰੀਆ ਅਤੇ ਸਬਮਾਊਂਟੇਨਸ ਏਰੀਆ ਵਿਚ ਇਹ ਸਾਰੀਆਂ ਡੈਮੇਜ ਹੋ ਚੁੱਕੀਆਂ ਹਨ, ਇਨ੍ਹਾਂ ਦੀ ਇਨਕੁਆਇਰੀ ਕਰਵਾ ਲਓ ਜਾਂ ਮੌਕੇ ਤੇ ਜਾਕੇ ਵੇਖ ਲਓ। ਕਿਸੇ ਪਿੰਡ ਦੀ ਸੜਕ ਦੀ ਮੁਰੰਮਤ ਨਹੀਂ ਹੋ ਰਹੀ। ਇਸ ਕੰਮ ਵਾਸਤੇ ਪੀ.ਡਬਲਿਊ. ਡੀ. ਨੂੰ ਬਜਟ ਹੀ ਅਲਾਟ ਨਹੀਂ ਕੀਤਾ ਜਾ ਰਿਹਾ। ਪਹਿਲੇ ਥੋੜ੍ਹੀ ਸੜਕ ਟੁੱਟਦੀ ਹੈ ਤਾਂ ਮੁਰੰਮਤ ਨਹੀਂ ਕੀਤੀ ਜਾਂਦੀ ਫਿਰ ਉਹ ਜ਼ਿਆਦਾ ਡੈਮੇਜ ਹੋ ਜਾਂਦੀ ਹੈ ਅੌਰ ਲੱਖਾਂ ਰੁਪਏ ਖਰਚ ਕਰਨੇ ਪੈਂਦੇ ਹਨ ਅਤੇ ਐਕਸੀਡੈਂਟਸ ਹੁੰਦੇ ਹਨ ਅਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦਾ ਖਰਚਾ ਵਧਦਾ ਹੈ। ਇਸ ਚੀਜ਼ ਨੂੰ ਧਿਆਨ ਵਿਚ ਰਖ ਕੇ, ਕੀ ਸਰਕਾਰ ਪੀ. ਡਬਲਿਯੂ.ਡੀ. ਨੂੰ ਸੜਕਾਂ ਦੀ ਮੁਰੰਮਤ ਵਾਸਤੇ ਫੰਡਜ਼ ਦੇਣ ਦਾ ਇੰਤਜ਼ਾਮ ਕਰੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਮਾਰਕਿਟਿੰਗ ਬੋਰਡ ਨੇ ਫੰਡਜ਼ ਦੇਣੇ ਹੁੰਦੇ ਹਨ। ਇਸ ਬਾਰੇ ਬਜਟ ਵਿਚ ਕੋਈ ਪਰੋਵੀਜ਼ਨ ਨਹੀਂ ਹੈ। ਪਰ ਫਿਰ ਵੀ ਇਸ ਤੇ ਵਿਚਾਰ ਕਰ ਲਿਆ ਜਾਵੇਗਾ।

ਨਿਸ਼ਾਨਵਾਲਾ ਪ੍ਰਸ਼ਨ ਨੰ: 527

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ।)

Reservation

*495. **Sardar Zora Singh Bhagike :** Will the Minister of State for Welfare of Scheduled Castes and Backward Classes be pleased to state whether the reservation is being given to the members of the Scheduled Castes working in the Government Departments, Corporations, Boards and in other Public undertakings, in accordance with the Government Policy; if not, the reasons therefor ?

ਸਰਦਾਰ ਦਲੀਪ ਸਿੰਘ ਪਾਂਧੀ : ਹਾਂ ਜੀ, ਪੰਜਾਬ ਸਰਕਾਰ ਵਲੋਂ ਰਿਜ਼ਰਵੇਸ਼ਨ ਪਲਿਸੀ ਸਰਕਾਰੀ ਮਹਿਕਮੇਂ ਨਿਗਮਾਂ, ਬੋਰਡਾਂ ਅਤੇ ਹਰ ਪਬਲਿਕ ਅੰਡਰਟੇਕਿੰਗ ਵਿਚ ਲਾਗੂ ਹੈ ।

ਸਰਦਾਰ ਜ਼ੋਰਾ ਸਿੰਘ ਭਾਗੀਕੇ : ਸਪੀਕਰ ਸਾਹਿਬ, ਸਰਕਾਰੀ ਅਦਾਰੇ ਜਿੰਨੇ ਵੀ ਹਨ ਉਨ੍ਹਾਂ ਵਿਚ ਰਿਜ਼ਰਵੇਸ਼ਨ ਰੋਸਟਰ ਦੇ ਅਧਾਰ ਤੇ ਲਾਗੂ ਕੀਤੀ ਗਈ ਹੈ। ਇਸ ਤੋਂ ਇਲਾਵਾ ਜਿਹੜੇ ਬੋਰ-ਡਜ਼, ਨਿਗਮ ਅਤੇ ਦੂਸਰੀਆਂ ਕਾਰਪੋਰੇਸ਼ਨਾਂ ਹਨ ਕੀ ਉਨ੍ਹਾਂ ਵਿਚ ਵੀ ਰਿਜ਼ਰਵੇਸ਼ਨ ਹੈ, ਜੇਕਰ ਹੈ ਤਾਂ ਕੀ ਰੋਸਟਰ ਦੇ ਅਧਾਰ ਤੇ ਰਿਜ਼ਰਵੇਸ਼ਨ ਦਿੱਤੀ ਜਾਂਦੀ ਹੈ ? ਇਸ ਤੋਂ ਇਲਾਵਾ ਪੰਜਾਬ ਵਿਚ ਜਿੰਨੀਆਂ ਵੀ ਯੂਨੀਵਰਸਿਟੀਆਂ ਹਨ ਉਨ੍ਹਾਂ ਵਿਚ ਰਿਜ਼ਰਵੇਸ਼ਨ ਕਿਸ ਪੱਧਰ ਤੇ ਲਾਗੂ ਕੀਤੀ ਹੈ ? ਉਨ੍ਹਾਂ ਵਿਚ ਵੀ ਰਿਜ਼ਰਵੇਸ਼ਨ ਦੀ ਪੂਰੀ ਪਰਸੈਂਟੇਜ ਦਿੱਤੀ ਜਾਣੀ ਚਾਹੀਦੀ ਹੈ।

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜੀ ਪੰਜਾਬ ਸਰਕਾਰ ਦੀ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਲਈ ਰਿਜ਼ਰਵੇਸ਼ਨ ਦੀ ਪਾਲਿਸੀ ਹੈ ਉਹ ਸਾਰੇ ਮਹਿਕਮੇ, ਬੋਰਡ, ਨਿਗਮਾਂ ਅਤੇ ਸਰਕਾਰੀ ਅਦਾਰਿਆਂ ਵਿਚ ਉਹ ਪਾਲਿਸੀ ਲਾਗੂ ਕਰਨ ਦੀਆਂ ਹਦਾਇਤਾਂ ਹਨ। ਜਿਹੜੀਆਂ ਯੂਨੀਵਰਸਿਟੀਆਂ ਬਾਰੇ ਕਿਹਾ ਹੈ ਇਸ ਲਈ ਮੈਂ ਸਾਰੇ ਵਾਈਸ ਚਾਂਸਲਰਜ਼ ਦੀ ਮੀਟਿੰਗ ਬੁਲਾਈ ਸੀ ਅਤੇ ਇਹ ਰਿਜ਼ਰਵੇਸ਼ਨ ਪਾਲਿਸੀ ਲਾਗੂ ਕਰਨ ਲਈ ਕਿਹਾ ਗਿਆ ਸੀ। ਫਿਰ ਵੀ ਜੋ ਕੋਈ ਐਸਾ ਅਦਾਰਾ ਹੈ ਜਿਥੇ ਇਹ ਪੰਜਾਬ ਸਰਕਾਰ ਦੀ ਪਾਲਿਸੀ ਲਾਗੂ ਨਹੀਂ ਹੈ ਤਾਂ ਇਹ ਦਸ ਦੇਣ ਅਸੀਂ ਇਨਕੁਆਇਰੀ ਕਰਵਾ ਲਵਾਂਗੇ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ ਇਹ ਤਾਂ ਕਹਿੰਦੇ ਹਨ ਕਿ ਸਾਰੇ ਗੌਰਮਿੰਟ ਦੇ ਅਦਾਰਿਆਂ ਵਿਚ ਲਾਗੂ ਹੈ। ਮੈਂ ਇਹ ਪੁਛਦਾ ਹਾਂ ਕਿ ਕੀ ਕਦੇ ਇਨ੍ਹਾਂ ਨੇ ਇਸ ਗੱਲ ਦੀ ਪੜਤਾਲ ਕਰਵਾਈ ਹੈ ਕਿ ਉਨ੍ਹਾਂ ਅਦਾਰਿਆਂ ਵਿਚ ਰੋਸਟਰ ਦੇ ਮੁਤਾਬਿਕ ਰਿਜ਼ਰਵੇਸ਼ਨ ਮਿਲਦੀ ਵੀ ਹੈ ਜਾਂ ਨਹੀਂ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਦੇ ਮੁਤੱਲਕ ਰੋਸਟਰ ਚੈਕਿੰਗ ਪਾਰਟੀ ਬਣਾਈ ਹੋਈ ਹੈ ਜਿਹੜੀ ਆਪਣੀ ਰਿਪੋਰਟ ਮਹਿਕਮੇ ਦੇ ਸੈਕਟਰੀ ਨੂੰ ਵੀ ਭੇਜਦੀ ਹੈ। ਮੈਂ ਆਪ ਵੀ ਚੈਕ ਕਰਦਾ ਰਿਹਾ ਹਾਂ। ਡਿਪਟੀ ਸੈਕਟਰੀ ਦੇ ਰੈਂਕ ਦਾ ਅਫਸਰ ਇਸ ਦਾ ਇੰਚਾਰਜ ਹੈ । ਇਸ ਦੇ ਤਿੰਨ ਸੈੱਲ ਬਣੇ ਹੋਏ ਹਨ ਜਿਹੜੇ ਰੋਸਟਰ ਦੀ ਪੜਤਾਲ ਕਰਦੇ ਹਨ।

ਸ਼੍ਰੀ ਜਗਜੀਤ ਸਿੰਘ : ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੇ ਵੀ ਅਟਾਨਮਸ ਅਦਾਰੇ ਹਨ ਉਨ੍ਹਾਂ ਵਿਚ ਐਡਹਾਕ ਬੇਸਿਜ਼ ਤੇ ਭਰਤੀ ਹੁੰਦੀ ਰਹਿੰਦੀ ਹੈ। ਜੇ ਐਡਹਾਕ ਬੇਸਿਜ਼ ਤੇ ਨਹੀਂ ਤਾਂ ਡੇਲੀ ਵੇਜਿਜ਼ ਤੇ ਭਰਤੀ ਹੁੰਦੀ ਰਹਿੰਦੀ ਹੈ ਕੀ ਸਰਕਾਰ ਉਨ੍ਹਾਂ ਵਿਚ ਵੀ 25% ਰਿਜ਼ਰਵੇਸ਼ਨ ਦੇ ਅਧਾਰ ਤੇ ਭਰਤੀ ਕਰਨ ਦਾ ਫੈਸਲਾ ਕਰੇਗੀ ?

ਰਾਜ ਮੰਤਰੀ : ਸਰਕਾਰ ਦੀਆਂ ਇਹ ਹਦਾਇਤਾਂ ਹਨ ਕਿ ਹਰ ਅਦਾਰੇ ਵਿਚ ਭਰਤੀ ਰਿਜ਼ਰ-ਵੇਸ਼ਨ ਪਾਲਿਸੀ ਤੇ ਕੀਤੀ ਜਾਵੇ। ਜੇ ਕਿਤੇ ਨਹੀਂ ਹੋਈ ਤਾਂ ਇਹ ਨੋਟਿਸ ਵਿਚ ਲੈ ਆਉਣ।

ਸ਼੍ਰੀ ਸਿਵ ਚੰਦ ਮਲੋਟ : ਸਪੀਕਰ ਸਾਹਿਬ, ਇਹ ਸਾਨੂੰ ਦਸਣ ਕਿ ਕਿਸ ਮਹਿਕਮੇ ਵਿਚ ਰਿਜ਼ਰਵੇਸ਼ਨ ਪੂਰੀ ਹੈ। ਕਿਸੇ ਮਹਿਕਮੇ ਵਿਚ ਵੀ ਰਿਜ਼ਰਵੇਸ਼ਨ ਪੂਰੀ ਨਹੀਂ ਹੈ। ਇਨ੍ਹਾਂ ਦਾ ਪੁਲਿਸ ਦਾ ਮਹਿਕਮਾ ਜਿਹੜਾ ਕਿ ਲਾਅ ਐਂਡ ਆਰਡਰ ਨੂੰ ਡੀਲ ਕਰਦਾ ਹੈ ਉਸ ਵਿਚ ਵੀ ਕਾਂਸਟੇਬਲਾਂ ਵਿਚ 1,200 ਹਰੀਜਨਾਂ ਦੀ ਘਾਟ ਹੈ। ਇਸੇ ਤਰ੍ਹਾਂ ਹੋਰ ਵੀ ਜਿੰਨੇ ਡਿਪਾਰਟਮੈਂਟ ਹਨ ਚਾਹੇ ਉਹ ਇੰਡਸਟਰੀ ਹੈ ਜਾਂ ਕੋਈ ਹੋਰ, ਕਿਸੇ ਵਿਚ ਵੀ ਪੂਰੀ ਨਹੀਂ ਹੈ ।

ਰਾਜ ਮੰਤਰੀ : ਮੈਂ ਕਿਹਾ ਹੈ ਕਿ ਜਿਥੇ ਰਿਜ਼ਰਵੇਸ਼ਨ ਲਾਗੂ ਨਹੀਂ ਹੈ ਇਹ ਨੋਟਿਸ ਵਿਚ ਲੈ ਆਉਣ। ਪੁਲਿਸ ਦੇ ਬਾਰੇ ਇਨ੍ਹਾਂ ਨੇ ਗਲ ਕੀਤੀ ਹੈ। ਮੈਂ ਦਸਦਾ ਹਾਂ ਕਿ ਜਿਹੜੀ ਟੋਟਲ ਭਰਤੀ ਹੋਈ ਹੈ ਕਲਾਸ ਵੰਨ ਵਿਚ ਨਾਨ-ਸ਼ਡਿਊਲਡ ਕਾਸਟਸ ਦੀ ਉਹ 261 ਹੈ। ਪੁਲਿਸ ਮਹਿਕਮੇ ਵਿਚ ਕਲਾਸ-1 ਵਿਚ 261 ਪੋਸਟਾਂ ਭਰੀਆਂ ਹੋਈਆਂ ਹਨ, ਕਲਾਸ-2 ਵਿਚ 60 ਪੋਸਟਾਂ ਭਰੀਆਂ ਹੋਈਆਂ ਹਨ। ਨਾਨ ਗਜ਼ਟਿਡ ਕਲਾਸ-3 ਵਿਚ 32801 ਪੋਸਟਾਂ ਭਰੀਆਂ ਹੋਈਆਂ ਹਨ। ਕਲਾਸ-4 ਵਿਚ 1214 ਭਰੀਆਂ ਹੋਈਆਂ ਹਨ। ਇਸ ਦੇ ਵਿਚੋਂ ਸ਼ਡਿਊਲਡ ਕਾਸਟਸ ਕਲਾਸ-3 ਵਿਚ 5884 ਅਤੇ ਕਲਾਸ-4 ਵਿਚ 592 ਪੋਸਟਾਂ ਦਿੱਤੀਆਂ ਹੋਈਆਂ ਹਨ। ਇਸ ਨੂੰ ਅਸੀਂ ਐਗਜ਼ਾਮਿਨ ਕਰਵਾ ਰਹੇ ਹਾਂ। ਜਿਥੇ ਵੀ ਘਾਟ ਹੈ ਉਥੇ ਪੜਤਾਲ ਵੀ ਕਰ ਲਵਾਂਗੇ। (ਵਿਘਨ)

ਸ਼੍ਰੀ ਸ਼ਿਵ ਚੰਦ ਮਲੋਟ : ਸਪੀਕਰ ਸਾਹਿਬ, ਹਰੀਜਨਾਂ ਦੀ 27% ਘਾਟ ਹੈ। ਇਹ ਕੇਵਲ ਹਰੀਜਨਾਂ ਦਾ ਸਵਾਲ ਹੈ।

ਸ਼੍ਰੀ ਸਪੀਕਰ : ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਅਤੇ ਉਨ੍ਹਾਂ ਨੇ ਕੁਝ ਅੰਕੜੇ ਵੀ ਪੇਸ਼ ਕੀਤੇ ਹਨ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਸਪਲੀਮੈਂਟਰੀ ਕਰਨ ਲਈ ਖੜ੍ਹੇ ਸਨ।)

ਸਰਦਾਰ ਸੁਰਜੀਤ ਸਿੰਘ ਬਰਨਾਲਾ: ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹਾਦਤ ਦੀ ਪਹਿਲੀ ਬਰਸੀ ਮਨਾਉਣ ਦੇ ਸਬੰਧ ਵਿਚ ਰਾਜ ਪੱਧਰੀ ਕਮੇਟੀ ਦੀ ਮੀਟਿੰਗ ਮਿਤੀ 30 ਜੁਲਾਈ, 1986 ਨੂੰ ਚੰਡੀਗੜ੍ਹ ਵਿਖੇ ਮੁੱਖ ਮੰਤਰੀ, ਪੰਜਾਬ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਫੈਸਲੇ ਅਨੁਸਾਰ ਸੰਤ

[ਮੁੱਖ ਮੰਤਰੀ]

ਜੀ ਦੀ ਸ਼ਹੀਦੀ ਦੀ ਪਹਿਲੀ ਬਰਸੀ ਪਿੰਡ ਲੌਂਗੋਵਾਲ ਵਿਖੇ 18 ਅਗਸਤ ਤੋਂ 20 ਅਗਸਤ, 1986 ਤੱਕ ਮਨਾਈ ਗਈ। ਇਸ ਅਵਸਰ ਤੇ ਕੀਰਤਨ ਦਰਬਾਰ, ਢਾਡੀ ਦਰਬਾਰ, ਕਵੀ ਦਰਬਾਰ ਕੀਤੇ ਗਏ। ਇਸ ਤੋਂ ਇਲਾਵਾ ਇਕ ਬਹੁਤ ਵੱਡਾ ਧਾਰਮਿਕ ਦਿਵਾਨ ਸਜਾਇਆ ਗਿਆ। ਸੰਤ ਜੀ ਦੀ ਸ਼ਖਸੀਅਤ ਬਾਰੇ ਲੋਕ ਸੰਪਰਕ ਵਿਭਾਗ ਨੇ ਇਸ ਅਵਸਰ ਤੇ ਇਕ ਬਰੋਸ਼ਰ ਛਾਪਿਆ। ਸਰਬ-ਭਾਰਤੀ ਹਾਕੀ ਟੂਰਨਾਮੈਂਟ ਕਰਵਾਇਆ ਗਿਆ ਅਤੇ ਸੰਤ ਜੀ ਦੀ ਜ਼ਿੰਦਗੀ ਬਾਰੇ ਇਕ ਕਿਤਾਬ ਛਪਵਾ ਕੇ ਰਲੀਜ਼ ਕੀਤੀ ਗਈ।

2. ਕਮੇਟੀ ਦੀ ਮੀਟਿੰਗ ਵਿਚ ਇਹ ਫੈਸਲਾ ਵੀ ਕੀਤਾ ਗਿਆ ਕਿ ਕਾਨਪੁਰ, ਦਿੱਲੀ ਅਤੇ ਬੰਬਈ ਦੇ ਪੈਟਰਨ ਤੇ ਇਕ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਸਥਾਪਤ ਕਰਨ ਲਈ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾਵੇ। ਇਹ ਵੀ ਫੈਸਲਾ ਕੀਤਾ ਗਿਆ ਕਿ ਸੰਤ ਜੀ ਦੀ ਸਮਾਧੀ ਤੇ ਇਕ ਯਾਦਗਾਰੀ ਹਾਲ ਬਣਾਇਆ ਜਾਵੇ। ਇਸ ਦਾ ਤਕਨੀਕੀ ਪਲੈਨ ਅਤੇ ਡਿਜ਼ਾਇਨ ਆਦਿ ਸਰਕਾਰ ਵਲੋਂ ਤਿਆਰ ਕੀਤੇ ਜਾਣਗੇ। ਜਦ ਕਿ ਇਹ ਕੰਮ ਕਾਰ ਸੇਵਾ ਅਤੇ ਲੋਕਾਂ ਦੇ ਉਦਮ ਰਾਹੀਂ ਨੇਪਰੇ ਚਾੜ੍ਹਿਆ ਜਾਵੇਗਾ।

UNSTARRED QUESTION AND ANSWER

Auction of Rural Surplus Evacuee Land of Village Parjian etc.

84. Shri Sajwar Singh : Will the Minister for Revenue and Rehabilitation be pleased to state—

(a) the number of times the 'Rural Surplus Evacuee Land' of villages Parjian Kalan, Bhoepur and Thamuwal, tehsil Nakodar, district Jullundur, was put to auction during the period from 1974 to 1976;

(b) the total number of the members of the Scheduled Castes of the said villages to whom the land referred to in part (a) above was auctioned together with the details of total area of land auctioned to each of them;

(c) whether the Government received any complaint in the year 1984 against the said auctions; if so, the details of the action taken thereon?

ਸਰਦਾਰ ਮੇਜਰ ਸਿੰਘ ਉਬੋਕੇ : (ੳ) ਕੇਵਲ ਇਕ ਵਾਰ।

(ਅ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ (ਅਨੁਲਗ-ਏ)

(ੲ) ਨਹੀਂ ਜੀ ।

ANNEXURE 'A'

Sr. No.	Name of the village, Tehsil and District	Name of the purchaser	Area Auctioned
			K. M.
	Bhoepur, Tehsil Nakodar, District Jalandhar		
1		Jeoni , wife of Pala	65—17
2		Sharif, son of Fattu	26—17
3		Mohinder, son of Jawala	23—12
4		Sardara, son of Rura	27—04
5		Sardara, son of Nathu	40—04
6		Shingara, son of Kala	52—10
7		Ajaib Singh, son of Tara Singh	26—01
8		Khushi Ram, son of Harnam Dass	27—02
9		Buta Ram, son of Harnam Dass	8—16
10		Mehnga Singh son of Dula	26—10
11		Hari, son of Baghu	28—05
12		Makhan Ram, son of Baju Ram	50 -13
13		Lachhman, son of Faqir	35—11
14		Nazar Singh, son of Sunder Singh	78—06
15		Malkiat Singh, son of Kishan Singh	31—04
16		Karmi, Daughter of Mohan Singh	29—03
17		Satpal , son of Charan Dass	70—13
18		Gajjan, son of Phaggu	21—04
19		Shingara Singh, son of Sunder Singh	24—00
20		Dayal Singh, son of Labh Singh	59—15
21		Karma, son of Dula	24—05
22		Phuman, son of Ishar	28—00
23		Buta , son of Hazara Singh	28—09
24		Sohan , son of Maghi	25—15
25		Piaro, d/o Sardara	21—16
26		Faqir, son of Chanan	30—18

]Minister for Revenue and Rehabilitation]

Sr. No.	Name of the Village, Tehsil and District	Name of the purchaser	Area Auctioned
	Parjian Khurd, Tehsil Nakodar, District Jalandhar		
			K M
27		Tarsem, son of Shadi	40—00
28		Ggnga Ram, son of Karam Chand	12—00
29		Nazar Ram, son of Moti Ram	24—00
30		Joginder, son of Wasakhi	1—01
31		Joginder, son of Wasakhi	16—00
32		Shama, son of Phula	40—00
33		Inderjit Singh, son of Lehna Singh	8—00
34		Pala Singh, son of Bachan Singh	48—00
35		Jassa Singh Harbans Singh etc.	14—03
	Thamuwal, tehsil Nakodar, district Jalandhar		
36		Gulzari, son of Rullia	15—00
37		Jagir Singh, son of Sohan	15—08
38		Tarsem son of Hukama	4—00
39		Bhima, son of Rakha	8—00
40		Gurnam , son of Rakha	4—00
41		Joginder, son of Kishna	6—00
42		Kartar Chand , son of Jagar	2—16
43		Kartar Chand, son of Sunder Dass	8—01
44		Mohinder, son of Babu	16—00
45		Jagtar Singh, son of Harnam Singh	13—04
46		Hukma, son of Nand	16—00
			A. K. M.
		Total Area	153—0—03

QUESTION OF PRIVILEGE

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਇਕ ਨੋਟਿਸ ਦਿਤਾ ਸੀ ਮਰਿਆਦਾ ਭੰਗ ਹੋਣ ਦਾ, ਬਰੀਚ ਆਫ ਪ੍ਰਿਵਿਲਜ ਦਾ, ਸਰਦਾਰ ਬਲਵੰਤ ਸਿੰਘ, ਫਾਈਨੈਂਸ ਮਨਿਸਟਰ ਦੇ ਖਿਲਾਫ ਕਿ ਉਨ੍ਹਾਂ ਨੇ ਇਸ ਸੈਸ਼ਨ ਵਿਚ ਸਪਲੀਮੈਂਟਰੀ ਡਿਮਾਂਡਜ਼ ਨਹੀਂ ਲਿਆਂਦੀਆਂ ਜਦ ਕਿ ਕੰਸਟੀਚਿਊਸ਼ਨ ਦੀ ਆਰਟੀਕਲ 205 ਦੇ ਮੁਤਾਬਿਕ ...... (ਵਿਘਨ) (ਸ਼ੋਰ)

ਸ੍ਰੀ ਸਪੀਕਰ: ਡਾਕਟਰ ਸਾਹਿਬ ਦੀ ਮੋਸ਼ਨ ਸੀ...... (ਵਿਘਨ) (ਸ਼ੋਰ) Doctor Sahib, please sit down.

(ਇਸ ਸਮੇਂ ਸਰਦਾਰ ਹਰਦਿਆਲ ਸਿਘ ਰਾਜਲਾ ਖੜੇ ਹੋ ਕੇ ਬੋਲ ਰਹੇ ਸਨ ਪਰ ਸਦਨ ਵਿਚ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ। ** ** **)

ਡਾਕਟਰ ਕੇਵਲ ਕ੍ਰਿਸ਼ਨ: 6 ਮਹੀਨੇ ਹੋ ਗਏ ਹਨ ਪਹਿਲੇ ਸੈਸ਼ਨ ਹੋਏ ਨੂੰ ਲੇਕਿਨ ਇਸ ਹਾਊਸ ਵਿਚ ਉਨ੍ਹਾਂ ਨੇ ਸਪਲੀਮੈਂਟਰੀ ਡਿਮਾਂਡਜ਼ ਨਹੀਂ ਲਿਆਂਦੀਆਂ......

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਸਦਨ ਵਿਚ ਕਾਫੀ ਸ਼ੋਰ ਪੈ ਜਾਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ। ** ** **)

ਸ੍ਰੀ ਸਪੀਕਰ: ਮੈਂਬਰ ਸਾਹਿਬਾਨ ਦੀ ਕੋਈ ਗੱਲ ਜਿਹੜੀ ਬਗੈਰ ਪਰਮਿਸ਼ਨ ਦੇ ਕਹੀ ਗਈ ਹੈ, ਰਿਕਾਰਡ ਨਹੀਂ ਕੀਤੀ ਜਾਵੇਗੀ।

I have received a notice of question of privilege under rule 252 of the Rules of Procedure and Conduct of Business in the Punjab Vidhan Sabha, from Dr. Kewal Krishan, M.L.A., regarding presentation of Supplementary Estimates and additional or excess grants of expenditure to the Vidhan Sabha during the current Session of the Sabha.

I have examined the matter and find that under Article 205(2) of the Constitution of India, it is not mandatory that the Supplementary Estimates are to be brought before the Legislature during its every Session. These Estimates can be brought before the House in any Session before the close of the current financial year.

As regards demands for money spent in excess of the voted grants, these have to be presented to the House in the Session in which the Pubilc Accounts Committee presents its report thereon or in the following Session. Expenditure incurred during the previous financial year cannot be regularised by Legislature by Supplementary demands for grants for the current year.

Therefore, no breach of privilege is involved and, therefore, I do not give my consent to the question of privilege being raised.

Dr. Kewal Krishan: It is well established convention of the House that in every Session such grants........

Mr. Speaker : I have given my ruling and I have not given my consent to the Question of Privilege being raised.

ਸਰਦਾਰ ਹਰਦਿਆਲ ਸਿੰਘ ਰਾਜਲਾ: ** ** **

Mr. Speaker: It should not be recorded.

ਇਨ੍ਹਾਂ ਨੇ ਜਿਹੜੀ ਕਾਲ ਅਟੈਨਸ਼ਨ ਮੋਸ਼ਨ ਦਾ ਨੋਟਿਸ ਦਿੱਤਾ ਸੀ ਉਹ ਰੂਲਜ਼ ਦੇ ਵਿਰੁੱਧ ਸੀ। ਫਿਰ ਵੀ ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਕੁਲਐਸਚਨ ਨੂੰ ਉਹ ਐਗਜ਼ਾਮਿਨ ਕਰ ਲੈਣ ਤਾਂ ਠੀਕ ਹੈ।

****Not recorded as ordered by the Chair.**

ADJOURNMENT MOTION

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਐਡਜਰਨਮੈਂਟ ਮੋਸ਼ਨ ਦਿੱਤੀ ਸੀ ਕਿਉਂਕਿ ਪੰਜਾਬ ਵਿਚ ਸ਼ੈਡਿਊਲਡ ਕਾਸਟਸ ਦੀ ਰਿਜ਼ਰਵੇਸ਼ਨ ਪੂਰੀ ਨਹੀਂ ਹੈ। ਜਿਹੜੀ ਰਿਕਰੂਟਮੈਂਟ ਹੁੰਦੀ ਹੈ ਉਸ ਦੇ ਵਿਚ ਉਨ੍ਹਾਂ ਨੂੰ ਪੂਰੀ 25% ਰਿਜ਼ਰਵੇਸ਼ਨ ਨਹੀਂ ਮਿਲਦੀ। ਪਹਿਲਾਂ ਵੀ ਸਾਰੇ ਮਹਿਕਮਿਆਂ ਵਿਚ ਜਿਹੜਾ ਬੈਕਲਾਗ ਹੈ ਉਸ ਨੂੰ ਪੂਰਾ ਕੀਤਾ ਜਾਵੇ। ਸੋ ਮੈਂ ਐਡਜਰਨਮੈਂਟ ਮੋਸ਼ਨ ਦਿੱਤੀ ਸੀ ਕਿ ਹਾਊਸ ਦਾ ਕੰਮ ਰੋਕ ਕੇ ਇਸ ਦੇ ਉਤੇ ਬਹਿਸ ਕੀਤੀ ਜਾਵੇ ਤਾਕਿ ਪੰਜਾਬ ਵਿਚ ਰਿਜ਼ਰਵੇਸ਼ਨ ਐਕਟ ਬਣਾਇਆ ਜਾਵੇ ਅਤੇ ਇਨ੍ਹਾਂ ਦੀ ਜਿਹੜੀ ਰਿਜ਼ਰਵੇਸ਼ਨ ਹੈ, ਉਹ ਪੂਰੀ ਹੋ ਸਕੇ। ਸਪੀਕਰ ਸਾਹਿਬ, ਇਸ ਵੇਲੇ ਪੰਜਾਬ ਦੇ ਕਿਸੇ ਵੀ ਅਦਾਰੇ ਵਿਚ ਜਿਹੜੀਆਂ ਵੀ ਡਿਪਾਰਟਮੈਂਟਲ ਸਿਲੈਕਸ਼ਨ ਕਮੇਟੀਆਂ ਬਣੀਆਂ ਹਨ, ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਰੈਵੇਨਿਊ ਡਿਪਾਰਟਮੈਂਟ ਜਲੰਧਰ ਡਵੀਜਨਜ਼ ਵਿਚ ਜਿਹੜੀ ਸਿਲੈਕਸ਼ਨ ਕਮੇਟੀ ਬਣੀ ਹੈ ਉਸ ਦੇ ਵਿਚ ਕਮਿਸ਼ਨਰ ਉਸ ਦਾ ਚੇਅਰਮੈਨ ਹੈ ਅਤੇ ਦੋ ਡਿਪਟੀ ਕਮਿਸ਼ਨਰ ਉਸ ਦੇ ਮੈਂਬਰ ਹਨ। ਉਸ ਵਿਚ ਜਿਹੜਾ ਹਰੀਜਨਾਂ ਦਾ ਨੁਮਾਇੰਦਾ ਹੈ ਉਹ ਕਮਿਸ਼ਨਰ ਦੇ ਆਫਿਸ ਦਾ ਸੁਪਰਡੰਟ ਹੈ। ਜਿਸ ਕਮੇਟੀ ਵਿਚ ਦੋ ਡੀ.ਸੀ. ਬੈਠੇ ਹਨ, ਕਮਿਸ਼ਨਰ ਬੈਠਾ ਹੈ, ਉਥੇ ਕਮਿਸ਼ਨਰ ਦੇ ਆਫਿਸ ਦਾ ਸੁਪਰਡੰਟ ਕਿਸ ਤਰ੍ਹਾਂ ਹਰੀਜਨਾਂ ਦਾ ਪੱਖ ਪੂਰ ਸਕਦਾ ਹੈ। ਪਹਿਲੇ ਐਸ.ਐਸ, ਐਸ. ਬੋਰਡ ਹੁੰਦਾ ਸੀ ਉਸ ਦੇ ਰਾਹੀਂ ਜਿਹੜੀ ਭਰਤੀ ਹੁੰਦੀ ਸੀ ਉਥੇ 25% ਦੀ ਰਿਜ਼ਰਵੇਸ਼ਨ ਮਿਲਦੀ ਸੀ ਜੋ ਕਿ ਹਰੀਜਨਾਂ ਦਾ ਕਾਂਸਟੀਚਿਊਸ਼ਨਲ ਰਾਈਟ ਹੈ। ਸੋ ਉਨ੍ਹਾਂ ਦਾ ਇਹ ਹੱਕ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਹੁਣ ਪਤਾ ਲਗਦਾ ਹੈ ਕਿ ਜਦੋਂ ਵੀ ਕੋਈ ਕਮੇਟੀ ਭਰਤੀ ਕਰਦੀ ਹੈ ਤਾਂ ਉਹ ਹਰੀਜਨਾਂ ਦੀ ਭਰਤੀ ਨਹੀਂ ਕਰਦੇ। ਲਿਸਟਾਂ ਚੰਡੀਗੜ੍ਹ ਤੋਂ ਚਲੀਆਂ ਜਾਂਦੀਆਂ ਹਨ। ਦੰਗਾ ਪੀੜਤਾਂ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਰੱਖਣੇ ਹਨ। ਅਸੀਂ ਨਹੀਂ ਕਹਿੰਦੇ ਕਿ ਉਨ੍ਹਾਂ ਨੂੰ ਨਾ ਰੱਖੋ ਲੇਕਿਨ ਸਾਡੀ ਜਿਹੜੀ 25% ਰਿਜ਼ਰਵੇਸ਼ਨ ਹੈ ਉਸ ਤੋਂ ਸਾਨੂੰ ਵਾਂਝੇ ਨਾ ਰੱਖਿਆ ਜਾਵੇ। ਪੰਜਾਬ ਦੇ ਹਰੀਜਨਾਂ ਪਾਸ ਨਾ ਜ਼ਮੀਨ ਹੈ ਅਤੇ ਨਾ ਉਨ੍ਹਾਂ ਪਾਸ ਇੰਡਸ-ਟਰੀ ਹੈ ਅਤੇ ਨਾ ਇੰਡਸਟਰੀ ਲਾਉਣ ਲਈ ਉਨ੍ਹਾਂ ਕੋਲ ਐਨਾ ਪੈਸਾ ਹੈ। ਉਨ੍ਹਾਂ ਦੇ ਮੁੰਡੇ ਪੜ੍ਹ ਜਾਂਦੇ ਹਨ, 10ਵੀਂ, ਬੀ.ਏ. ਕਰ ਜਾਂਦੇ ਹਨ ਤਾਂਕਿ ਉਨ੍ਹਾਂ ਨੂੰ ਨੌਕਰੀ ਮਿਲ ਜਾਵੇ, ਤਾਕਿ ਉਹ ਰੱਜ ਕੇ ਰੋਟੀ ਖਾ ਸਕਣ ਅਤੇ ਆਪਣੀ ਫੈਮਿਲੀਜ਼ ਦਾ ਕੋਈ ਪ੍ਰਬੰਧ ਕਰ ਸਕਣ।

ਮੈਂ, ਸਪੀਕਰ ਸਾਹਿਬ, ਅਗੇ ਵੀ ਹਾਈ ਪਾਵਰਡ ਕਮੇਟੀ ਵਿੱਚ ਆਪਣੇ ਵਲੋਂ ਏਜੰਡਾ ਰਖਿਆ ਸੀ। ਉਸ ਦੇ ਵਿੱਚ ਗਵਰਨਰ ਸਾਹਿਬ ਨੇ ਪ੍ਰੀਜ਼ਾਈਡ ਕੀਤਾ ਸੀ ਔਰ ਉਥੇ ਗਵਰਨਰ ਸਾਹਿਬ ਨੇ ਮੰਨਿਆਂ ਸੀ ਕਿ ਰਿਜ਼ਰਵੇਸ਼ਨ ਐਕਟ ਬਣਨਾ ਚਾਹੀਦਾ ਹੈ। ਉਹ ਹਾਈ ਪਾਵਰਡ ਕਮੇਟੀ ਜਿਸ ਦੇ ਵਿੱਚ ਚੀਫ਼ ਸੈਕਟਰੀ ਤੇ ਹੋਰ ਵਡੇ ਵਡੇ ਕਰਮਚਾਰੀ ਸਨ ਉਥੇ ਗਵਰਨਰ ਸਾਹਿਬ ਨੇ ਮੰਨਿਆਂ ਸੀ ਕਿ ਰਿਜ਼ਰਵੇਸ਼ਨ ਐਕਟ ਹੋਣਾ ਚਾਹੀਦਾ ਹੈ। ਹੋਰ 4 ਸੂਬਿਆਂ ਵਿਚ ਵੀ ਰਿਜ਼ਰਵੇਸ਼ਨ ਐਕਟ ਬਣ ਗਿਆ ਹੈ। ਇਸ ਵੇਲੇ ਪੰਜਾਬ ਵਿੱਚ ਸਿਰਫ ਇਨਸਟਰੱਕਸ਼ਨਜ਼ ਹੀ ਲਾਗੂ ਹੁੰਦੀਆਂ ਹਨ ਔਰ ਉਨ੍ਹਾਂ ਮੁਤਾਬਿਕ ਹੀ ਰਿਜ਼ਰਵੇਸ਼ਨ ਪਾਲਿਸੀ ਚਲਦੀ ਹੈ।

Mr Speaker : Please take your seat now.

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਸਰਕਾਰ ਆਪਣੀਆਂ ਹਦਾਇਤਾਂ ਨੂੰ ਬਦਲਦੀ ਰਹਿੰਦੀ ਹੈ। ਜਿਹੜੀਆਂ ਸਰਕਾਰ ਦੀਆਂ ਹਦਾਇਤਾਂ ਜਿਨ੍ਹਾਂ ਦੇ ਮੁਤਾਬਿਕ ਡੀਪਾਰਟਮੈਂਟ ਦੇ ਵਡੇ ਵਡੇ

ਅਫ਼ਸਰ ਜਦੋਂ ਕਾਨੂੰਨ ਦੇ ਮੁਤਾਬਿਕ ਭਰਤੀ ਕਰਦੇ ਹਨ, ਪ੍ਰਮੋਸ਼ਨਾਂ ਕਰਦੇ ਹਨ ਤਾਂ ਜਦੋਂ ਕਿਸੇ ਸ਼ੈਡਿਊਲਡ ਕਾਸਟ ਦੀ ਵਾਰੀ ਆਉਂਦੀ ਹੈ ਤਾਂ ਉਸ ਦਾ ਸਾਲ ਜਾਂ ਦੋ ਸਾਲ ਪਹਿਲਾਂ ਹੀ ਰਿਕਾਰਡ ਖਰਾਬ ਕਰ ਦਿੱਤਾ ਜਾਂਦਾ ਹੈ ਜਿਸ ਕਰਕੇ ਉਨ੍ਹਾਂ ਨੂੰ ਪ੍ਰਮੋਸ਼ਨਾਂ ਨਹੀਂ ਮਿਲਦੀਆਂ। ਇਥੇ ਹੀ ਬੱਸ ਨਹੀਂ, ਸਪੀਕਰ ਸਾਹਿਬ, ਜਿਹੜੇ ਸ਼ੈਡਿਊਲਡ ਕਾਸਟਸ ਕ੍ਰਮਚਾਰੀ ਹਨ, ਜਿਹੜੇ ਅਨੁਸੂਚਿਤ ਜਾਤੀਆਂ ਦੇ ਕ੍ਰਮਚਾਰੀ ਹਨ ਭਾਵੇਂ ਉਹ ਛੋਟੀਆਂ ਪਦਵੀਆਂ ਤੇ ਲਗੇ ਹੋਏ ਹਨ ਜਾਂ ਵਡੀਆਂ ਪਦ-ਵੀਆਂ ਤੇ ਲਗੇ ਹੋਏ ਹਨ ਉਨ੍ਹਾਂ ਨੂੰ ਯੋਗ ਥਾਂ ਨਹੀਂ ਦਿੱਤੀ ਜਾਂਦੀ, ਯੋਗ ਮਹਿਕਮਾਂ ਨਹੀਂ ਦਿੱਤਾ ਜਾਂਦਾ। ਇਹ ਅਨੁਸੂਚਿਤ ਜਾਤੀਆਂ ਦੇ ਕ੍ਰਮਚਾਰੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਅਸੀਂ ਅੱਜ ਇਸ ਹਾਊਸ ਵਿੱਚ ਮੰਗ ਕਰਦੇ ਹਾਂ ਕਿ ਪੰਜਾਬ ਵਿਚ ਰਿਜ਼ਰਵੇਸ਼ਨ ਐਕਟ ਬਣਾਇਆ ਜਾਵੇ ਤਾਂਕਿ ਚੰਗੇ ਤਰੀਕੇ ਨਾਲ ਰਿਜ਼ਰਵੇਸ਼ਨ ਪਾਲਿਸੀ ਜੋ ਕਿ ਸਾਡੇ ਵਾਸਤੇ ਬਣੀ ਹੈ ਅਤੇ ਕੰਸਟੀਚਿਊਸ਼ਨ ਵਿੱਚ ਜੋ ਸਾਨੂੰ 25% ਰਿਕਰੂਟਮੈਂਟ ਅਤੇ ਹੋਰ ਦੂਸਰੀਆਂ ਗੱਲਾਂ ਵਾਸਤੇ ਹਿੱਸਾ ਦਿੱਤਾ ਗਿਆ ਹੈ ਉਹ ਸਾਨੂੰ ਪੂਰੀ ਤਰ੍ਹਾਂ ਮਿਲ ਸਕੇ, ਸਾਡਾ ਹਿੱਸਾ ਪੂਰਾ ਹੋ ਸਕੇ ਅਤੇ ਸਾਡੇ ਨੌਜਵਾਨਾਂ ਨੂੰ ਪੂਰਾ ਮੌਕਾ ਮਿਲ ਸਕੇ।

Mr. Speaker: Please take your seat.

ਸ੍ਰੀ ਜਗਜੀਤ ਸਿੰਘ: ਅੱਜ ਹੀ ਚੀਫ਼ ਮਨਿਸਟਰ ਸਾਹਿਬ ਇਥੇ ਹਾਊਸ ਵਿੱਚ ਦੱਸਣ ਅਤੇ ਉਨਾਂ ਚਿਰ ਹਾਊਸ ਦੀ ਕਾਰਵਾਈ ਨੂੰ ਐਡਜਰਨ ਕਰ ਦਿੱਤਾ ਜਾਵੇ।

Mr. Speaker: Please take your seat. ਫਰਦਰ ਇਨ੍ਹਾਂ ਦਾ ਰਿਕਾਰਡ ਨਾ ਕੀਤਾ ਜਾਵੇ।

ਸ੍ਰੀ ਜਗਜੀਤ ਸਿੰਘ : ** ** **

ਸ੍ਰੀ ਸਪੀਕਰ: ਇਹ ਰਿਕਾਰਡ ਨਾ ਕੀਤਾ ਜਾਵੇ। ਚੌਧਰੀ ਸ਼ਿਵ ਚੰਦ।

ਸ੍ਰੀ ਸ਼ਿਵ ਚੰਦ ਮਲੋਟ: ਸਪੀਕਰ ਸਾਹਿਬ, ਜਿਹੜੀ ਐਡਜਰਨਮੈਂਟ ਮੋਸ਼ਨ ਆਈ ਸੀ ਉਹ ਤੁਸੀਂ ਰਿਜੈਕਟ ਕਰ ਦਿਤੀ ਹੈ। ਇਹ, ਸਪੀਕਰ ਸਾਹਿਬ, ਸਾਡੇ 27% ਲੋਕਾਂ ਦਾ ਮਸਲਾ ਹੈ। ਕੋਈ ਗਰੀਨ ਰੇਵੋਲਿਊਸ਼ਨ ਲਿਆਉਣਾ ਹੋਵੇ ਤਾਂ ਹਰੀਜਨ ਅਗੇ, ਕੋਈ ਯੁਧ ਲਾਉਣਾ ਹੋਵੇ ਤਾਂ ਹਰੀਜਨ ਅੱਗੇ ਅਤੇ ਜੇ ਕੋਈ ਹੋਰ ਕੰਮ ਕਰਨਾ ਹੋਵੇ ਤਾਂ ਹਰੀਜਨ ਅੱਗੇ ਪਰ ਹਰੀਜਨਾਂ ਨਾਲ ਰਿਜ਼ਰਵੇਸ਼ਨ ਵਿੱਚ ਇਨਸਾਫ਼ ਨਹੀਂ ਹੋ ਰਿਹਾ। ਸਾਨੂੰ 27% ਆਬਾਦੀ ਨੂੰ ਵਿਧਾਨ ਨੇ 25% ਰਿਜ਼ਰਵੇਸ਼ਨ ਦਿੱਤੀ ਹੈ ਔਰ ਵਿਧਾਨਿਕ ਤੌਰ ਤੇ ਸਾਡਾ ਹੱਕ ਬਣਦਾ ਹੈ ਪਰ ਸਾਡੇ ਨਾਲ ਕੋਈ ਇਨਸਾਫ ਨਹੀਂ ਹੋ ਰਿਹਾ। ਮੈਂ ਚਾਹੁੰਦਾ ਹਾਂ, ਸਪੀਕਰ ਸਾਹਿਬ, ਅੱਜ ਚੀਫ਼ ਮਨਿਸਟਰ ਸਾਹਿਬ ਇਥੇ ਇਸ ਹਾਊਸ ਵਿਚ ਆਪਣਾ ਬਿਆਨ ਦੇਣ ਇਸ ਐਕਟ ਦੀ ਬਾਬਤ ਔਰ ਇਸ ਗੱਲ ਦਾ ਯਕੀਨ ਦੁਆਉਣ ਕਿ 10 ਜਾਂ 15 ਦਿਨਾਂ ਦੇ ਅੰਦਰ ਅੰਦਰ ਐਕਟ ਲਾਗੂ ਕਰਾਂਗੇ। (ਵਿਘਨ)

**Not recorded as ordered by the Chair.

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਅਕਾਲੀ ਪਾਰਟੀ ਵਲੋਂ ਜਿੰਨੇ ਵੀ ਸ਼ਡਿਊਲਡ ਕਾਸਟਸ ਮਾਨਯੋਗ ਮੈਂਬਰ ਸਨ ਪਰਸੋਂ ਤੁਹਾਨੂੰ ਇਕ ਕਾਲ ਅਟੈਨਸ਼ਨ ਮੋਸ਼ਨ ਦੇ ਕੇ ਆਏ ਸਨ ਔਰ ਉਹ ਇਨ ਟਾਈਮ ਦਿੱਤੀ ਸੀ। ਪਤਾ ਨਹੀਂ ਉਹ ਕਿਉਂ ਰਿਜੈਕਟ ਹੋ ਗਈ। ਸਾਨੂੰ ਇਸ ਗੱਲ ਦਾ ਵੱਡਾ ਦੁੱਖ ਇਹ ਹੋਇਆ ਕਿ ਜੋ ਐਡਜਰਨਮੈਂਟ ਮੋਸ਼ਨ ਦਿੱਤੀ ਇਸੇ ਗੱਲ ਤੇ ਤਾਂ ਤੁਸੀਂ ਉਹ ਵੀ ਰਿਜੈਕਟ ਕਰ ਦਿੱਤੀ ਔਰ ਜੋ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਤਾਂ ਉਹ ਵੀ ਤੁਸੀਂ ਰਿਜੈਕਟ ਕਰ ਦਿੱਤੀ। ਇਥੇ ਅਸੈਂਬਲੀ ਦੇ ਵਿੱਚ ਕੋਈ ਸਵਾਲ ਜੇ ਆਇਆ ਹੈ ਤਾਂ ਉਸ ਦਾ ਵੀ ਸੰਵਾਰ ਕੇ ਜਵਾਬ ਨਹੀਂ ਦਿੱਤਾ ਜਾਂਦਾ। ਸਾਡੀ ਇਕ ਬਹੁਤ ਪੁਰਾਣੀ ਮੰਗ ਹੈ ਕਿ ਰਿਜ਼ਰਵੇਸ਼ਨਜ਼ ਮੁਲਕ ਦੇ ਵਿੱਚ ਸਾਨੂੰ ਵਿਧਾਨ ਨੇ ਦਿੱਤੀ ਉਹ ਸਾਡੀ ਇਥੇ ਪੰਜਾਬ ਵਿੱਚ ਪੂਰੀ ਨਹੀਂ ਹੁੰਦੀ। ਮੈਂ ਕਿਸੇ ਖਾਸ ਪਾਰਟੀ ਦਾ ਉਦਾਹਰਣ ਨਹੀਂ ਦਿੰਦਾ। ਮੈਂ ਬਿਲਕੁਲ ਮਿਹਣਾ ਨਹੀਂ ਮਾਰਦਾ, ਕਾਂਗਰਸ ਪਾਰਟੀ ਹੈ ਜਾਂ ਦੂਸਰੀ ਹੈ ਉਹ ਵੀ ਇਸ ਮਸਲੇ ਤੇ ਸਾਡੇ ਨਾਲ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਰਿਜ਼ਰਵੇਸ਼ਨ ਕਿਸੇ ਕੀਮਤ ਤੇ ਪੂਰੀ ਨਹੀਂ ਹੋ ਸਕਦੀ ਜਿੰਨਾਂ ਚਿਰ ਇਸ ਦੀ ਕੋਈ ਇਨ-ਐਕਟਮੈਂਟ ਨਹੀਂ ਹੁੰਦੀ। ਬਹੁਤ ਸਾਰੇ ਸੂਬਿਆਂ ਵਿੱਚ, ਸਪੀਕਰ ਸਾਹਿਬ, ਇਹ ਐਕਟ ਬਣਿਆ ਹੋਇਆ ਹੈ, ਸਾਡੇ ਇਥੇ ਪੰਜਾਬ ਵਿੱਚ ਵੀ ਇਹ ਐਕਟ ਬਣਨਾ ਚਾਹੀਦਾ ਹੈ। ਇਸ ਐਕਟ ਤੋਂ ਬਿਨਾਂ ਜਿਹੜੇ ਸਾਡੇ 27% ਗਰੀਬ ਲੋਕ ਹਨ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਦਾ। ਸਾਨੂੰ ਇਸ ਗੱਲ ਤੇ ਸਾਰਿਆਂ ਨੂੰ ਗਿਲਾ ਹੈ ਭਾਵੇਂ ਕੋਈ ਕਮਿਊਨਿਸਟ ਹੈ, ਭਾਵੇਂ ਬੀ.ਜੇ.ਪੀ. ਦੇ ਹਨ ਜਾਂ ਕਾਂਗਰਸ ਵਾਲੇ ਹਨ ਸਾਰਿਆਂ ਨੂੰ ਇਸ ਗੱਲ ਦਾ ਗਿਲਾ ਹੈ। ਅਸੀਂ ਇਹ ਸਮਝਦੇ ਹਾਂ ਕਿ ਇਸ ਸਬੰਧ ਵਿੱਚ ਸਰਕਾਰ ਨੂੰ ਲਾਜ਼ਮੀ ਕੋਈ ਬਿਆਨ ਦੇਣਾ ਚਾਹੀਦਾ ਹੈ। ਜੇ ਸਰਕਾਰ ਸਾਡੀ ਤਸੱਲੀ ਨਹੀਂ ਕਰਦੀ ਤਾਂ ਅਸੀਂ ਫਿਰ ਕੋਈ ਨਾ ਕੋਈ ਐਕਸ਼ਨ ਕਰਾਂਗੇ ਜਿਸ ਦੇ ਨਾਲ ਅਸੀਂ ਲੋਕਾਂ ਦੀ ਤਸੱਲੀ ਕਰਵਾ ਸਕੀਏ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਇਸ ਦੇ ਬਾਰੇ ਹਾਊਸ ਵਿੱਚ ਕੋਈ ਬਿਆਨ ਦੇਣ।

(ਇਸ ਵਕਤ ਕਈ ਮਾਨਯੋਗ ਮੈਂਬਰਜ਼ ਬੋਲਣ ਲਈ ਖੜੇ ਸਨ)

ਸ੍ਰੀ ਸਪੀਕਰ : ਮੈਂ ਬਾਕੀ ਮੈਂਬਰ ਸਾਹਿਬਾਨ ਨੂੰ ਵੀ ਟਾਈਮ ਦੇਵਾਂਗਾ। ਇਸ ਤੋਂ ਪਹਿਲਾਂ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ 2 ਮਸਲੇ ਇਸ ਸਬੰਧੀ ਮੇਰੇ ਵਿਚਾਰ ਅਧੀਨ ਆਏ ਸਨ। ਇਕ ਤਾਂ ਐਡਜਰਨਮੈਂਟ ਮੋਸ਼ਨ ਦਿੱਤੀ ਗਈ ਜੋ ਚੌਧਰੀ ਜਗਜੀਤ ਸਿੰਘ, ਡਾਕਟਰ ਦਲਬੀਰ ਸਿੰਘ ਅਤੇ ਸ੍ਰੀ ਸ਼ਿਵ ਚੰਦ ਵਲੋਂ ਸੀ। ਇਹ ਪੁਰਾਣੇ ਮੈਂਬਰਜ਼ ਹਨ। ਇਹ ਜਾਣਦੇ ਹਨ ਕਿ ਰੂਲਜ਼ ਆਫ਼ ਪ੍ਰੋਸੀਜਰ ਐਂਡ ਕੰਡਕਟ ਆਫ਼ ਬਿਜ਼ਨੈਸ ਵਿੱਚ ਬੜਾ ਕਲੀਅਰ ਹੈ ਕਿ ਜੇ ਕੋਈ ਵੀ ਡਿਸਕਸ਼ਨ ਆਲਰੈਡੀ ਅਲਾਓ ਹੋ ਚੁੱਕੀ ਹੋਵੇ ਤਾਂ ਉਸ ਦੇ ਉਤੇ ਐਡਜਰਨਮੈਂਟ ਮੋਸ਼ਨ ਅਲਾਓ ਨਹੀਂ ਕੀਤੀ ਜਾ ਸਕਦੀ। ਇਸ ਦੇ ਬਾਰੇ ਸਵਾਲ ਨੰਬਰ 495 ਸਰਦਾਰ ਜ਼ੋਰਾ ਸਿੰਘ ਭਾਗੀਕੇ ਦਾ ਅੱਜ ਆਇਆ ਹੈ। ਇਸ ਕਰਕੇ ਇਹ ਐਡਜਰਨਮੈਂਟ ਮੋਸ਼ਨ ਡਿਸਅਲਾਓ ਕੀਤੀ ਗਈ ਹੈ।

ਦੂਸਰੀ ਗੱਲ, ਸਰਦਾਰ ਬਸੰਤ ਸਿੰਘ ਖਾਲਸਾ ਅਤੇ ਹੋਰ ਕਈ ਮਾਨਯੋਗ ਮੈਂਬਰਜ਼ ਮੈਨੂੰ ਕੱਲ ਮਿਲੇ ਸਨ ਔਰ ਉਨ੍ਹਾਂ ਨੇ ਇਕ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ। ਉਹ ਕਾਲ ਅਟੈਨਸ਼ਨ ਮੋਸ਼ਨ ਪੂਰੀ ਤਰ੍ਹਾਂ ਐਗਜ਼ਾਮਿਨ ਕੀਤੀ ਗਈ ਜਿਸ ਦੇ ਬਾਰੇ ਉਨ੍ਹਾਂ ਨੇ ਆਪਣੇ ਵਿਚਾਰ ਇਥੇ ਪ੍ਰਗਟ ਕੀਤੇ ਹਨ। ਐਗਜ਼ਾਮਿਨ ਕਰਨ ਤੇ ਪਾਇਆ ਗਿਆ ਕਿ ਅੱਜ ਹੀ ਇਸ ਦੇ ਬਾਰੇ ਸਵਾਲ ਆ ਰਿਹਾ ਹੈ ਅਤੇ

ਕਾਨੂੰਨ ਦੇ ਮੁਤਾਬਿਕ ਜਿਸ ਦਿਨ ਸਵਾਲ ਆਵੇ ਉਸੇ ਦਿਨ ਕਾਲ ਅਟੈਨਸ਼ਨ ਮੋਸ਼ਨ ਉਸ ਬਾਰੇ ਨਹੀਂ ਆ ਸਕਦੀ। ਇਸ ਕਰਕੇ ਐਡਜਰਨਮੈਂਟ ਮੋਸ਼ਨ ਅਤੇ ਕਾਲ ਅਟੈਨਸ਼ਨ ਮੋਸ਼ਨ ਡਿਸਅਲਾਓ ਕੀਤੀਆਂ ਗਈਆਂ ਹਨ।

(ਇਸ ਵਕਤ ਚੌਧਰੀ ਜਗਜੀਤ ਸਿੰਘ ਬੋਲਣ ਲਈ ਖੜ੍ਹੇ ਸਨ)

ਸ੍ਰੀ ਸ਼ਿਵ ਚੰਦ ਮਲੋਟ: ਸਪੀਕਰ ਸਾਹਿਬ, ਜਿਹੜਾ ਤੁਸੀਂ ਦੱਸਿਆ ਹੈ ਉਸ ਦੇ ਬਾਰੇ ਮੈਂ ਰੂਲ ਪੜ੍ਹ ਕੇ ਸੁਣਾਉਂਦਾ ਹਾਂ।

Mr. Speaker : I have given time to Chaudhri Jagjit Singh and not to Shri Shiv Chand.

ਸ੍ਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਜਿਹੜੇ ਸਵਾਲ ਦਾ ਜ਼ਿਕਰ ਤੁਸੀਂ ਕੀਤਾ ਹੈ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਜਿਹੜਾ ਸਵਾਲ ਆਇਆ ਸੀ ਉਹ ਸਿਰਫ਼ ਯੂਨੀਵਰ-ਸਿਟੀ, ਬੋਰਡ ਔਰ ਪਬਲਿਕ ਅੰਡਰਟੇਕਿੰਗਜ਼ ਦੇ ਬਾਰੇ ਵਿੱਚ ਪੁਛਿਆ ਗਿਆ ਸੀ ਕਿ ਉਥੇ ਰਿਜ਼ਰ-ਵੇਸ਼ਨ ਪਾਲਿਸੀ ਲਾਗੂ ਹੁੰਦੀ ਹੈ ਜਾਂ ਉਥੇ ਰਿਜ਼ਰਵੇਸ਼ਨ ਪੂਰੀ ਮਿਲਦੀ ਹੈ ਜਾਂ ਨਹੀਂ। ਰਿਜ਼ਰਵੇਸ਼ਨ ਐਕਟ ਬਣਾਉਣ ਦੇ ਬਾਰੇ ਇਸ ਵਿੱਚ ਕੋਈ ਗੱਲ ਨਹੀਂ। ਇਸ ਲਈ ਇਹ ਸਵਾਲ ਉਸ ਦੇ ਨਾਲ ਕੋਈ ਤੱਲਕ ਨਹੀਂ ਰਖਦਾ। ਮੈਂ ਫਿਰ ਬੇਨਤੀ ਕਰਾਂਗਾ ਕਿ ਸਭ ਤੋਂ ਪਹਿਲਾਂ ਜੋ ਐਡਜਰਨਮੈਂਟ ਮੋਸ਼ਨ ਦਿੱਤੀ ਹੈ ਇਸ ਨੂੰ ਟੇਕ ਅੱਪ ਕਰੋ ਅਤੇ ਹਾਊਸ ਦਾ ਸਾਰਾ, ਬਿਜ਼ਨੈਸ ਬੰਦ ਕਰਕੇ ਇਸ ਨੂੰ ਲਓ। ਇਹ ਇਕ ਅਹਿਮ ਮਸਲਾ ਹੈ। ਸਾਨੂੰ ਰਿਜ਼ਰਵੇਸ਼ਨ ਮਿਲਣੀ ਚਾਹੀਦੀ ਹੈ।

Mr. Speaker : I have already given my ruling, There is no need of any further discussion.

Shri Shiv Chand Malout : I want to quote part (iv) of Rule 61 of the Rules of Procedure and Conduct of Business in the Punjab Vidhan Sabha (Punjab Legislative Assembly) which reads as under :—

> "the motion shall relate to a matter which falls within the responsibility of Government."

ਸਾਨੂੰ ਰਿਜ਼ਰਵੇਸ਼ਨ ਮਿਲਣੀ ਚਾਹੀਦੀ ਹੈ।

ਸ੍ਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਸੈਸ਼ਨ ਤਾਂ ਅੱਜ ਖ਼ਤਮ ਹੋ ਰਿਹਾ ਹੈ, ਅਸੀਂ ਕਦੋਂ ਆਪਣੀ ਗਲ ਸੁਣਾਵਾਂਗੇ। (ਵਿਘਨ) (ਸ਼ੋਰ)

DHARNA IN THE HOUSE

(ਇਸ ਸਮੇਂ ਭਿੰਨ ਭਿੰਨ ਸਿਆਸੀ ਪਾਰਟੀਆਂ ਦੇ ਅਨੁਸੂਚਿਤ ਜਾਤੀਆਂ ਦੇ ਕੁਝ ਮਾਨਯੋਗ ਮੈਂਬਰ ਸਾਹਿਬਾਨ ਹਾਊਸ ਦੇ ਵੈਲ ਵਿਚ ਧਰਨੇ ਤੇ ਬੈਠ ਗਏ। ਉਹ ਕੁਝ ਨਾਅਰੇ ਲਗਾ ਰਹੇ ਸਨ ** ** **)

ਸ੍ਰੀ ਸਪੀਕਰ: ਇਹ ਜੋ ਨਾਹਰੇ ਲਗਾਏ ਜਾ ਰਹੇ ਹਨ ਉਹ ਰਿਕਾਰਡ ਨਾ ਕੀਤੇ ਜਾਣ। (ਸ਼ੋਰ) (ਵਿਘਨ) ਮੈਂ ਆਪੋਜ਼ੀਸ਼ਨ ਦੀ ਲੀਡਰ ਸਾਹਿਬਾ ਨੂੰ ਬੇਨਤੀ ਕਰਾਂਗਾ ਕਿ ਕਿਰਪਾ ਕਰਕੇ ਸਹਿਯੋਗ ਦੇਣ, ਜੇ ਇਸ ਤਰ੍ਹਾਂ ਹਾਊਸ ਚਲਦਾ ਰਿਹਾ ਤਾਂ ਜਿਹੜੀ ਲਾਅ ਐਂਡ ਆਰਡਰ ਤੇ ਡਿਸਕਸ਼ਨ ਹੋਣੀ ਹੈ ਉਹ ਨਹੀਂ ਹੋ ਸਕੇਗੀ। (ਵਿਘਨ) (ਸ਼ੋਰ)

**Not recorded as ordered by the Chair.

[ਸ੍ਰੀ ਸਪੀਕਰ]

ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਫਿਰ ਬੇਨਤੀ ਕਰਾਂਗਾ ਕਿ ਉਹ ਹਾਊਸ ਚਲਾਉਣ ਲਈ ਸਹਿਯੋਗ ਦੇਣ। (ਸ਼ੋਰ) (ਵਿਘਨ)

ਸਰਦਾਰਨੀ ਗੁਰਬਿੰਦਰ ਕੌਰ ਬਰਾੜ : ਮੈਂ ਲੀਡਰ ਆਫ ਦੀ ਹਾਊਸ ਨੂੰ ਰਿਕੁਐਸਟ ਕਰਾਂਗੀ ਕਿ .... (ਸ਼ੋਰ) (ਵਿਘਨ)

SHORT ADJOURNMENT OF THE HOUSE

ਸ੍ਰੀ ਸਪੀਕਰ : ਮੈਂ ਹਾਊਸ ਵਿਚ ਪਾਰਟੀਆਂ ਦੇ ਸਾਰੇ ਲੀਡਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਹਾਊਸ 15 ਮਿੰਟਾਂ ਲਈ ਐਡਜਰਨ ਕਰ ਦਿੰਦੇ ਹਾਂ ਅਤੇ ਕਿਰਪਾ ਕਰਕੇ ਤੁਸੀਂ ਸਾਰੇ ਮੇਰੇ ਚੈਂਬਰ ਵਿੱਚ ਆ ਜਾਓ। (ਸ਼ੋਰ) (ਵਿਘਨ, ਹਾਊਸ 15 ਮਿੰਟਾਂ ਲਈ ਸਥਗਿਤ ਕੀਤਾ ਜਾਂਦਾ ਹੈ।)

10.20 A.M. | (The Sabha then adjourned and reassembled at 10.35 A.M)

(ਇਸ ਸਮੇਂ ਸਦਨ ਵਿਚ ਬਹੁਤ ਸ਼ੋਰ ਸੀ ਅਤੇ ਧਰਨੇ ਤੇ ਬੈਠੇ ਮਾਨਯੋਗ ਮੈਂਬਰਾਂ ਨੇ ਨਾਹਰੇ ਲਗਾਉਣੇ ਸ਼ੁਰੂ ਕਰ ਦਿੱਤੇ ** ** **)

ਸ੍ਰੀ ਸਪੀਕਰ : ਕੋਈ ਨਾਹਰਾ ਰਿਕਾਰਡ ਨਾ ਕੀਤਾ ਜਾਵੇ। ਮੈਂ ਸਾਰੇ ਮੈਂਬਰ ਸਾਹਿਬਾਨ ਦੀ ਸੇਵਾ ਵਿਚ ਸਨਿਮਰ ਬੇਨਤੀ ਕਰਾਂਗਾ ਕਿ ਉਹ ਆਪਣੀਆਂ ਆਪਣੀਆਂ ਸੀਟਾਂ ਤੇ ਬੈਠਣ। ਉਸ ਤੋਂ ਬਾਦ ਅਗਲੀ ਕਾਰਵਾਈ ਤੁਹਾਡੀ ਸੰਤੁਸ਼ਟਤਾ ਦੇ ਮੁਤਾਬਿਕ ਹੋਵੇਗੀ।

(ਧਰਨੇ ਤੇ ਬੈਠੇ ਮਾਨਯੋਗ ਮੈਂਬਰਾਂ ਵਲੋਂ ਕੁਝ ਆਵਾਜ਼ਾਂ : ਹੁਣੇ ਗੱਲ ਕਰਾਓ) (ਸ਼ੋਰ)

ਸ੍ਰੀ ਸਪੀਕਰ : ਟਰੇਜ਼ਰੀ ਬੈਂਚਿਜ਼ ਤੋਂ ਕੋਈ ਬੋਲਣਾ ਚਾਹੁੰਦਾ ਹੋਵੇ ?
ਬਾਕੀ ਮੈਂਬਰਜ਼ ਕਿਰਪਾ ਕਰਕੇ ਆਪਣੀ ਆਪਣੀ ਸੀਟ ਦੇ ਉਤੇ ਬੈਠਣ। ਬੈਠੋ ਪੰਡਿਤ ਜੀ।

ਸਰਦਾਰ ਰਣਜੀਤ ਸਿੰਘ : (ਧਰਨੇ ਤੇ ਬੈਠੇ ਮਾਨਯੋਗ ਮੈਂਬਰਾਂ ਪਾਸ ਆ ਕੇ) ਮੈਂ ਕਾਲ ਅਟੈਨਸ਼ਨ ਮੋਸ਼ਨ ਤੇ ਗੱਲ ਕਰਨੀ ਹੈ, ਤੁਸੀਂ ਉਠੋ।

ਆਵਾਜ਼ਾਂ : ਉਹ ਰਿਜੈਕਟ ਹੋ ਚੁੱਕੀ ਹੈ।) (ਸ਼ੋਰ)

(ਇਸ ਸਮੇਂ ਸਮਾਜ ਭਲਾਈ ਦੇ ਰਾਜ ਮੰਤਰੀ ਜੀ ਖੜੇ ਹੋਏ (Noise) Interruptions)

Mr, Speaker : Pandhi Sahib to make a statement.

ਪਾਂਧੀ ਸਾਹਿਬ ਬੋਲੋ ਨਾ। (ਸ਼ੋਰ) ਪਾਂਧੀ ਸਾਹਿਬ, ਤੁਸੀਂ ਬੋਲੋਗੇ ਕਿ ਨਹੀਂ। (ਸ਼ੋਰ)

ਸਰਦਾਰ ਬਲਵੰਤ ਸਿੰਘ ਸਰਹਾਲ : ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਚੀਫ ਮਨਿਸਟਰ ਸਾਹਿਬ, ਸਰਦਾਰ ਬਰਨਾਲਾ ਜੀ ਨੇ ਅੱਗੇ ਵੀ ਬਹੁਤ ਚੰਗੇ ਕੰਮ ਕੀਤੇ ਹਨ (ਸ਼ੋਰ) ਔਰ ਹੁਣ ਵੀ ਇਰਾਦਾ ਸਾਫ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਬੇਨਤੀ ਕਰਾਂਗਾ ਆਪਣੀ ਸਰਕਾਰ ਨੂੰ, ਸਾਡੇ ਚੀਫ ਮਨਿਸਟਰ ਸਾਹਿਬ ਨੂੰ ਕਿ ਇਸ ਮਸਲੇ ਤੇ ਜਿਹੜੀ ਸ਼ਡਿਊਲਡ ਕਾਸਟਸ ਦਾ ਹੈ ਇਸ ਤੇ ਐਸ਼ੋਰੈਂਸ ਦੇਵੋ ਕਿ ਇਸ ਰਿਜ਼ਰਵੇਸ਼ਨ ਪਾਲਿਸੀ ਨੂੰ ਲਾਗੂ ਕਰਨ ਲਈ ਕੋਈ ਪੱਕਾ ਐਕਟ ਬਣਾਓਗੇ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ।

**Not recorded as ordered by the Chair.

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਕਿ ਉਹ ਆਪਣੇ ਮੈਂਬਰਾਂ ਨੂੰ ਕਹਿਣ ਕਿ ਆਪਣੀਆਂ ਸੀਟਾਂ ਤੇ ਆ ਜਾਣ। ਜੇਕਰ ਇਸਤਰ੍ਹਾਂ ਬੈਠੇ ਰਹਿਣਗੇ ਤਾਂ ਮੇਰੀ ਕੋਈ ਅਨਾਊਂਸਮੈਂਟ ਕਰਨਾ ਵਾਜਿਬ ਨਹੀਂ ਹੋਵੇਗਾ। ਇਸ ਲਈ ਆਪਣੀਆਂ ਸੀਟਾਂ ਤੇ ਆਉਣ।

ਸ੍ਰੀ ਸਪੀਕਰ: ਕਿਰਪਾ ਕਰਕੇ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਬੈਠਣ। ਮੈਂ ਲੀਡਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੇ ਆਪਣੇ ਮੈਂਬਰ ਸਾਹਿਬਾਨ ਨੂੰ ਕਹਿਣ ਕਿ ਆਪਣੀਆਂ ਆਪਣੀਆਂ ਸੀਟਾਂ ਤੇ ਚਲੇ ਜਾਣ। (ਇਸ ਸਮੇਂ ਧਰਨੇ ਤੇ ਬੈਠੇ ਮਾਨਯੋਗ ਮੈਂਬਰ ਅਤੇ ਕੁਝ ਹੋਰ ਮਾਨਯੋਗ ਮੈਂਬਰ ਅਤੇ ਮਾਨਯੋਗ ਲੀਡਰ ਆਫ ਦੀ ਆਪੋਜ਼ੀਸ਼ਨ ਆਪਸ ਵਿਚ ਗੱਲਾਂ ਕਰ ਰਹੇ ਸਨ ** ** **)

ਸ੍ਰੀ ਸਪੀਕਰ: ਮੈਂ ਸਾਰੇ ਲੀਡਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਆਪਣੇ ਆਪਣੇ ਮੈਂਬਰ ਸਾਹਿਬਾਨ ਨੂੰ ਕਹਿਣ ਕਿ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਜਾਣ। ਇਹ ਕਾਰਵਾਈ ਨੋਟ ਨਹੀਂ ਕਰਨੀ।

(ਇਸ ਸਮੇਂ ਪੰਜ ਮਾਨਯੋਗ ਮੈਂਬਰਾਂ ਤੋਂ ਸਿਵਾ ਸਾਰੇ ਹੀ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਗਏ। ਪੰਜ ਮਾਨਯੋਗ ਮੈਂਬਰ ਧਰਨੇ ਤੇ ਬੈਠੇ ਰਹੇ ਤੇ ਮੰਗ ਕਰਨ ਲਗੇ ਕਿ ਪਹਿਲਾਂ ਸਟੇਟਮੈਂਟ ਹੋ ਜਾਵੇ ਫਿਰ ਉਠਣਗੇ।)

ਸ੍ਰੀ ਸਪੀਕਰ : ਸਾਰੇ ਆਨਰੇਬਲ ਮੈਂਬਰਜ਼ ਨੂੰ ਫਿਰ ਬੇਨਤੀ ਕਰਾਂਗਾ ਕਿ ਆਪਣੀਆਂ ਆਪਣੀਆਂ ਸੀਟਾਂ ਤੇ ਬੈਠਣ ਤਾਕਿ ਸੀ.ਐਮ. ਸਾਹਿਬ ਜੋ ਇਸ ਇਸ਼ੂ ਤੇ ਬਿਆਨ ਦੇਣਾ ਚਾਹੁਣ ਉਹ ਅਸੀਂ ਸੁਣ ਸਕੀਏ। (ਵਿਘਨ) (ਇਸ ਸਮੇਂ ਕੁਝ ਮੈਂਬਰ ਸਾਹਿਬਾਨ ਆਪਸ ਵਿਚ ਗੱਲਾਂ ਕਰ ਰਹੇ ਸਨ ** ** **)

ਸ੍ਰੀ ਸਪੀਕਰ: ਇਹ ਕਾਰਵਾਈ ਪ੍ਰੋਸੀਡਿੰਗਜ਼ ਦਾ ਪਾਰਟ ਨਹੀਂ ਹੋਵੇਗੀ।
ਸਾਰੇ ਮੈਂਬਰ ਕਿਰਪਾ ਕਰਕੇ ਆਪਣੀਆਂ ਆਪਣੀਆਂ ਸੀਟਾਂ ਦੇ ਉਤੇ ਬੈਠਣ।

(ਇਸ ਸਮੇਂ ਸ੍ਰੀ ਹੰਸ ਰਾਜ ਆਰੀਆ ਅਤੇ ਕੁਝ ਹੋਰ ਮੈਂਬਰ ਧਰਨੇ ਤੇ ਬੈਠੇ ਪੰਜ ਮਾਨਯੋਗ ਮੈਂਬਰਾਂ ਨੂੰ ਉਠਾਲ ਕੇ ਲੈ ਗਏ।)

ਮੁੱਖ ਮੰਤਰੀ: ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਅਰਜ਼ ਕੀਤੀ ਸੀ (ਵਿਘਨ) ਇਨ੍ਹਾਂ ਨੂੰ ਬਠਾਓ।

ਸ੍ਰੀ ਸਪੀਕਰ: ਸਾਰੇ ਮੈਂਬਰ ਸਾਹਿਬਾਨ ਕਿਰਪਾ ਕਰਕੇ ਆਪਣੀਆਂ ਆਪਣੀਆਂ ਸੀਟਾਂ ਤੇ ਬੈਠਣ। ਹਾਂ ਜੀ, ਸੀ.ਐਮ. ਸਾਹਿਬ।

STATEMENT BY CHIEF MINISTER RE. RESERVATION ACT

ਮੁੱਖ ਮੰਤਰੀ (ਸ਼ਰਦਾਰ ਸੁਰਜੀਤ ਸਿੰਘ ਬਰਨਾਲਾ) ਸਪੀਕਰ ਸਾਹਿਬ, ਅੱਜ ਇਕ ਬੜੀ ਇੰਪਾਰਟੈਂਟ ਡਿਸਕਸ਼ਨ ਆਪ ਦੇ ਸਾਹਮਣੇ ਆਉਣੀ ਹੈ। ਇਸ ਵਾਸਤੇ ਬੜਾ ਸਮਾਂ ਆਪ ਨੇ ਖੁਲਦਿਲੀ ਨਾਲ ਦਿੱਤਾ ਸੀ ਪਰ ਅਫਸੋਸ ਹੈ ਕਿ ਕੁਝ ਲੋਕ ਸ਼ਾਇਦ ਇਸ ਚੀਜ਼ ਨੂੰ ਬਲਾਕ ਕਰਨਾ ਚਾਹੁੰਦੇ ਹਨ। ਸ਼ਾਇਦ ਹਾਊਸ ਵਿਚ ਇਹ ਮੰਗ ਨਹੀਂ ਸੀ ਪਰ ਫਿਰ ਵੀ ਮੈਂ ਆਖਿਆ ਸੀ ਕਿ ਸਾਰਾ ਦਿਨ ਬਹਿਸ ਕਰ ਲਵੋ।

**Expunged as ordered by the Chair.

[ਮੁੱਖ ਮੰਤਰੀ]

ਦੋ ਇਸ਼ੂ ਉਠੇ ਹਨ ਆਪ ਦੇ ਸਾਹਮਣੇ। ਆਪ ਨੇ ਟੈਕਨੀਕਲ ਗਰਾਊਂਡ ਜਾਂ ਜੋ ਆਪ ਦੇ ਹੱਥ ਵਿਚ ਹੈ ਫੈਸਲਾ ਕਰਕੇ ਰਿਜੈਕਟ ਕਰ ਦਿੱਤਾ ਹੈ। ਉਸ ਦੇ ਬਾਵਜੂਦ ਕੁਝ ਆਖਿਆ ਗਿਆ। ਇਸ ਦੇ ਬਾਦ ਕੁਝ ਰੂਲਿੰਗਜ਼ ਹੋਈਆਂ ਔਰ ਹਾਊਸ ਐਡਜਰਨ ਕਰਨਾ ਪਿਆ। ਮੈਂ ਸਮਝਦਾ ਹਾਂ ਕਿ ਇਹ ਸਾਰੀ ਗੱਲ ਮੁਨਾਸਿਬ ਨਹੀਂ ਸੀ।

ਕਿਉਂਕਿ ਅਸੀਂ ਚਾਹੁੰਦੇ ਸੀ ਕਿ ਹਾਊਸ ਨੂੰ ਬੜੇ ਡੈਕੋਰਮ ਤਰੀਕੇ ਨਾਲ ਚਲਾਇਆ ਜਾਵੇ ਪਰ ਇਸ ਦੇ ਬਾਵਜੂਦ ਵੀ ਦੂਜੇ ਪਾਸੋਂ ਕੁਝ ਮੈਂਬਰਜ਼ ਆ ਕੇ ਇਥੇ ਬੈਠ ਗਏ। ਫਿਰ ਕੁਝ ਕਾਂਗਰਸੀ ਭਰਾਵਾਂ ਨੇ ਆਕੇ ਉਨ੍ਹਾਂ ਨੂੰ ਇਥੋਂ ਉਠਾਇਆ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਹਾਊਸ ਵਿਚ ਫਲੋਰ ਤੇ ਆਕੇ ਬੈਠਣਾ ਠੀਕ ਨਹੀਂ ਹੈ।

ਅੱਜ ਜੋ ਮਸਲਾ ਸਾਡੇ ਸਾਹਮਣੇ ਹੈ, ਇਹ ਬੜਾ ਗੰਭੀਰ ਮਸਲਾ ਹੈ। ਚੌਧਰੀ ਜਗਜੀਤ ਸਿੰਘ ਹੋਰਾਂ ਨੇ ਇਹ ਮਸਲਾ ਹਾਊਸ ਵਿਚ ਉਠਾਇਆ ਹੈ।......

(ਇਸ ਵੇਲੇ ਬਹੁਤ ਸਾਰੇ ਮੈਂਬਰਜ਼ ਹਾਊਸ ਵਿਚ ਬਗੈਰ ਪਰਮਿਸ਼ਨ ਦੇ ਬੋਲ ਰਹੇ ਸਨ ** ** **)

ਸ੍ਰੀ ਸਪੀਕਰ : ਹਾਊਸ ਦਾ ਡੈਕੋਰਮ ਕਾਇਮ ਰਖਣਾ ਚਾਹੀਦਾ ਹੈ। ਤੁਸੀਂ ਬੈਠੋ। (ਸ਼ੋਰ) ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਿਹਾ ਜਾ ਰਿਹਾ ਹੈ ਇਹ ਰਿਕਾਰਡ ਨਾ ਕੀਤਾ ਜਾਵੇ।

ਮੁੱਖ ਮੰਤਰੀ : ਸ੍ਰੀ ਸ਼ਿਵ ਚੰਦ ਜੀ ਵੀ ਬੋਲੇ, ਸਰਹਾਲ ਸਾਹਿਬ ਵੀ ਬੋਲੇ, ਹੋਰ ਵੀ ਕਈ ਮੈਂਬਰਜ਼ ਬੋਲੇ। ਇਨ੍ਹਾਂ ਸਾਰਿਆਂ ਨੇ ਇਸ ਗੱਲ ਦਾ ਜ਼ਿਕਰ ਕੀਤਾ ਕਿ 25% ਰਿਜ਼ਰਵੇਸ਼ਨ ਜੋ ਸ਼ਡਿਊਲ-ਕਾਸਟਸ ਵਾਸਤੇ ਰਖੀ ਹੋਈ ਹੈ ਇਸ ਤੇ ਅਮਲ ਨਹੀਂ ਹੁੰਦਾ। ਇਸ ਲਈ ਕਾਨੂੰਨ ਬਣਾ ਦਿੱਤਾ ਜਾਵੇ। ਸਪੀਕਰ ਸਾਹਿਬ, ਇਹ ਕੋਈ ਨਵੀਂ ਗੱਲ ਨਹੀਂ। 25% ਦੀ ਭਰਤੀ ਬਹੁਤ ਸਮੇਂ ਤੋਂ ਚਲੀ ਆ ਰਹੀ ਹੈ। ਰਿਜ਼ਰਵੇਸ਼ਨ ਪਾਲਿਸੀ ਹਰ ਸਟੇਟ ਵਿਚ ਹੈ, ਸੈਂਟਰ ਵਿਚ ਵੀ ਹੈ ਪਰ ਅੱਜੇ ਤਕ ਸੈਂਟਰ ਨੇ ਵੀ ਕੋਈ ਰਿਜ਼ਰਵੇਸ਼ਨ ਐਕਟ ਨਹੀਂ ਬਣਾਇਆ। ਹੁਣ ਮੈਂਬਰਜ਼ ਚਾਹੁੰਦੇ ਹਨ ਕਿ ਇਸ ਨੂੰ ਕਾਨੂੰਨੀ ਤਰੀਕੇ ਨਾਲ ਲਾਗੂ ਕੀਤਾ ਜਾਵੇ। ਸਪੀਕਰ ਸਾਹਿਬ, ਇਹੋ ਜਿਹੇ ਮਸਲੇ ਤੇ ਨਾਰਮਲੀ ਇਹ ਹੁੰਦਾ ਹੈ ਕਿ ਜਿਥੇ ਸਟੇਟਸ ਔਰ ਸੈਂਟਰ ਵਿਚ ਇਕੋ ਜਿਹੀ ਗੱਲ ਹੋਵੇ ਉਥੇ ਸੈਂਟਰ ਵਲੋਂ ਇਕ ਮਾਡਲ ਬਿਲ ਬਣਾਕੇ ਸਟੇਟਸ ਨੂੰ ਭੇਜਿਆ ਜਾਂਦਾ ਹੈ ਜਿਸ ਤੇ ਸਟੇਟਸ ਆਪਣੀ ਆਪਣੀ ਲੈਜਿਸਲੇਸ਼ਨ ਤਿਆਰ ਕਰ ਲੈਂਦੀਆਂ ਹਨ ਔਰ ਉਸ ਮਾਡਲ ਬਿਲ ਨੂੰ ਸਟੇਟਸ ਅਡਾਪਟ ਕਰ ਲੈਂਦੀਆਂ ਹਨ। ਪਰ ਹਾਲੇ ਤਕ ਇਸ ਤਰ੍ਹਾਂ ਦੀ ਕੋਈ ਚੀਜ਼ ਸੈਂਟਰ ਨੇ ਨਹੀਂ ਬਣਾਈ ਔਰ ਪਾਰਲੀਮੈਂਟ ਵਿਚ ਵੀ ਨਹੀਂ ਆਈ।

ਇਸ ਵਾਰ ਇਥੇ ਬਹੁਤ ਸਾਰੇ ਮੈਂਬਰਜ਼ ਸ਼ਡਿਊਲਡ ਕਾਸਟਸ ਦੇ ਆਏ ਹਨ ਔਰ ਉਨ੍ਹਾਂ ਨੇ ਇਸ ਗੱਲ ਦੀ ਮੰਗ ਕੀਤੀ ਹੈ ਕਿ ਇਸ ਵਾਸਤੇ ਲੈਜਿਸਲੇਸ਼ਨ ਹੋਣੀ ਚਾਹੀਦੀ ਹੈ। ਅਕਾਲੀ ਦਲ ਵਲੋਂ ਵੀ ਇਹ ਅਵਾਜ਼ ਆਈ ਹੈ। ਅਸੀਂ ਹਮੇਸ਼ਾਂ ਹੀ ਸ਼ਡਿਊਲਡ ਕਾਸਟਸ ਵਾਸਤੇ ਲੜਦੇ ਰਹੇ ਹਾਂ ਔਰ ਮੈਂ ਦਸਦਾ ਹਾਂ ਕਿ ਇਹ ਪਹਿਲੀ ਵਾਰ ਹੈ ਕਿ ਅਸੀਂ ਆਪਣੀ ਮਨਿਸਟਰੀ ਵਿਚ ਸਭ ਤੋਂ ਪਹਿਲੇ ਰਿਜ਼ਰਵੇਸ਼ਨ ਪੂਰੀ ਕੀਤੀ ਹੈ (ਥੰਪਿੰਗ) ਜਿਥੇ ਪਹਿਲੇ ਪਦੇ ਨਹੀਂ ਸੀ ਹੋਈ। ਜਿਥੇ ਸਾਡਾ ਹੱਥ ਪੈਂਦਾ ਸੀ ਉਥੇ ਅਸੀਂ ਪੂਰੀ ਕਰ ਦਿੱਤੀ। ਹੁਣ ਇਥੇ ਇਹ ਮਸਲਾ ਉਠਾਇਆ ਹੈ ਕਿ ਇਸ

**Not recorded by orderded by the Chair.

ਵਾਸਤੇ ਕਾਨੂੰਨ ਬਣਨਾ ਚਾਹੀਦਾ ਹੈ। ਚੌਧਰੀ ਜਗਜੀਤ ਸਿੰਘ ਹੋਰਾਂ ਨੇ ਇਹ ਗੱਲ ਆਖੀ ਹੈ ਅਤੇ ਹੋਰ ਵੀ ਕਈ ਮੈਂਬਰਾਂ ਨੇ ਇਹ ਗੱਲ ਬੜੇ ਜ਼ੋਰ ਨਾਲ ਕਹੀ ਹੈ। ਇਸ ਸਬੰਧ ਵਿਚ ਪਾਂਧੀ ਸਾਹਿਬ ਨੇ ਮੈਨੂੰ ਕਿਹਾ ਸੀ ਕਿ ਇਸ ਕੰਮ ਲਈ ਇਕ ਹਾਈ ਪਾਵਰਡ ਕਮੇਟੀ ਬਣਾ ਲਈ ਜਾਵੇ ਜਿਹੜੀ ਇਹ ਘੋਖ ਕਰੇ ਕਿ ਕਾਨੂੰਨ ਕਿਸ ਤਰ੍ਹਾਂ ਬਣਨਾ ਚਾਹੀਦਾ ਹੈ ਔਰ ਜੇ ਕਿਸੇ ਹੋਰ ਸਟੇਟ ਨੇ ਬਣਾਇਆ ਹੈ ਤਾਂ ਉਹ ਵੀ ਵੇਖ ਲਿਆ ਜਾਵੇ ਔਰ ਵੇਖ ਕੇ ਇਹ ਸਾਰੇ ਬਿਲ ਦਾ ਡਰਾਫਟ ਤਿਆਰ ਕਰੇ। ਅਸੀਂ ਇਸ ਤੇ ਇਕ ਹਾਈ ਪਾਵਰਡ ਕਮੇਟੀ ਬਣਾ ਦਿੱਤੀ। ਚੀਫ ਸੈਕਟਰੀ ਵੀ ਉਸ ਦੇ ਮੈਂਬਰ ਹਨ। ਉਸ ਦੀਆਂ ਕਈ ਮੀਟਿੰਗਾਂ ਹੋ ਚੁੱਕੀਆਂ ਹਨ ਔਰ ਮੇਰਾ ਖਿਆਲ ਹੈ ਕਿ ਉਹ ਕਮੇਟੀ ਪੂਰੀ ਘੋਖ ਕਰੇਗੀ। ਬਾਕੀ ਇਸ ਵੇਲੇ ਤਾਂ ਮੈਂ ਸਮਝਦਾ ਹਾਂ ਕਿ ਜੇ ਇਹ ਚਾਹੁੰਦੇ ਤਾਂ ਇਹ ਇਕ ਪ੍ਰਾਈਵੇਟ ਬਿਲ ਤਿਆਰ ਕਰਕੇ ਲਿਆ ਸਕਦੇ ਸਨ, ਉਸ ਤੇ ਅਸੀਂ ਵੀ ਸਹਿਮਤ ਹੁੰਦੇ ਔਰ ਸ਼ਾਇਦ ਅਸੀਂ ਕੋਈ ਇਤਰਾਜ਼ ਨਾ ਕਰ ਸਕਦੇ ਔਰ ਉਹ ਬਿਲ ਯੂਨਾਨੀਮਸਲੀ ਇਥੇ ਪਾਸ ਹੋ ਜਾਣਾ ਸੀ। ਪਰ ਇਨ੍ਹਾਂ ਨੇ ਇਸ ਤਰ੍ਹਾਂ ਵੀ ਕੋਈ ਐਫਰਟ ਨਹੀਂ ਕੀਤੀ। ਸਿਰਫ ਇਹ ਕਹਿੰਦੇ ਰਹੇ ਕਿ ਰਿਜ਼ਰਵੇਸ਼ਨ ਐਕਟ ਲਾਗੂ ਕਰੋ। ਇਹ ਇਸ ਤਰ੍ਹਾਂ ਦੇ ਨਾਹਰੇ ਲਾਉਂਦੇ ਰਹੇ। ਮੈਂ ਦਸਿਆ ਹੈ ਕਿ ਇਸ ਵਾਸਤੇ ਇਕ ਹਾਈ ਪਾਵਰਡ ਕਮੇਟੀ ਬਣਾਈ ਹੋਈ ਹੈ ਜਿਸ ਨੇ ਸ਼ਾਇਦ ਇਸ ਤੇ ਡਰਾਫਟ ਤਿਆਰ ਕਰ ਲਿਆ ਹੋਣਾ ਹੈ ਪਰ ਸਾਡੇ ਕੋਲ ਹਾਲੇ ਆਉਣਾ ਹੈ। ਅਸੀਂ ਇਸ ਤੇ ਘੋਖ ਕਰਾਂਗੇ ਜਦੋਂ ਇਹ ਸਾਡੇ ਕੋਲ ਆਏਗਾ। ਉਹ ਪੂਰਾ ਡਰਾਫਟ ਤਿਆਰ ਕਰਕੇ ਇਸ ਨੂੰ ਅਗਲੇ ਸੈਸ਼ਨ ਵਿਚ ਲੈ ਆਵਾਂਗੇ (ਥੰਪਿੰਗ) ਮੈਂ ਅਰਜ਼ ਕਰਾਂਗਾ ਕਿ ਇਸ ਦਾ ਕਨਸੈਪਟ ਕਲੀਅਰ ਨਾ ਹੋਣ ਤੇ ਇਨ੍ਹਾਂ (ਕਾਂਗਰਸ ਤੇ ਹੋਰ ਪਾਰਟੀਆਂ ਵਲ ਇਸ਼ਾਰਾ) ਦੀ ਰਾਏ ਵੀ ਮੰਗਾਂਗੇ ਫਿਰ ਇਹ ਵੇਖਾਂਗੇ ਕਿ ਇਸ ਨੂੰ ਇਨਫੋਰਸ ਕਿਸ ਤਰ੍ਹਾਂ ਕਰਨਾ ਹੈ ਕਿਉਂਕਿ ਇਨਫੋਰਸ ਕਰਨ ਦੀ ਮੁਸ਼ਕਲ ਹੁੰਦੀ ਹੈ। ਰਿਜ਼ਰਵੇਸ਼ਨ ਪਾਲਿਸੀ ਤਾਂ ਹੁਣ ਵੀ ਹੈ ਪਰ ਇਹ ਠੀਕ ਤਰ੍ਹਾਂ ਨਾਲ ਇਨਫੋਰਸ ਨਹੀਂ ਹੋ ਰਹੀ। ਜਿਸ ਤਰ੍ਹਾਂ ਅੱਜ ਸ਼ਿਵ ਚੰਦ ਜੀ ਨੇ ਕਿਹਾ ਹੈ ਕਿ ਪੁਲਿਸ ਵਿਚ 1200 ਕਾਂਸਟੇਬਲ ਦੀ ਘਾਟ ਹੈ। ਇਸ ਲਈ ਇਸ ਨੂੰ ਕਿਸ ਤਰ੍ਹਾਂ ਇਨਫੋਰਸ ਕਰਨਾ ਹੈ ਇਸ ਤੇ ਇਨ੍ਹਾਂ ਦੇ ਸੁਝਾਵ ਲਵਾਂਗੇ ਔਰ ਸਾਰੇ ਹਾਊਸ ਦੀ ਮਨਸ਼ਾ ਦੇ ਮੁਤਾਬਿਕ ਹੀ ਇਹ ਕਾਨੂੰਨ ਇਸ ਹਾਊਸ ਵਿਚ ਪੇਸ਼ ਕਰਨਾ ਪਵੇਗਾ ਔਰ ਅਗਲੇ ਸੈਸ਼ਨ ਵਿਚ ਇਸ ਨੂੰ ਲੈ ਆਵਾਂਗੇ।

ਸ੍ਰੀ ਸੇਵਾ ਰਾਮ ਅਰੋੜਾ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਜੁਡੀਸ਼ਰੀ ਜਮਹੂਰੀਅਤ ਦਾ ਇਕ ਬਹੁਤ ਵੱਡਾ ਅੰਗ ਹੈ। ਜਲੰਧਰ ਦਾ ਕੇਸ ਹੋਇਆ ਸੀ ਉਹ ਵੀ ਤੁਹਾਡੇ ਨੋਟਿਸ ਵਿਚ ਹੈ ਔਰ ਲੁਧਿਆਣਾ ਦਾ ਜੋ ਕੇਸ ਸੈਸ਼ਨ ਜੱਜ ਦੀ ਹੱਤਿਆ ਦਾ ਹੋਇਆ ਹੈ ਉਹ ਵੀ ਤੁਹਾਡੇ ਨੋਟਿਸ ਵਿਚ ਹੈ।

ਸ੍ਰੀ ਸਪੀਕਰ : ਲਾਅ ਐਂਡ ਆਰਡਰ ਦਾ ਮਸਲਾ ਅੱਜ ਡਿਸਕਸ ਹੋਣਾ ਹੈ ਇਹ ਮਸਲਾ ਉਸ ਵੇਲੇ ਡਿਸਕਸ ਕੀਤਾ ਜਾ ਸਕਦਾ ਹੈ। (ਵਿਘਨ) ਇਹ ਸਾਰਿਆਂ ਦਾ ਸਾਂਝਾ ਮਸਲਾ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੇਰੀ ਦੋਬਾਰਾ ਬੇਨਤੀ ਹੈ ਕਿ ਇਸ ਸੈਸ਼ਨ ਨੇ ਅੱਜ ਖਤਮ ਹੋ ਜਾਣਾ ਹੈ ਔਰ ਤੁਸੀਂ 15 ਤਾਰੀਖ ਨੂੰ ਮੇਰੀ ਐਡਜਰਨਮੈਂਟ ਮੋਸ਼ਨ ਤੇ ਇਹ ਕਿਹਾ ਸੀ ਕਿ ਚੀਫ ਮਨਿਸਟਰ ਸਾਹਿਬ ਨੂੰ ਚਿਠੀ ਲਿਖ ਰਹੇ ਹਾਂ ਔਰ ਇਸੇ ਸੈਸ਼ਨ ਦੇ ਦੌਰਾਨ ਇਸ ਦਾ ਜਵਾਬ ਆ ਜਾਵੇਗਾ। ਜਿਹੜਾ ਵਿਧਾਨ ਸਭਾ ਦੇ ਮੁਲਾਜ਼ਮਾ ਨੂੰ ਤੰਗ ਕੀਤਾ ਗਿਆ ਹੈ ਇਸ ਦਾ ਜਵਾਬ ਦੇ ਦਿੱਤਾ ਜਾਵੇਗਾ। ਹੁਣ ਜੇ ਚਿੱਠੀ ਆਈ ਹੈ ਤਾਂ ਦਸ ਦਿਓ ਨਹੀਂ ਤਾਂ ਮੁੱਖ ਮੰਤਰੀ ਸਾਹਿਬ ਇਥੇ ਆਪਣਾ ਬਿਆਨ ਦੇ ਦੇਣ। ਇਸ ਤੋਂ ਬਾਅਦ ਫਿਰ 2-3 ਮਹੀਨੇ ਸੈਸ਼ਨ ਨਹੀਂ ਆਉਣਾ।

ਸ੍ਰੀ ਸਪੀਕਰ: ਕੀ ਸੀ.ਐਮ. ਸਾਹਿਬ ਕੁਝ ਕਹਿਣਾ ਚਾਹੁਣਗੇ ?

ਮੁੱਖ ਮੰਤਰੀ: ਇਹ ਚਿੱਠੀ ਮੈਨੂੰ ਅੱਜ ਸਵੇਰੇ ਮਿਲੀ ਹੈ ਔਰ ਮੈਂ ਕਨਸਰੰਡ ਅਫ਼ਸਰ ਨੂੰ ਭੇਜ ਦਿੱਤੀ ਹੈ ਜੇ ਇਸ ਦਾ ਜਵਾਬ ਮੇਰੇ ਪਾਸ ਆ ਗਿਆ ਤਾਂ ਮੈਂ ਦੱਸ ਦੇਵਾਂਗਾ।

ਸ੍ਰੀ ਸਪੀਕਰ: ਚਿੱਠੀ ਤਾਂ ਤੁਹਾਡੇ ਆਫਿਸ ਵਿਚ 15 ਤਾਰੀਖ ਨੂੰ ਡਿਲਵਰ ਹੋ ਗਈ ਸੀ, ਸ਼ਾਇਦ ਤੁਹਾਡੇ ਕੋਲ ਨਹੀਂ ਆਈ। ਮੇਰੀ ਬੇਨਤੀ ਹੈ ਕਿ ਜੇ ਇਸ ਦਾ ਜਵਾਬ ਹੁਣੇ ਸੈਸ਼ਨ ਖਤਮ ਹੋਣ ਤੋਂ ਪਹਿਲਾਂ ਮੰਗਵਾ ਲਿਆ ਜਾਵੇ ਤਾਂ ਠੀਕ ਹੈ।

ਕਾਮਰੇਡ ਮਹਿਤਾਬ ਸਿੰਘ: ਸਪੀਕਰ ਸਾਹਿਬ, ਰਿਜ਼ਰਵੇਸ਼ਨ ਦੇ ਮਸਲੇ ਤੇ ਥੋੜ੍ਹਾ ਚਿਰ ਇਸ ਹਾਊਸ ਵਿਚ ਗਰਮਾ ਗਰਮੀ ਰਹੀ ਹੈ ਔਰ ਫਿਰ ਮੁੱਖ ਮੰਤਰੀ ਸਾਹਿਬ ਨੇ ਆਪਣਾ ਬਿਆਨ ਦੇਕੇ ਤਸੱਲੀ ਕਰਵਾਈ ਹੈ ਕਿ ਆਉਣ ਵਾਲੇ ਸੈਸ਼ਨ ਵਿਚ ਕਰ ਦੇਵਾਂਗੇ। ਇਸ ਬਾਰੇ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੂੰ ਅਤੇ ਇਨ੍ਹਾਂ ਤੋਂ ਪਹਿਲੇ ਵੀ ਜਿਹੜੇ ਮੁੱਖ ਮੰਤਰੀ ਰਹੇ ਹਨ ਉਨ੍ਹਾਂ ਨੂੰ ਵੀ ਕਾਫੀ ਮੈਮੋਰੰਡਮ ਦਿੱਤੇ ਗਏ ਹਨ ਕਿ ਪੰਜਾਬ ਵਿਚ ਕੁਝ ਕਬੀਲੇ ਅਜਿਹੇ ਹਨ ਜਿਹੜੇ ਸ਼ਡਿਊਲਡ ਟਰਾਈਬਜ਼ ਵਿਚ ਨਹੀਂ ਆਉਂਦੇ ਸਨ ਜਿਸ ਤਰ੍ਹਾਂ ਰਾਏ ਸਾਂਸੀ ਹਨ ਅਤੇ ਇਸੇ ਤਰ੍ਹਾਂ 6–7 ਹੋਰ ਜਾਤਾਂ ਹਨ। ਉਨ੍ਹਾਂ ਨੂੰ ਰਿਜ਼ਰਵੇਸ਼ਨ ਨਹੀਂ ਮਿਲੀ ਹੋਈ। ਇਸੇ ਤਰ੍ਹਾਂ ਬੇਟ ਅਤੇ ਬਾਰਡਰ ਏਰੀਆ ਵਿਚ ਅਤੇ ਲੁਧਿਆਣਾ ਅਤੇ ਜਲੰਧਰ ਵਿਚ ਐਸੀਆਂ ਜਾਤਾਂ ਹਨ ਉਹ ਐਸੇ ਹਾਲਾਤ ਵਿਚ ਰਹਿ ਰਹੇ ਹਨ ਅਤੇ ਆਪਣੀ ਜ਼ਿੰਦਗੀ ਗੁਜ਼ਾਰ ਰਹੇ ਹਨ ਜਿਸ ਤਰ੍ਹਾਂ ਉਹ ਭਾਰਤ ਵਿਚ ਨਾ ਵਸਦੇ ਹੋਣ ਔਰ ਉਹ ਆਜ਼ਾਦ ਭਾਰਤ ਦੇ ਬਾਸ਼ਿੰਦੇ ਨਾ ਹੋਣ। ਪਿਛੇ ਕੈਰੋਂ ਰਾਜ ਦੇ ਸਮੇਂ ਤੋਂ ਹਰੀਜਨਾਂ ਨੂੰ ਰਿਜ਼ਰਵੇਸ਼ਨ ਮਿਲ ਰਹੀ ਹੈ ਪਰ ਜਿਹੜੀਆਂ ਜਾਤੀਆਂ ਰਹਿ ਗਈਆਂ ਸਨ ਉਨ੍ਹਾਂ ਨੂੰ ਹਾਲੇ ਤੱਕ ਰਿਜ਼ਰਵੇਸ਼ਨ ਵਿਚ ਨਹੀਂ ਲਿਆ ਗਿਆ।

Mr. Speaker: Please be brief.

ਕਾਮਰੇਡ ਮਹਿਤਾਬ ਸਿੰਘ: ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਾਂਸੀ ਕਾਸਟ ਦੇ ਲੋਕਾਂ ਦਾ ਡੈਪੂਟੇਸ਼ਨ ਤੁਹਾਨੂੰ ਵੀ ਕਈ ਵਾਰ ਮਿਲ ਚੁੱਕਾ ਹੈ ਅਤੇ ਉਨ੍ਹਾਂ ਨੇ ਮੈਮੋਰੰਡਮ ਵੀ ਦਿੱਤੇ ਹਨ ਅਤੇ ਬਾਹਰ ਵੀ ਬੈਠੇ ਹੋਏ ਹਨ। ਉਨ੍ਹਾਂ ਨੂੰ ਸ਼ੈਡਿਊਲਡ ਟਰਾਈਬਜ਼ ਦਾ ਦਰਜਾ ਦਿੱਤਾ ਜਾਵੇ। ਇਹ ਕਾਫੀ ਪਿਛੜਾ ਵਰਗ ਹੈ। ਇਨ੍ਹਾਂ ਨੂੰ ਰਿਜ਼ਰਵੇਸ਼ਨ ਕਿਉਂ ਨਹੀਂ ਮਿਲ ਰਹੀ ? ਇਕ ਗੱਲ ਜ਼ਰੂਰ ਇਥੇ ਕਹਿਣੀ ਚਾਹੁੰਦਾ ਹਾਂ ਕਿ ਹਰੀਜਨ ਕਾਸਟ ਵਿਚ ਕੁਝ ਅਪਰ ਕਲਾਸ ਵਿਚ ਅਫਸਰ ਲਗ ਚੁੱਕੇ ਹਨ ਅਤੇ ਕਈ ਆਈ.ਏ.ਐਸ. ਲਗੇ ਹੋਏ ਹਨ ਅਤੇ ਕਮਿਸ਼ਨਰ ਤੱਕ ਲਗੇ ਹੋਏ ਹਨ, ਉਨ੍ਹਾਂ ਨੂੰ ਇਹ ਸਹੂਲਤਾਂ ਨਹੀਂ ਮਿਲਣੀਆਂ ਚਾਹੀਦੀਆਂ। ਇਹ ਹਰੀਜਨਾਂ ਦੀ ਰਿਜ਼ਰਵੇਸ਼ਨ ਉਨ੍ਹਾਂ ਨੂੰ ਕਿਉਂ ਦਿੱਤੀ ਜਾ ਰਹੀ ਹੈ ? (ਵਿਘਨ)

Mr. Speaker: Comrade Sahib, please take your seat.

ਐਸੇ ਇਸ਼ੂ ਤੇ ਬੋਲਣਾ, ਚੀਫ਼ ਮਨਿਸਟਰ ਸਾਹਿਬ ਦੀ ਸਟੇਟਮੈਂਟ ਤੋਂ ਬਾਦ, ਰੂਲਜ਼ ਵਿਚ ਕੋਈ ਡਿਸਕਸ਼ਨ ਦੀ ਇਜਾਜ਼ਤ ਨਹੀਂ ਹੈ। ਸੈਂਟਰਲ ਲੈਵਲ ਤੇ ਹਾਈ ਪਾਵਰਡ ਕਮੇਟੀ ਬਣੀ ਹੋਈ ਹੈ। This matter should be referred to that Committee.

ਪੰਡਿਤ ਮੋਹਨ ਲਾਲ ਜੀ, ਤੁਸੀਂ ਸ਼ੁਰੂ ਕਰੋ।ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਇਹ ਬੜਾ ਸੀਰੀਅਸ ਮਸਲਾ ਹੈ। ਸਾਰੇ ਹਾਊਸ ਦੇ ਮੈਂਬਰਜ਼ ਇਸ ਮਾਮਲੇ ਨਾਲ ਸਬੰਧਤ ਹਨ। ਇਸ ਇਸ਼ੂ ਤੇ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਉਹ ਡਿਸਕਸ਼ਨ ਕਰਾਉਣ ਲਈ ਤਿਆਰ ਹਨ।

ਤੁਸੀਂ ਡਿਸਕਸ਼ਨ ਕਰੋ, ਆਪਣੇ ਆਪਣੇ ਜਜ਼ਬਾਤ ਪ੍ਰਗਟ ਕਰੋ ਅਤੇ ਹਾਊਸ ਦੇ ਡੈਕੋਰਮ ਨੂੰ ਮੇਨਟੇਨ ਰੱਖੋ। ਇਸ ਡਿਸਕਸ਼ਨ ਲਈ 4 ਘੰਟੇ ਦੀ ਡਿਸਕਸ਼ਨ ਤਹਿ ਹੋਈ ਹੈ, ਇਸ ਮੁਤਾਬਿਕ ਟਾਈਮ ਨੂੰ ਪਾਰਟੀ ਵਾਈਜ਼ ਵੰਡ ਲਵਾਂਗੇ। 11 ਵਜੇ ਵਿਚ 2-3 ਮਿੰਟ ਰਹਿੰਦੇ ਹਨ। ਉਸ ਤੋਂ ਬਾਦ ਖਾਣੇ ਦਾ ਪ੍ਰਬੰਧ ਕੀਤਾ ਹੈ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਤੁਸੀਂ ਇਸ ਡਿਸਕਸ਼ਨ ਲਈ ਸਿਰਫ 4 ਘੰਟੇ ਨਿਰਧਾਰਿਤ ਨਾ ਕਰੋ। ਅੱਜ ਹਾਊਸ ਵਿਚ ਇਹ ਬੜਾ ਇੰਪਾਰਟੈਂਟ ਮਸਲਾ ਹੈ। ਅੱਜ ਪੰਜਾਬ ਜਲ ਰਿਹਾ ਹੈ। ਸਾਨੂੰ ਖੁਲ੍ਹ ਕੇ ਇਸ ਉਤੇ ਬਹਿਸ ਕਰਨੀ ਚਾਹੀਦੀ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਸਾਡੀਆਂ ਕਾਲ ਅਟੈਨਸ਼ਨ ਮੋਸ਼ਨਜ਼ ਰਹਿ ਗਈਆਂ ਹਨ।

ਸ੍ਰੀ ਸਪੀਕਰ : ਗੁਪਤਾ ਜੀ, ਤੁਸੀਂ ਹੁਣ ਬੈਠੋ। I had called upon the movers of three Call attention Notices but none of them rose to read his Call Attention Notice.

MOTION UNDER RULE 16

Chief Minister (Sardar Surjit Singh Barnala) : Sir, I beg to move—

> That the Vidhan Sabha (Assembly) at its rising this day shall stand adjourned *sine die.*

Mr. Speaker : Motion moved—

> That the Vidhan Sabha (Assembly) at its rising this day shall stand adjourned *sine die.*

Mr. Speaker : Question is—

> That the Vidhan Sabha (Assembly) at its rising this day shall stand adjourned *sine die.*

The motion was carried.

PAPERS LAID ON THE TABLE

Chief Minister (Sardar Surjit Singh Barnala): Sir, I beg to lay on the Table the Sikh Gurdwaras (Amendment) Ordinance, 1986 (Punjab Ordinance No. 8 of 1986), as required under Article 213 (2)(a) of the Constitution of India.

MOTION UNDER RULE 77—DISCUSSION ON LAW AND ORDER SITUATION

Sardarni Gurbrinder Kaur Brar : Sir, I beg to move—

> That the general law and order situation in the State be taken into consideration.

Mr. Speaker : Motion moved—

> That the general law and order situation in the State be taken into consideration.

ਪੰਡਿਤ ਮੋਹਨ ਲਾਲ (ਹੁਸ਼ਿਆਰਪੁਰ) : ਮਾਨਯੋਗ ਸਪੀਕਰ ਸਾਹਿਬ, ਇਸ ਵੇਲੇ ਪੰਜਾਬ ਦੀ ਸਥਿਤੀ ਬਹੁਤ ਗੰਭੀਰ ਹੈ। ਇਸ ਤੇ ਕੋਈ 2 ਰਾਵਾਂ ਨਹੀਂ ਹਨ ਔਰ ਇਸ ਗੱਲ ਤੇ ਵੀ ਕੋਈ 2 ਰਾਵਾਂ ਨਹੀਂ ਹਨ ਕਿ ਪੰਜਾਬ ਦੀ ਸਥਿਤੀ ਦਿਨ ਬਦਿਨ ਹੋਰ ਗੰਭੀਰ ਹੁੰਦੀ ਜਾ ਰਹੀ ਹੈ।

[ਪੰਡਿਤ ਮੋਹਨ ਲਾਲ]

ਰੋਜ਼ਾਨਾ ਬੱਚਿਆਂ ਦਾ, ਔਰਤਾਂ ਦਾ ਅਤੇ ਬੁਢਿਆਂ ਦਾ ਅਤੇ ਹੋਰ ਬੇਗੁਨਾਹ ਲੋਕਾਂ ਦਾ ਕਤਲ ਹੋ ਰਿਹਾ ਹੈ। ਇਸ ਦੇ ਨਾਲ ਪੰਜਾਬ ਦੇ ਰਹਿਣ ਵਾਲੇ ਹਰ ਇਕ ਨੂੰ ਅਤੇ ਹਿੰਦੁਸਤਾਨ ਦੇ ਵਿਚ ਰਹਿਣ ਵਾਲਿਆਂ ਨੂੰ ਗੁੱਸਾ ਹੈ ਕਿ ਇਥੇ ਪੰਜਾਬ ਵਿਚ ਕੀ ਹੋ ਰਿਹਾ ਹੈ। ਅੱਜ ਦਾ ਲਾਅ ਐਂਡ ਆਰਡਰ ਜਿਸ ਤੇ ਡਿਸਕਸ਼ਨ ਹੋ ਰਹੀ ਹੈ ਬੜਾ ਜ਼ਰੂਰੀ ਮਸਲਾ ਹੈ। ਮੈਂ ਇਸ ਉਤੇ ਆਪਣੇ ਜਜ਼ਬਾਤ ਰੱਖਦਾ ਹਾਂ। ਮੈਂਬਰ ਸਾਹਿਬਾਨ ਜਿਥੇ ਲੋੜ ਹੋਵੇ ਉਥੇ ਸਰਕਾਰ ਦੀ, ਪੁਲਿਸ ਦੀ ਅਤੇ ਐਡਮਨਿਸਟਰੇਸ਼ਨ ਦੀ ਨੁਕਤਾਚੀਨੀ ਕਰਨ ਔਰ ਜਿਥੇ ਸਰਕਾਰ ਦੀਆਂ ਖਾਮੀਆਂ, ਕਮਜ਼ੋਰੀਆਂ ਅਤੇ ਕਮੀਆਂ ਹਨ ਉਨ੍ਹਾਂ ਦਾ ਜ਼ਿਕਰ ਜ਼ਰੂਰ ਕਰਨ। ਲੇਕਿਨ ਇਸ ਦੇ ਨਾਲ ਨਾਲ, ਜਿਸ ਤਰ੍ਹਾਂ ਹੁਣੇ ਫਰਮਾਇਆ ਹੈ ਉਸ ਨਾਲ ਮੈਂ ਐਗਰੀ ਕਰਦਾ ਹਾਂ। ਅਸੀਂ ਲੋਕਾਂ ਦੀ ਨੁਮਾਇੰਦਗੀ ਕਰਦੇ ਹਾਂ ਅਤੇ ਮੈਂਬਰ ਸਾਹਿਬਾਨ ਦੀ ਜ਼ਿੰਮੇਵਾਰੀ ਹੈ ਕਿ ਉਹ ਸਰਕਾਰ ਦੀਆਂ ਕਮਜ਼ੋਰੀਆਂ ਨੂੰ ਪੁਆਇੰਟ ਆਊਟ ਕਰਨ। ਅਸੀਂ ਵੀ ਕੋਸ਼ਿਸ਼ ਕਰਾਂਗੇ ਕਿ ਅਸੀਂ ਡਿਸਕਸ਼ਨ ਵਿਚ ਐਸੀਆਂ ਤਜਵੀਜ਼ਾਂ ਪੇਸ਼ ਕਰੀਏ ਕੁਝ ਮਤੇ ਪੇਸ਼ ਕਰੀਏ ਅਤੇ ਅੰਡਰ-ਸਟੈਂਡਿੰਗ ਪੇਸ਼ ਕਰੀਏ। ਪੰਜਾਬ ਦੀ ਸਥਿੱਤੀ ਬਹੁਤ ਮਾੜੀ ਹੈ ਅਤੇ ਬਹੁਤ ਅਫਸੋਸ ਨਾਕ ਹੈ। ਇਹ ਸਥਿਤੀ ਕਾਬੂ ਵਿਚ ਆ ਸਕੇ, ਮੈਂ ਵੀ ਆਪਣੀ ਰਾਏ ਵਿਚ ਕੁਝ ਚੀਜ਼ਾਂ ਸਰਕਾਰ ਨੂੰ ਅਤੇ ਕੁਝ ਆਪਣੀ ਪਾਰਟੀ ਨੂੰ ਰਖਾਂਗਾ। ਲੇਕਿਨ ਇਸ ਤੋਂ ਪਹਿਲਾਂ, ਮੈਂ ਆਪਣੇ ਹਲਕੇ ਦੇ ਮੁਤੱਲਿਕ ਕੁਝ ਐਸੇ ਅਫਸੋਸਨਾਕ ਵਾਕਿਆਤ ਹੋਏ ਹਨ, ਉਨ੍ਹਾਂ ਨੂੰ ਹਾਊਸ ਵਿਚ ਪੇਸ਼ ਕਰਨਾ ਆਪਣਾ ਫਰਜ਼ ਸਮਝਦਾ ਹਾਂ। ਮੈਂ ਹੁਸ਼ਿਆਰਪੁਰ ਦੀ ਨੁਮਾਇੰਦਗੀ ਕਰਦਾ ਹਾਂ ਔਰ ਹੁਸ਼ਿਆਰਪੁਰ ਸ਼ਹਿਰ ਵਿਚ 2 ਅਫਸੋਸਨਾਕ ਵਾਕਿਆਤ ਹੋਏ ਹਨ। ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ। ਇਨ੍ਹਾਂ ਵਾਕਿਆਤ ਦਾ ਜ਼ਿਕਰ ਕਰਨਾ, ਮੈਂ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ। ਇਨ੍ਹਾਂ ਵਾਕਿਆਤ ਵਿਚ ਲੋਕਾਂ ਦੀ ਘੱਟ ਜ਼ਿੰਮੇਵਾਰੀ ਬਣਦੀ ਹੈ ਜਦ ਕਿ ਸਰਕਾਰ ਅਤੇ ਪੁਲਿਸ ਦੀ ਜ਼ਿਆਦਾ ਜ਼ਿੰਮੇਵਾਰੀ ਬਣਦੀ ਹੈ। ਮੈਂ ਐਸੇ ਵਾਕਿਆਤ ਸਰਕਾਰ ਅੱਗੇ ਰੱਖਣ ਦੀ ਲੋੜ ਮਹਿਸੂਸ ਕਰਦਾ ਹਾਂ। 117 ਘੰਟੇ ਕਰਫਿਊ ਹੁਸ਼ਿਆਰਪੁਰ ਸ਼ਹਿਰ ਵਿਚ ਬਗੈਰ ਕਿਸੇ ਢਿੱਲ ਦੇ ਲੱਗਾ। ਇਤਨੀ ਦੇਰ ਤੱਕ ਕਰਫਿਊ ਘੱਟ ਹੀ ਕਿਧਰੇ ਲੱਗਾ ਹੋਵੇਗਾ। ਇਥੇ 5 ਦਿਨ ਲਗਾਤਾਰ ਕਰਫਿਊ ਲਗਾ ਰਿਹਾ ਔਰ ਇਸ ਦੇ ਵਿਚ ਇਕ ਵੀ ਢਿੱਲ ਨਹੀਂ ਦਿੱਤੀ ਗਈ। 1-2 ਘੰਟੇ ਦੀ ਵੀ ਢਿੱਲ ਨਹੀਂ ਦਿੱਤੀ ਗਈ। ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਬੱਚਿਆਂ, ਔਰਤਾਂ, ਬੁਢਿਆਂ ਅਤੇ ਦੂਸਰੇ ਲੋਕਾਂ ਦਾ ਕੀ ਹਾਲ ਹੋਇਆ ਹੋਵੇਗਾ। ਇਸ ਅਰਸੇ ਵਿਚ ਮੈਨੂੰ ਇਹ ਕਹਿਣ ਵਿਚ ਰੱਤੀ ਵੀ ਝਿਜਕ ਨਹੀਂ ਕਿ ਮੈਂ ਉਥੇ ਜਾ ਕੇ ਆਪ ਤਹਿਕੀਕਾਤ ਕੀਤੀ। ਉਥੇ ਕਰਫਿਊ ਦੀ ਬਿਲਕੁਲ ਲੋੜ ਨਹੀਂ ਸੀ। ਜਿਸ ਇਲਾਕੇ ਵਿਚ ਕਰਫਿਊ ਦਾ ਇਲਾਕਾ ਸ਼ਹਿਰ ਵਿਚ ਲਗਦਾ ਸੀ ਉਥੇ 90-95% ਇਕ ਤਬਕੇ ਦੇ ਲੋਕ ਰਹਿੰਦੇ ਸਨ ਅਤੇ 5% ਦੂਸਰੇ ਤਬਕੇ ਦੇ ਲੋਕ ਰਹਿੰਦੇ ਸਨ। ਉਥੇ ਹਿੰਦੂ ਅਤੇ ਸਿੱਖਾਂ ਦੇ ਵਿਚਕਾਰ ਕੋਈ ਝਗੜਾ ਨਹੀਂ ਸੀ ਅਤੇ ਨਾ ਕੋਈ ਫਸਾਦ ਸੀ। ਇਸ ਦੇ ਬਾਵਜੂਦ ਵੀ ਇਤਨੇ ਲੰਬੇ ਅਰਸੇ ਦੇ ਲਈ ਕਰਫਿਊ ਲੱਗਾ ਰਿਹਾ। ਮੈਂ ਇਕ ਹੋਰ ਅਫਸੋਸਨਾਕ ਗੱਲ ਦਸਦਾ ਹਾਂ ਕਿ ਉਥੇ ਦੀਵਾਲੀ ਵਾਲੇ ਦਿਨ ਵੀ ਕਰਫਿਊ ਜਾਰੀ ਰਖਿਆ ਗਿਆ। ਲੋਕਾਂ ਨੇ ਕਾਫੀ ਰਿਕੁਐਸਟ ਐਡ-ਮਨਿਸਟਰੇਸ਼ਨ ਨੂੰ ਕੀਤੀ ਕਿ ਦੀਵਾਲੀ ਵਾਲੇ ਦਿਨ ਕਰਫਿਊ ਹਟਾ ਲਿਆ ਜਾਵੇ ਪਰ ਐਡਮਨਿਸਟਰੇਸ਼ਨ ਇਸ ਦੇ ਲਈ ਵੀ ਤਿਆਰ ਨਾ ਹੋਈ। ਮੈਨੂੰ ਖੁਦ ਕਮਲ ਚੌਧਰੀ, ਐਮ.ਪੀ. ਨੇ ਦਸਿਆ ਕਿ ਉਨ੍ਹਾਂ ਨੇ ਵੀ ਐਡਮਨਿਸਟਰੇਸ਼ਨ ਨੂੰ ਰਿਕੁਐਸਟ ਕੀਤੀ ਸੀ ਪਰ ਕੋਈ ਸੁਣਵਾਈ ਨਾ ਹੋਈ ਅਤੇ ਆਖਰ ਵਿਚ ਉਨ੍ਹਾਂ ਨੇ ਕਰਫਿਊ ਆਰਡਰ ਨੂੰ ਖੁਦ ਰਿਕਸ਼ਾ ਵਿਚ ਬੈਠ ਕੇ ਡੀਫਾਈ ਕੀਤਾ ਅਤੇ ਖੁਦ ਅਨਾਊਂਸਮੈਂਟ ਲਾਊਡ ਸਪੀਕਰ ਰਾਹੀਂ ਕੀਤੀ। ਲੋਕਾਂ ਨੇ ਦੀਵਾਲੀ ਵਾਲੇ ਦਿਨ ਦੀਵਾਲੀ ਮਨਾਈ।

ਜਿਨ੍ਹਾਂ ਲੋਕਾਂ ਦਾ ਕਰਫਿਊ ਵਾਲੇ ਦਿਨ ਜਿਹੜਾ ਨੁਕਸਾਨ ਹੋਇਆ ਹੈ ਉਹ ਮੁਖਤਲਿਫ ਹੈ ਲੇਕਿਨ ਮੈਨੂੰ ਦਸਿਆ ਗਿਆ ਹੈ ਕਿ ਲੋਕਾਂ ਦਾ 5 ਦਿਨਾਂ ਦੇ ਕਰਫਿਊ ਦੌਰਾਨ ਇਕ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

ਸਪੀਕਰ ਸਾਹਿਬ, ਮੈਂ ਆਸ ਕਰਾਂਗਾ ਸੀ. ਐਮ. ਸਾਹਿਬ ਕੋਲੋਂ ਕਿ ਲੋਕਾਂ ਵਿਚ ਇਸ ਵਕਤ ਜੋ ਡਰ ਹੈ, ਉਹ ਦੂਰ ਕੀਤਾ ਜਾਵੇ। ਇਕ ਹੋਰ ਵਾਕਿਆ ਜਗਤਪੁਰਾ ਵਿਚ ਹੋਇਆ ਜੋ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਹੈ। ਉਥੇ ਧਾਰਮਿਕ ਜਲੂਸ ਵਿਚ 40, 50 ਜਾਂ 60 ਨੌਜਵਾਨ ਆਰਮਜ਼ ਨਾਲ ਸਨ। ਉਨ੍ਹਾਂ ਨੇ ਲੋਕਾਂ ਉਤੇ ਅਤਿਆਚਾਰ, ਜ਼ਬਰਦਸਤੀ ਅਤੇ ਲੁਟ ਮਾਰ, ਖੋਹ ਦੀਆਂ ਵਾਰ-ਦਾਤਾਂ ਕੀਤੀਆਂ। ਇਸ ਤੋਂ ਇਲਾਵਾ ਉਨ੍ਹਾਂ ਪੁਲਿਸ ਦੇ ਆਦਮੀਆਂ ਨੇ ਘਰ ਘਰ ਜਾ ਕੇ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਵੀ ਕੁਟਿਆ ਅਤੇ ਬੇਇਜ਼ਤੀ ਕੀਤੀ, ਦਰਵਾਜ਼ੇ ਤੋੜੇ ਅਤੇ ਇਸ ਤਰ੍ਹਾਂ ਅਤਿਆਚਾਰ ਕੀਤੇ ਕਿ ਇਹ ਬਹੁਤ ਹੀ ਸ਼ਰਮਨਾਕ ਗੱਲ ਹੈ। ਇਸ ਦੀ ਪਹਿਲਾਂ ਇਤਲਾਹ, ਸਪੀਕਰ ਸਾਹਿਬ, ਜ਼ਿੰਮੇਵਾਰ ਲੋਕਾਂ ਨੇ ਜਿਸ ਤਰ੍ਹਾਂ ਐਕਸ ਮਿਊਂਸਪਲ ਕਮਿਸ਼ਨਰ, ਐਕਸ ਪ੍ਰੈਜ਼ੀਡੈਂਟ ਨੇ ਖੁਦ ਡੀ.ਐਸ.ਪੀ. ਅਤੇ ਐਸ.ਪੀ. ਨੂੰ ਦਿੱਤੀ। ਪੁਲਿਸ ਉਥੇ ਖੜ੍ਹੀ ਤਮਾਸ਼ਾ ਦੇਖੀਦੀ ਰਹੀ। ਉਸ ਅਤਿਆਚਾਰ ਨੂੰ ਸੁਣ ਕੇ ਸਾਡੇ ਰੋਂਗਟੇ ਖੜ੍ਹੇ ਹੋ ਜਾਂਦੇ ਹਨ। ਉਥੇ ਐਸ.ਐਸ.ਪੀ. ਘਟਨਾ ਵਾਲੀ ਥਾਂ ਤੇ 16 ਘੰਟੇ ਬਾਅਦ ਵਿਚ ਆਇਆ। ਉਹ ਅਗਲੇ ਦਿਨ ਉਥੇ ਮੌਕੇ ਉਤੇ ਆਏ। ਸਪੀਕਰ ਸਾਹਿਬ, ਤੁਸੀਂ ਅੰਦਾਜ਼ਾ ਲਗਾਓ ਕਿ ਇਕ ਫਰਲਾਂਗ ਜਾਂ ਡੇਢ ਫਰਲਾਂਗ ਤੇ ਥਾਨਾ ਹੋਵੇ, ਉਥੇ ਅਫਸਰਾਂ ਦੇ ਕੰਨਾਂ ਤੇ ਜੂੰ ਤਕ ਨਾ ਸਿਰਕੇ। ਇਹ ਸਾਰੀ ਚੀਜ਼ ਜਾਣ ਬੁਝ ਕੇ ਐਡਮਨਿਸਟਰੇਸ਼ਨ ਨੇ ਕਰਵਾਈ। ਇਹ ਸਾਰੀ ਗਲਤੀ ਐਡਮਨਿਸਟਰੇਸ਼ਨ ਦੀ ਸੀ। ਇਸ ਚੀਜ਼ ਦੀ ਹਾਈ ਲੈਵਲ ਇਨਕੁਆਇਰੀ ਕਰਵਾਓ ਅੋਰ ਇਨਕੁਆਇਰੀ ਤੋਂ ਬਾਅਦ ਜਿਹੜੇ ਜਿਹੜੇ ਵੀ ਅਫਸਰ ਜ਼ਿੰਮੇਂਵਾਰ ਹੋਣ, ਉਨ੍ਹਾਂ ਨੂੰ ਮੁਨਾਸਿਬ ਸਜ਼ਾ ਦਿੱਤੀ ਜਾਵੇ।

ਸਪੀਕਰ ਸਾਹਿਬ, ਇਕ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਤੀਸਰਾ ਵਾਕਿਆ ਹੋਇਆ ਹੈ। ਟਾਂਡੇ ਵਿਚ ਖੁੱਡਾ ਨੇੜੇ ਜੋ ਕਾਂਡ ਹੋਇਆ ਹੈ, ਸਪੀਕਰ ਸਾਹਿਬ, ਜੋ ਜ਼ੁਲਮ ਉਥੇ ਕੀਤੇ ਗਏ, ਉਹ ਗੈਰ ਇਨਸਾਨੀਅਤ ਵਾਲੇ ਸਨ। ਪਿਛਲਾ ਸਾਰਾ ਰਿਕਾਰਡ ਮਾਤ ਕਰ ਦਿਤਾ। ਉਸ ਵੇਲੇ ਜਦੋਂ ਪਾਰਲੀਮੈਂਟ ਦੀਆਂ ਜੜ੍ਹਾਂ ਹਿਲਾ ਦਿਤੀਆਂ ਤਾਂ ਉਸ ਵੇਲੇ ਸਾਰੇ ਹਿੰਦੁਸਤਾਨ ਵਿਚ ਚਿੰਤਾ ਪੈਦਾ ਹੋ-ਗਈ। ਇਸ ਦਾ ਜ਼ਿਕਰ ਪਹਿਲਾਂ ਵੀ ਬਹੁਤ ਹੋ ਚੁਕਿਆ ਹੈ ਇਸ ਲਈ ਮੈਂ ਇਸ ਦੀ ਤਫਸੀਲ ਵਿਚ ਨਹੀਂ ਜਾਣਾ ਚਾਹੁੰਦਾ। ਇਕ ਗੱਲ ਮੈਂ ਸੀ.ਐਮ. ਸਾਹਿਬ ਨੂੰ ਜ਼ਰੂਰ ਕਹਾਂਗਾ ਕਿ ਹਾਲੇ ਤਕ ਲੋਕਾਂ ਵਿਚ ਸ਼ਿਕਾਇਤ ਹੈ ਕਿ ਪੁਲਿਸ ਉਥੇ ਜਾਣ ਬੁਝ ਕੇ ਦੇਰ ਨਾਲ ਪਹੁੰਚੀ ਹੈ। ਉਨ੍ਹਾਂ ਮੁਜਰਮਾਂ ਅਤੇ ਕਾਤਲਾਂ ਨੂੰ ਪੁਲਿਸ ਨੇ ਪਕੜਨ ਦੀ ਕੋਸ਼ਿਸ਼ ਨਹੀਂ ਕੀਤੀ। ਇਕ, ਸਪੀਕਰ ਸਾਹਿਬ, ਹੋਰ ਵਾਕਿਆ ਹੋਇਆ ਹੈ। ਉਸ ਬਾਰੇ ਮੇਰਾ ਦਿਲ ਨਹੀਂ ਕਰਦਾ ਕਿ ਮੈਂ ਦੱਸਾਂ ਕਿਉਂਕਿ ਉਹ ਬਹੁਤ ਹੀ ਸ਼ਰਮਨਾਕ ਗੱਲ ਸੀ। ਮੈਨੂੰ ਇਸ ਬਾਰੇ ਸਾਰੇ ਲੋਕਾਂ ਨੇ ਕਿਹਾ ਅਤੇ ਇਸ ਲਈ ਮੈਂ ਇਥੇ ਹਾਊਸ ਵਿਚ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਵਾਲਿਆਂ ਨੇ ਕੁਝ ਨਹੀਂ ਕੀਤਾ ਅਤੇ ਉਹ ਤਮਾਸ਼ਬੀਨ ਬਣ ਕੇ ਦੇਖਦੇ ਰਹੇ।

ਸਰਦਾਰ ਦਵਿੰਦਰ ਸਿੰਘ ਗਰਚਾ : ** ** **

**Expunged as ordered by the Chair.

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਗਰਚਾ ਸਾਹਿਬ ਨੇ ਲਾਈਟ ਮੂਡ ਕਰ ਦਿੱਤਾ ਹੈ। (ਹਾਸਾ) ਪੰਡਿਤ ਜੀ, ਤੁਸੀਂ ਬੋਲੋ।

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਬੀ.ਜੇ.ਪੀ. ਵਾਲਿਆਂ ਨੂੰ ਕਹਿਣਾ ਚਾਹੁੰਦਾ ਹਾਂ। ਮੈਨੂੰ ਸਮਝ ਨਹੀਂ ਆਉਂਦੀ ਸ਼ਾਇਦ ਉਹ ਸਮਝਾ ਸਕਣ ਕਿ ਉਨ੍ਹਾਂ ਨੇ ਆਪਣਾ ਫੈਸਲਾ ਹੁਣ ਬਦਲ ਕਿਉਂ ਲਿਤਾ ਹੈ ? ਹੁਣ ਪਹਿਲੀ ਪਾਲਿਸੀ ਛਡਕੇ ਨਵੀਂ ਨੀਤੀ ਕਿਉਂ ਬਣਾ ਲਈ ਹੈ ? ਮੈਂ ਕਮਿਊਨਲ ਹਾਰਮਨੀ ਅਤੇ ਨੈਸ਼ਨਲ ਇੰਟੈਗਰੇਸ਼ਨ ਦੀ ਮੀਟਿੰਗ ਵੀ ਅਟੈਂਡ ਕੀਤੀ ਹੈ। ਬੀ.ਜੇ.ਪੀ. ਦੇ ਜ਼ਿਮੇਵਾਰ ਸਜਣ ਮੀਟਿੰਗ ਵਿਚ ਹਾਜ਼ਰ ਸਨ। ਉਹ ਵੀ ਮੀਟਿੰਗਾਂ ਅਟੈਂਡ ਕਰਦੇ ਰਹੇ ਹਨ। ਪਹਿਲਾ ਉਨ੍ਹਾਂ ਨੇ ਹਿੰਦੂ, ਸਿੱਖ ਏਕਤਾ ਵਾਸਤੇ ਆਖਿਆ ਸੀ। ਨੈਸ਼ਨਲ ਇੰਟੈਗਰੇਸ਼ਨ ਵਾਸਤੇ ਆਖਿਆ ਸੀ। ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਹੁਣ ਕੀ ਗੱਲ ਹੋ ਗਈ ਹੈ ? ਬੀ.ਜੇ.ਪੀ. ਵਾਲਿਆਂ ਨੇ ਆਪਣਾ ਰੁੱਖ ਬਦਲ ਲਿਆ ਹੈ। ਸ਼ਾਇਦ ਇਸ ਕਰਕੇ ਹੀ ਪੰਜਾਬ ਵਿਚ ਕਮਿਊਨਲ ਅਤੇ ਫਿਰਕਾਪ੍ਰਸਤੀ ਵਧੀ ਹੈ। ਇਸ ਨਾਲ ਜੋ ਕਟੜ ਹਿੰਦੂ ਹਨ ਜਾਂ ਕਟੜ ਸਿੱਖ ਹਨ ਉਨ੍ਹਾਂ ਨੂੰ ਤਾਕਤ ਮਿਲੀ ਹੈ। ਉਨ੍ਹਾਂ ਦੇ ਸਿਰ ਉਤਰੇ ਹਨ। ਉਹ ਇਕ ਦੂਜੇ ਦੇ ਖਿਲਾਫ ਹੋ ਰਹੇ ਹਨ। (ਵਿਘਨ)

ਸ੍ਰੀ ਸਪੀਕਰ : ਆਪਾਂ ਆਪਣਾ ਵਕਤ ਪੁਆਇੰਟ ਆਫ ਆਰਡਰ ਤੇ ਖਰਾਬ ਨਾ ਕਰੀਏ। ਚੌਧਰੀ ਰਾਧਾ ਕ੍ਰਿਸ਼ਨ ਜੀ ਆਨ ਏ ਪੁਆਇੰਟ ਆਫ ਆਰਡਰ।

ਸ੍ਰੀ ਰਾਧਾ ਕ੍ਰਿਸ਼ਨ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਆਪਣੇ ਦੋਸਤਾਂ ਨੂੰ ਅੱਛੀ ਗਲ ਆਖੀ ਹੈ। ਇਨ੍ਹਾਂ ਨੂੰ ਆਪਣੀ ਨਵੀਂ ਨੀਤੀ ਤੇ ਦੁਬਾਰਾ ਸੋਚਣਾ ਚਾਹੀਦਾ ਹੈ। ਇਨ੍ਹਾਂ ਨੂੰ, ਸਪੀਕਰ ਸਾਹਿਬ, ਪਹਿਲਾਂ ਵਾਲੀ ਨੀਤੀ ਅਖਤਿਆਰ ਕਰਨੀ ਚਾਹੀਦੀ ਹੈ ਜਿਸ ਨਾਲ ਪੰਜਾਬ ਵਿਚ ਫਿਰਕਾਪ੍ਰਸਤੀ ਦੀ ਅੱਗ ਨਾ ਲੱਗੇ। ਭੜਕਾਉਣ ਦੀ ਬਜਾਏ ਹਿੰਦੂ, ਸਿੱਖ ਏਕਤਾ ਵਾਲੀ ਗੱਲ ਹੋਵੇ। ਅੱਜ ਹਿੰਦੂ ਅਤੇ ਸਿੱਖ ਵਿਚ ਪਾੜ ਪੈਦਾ ਹੋ ਗਿਆ ਹੈ। ਇਸ ਲਈ, ਸਪੀਕਰ ਸਾਹਿਬ, ਸਾਡੇ ਸਾਰਿਆਂ ਦਾ ਫਰਜ਼ ਹੈ ਕਿ ਹਿੰਦੂ, ਸਿੱਖ ਏਕਤਾ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਕੰਮ ਕਰੀਏ। ਮੈਂ ਇਹ ਗੱਲ ਜਾਣਦਾ ਹਾਂ ਕਿ ਇਨ੍ਹਾਂ ਨੂੰ ਸ਼ਹਿ ਮਿਲੀ ਹੈ ਜਿਸ ਕਰਕੇ ਹਿੰਦੂਆਂ ਅਤੇ ਸਿੱਖਾਂ ਵਿਚ ਫਰਕ ਪਿਆ ਹੈ। ਇਨ੍ਹਾਂ ਦੋਨਾਂ ਵਿਚ ਤਰੇੜ ਆਈ ਹੈ। ਮੈਂ ਇਨ੍ਹਾਂ ਨੂੰ , ਸਪੀਕਰ ਸਾਹਿਬ, ਬੇਨਤੀ ਕਰਦਾ ਹਾਂ ਕਿ ਪਹਿਲੀ ਵਾਲੀ ਨੀਤੀ ਤੇ ਤੁਸੀਂ ਦੁਬਾਰਾ ਸੋਚੋ। ਤੁਸੀਂ ਹਿੰਦੂ ਸਿੱਖ ਏਕਤਾ ਵਾਸਤੇ ਅੌਰ ਅਤਿਵਾਦ ਦੇ ਮੁਕਾਬਲੇ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਕੰਮ ਕਰੋ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਪੰਡਿਤ ਮੋਹਨ ਲਾਲ ਜੀ ਮੇਰੇ ਬਜ਼ੁਰਗ ਵੀ ਹਨ ਅਤੇ ਦੋਸਤ ਵੀ ਹਨ ਲੇਕਿਨ ਜਿਸ ਤਰੀਕੇ ਨਾਲ ਅੱਜ ਇਹ ਖੁਲਮਖੁੱਲਾ ਇਲਜ਼ਾਮਤਰਾਸ਼ੀ ਕਰ ਰਹੇ ਹਨ, ਮੈਂ ਸਮਝਦਾ ਹਾਂ ਕਿ ਇਸ ਕੰਮ ਵਿਚ ਜਿੰਨੀ ਕਾਂਗਰਸ ਪਾਰਟੀ ਅੱਗੇ ਹੈ, ਉਨੀ ਕੋਈ ਹੋਰ ਨਹੀਂ। ਮੈਂ ਪੰਡਿਤ ਜੀ ਵਰਗੇ ਬਜ਼ੁਰਗ ਆਦਮੀ ਤੋਂ ਇਹ ਆਸ ਨਹੀਂ ਕਰਦਾ ਸੀ। ਇਨ੍ਹਾਂ ਨੇ ਕਿਹਾ ਸੀ ਕਿ ਬੀ.ਜੇ.ਪੀ. ਸੰਪਰਦਾਇਕਤਾ ਅਤੇ ਕਮਿਊਨਿਲਿਜ਼ਮ ਦਾ ਜ਼ਹਿਰ ਪੰਜਾਬ ਵਿਚ ਘੋਲ ਰਹੀ ਹੈ, ਤਾਂ ਮੈਂ ਇਹ ਕਹਾਂਗਾ ਕਿ ਇਸ ਗੱਲ ਦੀ ਸਭ ਤੋਂ ਵੱਡੀ ਜ਼ਿੰਮੇਵਾਰ ਕਾਂਗਰਸ ਪਾਰਟੀ ਹੈ ਅਤੇ ਉਸ ਦੇ ਹੁਕਮਰਾਨ ਹਨ।

**Expunged as ordered by the Chair.

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਖੁਲ੍ਹ ਕੇ ਭਾਈਆਂ ਨੂੰ ਅਤੇ ਖਾਸ ਤੌਰ ਤੇ ਅਕਾਲੀ ਪਾਰਟੀ ਦੇ ਭਾਈਆਂ ਨੂੰ ਪ੍ਰਾਰਥਨਾ ਕਰਾਂਗਾ ਕਿ ਕੀ ਇਸ ਵਾਸਤੇ ਤੁਹਾਨੂੰ 73 ਨੁਮਾਇੰਦਿਆਂ ਨੂੰ ਇਥੇ ਲੋਕਾਂ ਨੇ ਚੁਣ ਕੇ ਅਕਸਰੀਅਤ ਦਿੱਤੀ ਸੀ ਕਿ ਤੁਸੀਂ ਆਪਸ ਵਿੱਚ ਹੀ ਲੜ ਲੜ ਕੇ ਪੰਜਾਬ ਦਾ ਸਤਿਆਨਾਸ ਕਰੋ ? ਜੋ ਕੁਝ ਲੋਕਾਂ ਨੇ ਸੋਚਿਆ ਸੀ ਕੀ ਉਹ ਇਹ ਸੀ ਕਿ ਤੁਸੀਂ ਹੀ ਪੰਜਾਬ ਵਿੱਚ ਅਮਨ ਅਤੇ ਸ਼ਾਂਤੀ ਕਾਇਮ ਕਰੋਗੇ, ਹਿੰਦੂ-ਸਿੱਖ ਭਾਈਚਾਰੇ ਨੂੰ ਮਜ਼ਬੂਤ ਕਰੋਗੇ ? ਲੇਕਿਨ ਹੋਇਆ ਜੋ ਕੁਝ ਅੱਜ ਹੈ, ਅੱਜ ਮੈਨੂੰ ਇਹ ਗੱਲ ਕਹਿਣ ਵਿੱਚ ਕੋਈ ਝਿਜਕ ਨਹੀਂ ਅਤੇ ਸਾਰੇ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਹੈ, ਉਹ ਸਮਝਦੇ ਹਨ ਕਿ ਜੋ ਕੁਝ ਪੰਜਾਬ ਵਿੱਚ ਹੋਇਆ ਤੇ ਹੋ ਰਿਹਾ ਹੈ, ਇਹ ਅਕਾਲੀ ਦਲ ਦੇ ਦੋ ਧੜੇ ਬਣਨ ਨਾਲ ਹੋਇਆ ਹੈ। ਇਹ ਇਸਦਾ ਕਾਰਨ ਹੈ ਅਤੇ ਇਹ ਮੇਰੀ ਆਪਣੀ ਰਾਏ ਹੈ। ਇਹ ਇਕ ਮੇਨ ਕਾਰਨ ਹੈ। ਮੈਂ ਸਮਝਦਾ ਹਾਂ ਕਿ ਕਾਫੀ ਕੁਝ ਤੁਸੀਂ ਕਰ-ਵਾਇਆ ਹੈ। ਅਗਰ ਬਾਦਲ ਧੜਾ ਜਾਤੀਅਤ ਵਿੱਚ ਨਾ ਪੈਂਦਾ, ਤਾਂ ਸਭ ਕੁਝ ਠੀਕ ਹੋ ਜਾਣਾ ਸੀ। ਅੱਜ ਵੀ ਇਨ੍ਹਾਂ ਦਾ ਇਕ ਨੁਕਾਤੀ ਪ੍ਰੋਗਰਾਮ ਹੈ। (ਸ਼ੋਰ) ਇਹ ਬਾਰ ਬਾਰ ਕਹਿੰਦੇ ਹਨ ਅਤੇ ਇਨ੍ਹਾਂ ਦੇ ਜ਼ਿੰਮੇਵਾਰ ਆਦਮੀਆਂ ਦੇ ਸਟੇਟਮੈਂਟ ਵੀ ਆਏ ਹਨ ਕਿ ਸਰਦਾਰ ਸੁਰਜੀਤ ਸਿੰਘ ਬਰਨਾਲਾ ਜੇ ਅੱਜ ਸੀ. ਐਮ. ਦੀ ਕੁਰਸੀ ਛੱਡ ਜਾਏ ਤਾਂ ਅਸੀਂ ਸਾਰੇ ਇਕੱਠੇ ਹੋਣ ਨੂੰ ਤਿਆਰ ਹਾਂ। 46 ਵਿਚੋਂ ਜਿਸ ਨੂੰ ਮਰਜ਼ੀ ਹੈ, ਸੀ.ਐਮ ਚੁਣ ਲਓ ਲੇਕਿਨ ਬਰਨਾਲਾ ਸਾਹਿਬ ਕੁਰਸੀ ਛੱਡ ਦੇਣ। ਇਹ ਫੇਰ ਕਾਹਦੀ ਲੜਾਈ ਹੈ, ਇਹ ਕੁਰਸੀ ਦੀ ਲੜਾਈ ਹੈ, ਪੁਲੀਟੀਕਲ ਲੜਾਈ ਹੈ, ਹੋਰ ਕੋਈ ਲੜਾਈ ਨਹੀਂ। (ਸ਼ੋਰ) (ਵਿਘਨ)

(ਇਸ ਸਮੇਂ ਅਕਾਲੀ ਦਲ ਦੇ ਕਈ ਮੈਂਬਰ ਸਾਹਿਬਾਨ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

ਸ੍ਰੀ ਸਪੀਕਰ : ਮੈਂਬਰ ਸਾਹਿਬਾਨ ਨੂੰ ਬੇਨਤੀ ਕਰ ਦਿਆਂ, ਇਹ ਬੜੀ ਸੀਰੀਅਸ ਡਿਬੇਟ ਹੋ ਰਹੀ ਹੈ।

ਸਰਦਾਰ ਦਵਿੰਦਰ ਸਿੰਘ ਗਰਚਾ : ਪੁਆਇੰਟ ਆਫ ਆਰਡਰ, ਸਰ।

ਸ੍ਰੀ ਸਪੀਕਰ : ਇਕ ਮਿੰਟ, ਗਰਚਾ ਸਾਹਿਬ। ਇਸ ਡਿਬੇਟ ਦੀ ਸੈਂਕਟਿਟੀ ਨੂੰ ਕਾਇਮ ਰਖਿਆ ਜਾਏ। ਪੁਆਇੰਟ ਆਫ ਆਰਡਰਜ਼ ਬਾਰੇ ਸਾਰੇ ਮੈਂਬਰ ਸਾਹਿਬਾਨ ਨੇ ਰੂਲਜ਼ ਪੜ੍ਹੇ ਹੋਏ ਹਨ। ਇਹ ਰੂਲਜ਼ ਦੀ ਇੰਟਰਪਰਟੇਸ਼ਨ ਵਾਸਤੇ ਹੁੰਦੇ ਹਨ। (ਸ਼ੋਰ)

ਸਰਦਾਰ ਦਵਿੰਦਰ ਸਿੰਘ ਗਰਚਾ : ਸਪੀਕਰ ਸਾਹਿਬ, ਇਹ ਹਾਊਸ ਜ਼ਿੰਮੇਵਾਰ ਹੈ, ਮੈਂ ਫੇਰ ਵੀ ਗੱਲ ਤੁਹਾਡੇ ਨਾਲ ਕਰ ਰਿਹਾ ਹਾਂ। ਕਿਸੇ ਨੂੰ ਕੀ ਹੱਕ ਹੈ ਕਿ ਇਕ ਪਾਰਟੀ ਨੂੰ ਇਸ ਕਿਸਮ ਦੇ ਕ੍ਰਿਟਿਸਿਜ਼ਮ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇ ਜਿਸ ਤਰ੍ਹਾਂ ਕਿ ਪੰਡਿਤ ਜੀ ਨੇ ਕਿਹਾ ਹੈ ? ਉਹ ਮੇਰੇ ਬਜ਼ੁਰਗ ਹਨ। ਕੀ ਸਾਡਾ ਕਾਂਸਟੀਚਿਊਸ਼ਨ ਇਸ ਗੱਲ ਦੀ ਇਜਾਜ਼ਤ ਦਿੰਦਾ ਹੈ ? ਇਹ ਗੱਲਾਂ ਕਹਿਣ ਦਾ ਇਨ੍ਹਾਂ ਨੂੰ ਕੋਈ ਹੱਕ ਨਹੀਂ। ਅਸੀਂ ਜੋ ਕਰਾਂਗੇ, ਉਹ ਕਰਾਂਗੇ, ਬਰਨਾਲਾ ਸਾਹਿਬ ਜਾਨਣ, ਅਸੀਂ ਜਾਣੀਏ। ਅਸੀਂ ਜੋ ਵੀ ਕਰਾਂਗੇ, ਉਹ ਸਾਡੀ ਮਰਜ਼ੀ ਹੋਏਗੀ, ਅਸੀਂ ਕਰਾਂਗੇ।

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਇਹ ਪਾਰਟੀਆਂ ਦੇ ਮੁਤੱਲਕ ਜਿਹੜੀ ਥੋੜ੍ਹੀ ਜਿਹੀ ਗੱਲ ਕਰਦਾ ਪਿਆ ਹਾਂ, ਮੇਰਾ ਮਕਸਦ ਕੀ ਹੈ ?

ਸਰਦਾਰ ਬਲਵਿੰਦਰ ਸਿੰਘ ਭੂੰਦੜ: ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ। ਮੈਂ ਤੁਹਾਡੇ ਰਾਹੀਂ ਇਹ ਗੱਲ ਕਰਨੀ ਚਾਹੁੰਦਾ ਹਾਂ ਕਿ ਇਸ ਹਾਊਸ ਵਿੱਚ ਕਈ ਵਾਰ ਜਿਹੜੇ ਪਹਿਲੀ ਵਾਰੀ ਮੈਂਬਰ ਆਉਂਦੇ ਹਨ, ਉਹ ਐਸੀਆਂ ਗੱਲਾਂ ਕਰ ਜਾਂਦੇ ਹਨ। ਪਰ ਪੰਡਿਤ ਜੀ ਤਾਂ ਬਹੁਤ ਪੁਰਾਣੇ ਹਨ ਪਰ ਇਹ ਵੀ ਸਿੱਧੀ ਇਲਜ਼ਾਮਬਾਜ਼ੀ ਸਾਰੇ ਪੰਜਾਬ ਦੇ ਇਸ ਸਿਸਟਮ ਦੀ ਸਾਡੇ ਤੇ ਲੈ ਗਏ ਹਨ। ਇਹ ਬਹੁਤ ਮਾੜੀ ਗੱਲ ਹੈ। ਇਹ ਰਿਕਾਰਡ ਵਿਚੋਂ ਕੱਢਣੀ ਚਾਹੀਦੀ ਹੈ। ਜੇ ਫੇਰ ਅਸੀਂ ਇਲਜ਼ਾਮ ਲਾਈਏ ਅਤੇ ਫੇਰ ਅਗੋਂ ਤੁਸੀਂ ਲਾਉਗੇ ਤਾਂ ਕੋਈ ਚੰਗੀ ਗੱਲ ਨਹੀਂ ਲੱਗਣੀ। ਪੰਜਾਬ ਦੇ ਲੋਕ ਕਹਿੰਦੇ ਹਨ, ਬਰਨਾਲਾ ਸਾਹਿਬ ਕਹਿੰਦੇ ਹਨ, ਪੰਡਿਤ ਜੀ ਆਪ ਕਹਿੰਦੇ ਹਨ ਅਤੇ ਕਮਿਊਨਿਸਟ ਰੋਜ਼ ਕਹਿੰਦੇ ਹਨ ਅਤੇ ਹਰ ਧੜਾ ਕਹਿੰਦਾ ਹੈ ਕਿ ਪੰਜਾਬ ਅਕਾਰਡ ਲਾਗੂ ਕਰੋ ਪਰ ਇਸ ਨੂੰ ਲਾਗੂ ਨਾ ਕਰਨ ਦੀ ਜ਼ਿੰਮੇਵਾਰੀ ਕਿਸ ਤੇ ਹੈ? ਕੀ ਉਹ ਇਸ ਗੱਲ ਦੇ ਜ਼ਿੰਮੇਵਾਰ ਨਹੀਂ ਹਨ? ਉਹ ਕੀ ਦਿੱਲੀ ਨਹੀਂ ਬੈਠੇ ਹਨ?

ਪੰਡਿਤ ਮੋਹਨ ਲਾਲ: ਮੈਂ ਅਰਜ਼ ਕਰਦਾ ਹਾਂ ਕਿ ਇਹ ਗਲਤ ਸਮਝ ਬੈਠੇ ਹਨ। ਮੈਂ ਕੁਝ ਗੱਲਾਂ ਜੋ ਕਹਿਣੀਆਂ ਚਾਹੁੰਦਾ ਹਾਂ, ਉਹ ਇਸ ਕਰਕੇ ਕਹਿਣੀਆਂ ਚਾਹੁੰਦਾ ਹਾਂ ਕਿ ਜਿਹੜੀ ਤੁਸੀਂ ਇਕ ਨੁਕਾਤੀ ਲੜਾਈ ਆਪਣੀ ਹੀ ਪਾਰਟੀ ਵਿੱਚ ਲੜ ਰਹੇ ਹੋ, ਉਸਨੂੰ ਛੱਡ ਦਿਓ ਕਿਉਂਕਿ ਪੰਜਾਬ ਦੀ ਬੇਹਤਰੀ ਇਸੇ ਵਿੱਚ ਹੀ ਹੈ। ਤੁਸੀਂ ਇਹ ਇਕ ਆਦਮੀ ਨਾਲ ਦੁਸ਼ਮਣੀ ਹੋਣ ਕਰਕੇ ਪੁਲੀਟੀਕਲ ਲੜਾਈ ਨਾ ਬਣਾਓ ਅਤੇ ਪੰਜਾਬ ਦਾ ਸਤਿਆਨਾਸ ਨਾ ਕਰੋ। ਇਹ ਮੈਂ ਇਸ ਖਾਤਰ ਕਹਿੰਦਾ ਹਾਂ ਕਿ ਇਹ ਇਲਜ਼ਾਮ ਤਾਂ ਬਰਨਾਲਾ ਸਾਹਿਬ ਤੇ ਲਗਾਉਂਦੇ ਹਨ ਕਿ ਉਨ੍ਹਾਂ ਨੇ ਮਾੜਿਆਂ ਬੰਦਿਆਂ ਨੂੰ ਹਰਿਮੰਦਰ ਸਾਹਿਬ ਵਿਚੋਂ ਕੱਢਣ ਵਾਸਤੇ ਪੁਲਿਸ ਭੇਜੀ ਸੀ। ਮੈਂ ਇਸ ਬਾਰੇ ਦੱਸਣਾ ਚਾਹੁੰਦਾ ਹਾਂ...............

ਸਰਦਾਰ ਸੁਖਦੇਵ ਸਿੰਘ ਢੀਂਡਸਾ: ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ। ਸਪੀਕਰ ਸਾਹਿਬ, ਪੰਡਿਤ ਜੀ ਬੜੀਆਂ ਅਜੀਬ ਕਿਸਮ ਦੀਆਂ ਗੱਲਾਂ ਕਰਕੇ ਹਾਊਸ ਨੂੰ ਪਰੋਵੋਕ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਤਾਂ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਅਕਾਲੀ ਦਲ [illegible] ਕਰਵਾਇਆ ਕਿਸਨੇ? ਇਹ ਪੰਡਿਤ ਜੀ ਦੀ ਪਾਰਟੀ ਨੇ ਅਤੇ ਹਿੰਦੁਸਤਾਨ ਦੀ ਸਰਕਾਰ ਨੇ ਕਰਵਾਇਆ ਹੈ ਅਤੇ ਦੂਸਰੇ ਪੰਡਿਤ ਜੀ ਜੋ ਗੱਲ ਕਰਦੇ ਹਨ ਕਿ [illegible] ਬਲੂ ਸਟਾਰ ਕਿਸਨੇ ਕਰਵਾਇਆ? ਉਹ ਵੀ ਸੈਂਟਰ ਦੀ ਸਰਕਾਰ ਦੇ ਇਸ਼ਾਰੇ ਤੇ ਕੀਤਾ ਗਿਆ ਅਤੇ ਕੁਰਸੀਆਂ ਦੀ ਖਾਤਰ ਕਰਵਾਇਆ ਗਿਆ, ਉਹੀ ਲੋਕੀ ਅੱਜ ਕੁਰਸੀਆਂ ਸਾਂਭੀ ਬੈਠੇ ਹਨ ਹਰਿਮੰਦਰ ਸਾਹਿਬ ਦੀ ਬੇਇਜ਼ਤੀ ਕਰਕੇ ਇਹ ਅਜ ਕੁਰਸੀਆਂ ਨੂੰ ਚਿਮਟ ਕੇ ਬੈਠੇ ਹਨ, ਇਨ੍ਹਾਂ ਨੂੰ ਕੁਰਸੀਆਂ ਨਾਲ ਪਿਆਰ ਹੈ।

ਪੰਡਿਤ ਮੋਹਨ ਲਾਲ: ਸਪੀਕਰ ਸਾਹਿਬ, ਇਹ ਆਪਣੀ ਸਪੀਚ ਵਿਚ ਜੋ ਮਰਜ਼ੀ ਕਹਿ ਸਕਦੇ ਹਨ ਲੇਕਿਨ ਮੇਰੀ ਸਪੀਚ ਵਿਚ ਕਿਉਂ ਕਹਿੰਦੇ ਹਨ?

(ਇਸ ਵੇਲੇ ਸਰਦਾਰ ਕਰਨੈਲ ਸਿੰਘ ਡੋਡ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

ਸ੍ਰੀ ਸਪੀਕਰ: ਸਰਦਾਰ ਕਰਨੈਲ ਸਿੰਘ ਡੋਡ ਜੀ, ਤੁਸੀਂ ਪੁਆਇੰਟ ਆਫ ਆਰਡਰ [illegible]।

ਸਰਦਾਰ ਕਰਨੈਲ ਸਿੰਘ ਡੋਡ: ਸਪੀਕਰ ਸਾਹਿਬ, ਬੜਾ ਅਫਸੋਸ ਹੈ ਕਿ [illegible]

ਰਿਹਾ। ਪਹਿਲਾਂ ਚੌਧਰੀ ਰਾਧਾ ਕ੍ਰਿਸ਼ਨ ਨੇ, ਫਿਰ ਇਧਰੋਂ ਬੋਲ ਰਹੇ ਹਨ। ਅੱਜ ਇਕ ਬਹੁਤ ਹੀ ਗੰਭੀਰ ਇਸ਼ੂ ਤੇ ਬਹਿਸ ਹੋ ਰਹੀ ਹੈ ਅਤੇ ਸਾਰੀਆਂ ਪਾਰਟੀਆਂ ਨੂੰ ਬੋਲਣ ਦਾ ਮੌਕਾ ਤੁਸੀਂ ਦੇ ਰਹੇ ਹੋ ਤਾ ਹਰੇਕ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਮਿਲ ਜਾਵੇਗਾ। ਸਾਡੇ ਵਿੱਚ ਥੋੜ੍ਹੀ ਜਿਹੀ ਤਾਂ ਟੌਲਰੇਸ਼ਨ ਅਤੇ ਸਹਿਨਸ਼ੀਲਤਾ ਹੋਣੀ ਚਾਹੀਦੀ ਹੈ। (ਥੰਪਿੰਗ)

ਸ੍ਰੀ ਸਪੀਕਰ: ਮੈਂ ਬੇਨਤੀ ਕਰਾਂਗਾ ਫੇਰ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਦੀ ਸੇਵਾ ਵਿੱਚ ਕਿ ਅਸੀਂ ਹਾਊਸ ਦਾ ਡੈਕੋਰਮ ਮੇਨਟੇ ਨ ਕਰੀਏ ਅਤੇ ਸਾਰੇ ਮੈਂਬਰਜ਼ ਨੂੰ ਬੋਲਣ ਦਾ ਹੱਕ ਦੇਈਏ ਅਤੇ ਉਨ੍ਹਾਂ ਦੀ ਗੱਲ ਨੂੰ ਸੁਣੀਏ।

ਵਿੱਤ ਮੰਤਰੀ: ਸਪੀਕਰ ਸਾਹਿਬ, ਜਸਟ ਏ ਮਿੰਟ। ਇਹ ਬਹੁਤ ਇੰਪਾਰਟੈਂਟ ਬਹਿਸ ਹੈ। ਜਿਸ ਤਰ੍ਹਾਂ ਕਿ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਇਕ ਕੰਸਟ੍ਰਕਟਿਵ ਬਹਿਸ ਹੋਵੇ ਜਿਸ ਦਾ ਕੋਈ ਠੋਸ ਹੱਲ ਨਿਕਲੇ। ਬਾਕੀ ਜਿਹੜੀ ਪੁਆਇੰਟ ਆਫ ਆਰਡਰ ਵਾਲੀ ਗੱਲ ਹੈ, ਉਹ ਡਿਊਰਿੰਗ ਦੀ ਪੀਰੀਅਡ ਆਫ ਡਿਸਕਸ਼ਨ ਹਾਊਸ ਦੀ ਸਲਾਹ ਨਾਲ ਬੰਦ ਕੀਤੀ ਜਾ ਸਕਦੀ ਹੈ। ਜੇ ਕਿਸੇ ਸੱਜਣ ਨੇ ਕੋਈ ਖਾਸ ਜਵਾਬ ਦੇਣਾ ਹੈ ਤਾਂ ਹਰ ਸੱਜਣ ਨੂੰ ਆਗਿਆ ਹੈ ਕਿ ਉਹ ਆਪਣੇ ਟਾਈਮ ਤੇ ਜਵਾਬ ਦੇ ਦੇਵੇ। ਸਾਰੀਆਂ ਪਾਰਟੀਆਂ ਦੇ ਮੈਂਬਰਾਂ ਨੇ ਬੋਲਣਾ ਹੈ। ਪੁਆਇੰਟ ਆਫ ਆਰਡਰ ਜਿਹੜਾਂ ਹੈ, ਉਹ ਬੰਦ ਕੀਤਾ ਜਾਵੇ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ: ਹਰ ਇੱਕ ਮੈਂਬਰ ਦਾ ਹੱਕ ਹੈ। ਕਾਂਸਟੀਚਿਊਸ਼ਨਲ ਹੱਕ ਹੈ (ਵਿਘਨ)

ਸ੍ਰੀ ਸਪੀਕਰ: ਹੱਕ ਅਸੀਂ ਖੋਹ ਨਹੀਂ ਰਹੇ। ਪਰ ਇਸ ਦੀ ਵਰਤੋਂ ਠੀਕ ਤਰ੍ਹਾਂ ਨਾਲ ਹੋਣੀ ਚਾਹੀਦੀ ਹੈ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ: ਅਗਰ ਕੋਈ ਮੈਂਬਰ ਗਲਤ ਬਿਆਨੀ ਕਰਦਾ ਹੈ ਕਿਸੇ ਤੇ ਗਲਤ ਤੋਹਮਤ ਲਗਾਉਂਦਾ ਹੈ, ਆਪਣੀ ਸਪੀਚ ਨੂੰ ਗਲਤ ਢੰਗ ਨਾਲ ਪੇਸ਼ ਕਰਕੇ ਹਾਊਸ ਨੂੰ ਗੁਮਰਾਹ ਕਰਦਾ ਹੈ ਤਾਂ ਪੁਆਇੰਟ ਆਫ ਆਰਡਰ ਉਠਾਇਆ ਜਾਂਦਾ ਹੈ। (ਵਿਘਨ)

ਸ੍ਰੀ ਸਪੀਕਰ: ਪੰਡਿਤ ਜੀ, ਤੁਸੀਂ ਆਪਣੀ ਸਪੀਚ ਸ਼ੁਰੂ ਕਰੋ।

ਪੰਡਿਤ ਮੋਹਨ ਲਾਲ: ਇੱਕ ਗੱਲ ਮੈਂ ਅਫਸੋਸ ਨਾਲ ਕਹਿ ਸਕਦਾ ਹਾਂ ਕਿ ਜਿਹੜੀ ਗਲ ਮੈਂ ਕਹਿੰਦਾ ਹਾਂ ਉਹ ਸੌ ਫੀ ਸਦੀ ਠੀਕ ਹੋਏਗੀ। ਅਗਰ ਕੋਈ ਗੱਲ ਗਲਤ ਹੋਵੇ ਤਾਂ ਉਸ ਲਈ ਮੈਂ ਜ਼ਿਮੇਵਾਰ ਹਾਂ। ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ 16 ਫਰਵਰੀ, 1986 ਨੂੰ ਜਿਹੜੀ ਸਰਬਤ ਖਾਲਸਾ ਦੀ ਮੀਟਿੰਗ ਆਨੰਦਪੁਰ ਸਾਹਿਬ ਵਿਖੇ ਹੋਈ ਸੀ, ਜਿਸ ਵਿਚ ਸਾਰੀਆਂ ਪਾਰਟੀਆਂ, ਸਾਰੇ ਅਕਾਲੀ ਦਲ ਦੇ ਲੀਡਰਜ਼ ਇਕੱਠੇ ਹੋਏ ਸਨ, ਉਨ੍ਹਾਂ ਨੇ ਕੀ ਫੈਸਲਾ ਕੀਤਾ ਸੀ ? ਉਨ੍ਹਾਂ ਨੇ ਹੁਕਮ ਦਿੱਤਾ ਸੀ, ਹਦਾਇਤਾਂ ਦਿੱਤੀਆਂ ਸਨ ਬਰਨਾਲਾ ਸਾਹਿਬ ਨੂੰ ਕਿ ਜਿਹੜਾ ਦਰਬਾਰ ਸਹਿਬ ਵਿਚ ਮਾੜਾ ਅਨਸਰ ਹੈ ਉਸ ਨੂੰ ਉਥੋਂ ਕਢਵਾਓ। ਮੈਂ ਇਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ 29 ਅਪ੍ਰੈਲ ਨੂੰ ਜਿਹੜਾ ਨਾਮ ਨਿਹਾਦ ਪੰਜ ਮੈਂਬਰੀ ਕਮੇਟੀ ਬਣੀ ਹੋਈ ਹੈ ਉਨ੍ਹਾਂ ਨੇ ਦਰਬਾਰ ਸਾਹਿਬ ਵਿਚ ਬੈਠ ਕੇ ਖਾਲਿਸਤਾਨ ਦਾ ਐਲਾਨ ਕੀਤਾ ਅਤੇ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਉਸ ਬਾਰੇ ਬਰਨਾਲਾ ਸਾਹਿਬ ਕੋਈ ਨੋਟਿਸ ਨਾ ਲੈਣ (ਵਿਘਨ)

[ਪੰਡਿਤ ਮੋਹਨ ਲਾਲ]

29 ਤਾਰੀਖ ਤੋਂ ਬਾਅਦ 30 ਤਾਰੀਖ ਨੂੰ ਪੁਲਿਸ ਨੂੰ ਉਨ੍ਹਾਂ ਨੇ ਉਥੇ ਭੇਜਿਆ। ਜਿੰਨੇ ਵੀ ਸਿੰਘ ਸਾਹਿਬਾਨ ਹਨ, ਜਥੇਦਾਰ ਕਿਰਪਾਲ ਸਿੰਘ, ਗਿਆਨੀ ਸਾਹਿਬ ਸਿੰਘ, ਗਿਆਨੀ ਪ੍ਰੀਤਮ ਸਿੰਘ, ਮਹਾਲੋਂ ਸਾਹਿਬ, ਬਾਬਾ ਅਜੀਤ ਸਿੰਘ ਜੋ ਤਰੁਨਾ ਦਲ ਦੇ ਲੀਡਰ ਹਨ, ਇਨ੍ਹਾਂ ਸਾਰਿਆਂ ਨੇ ਇਸ ਐਕਸ਼ਨ ਨੂੰ ਠੀਕ ਕਿਹਾ। 1 ਮਈ,1986 ਨੂੰ ਇਸ ਬਾਰੇ ਅਕਾਲੀ ਦਲ ਨੇ ਮਨਜ਼ੂਰੀ ਦਿੱਤੀ ਸੀ। ਇਸ ਤੋਂ ਬਾਅਦ ਸਾਰੇ ਹਿੰਦੁਸਤਾਨ ਨੇ ਇਸ ਕੰਮ ਦੀ ਸ਼ਲਾਘਾ ਕੀਤੀ। ਕੀ ਅਸੀਂ ਚਾਹੁੰਦੇ ਹਾਂ ਕਿ ਸਾਡੇ ਮੰਦਰ, ਸਾਡੇ ਗੁਰਦਵਾਰੇ ਇਹੋ ਜਿਹੇ ਲੋਕਾਂ ਤੋਂ ਦੂਰ ਨਾ ਰਹਿਣ? ਚੀਫ਼ ਮਨਿਸਟਰ ਸਾਹਿਬ ਨੇ ਅਕਾਲੀ ਦਲ ਦੇ ਹੁਕਮ ਮੰਨ ਕੇ ਇਨ੍ਹਾਂ ਦਾ ਉਥੋਂ ਸਫਾਇਆ ਕੀਤਾ ਔਰ ਆਪਣਾ ਫਰਜ਼ ਅਦਾ ਕੀਤਾ। ਪਰ ਇਹ ਇਨ੍ਹਾਂ ਨੂੰ ਮੁਜਰਮ ਮੰਨਦੇ ਹਨ। ਮੈਂ ਅਰਜ਼ ਕਰਦਾ ਹਾਂ ਕਿ ਇਹ ਬਹੁਤ ਸੈਲਫਿਸ਼ਨੈਸ ਔਰ ਖੁਦ-ਗਰਜ਼ੀ ਵਿਚ ਆ ਗਏ ਹਨ। ਇਹ ਕਹਿੰਦੇ ਹਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਾਲੇ ਕਿ ਅਸੀਂ ਉਥੋਂ ਦਾ ਇੰਤਜ਼ਾਮ ਆਪ ਕਰਾਂਗੇ। ਟੌਹਰਾ ਸਾਹਿਬ ਦੇ ਚੁਣੇ ਜਾਣ ਤੇ ਦੇਖਿਆ ਇਨ੍ਹਾਂ ਨੇ ਕੀ ਕੀਤਾ। ਇਨ੍ਹਾਂ ਨੇ ਉਥੋਂ ਟਾਸਕ ਫੋਰਸ ਜੋ ਬਣੀ ਹੋਈ ਸੀ ਉਸ ਨੂੰ ਉਥੋਂ ਬਾਹਰ ਜਾਣ ਲਈ ਕਹਿ ਦਿੱਤਾ। ਮੈਂ ਅਰਜ਼ ਕਰਦਾ ਹਾਂ ਕਿ ਟੌਹਰਾ ਸਾਹਿਬ ਦੀ ਅਮਲਦਾਰੀ ਵਿਚ ਦਰਬਾਰ ਸਾਹਿਬ ਵਿਚ ਇਹੋ ਜਿਹੇ ਕੰਮ ਹੋਏ। (ਵਿਘਨ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਪੰਡਿਤ ਮੋਹਨ ਲਾਲ : ਮੈਂ ਕਹਿੰਦਾ ਹਾਂ ਕਿ ਕੁਰਸੀ ਦੀ ਲੜਾਈ ਛੱਡਣੀ ਚਾਹੀਦੀ ਹੈ। ਕੁਰਸੀ ਦੀ ਲੜਾਈ ਵਾਸਤੇ ਵਖਰੇ ਹੋ ਗਏ (ਵਿਘਨ)

ਸ੍ਰੀ ਸਪੀਕਰ : ਤੁਸੀਂ ਚੇਅਰ ਨੂੰ ਐਡਰੈਸ ਕਰੋ।

ਪੰਡਿਤ ਮੋਹਨ ਲਾਲ : ਪੰਜਾਬ ਨੂੰ ਬਚਾਉਣਾ ਚਾਹੀਦਾ ਹੈ। ਹੁਣ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਇੱਕ ਦੋ ਗੱਲਾਂ ਕਹਿਣੀਆਂ ਚਾਹੁੰਦਾ ਹਾਂ। ਇਨ੍ਹਾਂ ਨੂੰ ਮੈਂ ਇਹ ਅਰਜ਼ ਕਰਨੀ ਚਾਹਾਂਗਾ ਕਿ ਤੁਹਾਡੀ ਪੁਲਿਸ ਵਿਚ ਬਹੁਤ ਸਾਰਾ ਮਾੜਾ ਅਨਸਰ ਹੈ। ਇਸ ਤੇ ਲੋਕਾਂ ਨੂੰ ਇਤਰਾਜ਼ ਹੈ ਔਰ ਇਹ ਹਕੀਕਤ ਹੈ। ਇਸ ਲਈ ਕ੍ਰਿਪਾ ਕਰਕੇ ਇਸ ਦੀ ਸਕਰੀਨਿੰਗ ਕਰਾਓ। ਇਕ ਗੱਲ ਹੋਰ ਆਖਾਂਗਾ ਕਿ ਤੁਹਾਡੀ ਜਿਹੜੀ ਪਾਰਟੀ ਹੈ ਉਸ ਦੇ ਮੈਂਬਰ ਸਾਹਿਬਾਨ ਨੂੰ ਔਰ ਤੁਹਾਡੇ ਆਪਣੇ ਮਨਿਸਟਰ ਸਾਹਿਬਾਨ ਇਨ੍ਹਾਂ ਨੂੰ ਵੀ ਕਹੋ ਕਿ ਕੋਈ ਇਹੋ ਜਿਹਾ ਕੰਮ ਨਾ ਕਰਨ ਜਿਸ ਤੋਂ ਲੋਕਾਂ ਨੂੰ ਇਤਰਾਜ਼ ਹੋਵੇ। ਜਿਸ ਤਰ੍ਹਾਂ ਕਿ ਤੁਸੀਂ ਇਕ ਬੈਂਸ ਕਮਿਸ਼ਨ ਬਣਾਇਆ, ਉਸ ਦਾ ਨਤੀਜਾ ਦੇਖ ਲਿਆ ਹੋਣਾ ਹੈ। ਜਿਹੜੇ ਨੌਜਵਾਨ ਉਨ੍ਹਾਂ ਨੇ ਰਿਹਾ ਕੀਤੇ ਸਨ ਉਨ੍ਹਾਂ ਵਿਚੋਂ ਕਈ ਅੱਜ ਸਿੱਧੇ ਜੁਰਮਾਂ ਵਿਚ ਇਨਵਾਲਵਡ ਹਨ। ਕਮਿਸ਼ਨ ਨੂੰ ਸੋਚ ਸਮਝ ਕੇ ਬਣਾਉਣਾ ਚਾਹੀਦਾ ਹੈ। ਸਰਵਿਸਿਜ਼ ਦੀ ਰਿਕਰੂਟਮੈਂਟ ਵਿਚ ਫਿਰਕਾਦਾਰੀ, ਕਮਿਊਨਿਲਿਜ਼ਮ ਨਹੀਂ ਲਿਆਉਣਾ ਚਾਹੀਦਾ। ਇਸ ਉਤੇ ਬਹੁਤ ਤਸ਼ਵੀਸ ਹੈ। ਮੈਂ ਅਪੀਲ ਕਰਾਂਗਾ ਕਿ ਪੰਜਾਬ ਦੇ ਹਾਲਾਤ ਮਾੜੇ ਹਨ। ਅਸੀਂ ਸਭ ਆਪਣੇ ਨਿਜੀ, ਆਪਣੇ ਪੁਲੀਟੀਕਲ ਸਵਾਰਥਾਂ ਨੂੰ ਭੁਲ ਕੇ ਇਕੱਠੇ ਹੋ ਕੇ ਪੰਜਾਬ ਵਿਚ ਜਿਹੜਾ ਹਿੰਦੂ-ਸਿੱਖ ਦਾ ਫਰਕ ਪਾਇਆ ਗਿਆ ਹੈ ਉਸ ਨੂੰ ਦੂਰ ਕਰਨਾ ਚਾਹੀਦਾ ਹੈ। ਇਥੇ ਹਿੰਦੂ-ਸਿੱਖ ਏਕਤਾ ਲਿਆਉਣ ਨਾਲ ਹੀ ਪੰਜਾਬ ਦਾ ਕੁਝ ਬਣ ਸਕਦਾ ਹੈ। (ਥੰਪਿੰਗ)

**Expunged as ordered by the Chair.

ਕੈਪਟਨ ਅਮਰਿੰਦਰ ਸਿੰਘ (ਤਲਵੰਡੀ ਸਾਬੋ) : ਸਪੀਕਰ ਸਾਹਿਬ, ਅਸੀਂ ਇੱਕ ਇਹੋ ਜਿਹੇ ਇਸ ਪੰਜਾਬ ਦੇ ਇਤਿਹਾਸ ਵਿਚੋਂ ਗੰਭੀਰ ਸਮੇਂ ਵਿਚੋਂ ਦੀ ਲੰਘ ਰਹੇ ਹਾਂ ਔਰ ਅਜ ਇਥੇ ਇਲਜ਼ਾਮ ਲਗਾਏ ਜਾਂਦੇ ਹਨ ਕਿ ਇਨ੍ਹਾਂ ਦੀ ਪਾਰਟੀ ਵਲੋਂ ਕੀਤਾ ਜਾ ਰਿਹਾ ਹੈ ਔਰ ਜਦੋਂ ਇਹ ਬੋਲਣਗੇ ਤਾਂ ਇਨ੍ਹਾਂ ਨੇ ਵੀ ਇਹ ਗੱਲ ਕਹਿਣੀ ਹੈ ਕਿ ਇਹ ਜਿਹੜਾ ਸਾਡਾ ਦਲ ਹੈ ਇਹੀ ਸਾਰਾ ਕੁਝ ਪੰਜਾਬ ਵਿਚ ਕਰਦਾ ਰਿਹਾ ਹੈ। ਇਹ ਕੋਈ ਨਵੀਂ ਗਲ ਨਹੀਂ ਹੈ ਕਿ ਜਦੋਂ 30 ਅਪ੍ਰੈਲ ਨੂੰ ਅਸੀਂ ਆਪਣੀ ਪਾਰਟੀ ਬਣਾਈ ਉਦੋਂ ਤੋਂ ਹੀ ਇਹ ਇਲਜ਼ਾਮ ਸਾਡੇ ਤੇ ਲਗਾਉਂਦੇ ਰਹੇ ਹਨ। ਇਹ ਇਲਜ਼ਾਮ ਉਦੋਂ ਲਗਾਏ ਜਾਂਦੇ ਹਨ ਜਦੋਂ ਵਿਗੜਦੇ ਹਾਲਾਤ ਦਾ ਸਾਹਮਣਾ ਕਰਨ ਵਾਸਤੇ ਤੁਹਾਡੇ ਕੋਲ ਕੋਈ ਹੋਰ ਚਾਰਾ ਨਹੀਂ, ਹਾਲਾਤ ਵਿਗੜ ਰਹੇ ਹਨ। ਕਤਲ ਹੋ ਰਹੇ ਹਨ ਤਸ਼ਦਦ ਸਿਕਿਉਰਿਟੀ ਫੋਰਸਿਜ਼ ਵਲੋਂ ਵਧ ਰਹੇ ਹਨ, ਮਾਸੂਮ ਮਾਰਿਆ ਜਾ ਰਿਹਾ ਹੈ। ਇਸ ਦੀ ਕਿਸੇ ਨੂੰ ਪਰਵਾਹ ਨਹੀਂ ਜੋ ਕੁਝ ਅੱਜ ਪੰਜਾਬ ਵਿਚ ਹੋ ਰਿਹਾ ਹੈ। ਮੈਂ ਕਹਿਣਾ ਚਾਹੁੰਦਾ ਤਾਂ ਕਿ ਸਾਡੇ ਤੇ ਕੁਰਸੀ ਲੈਣ ਬਾਰੇ ਇਲਜ਼ਾਮ ਲਗਾਇਆ ਗਿਆ ਹੈ। ਪਰ ਅਸੀਂ ਅਖਬਾਰਾਂ ਰਾਹੀਂ, ਆਪਣੀਆਂ ਤਕਰੀਰਾਂ ਰਾਹੀਂ ਕਹਿੰਦੇ ਆਏ ਹਾਂ ਕਿ ਅਸੀਂ ਇੱਕ ਅਸੂਲ ਦੀ ਲੜਾਈ ਲੜਨਾ ਚਾਹੁੰਦੇ ਹਾਂ। ਅਸੀਂ ਇਹ ਗੱਲ ਨਹੀਂ ਮੰਨਾਂਗੇ ਕਿ ਸਾਡੇ ਮੁੱਖ ਮੰਤਰੀ ਜੋ ਅਕਾਲੀ ਦਲ ਦੇ ਮੁੱਖ ਮੰਤਰੀ ਹਨ ਉਹ ਦਰਬਾਰ ਸਾਹਿਬ ਦੀ ਬੇਅਦਬੀ ਕਰਨ (ਸ਼ੇਮ, ਸ਼ੇਮ) ਅਸੀਂ ਇਹ ਗੱਲ ਕਹੀ ਹੈ। 1956 ਵਿਚ ਜਦੋਂ ਭੀਮ ਸੈਨ ਸੱਚਰ ਮੁੱਖ ਮੰਤਰੀ ਸਨ, ਇਹ ਗੱਲ ਉਦੋਂ ਹੋਈ ਸੀ, ਉਦੋਂ ਝਗੜਾ ਪਿਆ ਸੀ, ਪਰ ਉਨ੍ਹਾਂ ਨੇ ਉਥੇ ਜਾਕੇ ਮੁਆਫੀ ਮੰਗੀ ਸੀ। ਜਦੋਂ ਇਹ ਗੱਲ 30 ਅਪ੍ਰੈਲ ਨੂੰ ਹੋਈ ਮੈਂ ਕੈਬਨਿਟ ਵਿਚ ਸੀ। ਉਦੋਂ ਇਸ ਤੇ ਬਹਿਸ ਹੋਈ। ਅਸੀਂ ਇਹ ਗੱਲ ਜਾਣਨਾ ਚਾਹੁੰਦੇ ਸੀ ਕਿ ਇਹ ਜਿਹੜੇ ਉਥੇ ਲੋਕ ਬੈਠੇ ਹਨ, ਜਿਹੜਾ ਐਲਾਨ ਹੋਇਆ, ਉਹ ਉਥੇ ਹਨ ਜਾਂ ਨਹੀਂ। ਉਨ੍ਹਾਂ ਨੇ ਸ਼ਾਮ ਨੂੰ 3.00 ਵਜੇ ਐਲਾਨ ਕੀਤਾ ਸੀ। ਉਹ ਐਲਾਨ ਕਰਕੇ ਕਪੜੇ ਬਦਲ ਕੇ ਬਾਹਰ ਚਲੇ ਗਏ ਹਨ। ਇਹੋ ਜਿਹੇ ਬੰਦੇ ਜਿਨ੍ਹਾਂ ਨੂੰ ਪਕੜਨਾ ਚਾਹੁੰਦੇ ਹੋ ਉਨ੍ਹਾਂ ਕੋਲ ਕੋਈ ਹਥਿਆਰ ਨਹੀਂ। ਫਿਰ ਅਸੀਂ ਕਿਹਾ ਕਿ ਐਕਸ਼ਨ ਕਿਉਂ ਲਿਆ ? ਐਕਸ਼ਨ ਇਸ ਲਈ ਕੀਤਾ ਕਿਉਂਕਿ ਇਹ ਦਿੱਲੀ ਵਿਚ ਕਹਿ ਕੇ ਆਏ ਸਨ ਡਿਵਾਈਡ ਐਂਡ ਰੂਲ ਦੀ ਪਾਲਿਸੀ ਉਹ ਸ਼ੁਰੂ ਤੋਂ ਕਰਦੇ ਆਏ ਹਨ। ਇਹ ਚਾਹੁੰਦੇ ਹਨ ਕਿ ਦੋਫਾੜ ਹੋਣ ਅਤੇ ਪੰਜਾਬ ਦੀ ਕਿਸੇ ਨਾ ਕਿਸੇ ਤਰ੍ਹਾਂ ਹਕੂਮਤ ਇਨ੍ਹਾਂ ਨੂੰ ਮਿਲ ਜਾਵੇ। ਇਹ ਹਕੂਮਤ ਕਰਨਾ ਚਾਹੁੰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਮਸਲਾ ਹੈ ਉਸ ਨੂੰ ਠੀਕ ਢੰਗ ਨਾਲ ਲੈਣਾ ਚਾਹੀਦਾ ਹੈ। ਫਿਰ ਕਹਿੰਦੇ ਹਨ ਕਿ ਸਿਕਿਉਰਿਟੀ ਫੋਰਸਿਜ਼ ਹੋਰ ਵਧਾ ਦਿਓ। ਹੋਮ ਮਨਿਸਟਰ ਨੇ ਬਿਆਨ ਦਿਤਾ ਕਿ ਬੀ.ਐਸ.ਐਫ. ਅਤੇ ਸੀ.ਆਰ.ਪੀ.ਐਫ. ਹੋਰ ਪੰਜਾਬ ਵਿਚ ਪਹੁੰਚ ਗਈ ਹੈ। ਹੋਰ ਵੀ ਭੇਜ ਰਹੇ ਹਨ, ਪਤਾ ਨਹੀਂ ਕਿੰਨੀ ਕੁ ਭੇਜ ਰਹੇ ਹਨ। ਇਸ ਤਰ੍ਹਾਂ ਤਸ਼ੱਦਦ ਕਰਨ ਨਾਲ ਮਸਲਾ ਹੱਲ ਨਹੀਂ ਹੁੰਦਾ। ਇਹ ਤਸ਼ੱਦਦ ਨਾਲ ਦਬਾਅ ਨਹੀਂ ਸਕਦੇ। ਟੈਰੋਰਿਜ਼ਮ ਕੀ ਹੈ ? ਸਪੀਕਰ ਸਾਹਿਬ, ਮੈਂ ਟੈਰੋਰਿਜ਼ਮ ਦੀ ਡੈਫੀਨੀਸ਼ਨ ਪੜ੍ਹਕੇ ਸੁਣਾਉਂਦਾ ਹਾਂ। In the Universal English Dictionery, Terrorism has been defined as—

"Method of Government by inspiring terror by acts of brutality and savagery."

ਟੈਰੋਰਿਜ਼ਮ ਦੇ ਬਾਰੇ ਇਕ ਹੋਰ ਫਿਲਾਸਫਰ , ਵਿਦਵਾਨ ਨੇ ਲਿਖਿਆ ਹੈ। ਉਨ੍ਹਾਂ ਨੇ ਕਿਹਾ ਹੈ :— Terrorism. "Problems of the Polistaraxil by Lawrence Zelic Freedman"

"Terrorism is defined as the use of violence when its most important result is not the physical and mental damage of the direct victins but the psychological effect produced on someone else."

[ਕੈਪਟਨ ਅਮਰਿੰਦਰ ਸਿੰਘ]

ਤਸ਼ੱਦਦ ਨਾਲ ਇਸ ਕੌਮ ਨੂੰ ਦਬਾਇਆ ਨਹੀਂ ਜਾ ਸਕਦਾ। ਉਨ੍ਹਾਂ ਦੀ ਗੱਲ ਸਮਝਣੀ ਪਵੇਗੀ। ਜੇ ਇਹ ਸੋਚਿਆ ਜਾਵੇ ਕਿ ਇਸ ਮੂਵਮੈਂਟ ਨੂੰ ਇਸ ਤਰ੍ਹਾਂ ਕਿੱਲ ਕਰ ਦਿਆਂਗੇ ਤਾਂ ਇਸ ਤਰ੍ਹਾਂ ਇਹ ਕਿੱਲ ਨਹੀਂ ਹੋਣੀ। ਕੋਈ ਐਕਸ਼ਨ ਲੈਣਾ ਹੁੰਦਾ ਹੈ ਤਾਂ ਪਹਿਲਾਂ ਉਸ ਬਾਰੇ ਪ੍ਰੋਗਰਾਮ ਬਣਾਇਆ ਜਾਂਦਾ ਹੈ ਕਿ ਕੀ ਐਕਸ਼ਨ ਲੈਣਾ ਹੈ। ਫਿਰ ਲੋਕਾਂ ਦੀ ਆਵਾਜ਼ ਨੂੰ ਵੀ ਸਮਝਣਾ ਪੈਂਦਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਤਿਹਾਸ ਵਿਚ ਵਾਕਿਆ ਹੈ ਕਿ ਪਹਿਲਾਂ ਇਕ ਟਾਸਕ ਫੋਰਸ ਬਣੀ ਸੀ। ਉਸ ਟਾਸਕ ਫੋਰਸ ਨੇ ਟਾਰਗੇਟ ਲਗਾਇਆ। ਜਰਮਨ ਦੀ ਮੈਂ ਗੱਲ ਦੱਸਦਾ ਹਾਂ। ਇਕ ਅਫਸਰ ਦੀ ਡਿਊਟੀ ਸੀ ਕਿ ਤੂੰ ਸਭ ਕੁਝ ਪਤਾ ਕਰ। ਡਿਊਟੀ ਲੱਗੀ ਕਿ ਉਸ ਦੀ ਹਰ ਚੀਜ਼ ਦਾ ਪਤਾ ਕਰੋ। ਉਸ ਦੇ ਬੱਚਿਆਂ ਤੋਂ ਲੈ ਕੇ ਉਸ ਦੀ ਐਜੂਕੇਸ਼ਨ ਬਾਰੇ ਉਸ ਦਾ ਸਭ ਕੁਝ ਪਤਾ ਕਰਨਾ ਸੀ। ਉਸ ਦੇ ਕੰਮ ਕਰਨ ਦਾ ਢੰਗ ਆਦਿ ਸਭ ਕੁਝ ਪਤਾ ਕਰਨਾ ਸੀ। ਇਹ ਸਾਰਾ ਕੁਝ ਪਤਾ ਲਾਕੇ ਫਿਰ ਐਕਸ਼ਨ ਲੈਣ ਦਾ ਜਿਸ ਵੇਲੇ ਮੌਕਾ ਆਉਂਦਾ ਤਾਂ ਉਹ ਐਕਸ਼ਨ ਲੈਂਦੇ। ਪਰ ਸਾਡੇ ਇਥੇ ਇਹ ਹੋਰ ਪਾਸੇ ਨੂੰ ਜਾ ਰਹੇ ਹਨ। ਇਥੇ ਇਹ ਟਾਸਕ ਫੋਰਸ ਬਣਾਈ ਜਾਂਦੇ ਹਨ ਪਰ ਉਸ ਦਾ ਕੰਮ ਕੁਝ ਹੋਰ ਹੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ 1981 ਤੋਂ ਪੰਜਾਬ ਵਿਚ ਮੂਵਮੈਂਟ ਚਲ ਰਹੀ ਹੈ। ਪਤਾ ਨਹੀਂ ਲੋਕਾਂ ਤੇ ਇਸ ਦਾ ਕੀ ਕੁਝ ਅਸਰ ਪਿਆ। ਇਹ ਇਸ ਦੀ ਗਹਿਰਾਈ ਵਿਚ ਨਹੀਂ ਜਾਂਦੇ। ਕਿਸੇ ਨੇ ਸੋਚਿਆ ਨਹੀਂ ਕਿ ਇਸ ਮਸਲੇ ਨੂੰ ਕਿਸ ਤਰ੍ਹਾਂ ਹੱਲ ਕੀਤਾ ਜਾ ਸਕਦਾ ਹੈ। ਇਹ ਤਾਂ ਸਿਰਫ ਇਸ ਮੂਵਮੈਂਟ ਨੂੰ ਕੁਚਲਣਾ ਚਾਹੁੰਦੇ ਹਨ। ਇਸ ਦੀ ਗਹਿਰਾਈ ਨੂੰ ਕਿਸੇ ਨੇ ਸੋਚਿਆ ਨਹੀਂ। ਇਹ ਤਾਂ ਸਿਰਫ ਇਸ ਮੂਵਮੈਂਟ ਨੂੰ ਖਤਮ ਕਰਨਾ ਚਾਹੁੰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਟੈਰੋਰਿਜ਼ਮ ਦਾ ਮਸਲਾ ਪਿਆਰ ਨਾਲ ਹੱਲ ਕੀਤਾ ਜਾ ਸਕਦਾ ਹੈ। ਇਸ ਸਿੱਖ ਕੌਮ ਨੇ ਤਸ਼ੱਦਦ ਵਿਚ ਜਨਮ ਲਿਆ। ਜਦ ਇਥੇ ਸਾਡੇ ਦੇਸ਼ ਤੇ ਅੰਗਰੇਜ਼ਾਂ ਦਾ ਰਾਜ ਸੀ, ਇਥੇ ਮੁਗਲਾਂ ਦਾ ਰਾਜ ਸੀ, ਉਹ ਨਾ ਇਸ ਕੌਮ ਨੂੰ ਖਤਮ ਕਰ ਸਕੇ। ਇਹ ਕੌਮ 300 ਸਾਲਾਂ ਤੋਂ ਤਸ਼ੱਦਦ ਸਹਿ ਰਹੀ ਹੈ, ਜਿਹੜੀ ਐਨੇ ਸਾਲਾਂ ਤੋਂ ਤਸ਼ੱਦਦ ਸਹਿ ਰਹੀ ਹੈ ਉਸ ਨੂੰ ਕਿਸ ਤਰ੍ਹਾਂ ਇਕ ਮੂਵਮੈਂਟ ਵਿਚ ਖਤਮ ਕਰ ਦੇਣਗੇ ? ਮੈਂ ਹੈਰਾਨ ਹਾਂ ਕਿ 1981 ਤੋਂ ਲੈ ਕੇ 6 ਸਾਲ ਹੋ ਗਏ ਹਨ ਪੰਜਾਬ ਸਰਕਾਰ ਨੇ, ਸੈਂਟਰ ਦੀ ਸਰਕਾਰ ਨੇ, ਹੋਮ ਮਨਿਸਟਰੀ ਨੇ ਕਦੇ ਨਹੀਂ ਸੋਚਿਆ ਕਿ ਜੇ ਤਸ਼ੱਦਦ ਨਾਲ ਇਹ ਮਸਲਾ ਹੱਲ ਨਹੀਂ ਹੁੰਦਾ, ਤਸ਼ੱਦਦ ਨਾਲ ਇਸ ਤੇ ਕਾਬੂ ਨਹੀਂ ਪਾਇਆ ਜਾ ਸਕਦਾ ਤਾਂ ਕੋਈ ਹੋਰ ਰਸਤਾ ਅਖਤਿਆਰ ਕੀਤਾ ਜਾਵੇ। ਉਨ੍ਹਾਂ ਨਾਲ ਪਿਆਰ ਨਾਲ ਇਹ ਮਸਲਾ ਹੱਲ ਕੀਤਾ ਜਾ ਸਕਦਾ ਹੈ। ਤੁਸੀਂ ਮੀਜ਼ੋਰਾਮ ਦਾ ਮਸਲਾ ਹੱਲ ਕੀਤਾ। ਲਾਲਡੇਂਗਾ ਨੂੰ ਤੁਸੀਂ 20 ਸਾਲ ਕੁੱਟਦੇ ਰਹੇ ਅਤੇ ਫਿਰ ਅਖੀਰ ਵਿਚ ਤੁਸੀਂ ਉਸ ਨਾਲ ਗੱਲ ਕੀਤੀ, ਸਮਝੌਤਾ ਕੀਤਾ। ਐਨੇ ਸਾਲ ਕੁੱਟ ਮਾਰ ਦੇ ਬਾਵਜੂਦ ਵੀ ਹਿੰਦੁਸਤਾਨ ਦੀ ਸਰਕਾਰ ਉਨ੍ਹਾਂ ਨੂੰ ਦਬਾਅ ਨਹੀਂ ਸਕੀ ਅਤੇ ਅਖੀਰ ਵਿਚ ਉਨ੍ਹਾਂ ਨਾਲ ਗੱਲ ਕੀਤੀ, ਸਮਝੌਤਾ ਕੀਤਾ। ਫਿਰ ਆਸਾਮ ਵਿਚ ਮੁੰਡਿਆਂ ਨਾਲ ਗੱਲ ਬਾਤ ਕੀਤੀ। ਤੁਸੀਂ ਆਸਾਮ ਵਿਚ ਸਟੂਡੈਂਟਸ ਨਾਲ ਗੱਲ ਕੀਤੀ, ਲਾਲਡੇਂਗਾ ਨਾਲ ਗੱਲ ਕਰਕੇ ਉਸ ਨੂੰ ਉਥੇ ਬਣਾ ਦਿੱਤਾ, ਫਿਰ ਇਥੇ ਕਿਉਂ ਨਹੀਂ ਕਰਦੇ ? ਜਦ ਅਸੀਂ ਕਹਿੰਦੇ ਹਾਂ ਕਿ 364 ਬੰਦੇ ਉਥੇ ਲੜ ਰਹੇ ਹਨ, ਉਹ ਜੋਧਪੁਰ ਦੀ ਜੇਲ੍ਹ ਵਿਚ ਬੈਠੇ ਹਨ, ਉਨ੍ਹਾਂ ਨੂੰ ਛੱਡਣ ਲਈ ਅਸੀਂ ਕਹਿੰਦੇ ਹਾਂ ਤਾਂ ਇਹ ਉਨ੍ਹਾਂ ਨੂੰ ਛੱਡਣ ਲਈ ਤਿਆਰ ਨਹੀਂ ਹਨ। 272 ਫੌਜੀਆਂ ਨੂੰ ਕਿੰਨੇ ਸਾਲਾਂ ਦੀ ਸਜ਼ਾ ਦਿੱਤੀ ਗਈ। ਜੇ ਕਹਿੰਦੇ ਹਾਂ ਕਿ ਉਨ੍ਹਾਂ ਨੂੰ ਛੱਡੋ ਤਾਂ ਉਨ੍ਹਾਂ ਨੂੰ ਇਹ ਛੱਡਣ ਲਈ ਤਿਆਰ ਨਹੀਂ। ਇਹ ਆਸਾਮ ਵਿਚ ਸਟੂਡੈਂਟਸ ਨਾਲ ਅਤੇ ਮੀਜ਼ੋਰਾਮ ਵਿਚ ਲਾਲਡੇਂਗਾ ਨਾਲ ਤਾਂ ਗੱਲਬਾਤ ਕਰ ਸਕਦੇ ਹਨ ਪਰ ਇਥੇ ਪੰਜਾਬ ਵਿਚ ਇਹ ਗੱਲ ਕਰਨ ਲਈ ਤਿਆਰ ਨਹੀਂ ਹਨ।

ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ 26 ਹਜ਼ਾਰ ਹਥਿਆਰਬੰਦਾਂ ਨੇ ਆਈ.ਐਨ.ਏ. ਬਣਾਈ ਸੀ। ਉਸ ਦੇ ਬਾਅਦ ਉਨ੍ਹਾਂ ਨੂੰ ਕੋਰਟ ਮਾਰਸ਼ਲ ਦਾ ਆਰਡਰ ਹੋਇਆ। ਉਦੋਂ ਕਾਂਗਰਸ ਪਾਰਟੀ ਨੇ ਮੋਰਚਾ ਲਾਇਆ ਕਿ ਇਹ ਫਰੀਡਮ ਫਾਈਟਰ ਹਨ। ਇਥੇ ਹੀ ਬੱਸ ਨਹੀਂ ਕਾਂਗਰਸ ਪਾਰਟੀ ਨੇ ਉਨ੍ਹਾਂ ਨੂੰ ਪੇਟਰੋਨਾਈਜ਼ ਕੀਤਾ। ਫਿਰ ਸ਼ਾਹ ਨਿਵਾਜ, ਜਨਰਲ ਮੋਹਨ ਸਿੰਘ ਨੂੰ ਇਨ੍ਹਾਂ ਫਰੀਡਮ ਫਾਈਟਰ ਕਿਹਾ। ਉਨ੍ਹਾਂ ਨੂੰ ਪੈਨਸ਼ਨ ਮਿਲੀ। ਪਰ ਇਹ ਜਿਹੜੇ 18 ਹਜ਼ਾਰ ਜੇਲ੍ਹਾਂ ਵਿਚ ਕੈਦ ਕੱਟ ਰਹੇ ਹਨ, ਇਹ ਕਾਲ ਕੋਠੜੀਆਂ ਵਿਚ ਬੰਦ ਹਨ। ਇਨ੍ਹਾਂ ਨੂੰ ਚੱਕੀਆਂ ਪੀਸਣੀਆਂ ਪੈਣਗੀਆਂ। ਇਸ ਤਰ੍ਹਾਂ ਸ਼ਾਂਤੀ ਨਹੀਂ ਆਉਣੀ।

ਪੰਡਿਤ ਮੋਹਨ ਲਾਲ ਨੇ ਬੋਲਦੇ ਹੋਏ ਕਿਹਾ ਕਿ ਬੈਂਸ ਕਮਿਸ਼ਨ ਦੇ ਰਾਹੀਂ ਜਿਹੜੇ ਛੱਡੇ ਗਏ ਹਨ ਉਹ ਫਿਰ ਟੈਰੋਰਿਜ਼ਮ ਵਾਲੇ ਪਾਸੇ ਲੱਗ ਗਏ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਗਲਤ ਬਿਆਨੀ ਨਹੀਂ ਕਰਨੀ ਚਾਹੀਦੀ। ਹਜ਼ਾਰਾਂ ਬੰਦੇ ਛੱਡੇ ਗਏ ਅਤੇ ਇਨ੍ਹਾਂ ਹਜ਼ਾਰਾਂ ਵਿਚੋਂ ਅਗਰ 12 ਬੰਦੇ ਇਨ੍ਹਾਂ ਐਕਟਿਵਟੀਜ਼ ਵਿਚ ਇਨਵਾਲਵ ਹੋ ਗਏ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸਾਰੇ ਇਸ ਪਾਸੇ ਤੁਰ ਪਏ ਹਨ। ਸੋ ਇਸ ਤਰ੍ਹਾਂ ਦੀ ਗਲਤ ਗੱਲ ਨਹੀਂ ਕਹਿਣੀ ਚਾਹੀਦੀ, ਮਗਰ ਪੁਲਿਸ ਦਾ ਰਿਕਾਰਡ ਹੀ ਕੁਝ ਐਸਾ ਹੈ ਕਿ ਕਦੇ ਉਹ ਝੂਠੇ ਫੜੇ ਗਏ ਦੱਸ ਦਿੰਦੇ ਹਨ। ਇਹ ਐਨੇ ਬੰਦੇ ਢਾਈ ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਪਏ ਹਨ। ਸਰਦਾਰ ਸਿਮਰਨਜੀਤ ਸਿੰਘ ਮਾਨ ਨੂੰ ਅੰਦਰ ਰਖਿਆ ਹੋਇਆ ਹੈ। ਉਨ੍ਹਾਂ ਨਾਲ ਤੁਸੀਂ ਗੱਲ ਨਹੀਂ ਕਰਦੇ। ਤੁਸੀਂ ਅਕਾਲੀ ਵਰਕਰਾਂ ਨੂੰ ਅੰਦਰ ਦੇਈ ਜਾ ਰਹੇ ਹੋ। ਸਰਦਾਰ ਹਰਮਿੰਦਰ ਸਿੰਘ ਸੰਧੂ ਦੇ ਪਿਤਾ ਨੂੰ ਗ੍ਰਿਫਤਾਰ ਕੀਤਾ ਗਿਆ। ਅਸੀਂ ਪਾਰਲੀਮੈਂਟਰੀ ਡੈਮੋਕਰੇਟਿਕ ਦੇ ਮੁੱਦੇ ਨਾਲ ਇਸ ਸਦਨ ਵਿਚ ਬੈਠੇ ਹਾਂ, ਸਾਨੂੰ ਤੁਸੀਂ ਕਹਿੰਦੇ ਹੋ ਕਿ ਤੁਸੀਂ ਟੈਰੋਰਿਸਟਜ਼ ਨੂੰ ਸ਼ਹਿ ਦਿੰਦੇ ਹੋ। ਸਾਡੇ ਬੰਦੇ ਤੁਸੀਂ ਫੜ ਲਏ। ਤੁਸੀਂ ਸਾਡੇ ਚਾਰ ਐਮ.ਐਲ.ਏਜ਼. ਫੜ ਲਏ। ਸਾਡੇ ਲੀਡਰ ਫੜ ਲਏ। ਸੈਂਕੜੇ ਸਾਡੇ ਵਰਕਰ ਫੜ ਲਏ। ਸਾਡੇ ਜ਼ਿਲ੍ਹੇ ਦੇ ਜਥੇਦਾਰ ਫੜ ਲਏ। ਸਾਡੀ ਪਾਰਟੀ ਜਮਹੂਰੀਅਤ ਵਿਚ ਵਿਸ਼ਵਾਸ ਰੱਖਦੀ ਹੈ। ਸਾਨੂੰ ਫੜਨ ਨਾਲ ਟੈਰੋਰਿਜ਼ਮ ਖਤਮ ਨਹੀਂ ਹੋਣਾ। ਮੈਂ ਗੌਰਮਿੰਟ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਇਕ ਡੈਮੋਕਰੇਟਿਕ ਪਾਰਟੀ ਨੂੰ ਫੜਨ ਨਾਲ ਟੈਰੋਰਿਜ਼ਮ ਖਤਮ ਹੋ ਸਕਦਾ ਹੈ ਤਾਂ ਇਹ ਜਿਹੜਾ ਤੁਸੀਂ ਕਦੇ ਕਿਸੇ ਨੂੰ ਫੜ ਲੈਂਦੇ ਹੋ ਅਤੇ ਕਦੇ ਕਿਸੇ ਐਮ.ਐਲ.ਏ. ਨੂੰ ਫੜ ਲੈਂਦੇ ਹੋ, ਤੁਸੀਂ ਛੋਟੇਪੁਰ ਕੋਲ ਪੁਲਿਸ ਭੇਜੀ, ਰਾਜਾ ਸਾਹਿਬ ਕੋਲ ਪੁਲਿਸ ਪਾਰਟੀ ਭੇਜੀ, ਤੁਸੀਂ ਸਾਨੂੰ ਦੱਸ ਦਿਓ ਜੇ ਸਾਡੇ ਫੜਨ ਨਾਲ ਸ਼ਾਂਤੀ ਆ ਸਕਦੀ ਹੈ ਤਾਂ ਅਸੀਂ ਹੁਣੇ ਹੀ ਤੁਰ ਪੈਂਦੇ ਹਾਂ ਸਾਨੂੰ ਲੈ ਚਲੋ। (ਥੰਪਿੰਗ) ਪੁਲਿਸ ਸਾਡੀ ਐਵੇਂ ਨੀਂਦ ਕਿਉਂ ਖਰਾਬ ਕਰ ਰਹੀ ਹੈ। ਸਾਨੂੰ ਸੀ.ਐਮ.ਸਾਹਿਬ ਬੁੜੈਲ ਜੇਲ੍ਹ ਵਿਚ ਕਹਿਣ ਅਸੀਂ ਚਲੇ ਜਾਂਦੇ ਹਾਂ। ਅਸੀਂ ਆਪਣੀ ਪਾਰਟੀ ਦੇ ਐਮ.ਐਲ.ਏ. ਅਤੇ ਹੋਰ ਵਰਕਰ ਨਾਲ ਲੈ ਕੇ ਚਲੇ ਜਾਂਦੇ ਹਾਂ, ਸਾਨੂੰ ਉਥੇ ਜੇਲ੍ਹ ਵਿਚ ਰੱਖੋ ਅਤੇ ਜਦ ਪੰਜਾਬ ਵਿਚ ਸ਼ਾਂਤੀ ਆ ਜਾਵੇ ਤਾਂ ਸਾਨੂੰ ਛੱਡ ਦੇਣਾ। ਪਰ ਇਹ ਜਿਹੜਾ ਤੁਸੀਂ ਤਮਾਸ਼ਾ ਬਣਾਇਆ ਹੋਇਆ ਹੈ ਇਹ ਠੀਕ ਨਹੀਂ ਹੈ। ਤੁਹਾਨੂੰ ਜੋ ਐਕਸ਼ਨ ਲੈਣਾ ਚਾਹੀਦਾ ਸੀ ਉਹ ਤਾਂ ਲੈ ਨਹੀਂ ਸਕੇ। ਤੁਸੀਂ ਆਪਣੀ ਫਰਸਟਰੇਸ਼ਨ ਸਾਡੇ ਤੇ ਕੱਢਦੇ ਹੋ।

ਇਹ ਕਿੰਨੇ ਅਫਸੋਸ ਦੀ ਗੱਲ ਹੈ ਕਿ ਇਹ ਕਿੰਨਾ ਗੰਭੀਰ ਮਸਲਾ ਹੈ ਕਿ ਇਹ ਜਿਹੜਾ ਖੁੱਡੇ ਦਾ ਬੱਸ ਕਾਂਡ ਹੋਇਆ, ਉਸ ਬਾਰੇ ਸਰਦਾਰ ਬੂਟਾ ਸਿੰਘ ਨੇ ਕਿੰਨਾਂ ਭਿਆਨਕ ਅਤੇ ਗੰਦਾ ਬਿਆਨ ਦਿਤਾ ਜਿਸ ਦੇ ਮੈਂ ਲਫਜ਼ ਬਿਆਨ ਨਹੀਂ ਕਰ ਸਕਦਾ। ਮੈਨੂੰ ਲਫਜ਼ ਨਹੀਂ ਲੱਭਦੇ ਉਨ੍ਹਾਂ ਨੂੰ ਨਿੰਦਣ ਵਾਸਤੇ। ਉਨ੍ਹਾਂ ਨੇ ਕਿਹਾ ਕਿ 48 ਘੰਟਿਆਂ ਵਿਚ ਸਰਕਾਰ ਪੰਜਾਬ ਬਾਰੇ ਇਕ ਬਹੁਤ ਵੱਡਾ ਪ੍ਰੋਗਰਾਮ ਦੇਵੇਗੀ। ਅਸੀਂ ਸਮਝੇ ਪਤਾ ਨਹੀਂ ਕੀ ਪ੍ਰੋਗਰਾਮ ਹੋਵੇਗਾ। ਹੋਇਆ ਇਹ ਕਿ ਸਾਡੇ ਪੰਜਾਬ ਵਿਚ 16 ਸਬ-ਡਵੀਜ਼ਨਾਂ ਨੂੰ ਇਨ੍ਹਾਂ ਨੇ ਡਿਸਟਰਬਡ ਏਰੀਆ ਕਰਾਰ ਦੇ ਦਿੱਤਾ ਅਤੇ ਸਾਡੇ ਸੈਂਕੜ

[ਕੈਪਟਨ ਅਮਰਿੰਦਰ ਸਿੰਘ]

ਵਰਕਰਾਂ ਨੂੰ ਫੜ ਲਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਤਰ੍ਹਾਂ ਟੈਰੋਰਿਜ਼ਮ ਖਤਮ ਹੋ ਜਾਵੇਗਾ ? ਇਸ ਬਾਰੇ ਸੋਚਣਾ ਚਾਹੀਦਾ ਹੈ। ਬਹੁਤ ਗੰਭੀਰ ਮਸਲਾ ਹੈ। ਇਸ ਦੇ ਨਾਲ ਕਦੇ ਵੀ ਇਥੇ ਸ਼ਾਂਤੀ ਨਹੀਂ ਆ ਸਕਦੀ। ਜੇ ਇਥੇ ਸ਼ਾਂਤੀ ਲਿਆਉਣੀ ਹੈ ਤਾਂ ਜਿਵੇਂ ਅਸੀਂ ਕਹਿੰਦੇ ਹਾਂ ਸਾਡੀ ਗੱਲ ਮੰਨੋ। ਇਹ ਜਿਹੜੇ ਹਿੰਦੂ ਸਿੱਖਾਂ ਦੇ ਕਤਲ ਹੁੰਦੇ ਹਨ ਇਹ ਬੰਦ ਹੋਣ ਭਾਵੇਂ ਇਨ੍ਹਾਂ ਕਤਲਾਂ ਨੂੰ ਸਿਕਿਉ-ਰਿਟੀ ਫੋਰਸਿਜ਼ ਬੰਦ ਕਰਨ ਅਤੇ ਜਾਂ ਇੰਡੀਵੀਜੁਅਲ ਕਰਨ। ਅਸੀਂ ਕਹਿੰਦੇ ਹਾਂ ਕਿ ਇਹ ਕਤਲ ਬੰਦ ਹੋਣ। ਪਰ ਜਿਹੜੇ ਬੰਦੇ ਨੇ ਸਿੱਖੀ ਪ੍ਰੰਪਰਾ ਨੂੰ ਕਲੰਕਤ ਕੀਤਾ ਹੈ ਅਸੀਂ ਉਸ ਨੂੰ ਮੰਨਣ ਲਈ ਤਿਆਰ ਨਹੀਂ। (ਥੰਪਿੰਗ) ਇਕ ਬੰਦੇ ਦੇ ਹਟਣ ਨਾਲ ਏਕਤਾ ਹੋ ਸਕਦੀ ਹੈ। ਸਰਦਾਰ ਸੁਰਜੀਤ ਸਿੰਘ ਬਰਨਾਲਾ ਨੂੰ ਮੁੱਖ ਮੰਤਰੀ ਤੋਂ ਇਹ ਹਟਾ ਨਹੀਂ ਸਕਦੇ, ਉਦੋਂ ਤੱਕ ਗੱਲ ਨਹੀਂ ਬਣਦੀ। ਅਸੀਂ 26 ਆਦਮੀ ਹਾਂ ਅਤੇ 47 ਇਹ ਹਨ ਇਕ ਬੰਦੇ ਨੂੰ ਕੱਢਕੇ, ਜੇ ਅਸੀਂ ਇਹ ਸਾਰੇ ਇਕੱਠੇ ਹੋ ਜਾਈਏ ਤਾਂ ਫਿਰ ਇਸ ਗੰਭੀਰ ਮਸਲੇ ਦਾ ਹੱਲ ਹੋ ਸਕਦਾ ਹੈ। ਇਹ ਕਹਿਣਾ ਕਿ ਸੁਰਜੀਤ ਸਿੰਘ ਬਰਾਨਾਲ ਨੂੰ ਛੱਡਕੇ ਪੰਜਾਬ ਵਿਚ ਹੋਰ ਕੋਈ ਸਿਆਣਾ ਬੰਦਾ ਨਹੀਂ ਹੈ, ਇਹ ਗੱਲ ਠੀਕ ਨਹੀਂ ਹੈ। ਪਰ ਇਹ ਵੀ ਤੁਸੀਂ ਕਹਿਣ ਵਾਸਤੇ ਤਿਆਰ ਨਹੀਂ ਹੋ। ਇਹ ਗੱਲਾਂ ਜੋ ਹੋ ਰਹੀਆਂ ਹਨ ਉਨ੍ਹਾਂ ਦਾ ਤੁਸੀਂ ਸਾਡੇ ਤੇ ਇਲਜ਼ਾਮ ਨਾ ਲਗਾਓ। ਇਸ ਦੇ ਨਾਲ ਟੈਰੋਰਿਜ਼ਮ ਨਹੀਂ ਰੁਕਣਾ। ਅਸੀਂ ਕਿਹਾ ਹੈ ਕਿ ਤੁਸੀਂ ਕੋਈ ਰਾਊਂਡ ਟੇਬਲ ਕਾਨਫਰੰਸ ਕਰੋ। ਹਰ ਲੜਾਈ ਵਿੱਚ ਤੁਸੀਂ ਦੇਖਿਆ ਹੈ ਕਿ ਚਾਹੇ ਉਹ ਜੰਗੀ ਲੜਾਈ ਹੋਵੇ ਜਾਂ ਦੂਸਰੀ ਲੜਾਈ ਹੋਵੇ ਉਥੇ ਅਖ਼ੀਰ ਗੱਲ ਗਲਬਾਤ ਕਰਨ ਤੇ ਆਉਂਦੀ ਹੈ। ਮੇਜ਼ ਤੇ ਆ ਕੇ ਗਲਬਾਤ ਹੁੰਦੀ ਹੈ ਤਾਂ ਹੀ ਗੱਲ ਮੁਕਦੀ ਹੈ। ਤੁਸੀਂ ਦੇਖੋ ਕਿ ਨਾਰਦਰਨ ਆਇਰਲੈਂਡ ਵਿੱਚ ਬ੍ਰਿਟਿਸ਼ ਸਰਕਾਰ ਕੀ ਕੁਝ ਕਰ ਚੁੱਕੀ ਹੈ। ਚਾਰ ਸੌ ਸਾਲਾਂ ਤੋਂ ਇਹ ਗੱਲ ਚਲ ਰਹੀ ਹੈ। ਸਾਡੇ ਇਤਿਹਾਸ ਵਿੱਚ ਮਿਸਾਲਾਂ ਮਿਲਦੀਆਂ ਹਨ ਪਰ ਤੁਸੀਂ ਤਾਂ ਇਤਿਹਾਸ ਹੀ ਨਹੀਂ ਪੜ੍ਹਦੇ। ਪੀ.ਐਲ.ਓ. ਦੀ ਗੱਲ ਚਲੀ, ਇਜ਼ਰਾਈਲ ਨੇ ਕੀ ਕੁਝ ਨਹੀਂ ਕੀਤਾ ਔਰ ਉਹ ਕੀ ਕੁਝ ਕਰ ਰਹੀ ਹੈ। ਸਾਰਾ ਇਤਿਹਾਸ ਸਾਨੂੰ ਇਹ ਗੱਲ ਦਸਦਾ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਤੁਸੀਂ ਗਲਬਾਤ ਕਰੋ ਤਾਂ ਤੁਹਾਨੂੰ ਗਲਬਾਤ ਕਰਨ ਵਿੱਚ ਕੀ ਇਤਰਾਜ਼ ਹੈ। ਜਮਹੂਰੀਅਤ ਦੇ ਵਿੱਚ ਵਿਸ਼ਵਾਸ ਰੱਖਣ ਵਾਲੇ, ਡੈਮੋਕਰੇਸੀ ਦੇ ਵਿੱਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਨੂੰ ਤੁਸੀਂ ਇਕ ਮੇਜ਼ ਤੇ ਬੁਲਾਓ ਤੇ ਉਨ੍ਹਾਂ ਨਾਲ ਗਲਬਾਤ ਕਰੋ ਪਰ ਤੁਸੀਂ ਇਕ ਮੇਜ਼ ਤੇ ਬੈਠ ਕੇ ਗਲਬਾਤ ਵੀ ਨਹੀਂ ਕਰ ਸਕਦੇ। ਅਸੀਂ ਕਿਹਾ ਹੈ ਕਿ ਚਾਹੇ ਕੋਈ ਵੀ ਪਾਰਟੀ ਹੈ, ਚਾਹੇ ਉਹ ਬਾਬਾ ਜੁਗਿੰਦਰ ਸਿੰਘ ਦੀ ਪਾਰਟੀ ਹੈ, ਚਾਹੇ ਸਾਡੀ ਪਾਰਟੀ ਹੈ ਤੇ ਚਾਹੇ ਦਮਦਮੀ ਟਕਸਾਲ ਵਾਲੇ ਹਨ ਅਤੇ ਚਾਹੇ ਕਿਸੇ ਹੋਰ ਪਾਰਟੀ ਦੇ ਹਨ ਉਨ੍ਹਾਂ ਸਾਰਿਆਂ ਨੂੰ ਤੁਸੀਂ ਇਕ ਮੇਜ਼ ਤੇ ਬੁਲਾਓ ਅਤੇ ਉਨ੍ਹਾਂ ਨਾਲ ਗਲ-ਬਾਤ ਕਰੋ ਪਰ ਉਹ ਸਾਡੀ ਇਹ ਗੱਲ ਵੀ ਮੰਨਣ ਨੂੰ ਤਿਆਰ ਨਹੀਂ। ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਸਾਹਿਬ ਦੂਸਰੇ ਮੁਲਕਾਂ ਵਾਸਤੇ ਤਾਂ ਕਹਿੰਦੇ ਹਨ ਕਿ ਲੰਕਾ ਦਾ ਜਿਹੜਾ ਐਥਨਿਕ ਇਸ਼ੂ ਹੈ ਉਹ ਨੈਗੋਸੀਏਸ਼ਨ ਨਾਲ ਖ਼ਤਮ ਕਰਨਾ ਚਾਹੀਦਾ ਹੈ ਪਰ ਆਪਣੇ ਜੋ ਇਥੇ ਇਸ਼ੂ ਹੈ ਉਸ ਦੀ ਉਹ ਕੋਈ ਪ੍ਰਵਾਹ ਹੀ ਨਹੀਂ ਕਰਦੇ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਮਸਲਾ ਤਸ਼ੱਦਦ ਦੇ ਨਾਲ ਨਹੀਂ ਮੁੱਕਣਾ, ਜੋ ਤਸ਼ੱਦਦ ਕੀਤਾ ਜਾ ਰਿਹਾ ਹੈ ਇਸ ਦੇ ਨਾਲ ਮਸਲਾ ਹੋਰ ਗੰਭੀਰ ਹੋਵੇਗਾ ਅਤੇ ਲੋਕ ਹੋਰ ਭੜਕਣਗੇ । ਤੁਸੀਂ ਮਿਸਾਲ ਦੇਖ ਸਕਦੇ ਹੋ ਦਿੱਲੀ ਦੇ ਵਿੱਚ ਕੀ ਹੋਇਆ। ਬੰਗਲਾ ਸਾਹਿਬ ਗੁਰਦੁਆਰਾ ਦੇ ਬਾਹਰ ਇਕ ਨੌਜਵਾਨ ਟਰੱਕ ਵਿੱਚ ਬੈਠ ਕੇ ਸੀ.ਆਰ.ਪੀ.ਐਫ. ਦੇ ਕੈਂਪ ਤੇ ਹੀ ਚੜ੍ਹ ਗਿਆ ਅਤੇ ਉਸ ਦੇ ਨਾਲ ਕੋਈ ਸੀ.ਆਰ.ਪੀ.ਐਫ. ਦਾ ਜਵਾਨ ਮਾਰਿਆ ਗਿਆ। ਇਹ ਹਿੰਦੁਸਤਾਨ ਦੀ ਕੈਪੀਟਲ ਦੀ ਗੱਲ ਹੈ ਜਿਥੇ ਸਾਰਿਆਂ ਦੀ ਅੱਖ ਲੱਗੀ ਹੋਈ ਹੈ, ਜਿਥੇ ਫਾਰਨ ਡਿਪਲੋਮੈਟਸ ਬੈਠੇ ਹੋਏ ਹਨ, ਜਿਥੇ ਸਾਰੀਆਂ ਨੇਸ਼ਨਜ਼ ਦੀ ਪ੍ਰੈਸ ਬੈਠੀ ਹੋਈ ਹੈ ਉਥੇ ਤੁਸੀਂ ਦੇਖੋ

ਕਿ ਕੀ ਹੋਇਆ ਕਿ ਉਥੇ ਦਿੱਲੀ ਪੁਲਿਸ ਤਾਂ ਉਸ ਨੂੰ ਬਾਹਰ ਕੱਢ ਕੇ ਬਚਾ ਰਹੀ ਹੈ ਪਰ ਉਥੇ ਸੀ.ਆਰ.ਪੀ.ਐਫ. ਵਾਲੇ ਆਪਣੀਆਂ ਬੰਦੂਕਾਂ ਦੀਆਂ ਬਟਾਂ ਨਾਲ ਉਨ੍ਹਾਂ ਨੂੰ ਮਾਰ ਰਹੇ ਹਨ। ਇਹ ਕੋਈ ਲਾਅ ਹੈ ? (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਹੋ ਜਿਹੀ ਲਾਅ ਲੈਸਨੈਸ ਸਿਕਿਉਰਿਟੀ ਫੋਰਸਿਜ਼ ਹੀ ਕਰਨ ਤਾਂ ਫਿਰ ਕੀ ਹਾਲ ਹੋਵੇਗਾ ? ਉਥੇ ਕੁਝ ਅਫ਼ਸਰ ਜੋ ਆਏ ਸਨ ਉਨ੍ਹਾਂ ਨੂੰ ਵੀ ਧੱਕੇ ਲੱਗੇ ਅਤੇ ਉਨ੍ਹਾਂ ਦਾ ਵੀ ਬੁਰਾ ਹਾਲ ਹੋਇਆ। ਜੇ ਉਥੇ ਇਸ ਕਿਸਮ ਦੀ ਹਾਲਤ ਹੋਈ ਹੈ ਤਾਂ ਤੁਸੀਂ ਮੈਨੂੰ ਦੱਸੋ ਕਿ ਇਥੇ ਚੀਫ਼ ਮਨਿਸਟਰ ਸਾਹਿਬ ਕਹਿੰਦੇ ਹਨ ਕਿ 300 ਕੰਪਨੀਆਂ ਜਾਂ 200 ਕੰਪਨੀਆਂ ਫੋਰਸਿਜ਼ ਦੀਆਂ ਇਥੇ ਆਈਆਂ ਹਨ ਉਹ ਇਥੇ ਕੀ ਕਰਦੀਆਂ ਹੋਣਗੀਆਂ। ਇਥੇ ਲੋਕਾਂ ਨਾਲ ਕੀ ਕੁਝ ਹੁੰਦਾ ਹੋਵੇਗਾ । ਜੇ ਉਥੇ ਦਿੱਲੀ ਵਰਗੇ ਸ਼ਹਿਰ ਦੇ ਵਿੱਚ ਉਨ੍ਹਾਂ ਨੇ ਇਹ ਕੁਝ ਕੀਤਾ ਹੈ ਤਾਂ ਇਥੇ ਉਹ ਕੀ ਕੁਝ ਕਰਦੇ ਹੋਣਗੇ। ਇਹ ਵੀ ਤੁਸੀਂ ਸੋਚੋ ? ਇਹ ਕੋਈ ਨਹੀਂ ਸੋਚਦਾ ਕਿ ਜਿਹੜੀ ਇਥੇ ਇੰਨੀ ਫੋਰਸ ਰਖੀ ਹੈ ਉਹ ਕੀ ਕੁਝ ਕਰਦੀ ਹੈ। ਅੱਜ ਦੀ ਹੀ ਮੈਂ ਗੱਲ ਕਰਨਾ ਚਾਹੁੰਦਾ ਹਾਂ ਕਿ ਅੱਜ ਹੀ ਇਥੇ ਜਦੋਂ ਰਾਜਲਾ ਸਾਹਿਬ ਜੋ ਐਮ.ਐਲ.ਏ. ਸਾਹਿਬ ਹਨ ਆ ਰਹੇ ਸਨ ਤਾਂ ਸੀ.ਆਰ.ਪੀ.ਐਫ. ਵਾਲਿਆਂ ਨੇ ਉਨ੍ਹਾਂ ਦੀ ਕਿਰਪਾਨ ਲੈ ਲਈ, ਉਨ੍ਹਾਂ ਦੀ ਗਾਤਰੇ ਵਾਲੀ ਕਿਰਪਾਨ ਲੈ ਲਈ। ਇਕ ਐਮ.ਐਲ.ਏ. ਸਾਹਿਬ ਨਾਲ ਅਤੇ ਉਨ੍ਹਾਂ ਨਾਲ ਜਿਹੜੇ ਜ਼ਿਮੇਵਾਰ ਆਦਮੀ ਹੁੰਦੇ ਹਨ ਉਨ੍ਹਾਂ ਨਾਲ ਇਹ ਹਾਲ ਹੋ ਰਿਹਾ ਹੈ ਤਾਂ ਅੱਜ ਤੁਸੀਂ ਅੰਦਾਜ਼ਾ ਲਗਾਓ ਕਿ ਪਿੰਡਾਂ ਵਿੱਚ ਲੋਕਾਂ ਦੇ ਨਾਲ ਕੀ ਕੁਝ ਹੋ ਰਿਹਾ ਹੋਵੇਗਾਂ। ਇਹ ਗੱਲ ਅਸੀਂ ਲੁਕੋ ਨਹੀਂ ਸਕਦੇ ਕਿ ਅੱਜ ਲੋਕਾਂ ਨਾਲ ਕੀ ਕੁਝ ਹੋ ਰਿਹਾ ਹੈ। ਇਹ ਗੱਲਾਂ ਕਹਿ ਕੇ ਇਥੇ ਟੈਰੋਰਿਜ਼ਮ ਇਨ੍ਹਾਂ ਕਰਕੇ ਵੱਧ ਰਿਹਾ ਹੈ ਤਾਂ ਇਹ ਗਲਤ ਗੱਲਾਂ ਹਨ। ਇਸ ਦੇ ਨਾਲ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਾਡੀ ਪਾਰਟੀ ਇਸ ਗੱਲ ਨੂੰ ਬਰਦਾਸ਼ਤ ਨਹੀਂ ਕਰੇਗੀ। ਪੰਜਾਬ ਦੇ ਲੋਕ ਇਹ ਕਹਿੰਦੇ ਹਨ ਕਿ ਇਹ ਗਲਤ ਗੱਲਾਂ ਹਨ ਅਤੇ ਉਹ ਇਨ੍ਹਾਂ ਨੂੰ ਬਰਦਾਸ਼ਤ ਨਹੀਂ ਕਰਦੇ। ਇਹ ਇਕ ਪੰਜਾਬ ਸਰਕਾਰ ਦਾ ਪੈਮਫਲਿਟ ਕਢਿਆ ਹੋਇਆ ਹੈ। ਇਹ ਸਾਨੂੰ ਤਾਂ ਦਿੱਤਾ ਹੈ ਸ਼ਾਇਦ ਬਾਕੀਆਂ ਨੂੰ ਵੀ ਮਿਲ ਗਿਆ ਹੋਵੇਗਾ ਅਤੇ ਸ਼ਾਇਦ ਇਹ ਸਾਰੇ ਹਿੰਦੁਸਤਾਨ ਵਿੱਚ ਭੇਜਣਗੇ। ਇਸ ਦੇ ਵਿੱਚ ਇਨ੍ਹਾਂ ਨੇ ਕਿਹਾ ਹੈ ਕਿ ਸਾਡਾ ਪੰਜਾਬ ਦਾ ਸਭ ਤੋਂ ਚੰਗਾ ਲਾਅ ਐਂਡ ਆਰਡਰ ਹੈ। ਇਸ ਦੇ ਵਿੱਚ ਇਨ੍ਹਾਂ ਨੇ ਦੱਸਿਆਂ ਹੈ ਕਿ ਪੰਜਾਬ ਦੇ ਵਿੱਚ 410 ਕਤਲ ਹੋਏ ਹਨ ਔਰ ਇਸ ਦੇ ਮੁਕਾਬਲੇ ਵਿੱਚ ਯੂ.ਪੀ. ਵਿੱਚ 2000 ਕਤਲ ਹੋਏ ਹਨ, ਬਿਹਾਰ ਵਿੱਚ 760 ਕਤਲ ਹੋਏ ਹਨ ਔਰ ਮੱਧ ਪ੍ਰਦੇਸ਼ ਦੇ ਵਿੱਚ 1114 ਹੋਏ ਹਨ। ਚੰਗਾ ਹੁੰਦਾ ਜੇ ਇਹ ਵੀ ਨਾਲ ਹੀ ਦੱਸਦੇ ਕਿ ਯੂ.ਪੀ. ਦਾ ਸੂਬਾ ਕਿੰਨਾ ਹੈ, ਮੱਧ ਪ੍ਰਦੇਸ਼ ਦਾ ਕਿੰਨਾਂ ਹੈ ਅਤੇ ਬਿਹਾਰ ਦਾ ਕਿੰਨਾਂ ਹੈ ਤੇ ਉਨ੍ਹਾਂ ਸੂਬਿਆਂ ਦੇ ਮੁਕਾਬਲੇ ਵਿੱਚ ਪੰਜਾਬ ਦਾ ਸੂਬਾ ਕਿੰਨਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਯੂ.ਪੀ. ਵਿਚ ਇਸ ਵੇਲੇ 11 ਕਰੋੜ ਵਸਨੀਕ ਵਸਦੇ ਹਨ ਜਦ ਕਿ ਪੰਜਾਬ ਵਿੱਚ 1 ਕਰੋੜ 70 ਲੱਖ ਵਸਨੀਕ ਹਨ। ਫਿਰ ਤੁਸੀਂ ਦੇਖੋ ਕਿ ਯੂ.ਪੀ. ਦੇ 57 ਡਿਸਟ੍ਰਿਕਟਸ ਹਨ, ਬਿਹਾਰ ਦੇ 45 ਅਤੇ ਮੱਧ ਪ੍ਰਦੇਸ਼ ਦੇ 39 ਜ਼ਿਲ੍ਹੇ ਹਨ ਪਰ ਸਾਡੇ ਪੰਜਾਬ ਦੇ ਸਿਰਫ 12 ਡਿਸਟ੍ਰਿਕਟਸ ਹਨ। ਇਹ ਫਿਗਰਜ਼ ਤਾਂ ਇਨ੍ਹਾਂ ਨੇ ਆਪਣੀਆਂ ਹੀ ਦਿੱਤੀਆਂ ਹੋਈਆਂ ਹਨ ਜੇ ਮੈਂ ਕੋਈ ਫਿਗਰਜ਼ ਦੇਵਾਂ ਤਾਂ ਸ਼ਾਇਦ ਇਹ ਇਤਬਾਰ ਨਹੀਂ ਕਰਨਗੇ ਪਰ ਆਪਣੀਆਂ ਦਿੱਤੀਆਂ ਫਿਗਰਜ਼ ਨੂੰ ਤਾਂ ਸ਼ਾਇਦ ਇਹ ਮੰਨਣਗੇ ਹੀ। ਮੈਂ ਇਨ੍ਹਾਂ ਦੀਆਂ ਦਿੱਤੀਆਂ ਫਿਗਰਜ਼ ਦੇ ਹਿਸਾਬ ਨਾਲ ਹੀ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ 12 ਡਿਸਟ੍ਰਿਕਟਸ ਹਨ ਔਰ ਉਸ ਦੇ ਹਿਸਾਬ ਨਾਲ ਹੀ ਮੈਂ ਦੋ ਸੂਬਿਆਂ ਦੀਆਂ ਫਿਗਰਜ਼ ਬਿਹਾਰ ਔਰ ਮੱਧ ਪ੍ਰਦੇਸ਼ ਦੀਆਂ ਦੇਣਾ ਚਾਹੁੰਦਾ ਹਾਂ ਕਿਉਂਕਿ ਇਹ ਆਮ ਕਿਹਾ ਜਾਂਦਾ ਹੈ ਕਿ ਬਿਹਾਰ ਦਾ ਸੂਬਾ ਸਾਰੇ ਹਿੰਦੁਸਤਾਨ ਵਿੱਚ ਲਾਅ ਐਂਡ ਆਰਡਰ ਦੇ ਲਿਹਾਜ਼ ਨਾਲ ਮਾੜਾ ਹੈ ਔਰ ਹਜ਼ਾਰਾਂ, ਸੈਂਕੜੇ ਕਤਲ ਉਥੇ ਹੋ ਰਹੇ ਹਨ। ਦੂਸਰਾ

[ਕੈਪਟਨ ਅਮਰਿੰਦਰ ਸਿੰਘ]

ਮੱਧ ਪ੍ਰਦੇਸ਼ ਬਾਰੇ ਕਿਹਾ ਜਾਂਦਾ ਹੈ ਕਿ ਉਥੇ ਡਾਕੂ ਬਹੁਤ ਹਨ ਅਤੇ ਇਸ ਕਰਕੇ ਉਥੇ ਇਸ ਤਰ੍ਹਾਂ ਦੀਆਂ ਵਰਦਾਤਾਂ ਹੁੰਦੀਆਂ ਹਨ। ਮੈਂ ਇਨ੍ਹਾਂ ਦੋਨਾਂ ਸਟੇਟਸ ਦੇ 12 ਡਿਸਟ੍ਰਿਕਟਸ ਦੇ ਹਿਸਾਬ ਨਾਲ ਦੱਸਣਾ ਚਾਹੁੰਦਾ ਹਾਂ ਜੇ ਇਨ੍ਹਾਂ ਦੇ 12-12 ਡਿਸਟ੍ਰਿਕਟਸ ਲੈ ਲਈਏ ਤਾਂ ਉਨ੍ਹਾਂ 12 ਡਿਸਟ੍ਰਿਕਟਸ ਦੀਆਂ ਇਕ ਇਕ ਮਹੀਨੇ ਦੀਆਂ ਫਿਗਰਜ਼ ਲੈ ਲਈਏ ਤਾਂ ਤੁਹਾਨੂੰ ਮਹੀਨੇ ਦੇ ਹਿਸਾਬ ਨਾਲ ਪਤਾ ਲੱਗੇਗਾ ਕਿ ਮੱਧ ਪ੍ਰਦੇਸ਼ ਦੇ 12 ਡਿਸਟਿਕਿਟਸ ਦੇ ਇਕ ਮਹੀਨੇ ਵਿੱਚ 60 ਕਤਲ ਹੋਏ ਹਨ ਔਰ ਬਿਹਾਰ ਵਿੱਚ ਉਸੇ ਮਹੀਨੇ ਵਿੱਚ 78 ਕਤਲ ਹੋਏ ਹਨ ਔਰ ਇਨ੍ਹਾਂ ਦੀਆਂ ਫਿਗਰਜ਼ ਜੋ ਹਨ, ਪੰਜਾਬ ਦੀਆਂ ਦੱਸਦੀਆਂ ਹਨ ਕਿ ਪੰਜਾਬ ਵਿੱਚ ਉਸ ਮਹੀਨੇ 82 ਕਤਲ ਹੋਏ ਹਨ। ਇਹ ਜਿਹੜੀਆਂ ਫਿਗਰਜ਼ ਹਨ ਇਹ ਇਨ੍ਹਾਂ ਦੀਆਂ ਆਪਣੀਆਂ ਹੀ ਦਿੱਤੀਆਂ ਹੋਈਆਂ ਹਨ। ਇਨ੍ਹਾਂ ਨੂੰ ਆਪਣੀਆਂ ਦਿੱਤੀਆਂ ਹੋਈਆਂ ਫਿਗਰਜ਼ ਦਾ ਹੀ ਨਹੀਂ ਪਤਾ। ਵੈਸੇ ਇਹ ਜੋ ਫਿਗਰਜ਼ ਦਿੱਤੀਆਂ ਹਨ ਇਹ ਗਲਤ ਹਨ ਕਿਉਂਕਿ ਇਸ ਵੇਲੇ ਪੰਜਾਬ ਵਿੱਚ ਚਾਰ ਕਿਸਮ ਦੇ ਕਤਲ ਹੋ ਰਹੇ ਹਨ। ਇਕ ਤਾਂ ਬਾਰਡਰ ਇੰਸੀਡੈਂਟਸ ਹੋ ਰਹੀਆਂ ਹਨ। ਪਾਕਿਸਤਾਨ ਤੋਂ ਜੋ ਲੋਕ ਆਉਂਦੇ ਹਨ ਉਨ੍ਹਾਂ ਨੂੰ ਬੀ.ਐਸ. ਐਫ. ਮਾਰਦੀ ਹੈ ਔਰ ਇਨ੍ਹਾਂ ਦੇ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ। 409 ਬੰਦੇ ਟੈਰੋਰਿਸਟ ਵਿਕਟਮਜ਼ ਹਨ । ਇਨ੍ਹਾਂ ਦੇ ਨਾਰਮਲ ਕਰਾਈਮ ਜੋ ਚਲਿਆ ਆਉਂਦਾ ਹੈ ਫਿਗਰਜ਼ ਵਿੱਚ ਇਹ ਨਹੀਂ ਦੱਸਿਆ। ਇਨ੍ਹਾਂ ਫਿਗਰਜ਼ ਵਿੱਚ ਇਹ ਨਹੀਂ ਦੱਸਿਆ ਕਿ ਕਿਤਨੇ ਇਨੋਸੈਂਟ ਸਿੱਖ ਮਾਰੇ ਜਾਂਦੇ ਹਨ। ਇੰਟਰਨਲ ਫੋਰਸਿਜ਼ ਨੇ ਕਿੰਨੇ ਮਾਰੇ ਇਹ ਨਹੀਂ ਇਨ੍ਹਾਂ ਨੇ ਦੱਸਿਆ। ਇਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਇਤਲਾਹ ਦੇ ਮੁਤਾਬਿਕ 337 ਤਾਂ ਬਾਰਡਰ ਸਿਕਿਉਰਿਟੀ ਫੋਰਸਿਜ਼ ਨੇ ਮਾਰੇ। 409 ਇਹ ਕਹਿੰਦੇ ਹਨ ਕਿ ਮਰੇ ਹਨ। ਨਾਰਮਲ ਕਰਾਈਮਜ਼ ਦੀਆਂ ਜੋ 1980 ਤੋਂ 1985 ਤਕ ਦੀਆਂ ਫਿਗਰਜ਼ ਹਨ ਉਹ ਮੈਂ ਦੱਸਣਾ ਚਾਹੁੰਦਾ ਹਾਂ। 1986 ਦੀਆਂ ਤਾਂ ਇਨ੍ਹਾਂ ਨੇ ਦੱਸਿਆਂ ਹੀ ਨਹੀਂ। 1980 ਵਿੱਚ 620 ਕਤਲ ਹੋਏ, 1981 ਵਿੱਚ 554, 1982 ਵਿੱਚ 572, 1983 ਵਿੱਚ 560, 1984 ਵਿੱਚ 774 ਅਤੇ 1985 ਵਿੱਚ 636 ਹੋਏ। ਇਹ ਇਨ੍ਹਾਂ ਦੀਆਂ ਫਿਗਰਜ਼ ਹਨ। ਇਹ ਕਰਾਈਮ ਤਾਂ ਚਲਣਾ ਹੈ। 1980 ਵਿੱਚ ਤਾਂ ਕੋਈ ਟੈਰੋਰਿਜ਼ਮ ਨਹੀਂ ਸੀ। ਉਦੋਂ ਦੀਆਂ ਫਿਗਰਜ਼ ਵੀ ਜੇ ਲੈ ਲਈਏ ਤਾਂ 620 ਹਨ। 331 ਬਾਰਡਰ ਇਨਸੀਡੈਂਟਸ ਦੀਆਂ ਹਨ। 409 ਇਹ ਆਪ ਦੱਸਦੇ ਹਨ ਕਿ ਟੈਰੋਰਿਸਟਸ ਵਿਕਟਮਜ਼ ਹਨ ਜੋ ਸਿਕਿਉਰਿਟੀ ਫੋਰਸਿਜ਼ ਨਾਲ ਮਰੇ, ਇਨੋਸੈਂਟ ਜੋ ਮਰੇ ਉਨ੍ਹਾਂ ਨੂੰ ਛੱਡ ਵੀ ਦੇਈਏ ਉਨ੍ਹਾਂ ਨੂੰ ਛੱਡ ਕੇ ਵੀ 1460 ਬਣਦੇ ਹਨ ਜੇ ਟੋਟਲ ਲਾਈਏ ਜੋ ਇਨ੍ਹਾਂ ਦੇ ਸਰਕਾਰ ਦੇ ਵੇਲੇ ਹੋਏ ਹਨ। ਕਿਥੇ ਪਹਿਲਾਂ 600/700 ਜਾਂ 500/400 ਤੇ ਕਿਥੇ ਇੰਨੇ। ਇਹ ਗੱਲਾਂ ਚੀਫ ਮਨਿਸਟਰ ਸਾਹਿਬ ਕਲੀਅਰ ਕਰਨ। ਇਹ ਗੱਲਾਂ ਮੈਂ ਇਸ ਕਰਕੇ ਕਹੀਆਂ ਹਨ ਕਿ ਤੁਸੀਂ ਇਨ੍ਹਾਂ ਨੂੰ ਕਲੀਅਰ ਕਰੋ। ਇਸ ਹਾਊਸ ਵਿੱਚ ਗਲਤ ਇਨਫਰਮੇਸ਼ਨ ਦੇਣੀ ਗਲਤ ਗੱਲ ਹੈ। ਅਸੀਂ ਗਲਤ ਗੱਲ ਨਹੀਂ ਮੰਨਾਂਗੇ ਔਰ ਨਾ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਲੋੜ ਹੈ। ਤੁਸੀਂ ਜੋ ਅਸਲੀਅਤ ਹੈ ਉਹ ਦਸੋ। ਬੜਾ ਗੰਭੀਰ ਮਸਲਾ ਹੈ। 1400 ਬੰਦੇ ਮਰ ਗਏ। ਆਉ ਇਕੱਠੇ ਹੋ ਕੇ ਠੀਕ /ਕਰੀਏ। ਅਸੀਂ ਨਹੀਂ ਚਾਹੁੰਦੇ ਕਿ ਹਾਲਾਤ ਵਿਗੜਨ। ਇਥੇ ਸਾਡੇ ਬੱਚਿਆਂ ਦਾ ਭਵਿਖ ਹੈ, ਅਸੀਂ ਨਹੀਂ ਚਾਹੁੰਦੇ ਕਿ ਸਾਡਾ ਪੰਜਾਬ ਬਰਬਾਦ ਹੋਵੇ। ਅਸੀਂ ਨਹੀਂ ਚਾਹੁੰਦੇ ਕਿ ਕੋਈ ਮਾਰਿਆ ਜਾਏ ਚਾਹੇ ਹਿੰਦੂ ਹੈ, ਸਿੱਖ ਹੈ, ਮੁਸਲਮਾਨ ਹੈ ਜਾਂ ਈਸਾਈ ਹੈ। ਸਾਡੇ ਦੱਸੇ ਨਾਲ ਤਾਂ ਨਹੀਂ ਹੋਣਾ। ਇਹ ਜਿਹੜੀ ਐਡਮਨਿਸਰੇਸ਼ਨ ਹੈ ਇਨ੍ਹਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਅਗਰ ਕੋਈ ਰੂਲ ਤੋੜਦਾ ਹੈ ਜਾਂ ਕੋਈ ਲਾਅ ਤੋੜਦਾ ਹੈ ਤੁਸੀਂ ਫੜ ਲਵੋ। ਸਾਡੇ ਪ੍ਰਧਾਨ ਜਿਹੜੇ ਇਸ ਹਾਊਸ ਦੇ ਮੈਂਬਰ ਹਨ ਸਰਦਾਰ ਪਰਕਾਸ਼ ਸਿੰਘ ਬਾਦਲ ਉਨ੍ਹਾਂ ਤੇ ਇਲਜ਼ਾਮ ਲਾਇਆ ਹੈ ਕਿ ਉਨ੍ਹਾਂ ਨੇ ਫਲਾਣੇ ਦਾ ਭੋਗ ਅੱਜ ਤੋਂ

ਛੇ ਮਹੀਨੇ ਪਹਿਲਾ ਅਟੈਂਡ ਕੀਤਾ ਸੀ ਇਸ ਲਈ ਉਨ੍ਹਾਂ ਨੂੰ ਫੜ ਲਿਆ। ਕੀ ਪਹਿਲਾਂ ਨਹੀਂ ਪਤਾ ਲੱਗਿਆ ਸੀ ? ਉਦੋਂ ਪਤਾ ਲੱਗਿਆ ਜਦੋਂ ਅਸੀਂ ਹਾਊਸ ਵਿਚ ਬੇਪ੍ਰਤੀਤੀ ਦਾ ਮਤਾ ਰੱਖਣ ਲੱਗੇ ਹਾਂ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਪੰਜਾਬ ਨੂੰ ਬਰਬਾਦ ਕਰਨ ਦਾ ਇਰਾਦਾ ਤੁਹਾਡਾ ਹੈ, ਸਰਕਾਰ ਤੁਹਾਡੀ ਹੈ, ਜੋ ਕਰਨਾ ਚਾਹੋ ਕਰੋ। ਸਾਨੂੰ ਜੋ ਆਵਾਜ਼ ਆਉਂਦੀ ਹੈ ਅਸੀਂ ਉਠਾਉਂਦੇ ਹਾਂ।

ਮੈਨੂੰ ਹੈਰਾਨਗੀ ਇਹ ਹੈ, ਸਪੀਕਰ ਸਾਹਿਬ, ਅੱਜ ਤਿੰਨ ਦਿਨ ਹੋ ਗਏ ਹਨ ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਵਾਕ ਆਊਟ ਕਰੀ ਜਾਂਦੇ ਹਨ। ਇਹ ਵਾਕ ਆਊਟ ਕਿਸ ਤੇ ਕਰਦੇ ਹਨ ? ਇਹ ਵਾਕ ਆਊਟ ਕਰਦੇ ਹਨ ਕਿ ਲਾਅ ਐਂਡ ਆਰਡਰ ਦੀ ਸਿਚੁਏਸ਼ਨ ਮਾੜੀ ਹੈ। ਜੇ ਲਾਅ ਐਂਡ ਆਰਡਰ ਦੀ ਸਿਚੁਏਸ਼ਨ ਮਾੜੀ ਹੈ ਤਾਂ ਇਹ ਵੀ ਦੱਸੋ ਕਿ ਇਸ ਸਰਕਾਰ ਨੂੰ ਸਪੋਰਟ ਕੌਣ ਕਰਦਾ ਹੈ ? (ਥੰਪਿੰਗ) ਇਹ ਕੀ ਕਰ ਰਹੇ ਹਨ, ਮੈਂ ਇਹਨਾਂ ਦਾ ਹੀ ਬਿਆਨ ਪੜ੍ਹਨਾ ਚਾਹੁੰਦਾ ਹਾਂ। ਇਹ ਇਨ੍ਹਾਂ ਦੇ ਡੀ.ਸੀ.ਸੀ. ਦੇ ਰੈਜ਼ੋਲਿਊਸ਼ਨ ਹਨ ਜਿਹੜੇ ਕਿ ਜਲੰਧਰ, ਲੁਧਿਆਣਾ ਅਤੇ ਅੰਮ੍ਰਿਤਸਰ ਨੇ ਪਾਸ ਕੀਤੇ ਹਨ ਕਿ ਬੜੀ ਮਾੜੀ ਸਰਕਾਰ ਹੈ, ਕੁਰੱਪਟ ਸਰਕਾਰ ਹੈ, ਮਨਾਰਟੀ ਦੀ ਕੋਈ ਸੰਭਾਲ ਨਹੀਂ ਕਰ ਰਹੀ।

On 29th October in the PPCC(I) meeting they discussed about the issue of withdrawal of party support to the Akali Ministry and law and order situation in the State.

ਇਹ ਇਨ੍ਹਾਂ ਦੀ ਸਟੇਟਮੈਂਟ ਹੈ, ਮੈਂ ਨਹੀਂ ਕੀਤੀ, ਜੇ ਮੈਂ ਕਹਾਂਗਾ ਤਾਂ ਇਹ ਕਹਿਣਗੇ ਕਿ ਇਹ ਬੋਲੀ ਜਾਂਦਾ ਹੈ। ਫਿਰ ਉਨ੍ਹਾਂ ਦਾ ਦਿੱਲੀ ਵਿਚ ਐਮ.ਪੀਜ਼ ਦਾ ਡੈਪੂਟੇਸ਼ਨ ਸਰਦਾਰ ਗੁਰਦਿਆਲ ਸਿੰਘ ਢਿੱਲੋਂ ਦੀ ਅਗਵਾਈ ਥਲੇ ਮਿਲਣ ਗਿਆ।

They said "that the Punjab Chief Minister, Mr. S. S. Barnala was not capable of delivering the goods".. ."They apprised Mr, Gandhi of the current situation in Punjab and pointed out that the Congress lent support to Mr. Barnala to enable him to stop wanton killing, arson and looting, but the Chief Minister had failed."

ਇਸ ਤੋਂ ਬਾਅਦ ਪੀ.ਸੀ.ਸੀ. ਦੀ ਮੀਟਿੰਗ ਹੋਈ ਉਨ੍ਹਾਂ ਨੇ ਰੈਜ਼ੋਲਿਊਸ਼ਨ ਪਾਇਆ ਕਿ ਸਪੋਰਟ ਵਿਦਡਰਾ ਕਰੋ। ਫਿਰ ਕਾਂਗਰਸ ਦੇ ਚੀਫ ਮਿਲੇ ਉਨ੍ਹਾਂ ਨੇ ਕਿਹਾ।

The Punjab Congress President said in a statement made on 1st December, 1986, which is as under :—

"The Barnala Government lacks the will and the capacity to control the law and order situation," the Congress leader said the Chief Minister should resign voluntarily for he had "no moral right" to continue in office. "If he does not resign, the Centre should intervene to save Punjab," he said.

The Prime Minister also says (Newspaper 16th December, 1986).

"Because of the character of the people in a State like Punjab, they will not put up with a wishy washy Government. They want to see authority. They want to see the man who is boss and acts like a boss. . If they do not see that then I do not think they will accept him as a leader."

[ਕੈਪਟਨ ਅਮਰਿੰਦਰ ਸਿੰਘ]

ਜੋ ਅਸੀਂ ਪਹਿਲਾਂ ਕਹਿੰਦੇ ਸੀ ਉਹ ਇਹ ਹੁਣ ਆਪ ਕਹਿ ਰਹੇ ਹਨ ਕਿ ਲੀਡਰਸ਼ਿਪ ਇਨ-ਇਫੈਕਟਿਵ ਹੈ ਔਰ ਇਸ ਮਸਲੇ ਦਾ ਹੱਲ ਪੁਲੀਟੀਕਲ ਹੈ। ਜਿਹੜੀਆਂ ਗੱਲਾਂ ਅਸੀਂ ਕੱਲ ਕਰਦੇ ਸੀ ਇਹ ਅੱਜ ਕਰ ਰਹੇ ਹਨ । ਇਹ ਕਹਿੰਦੇ ਰਹੇ ਹਨ ਕਿ law and order is the answer ਹੁਣ ਕਹਿੰਦੇ ਹਨ ਕਿ political solution is the answer ਜਦੋਂ ਪ੍ਰਾਈਮ ਮਨਿਸਟਰ ਨੇ ਕਹਿ ਦਿੱਤਾ ਕਿ ਪੁਲੀਟੀਕਲ ਸਲੂਸ਼ਨ ਹੈ ਪੰਜਾਬ ਸਿਚੂਏਸ਼ਨ ਦਾ ਤਾਂ ਹੁਣ ਇਹ ਸਾਰੇ ਪੁਲੀਟੀਕਲ ਸਲੂਸ਼ਨ ਹੀ ਕਹਿਣ ਲਗ ਪਏ ਹਨ। ਅਸੀਂ ਚਾਹੁੰਦੇ ਹਾਂ ਕਿ ਰਾਊਂਡ ਟੇਬਲ ਕਾਨਫਰੰਸ ਸੱਦੋ। ਇਹ ਵੀ ਕਹਿੰਦੇ ਹਨ ਕਿ ਰਾਊਂਡ ਟੇਬਲ ਕਾਨਫਰੰਸ ਨਹੀਂ ਹੋ ਸਕਦੀ ਤੇ ਦਿੱਲੀ ਵਾਲੇ ਕਹਿੰਦੇ ਹਨ ਕਿ ਨਹੀਂ ਹੋ ਸਕਦੀ। ਛੇ ਮਹੀਨਿਆਂ ਬਾਅਦ ਫਿਰ ਉਨ੍ਹਾਂ ਨੇ ਰਾਊਂਡ ਟੇਬਲ ਕਾਨਫਰੰਸ ਤੇ ਆ ਜਾਣਾ ਹੈ। ਸਪੀਕਰ ਸਾਹਿਬ, ਮੈਂ ਕਾਂਗਰਸ ਪਾਰਟੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ** ਨਾਲ ਸਪੋਰਟ ਕਰ ਰਹੇ ਹੋ। ਇਹ ਇਕ ਮਨਿਸਟਰ ਦਾ ਬਿਆਨ ਹੈ। ਉਸ ਨੇ 21 ਅਕਤੂਬਰ, 1986 ਨੂੰ ਇਹ ਬਿਆਨ ਦਿੱਤਾ ਸੀ।

(ਇਸ ਵਕਤ ਕਾਂਗਰਸ (ਆਈ) ਪਾਰਟੀ ਦੇ ਕਈ ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਸਪੀਕਰ ਸਾਹਿਬ ਨੇ ਸ੍ਰੀ ਜਗਜੀਤ ਸਿੰਘ ਨੂੰ ਅਲਾਓ ਕੀਤਾ।)

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਰਾਜਾ ਸਾਹਿਬ ਨੇ ਕਿਹਾ ਹੈ ਕਿ ** ਨਾਲ ਸਪੋਰਟ ਕਰ ਰਹੇ ਹਨ (ਵਿਘਨ) (ਸ਼ੋਰ) ਇਹ ਲਫ਼ਜ਼ ਐਕਸ-ਪੰਜ ਹੋਣੇ ਚਾਹੀਦੇ ਹਨ।

ਸ੍ਰੀ ਸਪੀਕਰ : ** ਦਾ ਲਫ਼ਜ਼ ਡਿਲੀਟ ਕਰ ਦਿੱਤਾ ਜਾਏ।

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਅਗਰ ਇਨ੍ਹਾਂ ਨੂੰ ਇਹ ਲਫ਼ਜ਼ ਠੀਕ ਨਹੀ, ਲਗਦਾ ਤਾਂ ਇਹ ਕੋਈ ਹੋਰ ਸ਼ਬਦ ਦੱਸ ਦੇਣ ਮੈਂ ਉਹ ਕਹਿ ਦਿੰਦਾ ਹਾਂ।

ਸ੍ਰੀ ਸਪੀਕਰ : ਕੈਪਟਨ ਸਾਹਿਬ, ਤੁਹਾਨੂੰ ਅੱਧਾ ਘੰਟਾ ਹੋ ਗਿਆ ਹੈ। ਹੁਣ ਤੁਸੀਂ ਵਾਈਂਡ ਅੱਪ ਕਰੋ।

ਕੈਪਟਨ ਅਮਰਿੰਦਰ ਸਿੰਘ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਲਫ਼ਜ਼ ਜਿਹੜਾ ਇਨ੍ਹਾਂ ਨੂੰ ਚੰਗਾ ਨਹੀਂ ਲਗਦਾ ਇਹੋ ਜਿਹੀ ਸਪੋਰਟ ਕਰ ਰਹੇ ਹਨ। ਮੈਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਉਹ ਕਹਿੰਦੇ ਹਨ ਕਿ ਅਸੀਂ ਤੁਹਾਡੀ ਸਪੋਰਟ ਲਈ ਨਹੀਂ ਅਤੇ ਨਾ ਹੀ ਸਾਨੂੰ ਲੋੜ ਹੈ; ਇਹ ਅਖਬਾਰਾਂ ਦੀ ਨਿਊਜ਼ ਹੈ ਮੈਂ ਨਹੀਂ ਕਹਿੰਦਾ।

On 21st October, 1986 the Punjab Agriculture Minister, Mr. Harbhajan Singh Sandhu told newsmen:

"that the Akali Dal had never approached the Congress(I) for support nor was the Barnala Government at the mercy of the Congress(I) leadership. The sooner the State Congress(I) leadership realised this fact the better it would be for everybody concerned."

Then the General Secretary of the Congress(I) said on 22nd October, 1986 that;

"It is the Chief Minister who knows why the Congress(I) support was and is being given to him without his asking for it."

**Expunged as ordered by the Chair.

Then again on 23rd October, 1986 the Punjab Agriculture Minister, Mr. Harbhajan Singh Sandhu, reiterated.

"that the Barnala Government had neither asked for nor needed the support of the Congress(I) to stay in office."

ਤੁਸੀਂ ਮੱਲੋ ਮੱਲੀ ਸਪੋਰਟ ਕਰੀ ਜਾਂਦੇ ਹੋ। ਅਸੀਂ ਇਹ ਸਮਝਦੇ ਹਾਂ ਕਿ ਇਸ ਦਾ ਮਤਲਬ ਇਹ ਹੋਇਆ ਕਿ ਇਹ ਜਿਹੜਾ ਵਾਕ ਆਊਟ ਕਰਦੇ ਹਨ ਜਾਂ ਇਹੋ ਜਿਹੇ ਬਿਆਨ ਦੇਣਾ, ਕਾਲ ਅਟੈਨ-ਸ਼ਨਾਂ ਦੇਣੀਆਂ ਜਾਂ ਐਡਜਰਨਮੈਂਟ ਮੋਸ਼ਨਾਂ ਦੇਣੀਆਂ ਇਹ ਸਭ ਚੀਜ਼ਾਂ ਲੋਕਾਂ ਨੂੰ ਗੁੰਮਰਾਹ ਕਰਨ ਵਾਸਤੇ ਕਰਦੇ ਹਨ। ਪਹਿਲਾਂ ਮਾੜਾ ਕਹਿ ਦਿੰਦੇ ਹਨ ਫਿਰ ਸਪੋਰਟ ਦਿੱਤੀ ਜਾਂਦੇ ਹਨ। ਅਸੀਂ ਹੈਰਾਨ ਹਾਂ ਇਸ ਗੱਲ ਤੇ ਕਿ ਇਹ ਉਨ੍ਹਾਂ ਤੇ ਅਟੈਕ ਕਰੀ ਜਾਂਦੇ ਹਨ ਅਤੇ ਉਹ ਇਨ੍ਹਾਂ ਤੇ। ਇਹ ਸਭ ਦਿਖਾਵਾ ਹੈ। ਕੱਲ ਨੂੰ ਪਤਾ ਨਹੀਂ ਇਹ ਆਲ ਪਾਰਟੀ ਗੌਰਮਿੰਟ ਬਣਾਉਣ ਲਈ ਸੋਚ ਰਹੇ ਹਨ, ਅਸੀਂ ਤਾਂ ਸ਼ਾਮਲ ਨਹੀਂ ਹੋਣਾ ਇਨ੍ਹਾਂ ਦੀ ਆਲ ਪਾਰਟੀ ਗੌਰਮਿੰਟ ਵਿਚ, ਪਰ ਇਨ੍ਹਾਂ ਨੇ ਬਣਾ ਲੈਣੀ ਹੈ। ਇਨ੍ਹਾਂ ਦਾ ਹੁਣ ਇਹ ਹਾਲ ਹੈ ਕਿ ਲੜਦੇ ਰਹਿੰਦੇ ਹਨ ਪਰ ਜਦੋਂ ਵਿਆਹ ਹੋ ਗਿਆ ਪਤਾ ਨਹੀਂ ਕੀ ਹੋਵੇਗਾ ? ਇਹ ਤਾਂ ਲਾਈਟ ਵੇਨ ਵਿਚ ਗੱਲ ਕੀਤੀ ਹੈ ਲੇਕਿਨ ਹਾਲਾਤ ਇਹ ਹਨ ਕਿ ਅਸੀਂ ਕਹਿ ਰਹੇ ਹਾਂ ਕਿ ਇਥੇ ਦੇ ਹਾਲਾਤ ਇੰਨੇ ਵਿਗੜ ਗਏ ਹਨ ਇਹ ਗੱਲ ਨਹੀਂ ਲੋਕਾਂ ਨੂੰ ਗੁੰਮਰਾਹ ਕਰਨਾ। ਲੋਕਾਂ ਨੂੰ ਕੁਝ ਕਹਿਣਾ, ਸਟੇਟਮੈਂਟ ਕੁਝ ਹੋਰ ਦੇਣੀ। ਅਸੀਂ ਜੇ ਗੁਨਾਹਗਾਰ ਹਾਂ ਤਾਂ ਫੜੋ ਸਾਨੂੰ। ਮੈਂ ਕਹਿੰਦਾ ਹਾਂ ਮੁੱਖ ਮੰਤਰੀ ਜੀ ਨੂੰ ਕਿ ਅੱਜ ਅਸੀਂ ਚਲੇ ਹਾਂ ਫੜ ਲਓ ਸਾਨੂੰ ਔਰ ਜੇ ਅਸੀਂ ਗੁਨਾਹਗਾਰ ਨਹੀਂ ਤਾਂ ਕਿਉਂ ਇਸ ਤਰ੍ਹਾਂ ਕਰਦੇ ਹੋ। ਠੀਕ ਕੰਮ ਲਈ ਅਸੀਂ ਗੌਰਮਿੰਟ ਦੀ ਬੇਹੱਦ ਸਪੋਰਟ ਕਰਨ ਨੂੰ ਤਿਆਰ ਹਾਂ। ਅਸੀਂ ਤੁਹਾਡੇ ਨਾਲ ਕਦਮ ਚੁੱਕਣ ਲਈ ਤਿਆਰ ਹਾਂ ਪਰ ਇਹ ਵਧੀਕੀਆਂ ਨਹੀਂ ਚਲਣ ਦੇਣੀਆਂ।

ਮੈਂ ਬਾਰਡਰ ਦੀ ਗੱਲ ਕਰਨੀ ਹੈ, ਅਸੀਂ ਸਾਰੇ ਪੜ੍ਹੇ ਲਿਖੇ ਹਾਂ। ਲੋਕ ਕਹਿੰਦੇ ਹਨ ਕਿ ਪਾਕਿਸਤਾਨ ਦਾ ਬਾਰਡਰ ਬੰਦ ਕਰੋ। ਮੈਂ ਕਹਿੰਦਾ ਹਾਂ ਕਿ ਅਗਰ ਪਾਕਿਸਤਾਨ ਦਾ ਬਾਰਡਰ ਬੰਦ ਹੁੰਦਾ ਹੈ ਤਾਂ ਪਾਕਿਸਤਾਨ ਤਾਂ ਇਹ ਚਾਹੁੰਦਾ ਹੈ ਕਿ ਇਨ੍ਹਾਂ ਦੇ ਮਾਈਗਰੇਸ਼ਨ ਪ੍ਰਾਬਲਮ ਚਲ ਪਏ ਤਾਂਕਿ ਇਹ ਇਧਰ ਉਧਰ ਚਲੇ ਜਾਣ। ਸਲਕਨ ਐਟਮਾਸਫ਼ੀਅਰ ਬਣੇ। ਅਸੀਂ ਕਿਹਾ ਕਿ ਇਹ ਬੰਦ ਕਰੋ। ਇਨ੍ਹਾਂ ਦਾ ਗੁੱਸਾ ਕਿਸੇ ਤੇ ਹੁੰਦਾ ਹੈ ਤੇ ਕੱਢਦੇ ਕਿਸੇ ਹੋਰ ਤੇ ਹਨ। ਇਨ੍ਹਾਂ ਤੋਂ ਅਸਲ ਤਾਂ ਫੜੇ ਨਹੀਂ ਜਾਂਦੇ ਫਿਰ ਇਹ ਇਨੋਸੈਂਟ ਨੌਜਵਾਨਾਂ ਤੇ ਬਦਲੇ ਕਢਦੇ ਹਨ। ਸਿੱਟਾ ਇਹ ਨਿਕਲਦਾ ਹੈ ਕਿ ਇਕ ਦੀ ਥਾਂ ਤੇ ਪੰਜ ਖੜ੍ਹੇ ਹੋ ਜਾਂਦੇ ਹਨ। ਫਿਰ ਉਹ ਆਪਣਾ ਗੁੱਸਾ ਪਾਲੀਟੀਸ਼ੀਅਨਜ਼ ਤੇ, ਪੁਲੀਸ ਤੇ ਕੱਢਦੇ ਹਨ। ਮੈਂ ਕਹਿੰਦਾ ਹਾਂ ਕਿ ਇਹ ਠੀਕ ਨਹੀਂ। ਅਸੀਂ ਦਿੱਲੀ ਦੀ ਸਰਕਾਰ ਨੂੰ ਕਨਸਟਰਕ-ਟਿਵ ਸੁਜੈਸ਼ਨ ਦਿੱਤੀ ਹੈ ਕਿ ਵਿਸ਼ੀਅਸ ਸਰਕਲ ਤੋੜੋ । ਸਟੇਟ ਦੀ ਟੈਰੋਰਿਜ਼ਮ ਨੂੰ ਤੋੜੋ, ਇੰਡੀ-ਵਿਜੁਅੱਲ ਆਪਣੇ ਆਪ ਮਰ ਜਾਏਗੀ। ਸਾਰੇ ਬਿਆਨ ਇਹ ਦਿੰਦੇ ਹਨ ਕਿ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਮਾੜੀ ਹੈ। ਮੈਂ ਕਹਿੰਦਾ ਹਾਂ ਕਿ ਤੁਸੀਂ ਵੇਖੋ ਮਸਲਾ ਕੀ ਹੈ ? ਇਹ ਸਿੱਖ ਮਸਲਾ ਹੈ ਔਰ 1981 ਤੋਂ ਚਲ ਰਿਹਾ ਹੈ। ਇਸ ਨੂੰ ਸਿੱਖ ਪਾਰਟੀ ਜੋ ਅਕਾਲੀ ਦਲ ਹੈ, ਸਿੱਖ ਜਮਾਤ ਇਸ ਦਾ ਸਾਹਮਣਾ ਕਰ ਸਕਦੀ ਹੈ। ਇਹ ਪ੍ਰੈਜ਼ੀਡੈਂਟ ਰੂਲ ਦੀ ਗੱਲ ਕਰਦੇ ਹਨ। ਇਸ ਵਿਚ ਕੀ ਫ਼ਰਕ ਹੈ, ਪਹਿਲਾਂ ਕੀ ਇਹ ਰੂਲ ਨਹੀਂ ਸੀ? ਗੌਰਮਿੰਟ ਚਾਹੇ ਬਰਨਾਲਾ ਨੂੰ ਦਿਓ ਜਾਂ ਕਿਸੇ ਹੋਰ ਨੂੰ ਇਹ ਤਾਂ ਆਪ ਉਹ ਹੀ ਤਸ਼ੱਦਦ ਕਰਨਗੇ, ਉਹ ਹੀ ਕਰਨਗੇ। ਅਗਰ ਤੁਸੀਂ ਲੋਕ ਰਾਜ ਨਾਲ ਸਭ ਕੁਝ ਕਰੋਗੇ ਤਾਂ ਹੋ ਸਕਦਾ ਹੈ। ਇਹ ਤਾਂ ਗੱਲ ਤੁਸੀਂ ਕੋਈ ਮੰਨਣ ਨੂੰ ਤਿਆਰ ਨਹੀਂ ਹੋ । ਤੁਸੀਂ ਸਾਰੇ ਲਾਅ ਐਂਡ ਆਰਡਰ ਮਸ਼ੀਨਰੀ ਨੂੰ ਇਸ ਪਾਸੇ ਚਲਾ ਰਹੇ ਹੋ। ਪਰ ਮੈਂ ਇਕ ਗੱਲ ਦੱਸ ਦਿੰਦਾ ਹਾਂ ਕਿ

[ਕੈਪਟਨ ਅਮਰਿੰਦਰ ਸਿੰਘ]
ਹਾਲੇ ਇਥੇ ਟੈਰੋਰਿਜ਼ਮ ਡੀਪ ਰੂਟਿਡ ਨਹੀਂ ਹੈ ਲੇਕਿਨ ਜੇਕਰ ਇਹ ਇਸ ਤਰ੍ਹਾਂ ਹੀ ਕੰਮ ਕਰਦੇ ਰਹੇ ਤਾਂ ਇਹ ਡੀਪ ਰੂਟਿਡ ਹੋ ਜਾਣਾ ਹੈ ਔਰ ਫਿਰ ਟੈਰੋਰਿਜ਼ਮ ਨੂੰ ਕੋਈ ਕੱਢ ਨਹੀਂ ਸਕਦਾ। ਇਸ ਲਈ ਅਸੀਂ ਤੁਹਾਡੇ ਨਾਲ ਹਾਂ, ਗਲਤ ਗੱਲਾਂ ਨਾ ਕਰੋ। ਪਹਿਲਾਂ ਤਾਂ ਤੁਸੀਂ ਸਾਡੇ ਬੰਦੇ ਛੁਡਵਾਓ। ਸੰਤ ਹਰਚੰਦ ਸਿੰਘ ਨੇ ਅਕਾਰਡ ਸਾਈਨ ਕੀਤਾ ਉਨ੍ਹਾਂ ਨੇ ਪਾਰਟੀ ਔਰ ਪੰਜਾਬ ਦੇ ਲੋਕਾਂ ਵਲੋਂ ਸਾਈਨ ਕੀਤਾ ਸੀ। ਸਾਨੂੰ ਇਹ ਨਹੀਂ ਪਤਾ ਲਗਦਾ ਕਿ ਕਿਸ ਦੀ ਜ਼ਿਮੇਵਾਰੀ ਹੈ ਉਸ ਨੂੰ ਇੰਪਲੀਮੈਂਟ ਕਰਨ ਦੀ। ਅਸੀਂ ਸਮਝਦੇ ਹਾਂ ਕਿ ਪ੍ਰਧਾਨ ਮੰਤਰੀ ਦੀ ਜ਼ਿਮੇਵਾਰੀ ਹੈ। ਪਰ ਉਨ੍ਹਾਂ ਦੀ ਆਕਲੈਂਡ ਵਿਚ ਸਟੇਟਮੈਂਟ ਹੈ :—

"The Punjab Accord could have been fully implemented by now but for a request from the Akali Dal Government to go slow on the implementation of certain provisions of the Accord to avoid problems"-

ਇਹ ਮੁੱਖ ਮੰਤਰੀ ਸਾਨੂੰ ਦੱਸਣ ਕਿ ਕੀ ਪ੍ਰਾਬਲਮ ਸੀ ਜਿਸ ਨੂੰ ਇਹ ਅਵਾਇਡ ਕਰਨਾ ਚਾਹੁੰਦੇ ਸੀ ? ਇਹ ਜ਼ਿਮੇਵਾਰੀ ਪ੍ਰਧਾਨ ਮੰਤਰੀ ਦੀ ਸੀ। ਅਗਰ ਚੀਫ਼ ਮਨਿਸਟਰ ਬਰਨਾਲਾ ਨਹੀਂ ਸੀ ਚਾਹੁੰਦੇ ਤਾਂ ਸਿੱਧਾ ਐਲਾਨ ਕਰਨ। ਲੋਕਾਂ ਨਾਲ ਕਮਿੱਟਮੈਂਟ ਹੈ, ਪੰਜਾਬ ਦੇ ਲੋਕਾਂ ਨਾਲ ਕਮਿੱਟ-ਮੈਂਟ ਹੈ। ਅਗਰ ਇਹ ਮੁੱਖ ਮੰਤਰੀ ਨਹੀਂ ਚਾਹੁੰਦੇ ਉਨ੍ਹਾਂ ਦੀਆਂ ਕੁਝ ਗੱਲਾਂ ਹੋਣਗੀਆਂ ਤਾਂ ਇਹ ਉਨ੍ਹਾਂ ਬਾਰੇ ਐਲਾਨ ਕਰਨ। ਲੋਕ ਚਾਹੁੰਦੇ ਹਨ। ਵੈਸੇ ਵੀ ਇਹ ਕਿਸ ਕਿਸਮ ਦਾ ਸੌਦਾ ਹੈ 25 ਹਜ਼ਾਰ ਏਕੜ ਲੈ ਕੇ, ਤੁਸੀਂ ਬਾਜ਼ਾਰ ਵਿਚ ਜਾਓ, ਤੁਸੀਂ ਦੋ ਰੁਪਏ ਦੀ ਚੀਜ਼ ਹੈ ਤਾਂ ਦੋ ਰੁਪਏ ਹੀ ਦਿਉਗੇ। ਇਥੇ 25 ਹਜ਼ਾਰ ਏਕੜ ਲੈ ਕੇ 70 ਹਜ਼ਾਰ ਏਕੜ ਦੇਣ ਨੂੰ ਤਿਆਰ ਹੋ ਗਏ, ਇਹ ਕਿਸ ਕਿਸਮ ਦਾ ਸੌਦਾ ਹੈ। ਫਿਰ ਇਰਾਦੀ ਕਮਿਸ਼ਨ ਲੈ ਲਓ। ਪਾਣੀ ਦੇ ਮਸਲੇ ਵੱਲ ਆ ਜਾਓ, ਇਹ ਕਿਸ ਕਿਸਮ ਦਾ ਫੈਸਲਾ ਹੋ ਰਿਹਾ ਹੈ। 32 ਮਿਲੀਅਨ ਏਕੜ ਹੈ ਪਾਣੀ, ਸਾਡਾ ਪਾਣੀ ਪਾਕਿਸਤਾਨ ਨੂੰ ਜਾਣ ਲਗ ਗਿਆ ਹੈ, ਸਾਨੂੰ ਨਹੀਂ ਪਤਾ ਸਾਨੂੰ ਕਿੰਨਾਂ ਮਿਲੇਗਾ। ਹਾਲੇ ਰਾਜਿਸਥਾਨ ਦੀ ਨਹਿਰ ਚਾਲੂ ਨਹੀਂ ਹੋ ਗਈ। ਐਸ.ਵਾਈ.ਐਲ. ਵਿਚ ਪਾਣੀ ਨਹੀਂ ਜਾਣ ਲਗਾ। ਚਾਰ ਜ਼ਿਲ੍ਹੇ ਹਨ, ਫਰੀਦਕੋਟ, ਸੰਗਰੂਰ, ਬਠਿੰਡਾ ਔਰ ਫਿਰੋਜ਼ਪੁਰ। ਜਦੋਂ ਉਨ੍ਹਾਂ ਲੋਕਾਂ ਦੇ ਬੱਚੇ ਰੋਟੀ ਤੋਂ ਭੁੱਖੇ ਮਰਨਗੇ ਤਾਂ ਤੁਸੀਂ ਉਨ੍ਹਾਂ ਨੂੰ ਕੀ ਕਹੋਗੇ ਕਿ ਇਰਾਦੀ ਨੇ ਇਹ ਫੈਸਲਾ ਕੀਤਾ ਹੈ ? ਫਿਰ ਇਕ ਲੋਕਾਂ ਦਾ ਇਸ ਤਰ੍ਹਾਂ ਦਾ ਮਨ ਬਣ ਜਾਣਾ ਹੈ, ਉਹ ਨਹੀਂ ਸਾਂਭ ਸਕੋਗੇ। ਅੱਜ ਤੁਸੀਂ ਸ਼ਾਂਤੀ ਲਈ ਘੁੰਮ ਰਹੇ ਹੋ। ਹਾਂ ਕਰ ਲਓ। ਦੋ ਚਾਰ ਮਹੀਨੇ ਚਲਣਗੇ ਪਰ ਜਦੋਂ ਤਾਈਂ ਕਾਂਸਟੀਚਿਊਸ਼ਨ ਵਿਚ ਹੱਕ ਸਾਡੇ ਜੋ ਹਨ ਉਨ੍ਹਾਂ ਦੀ ਪ੍ਰੋਟੈਕਸ਼ਨ ਨਹੀਂ ਕਰੋਗੇ ਉਦੋਂ ਤਕ ਪੰਜਾਬ ਨਾਲ਼ ਇਨਸਾਫ ਨਹੀਂ ਹੋਵੇਗਾ। ਤੁਸੀਂ ਵੇਖੋ ਪਾਣੀ ਤਾਂ ਉਧਰ ਚਲੇ ਜਾਣਾ ਹੈ, ਪਾਣੀ ਰਾਜਿਸਥਾਨ ਵਿਚ ਚਲੇ ਜਾਣਾ ਹੈ, ਤੁਸੀਂ ਦੂਰਅੰਦੇਸ਼ ਹੋਵੋ। ਇਹ ਨਾ ਵੇਖੋ ਕਿ ਚਾਰ ਮਹੀਨੇ ਕਿਸ ਤਰ੍ਹਾਂ ਸਰਕਾਰ ਚਲਾਉਣੀ ਹੈ।

ਸ੍ਰੀ ਸਪੀਕਰ : ਤੁਸੀਂ ਟਾਈਮ ਜਿਤਨਾ ਲੈਣਾ ਹੈ, ਉਤਨਾ ਹੀ ਘਟਣਾ ਹੈ। ਬੀ ਬਰੀਫ। ਕਨਕਲੂਡ ਕਰੋ।

ਕੈਪਟਨ ਅਮਰਿੰਦਰ ਸਿੰਘ : ਸਾਰੀਆਂ ਗੱਲਾਂ ਪੰਜਾਬ ਦੇ ਹਾਲਾਤ ਨਾਲ ਸਬੰਧ ਰੱਖਦੀਆਂ ਹਨ। ਅੱਜ 35% ਇੰਡਸਟਰੀ ਸਿੱਕ ਪਈ ਹੈ, ਕੀ ਤੁਹਾਨੂੰ ਪਤਾ ਹੈ ? ਸਾਢੇ ਛੇ ਲੱਖ ਪੜ੍ਹੇ ਲਿਖੇ ਨੌਜਵਾਨ ਹਰ ਸਾਲ ਨੌਕਰੀ ਭਾਲਣ ਲਈ ਅੱਗੇ ਆਉਂਦੇ ਹਨ। ਸਾਢੇ ਚਾਰ ਲੱਖ ਮੈਟਰਿਕ ਤੋਂ ਬਾਅਦ, 1.57 ਲੱਖ ਦੇ ਕਰੀਬ ਗਰੈਜੂਏਟ ਤੇ ਪੋਸਟ ਗਰੈਜੂਏਟ ਹੁੰਦੇ ਹਨ। ਇਹ ਨਾ ਸਮਝੋ ਕਿ ਸਾਡੀ ਪਾਰਟੀ ਕੋਈ ਗਲਤ ਗੱਲ ਕਰ ਰਹੀ ਹੈ, ਇਹ ਫੈਕਟਸ ਹਨ। ਇਸ ਵਾਸਤੇ ਕਹਿੰਦੇ ਹਾਂ ਕਿ ਜਿਸ ਤਰੀਕੇ ਨਾਲ

ਪੰਜਾਬ ਨੂੰ ਹੈਂਡਲ ਕਰਨਾ ਚਾਹੁੰਦੇ ਹੋ, ਇਹ ਠੀਕ ਨਹੀਂ ਹੈ। ਅਸੀਂ ਕਹਿੰਦੇ ਹਾਂ ਕਿ ਅਸੀਂ ਬੈਠੇ ਹਾਂ। ਅਸੀਂ ਪੰਜਾਬ ਵਿਚ ਸ਼ਾਂਤੀ ਚਾਹੁੰਦੇ ਹਾਂ। ਅਸੀਂ ਤਾਂ ਕਹਿੰਦੇ ਹਾਂ ਕਿ ਸਾਡੇ ਬੱਚਿਆਂ ਦਾ ਭਵਿੱਖ ਬਣਾਓ। ਅਸੀਂ ਸਮਝਦੇ ਹਾਂ ਕਿ ਇਥੇ ਇਹ ਹੋ ਸਕਦਾ ਹੈ ਕਿ ਜੋ ਤਰੀਕਾ ਅਸੀਂ ਕਿਹਾ ਹੈ ਉਹ ਵਰਤੋ। ਪਿਆਰ ਨਾਲ ਗੱਲ ਕਰੋ, ਡੰਡੇ ਨਾਲ ਨਹੀਂ ਕਰ ਸਕਦੇ। ਇਹ ਬੇਨਤੀ ਸੀ ਹਾਊਸ ਨੂੰ ਔਰ ਮੈਂ ਚਾਹਵਾਂਗਾ ਕਿ ਸਾਡੇ ਪਾਰਟੀ ਦੇ ਹੋਰ ਸੱਜਣਾਂ ਨੇ ਬੋਲਣਾ ਹੈ ......

ਸ਼੍ਰੀ ਸਪੀਕਰ : 40 ਮਿੰਟ, ਕੈਪਟਨ ਸਾਹਿਬ, ਹੋ ਗਏ ਹਨ, ਜੇਕਰ ਕੁਝ ਰਹਿੰਦਾ ਹੈ ਤਾਂ ਇਕ ਅੱਧੇ ਮਿੰਟ ਵਿਚ ਆਖ ਲਵੋ।

ਕੈਪਟਨ ਅਮਰਿੰਦਰ ਸਿੰਘ : ਮੈਂ ਹੋਰ ਕੋਈ ਗੱਲ ਨਹੀਂ ਕਹਿਣੀ। ਬੇਨਤੀ ਹੈ ਕਿ ਪੰਜਾਬ ਦਾ ਮਸਲਾ ਹੈ, ਗੰਭੀਰ ਮਸਲਾ ਹੈ, ਲਾਈਟ ਵੇਨ ਵਿਚ ਗੱਲ ਕੋਈ ਕਹੀ ਗਈ ਹੋਵੇਗੀ। ਜੇ ਚਾਹੁੰਦੇ ਹੋ, ਦੋ ਕੌਮਾਂ ਹਨ, ਪਹਿਲੀ ਪਾਤਸ਼ਾਹੀ ਤੋਂ ਲੈ ਕੇ ਜਦੋਂ ਤੋਂ ਸਿੱਖ ਕੌਮ ਨੂੰ ਮੌਕਾ ਦਿੱਤਾ ਹੈ ਸੇਵਾ ਦਾ ਇਹ ਦੋਵੇਂ ਹਿੰਦੂ ਤੇ ਸਿੱਖ, ਇਕੱਠੇ ਚਲਦੇ ਆ ਰਹੇ ਹਨ, ਇਕੱਠੇ ਰਹੀਏ। ਪਾਲੀਟੀਸ਼ਨਾਂ ਦੀਆਂ ਆਪਣੀਆਂ ਕੁਰਸੀਆਂ ਕਰਕੇ ਕੋਈ ਐਸੀ ਗੱਲ ਨਹੀਂ ਹੋਣੀ ਚਾਹੀਦੀ। ਅਸੀਂ ਇਕੱਠੇ ਹੋ ਕੇ ਪੰਜਾਬ ਦਾ ਮਸਲਾ ਹੱਲ ਕਰੀਏ। ਧੰਨਵਾਦ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਪੁਆਇੰਟ ਆਫ਼ ਆਰਡਰ, ਸਰ।

ਸ਼੍ਰੀ ਸਪੀਕਰ : ਕੀ ਪੁਆਇੰਟ ਆਫ ਆਰਡਰ ਹੈ, ਦੱਸੋ ?

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ** ** **

ਸ਼੍ਰੀ ਸਪੀਕਰ : ਤੁਸੀਂ ਤਾਂ ਪ੍ਰੋਫੈਸਰ ਰਹੇ ਹੋ। ਪੜ੍ਹੇ ਲਿਖੇ ਹੋ। This is no point of order.

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸਪੀਕਰ ਸਾਹਿਬ, ਸਦਨ ਦੇ ਸਾਹਮਣੇ ਇਕ ਬੜਾ ਗੰਭੀਰ ਮਸਲਾ ਹੈ ਔਰ ਗੌਰਮਿੰਟ ਨੇ ਇਸ ਮਸਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਅੱਜ ਦਾ ਦਿਨ ਖੁਲ੍ਹੇ ਦਿਲ ਨਾਲ ਰੱਖਿਆ ਹੈ। ਤੁਸੀਂ ਵੀ ਬਹੁਤ ਅੱਛਾ ਕੀਤਾ ਹੈ, ਪਾਰਟੀਜ਼ ਨੂੰ ਬਹੁਤ ਜ਼ਿਆਦਾ ਟਾਈਮ ਅਲਾਟ ਕੀਤਾ ਹੈ। ਜਿਸ ਕਿਸਮ ਦਾ ਪੰਜਾਬ ਤੇ ਕਰਾਈਸਿਜ਼ ਆਇਆ ਹੈ ਅਸੀਂ ਸਮਝਦੇ ਹਾਂ ਕਿ ਅੱਗੇ ਕਦੇ ਐਸਾ ਕਰਾਈਸਿਜ਼ ਨਹੀਂ ਸੀ ਆਇਆ। ਮੁਗਲ ਰਾਜ ਵੇਲੇ ਕਰਾਈਸਿਜ਼ ਆਇਆ ਪਰ ਉਸ ਵਿਚ ਫਾਰਨ ਕਾਂਸਪੀਰੇਸੀ ਨਹੀਂ ਸੀ, ਫਾਰਨ ਇੰਟਰਵੈਨਸ਼ਨ ਨਹੀਂ ਸੀ। ਹੁਣ ਵਾਲੇ ਕਰਾਈ-ਸਿਜ਼ ਵਿਚ ਫਾਰੇਨ ਇੰਟਰਵੈਨਸ਼ਨ ਹੈ ਔਰ ਫਾਰੇਨ ਕਾਂਸਪੀਰੇਸੀ ਹੈ ਔਰ ਬਹੁਤ ਸਾਰੀਆਂ ਫਾਰਨ ਸ਼ਕਤੀਆਂ ਦਾ ਇੰਡੀਆ ਨੂੰ ਡੀਸਟੇਬਲ ਕਰਨ ਦਾ ਪਲਾਟ ਹੈ। ਬਹੁਤ ਮੁਸ਼ਕਲ ਹੈ। ਬਹੁਤ ਕਤਲ ਹੋਏ, ਬਹੁਤ ਟੈਰਾਰਿਸਟਾਂ ਨੇ ਮਾਸੂਮਾਂ ਨੂੰ ਕਤਲ ਕੀਤਾ। ਕੱਲ੍ਹ ਦੀ ਗੱਲ ਹੈ ਜਦੋਂ ਵਾਕ ਆਊਟ ਕਰ ਗਏ ਇਹ ਪਾਰਟੀ ਵਾਲੇ। ਜਿਹੜਾ ਅਜਨਾਲੇ ਦਾ ਕਤਲ ਸੀ, ਇਸ ਕਿਸਮ ਦਾ ਵਾਕਿਆਤ, ਏਨਾ ਦਰਦਨਾਕ ਹੈ, ਜਿਸ ਨੂੰ ਕੋਈ ਵੀ ਧਰਮ, ਕੋਈ ਵੀ ਇੰਡੀਵਿਜੁਅਲ ਬਰਦਾਸ਼ਤ ਨਹੀਂ ਕਰ ਸਕਦਾ। ਮੇਰੀ ਆਪਣੀ ਕਾਂਸਟੀਚਿਊਐਂਸੀ ਵਿਚ, ਸਪੀਕਰ ਸਾਹਿਬ, ਤਿੰਨਾਂ ਪਿੰਡਾਂ ਵਿਚ ਅੱਠ ਆਦਮੀ ਮਾਰੇ ਗਏ। ਇਕ ਮੱਲੀਆਂ ਕਲਾਂ ਪਿੰਡ ਹੈ, ਉਥੇ ਇਕ ਨਾਈ ਸੀ, ਉਹ ਕਿਸੇ ਦਾ ਸਿਰ ਮੁੰਨ ਰਿਹਾ ਸੀ, ਉਸ ਨੂੰ ਮਾਰ ਦਿੱਤਾ। ਜਿਸ ਦਾ ਸਿਰ ਮੁੰਨ ਰਿਹਾ ਸੀ ਉਸ ਨੂੰ ਮਾਰ ਦਿੱਤਾ। ਇਕ

**Expunged as ordered by the Chair.

[ਵਿੱਤ ਮੰਤਰੀ]

ਟੀ.ਮੈਟ ਬਿਜਲੀ ਬੋਰਡ ਦਾ ਛੋਟਾ ਮੁਲਾਜ਼ਮ ਕੋਈ 45 ਸਾਲਾਂ ਦਾ ਸਾਈਕਲ ਤੇ ਜਾ ਰਿਹਾ ਸੀ, ਉਸ ਨੂੰ ਮਾਰ ਦਿੱਤਾ, ਉਹ ਗਰੀਬ ਆਦਮੀ ਸੀ। ਅਗਲੇ ਪਿੰਡ ਗਏ ਤਾਂ ਮਾਂ ਰੋਈ ਜਾਵੇ। ਉਹ ਕਹਿਣ ਲੱਗੀ ਬਲਵੰਤ ਸਿਆਂ ਮੈਂ ਦਸਾਂ ਵਰਿਆਂ ਦੀ ਸੀ ਜਦੋਂ ਮਾਂ ਰੰਡੀ ਹੋਈ ਸੀ। ਅੱਜ ਇਹ ਭਾਣਾ ਵਰਤ ਗਿਆ ਹੈ। ਫਿਰ ਗਿੱਲ ਪਿੰਡ ਸੀ ਉਥੇ ਜੱਟ ਦਾ ਪੁੱਤ ਸੀ। ਪੰਜ ਭੈਣਾਂ ਉਸ ਦੀਆਂ ਹਨ, ਇਕੱਲਾ ਪੁੱਤ ਸੀ, ਉਸ ਨੂੰ ਮਾਰ ਕੇ ਚਲੇ ਗਏ। ਪੰਜੇ ਭੈਣਾਂ ਉਸ ਦੀ ਲਾਸ਼ ਤੇ ਚੰਬੜੀਆ ਹੋਈਆਂ। ਕਾਰਨ ਵੀ ਦੱਸਾਂਗਾ ਕੀ ਹਨ? ਮਹਾਰਾਜਾ ਸਾਹਿਬ ਨੇ ਦੱਸਿਆ ਸੀ, ਮੈਂ ਸਹਿਮਤ ਹਾਂ। ਮੈਂ ਇਹ ਕਹਿਣਾ ਚਾਹਵਾਂਗਾ ਕਿ ਇਹ ਜਿਹੜੇ ਹਾਲਾਤ ਹਨ ਇਹ ਠੀਕ ਨਹੀਂ ਹਨ। ਕੁਝ ਲੋਕ ਬਾਰਡਰ ਤੋਂ ਵੀ ਆਉਂਦੇ ਹਨ, ਉਹ ਹਿੰਦੁਸਤਾਨ ਦੇ ਲੋਕ ਹਨ ਉਨ੍ਹਾਂ ਨੂੰ ਜੇ ਬੀ.ਐਸ.ਐਫ. ਵਾਲੇ ਮਾਰਦੇ ਹਨ ਅਸੀਂ ਉਸ ਨੂੰ ਵੀ ਵੇਖਣਾ ਹੈ। ਅਸੀਂ ਇਸ ਵਾਸਤੇ ਇਕ ਕਮੇਟੀ ਵੀ ਬਣਾਈ ਹੈ ਔਰ ਉਸ ਨੇ ਰਿਪੋਰਟ ਵੀ ਦੇ ਦਿੱਤੀ ਹੈ। ਕੋਈ ਨੈਸ਼ਨਲ ਲਾਅ ਜਾਂ ਇੰਟਰਨੈਸ਼ਨਲ ਲਾਅ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਜਿਹੜਾ ਅੰਦਰ ਆਏ ਉਸ ਨੂੰ ਮਾਰ ਦਿੱਤਾ ਜਾਵੇ। ਫਿਰ ਜੇ ਪੰਜਾਬ ਦੇ ਬਾਰਡਰ ਤੇ ਆਏ ਤਾਂ ਮਾਰ ਦਿੱਤਾ ਜਾਵੇ ਔਰ ਜੇ ਬੰਗਲਾ ਦੇਸ਼ ਦੇ ਬਾਰਡਰ ਤੇ ਆਵੇ ਨਾ ਮਾਰਿਆ ਜਾਵੇ। ਇਹ ਬਹੁਤ ਵੱਡੇ ਕਰਾਈਸਿਜ਼ ਹਨ। ਪਰ ਇਸ ਦੇ ਬਾਵਜੂਦ ਵੀ ਮੈਂ ਇਥੇ ਇਹ ਦੱਸਣਾ ਚਾਹੁੰਦਾ ਹਾਂ ਕਿ ਪੰਜਾਬੀਅਤ ਦੀ ਜਿਹੜੀ ਬੇਸਿਕ ਸਟਰੈਂਥ ਹੈ ਉਸ ਤੇ ਸਾਨੂੰ ਬੜਾ ਮਾਣ ਹੈ ਕਿ ਅੱਜ ਤਕ ਪੰਜਾਬ ਵਿਚ ਕਮਿਊਨਲ ਰਾਇਟਸ ਨਹੀਂ ਹੋਏ। ਪੰਜਾਬ ਤੋਂ ਬਾਹਰ ਤਾਂ ਹੋਏ ਹਨ, ਦਿੱਲੀ ਵਿਚ ਹੋਏ ਹਨ, ਕਾਨਪੁਰ ਵਿਚ ਹੋਏ ਹਨ, ਬਿਹਾਰ ਵਿਚ ਹੋਏ ਹਨ, ਹੋਰ ਕਈ ਜਗ੍ਹਾਂ ਹੋਏ ਹਨ ਪਰ ਇਥੇ ਨਹੀਂ ਹੋਏ।

(ਇਸ ਵੇਲੇ ਹਾਊਸ ਵਿਚ ਇਲੈਕਟ੍ਰਿਕ ਟਿਊਬ ਫਟਣ ਕਾਰਨ ਬਹੁਤ ਜ਼ੋਰ ਦਾ ਧਮਾਕਾ ਹੋਇਆ।) (ਵਿਘਨ)

Mr Speaker : Nothing to worry. ਇਕ ਟਿਊਬ ਫਟ ਗਈ ਹੈ।

ਵਿੱਤ ਮੰਤਰੀ : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਤਨੇ ਹਾਲਾਤ ਵਿਗੜਨ ਦੇ ਬਾਵਜੂਦ ਵੀ ਪੰਜਾਬ ਵਿਚ ਤਰੱਕੀ ਹੋਈ ਹੈ। ਆਰਥਿਕ ਤੌਰ ਤੇ ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ। ਐਗਰੀਕਲਚਰ ਸਾਈਡ ਤੇ ਅਸੀ 9.1% ਤਰੱਕੀ ਕੀਤੀ ਹੈ ਸੈਂਟਰਲ ਪੂਲ ਵਿਚ ਜਿਥੇ ਪਹਿਲੇ 1984 ਵਿਚ 43% ਅਨਾਜ ਜਾਂਦਾ ਸੀ ਹੁਣ 1986 ਵਿਚ 78% ਅਨਾਜ ਦਾ ਹਿੱਸਾ ਪਾਇਆ ਹੈ। ਇੰਡਸਟਰੀ ਦੇ ਫੀਲਡ ਦੇ ਵਿਚ ਵੀ ਜਿਹੜੇ ਮੇਰੇ ਦੋਸਤ ਕਹਿੰਦੇ ਹਨ ਕਿ ਅਸੀਂ ਪਿਛੇ ਗਏ ਹਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਸਾਡੀ ਬੁਨਿਆਦੀ ਸਟਰੈਂਥ ਹੈ ਉਸ ਵਿਚ ਅੱਗੇ ਵੱਧੇ ਹਾਂ। ..

(ਇਸ ਵੇਲੇ ਡਾਕਟਰ ਦਲਬੀਰ ਸਿੰਘ ਬੋਲਣ ਲਈ ਖੜ੍ਹੇ ਹੋਏ।)

Mr. Speaker : Please come to your seat first. ਜਿਥੇ ਤੁਸੀਂ ਬੈਠੇ ਹੋ ਉਹ ਤੁਹਾਡੀ ਸੀਟ ਨਹੀਂ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ** ** **

**Expunged as ordered by the Chair.

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। ਤੁਸੀਂ ਬੈਠੋ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਲਾਅ ਐਂਡ ਆਰਡਰ ਦੀ ਗੱਲ ਕਰੋ। ਇਹ ਕੀ ਗੱਲਾਂ ਕਰ ਰਹੇ ਹਨ ?

ਸ੍ਰੀ ਸਪੀਕਰ : ਲਾਅ ਐਂਡ ਆਰਡਰ ਦਾ ਮਸਲਾ ਇਤਨਾ ਕੰਪਰੀਹੈਂਸਿਵ ਹੈ ਕਿ ਇਸ ਵਿਚ ਬਹੁਤ ਸਾਰੀ ਡਿਸਕਸ਼ਨ ਆ ਜਾਂਦੀ ਹੈ। ਇਕਨੌਮਿਕ ਡਿਸਕਸ਼ਨ ਵੀ ਇਸ ਦਾ ਇਕ ਪਾਰਟ ਹੈ।

ਡਾਕਟਰ ਦਲਬੀਰ ਸਿੰਘ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ।

ਵਿੱਤ ਮੰਤਰੀ : ਇਹ ਜੋ ਮੈਂ ਬਰਜ਼ ਨੂੰ ਸਮਝ ਨਹੀਂ ਆਉਂਦੀ ਤਾਂ ਮੈਂ ਕੀ ਕਰਾਂ। ਮੈਂ ਤਾਂ ਪੰਜਾਬੀਅਤ ਦੀ ਸਟਰੈਂਥ ਦੱਸ ਰਿਹਾ ਸੀ।

ਸਰਦਾਰ ਗੁਰਦੇਵ ਸਿੰਘ ਬਾਦਲ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। ਬੈਠੋ।

ਚੌਧਰੀ ਜਗਜੀਤ ਸਿੰਘ : ** ** **

Mr. Speaker : No point of order.

ਵਿੱਤ ਮੰਤਰੀ : ਇਨ੍ਹਾਂ ਨੂੰ ਸ਼ਾਇਦ ਬਹੁਤ ਡਰ ਲਗਦਾ ਹੈ। ਮੈਂ ਇਹ ਕਹਿ ਰਿਹਾ ਸੀ ਕਿ ਐਨੇ ਵੱਡੇ ਕਰਾਈਸਿਜ਼ ਦੇ ਬਾਵਜੂਦ ਪੰਜਾਬ ਨੇ ਆਰਥਿਕ ਤੌਰ ਤੇ ਕਿੰਨੀ ਤਰੱਕੀ ਕੀਤੀ ਹੈ। ਜੇ ਇਹ ਫੈਕਟਸ ਇਨ੍ਹਾਂ ਨੂੰ ਚੰਗੇ ਨਹੀਂ ਲਗਦੇ ਤਾਂ ਨਾ ਸੁਣਨ, ਅਸੀਂ ਲਿਖ ਕੇ ਭੇਜ ਦੇਵਾਂਗੇ।

ਸ੍ਰੀ ਸੇਵਾ ਰਾਮ ਅਰੋੜਾ (ਬੈਠੇ ਬੈਠੇ) : ਤੁਸੀਂ ਦੱਸੋ ਰਿਸ਼ਵਤ ਕਿੰਨੀ ਵਧੀ ਹੈ ?

ਵਿੱਤ ਮੰਤਰੀ : ਜਿਹੜੇ ਤੁਹਾਡੇ ਪੌਦੇ ਲਾਏ ਹਨ ਉਹ ਚੱਲ ਰਹੇ ਹਨ। ਮੈਂ ਇਹ ਅਰਜ਼ ਕਰਾਂਗਾ ਕਿ ਇਹ ਜੋ ਟੈਰੋਰਿਜ਼ਮ ਇਸ ਵੇਲੇ ਪੰਜਾਬ ਵਿਚ ਹੈ ਮੈਂ ਇਸ ਦੀ ਤਹਿ ਵਿਚ ਜਾ ਕੇ ਦੱਸਣਾ ਚਾਹੁੰਦਾ ਹਾਂ। ਮੈਂ ਸਮਝਦਾ ਹਾਂ ਕਿ ਇਸ ਦੇ ਮੁਢਲੇ ਤਿੰਨ ਰੀਜ਼ਨਜ਼ ਹਨ। ਜਿੰਨਾਂ ਚਿਰ ਇਹ ਤਿੰਨ ਚੀਜ਼ਾਂ ਦੂਰ ਨਹੀਂ ਹੋਣਗੀਆਂ ਪੰਜਾਬ ਦੇ ਹਾਲਾਤ ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਇਹ ਮੈਂ ਤਿੰਨੇ ਮੁਢਲੀਆਂ ਗੱਲਾਂ ਦੱਸ ਦੇਣਾ ਚਾਹੁੰਦਾ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਿਰਫ਼ ਲਾਅ ਐਂਡ ਆਰਡਰ ਦਾ ਮਸਲਾ ਹੀ ਨਹੀਂ ਬਲਕਿ ਇਹ ਇਕ ਸਿਆਸੀ ਔਰ ਆਰਥਿਕ ਮਸਲਾ ਵੀ ਹੈ। ਮੈਨੂੰ ਇਹ ਖੁਸ਼ੀ ਹੈ ਕਿ ਜਿਹੜੇ ਪਹਿਲੇ ਇਸ ਨੂੰ ਸਿਆਸੀ ਮਸਲਾ ਨਹੀਂ ਸਨ ਸਮਝਦੇ ਅੱਜ ਉਹ ਸਿਆਸੀ ਮਸਲਾ ਸਮਝਣ ਲਗ ਪਏ ਹਨ। ਹੁਣ ਪ੍ਰਧਾਨ ਮੰਤਰੀ ਵੀ ਕਹਿੰਦੇ ਹਨ, ਪਾਰਲੀਮੈਂਟ ਵਿਚ ਵੀ ਇਹ ਗੱਲ ਆਈ ਹੈ ਕਿ ਇਹ ਮਸਲਾ ਸਿਆਸੀ ਹੈ ਔਰ ਸਿਆਸੀ ਤੌਰ ਤੇ ਵੀ ਹਲ

**Expunged as ordered by the Chair.

[ਵਿੱਤ ਮੰਤਰੀ]

ਕੀਤਾ ਜਾ ਸਕਦਾ ਹੈ। ਦੂਜੀ ਗੱਲ ਇਹ ਹੈ ਕਿ ਜਿਹੜੀਆਂ ਲੋਕਾਂ ਦੀਆਂ ਭਾਵਨਾਵਾਂ ਹਨ, ਐਸ-ਪੀਰੇਸ਼ਨਜ਼ ਹਨ ਜਿਹੜੀਆਂ ਕਿ ਪੂਰੀਆਂ ਨਹੀਂ ਹੋਈਆਂ, ਚਾਹੇ ਉਹ ਧਾਰਮਿਕ ਹਨ, ਪਾਣੀ ਦਾ ਮਸਲਾ ਹੈ, ਟੈਰੀਟੋਰੀਅਲ ਇਸ਼ੂ ਹੈ ਜਾਂ ਅਟਾਨਮੀ ਦਾ ਇਸ਼ੂ ਹੈ ਜਾਂ ਐਜੂਕੇਟਿਡ ਯੂਥ ਦੀ ਐਡਜਸਟਮੈਂਟ ਦਾ ਇਸ਼ੂ ਹੈ ਇਹ ਸਾਰੇ ਇਸ਼ੂ ਇਸ ਦੇ ਵਿਚ ਹਨ। ਇਨ੍ਹਾਂ ਇਸ਼ੂਜ਼ ਦਾ ਸਲੂਸ਼ਨ ਲੱਭਣ ਨਾਲ ਵੀ ਇਹ ਮਸਲਾ ਕੁਝ ਹੱਲ ਹੋ ਸਕਦਾ ਹੈ। ਆਰਥਿਕ ਤੌਰ ਤੇ ਵੀ ਮੈਂ ਸਮਝਦਾ ਹਾਂ ਕਿ ਜਿਹੜੀਆਂ ਲੋਕਾਂ ਦੀਆਂ ਆਸ਼ਾਵਾਂ ਹਨ, ਐਕਸਪੈਕਟੇਸ਼ਨਜ਼ ਹਨ ਉਹ ਵੀ ਪੂਰੀਆਂ ਨਹੀਂ ਹੋ ਰਹੀਆਂ । ਇਸ ਤੋਂ ਇਲਵਾ ਇਸ ਦਾ ਦੂਜਾ ਹਿੱਸਾ ਜਿਹੜਾ ਹੈ ਉਹ ਹੈ ਫਾਰੇਨ ਕੰਸਪੀਰੇਸੀ। ਅਫਗਾਨਿਸਤਾਨ ਰੂਸ ਵਿਚ ਜਾ ਕੇ ਬੈਠ ਗਿਆ। ਪਾਕਿਸਤਾਨ ਚੀਨ ਔਰ ਰੂਸ ਦਾ ਇਕ ਸੈਨਸੇਟਿਵ ਜ਼ੋਨ ਬਣ ਗਿਆ ਔਰ ਉਸ ਤੋਂ ਬਾਅਦ ਵੀ ਇਕ ਸੈਨਸੇਟਿਵ ਜ਼ੋਨ ਬਣ ਗਿਆ ਜਿਥੇ ਇਹ ਪਾਵਰਜ਼ ਆਪਣਾ ਐਕਸ਼ਨ ਓਪਰੇਟ ਕਰ ਰਹੀਆਂ ਹਨ। ਇਹ ਦੇਸ਼ ਸਾਡੇ ਸੂਬੇ ਵਿਚ ਦਖਲ ਦੇ ਰਹੇ ਹਨ।. ਇਸ ਤੋਂ ਇਲਾਵਾ ਤੀਸਰਾ ਜੋ ਪੁਆਇੰਟ ਮੈਂ ਸਮਝਦਾ ਹਾਂ ਕਿ ਉਹ ਕੁਝ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਦਾ ਵੀ ਹੈ। ਕੁਝ ਲੋਕ ਇਸ ਨੂੰ ਐਕਸਪਲਾਇਟ ਕਰਨ ਦੀ ਵੀ ਕੋਸ਼ਿਸ਼ ਕਰ ਰਹੇ ਹਨ। ਕੁਝ ਲੋਕਾਂ ਨੇ ਇਸ ਆੜ ਵਿਚ ਆਪਣੀਆਂ ਬੰਦੂਕਾਂ ਲੈ ਲਈਆਂ ਹਨ।

ਕਾਮਰੇਡ ਮਹਿਤਾਬ ਸਿੰਘ : ** ** **

Mr. Speaker: No point of order.

ਵਿੱਤ ਮੰਤਰੀ : ਰੂਸ ਦਾ ਨਾਂ ਲਓ ਤਾਂ ਇਨ੍ਹਾਂ ਨੂੰ ਬੜਾ ਦੁੱਖ ਹੁੰਦਾ ਹੈ। ਇਮ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਿਚੂਏਸ਼ਨ ਪੰਜਾਬ ਵਿਚ ਆਈ ਹੈ ਇਸ ਵਿਚ ਇਹ ਤਿੰਨ ਗੱਲਾਂ ਮੁਢਲੀਆਂ ਹਨ ਜਿਨ੍ਹਾਂ ਕਰਕੇ ਇਹ ਪੰਜਾਬ ਵਿਚ ਹਾਲਾਤ ਬਣੇ ਹਨ ਔਰ ਹੁਣ ਇਸ ਨੂੰ ਇਫੈਕਟਵਲੀ ਡੀਲ ਕਰਨ ਦੀ ਲੋੜ ਹੈ। ਜਿੰਨ੍ਹਾ ਚਿਰ 3 ਚੀਜ਼ਾਂ ਨੂੰ ਡੀਲ ਨਹੀਂ ਕਰਦੇ ਉਨ੍ਹਾਂ ਚਿਰ ਕੋਈ ਫੈਸਲਾ ਨਹੀਂ ਹੋ ਸਕਦਾ, ਪੰਜਾਬ ਵਿਚ ਅਮਨ ਨਹੀਂ ਹੋ ਸਕਦਾ। ਇਸ ਪੁਲੀਟਕਲ ਇਸ਼ੂ ਨੂੰ ਕੁਝ ਸਜਣ, ਕੁਝ ਸਿਆਸੀ ਪਾਰਟੀ ਦੇ ਬੰਦੇ ਇਸ ਨੂੰ ਕਮਿਊਨੋਲਾਈਜ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਹੁਣ ਹੀ ਇਥੇ ਕੁਝ ਭਰਾਵਾਂ ਨੇ ਕਿਹਾ ਕਿ ਕਿੰਨੇ ਹਿੰਦੂ ਪੰਜਾਬ ਵਿਚੋਂ ਬਾਹਰ ਮਾਈ-ਗਰੇਟ ਕਰ ਗਏ ਹਨ ਉਨ੍ਹਾਂ ਬਾਰੇ ਵੀ ਦੱਸੋ। ਪੰਜਾਬ ਵਿਚੋਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਕੁਝ ਹੋਰ ਜ਼ਿਲ੍ਹਿਆਂ ਦੇ ਵਿਚੋਂ ਹਿੰਦੂ ਬਾਹਰ ਗਏ ਹਨ ਉਹ ਵੀ ਇਲਾਕੇ ਵਿਚ ਸੈਨਸੇਟਿਵਨੈਸ ਹੋਣ ਕਰਕੇ। ਸਾਡੇ ਮੁੱਖ ਮੰਤਰੀ ਸਾਹਿਬ ਉਨ੍ਹਾਂ ਹਿੰਦੂਆਂ ਨੂੰ ਵਾਪਸ ਲੈਣ ਲਈ ਗਏ ਹਨ, ਸਾਡੇ ਮਨਿਸਟਰ ਗਏ ਹਨ ਅਤੇ ਸਾਡੇ ਅਫਸਰ ਗਏ ਹਨ ਤਾਕਿ ਉਨ੍ਹਾਂ ਨੂੰ ਵਾਪਸ ਲਿਆਂਦਾ ਜਾ ਸਕੇ। ਇਸ ਤਰ੍ਹਾਂ ਕਈ ਸਿੱਖ ਪੰਜਾਬ ਵਿਚ ਮਾਈਗਰੇਟ ਹੋ ਕੇ ਆਏ ਹਨ। ਉਨ੍ਹਾਂ ਨੂੰ ਮੇਰਾ ਖਿਆਲ ਹੈ ਕਿ ਕੋਈ ਉਨ੍ਹਾਂ ਦੀ ਸਟੇਟ ਦਾ ਚੀਫ ਮਨਿਸਟਰ ਵਾਪਸ ਲੈਣ ਵਾਸਤੇ ਪੰਜਾਬ ਨਹੀਂ ਆਇਆ। ਅੱਜ ਤੱਕ ਪੰਜਾਬ ਵਿਚ 27 ਹਜ਼ਾਰ ਸਿੱਖ ਆਏ ਹਨ। ਇਸ ਦੇ ਨਾਲ ਟੈਰੋਰਿਜ਼ਮ ਵੱਧਦੀ ਹੈ। ਅਸੀਂ ਇਸ ਦੇਸ਼ ਦੀ ਏਕਤਾ ਵਿਚ, ਇਨਟੈਗਰਿਟੀ ਵਿਚ ਅਤੇ ਯੂਨਿਟੀ ਵਿਚ ਵਿਸ਼ਵਾਸ ਰੱਖਦੇ ਹਾਂ। ਸਾਨੂੰ ਸਾਰਿਆਂ ਨੂੰ ਇਕਠੇ ਹੋ ਕੇ ਇਸ ਤਰ੍ਹਾਂ ਸਾਰਿਆਂ ਨੂੰ ਡੀਲ ਕਰਨਾ ਚਾਹੀਦਾ ਹੈ । ਜੇ ਅਸੀਂ ਹਿੰਦੂਆਂ ਦੀ ਜ਼ਿਆਦਾ ਗੱਲ ਕਰੀਏ ਅਤੇ ਸਿੱਖਾਂ ਦੀ ਗੱਲ ਘੱਟ ਕਰੀਏ ਤਾਂ ਇਸ ਦੇ ਨਾਲ ਕਮਿਊਨਿਲਿਜ਼ਮ ਪੈਦਾ ਹੁੰਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਟੈਰੋਰਿਜ਼ਮ ਦੀ ਕੋਈ ਵੀ ਸਪੋਰਟ ਨਹੀਂ ਕਰਦਾ। ਜਿਸ

**Expunged as ordered by the Chair.

ਦੇ ਟੈਰੋਰਿਸਟਸ ਦੇ ਨਾਲ ਸਬੰਧ ਹਨ ਅਤੇ ਮਦਦ ਦਿੰਦਾ ਹੈ ਉਹ ਖਾਲਿਸਤਾਨੀ ਹੈ। ਜਿਹੜਾ ਹਿੰਦੂ ਪੰਜਾਬ ਵਿਚ ਬੈਠਾ ਹੋਇਆ ਹੈ ਉਹ ਸੈਨਸ ਆਫ ਇਨਸਿਕਿਉਰਿਟੀ ਮਹਿਸੂਸ ਕਰਦਾ ਹੈ। ਜਿਹੜੇ ਲੋਕ ਇਨ੍ਹਾਂ ਟੈਰੋਰਿਸਟਸ ਨੂੰ ਸ਼ਹਿ ਦਿੰਦੇ ਹਨ ਚਾਹੇ ਕਿਸੇ ਪਾਸੇ ਦੇ ਲੋਕ ਹਨ ਉਹ ਬੁਨਿਆਦੀ ਤੌਰ ਤੇ ਸੇਪਰੇਟਿਜ਼ਮ ਨੂੰ ਸ਼ਹਿ ਦੇ ਰਹੇ ਹਨ। ਚਾਹੇ ਬੀ.ਜੇ.ਪੀ. ਵਾਲੇ ਹਨ, ਚਾਹੇ ਕੁਝ ਸਜਣ ਤੁਹਾਡੇ ਵਿਚੋਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਹਨ (ਹਾਸਾ) ਸਪੀਕਰ ਸਾਹਿਬ, ਮੈਂ ਇਸ ਕਰਕੇ ਕਹਿਣਾ ਚਾਹੁੰਦਾ ਹਾਂ ਕਿ ਇਹ ਮਸਲਾ ਬੜਾ ਗੰਭੀਰ ਹੈ। ਇਸ ਮਸਲੇ ਨੂੰ ਇਕੱਲੀ ਪੰਜਾਬ ਸਰਕਾਰ ਸੈਟਲ ਨਹੀਂ ਕਰ ਸਕਦੀ। ਇਸ ਮਸਲੇ ਨੂੰ ਸਾਰਾ ਸਦਨ ਇਕੱਠਾ ਰਲ ਕੇ ਸੈਟਲ ਨਹੀਂ ਕਰ ਸਕਦਾ। ਇਸ ਮਸਲੇ ਨੂੰ ਸੈਟਲ ਕਰਨ ਲਈ, ਹੱਲ ਲੱਭਣ ਲਈ, ਸਾਰੇ ਪੰਜਾਬੀਆਂ ਦੀ ਏਕਤਾ ਦੀ ਲੋੜ ਹੈ, ਇਸ ਸਦਨ ਦੀ ਏਕਤਾ ਦੀ ਲੋੜ ਹੈ ਅਤੇ ਸਾਰੇ ਦੇਸ਼ ਦੀ ਸਪੋਰਟ ਦੀ ਲੋੜ ਹੈ। ਕੁਝ ਪੁਲੀਟੀਕਲ ਇਸ਼ੂ ਹਨ, ਕੁਝ ਇਰੀਟੈਂਟ ਹਨ ਉਨ੍ਹਾਂ ਨੂੰ ਰੀਮੂਵ ਕਰਨ ਦੀ ਲੋੜ ਹੈ ਤਦ ਹੀ ਕਾਮਨੈਸ ਹੋ ਸਕਦੀ ਹੈ। ਜੋਧਪੁਰ ਦੀ ਜੇਲ੍ਹ ਵਿਚੋਂ ਪੰਜਾਬ ਦੇ ਡੈਟੇਨਿਊਜ਼ ਨੂੰ ਛੱਡਿਆ ਜਾਣਾ ਚਾਹੀਦਾ ਹੈ। ਕੋਈ ਦੇਸ਼ ਦਾ ਲਾਅ ਨਹੀਂ ਹੈ ਜਿਹੜਾ ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਰੱਖ ਸਕੇ। ਉਨ੍ਹਾਂ ਨੂੰ ਛੱਡਣਾ ਬੜਾ ਜ਼ਰੂਰੀ ਹੈ ਤਦ ਹੀ ਇਰੀਟੈਂਟ ਦੂਰ ਹੋ ਸਕਦੀ ਹੈ। ਇਸੇ ਤਰ੍ਹਾਂ ਦੂਜੇ ਇਸ਼ੂ ਹਨ। ਸਾਨੂੰ ਖੁਸ਼ੀ ਹੈ ਕਿ ਇਸ ਦੇ ਵਿਚ ਪ੍ਰਧਾਨ ਮੰਤਰੀ ਜੀ ਨੇ ਸਾਡੀ ਕਾਫੀ ਮਦਦ ਕੀਤੀ ਹੈ। ਜਿਹੜੇ ਫੌਜੀ ਆਪਣੀਆਂ ਬੈਰਕਾਂ ਛੱਡ ਕੇ ਬਲਿਊ ਸਟਾਰ ਆਪਰੇਸ਼ਨ ਦੇ ਦੌਰਾਨ ਆ ਗਏ ਸਨ ਉਹ 2732 ਸਨ ਉਨ੍ਹਾਂ ਵਿਚੋਂ 2300 ਨੂੰ ਕੋਰਟ ਮਾਰਸ਼ਲ ਹੋਇਆ ਸੀ ਇਨ੍ਹਾਂ ਵਿਚੋਂ 2296 ਨੂੰ ਰੀਇਨਸਟੇਟ ਕੀਤਾ ਹੈ। (ਕਾਂਗਰਸ ਪਾਰਟੀ ਵਲੋਂ ਥੈਪਿੰਗ) ਇਸ ਦੇ ਵਿਚ ਕੁਝ ਇਰੀਟੈਂਟ ਹਨ ਜਿਹੜੇ ਕੇਸਿਜ਼ ਰਹਿ ਗਏ ਹਨ। ਮੈਂ ਬੇਨਤੀ ਕਰਾਂਗਾ ਕਿ 266 ਐਸੇ ਫੌਜੀ ਹਨ ਜਿਹੜੇ ਜੇਲ੍ਹਾਂ ਵਿਚ ਹਨ ਅਤੇ ਉਨ੍ਹਾਂ ਨੂੰ ਲੰਬੀਆਂ ਸਜ਼ਾਵਾਂ ਹੋਈਆਂ ਹਨ। ਇਸ ਬਾਰੇ ਅਸੀਂ ਪ੍ਰਧਾਨ ਮੰਤਰੀ ਨੂੰ ਵੀ ਮਿਲੇ ਹਾਂ ਕਿ ਜਿਹੜੇ 266 ਫੌਜੀ ਜੇਲ੍ਹਾਂ ਵਿਚ ਪਏ ਹਨ ਉਨ੍ਹਾਂ ਨੂੰ ਜਨਰਲ ਅਮਨੈਸਿਟੀ ਦੇ ਦਿੱਤੀ ਜਾਵੇ। ਉਨ੍ਹਾਂ ਨੂੰ ਮੁਆਫੀ ਦੇ ਦਿੱਤੀ ਜਾਵੇ ਅਤੇ ਮੁਆਫ ਕਰ ਦਿੱਤਾ ਜਾਵੇ। ਮੈਨੂੰ ਖੁਸ਼ੀ ਹੈ ਕਿ ਇਸ ਮਾਮਲੇ ਵਿਚ ਪ੍ਰਧਾਨ ਮੰਤਰੀ ਦਾ ਰਿਸਪੌਂਸ ਪਾਜ਼ੇਟਿਵ ਸੀ। ਇਸੇ ਤਰ੍ਹਾਂ ਦੂਜੇ ਪੁਲੀਟੀਕਲ ਇਸ਼ੂ ਸਨ ਇਨ੍ਹਾਂ ਵਿਚ ਇਰੀਟੈਂਟ ਹੈ ਜਿਸ ਤਰ੍ਹਾਂ ਨਵੰਬਰ ਰਾਇਟਸ ਦੇ ਹਨ। ਇਸ ਉਤੇ ਖਾਸ ਤੌਰ ਤੇ ਸੋਚਣ ਦੀ ਲੋੜ ਹੈ। ਸਾਡੇ ਟੋਟਲ ਸਿਸਟਮ ਉਤੇ ਅੱਤਵਾਦ ਅਟੈਕ ਕਰਦਾ ਹੈ ਕਿਉਂਕਿ ਉਹ ਮਹਿਸੂਸ ਕਰਦਾ ਹੈ ਕਿ ਸਾਨੂੰ ਇਸ ਸਿਸਟਮ ਵਿਚ ਇਨਸਾਫ ਨਹੀਂ ਮਿਲ ਸਕਦਾ। ਇਸੇ ਇਸ਼ੂ ਨੂੰ ਲੈ ਕੇ ਸਾਡੇ ਸੰਤ ਲੌਂਗੋਵਾਲ ਜੀ ਨੇ ਲੜਾਈ ਲੜੀ ਸੀ ਅਤੇ ਧਰਮ ਯੁਧ ਚਲਾਇਆ ਸੀ ਅਤੇ ਉਨ੍ਹਾਂ ਨੇ ਹੀ ਕਿਹਾ ਸੀ ਕਿ ਚਾਹੇ ਟੈਰੀਟੋਰੀਅਲ ਇਸ਼ੂ ਹੈ ਜਾਂ ਪਾਣੀ ਦਾ ਇਸ਼ੂ ਹੈ ਇਸ ਨੂੰ ਸੁਪਰੀਮ ਕੋਰਟ ਦੇ ਰਾਹੀਂ ਸੈਟਲ ਕਰਵਾਇਆ ਜਾਵੇ। ਸਾਨੂੰ ਇਸ ਸਿਸਟਮ ਵਿਚੋਂ ਇਨਸਾਫ ਮਿਲ ਸਕਦਾ ਹੈ ਜਿਸ ਕਰਕੇ ਸੰਤ ਜੀ ਨੇ ਅਕਾਰਡ ਪ੍ਰਧਾਨ ਮੰਤਰੀ ਦੇ ਨਾਲ ਕੀਤਾ ਸੀ ਕਿਉਂਕਿ ਸਾਨੂੰ ਇਸ ਸਿਸਟਮ ਵਿਚ ਫੇਥ ਸੀ। ਇਸ ਸਿਸਟਮ ਕਰਕੇ ਅਸੀਂ ਇਲੈਕਸ਼ਨਾਂ ਵਿਚ ਗਏ ਸੀ। ਉਸ ਵੇਲੇ ਅੱਤਵਾਦ ਅਤੇ ਕੁਝ ਦੋਸਤ ਮੇਰੇ ਉਧਰ ਬੈਠੇ ਹਨ, ਕਹਿੰਦੇ ਸਨ ਕਿ ਇਲੈਕਸ਼ਨਾਂ ਦਾ ਬਾਈਕਾਟ ਕੀਤਾ ਜਾਵੇ ਕਿਉਂਕਿ ਇਲੈਕਸ਼ਨਾਂ ਵਿਚ ਸਾਨੂੰ ਇਨਸਾਫ ਨਹੀਂ ਮਿਲ ਸਕਦਾ। ਉਹ ਇਲੈਕਸ਼ਨਾਂ ਨਹੀਂ ਚਾਹੁੰਦੇ ਸਨ। ਉਹ ਸੇਪਰੇਟਿਜ਼ਮ ਚਾਹੁੰਦੇ ਸਨ। ਅੱਤਵਾਦ ਦਾ ਟੋਟਲ ਅਟੈਕ ਡੈਮੋਕਰੇਸੀ ਤੇ ਹੈ ਅਤੇ ਅੱਜ ਸਾਨੂੰ ਮਾਯੂਸੀ ਹੈ ਇਸ ਸਿਸਟਮ ਉਤੇ। ਇਸ ਸਿਸਟਮ ਵਿਚ ਪੁਲੀਟੀਕਲ ਇੰਟਰ-ਫੀਅਰੈਂਸ ਹੈ ਅਤੇ ਹਰ ਥਾਂ ਪੁਲੀਟੀਕਲ ਇੰਟਰਫੀਅਰੈਂਸ ਹੈ ਜਿਸ ਕਰਕੇ ਲੋਕਾਂ ਨੂੰ ਇਨਸਾਫ ਨਹੀਂ ਮਿਲ ਸਕਦਾ।

[ਵਿੱਤ ਮੰਤਰੀ]

ਮੈਥਿਊ ਕਮਿਸ਼ਨ ਨੇ ਫੈਸਲਾ ਦਿੱਤਾ ਅਤੇ ਉਸ ਦੀਆਂ ਟਰਮਜ਼ ਆਫ ਰੈਫਰੈਂਸ ਸਨ ਕਿ ਚੰਡੀਗੜ੍ਹ ਦੇ ਬਦਲੇ ਏਰੀਆ ਲਭਿਆ ਜਾਵੇ। ਮੈਥਿਊ ਕਮਿਸ਼ਨ ਦੀ ਮਦਦ ਵਾਸਤੇ ਹਰਿਆਣੇ ਨੂੰ ਕਿਹਾ ਗਿਆ ਪਰ ਉਹ ਨਹੀਂ ਮੰਨੇ। ਅਸੀਂ 13 ਪਿੰਡ ਦੱਸੇ ਜਿਨ੍ਹਾਂ ਦੀ ਅਕਾਰਡ ਦੇ ਮੁਤਾਬਿਕ ਕੰਟੀਗਿਉਟੀ ਨਹੀਂ ਬਣਦੀ ਸੀ ਕਿ ਇਹ ਪਿੰਡ ਹਰਿਆਣੇ ਨੂੰ ਚੰਡੀਗੜ੍ਹ ਦੇ ਬਦਲੇ ਦੇ ਦਿਓ ਪਰ ਹਰਿਆਣੇ ਨੇ ਕਿਹਾ ਕਿ ਸਾਨੂੰ 13 ਪਿੰਡ ਨਹੀਂ ਚਾਹੀਦੇ ਅਤੇ ਉਸ ਨੇ ਟੋਟਲੀ ਰਿਜੈਕਟ ਕਰ ਦਿੱਤਾ। ਫੇਰ ਇਸ ਦੇ ਵਿਚ ਪੁਲੀਟੀਕਲ ਇੰਟਰਫੀਅਰੈਂਸ ਕੀਤੀ ਗਈ। ਜੇਕਰ ਸੈਨਸ ਆਫ ਜਸਟਿਸ ਨਹੀਂ ਹੋਵੇਗਾ ਫੇਰ ਇਨ੍ਹਾਂ ਕਮਿਸ਼ਨਾਂ ਦੀ ਕੀ ਲੋੜ ਹੈ ਪਰ ਇੰਟਰਫੀਅਰੈਂਸ ਹੁੰਦੀ ਰਹੀ। ਇਸ ਸਿਸਟਮ ਨੂੰ ਚਲਾਉਣ ਵਾਸਤੇ ਅਸੀਂ ਪੰਜਾਬ ਅਕਾਰਡ ਕੀਤਾ ਸੀ ਅਤੇ ਇਸ ਅਕਾਰਡ ਨੂੰ ਲੈਟਰ ਐਂਡ ਸਪਿਰਟ ਵਿਚ ਲਾਗੂ ਕੀਤਾ ਜਾਵੇ ਤਦ ਹੀ ਡੈਫਸ ਦੂਰ ਹੋ ਸਕਦੇ ਹਨ। ਪੰਜਾਬ ਵਿਚ ਕੁਝ ਐਸੇ ਯੂਥ ਹਨ ਜਿਹੜੇ ਕਮਿਟਿਡ ਹਨ ਅਤੇ ਕੁਝ ਐਸੇ ਹਨ ਜਿਹੜੇ ਫੰਡਾਮੈਂਟੇਲਿਜ਼ਮ ਵਿਚ ਵਿਸ਼ਵਾਸ ਰੱਖਦੇ ਹਨ। ਕੁਝ ਸੈਪਰੇਟਿਜ਼ਮ ਵਿਚ ਵਿਸ਼ਵਾਸ ਰੱਖਦੇ ਹਨ ਜਿਹੜੇ ਸੌਵਰਨ ਚਾਹੁੰਦੇ ਹਨ। ਲੇਕਿਨ ਮੈਜਾਰਿਟੀ ਆਫ ਯੂਥ ਵਾਪਸ ਆ ਗਿਆ ਹੈ। ਕਿਉਂਕਿ ਬੈਂਸ ਕਮੇਟੀ ਨੇ ਉਨ੍ਹਾਂ ਨੂੰ ਛੱਡ ਦਿੱਤਾ ਸੀ ਅਤੇ ਉਹ ਮੇਨ ਸਟਰੀਮ-ਲਾਈਨ ਤੇ ਆ ਗਏ ਹਨ। ਮੇਰੀ ਰਾਏ ਵਿਚ 99% ਉਹ ਨੌਜਵਾਨ ਵਾਪਸ ਮੇਨ ਸਟਰੀਮ-ਲਾਈਨ ਵਿਚ ਆ ਗਏ ਹਨ (ਵਿਘਨ) ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਟੈਰੋਰਿਸਟਸ ਦੀ ਪਬਲਿਕ ਵਿਚ ਕੋਈ ਸਪੋਰਟ ਨਹੀਂ ਕਰਦਾ ਅਤੇ ਨਾ ਹੁੰਦੀ ਹੈ। ਉਹ ਕਿਸ ਤਰ੍ਹਾਂ ਆਪਣੇ ਆਪ ਨੂੰ ਮਹਿਸੂਸ ਕਰਦੇ ਹਨ ਉਹ ਕੋਈ ਐਸਾ ਇਸ ਤਰ੍ਹਾਂ ਦਾ ਐਕਸ਼ਨ ਕਰਨਾ ਚਾਹੁੰਦੇ ਹਨ ਜਿਸ ਦੇ ਨਾਲ ਵਾਇਲੈਂਸ ਹੋਵੇ। ਸਟੇਟ ਗੌਰਮਿੰਟ ਨੂੰ ਐਸੀ ਸਿਚੂਏਟਿਡ ਪੁਆਇੰਟ ਤੇ ਪਹੁੰਚਾ ਦਿੰਦੇ ਹਨ ਕਿ ਗੌਰਮਿੰਟ ਮਿਲਟਰੀ ਐਕਸ਼ਨ ਕਰੇ ਅਤੇ ਮਿਲਟਰੀ ਰਿਐਕਸ਼ਨ ਚਾਹੁੰਦੇ ਹਨ। ਟੈਰੋਰਿਸਟਸ ਇਹ ਕਹਿੰਦੇ ਹਨ ਬਲਿਊ ਸਟਾਰ ਦੀ ਬਹੁਤ ਵੱਡੀ ਗਲਤੀ ਹੋਈ ਹੈ। ਕਿਸੇ ਚੀਜ਼ ਨੂੰ ਫੇਸ ਕਰਨ ਲਈ ਮਿਲਟਰੀ ਐਕਸ਼ਨ ਕੀਤਾ ਜਾਵੇ, ਇਹ ਟੈਰੋਰਿਸਟਸ ਦੇ ਹੱਥਾਂ ਵਿਚ ਖੇਡਣ ਵਾਲੀ ਗੱਲ ਹੈ। ਸਪੀਕਰ ਸਾਹਿਬ, ਇਸ ਦਾ ਪੁਲਿਟੀਕਲ ਹੱਲ ਹੈ। ਅਸੀਂ ਲਾਅ ਐਂਡ ਆਰਡਰ ਨੂੰ ਡੀਲ ਕਰ ਰਹੇ ਹਾਂ, ਅਸੀਂ ਇਸ ਨੂੰ ਪੁਲੀਟੀਕਲ ਲੈਵਲ ਤੇ ਵੀ ਡੀਲ ਕਰ ਰਹੇ ਹਾਂ। (ਥੰਪਿੰਗ)

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ** ** **

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਵਿੱਤ ਮੰਤਰੀ: ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਇੰਟਰਨੈਸ਼ਨਲ ਪਾਵਰਜ਼ ਦੀ ਕਨਸਪੀ-ਰੇਸੀ ਭੀ ਹੈ। ਤੁਹਾਡੇ ਪ੍ਰਾਈਮ ਮਨਿਸਟਰ ਫਾਰੇਨ ਹੈਂਡ ਦਸਦੇ ਹਨ ਔਰ ਅਸੀਂ ਕਿਹਾ ਹੈ ਕਿ ਤੁਸੀਂ ਉਸ ਨੂੰ ਐਕਸਪੋਜ਼ ਕਰੋ। ਪ੍ਰਾਈਮ ਮਨਿਸਟਰ ਇਸ ਬਾਰੇ ਕਾਨਸ਼ੀਅਸ ਨੇ, ਔਰ ਇਸ ਦੇ ਸਪੀਕਰ ਸਾਹਿਬ, ਤਿੰਨ ਸਲੂਸ਼ਨ ਹਨ। ਪਹਿਲਾ ਇਹ ਹੈ ਕਿ ਇੰਟਰਨੈਸ਼ਨਲ ਲੈਵਲ ਤੇ ਫਾਰੇਨ ਕੰਸਪੀਰੇਸੀ ਨੂੰ ਐਕਸਪੋਜ਼ ਕੀਤਾ ਜਾਵੇ। ਦੂਜਾ, ਪੁਲੀਟੀਕਲ ਲੈਵਲ ਤੇ ਇਰੀਟੇਂਟਸ ਨੂੰ ਦੂਰ ਕੀਤਾ ਜਾਵੇ। ਇਸ ਵਿਚ ਮੇਨ ਰਿਸਪਾਂਸੇਬਿਲਿਟੀ ਸੈਂਟਰਲ ਗੌਰਮਿੰਟ ਦੀ ਹੈ। ਤੀਸਰਾ, ਸਪੀਕਰ ਸਾਹਿਬ, ਲਾਅ ਐਂਡ ਆਰਡਰ ਨੂੰ ਟਾਈਟਨ ਕੀਤਾ ਜਾਵੇ। ਇਹ ਪਰਾਬਲਮ ਸਾਡੇ ਸੂਬੇ ਦੀ ਅਤੇ ਸਾਰੇ ਦੇਸ਼ ਦੀ ਇਕੱਠੀ ਹੈ।

**Epunged as ordered by the Chair.

ਇਸ ਲਈ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਫਾਈਟ ਕਰਨਾ ਚਾਹੀਦਾ ਹੈ। ਅਸੀਂ ਸਾਰੇ ਲੜਾਈ ਨਾਲ ਫਾਈਟ ਨਹੀਂ ਕਰ ਸਕਦੇ। ਇਸ ਲਈ, ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਸ ਪਰਾਬਲਮ ਨੂੰ ਫਾਈਟ ਕਰਨ ਵਾਸਤੇ ਪੁਲਿਟੀਕਲ ਡਿਫਰੈਂਸਿਜ਼ ਨੂੰ ਛੱਡ ਕੇ ਇਕੋ ਸਟੇਜ ਤੇ ਇਕਠੇ ਹੋ ਕੇ ਚੀਫ ਮਨਿਸਟਰ ਸਰਦਾਰ ਸੁਰਜੀਤ ਸਿੰਘ ਬਰਨਾਲਾ ਦੇ ਹੱਥ ਮਜ਼ਬੂਤ ਕਰੀਏ ਤਾਕਿ ਸਿਚੂਏਸ਼ਨ ਤੇ ਕਾਬੂ ਪਾਇਆ ਜਾ ਸਕੇ। (ਥੰਪਿੰਗ)

ਸ਼੍ਰੀ ਸਪੀਕਰ : ਸਰਦਾਰ ਕਿਰਪਾਲ ਸਿੰਘ ਜੀ, ਤੁਸੀਂ ਬੋਲੋ ਪਰ ਤੁਹਾਡਾ ਟਾਈਮ ਸਿਰਫ ਦੋ ਮਿੰਟ ਆਉਂਦਾ ਹੈ। ਤੁਸੀਂ 8 ਮਿੰਟਾਂ ਵਿਚ ਆਪਣੀ ਗੱਲ ਕੰਪਲੀਟ ਕਰ ਦਿਓ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, 8 ਮਿੰਟਾਂ ਵਿਚੋਂ ਪੁਆਇੰਟ ਆਫ ਆਰਡਰ ਦਾ ਟਾਈਮ ਕੱਢੀ ਜਾਇਓ।

ਸ਼੍ਰੀ ਸਪੀਕਰ: ਮੈਂ ਸਾਰੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਪੁਆਇੰਟ ਆਫ ਆਰਡਰ ਘੱਟ ਕਰਨ।

ਸਰਦਾਰ ਕਿਰਪਾਲ ਸਿੰਘ : ਮੈਂ ਆਪਣੇ ਦੋਸਤਾਂ ਦੀਆਂ ਤਕਰੀਰਾਂ ਸੁਣੀਆਂ ਹਨ, ਬਹੁਤ ਖੂਬਸੂਰਤ ਤਕਰੀਰ ਸੀ ਕੈਪਟਨ ਸਾਹਿਬ ਦੀ ਔਰ ਬੜੀ ਠੰਡੀ ਤੱਤੀ ਬਾਤ ਕੀਤੀ ਹੈ ਸਰਦਾਰ ਬਲਵੰਤ ਸਿੰਘ ਹੋਰਾਂ ਨੇ ਜਿਸ ਦੇ ਵਿੱਚ "ਨਵੇਂ ਦਰੂ ਨਵੇਂ ਬਰੂ" ਵਾਲੀ ਬਾਤ ਹੈ। ਜੋ ਹਾਲਾਤ ਹਨ, ਮੈਂ ਤਾਂ ਸਿਰਫ ਇਕ ਸ਼ੇਅਰ ਵਿੱਚ ਹੀ ਕਹਿੰਦਾ ਹਾਂ:

"ਗ਼ੈਰ ਮੁਮਕਿਨ ਹੈ ਕਿ ਹਾਲਾਤ ਕੀ ਗੁੱਥੀ ਸੁਲਝੇ,
ਅਹਿਲੇ ਦਾਨਿਸ਼ ਨੇ ਬਹੁਤ ਸੋਚ ਕੇ ਉਲਝਾਈ ਹੈ।"

ਇਹ ਗੈਰ ਮੁਲਕਾਂ ਨੂੰ, ਦੂਜਿਆਂ ਨੂੰ ਕਿਸੇ ਨੂੰ ਇਸ ਦੇ ਵਿੱਚ ਕਹਿਣ ਦੀ ਕੀ ਲੋੜ ਹੈ, ਸਾਡੇ ਦੇਸ਼ ਦੀ ਤਾਰੀਖ ਹੀ ਐਸੀ ਹੈ ਕਿ ਜਿਹੜਾ ਪਰਿਵਾਰ ਦੇਸ਼ ਤੇ ਹਕੂਮਤ ਕਰ ਰਿਹਾ ਹੈ, ਉਨ੍ਹਾਂ ਦੇ ਮਹਾਂਪੁਰਸ਼ ਬੜੇ ਬਜ਼ੁਰਗ ਨੇ ਮਹਾਤਮਾਂ ਗਾਂਧੀ ਦੀ ਕੋਸ਼ਿਸ਼ ਦੇ ਬਾਵਜੂਦ ਵੀ ਪਾਕਿਸਤਾਨ ਮੰਨ ਲਿਆ, ਤਕਸੀਮ ਸ਼ੁਰੂ ਹੋ ਗਈ। ਦੂਸਰੇ ਫੇਰ ਆਏ ਸੱਜਣ, ਬੀਬੀ ਜੀ ਆਏ। ਉਨ੍ਹਾਂ ਨੇ ਪਾਕਿਸਤਾਨ ਤਕਸੀਮ ਕਰਾਇਆ ਤੇ ਬੜਾ ਵੱਡਾ ਕਰੈਡਿਟ ਹਾਸਲ ਕੀਤਾ। ਦੋ ਦੁਸ਼ਮਣ ਦੋ ਕੰਨੀ ਖੜ੍ਹੇ ਕਰਕੇ ਹਿੰਦੁਸਤਾਨ ਦੇ ਉਨ੍ਹਾਂ ਨੇ ਬੰਗਲਾ ਦੇਸ਼ ਬਣਾਇਆ। ਇਹ ਹੁਣ ਬਰਖੁਰਦਾਰ ਕੁਝ ਵੀ ਨਾ ਬਣਾਏਗਾ, ਇਹ ਹੁਣ ਖਾਲਿਸਤਾਨ ਬਣਵਾਏਗਾ। ਇਸ ਵਾਸਤੇ ਇਹਦੇ ਵਿੱਚ ਪਤਾ ਹੀ ਨਹੀਂ ਲਗਦਾ ਅੱਜ ਕਿੰਨੇ ਚਿਰ ਦੇ ਬਾਅਦ ਉਨ੍ਹਾਂ ਦੀ ਸਟੇਟਮੈਂਟ ਆਈ ਹੈ ਕਿ ਇਹ ਪੁਲੀਟੀਕਲ ਬਾਤ ਹੈ। ਲਓ, ਇਹ ਗੱਲ ਜਿਹੜੀ ਹੈ, ਇਹ ਤਾਂ ਇਸ ਤਰ੍ਹਾਂ ਹੋਈ ਕਿਉਂਕਿ ਉਹ ਪਾਇਲਟ ਹਨ ਤੇ ਪਾਇਲਟ ਰੀਮੋਟ ਕੰਟਰੋਲ ਨਾਲ ਹੀ ਚਲਦਾ ਹੈ। ਇਹ ਪਤਾ ਨਹੀਂ ਹੁਣ ਰੀਮੋਟ ਕੰਟਰੋਲ ਤੋਂ ਇਧਰ ਨੂੰ ਆਈ ਹੈ ਕੋਈ ਆਵਾਜ਼ ਤੇ ਇਹ ਬਾਤ ਨਿਕਲ ਗਈ ਹੈ। ਇਸ ਸਾਰੀ ਦੀ ਤਾਰੀਖ ਵਿੱਚ ਜਾਓ ਕਿ ਇਹ ਕਿੱਸਾ ਕੀ ਹੈ ਤਾਂ ਤਾਰੀਖ ਤੋਂ ਇਹ ਪਤਾ ਲਗਦਾ ਹੈ ਕਿ ਧਰਮ ਯੁੱਧ ਮੋਰਚੇ ਦੀ ਬਾਤ ਚਲੀ, ਇਸ ਤੋਂ ਬਾਅਦ ਬਲਿਊ ਸਟਾਰ ਐਕਸ਼ਨ ਹੋਇਆ। (ਵਿਘਨ) (ਸ਼ੋਰ)

ਸ਼੍ਰੀ ਅਸ਼ਵਨੀ ਸੇਖੜੀ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Expunged as ordered by the Chair.

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਹ ਵਕਤ ਮੇਰਾ ਐਵੇਂ ਹੀ ਖਰਾਬ ਕਰ ਰਹੇ ਹਨ। ਇਕ ਸ਼ੇਅਰ ਹੈ :—

ਮੈਂ ਬੈਠਾ ਹੂੰ ਛੁਪਾਏ ਹੋਏ ਤੁਫਾਨੋਂ ਕੋ,
ਤੂੰ ਮੇਰੇ ਦਿਲ ਕੇ ਧੜਕਨੇ ਕਾ ਗਿਲਾ ਕਰਤਾ ਹੈ।

ਹੁਣ ਮੇਰੇ ਦਿਲ ਵਿੱਚ ਜੋ ਬਾਤ ਹੈ ਉਹ ਬਹੁਤ ਵਡੀ ਹੈ, 8 ਮਿੰਟ ਉਸ ਨੂੰ ਕੀ ਕਰਨਗੇ। ਪਰ ਚਲੋ ਕੁਝ ਕਰਨਾ ਤਾਂ ਹੈ। ਇਹ ਸਾਰੇ ਦੀ ਤਾਰੀਖ ਪੜ੍ਹੋ। ਜਦੋਂ ਤਾਰੀਖ ਪੜ੍ਹਦੇ ਹਾਂ ਤਾਂ ਪਤਾ ਚਲਦਾ ਹੈ ਕਿ ਇਕ ਪੁਰ ਅਮਨ ਮੋਰਚਾ ਲੱਗਾ, ਉਹ ਇਗਨੋਰ ਹੋਇਆ। ਇਸ ਤੋਂ ਬਾਅਦ ਕੁਝ ਲੋਕ ਆਪ ਕਰੀਏਟ ਕੀਤੇ ਅਤੇ ਉਨ੍ਹਾਂ ਨੂੰ ਹਥਿਆਰ ਸਪਲਾਈ ਕਰਨ ਵਿੱਚ ਆਪ ਹੀ ਮੱਦਦ ਕੀਤੀ। ਮੈਂ ਇਹ ਗੱਲ ਪ੍ਰਧਾਨ ਮੰਤਰੀ ਨੂੰ ਵੀ ਕਹਿ ਆਇਆ ਸੀ। ਮੈਂ ਇਹ ਇਥੇ ਆਨ ਦੀ ਫਲੋਰ ਆਫ ਦੀ ਹਾਊਸ ਕਹਿੰਦਾ ਹਾਂ। ਇਹ ਸਾਰਾ ਕੁਝ ਹੋ ਗਿਆ, ਬਲਿਊ ਸਟਾਰ ਐਕਸ਼ਨ ਹੋ ਗਿਆ। ਜਿਹੜੇ ਦੇਸ਼ ਦੀ ਫੌਜ 90,000 ਫੌਜੀਆਂ ਨੂੰ ਲਾਈਨਾਂ ਵਿੱਚ ਖੜ੍ਹਾ ਕਰਕੇ ਹੁਕਮ ਨਾਲ ਹਥਿਆਰ ਸੁਟਵਾ ਸਕਦੀ ਹੈ ਤਾਂ ਉਸ ਵਾਸਤੇ 100-50 ਬੰਦਿਆਂ ਨੂੰ ਫੜਨਾ ਕੋਈ ਮੁਸ਼ਕਲ ਗੱਲ ਨਹੀਂ ਸੀ। ਇਨ੍ਹਾਂ 100-50 ਬੰਦਿਆਂ ਵਾਸਤੇ ਅਕਾਲ ਤਖਤ ਨੂੰ ਢਾਹੁਣ ਦਾ ਪ੍ਰੋਗਰਾਮ ਬਣਿਆ। ਜਦੋਂ ਉਹ ਢੱਠ ਗਿਆ ਤਾਂ ਇਸ ਦੇ ਨਾਲ ਆਮ ਸ਼ਰਧਾਵਾਨ ਦੇ ਦਿਲ ਤੇ ਚੋਟ ਵੱਜੀ। ਇਹ ਚੋਟ ਅਰਦਾਸ ਵਿੱਚ ਆ ਗਈ। ਅਰਦਾਸ ਵਿੱਚ ਅਬਦਾਲੀ ਦੀ ਚੋਟ ਵੀ ਆਈ, ਨਾਦਰ ਦੀ ਵੀ ਆਈ, ਅਬਦੁਲਸਮੱਦ ਦੀ ਵੀ ਆਈ, ਮੀਰ ਮੰਨੂ ਦੀ ਵੀ ਆਈ ਅਤੇ ਇਹ ਵੀ ਇਕ ਆ ਗਈ। ਇਹ ਗੱਲ ਹੁਣ ਕਿਸ ਤਰ੍ਹਾਂ ਲੋਕਾਂ ਦੇ ਮਨਾਂ ਵਿਚੋਂ ਭੁੱਲ ਜਾਵੇਗੀ। ਕਿੰਨੀ ਬੇਲੋੜੀ ਗੱਲ ਕੀਤੀ ਗਈ। ਕਿਸੇ ਨੂੰ ਪੁੱਛਿਆ ਨਹੀਂ, ਕਿਸੇ ਦੀ ਸਲਾਹ ਨਹੀਂ ਲਈ ਸਗੋਂ ਘੇਰਾ ਪਾ ਕੇ ਇਹ ਘਿਨ੍ਹਾਉਣਾ ਐਕਸ਼ਨ ਕਰ ਦਿੱਤਾ। ਫਿਰ ਦੂਸਰੀ ਬਾਤ ਹੋਈ। ਜਜ਼ਬਾਤ ਵਿੱਚ ਆ ਕੇ ਕਿਸੇ ਬੰਦੇ ਨੇ ਇੰਦਰਾ ਜੀ ਨੂੰ ਕਤਲ ਕਰ ਦਿੱਤਾ। ਲੋਕਾਂ ਸੁਣਿਆਂ ਸੀ ਕਿ ਤਿੰਨ ਬੰਦੇ ਸਨ। ਇਕ ਕਲੀਨ ਸ਼ੇਵਨ ਸੀ, ਦੋ ਸਿੱਖ ਸਨ। ਉਨ੍ਹਾਂ ਦੋਨਾਂ ਸਿੱਖਾਂ ਵਿਚੋਂ ਇਕ ਨੂੰ ਗਾਰਦ ਰੂਮ ਵਿੱਚ ਲਿਜਾ ਕੇ ਗੋਲੀ ਮਾਰੀ ਗਈ। ਗੋਲੀ ਮਾਰਨ ਵਾਲਿਆਂ ਨੂੰ ਕਿਸੇ ਨੇ ਫੜਿਆ ਨਹੀਂ। ਕਾਤਲ ਨੂੰ ਵੀ ਗੋਲੀ ਮਾਰਨਾ ਇਕ ਜੁਰਮ ਹੈ। ਕੋਈ ਫੜਿਆ ਨਹੀਂ ਗਿਆ। ਦੇਸ਼ ਦੀ ਕਿਸੇ ਹਕੂਮਤ ਨੇ ਮੁਕੱਦਮਾ ਨਹੀਂ ਚਲਾਇਆ। ਮੁਕੱਦਮਾ ਦੂਜੇ ਤੇ ਚਲਾਇਆ ਪਰ ਜੋ ਕਲੀਨ ਸ਼ੇਵਨ ਸੀ ਉਹ ਲੱਭਿਆ ਨਹੀਂ ਕਿ ਕਿਥੇ ਗਿਆ। (ਵਿਘਨ) (ਸ਼ੋਰ)

ਸ੍ਰੀ ਸੇਵਾ ਰਾਮ ਅਰੋੜਾ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂਬਰ ਸਾਹਿਬ ਉਸ ਕੇਸ ਦੀ ਗੱਲ ਕਰ ਰਹੇ ਹਨ ਜਿਸ ਦਾ ਕਿ ਅਦਾਲਤ ਵਿਚ ਫੈਸਲਾ ਹੋ ਗਿਆ ਹੈ। ਉਸ ਕੇਸ ਬਾਰੇ ਟੀਕਾ-ਟਿਪਣੀ ਕਰਨੀ ਮੈਂਬਰ ਸਾਹਿਬ ਦਾ ਕੋਈ ਹੱਕ ਨਹੀਂ। ਇਹ ਜਿਹੜੇ ਰਿਮਾਰ-ਕਸ ਮੈਂਬਰ ਸਾਹਿਬ ਨੇ ਕਹੇ ਹਨ, ਉਹ ਐਕਸਪੰਜ ਕਰ ਦਿਤੇ ਜਾਣ। ਇਸ ਤਰ੍ਹਾਂ ਦੇ ਕੁਮੈਂਟਸ ਇਥੇ ਨਹੀਂ ਆ ਸਕਦੇ। ਤੁਸੀਂ ਇਸ ਨੂੰ ਐਕਸਪੰਜ ਕਰਾਓ। (ਵਿਘਨ) ਇਹ ਗੈਰ-ਕਾਨੂੰਨੀ ਹੈ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਅਗਰ ਮੈਂ ਅਨਪਾਰਲੀਮੈਂਟਰੀ ਗੱਲ ਕਹੀ ਹੈ ਤਾਂ ਮੈਂ 10 ਵਾਰੀ ਮਾਫੀ ਮੰਗਣ ਲਈ ਤਿਆਰ ਹਾਂ। ਹਾਊਸ ਵਿਚ ਮੈਨੂੰ ਆਪਣੀ ਗੱਲ ਕਹਿਣ ਦਾ ਅਖਤਿਆਰ ਹੈ। ਜੇਕਰ ਇਨ੍ਹਾਂ ਨੂੰ ਮੇਰੀ ਗੱਲ ਚੰਗੀ ਨਹੀਂ ਲਗਦੀ ਤਾਂ ਮੈਂ ਕੀ ਕਰਾਂ। ਸਪੀਕਰ ਸਾਹਿਬ, ਬਲਿਊ ਸਟਾਰ ਤੋਂ ਬਾਅਦ ਅਤਿਵਾਦ ਵਧਿਆ ਹੈ ਜਾਂ ਘਟਿਆ ਹੈ? ਜਿਨ੍ਹਾਂ

ਨੇ ਦੇਸ਼ ਵਿਚ ਕਾਰਨਾਮੇ ਕੀਤੇ ਹਨ ਉਹ ਅੱਜ ਵਜ਼ਾਰਤ ਵਿਚ ਬੈਠੇ ਹਨ। ਹੁਣ ਉਹ ਨੈਸ਼ਨਲ ਇੰਟੇਗਰੇਸ਼ਨ ਦੀਆਂ ਗੱਲਾਂ ਕਰਦੇ ਹਨ । ਬਲਿਊ ਸਟਾਰ ਤੋਂ ਬਾਅਦ ਅਤਿਵਾਦ ਵਧਿਆ ਹੈ। ਕਾਨਪੁਰ ਅਤੇ ਬਕਾਰੋ ਵਿਚ ਲੋਕਾਂ ਦਾ ਕਿਤਨਾ ਨੁਕਸਾਨ ਹੋਇਆ ਹੈ। ਦਿੱਲੀ ਵਿਚ ਸਿੱਖਾਂ ਦਾ ਕਿਤਨਾ ਨੁਕਸਾਨ ਹੋਇਆਂ।' ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਜੀ ਨੇ ਜੋ ਜ਼ਿਕਰ ਕੀਤਾ ਹੈ, ਮੈਂ ਉਸ ਦਾ ਜ਼ਿਕਰ ਦੁਬਾਰਾ ਨਹੀਂ ਕਰਦਾ। 10,000 ਸਿੱਖ ਬੇਗੁਨਾਹ ਦਿੱਲੀ ਵਿਚ ਮਾਰੇ ਗਏ। ਕਿਆ ਜੱਜੀ ਹੈ ਤੁਹਾਡੀ, ਕੌਣ ਤੁਹਾਡੀ ਤਾਰੀਖ ਯਾਦ ਕਰੇਗਾ। ਇਨ੍ਹਾਂ ਦੀ ਤਾਰੀਖ ਤਾਂ ਤਿੰਨ ਹਰਫਾਂ ਵਾਲੀ ਬਣੇਗੀ। ਇਸ ਲਈ ਇਹ ਅਤਿਵਾਦ ਦਿੱਲੀ ਦੇ ਦਰਬਾਰ ਵਿਚੋਂ ਚਲਦਾ ਹੈ। ਦਿੱਲੀ ਦੇ ਦਰਬਾਰ ਵਿਚੋਂ ਆ ਕੇ ਇਥੇ ਫੈਲ ਜਾਂਦਾ ਹੈ। ਇਸ ਨੂੰ ਨਾਂ ਭਾਵੇਂ ਪਾਕਿਸਤਾਨ ਦਾ ਦੇ ਲਓ ਭਾਵੇਂ ਕਿਸੇ ਹੋਰ ਦਾ ਲੇਕਿਨ ਤੁਹਾਨੂੰ ਸਾਰੀ ਜ਼ਿੰਮੇਵਾਰੀ ਦਿੱਲੀ ਦੇ ਦਰਬਾਰ ਵਿਚੋਂ ਹੀ ਮਿਲੇਗੀ । ਇਸ ਦੇਸ਼ ਦੇ ਲੋਕ, ਇਸ ਪੰਜਾਬ ਦੇ ਲੋਕ ਜਿਹੜੇ ਬਾਵਜੂਦ ਏਨੀ ਗੱਲ ਦੇ ਵੀ ਹਿੰਦੂ-ਸਿੱਖ ਇਕ ਦੂਜੇ ਨਾਲੋਂ ਜੁਦਾ ਨਹੀਂ ਹੋਏ, ਨਹੀਂ ਹੋਣੇ ਚਾਹੀਦੇ। ਲੜਾਉਣ ਵਾਲਿਆਂ ਨੂੰ ਨਿਰਾਸ਼ਾ ਹੀ ਹੱਥ ਲਗੇਗੀ। ਇਹ ਲੋਕ ਚਾਹੁੰਦੇ ਹਨ ਕਿ ਆਪਸ ਵਿੱਚ ਲੜਾਓ ਤੇ ਚੌਧਰੀ ਬਣੋ। ਇਹ ਦੂਜਿਆਂ ਤੇ ਇਸ ਦੀ ਜ਼ਿਮੇਵਾਰੀ ਸੁੱਟਦੇ ਹਨ। ਬੀ.ਜੇ.ਪੀ. ਵਾਲੇ ਹਾਲੇ ਇਸ ਗੱਲ ਦਾ ਜਵਾਬ ਦੇਣਗੇ। ਇਹ ਸ਼ਿਵ ਸੈਨਾ, ਸੁਰਕਸ਼ਾ ਸੰਮਤੀਆਂ ਦਾ ਸਿਰਾ ਦੇਖੋ ਤਾਂ ਇਨ੍ਹਾਂ ਦੇ ਘਰ ਵਿੱਚ ਜਾ ਨਿਕਲਦਾ ਹੈ । ਇਹ ਸਾਰੀਆਂ ਦੀਆਂ ਸਾਰੀਆਂ ਇਨ੍ਹਾਂ ਦੀਆਂ ਹੀ ਬਣਾਈਆਂ ਹੋਈਆਂ ਹਨ। ਇਨ੍ਹਾਂ ਦੀਆਂ ਹੀ ਇਹ ਕੰਟਰੋਲਡ ਸੰਮਤੀਆਂ ਹਨ। ਮੈਂ ਅੰਮ੍ਰਿਤਸਰ ਵਿੱਚ ਦੇਖਦਾ ਹਾਂ। ਜਦੋਂ ਇਨ੍ਹਾਂ ਲੋਕਾਂ ਨੇ ਰਾਜੀਵ ਕੋਲ ਜਾਣਾ ਹੋਵੇ ਤਾਂ ਉਸ ਦਾ ਬੂਹਾ ਇਕ ਦਮ ਖੁਲ੍ਹ ਜਾਂਦਾ ਹੈ । ਦੂਜੇ ਕਈ ਕਈ ਚਿੱਠੀਆਂ ਪਾਈ ਜਾਣ ਫੇਰ ਵੀ ਟਾਈਮ ਨਹੀਂ ਮਿਲਦਾ। ਇੰਦਰਾ ਜੀ ਦੇ ਟਾਈਮ ਤੇ ਵੀ ਇਹੀ ਗੱਲ ਸੀ। ਸੁਰਿੰਦਰ ਬਿੱਲਾ ਅਤੇ ਹੋਰ ਮਿੰਟ ਵਿੱਚ ਜਾਂਦੇ ਹਨ ਅਤੇ ਜਿਹੜੀ ਡਾਇਰੈਕਸ਼ਨ ਲਿਆਉਣੀ ਹੁੰਦੀ ਸੀ, ਲੈ ਆਉਂਦੇ ਸੀ। ਫੇਰ ਪੰਜਾਬ ਦੇ ਮਸਲੇ ਨੂੰ ਲੈ ਕੇ ਇਕ ਅਕਾਰਡ ਕੀਤਾ। ਜੇ ਕੀਤਾ ਹੀ ਹੈ ਤਾਂ ਈਮਾਨਦਾਰੀ ਨਾਲ ਲਾਗੂ ਵੀ ਕਰੋ। ਮੈਂ ਉਦੋਂ ਵੀ ਕਿਹਾ ਸੀ ਕਿ ਜੇ ਈਮਾਨਦਾਰੀ ਨਾ ਵਰਤੀ ਗਈ ਤਾਂ ਇਸ ਅਕਾਰਡ ਦਾ ਕੋਈ ਫਾਇਦਾ ਨਹੀਂ ਹੋਣਾ । ਲੇਕਿਨ ਕੋਈ ਈਮਾਨਦਾਰੀ ਨਹੀਂ ਵਰਤੀ ਗਈ। ਮਨਿਸਟਰੀਆਂ ਵਿੱਚ ਵੀ ਇਹੀ ਹਾਲ ਹੈ । ਜੇ ਈਮਾਨਦਾਰੀ ਵਰਤੀ ਜਾਵੇ ਅਤੇ ਸਹੀ ਸਪਿਰਟ ਵਿੱਚ ਅਕਾਰਡ ਨੂੰ ਲਾਗੂ ਕੀਤਾ ਜਾਵੇ ਅਤੇ ਜਿਹੜੇ ਜੱਜਾਂ ਨੇ ਇਸ ਅਕਾਰਡ ਦੇ ਖਿਲਾਫ ਫੈਸਲੇ ਦਿੱਤੇ ਹਨ, ਉਨ੍ਹਾਂ ਫੈਸਲਿਆਂ ਦਾ ਹਿੱਸਾ ਵਿਚੋਂ ਕੱਢ ਦਿੱਤਾ ਜਾਵੇ ਤਾਂ ਇਹ ਮਸਲਾ ਕਿਉਂ ਹੱਲ ਨਹੀਂ ਹੋ ਸਕਦਾ। ਜੇ ਸਮਝੌਤਾ ਮੀਜ਼ੋ ਨਾਲ ਹੋ ਸਕਦਾ ਹੈ ਤਾਂ ਇਥੇ ਵੀ ਭਾਵੇਂ ਅਤਿਵਾਦ ਹੈ ਜਾਂ ਕੋਈ ਹੋਰ ਵਾਦ ਹੈ, ਕਿਉਂ ਨਹੀਂ ਹੋ ਸਕਦਾ। ਇਸ ਅਤਿਵਾਦ ਦਾ ਰੂਟ ਕੀ ਹੈ ? ਜਾਣਨ ਦੀ ਕੋਸ਼ਿਸ਼ ਕਰੋ ਅਤੇ ਕੋਸ਼ਿਸ਼ ਕਰਕੇ ਇਸ ਦਾ ਹਲ ਲੱਭਣ ਦੀ ਵੀ ਕੋਸ਼ਿਸ਼ ਕਰੋ । ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਇਕ ਨੈਸ਼ਨਲ ਪਰਾਬਲਮ ਹੈ । ਪਰ ਇਸ ਪਰਾਬਲਮ ਦਾ ਫਾਇਦਾ ਕਿਸ ਨੂੰ ਹੋਇਆ ? ਪਿਛਲੇ ਸਾਲ ਇਲੈਕਸ਼ਨਾਂ ਵਿੱਚ ਇਕ ਸਿੱਖ ਦੇ ਸਰੂਪ ਨੂੰ, ਆਨੰਦ-ਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਨੂੰ ਪਰਚਾਰ ਕੇ ਸਾਰੇ ਦੇਸ਼ ਦੀ ਹਿੰਦੂ ਜਨਤਾ ਨੂੰ ਸਿੱਖ ਸਰੂਪ ਦੇ ਖਿਲਾਫ ਭੜਕਾਇਆ ਗਿਆ ਅਤੇ ਉਸ ਦੀ ਬੇਇੱਜ਼ਤੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਭਾਵੇਂ ਉਥੇ ਗਿਆਨੀ ਜ਼ੈਲ ਸਿੰਘ ਹੋਵੇ ਅਤੇ ਭਾਵੇਂ ਬੂਟਾ ਸਿੰਘ ਹੋਵੇ, ਜਦੋਂ ਤਖਤ ਤੋਂ ਉਤਰ ਕੇ ਉਹ ਵੀ ਬਜ਼ਾਰ ਵਿਚ ਜਾਣਗੇ ਤਾਂ ਉਨ੍ਹਾਂ ਨਾਲ ਵੀ ਉਹੀ ਹਾਲ ਹੋਵੇਗਾ। ਉਨ੍ਹਾਂ ਨੇ ਕਿੰਨੇ ਵੱਡੇ ਗੁਨਾਹ ਉਸ ਦਿੱਲੀ ਦੇ ਤਖਤ ਤੇ ਬੈਠ ਕੇ ਕੀਤੇ ਹਨ। ਇਸ ਲਈ ਇਹ ਹਾਲਾਤ ਤਾਂ ਉਦੋਂ ਹੀ ਠੀਕ ਹੋਣਗੇ ਜਦੋਂ ਦਿੱਲੀ

[ਸਰਦਾਰ ਕਿਰਪਾਲ ਸਿੰਘ]

ਇਮਾਨਦਾਰ ਹੋਵੇਗੀ। (ਥੰਪਿੰਗ) ਜਦੋਂ ਉਹ ਸਰਬਰਾਹ ਈਮਾਨਦਾਰ ਹੋਵੇਗਾ। ਜਿੰਨਾ ਦਮ ਇਸੇ ਸਰਕਾਰ ਵਿੱਚ ਹੈ ਉਹ ਜ਼ੋਰ ਲਾਈ ਜਾਂਦੇ ਹਨ। ਏਨੀਆਂ ਕੰਪਨੀਆਂ ਆ ਗਈਆਂ ਹਨ (ਸ਼ੋਰ) ਸੈਂਟਰਲ ਫੋਰਸਿਜ਼- ਸੀ.ਆਰ.ਪੀ. ਦਾ ਨਾਂ ਸ਼ਿਵ ਸੈਨਾ ਰੱਖ ਲਓ, ਸੁਰਕਸ਼ਾ ਸੰਮਤੀ ਰਖ ਲਓ ਤਾਂ ਉਹ ਵੀ ਠੀਕ ਹੋਵੇਗਾ। ਇਹ ਫੋਰਸਿਜ਼ ਕਮਿਊਨਿਲਿਜ਼ਮ ਨੂੰ ਵਧਾ ਰਹੀਆਂ ਹਨ। ਹਿੰਦੁਸਤਾਨ ਵਿਚ ਅਗਰ ਕੋਈ ਪੁਲਿਸ ਐਸੀ ਹੈ ਜਿਸ ਵਿਚ ਹਰ ਰੰਗ ਦਾ ਬੰਦਾ ਹੈ ਭਾਵੇਂ ਉਹ ਹਿੰਦੂ ਹੋਵੇ ਅਤੇ ਭਾਵੇਂ ਸਿੱਖ, ਉਹ ਪੰਜਾਬ ਦੀ ਹੀ ਪੁਲਿਸ ਹੈ। ਉਹ ਕੁਰੱਪਸ਼ਨ ਦੇ ਖਿਲਾਫ, ਜ਼ਿਆਦਤੀਆਂ ਦੇ ਬਾਵਜੂਦ ਵੀ ਪੂਰੇ ਰੂਪ ਵਿੱਚ ਸੈਕੂਲਰ ਹੀ ਹੈ। ਜੋ ਸੈਕੂਲਰਿਜ਼ਮ ਏਥੇ ਮੌਜੂਦ ਹੈ ਉਹ ਹੋਰ ਕਿਧਰੇ ਮੌਜੂਦ ਨਹੀਂ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਉਹ ਗੌਰਮਿੰਟ ਜਿਸ ਦੀ ਇਹ ਜ਼ਿੰਮੇਵਾਰੀ ਬਣਦੀ ਸੀ ਕਿ ਅਕਾਰਡ ਨੂੰ ਲਾਗੂ ਕਰਾਏ ਲੇਕਿਨ ਉਹ ਸਰਕਾਰ ਇਸ ਨੂੰ ਲਾਗੂ ਕਰਾਉਣ ਵਿੱਚ ਫੇਲ੍ਹ ਹੋ ਗਈ। ਉਹੀ ਸਰਕਾਰ ਧਰਮ ਦੇ ਨਾਂ ਤੇ ਆਈ ਹੈ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜੇ ਸੀ ਤਾਂ ਕਿਸੇ ਨੇ ਕਿਹਾ ਬਗੈਰ ਸਿਰਾਂ ਦੇ ਧੜ ਕੀ ਕਰਨਗੇ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਧੜਾਂ ਤੇ ਮੈਂ ਆਪਣਾ ਸਿਰ ਲਾ ਦਿਆਂਗਾ। ਅਸੀਂ ਗੁਰੂ ਗੋਬਿੰਦ ਸਿੰਘ ਦਾ ਸਿਰ ਚੁਕੀ ਫਿਰਦੇ ਹਾਂ। ਜਿਹੜਾ ਆਦਮੀ ਗੁਰੂ ਗੋਬਿੰਦ ਸਿੰਘ ਦੀ ਸ਼ਕਲ ਧਾਰਨ ਕਰਕੇ, ਗਾਤਰਾ ਪਾ ਕੇ, ਦਾੜ੍ਹੀ ਖੋਲ੍ਹ ਕੇ ਕੁਰੱਪਸ਼ਨ ਕਰੇ, ਬੇਈਮਾਨੀ ਕਰੇ, ਇਹ ਲੋਕ ਕਰਨ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਜਿਸ ਦਾ ਜੀਅ ਕਰਦਾ ਹੈ ਕਰੇ ਲੇਕਿਨ ਮੇਰੀ, ਤੁਹਾਡੀ ਜਾਇਦਾਦ ਸਿੱਖੀ ਹੈ ਤੇ ਸਿੱਖੀ ਦਾ ਅਸੂਲ ਹੈ ਕਿ "ਗੁਰਪੀਰ ਹਾਮਾ ਤਾਂ ਭਰੇ ਜਾਹ ਮੁਰਦਾਰ ਨਾ ਖਾਏ।" ਕਿਸੇ ਨੇ ਸੂਰ ਨੂੰ ਪੁੱਛਿਆ ਕਿ ਤੈਨੂੰ ਜੰਨਤ ਵਿਚ ਲੈ ਚਲਦੇ ਹਾਂ। ਉਸ ਨੇ ਕਿਹਾ ਕਿ ਜਨਤ ਵਿੱਚ ਕੀ ਹੈ ? ਜਵਾਬ ਮਿਲਿਆ ਕਿ ਉਥੇ ਦੁੱਧ ਦੀਆਂ ਨਦੀਆਂ ਹਨ, ਸ਼ਹਿਦ ਹੈ, ਪੋਨੇ ਗੰਨੇ ਹਨ। ਸੂਰ ਨੇ ਕਿਹਾ ਵਿਸ਼ਟਾ ਵੀ ਹੈ ? ਉਸ ਨੇ ਕਿਹਾ ਜਨਤ ਵਿੱਚ ਵਿਸ਼ਟੇ ਦਾ ਕੀ ਸਵਾਲ ਪੈਦਾ ਹੁੰਦਾ ਹੈ। ਸੂਰ ਨੇ ਕਿਹਾ ਕਿ ਮੈਂ ਉਹ ਜਨਤ ਕੀ ਕਰਨੀ ਹੈ ਜਿਥੇ ਵਿਸ਼ਟਾ ਵੀ ਨਹੀਂ ਹੈ। ਗੁਰੂ ਮਹਾਰਾਜ ਨੇ ਸਾਨੂੰ ਅੰਮ੍ਰਿਤ ਛਕਾਇਆ ਸੀ। ਸਾਡੇ ਵਿਚੋਂ ਜੋ ਚੌੜੇ ਗਾਤਰੇ ਤੇ ਖੁਲ੍ਹੇ ਦਾਹੜੇ ਵਾਲੀਆਂ ਸੋਹਣੀਆਂ ਸੂਰਤਾਂ ਬਣਾ ਕੇ ਰਿਸ਼ਵਤ ਦਾ ਵਿਸ਼ਟਾ ਖਾਣ ਤਾਂ ਉਨ੍ਹਾਂ ਦੀ ਜ਼ਹਿਨੀਅਤ ਸੂਰਾਂ ਵਾਲੀ ਹੈ। ਗੁਰੂ ਮਹਾਰਾਜ ਨੇ ਸਾਨੂੰ ਆਪਣਾ ਰੂਪ ਦਿੱਤਾ ਸੀ। ਅਸੀਂ ਉਨ੍ਹਾਂ ਦਾ ਰੂਪ ਧਾਰਨ ਕਰਕੇ ਜਦੋਂ ਕੁਕਰਮ ਕਰਦੇ ਹਾਂ ਤਾਂ ਇਸ ਨਾਲ ਗੁਰੂ ਮਹਾਰਾਜ ਵੱਲ ਵੀ ਉਂਗਲਾਂ ਹੁੰਦੀਆਂ ਹਨ। ਜਿਵੇਂ ਪੰਜਾਬੀ ਦਾ ਅਖਾਣ ਹੈ :--

ਮੰਦਾ ਕੁੱਤਾ ਖਸਮੇਂ ਗਾਲ।

ਬਰਨਾਲਾ ਸਾਹਿਬ, ਬਿਗਾਨਾ ਚਿੱਕੜ ਕਿਉਂ ਚੁੱਕੀ ਫਿਰਦੇ ਹੋ ? ਜਾਂ ਕੁਰੱਪਟ ਆਦਮੀਆਂ ਨੂੰ ਆਪਣੀ ਵਜ਼ਾਰਤ ਵਿਚੋਂ ਕੱਢੋ ਜਾਂ ਆਪ ਛੱਡੋ।

ਸ੍ਰੀ ਸਪੀਕਰ: ਸਰਦਾਰ ਕਿਰਪਾਲ ਸਿੰਘ ਜੀ, 2 ਮਿੰਟਾਂ ਵਿਚ ਸਮਾਪਤ ਕਰੋ। (ਸ਼ੋਰ)

ਸਰਦਾਰ ਕਿਰਪਾਲ ਸਿੰਘ: ਇਸ ਮਸਲੇ ਦੇ ਹੱਲ ਵਾਸਤੇ ਹਰ ਖਿਆਲ ਦੇ ਲੋਕਾਂ ਨੂੰ ਮੇਜ਼ ਤੇ ਲਿਆਂਦਾ ਜਾਵੇ ਭਾਵੇਂ ਕੋਈ ਅਤਿਵਾਦੀ ਹੋਵੇ ਤੇ ਭਾਵੇਂ ਕੋਈ ਵਾਦੀ ਹੋਵੇ। ਇਹ ਨੈਸ਼ਨਲ ਮਸਲਾ ਹੈ ਅਤੇ ਨੈਸ਼ਨਲ ਲੈਵਲ ਤੇ ਹੀ ਹੱਲ ਹੋਣਾ ਚਾਹੀਦਾ ਹੈ। ਜਿਥੋਂ ਤਕ ਅਕਾਰਡ ਦਾ ਤੁਅੱਲਕ ਹੈ ਇਸ ਨੂੰ ਇਸ ਦੀ ਸਹੀ ਸਪਿਰਟ ਵਿਚ ਹੀ ਲਾਗੂ ਕੀਤਾ ਜਾਣਾ ਚਾਹੀਦਾ ਹੈ। ਆਪਣੀ ਗੌਰਮਿੰਟ

ਵਿੱਚ ਜਿਹੜੀ ਕੁਰੱਪਸ਼ਨ ਦੀ ਕਹਾਣੀ ਹੈ, ਉਹ ਪੰਜਾਬ ਦੇ ਪਿੰਡਾਂ, ਸ਼ਹਿਰਾਂ ਵਿੱਚ ਏਨੀ ਜ਼ੋਰ ਨਾਲ ਫੈਲੀ ਹੈ (ਘੰਟੀ) ਉਹ ਕੁਝ ਹੋਵੇਗੀ ਵੀ ਤੇ ਕੁਝ ਮੁਖਾਲਫਤ ਲੋਕਾਂ ਨੇ ਬਹੁਤ ਜ਼ਿਆਦਾ ਵਧਾਈ ਵੀ ਹੋਣੀ ਹੈ ।

Mr. Speaker : Let it be concluded.

ਸਰਦਾਰ ਕਿਰਪਾਲ ਸਿੰਘ : ਆਪਣੇ ਘਰ ਨੂੰ ਸਰਦਾਰ ਬਰਨਾਲਾ ਸਾਫ ਕਰਨ, ਬੇਗਾਨਾ ਪਾਪ ਚੁਕ ਕੇ ਨਾ ਫਿਰਦੇ ਰਹਿਣ । ਅਕਾਰਡ ਨੂੰ ਲਾਗੂ ਕਰਾਉਣ ਲਈ ਜੇ ਕੋਈ ਕੁਰਬਾਨੀ ਵੀ ਕਰਨੀ ਪੈਂਦੀ ਹੈ ਤਾਂ ਕਰਨ। ਦਰਖਾਸਤਾਂ, ਅਰਜ਼ੀਆਂ ਨਾਲ ਕੁਝ ਨਹੀਂ ਬਣਦਾ। ਇਧਰ ਮੇਰੇ ਵੀਰ ਜੋ ਮੇਰੇ ਖੱਬੇ ਹੱਥ ਬੈਠੇ ਹਨ, ਇਨ੍ਹਾਂ ਨੇ ਆਪਣੀ ਸਰਕਾਰ ਨੂੰ ਹੀ ਕਾਂਗਰਸ ਦੇ ਥੱਲੇ ਲਾ ਦਿੱਤਾ ਹੈ ਜਿਨ੍ਹਾਂ ਨੂੰ ਕਾਤਲ ਕਹਿੰਦੇ ਸੀ, ਉਨ੍ਹਾਂ ਦੇ ਥੱਲੇ ਹੀ ਲੈ ਆਂਦਾ ਹੈ।

ਸ੍ਰੀ ਸਪੀਕਰ : ਬੈਠੋ, ਸਰਦਾਰ ਕਿਰਪਾਲ ਸਿੰਘ ਜੀ, ਤੁਹਾਡਾ ਟਾਈਮ ਸਮਾਪਤ ਹੋ ਗਿਆ ਹੈ। ਮਾਸਟਰ ਮੋਹਨ ਲਾਲ।

ਮਾਸਟਰ ਮੋਹਨ ਲਾਲ (ਪਠਾਨਕੋਟ) : ਸਪੀਕਰ ਸਾਹਿਬ, ਅੱਜ ਜਿਸ ਵਾਤਾਵਰਨ ਵਿੱਚ ਅਸੀਂ ਇਸ ਸਦਨ ਵਿਚ ਇਕੱਠੇ ਹੋਏ ਹਾਂ, ਉਹ ਬੜਾ ਦੁਖਦਾਈ ਵਾਤਾਵਰਨ ਹੈ । ਅੱਜ ਦੇਸ਼ ਦੇ ਸਾਹਮਣੇ ਔਰ ਇਸ ਸਦਨ ਦੇ ਸਾਹਮਣੇ 2 ਬਹੁਤ ਗੰਭੀਰ ਮਸਲੇ ਖੜੇ ਹਨ। ਸਪੀਕਰ ਸਾਹਿਬ, ਅੱਜ ਦੇਸ਼ ਦੇ ਅੰਦਰ ਵਸਣ ਵਾਲੀਆਂ ਦੋ ਕਮਿਊਨਿਟੀਜ਼ ਜਿਨ੍ਹਾਂ ਨੇ ਇਥੇ ਇਕੱਠੇ ਹੋ ਕੇ ਜਦੋਂ ਜਹਿਦ ਕੀਤੀ, ਭਾਈਚਾਰੇ ਨੂੰ ਮਜ਼ਬੂਤ ਬਣਾਇਆ ਅਤੇ ਦੇਸ਼ ਦੀ ਆਜ਼ਾਦੀ ਲਈ ਜਿਨ੍ਹਾਂ ਦੋ ਕੌਮਾਂ ਨੇ ਮਿਲ ਕੇ ਸੰਘਰਸ਼ ਕੀਤਾ, ਅੱਜ ਉਹੀ ਦੋ ਕਮਿਊਨਿਟੀਜ਼ ਆਪਸ ਵਿੱਚ ਸ਼ੱਕ ਦੇ ਵਾਤਾਵਰਨ ਵਿੱਚ ਖੜੀਆਂ ਹਨ। ਇਕ ਮਾਂ ਦੇ ਸਕੇ ਦੋ ਪੁੱਤਰ ਅੱਜ ਆਹਮਣੇ-ਸਾਹਮਣੇ ਟਕਰਾਓ ਦੀ ਨੀਤੀ ਵਿੱਚ ਖੜ੍ਹੇ ਹਨ । ਇਹ ਬਹਾਦਰ ਸਿੱਖ ਕੌਮ ਜਿਸ ਨੇ ਪੰਜਾਬ ਨੂੰ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਵਾਸਤੇ ਫਾਂਸੀਆਂ ਤੇ ਚੜ੍ਹੇ, ਕੁਰਬਾਨੀਆਂ ਦਿੱਤੀਆਂ, ਅੱਜ ਉਹੀ ਸ਼ੱਕ ਵਿਚ ਰਹਿ ਰਹੇ ਹਨ। ਸ਼ੱਕ ਇਸ ਕਦਰ ਵਧ ਗਿਆ ਹੈ ਕਿ ਇਸ ਨੂੰ ਸਾਰੇ ਦੇਸ਼ ਨੂੰ ਗੰਭੀਰਤਾ ਨਾਲ, ਅਦਬ ਨਾਲ ਬੈਠ ਕੇ ਵਿਚਾਰਨਾ ਚਾਹੀਦਾ ਹੈ। ਅੱਜ ਇਕ ਕੌਮ ਆਪਣੇ ਇਸ ਮੁਲਕ ਦੀ ਏਕਤਾ, ਅਖੰਡਤਾ ਅਤੇ ਭਾਈਚਾਰੇ ਨੂੰ ਇਕ ਪਾਸੇ ਰੱਖ ਕੇ ਇਹ ਚਾਹੁੰਦੇ ਹਨ ਕਿ ਸਾਨੂੰ ਇਸ ਮੁਲਕ ਤੋਂ ਵੱਖਰਾ ਕਰ ਦਿੱਤਾ ਜਾਵੇ। ਅਗਰ ਸਾਰੇ ਸਿੱਖ ਨਹੀਂ ਚਾਹੁੰਦੇ ਤਾਂ ਕੁਝ ਅਜਿਹੇ ਮੇਰੇ ਵੀਰ ਜਿਵੇਂ ਸਰਦਾਰ ਬਲਵੰਤ ਸਿੰਘ ਜੀ ਨੇ ਕਿਹਾ ਹੈ, ਉਨ੍ਹਾਂ ਗੁੰਮਰਾਹ ਨੌਜਵਾਨਾਂ ਨੂੰ ਫਾਰੇਨਏਡ ਮਿਲਦੀ ਹੈ ਅਤੇ ਉਹ ਇਸ ਮੁਲਕ ਦੇ ਅੰਦਰ ਇਨਫਿਲਟਰੇਟ ਕਰ ਰਹੇ ਹਨ। ਮੈਂ ਪੰਜਾਬ ਸਰਕਾਰ ਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਗਰ ਇਸ ਦੇ ਅੰਦਰ ਕੋਈ ਬਾਹਰ ਦੀ ਤਾਕਤ ਦਾ ਹੱਥ ਹੈ ਅਫਗਾਨਿਸਤਾਨ ਦਾ ਹੱਥ ਹੈ ਜਾਂ ਰੂਸ ਦਾ ਹੱਥ ਹੈ ਤਾਂ ਉਸ ਨਾਲ ਸਰਕਾਰੀ ਨਾਤੇ ਨਜਿਠਿਆ ਜਾਣਾ ਚਾਹੀਦਾ ਹੈ।

*12.54 p.m. | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਇਸ ਗੱਲ ਦਾ ਸਾਰਾ ਹਿੰਦੁਸਤਾਨ ਗਵਾਹ ਹੈ ਕਿ ਜਦੋਂ ਸਾਰਾ ਆਲਮ ਸੁੱਤਾ ਪਿਆ ਹੋਵੇ, ਇਨਸਾਨੀਅਤ ਸੁੱਤੀ ਪਈ ਹੋਵੇ, ਆਰਾਮ ਨਾਲ ਲੋਕ ਆਪਣੇ ਘਰਾਂ ਵਿਚ ਬੈਠੇ ਹੋਣ ਤਾਂ ਉਸ ਵੇਲੇ ਸਰਕਾਰ ਲੋਕਾਂ ਦੇ ਘਰਾਂ ਦੀ, ਉਨ੍ਹਾਂ ਦੀ ਸੰਪਤੀ ਦੀ ਔਰ ਉਨ੍ਹਾਂ ਦੇ ਜਾਨੋ-

[ਮਾਸਟਰ ਮੋਹਨ ਲਾਲ]

ਮਾਲ ਦੀ ਰਾਖੀ ਕਰਦੀ ਹੈ। ਪਰ ਅੱਜ ਸਰਕਾਰ ਦੀ ਐਗਜ਼ਿਸਟੈਂਸ ਖਤਮ ਹੈ। ਸਰਕਾਰ ਦੀ ਹੋਂਦ ਨੂੰ ਖਤਰਾ ਹੈ। ਸਰਕਾਰ ਪੰਜਾਬ ਦੇ ਅੰਦਰ ਹੈ ਨਹੀਂ ਅਤੇ ਪੰਜਾਬ ਦੇ ਅੰਦਰ ਅੱਤਵਾਦੀਆਂ ਅੱਤਵਾਦੀਆਂ ਦਾ ਖੁੱਲ੍ਹਮ-ਖੁਲ੍ਹਾ ਰਾਜ ਹੈ। ਡਿਪਟੀ ਸਪੀਕਰ ਸਾਹਿਬ, ਕੋਈ ਆਦਮੀ ਟੈਲੀਵੀਜ਼ਨ ਦੇਖ ਰਿਹਾ ਹੈ, ਟੈਰੋਰਿਸਟ ਉਸ ਦੇ ਮਕਾਨ ਅੰਦਰ ਆਉਂਦਾ ਹੈ ਔਰ ਉਸ ਨੂੰ ਮਾਰ ਕੇ ਚਲਾ ਜਾਂਦਾ ਹੈ। ਅਖਬਾਰਾਂ ਵਿਚ ਬਿਆਨ ਆ ਜਾਂਦੇ ਹਨ ਕਿ ਪੁਲਿਸ ਨੂੰ ਚੌਕਸ ਕਰ ਦਿੱਤਾ ਗਿਆ ਹੈ। ਐਡਮਨਿਸਟਰੇਸ਼ਨ ਨੂੰ ਚੌਕਸ ਕਰ ਦਿੱਤਾ ਗਿਆ ਹੈ। ਪਰ ਦੂਜੇ ਦਿਨ ਬਿਆਨ ਆ ਜਾਂਦਾ ਹੈ ਕਿ ਉਗਰਵਾਦੀ ਭੱਜਣ ਵਿਚ ਕਾਮਯਾਬ ਹੋ ਗਏ ਹਨ। ਦਸ ਦਿਨਾਂ ਬਾਅਦ ਹੋਰ ਘਟਨਾ ਵਾਪਰ ਜਾਂਦੀ ਹੈ। ਡਿਪਟੀ ਸਪੀਕਰ ਸਾਹਿਬ, ਲੁਧਿਆਣਾ ਵਿਚ ਦਰੇਸੀ ਗਰਾਉਂਡ ਵਿਚ ਦਿਨ ਦਿਹਾੜੇ 11 ਆਦਮੀ ਨਿਹੱਥੇ, ਜੋ ਕਿ ਸੈਰ ਕਰਨ ਗਏ ਸਨ, ਉਨ੍ਹਾਂ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਗਿਆ। ਕੱਲ੍ਹ ਦੀ ਗਲ ਹੈ ਕਿ 24 ਮਾਸੂਮ ਲੋਕਾਂ ਨੂੰ ਬੱਸ ਵਿਚੋਂ ਕੱਢ ਕੇ ਮਾਰ ਦਿੱਤਾ ਗਿਆ। ਅੰਮ੍ਰਿਤਸਰ ਵਿਚ ਡਾਕਟਰ ਕੇਵਲ ਕ੍ਰਿਸ਼ਨ ਜੋ ਕਿ ਭਾਰਤੀਯ ਜਨਤਾ ਪਾਰਟੀ ਮੰਡਲ ਦੇ ਪ੍ਰਧਾਨ ਸਨ, ਉਨ੍ਹਾਂ ਨੂੰ ਮਾਰ ਦਿੱਤਾ ਗਿਆ। ਮੁਕਤਸਰ ਦਾ ਕਾਂਡ ਹੈ, ਮਲੋਟ ਦਾ ਕਾਂਡ ਹੈ, ਇਹ ਸਾਰੇ ਕਾਂਡ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਸਰਕਾਰ ਨਾਂ ਦੀ ਚੀਜ਼ ਪੰਜਾਬ ਵਿਚੋਂ ਮਿਸਿੰਗ ਹੈ। ਅੰਗਰੇਜ਼ੀ ਸਰਕਾਰ ਤੋਂ ਵਿਰਸੇ ਵਿਚ ਸਰਕਾਰ ਨਾਂ ਦੀ ਚੀਜ਼ ਲਈ ਸੀ। ਸਰਕਾਰ ਦਾ ਡਰ ਲੋਕਾਂ ਤੇ ਹੁੰਦਾ ਹੈ। ਉਹ ਡਰ, ਭੈਅ ਮਿਸਿੰਗ ਹੈ ਔਰ ਗੌਰਮਿੰਟ ਨਾਂ ਦੀ ਚੀਜ਼ ਪੰਜਾਬ ਅੰਦਰੋਂ ਮਿਸਿੰਗ ਹੈ। ਬਰਨਾਲਾ ਸਾਹਿਬ ਦੀ ਸਰਕਾਰ ਨੂੰ ਇਹ ਬਹੁਤ ਵੱਡਾ ਚੈਲੰਜ ਹੈ। ਰਾਜ ਸਭਾ ਦੀਆਂ ਚੋਣਾਂ ਸਮੇਂ ਬਰਨਾਲਾ ਸਾਹਿਬ ਨੇ ਕਿਹਾ ਸੀ ਕਿ ਟੈਰੋਰਿਸਟਸ ਨੂੰ ਖਤਮ ਕਰ ਦਿਆਂਗੇ, ਇਸ ਕਰਕੇ ਅਸੀਂ ਉਨ੍ਹਾਂ ਨਾਲ ਖੜੇ ਹੋਏ ਸੀ। ਪਰ ਅੱਜ ਕਤਲ ਹੋ ਰਹੇ ਹਨ, ਖਾਲਿਸਤਾਨ ਦੇ ਨਾਹਰੇ ਲਗਾਏ ਜਾ ਰਹੇ ਹਨ ਔਰ ਮਾਸੂਮ ਲੋਕਾਂ ਦੇ ਕਤਲ ਜਾਰੀ ਹਨ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਹਾਲਾਤ ਵਿਚ ਅਗਰ ਸਰਕਾਰ ਆਪਣੀ ਹੋਂਦ ਨੂੰ ਲੋਕਾਂ ਦੇ ਦਿਲਾਂ ਵਿਚ ਬਿਠਾ ਨਹੀਂ ਸਕੀ ਤਾਂ ਫਿਰ ਉਸ ਸਰਕਾਰ ਨੂੰ ਸਾਸ਼ਨ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਅਗਰ ਸਰਕਾਰ ਲੋਕਾਂ ਦੇ ਜਾਨੋ-ਮਾਲ ਦੀ ਹਿਫਾਜ਼ਤ ਨਹੀਂ ਕਰ ਸਕਦੀ ਤਾਂ ਖੁੱਲ੍ਹਮ-ਖੁੱਲ੍ਹਾ ਉਸ ਸਰਕਾਰ ਨੂੰ ਛੱਡ ਕੇ ਚਲਾ ਜਾਣਾ ਚਾਹੀਦਾ ਹੈ। ਜਿਸ ਵੇਲੇ ਕਾਂਗਰਸ ਸਰਕਾਰ ਸੀ ਉਸ ਵੇਲੇ ਇਹ ਗਲ ਕਹੀ ਸੀ ਕਿ ਜੇਕਰ ਸਰਕਾਰ ਲੋਕਾਂ ਦੇ ਜਾਨੋ-ਮਾਲ ਦੀ ਰਾਖੀ ਨਹੀਂ ਕਰ ਸਕਦੀ ਤਾਂ ਉਸ ਨੂੰ ਚਲੇ ਜਾਣਾ ਚਾਹੀਦਾ ਹੈ। ਉਸ ਦੇ ਜਾਣ ਨਾਲ ਦੂਜੀ ਸਰਕਾਰ ਆਈ। ਪਰ ਇਨ੍ਹਾਂ ਦੇ ਰਾਜ ਵਿਚ ਇਹ ਕਤਲ ਜਾਰੀ ਹਨ। ਅੱਜ ਬੜੇ ਅਫਸੋਸ ਨਾਲ ਇਤਮੀਨਾਨ ਨਾਲ ਸੋਚਣਾ ਪਏਗਾ ਕਿ ਸਰਕਾਰ ਨੇ ਆਪਣੀ ਹੋਂਦ ਕਿਤੇ ਦਿਖਾਉਣੀ ਹੈ ਜਾਂ ਨਹੀਂ। ਇਸ ਸਬੰਧ ਵਿਚ ਦੋ ਐਗਜ਼ੈਂਪਲਾਂ ਦੇ ਰਿਹਾ ਹਾਂ:—

While the Akali Dal's political campaigning came to a virtual halt, the Barnala Government allowed Baba Joginder Singh and his other extremist colleagues to tour the whole State and make the most poisonous communal, anti-national and provocative speeches .

The another point is that there is a Khalsa Secondary School in Amritsar. In this school the day begins with religious prayers lasting 35 minutes relayed through a system of loud speakers to all the classrooms. During the year three processions are taken out to the Golden Temple. Attendance in these is compulsory. The fine for absence on any of these is Rs. 10 while it is only 6 paise for absence on any normal study day.

ਇਹ ਦੋ ਉਦਾਹਰਣਾਂ ਹਨ। ਇਸ ਤਰ੍ਹਾਂ ਦੀਆਂ ਹੋਰ ਕਈ ਉਦਾਹਰਣਾਂ ਹਨ। ਜਗ੍ਹਾ ਜਗ੍ਹ ਤੇ ਟੈਰੋਰਿਸਟਸ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਲਗਾਉਂਦੇ ਹਨ। ਅਗਰ ਪੰਜਾਬ ਅੰਦਰ ਸਰਕਾਰ ਨਾਂ ਦੀ ਕੋਈ ਚੀਜ਼ ਹੈ ਤਾਂ ਇਸ ਟੈਰੋਰਿਜ਼ਮ ਨੂੰ ਬੜੀ ਸਖਤੀ ਨਾਲ ਕੁਚਲ ਦੇਣਾ ਚਾਹੀਦਾ ਹੈ। ਇਹ ਮੇਰੀ ਆਪਣੀ ਪਾਰਟੀ ਦੀ ਮੰਗ ਹੈ। ਮੈਂ ਇਹ ਵੀ ਨਿਵੇਦਨ ਕਰਦਾ ਹਾਂ ਅਤੇ ਕੁਝ ਇਕ ਸੁਝਾਓ ਬਰਨਾਲਾ ਸਾਹਿਬ ਨੂੰ ਆਪਣੀ ਪਾਰਟੀ ਵਲੋਂ ਦੇਣਾ ਚਾਹੁੰਦਾ ਹਾਂ। ਉਗਰਵਾਦੀ ਤੇ ਦੋ ਫਰੰਟ ਤੇ ਲੜਾਈ ਲੜਨੀ ਚਾਹੀਦੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਉਗਰਵਾਦੀ ਵਿਰੋਧੀ ਦਸਤੇ ਬਣਾਏ ਜਾਣੇ ਚਾਹੀਦੇ ਹਨ ਪੰਜਾਬ ਵਿਚ ਜਿਹੜੇ ਥਾਂ ਥਾਂ ਤੇ ਜਾ ਕੇ ਇਸ ਗੱਲ ਦੀ ਪੜਤਾਲ ਕਰਨ ਕਿ ਕੋਈ ਆਦਮੀ ਮਸ਼ਕੂਕ ਕਿਥੇ ਛਿਪਦਾ ਹੈ, ਕਿਥੇ ਰਹਿੰਦਾ ਹੈ ਔਰ ਉਸ ਨੂੰ ਕਿਸ ਤਰ੍ਹਾਂ ਨਾਲ ਹੈਂਡਲ ਕਰਨਾ ਹੈ। ਦੂਸਰੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਦੇ ਐਨੇ ਮੰਤਰੀ ਹਨ। ਬਰਨਾਲਾ ਸਾਹਿਬ ਨੂੰ ਚਾਹੀਦਾ ਹੈ ਕਿ ਆਪਣੇ ਮੰਤਰੀਆਂ ਦੀ ਤਿੰਨ ਤਿੰਨ ਦੀ ਟੀਮ ਬਣਾ ਕੇ ਇੱਕ ਇੱਕ ਜ਼ਿਲ੍ਹੇ ਵਿਚ ਉਨ੍ਹਾਂ ਨੂੰ ਭੇਜਿਆ ਜਾਏ ਔਰ ਅਗਰ ਕੋਈ ਅਜਿਹੀ ਘਟਨਾ ਹੋਏ ਤਾਂ ਉਨ੍ਹਾਂ ਦੇ ਜ਼ਿਮੇ ਲਗਾਈ ਜਾਏ। ਤਿੰਨ ਤਿੰਨ ਮਨਿਸਟਰਾਂ ਦੀ ਟੀਮ ਬਣਾਕੇ ਇੱਕ ਇੱਕ ਜ਼ਿਲ੍ਹੇ ਵਿਚ ਭੇਜ ਦਿੱਤੀ ਜਾਏ ਅਤੇ ਉਨ੍ਹਾਂ ਦੇ ਜ਼ਿਮੇਂ ਲਗਾ ਦਿੱਤਾ ਜਾਏ, ਉਹ ਭਾਲ ਕਰਨ ਕਿ ਟੈਰੋਰਿਸਟ ਕਿਥੋਂ ਆਉਂਦੇ ਹਨ ਅਤੇ ਕਿਥੇ ਛਿਪਦੇ ਹਨ। ਇਸ ਤਰੀਕੇ ਨਾਲ ਇਹ ਗੱਲ ਕੀਤੀ ਜਾਏ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਮਾਸਟਰ ਮੋਹਨ ਲਾਲ : ਪੰਜਾਬ ਦੇ ਅਲਪਸੰਖਿਅਕ ਲੋਕ ਪੰਜਾਬ ਸਰਕਾਰ ਤੋਂ ਆਪਣਾ ਵਿਸ਼ਵਾਸ਼ ਖੋਹ ਚੁਕੇ ਹਨ। ਅੱਜ ਇਹ ਮਹਿਸੂਸ ਕਰਦੇ ਹਨ ਕਿ ਦਿੱਲੀ ਦੀ ਸਰਕਾਰ ਵਲੋਂ ਪੰਜਾਬ ਵਿਚ ਕੋਈ ਐਕਸ਼ਨ ਕੀਤਾ ਜਾਏ। ਪੰਜਾਬ ਸਰਕਾਰ ਦੇ ਰੀਬੇਰੋ ਵਲੋਂ ਕੋਈ ਵੀ ਐਕਸ਼ਨ ਕੀਤਾ ਜਾਏ ਤਾਂ ਉਸ ਨੂੰ ਅਤੰਕਵਾਦੀ ਸਮਝਦੇ ਹਨ ਕਿ ਇਹ ਹਿੰਦੂਆਂ ਦਾ ਐਕਸ਼ਨ ਹੈ। ਉਸ ਦੇ ਬਦਲੇ ਉਸ ਦਾ ਬਦਲਾ ਹਿੰਦੂਆਂ ਤੋਂ ਲੈਂਦੇ ਹਨ। ਸਰਕਾਰ ਨੂੰ ਅਲਪਸੰਖਿਅਕਾਂ ਨੂੰ ਭਰੋਸਾ ਦਿਵਾਉਣਾ ਚਾਹੀ-ਦਾ ਹੈ। ਤਹਿਸੀਲ ਹੈਡਕੁਆਰਟਰ ਤਕ ਕੈਂਪ ਕਰੀਏਟ ਕੀਤੇ ਜਾਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਕਹਿਣਾ ਚਾਹੀਦਾ ਹੈ ਕਿ ਘਬਰਾਓ ਨਹੀਂ। ਅਲਪਸੰਖਿਅਕਾਂ ਦਾ ਵਿਸ਼ਵਾਸ ਸਰਕਾਰ ਨੂੰ ਹਾਸਲ ਕਰਨਾ ਚਾਹੀਦਾ ਹੈ। ਸਰਕਾਰ ਇਹ ਕਰ ਰਹੀ ਹੈ ਕਿ ਧੜਾ ਧੜ ਨੌਮੀਨੇਸ਼ਨਜ਼ ਕਰ ਰਹੀ ਹੈ। ਇਹ ਮੈਡੀਕਲ ਕਾਲਜਾਂ ਵਿਚ, ਇੰਜੀਨੀਰਿੰਗ ਕਾਲਜਾਂ ਵਿਚ ਅਤੇ ਮਾਰਕਿਟ ਕਮੇਟੀਆਂ ਵਿਚ ਨੌਮੀ-ਨੇਸ਼ਨਾਂ ਕਰ ਰਹੀ ਹੈ। ਇਸ ਤਰ੍ਹਾਂ ਨਾਲ ਅਲਪਸੰਖਿਅਕਾਂ ਵਿਚ ਅਵਿਸ਼ਵਾਸ ਦਾ ਮਾਦਾ ਪੈਦਾ ਹੋ ਰਿਹਾ ਹੈ। ਸਰਕਾਰ ਇਨ੍ਹਾਂ ਨਾਲ ਧੱਕਾ ਕਰ ਰਹੀ ਹੈ ਔਰ ਇਸ ਧੱਕੇ ਨੂੰ ਰੋਕਿਆ ਜਾਣਾ ਚਾਹੀਦਾ ਹੈ।

ਤੀਸਰੀ ਗੱਲ, ਸੁਝਾਓ ਇਹ ਹੈ ਕਿ ਜਿਹੜੀਆਂ ਬੱਸਾਂ ਚਲਦੀਆਂ ਹਨ, ਇਹ ਬੱਸਾਂ ਸ਼ਾਮ ਦੇ ਤਕਰੀਬਨ ਪੰਜ ਛੇ ਵਜੇ ਤੋਂ ਚਲਣੀਆਂ ਬੰਦ ਹੋ ਜਾਂਦੀਆਂ ਹਨ ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਅਸੁਵਿਧਾ ਹੋ ਰਹੀ ਹੈ। ਇਨ੍ਹਾਂ ਬੱਸਾਂ ਵਿਚ ਰਾਤ ਨੂੰ ਸਫਰ ਕਰਨ ਵਾਲਿਆਂ ਦੀ ਰਾਖੀ ਕਰਨ ਵਾਸਤੇ ਸੁਰੱਖਿਆ ਦਸਤੇ ਦੋ ਤੋਂ ਵਧਾ ਕੇ ਚਾਰ ਕਰ ਦਿੱਤੇ ਜਾਣੇ ਚਾਹੀਦੇ ਹਨ। ਬੱਸ ਡਰਾਈਵਰਜ਼ ਨੂੰ ਵੀ ਹਦਾਇਤ ਕਰਨੀ ਚਾਹੀਦੀ ਹੈ ਕਿ ਉਹ ਬੱਸਾਂ ਡੈਸਟੀਨੇਸ਼ਨ ਤੇ ਹੀ ਜਾ ਕੇ ਰੋਕਣ ਅਤੇ ਵਿਚਕਾਰ ਨਾ ਰੋਕਿਆ ਕਰਨ।

**Expunged as ordered by the Chair.

[ਮਾਸਟਰ ਮੋਹਨ ਲਾਲ]

ਦੂਸਰੀ ਜਿਹੜੀ, ਡਿਪਟੀ ਸਪੀਕਰ ਸਾਹਿਬ, ਮਹੱਤਵਪੂਰਨ ਗੱਲ ਅਸੀਂ ਆਪਣੀ ਪਾਰਟੀ ਦੇ ਲੈਵਲ ਤੇ ਕਹਿੰਦੇ ਹਾਂ, ਅੱਜ ਇਸ ਸਦਨ ਵਿਚ ਕਹਿ ਰਹੇ ਹਾਂ ਕਿ ਕੇਂਦਰ ਦੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਆਰਟੀਕਲ 249 ਦੇ ਤਹਿਤ ਇਕ ਸੁਰੱਖਿਆ ਪੱਟੀ ਬਣਾਈ ਜਾਣੀ ਚਾਹੀਦੀ ਹੈ ਅਤੇ ਉਸ ਸੁਰੱਖਿਆ ਪੱਟੀ ਬਾਰੇ ਰਾਜ ਸਭਾ ਨੇ ਬਿੱਲ ਪਾਸ ਕਰ ਦਿੱਤਾ ਸੀ ਲੇਕਿਨ ਪਤਾ ਨਹੀਂ ਉਸ ਗੱਲ ਨੂੰ ਕਿਸ ਤਰ੍ਹਾਂ ਅਤੇ ਕਿਸ ਦੀ ਧਮਕੀ ਨਾਲ ਦਬਾਆ ਦਿੱਤਾ ਗਿਆ, ਉਸ ਗੱਲ ਨੂੰ ਛੱਡ ਦਿੱਤਾ ਗਿਆ। ਇਹ ਸੁਰੱਖਿਆ ਪੱਟੀ ਇਸ ਕਰਕੇ ਬਣਾਈ ਜਾਣੀ ਸੀ ਤਾਕਿ ਜਿਹੜੀ ਇਨਫਿਲਟਰੇਸ਼ਨ ਹੁੰਦੀ ਹੈ, ਜਿਹੜੇ ਪਾਕਿਸਤਾਨ ਵਿਚੋਂ ਸਾਡੇ ਦੇਸ਼, ਪੰਜਾਬ ਵਿਚ ਇਨਫਿਲਟਰੇਟਰ ਆਉਂਦੇ ਹਨ ਉਨ੍ਹਾਂ ਤੇ ਰੋਕ ਲਾਈ ਜਾ ਸਕੇ। ਅਗਰ ਦੇਸ਼ ਦੀ ਏਕਤਾ, ਅਖੰਡਤਾ ਨੂੰ ਕਾਇਮ ਰੱਖਣਾ ਹੈ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਸੁਰੱਖਿਆ ਪੱਟੀ ਬਾਰਡਰ ਦੇ ਨਾਲ ਨਾਲ ਬਣਾਈ ਜਾਵੇ ਤਾਕਿ ਕੋਈ ਵੀ ਆਦਮੀ ਦੂਸਰੇ ਦੇਸ਼ ਤੋਂ ਆ ਕੇ ਸਾਡੇ ਦੇਸ਼ ਦੀ, ਪੰਜਾਬ ਦੀ ਏਕਤਾ, ਇਨਟੈਗਰਿਟੀ, ਯੂਨਿਟੀ ਨੂੰ ਖਤਮ ਨਾ ਕਰ ਸਕੇ ਅਤੇ ਬੇਦੋਸ਼ੇ ਲੋਕਾਂ ਦੀ ਜ਼ਿੰਦਗੀ ਨਾਲ ਨਾ ਖੇਡ ਸਕੇ। ਇਸ ਲਈ ਸੁਰੱਖਿਆ ਪੱਟੀ ਬਣਾਉਣੀ ਜ਼ਰੂਰੀ ਹੈ।

ਅਗਲੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੌਂਸਿਲ ਆਫ ਮਨਿਸਟਰਜ਼ ਦੀ ਕਿਸੇ ਵੀ ਐਕਸ਼ਨ ਲਈ ਸਾਂਝੀ ਜ਼ਿਮੇਵਾਰੀ ਹੈ। ਬਰਨਾਲਾ ਸਾਹਿਬ ਨੂੰ ਇਸ ਗੱਲ ਨੂੰ ਬੜਾ ਬਾਰੀਕੀ ਨਾਲ ਦੇਖਣਾ ਚਾਹੀਦਾ ਹੈ ਕਿ ਕਈ ਮਨਿਸਟਰਜ਼ ਕੈਬਨਿਟ ਵਿਚ ਜੋ ਫੈਸਲਾ ਹੁੰਦਾ ਹੈ ਉਸ ਬਾਰੇ ਉਹ ਵੱਖ ਵੱਖ ਬਿਆਨ ਦਿੰਦੇ ਹਨ। ਮਨਿਸਟਰਜ਼ ਦੇ ਵੱਖ ਵੱਖ ਬਿਆਨ ਹੁੰਦੇ ਹਨ। ਪਰ ਕੌਂਸਿਲ ਆਫ ਮਨਿਸਟਰਜ਼ ਦੀ ਸਾਂਝੀ ਜ਼ਿਮੇਵਾਰੀ ਨੂੰ ਸਮਝਦੇ ਹੋਏ ਬਰਨਾਲਾ ਸਾਹਿਬ ਨੂੰ ਇਸ ਗੱਲ ਨੂੰ ਦੇਖਣਾ ਚਾਹੀਦਾ ਹੈ। ਅਗਰ ਕਿਸੇ ਮਨਿਸਟਰ ਦੇ ਮਨ ਵਿਚ ਕਮਜ਼ੋਰੀ ਹੈ, ਉਸ ਦੇ ਮਨ ਵਿਚ ਕੋਈ ਐਸੀ ਗਲ ਹੈ ਅਤੇ ਉਹ ਕੈਬਨਿਟ ਮੀਟਿੰਗ ਦੇ ਫੈਸਲੇ ਬਾਰੇ ਵੱਖਰੇ ਤੌਰ ਤੇ ਬਿਆਨ ਦਿੰਦਾ ਹੈ, ਤਾਂ ਬਰਨਾਲਾ ਸਾਹਿਬ ਨੂੰ ਇਸ ਚੀਜ਼ ਨੂੰ ਚੈਕ ਕਰਨਾ ਚਾਹੀਦਾ ਹੈ।

ਸ੍ਰੀ ਡਿਪਟੀ ਸਪੀਕਰ: ਮਾਸਟਰ ਜੀ, ਤੁਸੀਂ ਵਾਈਂਡ ਅੱਪ ਕਰੋ।

ਮਾਸਟਰ ਮੋਹਨ ਲਾਲ : ਵੱਖਵਾਦ, ਅਤੰਕਵਾਦ ਅਤੇ ਟੈਰੋਰਿਜ਼ਮ ਕਿਸੇ ਵੀ ਦੇਸ਼ ਅੰਦਰ ਅੱਜ ਤਕ ਰਾਜ ਨਹੀਂ ਕਰ ਸਕਿਆ। ਇਤਿਹਾਸ ਗਵਾਹ ਹੈ ਕਿ ਟੈਰੋਰਿਜ਼ਮ ਨੇ ਕਦੇ ਕਿਸੇ ਮੁਲਕ ਵਿਚ ਰਾਜ ਨਹੀਂ ਕੀਤਾ। ਇਸ ਲਈ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਸਰਕਾਰ ਇਸ ਟੈਰੋਰਿਜ਼ਮ ਨੂੰ ਸਖਤੀ ਨਾਲ ਕੁਚਲੇ।

ਸ੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ। ਤੁਸੀਂ 5 ਮਿੰਟ ਜ਼ਿਆਦਾ ਲੈ ਚੁੱਕੇ ਹੋ।

ਮਾਸਟਰ ਮੋਹਨ ਲਾਲ : ਮੈਂ ਨਿਵੇਦਨ ਕਰਦਾ ਹਾਂ ਕਿ ਅਤੰਕਵਾਦੀ ਨਾ ਉਹ ਸਿੱਖ ਹੈ, ਨਾ ਉਹ ਹਿੰਦੂ ਹੈ, ਨਾ ਉਹ ਮੁਸਲਮਾਨ ਹੈ ਅਤੇ ਨਾ ਉਹ ਈਸਾਈ ਹੈ ਬਲਕਿ ਉਸ ਦਾ ਕਿਸੇ ਫਿਰਕੇ, ਕਿਸੇ ਮਜ਼ਹਬ ਵਿਚ ਵਿਸ਼ਵਾਸ ਨਹੀਂ ਹੈ। ਉਹ ਕਿਸੇ ਨਾ ਕਿਸੇ ਤਰੀਕੇ ਨਾਲ ਦੇਸ਼ ਵਿਚ ਹਫੜਾ ਦਫੜੀ, ਲੜਾਈ ਝਗੜੇ ਪੈਦਾ ਕਰਨਾ ਚਾਹੁੰਦਾ ਹੈ ਅਤੇ ਇਸ ਤਰੀਕੇ ਨਾਲ ਆਪਣੀ ਹੋਂਦ ਦੱਸਣਾ ਚਾਹੁੰਦਾ ਹੈ। ਇਸ ਲਈ ਅਤੰਕਵਾਦੀ ਦੀ ਇਸ ਹੋਂਦ ਨੂੰ ਖਤਮ ਕਰਨਾ ਬੜਾ ਜ਼ਰੂਰੀ ਹੈ। ਇਸ ਲਈ ਅਸੀਂ ਆਪਣੀ ਪਾਰਟੀ ਦੀ ਤਰਫੋਂ ਮੰਗ ਕੀਤੀ ਸੀ ਕਿ ਦੇਸ਼ ਦੇ ਨਾਜ਼ੁਕ ਹਿੱਸੇ ਪੰਜਾਬ ਦੇ ਨਾਲ ਲਗਦੀ ਸੀਮਾਂ ਵਿੱਚ ਫੌਜ ਬੁਲਾਈ ਜਾਵੇ। ਸੁਰੱਖਿਆ ਪੱਟੀ ਬਣਾਈ ਜਾਵੇ ਅਤੇ ਅਤੰਕਵਾਦ ਨੂੰ ਸਖਤੀ ਨਾਲ ਕੁਚਲ ਦਿੱਤਾ ਜਾਵੇ।

ਸਰਦਾਰ ਕਿਰਪਾਲ ਸਿੰਘ ਢਿੱਲੋਂ (ਕਪੂਰਥਲਾ) : ਡਿਪਟੀ ਸਪੀਕਰ ਸਾਹਿਬ, ਅੱਜ ਅਸੀਂ ਇਸ ਹਾਊਸ ਅੰਦਰ ਤੁਹਾਡੇ ਰਾਹੀਂ ਪੰਜਾਬ ਸਿਚੂਏਸ਼ਨ ਤੇ ਵਿਚਾਰ ਕਰ ਰਹੇ ਹਾਂ। ਪੰਜਾਬ ਸਿਚੂ-ਸ਼ਿਨ ਬਾਰੇ ਮੈਂ ਇਕ ਆਰਟੀਕਲ ਪੜ੍ਹਿਆ ਅਤੇ ਉਹ ਮੈਨੂੰ ਬੜਾ ਅਪੀਲ ਕੀਤਾ। ਉਹ ਤੁਹਾਡੇ ਰਾਹੀਂ ਹਾਊਸ ਦੇ ਦ੍ਰਿਸ਼ਟੀ ਗੋਚਰੇ ਕਰਨਾ ਚਾਹੁੰਦਾ ਹੈ :—

"Punjab situation is now a voluminous book and not so easy to discuss, explain and bring it home fully. Even its authors look to be bewildered on its beginning middle climax and conclusions. Law and Order is only one chapter of that big book. It is just a feather of the bird, a trunk of the tree and a leg of the elephant."

ਮੈਂ ਇਸ ਦੇ ਸਬੰਧ ਵਿਚ ਇਹ ਵਿਚਾਰ ਆਪਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ ਕਿ ਸਮਾਂ ਬੜਾ ਭਿਆਨਕ, ਬੜਾ ਦਰਦਨਾਕ ਹੈ। ਐਨਾ ਦਰਦਨਾਕ ਔਰ ਭਿਆਨਕ ਲੱਗਦਾ ਹੈ ਕਿ we are entering the world of savage from a world of civilization.

ਕਿਉਂਕਿ ਹਰ ਚੀਜ਼ ਜੋ ਦੁਨੀਆਂ ਵਿਚ ਡਿਵੈਲਪ ਹੁੰਦੀ ਹੈ ਉਹ ਆਪਣੀ ਪੀਕ ਤੇ, ਟੀਸੀ ਤੇ ਪਹੁੰਚ ਜਾਂਦੀ ਹੈ। ਪੀਕ, ਟੀਸੀ ਤੇ ਪਹੁੰਚਕੇ ਜਦ ਉਹ ਉਸ ਤੋਂ ਅਗੇ ਨਹੀਂ ਜਾ ਸਕਦੀ ਤਾਂ ਫਿਰ ਉਹ ਮੋੜ ਕੱਟਦੀ ਹੈ ਅਤੇ ਫਿਰ ਉਸੇ ਤਰ੍ਹਾਂ ਸਰਕਲ ਕੱਟਦੀ ਹੈ। ਕਲਾਈਮੈਕਸ, ਅਦਬ, ਤਹਿਜ਼ੀਬ ਦਾ ਜਿਵੇਂ ਬੁਧੀਜੀਵੀਆਂ ਨੇ ਵਿਚਾਰ ਕਰਨਾ ਹੈ, ਇਹ ਦੁਖਾਂਤ ਦਾ ਹੋ ਸਕਦਾ ਹੈ, ਕਮੇਡੀਅਨ ਨਹੀਂ ਹੋ ਸਕਦਾ। ਧਨੀ ਰਾਮ ਚਾਤ੍ਰਿਕ, ਸ਼ਿਵ ਕੁਮਾਰ ਬਟਾਲਵੀ ਅਤੇ ਐਸ.ਐਸ. ਮੀਸ਼ਾ ਦੀਆਂ ਕਵਿਤਾਵਾਂ ਦੀ ਲੋੜ ਹੈ ਜਿਵੇਂ ਕਿ :—

ਖੁਦਾ ਮਹਿਫੂਜ਼ ਰੱਖੇ ਹਰ ਬਲਾ ਸੇ, ਨਾਗਹਾਨੀ ਸੇ।
ਕਿਆਮਤ ਭੀ ਅਮਾਂ ਮਾਂਗੇ, ਯੇਹ ਵੋਹ ਵਕਤ ਆਇਆ ਹੈ ਇਨਸਾਨ ਪਰ।

ਇਨ੍ਹਾਂ ਕਵੀਆਂ ਦੀ ਲੋੜ ਹੈ। ਐਸਾ ਸਮਾਂ ਆ ਗਿਆ ਹੈ ਕਿ:—

ਗ਼ਮ ਤੋ ਹੋ ਹੱਦ ਸੇ ਜ਼ਿਆਦਾ, ਅਸ਼ਕ ਅਫਸਾਨੀ ਨਾ ਹੋ।
ਉਸ ਸੇ ਪੂਛੋ ਜਿਸ ਕਾ ਘਰ ਜਲਤਾ ਹੋ, ਮਗਰ ਪਾਨੀ ਨਾ ਹੋ।

ਇਸ ਤਰ੍ਹਾਂ ਦੀ ਭਿਆਨਕ ਸਿਚੂਏਸ਼ਨ ਨੂੰ ਸ਼ਾਇਰਾਂ ਨੇ ਬਿਆਨ ਕੀਤਾ ਹੈ। ਬੁਧੀਜੀਆਂ ਦੇ ਵਿਚਾਰ ਸਾਡੇ ਸਾਹਮਣੇ ਆਉਂਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਬਰਨਾਲਾ ਸਾਹਿਬ ਨੂੰ ਤੁਹਾਡੇ ਰਾਹੀਂ ਮੁਖ਼ਾਤਬ ਕਰਨਾ ਚਾਹੁੰਦਾ ਹਾਂ ਕਿ :—

ਸੁਨੇ ਹੋਂਗੇ ਗੁਲਸ਼ਨ ਮੇਂ ਤੁਮ ਨੇ ਨਾਲੇ ਗਰੀਬੀਓਂ ਕੇ।
ਜ਼ਿਗਰ ਥਾਮ ਲੋ ਅਪਨਾ ਅਬ ਦਿਲ ਜਲੇ ਫਰਿਆਦ ਕਰਨੇ ਆਏ ਹੈਂ।

ਸਾਰੀਆਂ ਦੁਨੀਆਂ ਦਾ ਦੁੱਖ ਇਕ ਉਸ ਹੀਰੋ, ਲੀਡਰ ਦੇ ਸਾਹਮਣੇ ਹੈ। ਉਨ੍ਹਾਂ ਦੀ ਜ਼ਿਮੇਵਾਰੀ ਹੈ। ਡਿਪਟੀ ਸਪੀਕਰ ਸਾਹਿਬ, ਜੇ ਸਟੇਟ ਦੀ ਡੈਫੀਨੀਸ਼ਨ ਪੜ੍ਹੀਏ ਤਾਂ ਬੜੀ ਸਿੰਪਲ ਗੱਲ ਹੈ ਕਿ State is just a piece of land inhabitated by people and governed by law.

[ਸਰਦਾਰ ਕਿਰਪਾਲ ਸਿੰਘ ਢਿੱਲੋਂ]

ਸਟੇਟ ਦੇ ਤਿੰਨ ਕੰਸਟੀਚਿਊਐਂਟਸ ਹੁੰਦੇ ਹਨ। ਪਹਿਲਾ ਇਹ ਕਿ ਉਥੇ ਧਰਤੀ, ਥਾਂ ਹੋਵੇ। ਦੁਨੀਆਂ ਹੋਵੇ ਅਤੇ ਦੁਨੀਆਂ ਘੁੱਗ ਵਸਦੀ ਹੋਵੇ। ਤੀਸਰਾ ਇਹ ਕਿ ਕਾਨੂੰਨ। ਕਾਨੂੰਨ ਰਾਹੀਂ ਦੇਖਣਾ ਹੈ ਕਿ ਦੇਸ਼ ਨੂੰ ਕੋਈ ਖਤਰਾ ਨਾ ਹੋਵੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਜਿਵੇਂ ਮੈਂ ਪਹਿਲੇ ਦੱਸਿਆ ਹੈ ਪੰਜਾਬ ਦੀ ਸਿਚੂਏਸ਼ਨ ਇਕ ਪੈਂਫਲੈਟ ਵਿਚ ਬੰਦ ਨਹੀਂ ਹੋ ਸਕਦੀ। ਇਹ ਬਹੁਤ ਵੱਡਾ ਵਾਲਿਊਮ ਬਣ ਚੁੱਕਾ ਹੈ। ਇਸ ਪੈਂਫਲੈਟ ਵਿਚ ਸਰਕਾਰ ਨੇ ਬਹੁਤ ਸਾਰੀਆਂ ਗੱਲਾਂ ਲਿਖ ਕੇ ਆਪਣੀ ਮਾਣ , ਵਡਿਆਈ ਲੈਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਨੇ ਦੱਸਿਆ ਹੈ ਕਿ ਅਨਾਜ, ਖਾਣ ਪੀਣ ਦੀਆਂ ਚੀਜ਼ਾਂ, ਤੇਲਾਂ ਆਦਿ ਦੀ ਉਪਜ ਵਿਚ ਪਿਛਲੇ ਸਾਲ ਨਾਲੋਂ ਵਾਧਾ ਕੀਤਾ ਹੈ। ਪਰ ਇਨ੍ਹਾਂ ਹਾਲਾਤ ਵਿਚ ਇਹ ਫਿੱਕੀ ਫੋਕੀ ਡੀਂਗ ਹੈ ਕਿਉਂਕਿ ਜੇ ਕਿਸੇ ਬੱਕਰੀ ਨੂੰ ਵੱਡੇ ਸਾਰੇ ਬੋਹੜ ਨਾਲ ਬੰਨ੍ਹ ਦਿੱਤਾ ਜਾਵੇ ਅਤੇ ਉਸ ਦੇ ਕੁਝ ਫਾਸਲੇ ਤੇ ਸ਼ੇਰ ਖੜਾ ਕਰ ਦਿੱਤਾ ਜਾਵੇ ਤਾਂ ਉਹ ਬੱਕਰੀ ਨੂੰ ਐਡਾ ਉਚਾ ਵੱਡਾ ਬੋਹੜ ਨਹੀਂ ਦਿਸਦਾ, ਉਹ ਤਾਂ ਸ਼ੇਰ ਨੂੰ ਹੀ ਦੇਖੇਗੀ ਕਿ ਕਿਤੇ ਸ਼ੇਰ ਖਾ ਨਾ ਜਾਵੇ। ਹਰ ਆਦਮੀ ਨੂੰ ਆਪਣੀ ਜਾਨ ਪਿਆਰੀ ਹੈ। ਪਹਿਲੇ ਜਾਨ ਅਤੇ ਫਿਰ ਆਰਾਮ । ਜੇ ਆਦਮੀ ਦੀ ਜਾਨ, ਮਾਲ ਦੀ ਸਰਕਾਰ ਰਾਖੀ ਕਰਦੀ ਹੈ ਤਾਂ ਉਹ ਸਰਕਾਰ ਨੂੰ ਦੁਆ ਦੇਵੇਗਾ ਨਹੀਂ ਤਾਂ ਉਹ ਕਹੇਗਾ :--

ਸਿਤਮ ਢਾਹੇ ਜਾਓ, ਸਲਾਮਤ ਰਹੋ ਤੁਮ।
ਦੁਆ ਕਰਨੇ ਵਾਲੇ ਦੁਆ ਕਰ ਰਹੇ ਹੈਂ।

ਇਸ ਕਰਕੇ ਸਰਕਾਰ ਦਾ ਕੋਈ ਵੀ ਪ੍ਰਗਤੀ ਦਾ ਕੰਮ ਬੇਮਾਅਨੇ ਹੋ ਜਾਂਦਾ ਹੈ ਜੇ ਕੋਈ ਸਰਕਾਰ ਕਿਸੇ ਸ਼ਹਿਰੀ ਦੀ, ਸਿਟੀਜ਼ਨ ਦੀ ਹਿਫਾਜ਼ਤ ਅਤੇ ਉਨ੍ਹਾਂ ਦੀ ਰਾਖੀ ਦਾ ਪ੍ਰਬੰਧ ਨਹੀਂ ਕਰ ਸਕਦੀ। ਤੋ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੇ ਸਾਹਮਣੇ ਇਹ ਦੱਸਣਾ ਸੀ ਕਿ ਮੁਹੱਬਤ, ਪਿਆਰ, ਸਤਿ-ਕਾਰ ਔਰ ਸਦਭਾਵਨਾਂ ਇਹ ਸਾਰੇ ਸ਼ਬਦ ਵੀ ਨਿਰਾਰਥ ਹੁੰਦੇ ਜਾ ਰਹੇ ਹਨ। ਕਿੰਨੇ ਲੈਕਚਰ, ਕਿੰਨੀਆਂ ਸਪੀਚਾਂ, ਕਿੰਨੇ ਸੈਮੀਨਾਰ ਪੰਜਾਬ ਵਿੱਚ ਹੋ ਰਹੇ ਹਨ, ਸਰਕਾਰ ਵੀ ਉਪਰਾਲਾ ਕਰ ਰਹੀ ਹੈ, ਕਮੇਟੀ ਵੀ ਕਰ ਰਹੀ ਹੈ, ਸ਼ਹਿਰੀ ਵੀ ਕਰ ਰਹੇ ਹਨ ਔਰ ਸਾਰੇ ਹੀ ਇਸ ਗਲ ਦਾ ਪ੍ਰਚਾਰ ਕਰ ਰਹੇ ਹਨ ਪਰ ਇਹ ਬਿਮਾਰੀ ਕੈਂਸਰ ਦੀ ਬਣਦੀ ਜਾ ਰਹੀ ਹੈ ਔਰ ਇਹ ਬਿਮਾਰੀ ਬੇਇਲਾਜ ਹੁੰਦੀ ਜਾ ਰਹੀ ਹੈ, ਇਸ ਦਾ ਕੋਈ ਇਲਾਜ ਹੁੰਦਾ ਨਜ਼ਰ ਨਹੀਂ ਆ ਰਿਹਾ। ਇਹ ਬਿਮਾਰੀ ਹਰ ਇੰਤਜ਼ਾਮ ਦੇ ਬਾਵਜੂਦ ਵੱਧਦੀ ਜਾ ਰਹੀ ਹੈ :—

ਲੋਕ ਕਹਿੱਤੇ ਹੈਂ ਕਿ ਮੁਹੱਬਤ ਕਾ ਅਸਰ ਹੋਤਾ ਹੈ,
ਕੌਨ ਸੀ ਜਗ੍ਹਾ ਹੈ, ਕੌਨ ਸਾ ਸ਼ਹਿਰ ਹੈ, ਯੇ ਕਿਧਰ ਹੋਤਾ ਹੈ।

ਇਹ ਗਲ ਜਾਣਨ ਵਾਲੀ ਹੈ। ਮੈਂ ਹਾਊਸ ਨੂੰ ਇਕ ਸ਼ਾਇਰ ਦਾ ਸ਼ੇਅਰ ਕਹਿ ਕੇ ਖਿਆ-ਲਾਤ ਸਾਂਝੇ ਕਰਨਾ ਚਾਹੁੰਦਾ ਹਾਂ :—

ਪਹਿਲੇ ਤੋ ਥਾ ਖੁਦਾ ਕੇ ਹਾਥ ਮੇਂ ਮੌਤ ਕਾ ਬਟਨ,
ਮਗਰ ਅਬ ਹੈ ਯੇਹ ਨਾਮੁਰਾਦ ਆਦਮੀ ਕੇ ਹਾਥ।

ਪਤਾ ਨਹੀਂ ਇਹ ਗਲ ਕਿਥੇ ਕਿਸ ਨੂੰ ਘੇਰ ਲਵੇ।

ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਅੱਜ ਜੋ ਬਹਿਸ ਹੋ ਰਹੀ ਹੈ ਅਤੇ ਜੋ ਅੱਜ ਦਾ ਮਜ਼ਮੂਨ ਹੈ ਉਹ ਵਸੀਹ ਹੈ ਤੇ ਵਿਸ਼ਾਲ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਜਿਹੜੀ ਸਥਿੱਤੀ ਇਥੇ ਵਿਗੜਦੀ ਜਾ ਰਹੀ ਹੈ ਉਸ ਦੇ ਬਾਰੇ ਕਈ ਫੰਡਾਮੈਂਟਲ ਸਵਾਲ ਉਠ ਰਹੇ ਹਨ ਅਤੇ ਉਹ ਸਵਾਲ ਇਹ ਹਨ ਕਿ—

Will the democracy survive or perish ? Will there ever be any cure for Sikh psyche ? Will the country stand or fall ? Will there be an end to the innocent killings or will it lead to utter chaos and anarchyed I will put it like this : Should we hope enter a better and noble civilised world or revert back to a total savage world ? Should the foundations and pillars of our National Culture i.e., conciliation, brotherhood, good will, socialism, secularism, nationalism or a great saying of Unity in Diversity will prove made of sand and mud or stone and marble?

ਇਹ ਫੰਡਾਮੈਂਟਲ ਚੀਜ਼ ਹਰ ਇਕ ਦਿਮਾਗ ਵਿੱਚ ਅੱਜ ਆ ਰਹੀ ਹੈ । ਜੇ ਅਸੀਂ ਸਾਰੀਆਂ ਗਲਾਂ ਠੀਕ ਸਮਝ ਕੇ ਉਪਾਅ ਨਹੀਂ ਕਰਦੇ ਤਾਂ ਇਹ ਅਨਾਰਕੀ, ਇਹ ਕਿਆਮਤ ਦਿਨੋ ਦਿਨ ਵਧਦੀ ਜਾਵੇਗੀ। ਸੱਚੀ ਗਲ ਤਾਂ ਇਹ ਹੈ ਕਿ ਸਾਨੂੰ ਮਾਰ ਧਾੜ, ਕਤਲੋ ਗਾਰਤ, ਲੁੱਟ ਘਸੁੱਟ, ਡਾਕੇ ਤੇ ਸੀਨਾ ਜ਼ੋਰੀ ਦਾ ਪੰਜਾਬ ਨਹੀਂ ਚਾਹੀਦਾ। ਜਿਥੇ ਸ਼ਰੀਫ ਦੀ ਪੱਗ ਨਾ ਰਹੇ, ਜਿਥੇ ਹਿੰਦੂ ਸਿੱਖ ਦੀ ਸਾਂਝ ਨਾ ਰਹੇ, ਜਿਥੇ ਕਾਨੂੰਨ ਦੀਆਂ ਧੱਜੀਆਂ ਉੜਨ, ਜਿਥੇ ਜਿਸ ਦੀ ਲਾਠੀ ਉਸ ਦੀ ਭੈਂਸ ਹੋਵੇ, ਜਿਥੇ ਪੁਲਿਸ ਲਾਚਾਰ ਹੋਵੇ ਤੇ ਮੁਟਿਆਰਾਂ ਤੇ ਯਤੀਮਾਂ ਦੇ ਵੈਣ ਪੈਣ—ਸ਼ਾਇਰਾਂ ਨੇ ਯੇਹ ਕਹਿ ਦੀ—

ਦਿਲ ਕੇ ਜ਼ਖਮੋਂ ਕਾ ਅੰਦਾਜ਼ ਕਹਾਂ ਹੋਤਾ ਹੈ ਖੰਜਰ ਲੇ ਲੇ,
ਸ਼ਾਇਰ ਸੇ ਕਿਆ ਜਾਨ ਸਕੋਗੇ ਦਰਿਆ ਕਿਤਨਾ ਗਹਿਰਾ ਹੈ।

ਔਹ ਗਿਆ ਕੋਈ ਡੀ.ਆਈ.ਜੀ. ਦਰਬਾਰ ਸਾਹਿਬ ਦੀ ਡਿਓੜੀ ਕੋਲ, ਔਹ ਗਿਆ ਗਿਆਨੀ ਪ੍ਰਤਾਪ ਸਿੰਘ ਜੋ ਪਹਿਲਾਂ ਅਕਾਲ ਤੱਖਤ ਦਾ ਹੈਡ ਗ੍ਰੰਥੀ ਸੀ, ਔਹ ਗਿਆ ਕੋਈ ਐਸ.ਪੀ. ਤੇ ਐਸ.ਪੀ. ਦਾ ਇਕਲੋਤਾ ਲੜਕਾ, ਔਹ ਗਿਆ ਕੋਈ ਸਬ-ਜੱਜ, ਔਹ ਗਿਆ ਕੋਈ ਐਮ.ਐਲ.ਏ., ਔਹ ਗਿਆ ਕੋਈ ਜਰਨਾਲਿਸਟ ਜਗਜੀਤ ਸਿੰਘ, ਔਹ ਗਿਆ ਕੋਈ ਸਰਪੰਚ, ਔਹ ਗਿਆ ਕੋਈ ਦੋਧੀ, ਉਹ ਗਿਆ ਕੋਈ ਬੈਂਕ ਦਾ ਗਾਰਡ, ਔਹ ਗਿਆ ਕੋਈ ਬੈਂਕ ਦਾ ਮੁਲਾਜ਼ਮ, ਔਹ ਗਿਆ ਕੋਈ ਸਕੂਲ ਦਾ ਟੀਚਰ ਤੇ ਔਹ ਗਿਆ ਕੋਈ ਹਿੰਦੂ ਤੇ ਔਹ ਗਿਆ ਕੋਈ ਸਿੱਖ—

ਇਕ, ਫਿਰ ਦੋ, ਫਿਰ ਪੰਜ, ਫਿਰ ਚੋਦਾਂ ਤੇ ਫਿਰ ਚੌਵੀ ਤੇ ਚਲ ਸੋ ਚਲ,
ਅਭੀ ਤੋਂ ਇਬਤਦਾਏ ਇਸ਼ਕ ਹੈ ਆਗੇ ਆਗੇ ਦੇਖੀਏ ਹੋਤਾ ਹੈ ਕਿਆ।

ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਸਾਰੀ ਚੀਜ਼ ਦਾ ਠੀਕ ਤਰੀਕੇ ਨਾਲ ਹੱਲ ਬੜਾ ਲਾਜ਼ਮੀ ਹੈ ਨਹੀਂ ਤਾਂ ਕਿਧਰੇ ਐਸਾ ਨਾ ਹੋਵੇ ਕਿ ਸਾਡਾ ਇਕ ਜੋ ਕਲਚਰ ਹੈ ਉਹ ਇਸ ਰਾਹ ਤੇ ਨਾ ਚਲ ਪਵੇ ਜਿਸ ਤੇ ਅੱਤਿਵਾਦ ਚਲ ਰਿਹਾ ਹੈ। ਸਾਨੂੰ ਉਸ ਗਲ ਤੇ ਕਮਪਰੋਮਾਈਜ਼ ਨਹੀਂ ਕਰਨਾ ਚਾਹੀਦਾ ਜਿਸ ਨਾਲ ਅੱਤ-ਵਾਦ ਵਧੇ ਅਤੇ ਸਾਰਾ ਕੰਮ ਸਾਡੇ ਹੱਥਾਂ ਵਿਚੋਂ ਨਿਕਲੇ। ਇਸ ਲਈ ਬਿਮਾਰੀ ਦਾ ਉਪਾਅ ਕਰਨਾ ਲਾਜ਼ਮੀ ਹੈ। ਮੈਂ ਕਹਿਣ ਤੋਂ ਗੁਰੇਜ਼ ਨਹੀਂ ਕਰਦਾ—

[ਸਰਦਾਰ ਕਿਰਪਾਲ ਸਿੰਘ ਵਿੱਲੋਂ]
ਹਜ਼ਾਰ ਗਮ ਭੀ ਮੇਰੀ ਫਿਤਰਤ ਕੋ ਬਦਲ ਨਹੀਂ ਸਕਤੇ,
ਮੈਂ ਕਿਆ ਕਰੂੰ ਸ਼ੁਕਰਾਨਾ ਮੇਰੀ ਯੇਹ ਆਦਤ ਹੈ।

The greatest creation of God is man, but noblest and perfect one is the creation of a courteous gentleman who believes in conciliation and victories of peace and here is the specimen Shri Barnala Ji.

ਇਸ ਕਰਕੇ ਬਰਨਾਲਾ ਸਾਹਿਬ ਨੂੰ ਮੈਂ ਇਹ ਬੇਨਤੀ ਕਰਾਂਗਾ ਕਿ ਤੁਸੀਂ ਥਰੀ ਪੁਆਇੰਟ ਪਾਲਿਸੀ ਬਣਾਓ — Policy of firmness, policy of persuation and policy of building confidence.

ਇਨ੍ਹਾਂ ਵਿੱਚ ਹੋਰ ਜਾਨ ਪਾਉਣ, ਜ਼ਿੰਦਗੀ ਪਾਉਣ, ਐਨਰਜੀ ਤੇ ਸ਼ਕਤੀ ਪਾਉਣ। Because we need a man with lion's heart and panther's speed.

ਤੇ, ਮੈਂ ਥੋੜ੍ਹੇ ਜਿਹੇ ਸੁਜੈਸ਼ਨਜ਼ ਦੇ ਕੇ ਹਾਊਸ ਦਾ ਕੀਮਤੀ ਟਾਈਮ ਹੋਰ ਨਹੀਂ ਲਵਾਂਗਾ।

*1.18 P.M. (ਇਸ ਵਕਤ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ)

Let there be more screening in the Police Department.

ਪੁਲਿਸ ਡੀਪਾਰਟਮੈਂਟ ਨੂੰ 2 ਵੱਖਰੇ ਸੈਕਸ਼ਨਜ਼ ਵਿੱਚ ਵੰਡਣਾ ਜ਼ਰੂਰੀ ਹੈ। ਇਕ ਰੁਟੀਨ ਕਰਾਈਮ ਤੇ ਇਕ ਸਪੈਸ਼ਲ ਕਰਾਈਮ। ਇਹ 2 ਵੱਖਰੇ ਵੱਖਰੇ ਸੈਕਸ਼ਨ ਇਨ੍ਹਾਂ ਨੂੰ ਡੀਲ ਕਰਨ। ਇਸ ਦੇ ਨਾਲ ਹੀ ਮੈਂ ਆਪਣੇ ਵਲੋਂ ਇਸ ਗਲ ਤੇ ਜ਼ੋਰਦਾਰ ਸ਼ਬਦਾਂ ਵਿੱਚ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਕਿ ਇਨੋਸੈਂਟ ਬੰਦਿਆਂ ਨੂੰ ਜੇਲ੍ਹਾਂ ਵਿਚੋਂ ਉਹ ਕੱਢਣ, ਚਾਹੇ ਉਹ ਜੋਧਪੁਰ ਜੇਲ੍ਹ ਵਿੱਚ ਹਨ ਜਾਂ ਕਿਧਰੇ ਹੋਰ ਹਨ। ਉਹ ਆਪਣੀ ਕੋਸ਼ਿਸ਼ ਕਰਕੇ ਜਾਂ ਸੈਂਟਰਲ ਗੌਰਮਿੰਟ ਦੀ ਵਸਾਤਤ ਨਾਲ ਉਨ੍ਹਾਂ ਨੂੰ ਜੇਲ੍ਹਾਂ ਵਿਚੋਂ ਕੱਢਣ । ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ Accord must be implemented even with modifications by further negotiations.

ਸੋ, ਇਨ੍ਹਾਂ ਸੁਜੈਸ਼ਨਜ਼ ਨਾਲ ਮੈਂ ਹਾਊਸ ਦਾ ਹੋਰ ਕੀਮਤੀ ਸਮਾਂ ਨਾ ਲੈਂਦਾ ਹੋਇਆ ਆਪ ਪਾਸੋਂ ਖਿਮਾਂ ਮੰਗਦਾ ਹਾਂ। ਜੈ ਹਿੰਦ।

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ) : ਮਾਨਯੋਗ ਸਪੀਕਰ ਸਾਹਿਬ, ਇਹ 4 ਦਿਨਾਂ ਤੋਂ ਹਾਊਸ ਜੋ ਸਾਡਾ ਇਕੱਠਾ ਹੋਇਆ ਹੋਇਆ ਹੈ ਉਸ ਦੇ ਵਿੱਚ ਪਿਛਲੇ ਦਿਨਾਂ ਵਿੱਚ ਜੋ ਕਤਲ ਹੋਏ ਹਨ ਉਸ ਤੇ ਮੈਂਬਰ ਸਾਹਿਬਾਨ ਨੂੰ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਦੱਸਣ ਵਾਸਤੇ ਇਸ ਹਾਊਸ ਦਾ ਕੀਮਤੀ ਸਮਾਂ ਤੁਸੀਂ ਦਿੱਤਾ ਹੈ। ਇਸ ਸਮੇਂ ਨੂੰ ਅਸੀਂ ਦਲੀਲ ਨਾਲ ਗਲ ਕਰਕੇ ਵਰਤੀਏ ਜਿਸ ਦੇ ਨਾਲ ਸਟੇਟ ਨੂੰ ਕੋਈ ਫਾਇਦਾ ਹੋਵੇ। ਐਵੇਂ ਆਪਸ ਵਿੱਚ ਕ੍ਰਿਟਿਸਿਜ਼ਮ ਕਰਕੇ ਇਹ ਟਾਈਮ ਖ਼ਰਾਬ ਨਹੀਂ ਕਰਨਾ ਚਾਹੀਦਾ। ਮੈਂ ਸਮਝਦਾ ਹਾਂ ਕਿ ਜੇ ਇਸ ਤਰ੍ਹਾਂ ਦੀ ਕੋਈ ਗਲ ਕਰਾਂਗੇ ਤਾਂ ਇਸ ਦੇ ਨਾਲ ਅੱਤਿਵਾਦ ਨੂੰ ਸ਼ਹਿ ਮਿਲੇਗੀ। ਮੈਂ ਸਮਝਦਾ ਹਾਂ ਕਿ ਸਾਡੇ ਆਪਸ ਵਿੱਚ ਕਈ ਕਿਸਮ ਦੇ ਡਿਫਰੇਂਸਿਜ਼ ਹੋ ਸਕਦੇ ਹਨ, ਉਨ੍ਹਾਂ ਸਾਰਿਆਂ ਨੂੰ ਇਕ ਪਾਸੇ ਰੱਖ ਕੇ ਘੱਟੋ

ਘੱਟ ਜੋ ਇਕ ਨੁਕਤਾ, ਇਕ ਪੁਆਇੰਟ ਇਸ ਵੇਲੇ ਸਾਡੇ ਸਾਹਮਣੇ ਹੈ ਉਸ ਤੇ ਸਾਨੂੰ ਸੀਰੀਅਸ ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਸ ਵਕਤ ਜੋ ਲਾਅ ਐਂਡ ਆਰਡਰ ਦੀ ਹਾਲਤ ਹੈ ਉਸ ਦੇ ਵਿੱਚ ਅੱਜ ਥਾਂ ਥਾਂ ਤੇ ਦੰਗੇ, ਕਤਲ ਹੋ ਰਹੇ ਹਨ। ਹਾਲੀ ਕੱਲ ਦੀ ਅਖ਼ਬਾਰ ਵਿੱਚ ਹੀ ਤੁਸੀਂ ਸੁਰਖੀ ਪੜ੍ਹੀ ਹੋਣੀ ਹੈ। ਹਾਲੀ ਪਿਛਲੀ ਸੁਰਖੀ ਮੁਕਦੀ ਨਹੀਂ ਤੇ ਨਵੀਂ ਸੁਰਖੀ ਖੱਪ ਜਾਂਦੀ ਹੈ। ਜਿਥੋਂ ਤਕ, ਸਪੀਕਰ ਸਾਹਿਬ, ਪੁਲਿਸ ਦਾ ਸਵਾਲ ਹੈ ਇਸ ਦੇ ਅੰਦਰ ਸਕਰੀਨਿੰਗ ਦੀ ਬਹੁਤ ਸਖ਼ਤ ਜ਼ਰੂਰਤ ਹੈ। ਹੋਰ ਮੇਰੇ ਸਾਥੀਆਂ ਨੇ ਵੀ ਇਸ ਦੇ ਬਾਰੇ ਕਿਹਾ ਹੈ, ਮੈਂ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਸਕਰੀਨਿੰਗ ਕਰਕੇ ਠੀਕ ਕਰਨ ਦੀ ਬਹੁਤ ਸਖ਼ਤ ਜ਼ਰੂਰਤ ਹੈ। ਜੇ ਰੀਬੇਰੋ ਸਾਹਿਬ ਤੇ ਹਮਲਾ ਹੋ ਸਕਦਾ ਹੈ ਜਾਂ ਇਸ ਕਿਸਮ ਦੇ ਹੋਰ ਬੰਦਿਆਂ ਤੇ ਹੋ ਸਕਦਾ ਹੈ ਤਾਂ ਇਸ ਤੋਂ ਪਤਾ ਲਗਦਾ ਹੈ ਕਿ ਇਸ ਦੇ ਵਿਚ ਕੋਈ ਐਸਾ ਐਲੀਮੈਂਟ ਬੈਠਾ ਹੈ ਜਿਸ ਦਾ ਅੱਤਿ-ਵਾਦ ਦੇ ਨਾਲ ਤਲੱਕ ਹੈ। ਜਿਹੜੇ ਇਸ ਕਿਸਮ ਦੇ ਬੰਦੇ ਹਨ ਉਨ੍ਹਾਂ ਨੂੰ ਲੋਕਾਂ ਦੇ ਸਾਹਮਣੇ ਲਿਆਓ ਔਰ ਉਨ੍ਹਾਂ ਦੇ ਨਾਲ ਕਿਸੇ ਕਿਸਮ ਦੀ ਕੋਈ ਰੂ-ਰਿਆਇਤ ਨਹੀਂ ਹੋਣੀ ਚਾਹੀਦੀ। ਰੂਲਿੰਗ ਪਾਰਟੀ ਦੇ ਬੈਂਚਾਂ ਵਿੱਚ ਕੁਝ ਗਲਾਂ ਸਾਹਮਣੇ ਆਉਂਦੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੂੰ ਕੋਈ ਰਿਆਇਤ ਹੁੰਦੀ ਹੈ। ਜਿਹੜੀ ਉਨ੍ਹਾਂ ਦੀ ਕੋਈ ਰਿਆਇਤ ਹੋਈ ਹੈ ਜਾਂ ਮਦਦ ਹੋਈ ਹੈ ਇਸ ਗਲ ਨੂੰ ਹੋਰ ਘਟਾਓ। ਸਪੀਕਰ ਸਾਹਿਬ, ਅਤੰਕਵਾਦ ਕਦੋਂ ਆਇਆ। ਸਾਡੇ ਦੇਸ਼ ਵਿਚ, ਤੁਸੀਂ ਭਾਵੇਂ ਇਸ ਨੂੰ ਇੰਟਰਨੈਸ਼ਨਲ ਕਹਿ ਦਿਓ, ਪਰ ਹੈ ਸਾਡੇ ਦੇਸ਼ ਵਿਚ ਪੁਰਾਣਾ। 38,39 ਸਾਲ ਦੇਸ਼ ਨੂੰ ਆਜ਼ਾਦ ਹੋਏ ਹੋ ਗਏ। ਇਨ੍ਹਾਂ 39 ਸਾਲਾਂ ਵਿਚ ਜਿਹੜੀ ਕਾਣੀ ਵੰਡ ਹੋਈ ਹੈ, ਜਿਹੜਾ ਗਰੀਬ ਅਮੀਰ ਦਾ ਪਾੜਾ ਪਿਆ ਹੈ ...(ਵਿਘਨ)

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ: ਸਪੀਕਰ ਸਾਹਿਬ, ਡੇਢ ਵਜਣ ਵਾਲਾ ਹੈ, ਉਸ ਦੇ ਬਾਅਦ ਸਾਨੂੰ ਤੁਸੀਂ ਖੁਲ੍ਹਾ ਟਾਈਮ ਦਿਓ ......

ਸ੍ਰੀ ਸਪੀਕਰ: ਜਿਸ ਤਰ੍ਹਾਂ ਹਾਊਸ ਦੀ ਇਛਾ ਹੋਵੇਗੀ, ਉਸ ਤਰ੍ਹਾਂ ਕਰਾਂਗੇ। ਕਾਮਰੇਡ ਸਾਹਿਬ, ਤੁਹਾਡੇ ਦੋ ਮਿੰਟ ਬਣਦੇ ਹਨ, ਤੁਸੀਂ ਪੰਜ ਮਿੰਟ ਲੈ ਲਵੋ ਔਰ 1.30 ਵਜੇ ਤਕ ਤੁਸੀਂ ਆਪਣੀ ਸਪੀਚ ਖ਼ਤਮ ਕਰ ਦਿਓ।

ਕਾਮਰੇਡ ਮਹਿਤਾਬ ਸਿੰਘ: ਸਪੀਕਰ ਸਾਹਿਬ, ਸਾਡੇ ਦੇਸ਼ ਦੇ ਲੋਕਾਂ ਨੇ ਲੜ ਕੇ ਆਜ਼ਾਦੀ ਲਈ ਔਰ ਇਸ ਦੇ ਲਈ ਕੁਰਬਾਨੀਆਂ ਦਿੱਤੀਆਂ ਤਾਕਿ ਸਾਡੇ ਸਮਾਜਿਕ ਹਾਲਾਤ ਚੰਗੇ ਪਾਸੇ ਨੂੰ ਲਏ ਜਾਣ। ਦੇਸ਼ ਵਿਚ ਇਜ਼ਾਰਾਦਾਰੀ, ਮਨਾਪਲੀ ਦੀ ਟਕਰ ਹੋ ਗਈ। ਇਥੇ ਬਲੈਕੀਏ, ਰਿਸ਼ਵਤ-ਖੋਰ, ਭੁਖਮਰੀ ਅਤੇ ਅਨਇੰਪਲਾਇਮੈਂਟ ਹੋ ਗਈ। ਇਹ ਸਾਰੀਆਂ ਬੀਮਾਰੀਆਂ ਪੈਦਾ ਹੋਣ ਨਾਲ ਰਹਿੰਦਾ ਖੂੰਹਦਾ ਇਹ ਆਤੰਕਵਾਦ ਸਾਡੇ ਮੱਥੇ ਲਗ ਗਿਆ। ਜਿਵੇਂ ਕਿਹਾ ਜਾਂਦਾ ਹੈ ਕਿ ਇਹ ਤਾਂ ਵਿਦੇਸ਼ੀ ਲੋਕਾਂ ਦਾ ਹੱਥ ਹੈ ਉਹ ਕਰਾ ਰਹੇ ਹਨ, ਇਹ ਬਿਲਕੁਲ ਠੀਕ ਹੈ ਪਰ ਮੈਂ ਕਹਿੰਦਾ ਹਾਂ ਕਿ ਫਾਨਾ ਤਾਂ ਉਥੇ ਠੁਕਦਾ ਹੈ ਜਿਥੇ ਵਿਹਲ ਹੋਵੇ। ਇਥੇ ਗਰੀਬੀ ਅਮੀਰੀ ਦੇ ਪਾੜੇ ਪਏ, ਪਾੜੋ ਤੇ ਰੂਲ ਕਰੋ। ਇਸ ਵਿਥ ਨੇ ਸਾਨੂੰ ਇਥੇ ਲਿਆ ਕੇ ਖੜਾ ਕਰ ਦਿੱਤਾ। ਸਾਨੂੰ ਵੰਡ ਦਿੱਤਾ ਗਿਆ ਔਰ ਹਾਲਾਤ ਬਹੁਤ ਮਾੜੇ ਹੋ ਗਏ ਹਨ। ਕਿਤੇ ਸ਼ਿਵ ਸੈਨਾ ਖੜੀ ਕਰ ਦਿੱਤੀ ਹੈ, ਕਿਤੇ ਕੋਈ ਹੋਰ ਕਮਿਊਨਲ ਸੰਪਰਦਾਏ ਬਣ ਗਏ ਤੇ ਕਿਤੇ ਕੋਈ ਰਜਮੈਂਟ ਦੇ ਨਾਂ ਤੇ ਖੜੇ ਹੋ ਗਏ। ਕਈ ਕਿਸਮ ਦੀਆਂ ਬੋਲੀਆਂ ਬੋਲਣ ਲਗ ਪਏ। ਮੈਂ ਕਹਿੰਦਾ ਹਾਂ ਕਿ ਇਹ ਨਾ ਹਿੰਦੂ ਹਨ, ਨਾ ਸਿੱਖ ਹਨ ਇਹ ਤਾਂ ਦੇਸ਼ ਧਰੋਹੀ ਹਨ। ਉਨ੍ਹਾਂ ਦੇ ਨਾਨਕੇ ਵੀ ਉਹੀ ਹਨ ਅਤੇ ਪੇਕੇ ਵੀ ਉਹੀ ਹਨ। ਜੇ ਦਿੱਲੀ ਵਿਚ

[ਕਾਮਰੇਡ ਮਹਿਤਾਬ ਸਿੰਘ]

ਰਾਇਟਸ ਹੁੰਦੇ ਹਨ ਤਾਂ ਵੀ ਉਹ ਕਰਾਉਂਦੇ ਹਨ ਔਰ ਜੇ ਪੰਜਾਬ ਵਿਚ ਹਨ ਤਾਂ ਵੀ ਉਹ ਕਰਾਉਂਦੇ ਹਨ। ਇਹ ਤਾਂ ਇਕ ਮਿੱਥੀ ਮਿਥਾਈ ਸਾਜਿਸ਼ ਹੈ। ਮੈਂ ਕਹਿੰਦਾ ਹਾਂ ਕਿ ਅਗਰ ਕੋਈ ਵਾਕਿਆ ਕਰਕੇ ਜਾ ਰਿਹਾ ਹੈ, ਪੈਦਲ ਜਾ ਰਿਹਾ ਹੈ ਜਾਂ ਵਹੀਕਲ ਤੇ ਜਾ ਰਿਹਾ ਹੈ ਬਜਾਏ ਉਸ ਦਾ ਪਿਛਾ ਕਰਨ ਦੇ ਤੇ ਬਸਾਂ ਜਲਾਉਣ ਲਗ ਜਾਂਦੇ ਹਨ, ਦੁਕਾਨਾਂ ਸਾੜਨ ਲਗ ਜਾਂਦੇ ਹਨ, ਪਤਾ ਨਹੀਂ ਕੈਸੀ ਉਨ੍ਹਾਂ ਦੀ ਸਾਜਿਸ਼ ਹੈ। ਅਸੀਂ ਰਲ ਕੇ ਪਿਛਾ ਕਰੀਏ ਅਤੇ ਜੋ ਕਮੀਆਂ ਹਨ ਸਾਡੇ ਵਿਚ ਉਹ ਪੂਰੀਆਂ ਕਰੀਏ ਪਰ ਅਸੀਂ ਦੂਜੇ ਪਾਸੇ ਤੁਰ ਪੈਂਦੇ ਹਾਂ।

ਦੂਸਰੇ ਪਾਸੇ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਸੁਝਾਵ ਦਿਆਂਗਾ ਕਿ ਇਸ ਦਾ ਸਿਆਸੀ ਹਲ ਕਢੋ। ਅਸੀਂ ਮੀਟਿੰਗਾਂ ਕਰਦੇ ਹਾਂ ਕੌਮੀ ਸਦਭਾਵਨਾਂ ਦੀਆਂ ਤਾਕਿ ਕਿਸੇ ਤਰ੍ਹਾਂ ਪੰਜਾਬ ਦੇ ਹਾਲਾਤ ਸੁਧਰ ਜਾਣ। ਪਰ ਉਹ ਬੰਦ ਕਮਰੇ ਤਕ ਸੀਮਿਤ ਹਨ। ਮੈਂ ਕਹਿੰਦਾ ਹਾਂ ਕਿ ਅਸੀਂ ਅਗੇ ਚਲੀਏ ਕਿਸੇ ਇਕ ਸਟੇਜ ਤੇ ਖੜੇ ਹੋਈਏ ਔਰ ਇਸ ਦਾ ਹੱਲ ਕੱਢੀਏ।

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਡੇਢ ਵਜੇ ਤੋਂ ਬਾਅਦ ਕੀ ਕਰਨਾ ਹੈ ਉਸ ਦਾ ਫੈਸਲਾ ਕਰਨਾ ਚਾਹੀਦਾ ਹੈ ?

EXTENSION OF TIME OF THE SITTING

Mr. Speaker : I am totally conscious of my duties. Everything, which is needed to be done will be done at the appropriate time.

Is it the pleasure of the House that the time of the sitting of the House be extended upto 4.00 P.M.?

(Voices : Yes, yes)

Mr. Speaker: The time of the sitting of the House is extended up to 4.00 P. M.

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਅਸੀਂ ਇਥੇ ਲਾਅ ਐਂਡ ਆਰਡਰ ਦੀ ਹਾਲਤ ਨੂੰ ਸੁਧਾਰਨ ਲਈ ਜਾ ਰਹੇ ਹਾਂ। ਇਧਰ ਬਸਾਂ ਦੇ ਕਿਰਾਏ ਵਧਾਏ ਜਾ ਰਹੇ ਹਨ। ਲਾਅ ਐਂਡ ਆਰਡਰ ਦੀ ਹਾਲਤ ਨੇ ਕੀ ਸੁਧਰਨਾ ਹੈ। ਪਿਛੇ ਬਠਿੰਡੇ ਵਿਚ ਸੀ.ਪੀ.ਆਈ. ਨੇ ਹਿੰਦੂ-ਸਿਖ ਏਕਤਾ ਲਈ ਕਾਫੀ ਆਰਗੇਨਾਈਜ਼ ਕੀਤਾ। ਪਰ ਸਾਡੇ ਸਾਥੀ ਕਾਮਰੇਡ ਜਗਜੀਤ ਸਿੰਘ ਨੂੰ 307 ਦੇ ਕੇਸ ਬਣਾ ਕੇ ਅੰਦਰ ਦਿਤਾ ਜਾਂਦਾ ਹੈ। ਸਪੀਕਰ ਸਾਹਿਬ, ਰਿਕਾਰਡ ਕਢਾ ਕੇ ਦੇਖ ਲਵੋ, ਅਸੀਂ ਧਰਨਾ ਮਾਰਦੇ ਹਾਂ ਪੀਸਫੁਲੀ। ਇਕ ਪਾਸੇ ਪੰਜਾਬ ਦੇ ਹਾਲਾਤ ਇਹ ਹੋਣ ਦੂਜੇ ਪਾਸੇ ਪੁਲੀਟੀਕਲ ਵਰਕਰਾਂ ਤੇ ਝੂਠੇ ਕੇਸ ਬਣਾ ਕੇ ਅੰਦਰ ਕਰ ਦਿੱਤੇ ਜਾਣ, ਉਹ ਠੀਕ ਨਹੀਂ। ਸਾਨੂੰ ਸਾਰਿਆਂ ਨੂੰ ਇਸ ਮਸਲੇ ਤੇ ਸੀਰੀਅਸਲੀ ਸੋਚਣਾ ਚਾਹੀਦਾ ਹੈ। ਸਾਨੂੰ ਚਾਹੀਦਾ ਹੈ ਕਿ ਸਦਭਾਵਨਾ ਪੈਦਾ ਕਰੀਏ, ਸਾਰੀਆਂ ਪਾਰਟੀਆਂ ਦੀ ਮੀਟਿੰਗ ਕਰੀਏ ਅਤੇ ਮਿਲ ਕੇ ਚਲੀਏ।

SHORT ADJOURNMENT OF THE HOUSE

Mr. Speaker : The House stands adjourned till 2.15 P.M to day,

*1.30 P.M.	(*The Sabha then *adjourned and re-assembled at* 2.15 *P.M.*)

MOTION UNDER RULE 77—DISCUSSION ON LAW AND ORDER SITUATION (*Resumption*)

Mr. Speaker: Now the House will resume discussion on the general law and order situation in the State.

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ) : ਮਾਨਯੋਗ ਸਪੀਕਰ ਸਾਹਿਬ, ਅੱਜ ਬੜਾ ਹੀ ਗੰਭੀਰ ਮਸਲਾ ਹਾਊਸ ਦੇ ਸਾਹਮਣੇ ਪੇਸ਼ ਹੈ। ਅੱਜ ਪੰਜਾਬ ਦੇ ਹਾਲਾਤ ਬੜੇ ਦਰਦਨਾਕ ਹਨ। ਪੰਜਾਬ ਦੀ ਪਿਛਲੇ ਚਾਰ ਪੰਜ ਸਾਲਾਂ ਦੀ ਬਹੁਤ ਹੀ ਦਰਦਨਾਕ ਕਹਾਣੀ ਹੈ। ਅੱਜ ਉਹ ਦਰਦ ਐਕਸਟਰੀਮ ਤੇ ਪੁੱਜ ਗਿਆ ਹੈ। ਅਜਿਹੇ ਮਸਲੇ ਤੇ ਅੱਜ ਅਸੀਂ ਵਿਚਾਰ ਕਰ ਰਹੇ ਹਾਂ ਤਾਂ ਲੋੜ ਇਸ ਗੱਲ ਦੀ ਹੈ ਕਿ ਜਿਸ ਤਰ੍ਹਾਂ ਕਾਮਰੇਡ ਮਹਿਤਾਬ ਸਿੰਘ ਹੋਰਾਂ ਕਿਹਾ ਹੈ ਅਸੀਂ ਜਾਤੀ ਮੰਤਵਾਂ ਤੋਂ ਉਪਰ ਉਠ ਕੇ, ਪਾਰਟੀ ਮੁਫਾਦ, ਪਾਰਟੀ ਪੱਧਰਾਂ ਤੋਂ ਪਰੇ ਉਠ ਕੇ ਡਿਸਪੈਸ਼ਨੇਟਲੀ ਵਿਚਾਰ ਕਰੀਏ। ਪਰ ਅਫਸੋਸ ਹੈ ਕਿ ਪਾਰਟੀ ਪੱਧਰਾਂ ਤੋਂ ਉਪਰ ਨਹੀਂ ਉਠ ਰਹੇ। ਅੱਜ ਵੀ ਮੁਤ-ਜ਼ਾਦ ਬਿਆਨੀ ਕਰ ਰਹੇ ਹਾਂ ਔਰ ਇਹ ਅਸਲ ਮਸਲੇ ਦਾ ਹੱਲ ਨਹੀਂ ਹੈ। ਸੰਤ ਹਰਚੰਦ ਸਿੰਘ ਜੀ ਬਲਿਊ ਸਟਾਰ ਉਪਰੇਸ਼ਨ ਤੋਂ ਬਾਅਦ ਜੇਲ੍ਹ ਤੋਂ ਰਿਹਾ ਹੋ ਕੇ ਆਏ ਤਾਂ ਸ਼ਹੀਦਾਂ ਦੇ ਪਰਿਵਾਰਾਂ ਦਾ ਦੁੱਖ ਵੰਡਾਉਣ ਗਏ। ਉਹ ਦੁਖ ਵੰਡਾਉਣ ਲਈ ਸ਼ਹਿਰ ਸ਼ਹਿਰ ਗਏ, ਪਿੰਡ ਪਿੰਡ ਗਏ, ਦਿੱਲੀ ਵਿਚ ਗਏ। ਦਿੱਲੀ ਦੀ ਜਵਾਹਰ ਲਾਲ ਯੂਨੀਵਰਸਿਟੀ, ਦਿੱਲੀ ਯੂਨੀਵਰਸਿਟੀ ਤੇ ਸਪਰੂ ਹਾਲ ਵਿਚ ਦਿੱਲੀ ਵਿਚ ਪੰਜਾਬ ਦਾ ਕੇਸ ਪਲੀਡ ਕੀਤਾ ਤਾਂ ਸੰਤ ਹਰਚੰਦ ਸਿੰਘ ਜੀ ਉਭਰ ਕੇ ਇਕ ਦੇਸ਼ ਦੇ, ਸਿੱਖ ਜਗਤ ਦੇ ਅਨਡਿਸਪਿਊਟਿਡ ਲੀਡਰ ਦੇ ਤੌਰ ਤੇ ਅਗੇ ਆਏ। ਉਸ ਵੇਲੇ ਸਵਾਲ ਜੋ ਪੰਜਾਬ ਦਾ ਦੁਖਾਂਤ ਸੀ, ਜੋ ਦੁਖਾਂਤ ਏਸ਼ੀਆਦ ਦੇ ਵੇਲੇ ਪੰਜਾਬ ਤੋਂ ਜਾਂਦੇ ਸਿੱਖਾਂ ਨੂੰ, ਪੰਜਾਬ ਤੋਂ ਜਾਂਦੇ ਜਰਨੈਲਾਂ ਨੂੰ, ਪੰਜਾਬ ਤੋਂ ਜਾਂਦੇ ਸਿੱਖ ਆਈ.ਏ.ਐਸ. ਅਫਸਰਾਂ ਤੇ , ਜੋ ਧੱਕਾ ਭਜਨ ਲਾਲ ਦੀ ਸਰਕਾਰ ਨੇ ਕੀਤਾ, ਮੈਂ ਸਮਝਦਾ ਹਾਂ ਕਿ ਉਸ ਨੇ ਇਸ ਦਾ ਆਰੰਭ ਕੀਤਾ ਸੀ। ਉਸ ਤੋਂ ਬਾਅਦ ਬਲਿਯੂ ਸਟਾਰ ਉਪਰੇਸ਼ਨ ਕਰਕੇ ਸਿੱਖ ਜਜ਼ਬਾਤ ਨੂੰ ਰੋਂਦਿਆਂ ਤੇ ਉਪਰੇਸ਼ਨ ਵੇਲੇ ਜੋ ਤਸ਼ੱਦਦ ਨੌਜ-ਵਾਨਾਂ ਤੇ ਕੀਤਾ ਗਿਆ, ਜੋ ਅਤਿਆਚਾਰ ਕੀਤਾ ਗਿਆ, ਹੋਰ ਉਸ ਤੋਂ ਬਾਦ ਇੰਦਰਾ ਗਾਂਧੀ ਦਾ ਕਤਲ ਹੋਇਆ ਔਰ ਜੋ ਕਿਲਿੰਗਜ਼ ਉਸ ਤੋਂ ਬਾਅਦ ਹੋਈਆਂ ਔਰ ਜੋ ਦੁਖਾਂਤ ਫਿਰ ਸਾਰੇ ਹਿੰਦੁ-ਸਤਾਨ ਵਿਚ ਹੋਇਆ ਉਨ੍ਹਾਂ ਬਾਰੇ ਸਭ ਨੂੰ ਪਤਾ ਹੈ। ਪ੍ਰਧਾਨ ਮੰਤਰੀ ਦਾ ਇਹ ਕਹਿਣਾ ਕਿ ਜਦੋਂ ਵੱਡਾ ਦਰਖਤ ਗਿਰਦਾ ਹੈ ਧਰਤੀ ਕੰਬਦੀ ਹੈ, ਇਹ ਸਿੱਧ ਕਰਦਾ ਹੈ ਕਿ ਇਹ ਕਿਲਿੰਗਜ਼ ਗੌਰਮਿੰਟ ਸਪਾਂਸਰਡ ਸਨ। ਫਿਰ ਸਿੱਖ ਸਰੂਪ ਜੋ ਹੈ ਉਸ ਦੇ ਖਿਲਾਫ ਸਾਰੇ ਹਿੰਦੁਸਤਾਨ ਵਿਚ ਉਸ ਨੂੰ ਐਕਸਪਲਾਇਟ ਕੀਤਾ ਗਿਆ। ਇਸ ਤਰ੍ਹਾਂ ਸਿੱਖ ਦੁਖਾਂਤ ਨੂੰ ਇੰਤਹਾਅ ਤੇ ਪਹੁੰਚਾ ਦਿੱਤਾ ਸੀ ਲੇਕਿਨ ਉਸ ਮੰਦ-ਹਾਲੀ ਵਿਚ ਸਿੱਖ ਜਗਤ ਦੇ ਅਨਡਿਸਪਿਊਟਿਡ ਲੀਡਰ ਸੰਤ ਹਰਚੰਦ ਸਿੰਘ ਨੇ ਆਪਣੀ ਦੂਰ ਅੰਦੇਸ਼ੀ ਤੇ ਸਿਆਣਪ ਨਾਲ, ਆਪਣੀ ਬਹਾਦਰੀ ਨਾਲ, ਪੰਜਾਬ ਅਕਾਰਡ ਕੀਤਾ ਔਰ ਪੰਜਾਬ ਦੇ ਹਾਲਾਤ ਨੂੰ ਸੁਧਾਰਨ ਦਾ ਯਤਨ ਕੀਤਾ। ਉਹ ਅਕਾਰਡ ਹੋਂਦ ਵਿਚ ਆਉਣ ਨਾਲ ਪੰਜਾਬ ਦੇ ਹਾਲਾਤ ਖੁਸ਼ਗਵਾਰ ਹੋਏ। ਉਸ ਵੇਲੇ ਸਾਰੇ ਸਿੱਖਾਂ ਵਿਚ ਸਾਰੇ ਹਿੰਦੁਸਤਾਨ ਵਿਚ ਹੀ ਨਹੀਂ, ਸਾਰੇ ਸੰਸਾਰ ਵਿਚ ਇਹ ਕਿਹਾ ਗਿਆ ਕਿ ਅਕਲਮੰਦੀ ਦੀ ਗੱਲ ਕੀਤੀ ਹੈ ਜੋ ਅਕਾਰਡ ਕੀਤਾ ਹੈ ਲੇਕਿਨ ਖੁਸ਼ਗਵਾਰ ਮਾਹੌਲ ਨੂੰ ਠੀਕ ਨਾ ਰਹਿਣ ਦਿੱਤਾ ਗਿਆ। ਅੱਜ ਇਹ ਅਖਬਾਰ ਆਈ ਹੈ। ਮੇਰੇ ਕੋਲ ਹੈ, ਹੋਰਾਂ ਕੋਲ ਵੀ ਆਈ ਹੋਵੇਗੀ। 'ਇੰਡੀਆ ਟੂਡੇ' ਇਸ ਦੇ ਵਿਚ ਲਿਖਿਆ ਹੈ। ਉਨ੍ਹਾਂ ਦੇ ਦੋ ਸੀਨੀਅਰ ਆਡੀਟਰ ਪ੍ਰਭੂ ਚਾਵਲਾ ਹੈ ਔਰ ਇੰਦਰਜੀਤ ਬੁਧਵਾਰ ਨੇ ਆਰਟੀਕਲ ਲਿਖਿਆ ਹੈ "**Punjab: What can be done?**

[ਸਰਦਾਰ ਕਰਨੈਲ ਸਿੰਘ ਡੋਡ]

ਅੱਜ ਦੀ ਪੰਜਾਬ ਦੀ ਸਥਿੱਤੀ ਨੂੰ ਬਿਆਨ ਕੀਤਾ ਜਾ ਸਕਣ ਵਾਲਾ ਇਹ ਆਰਟੀਕਲ ਹੈ। ਜਿਵੇਂ ਗੀਤਕਾਰ ਗੁਰਦਾਸ ਮਾਨ ਕਹਿੰਦੇ ਹਨ ਕਿ 'ਅੱਲਾ ਵਾਹਿਗੁਰੂ ਜਾਣੇ ਕੀ ਬਣੂੰ ਦੁਨੀਆਂ ਦਾ' ਅੱਜ ਸਵਾਲ ਹੈ ਕਿ ਸਿੱਖੀ ਦਾ ਕੀ ਬਣੂੰ, ਪੰਜਾਬ ਦਾ ਕੀ ਬਣੂੰ ਸਿੱਖ ਜਗਤ ਦਾ ਕੀ ਬਣੂੰ। ਉਸ ਸਵਾਲ ਦਾ ਜਵਾਬ ਇਨ੍ਹਾਂ ਐਡੀਟਰਾਂ ਨੇ ਦੇਣ ਦਾ ਯਤਨ ਕੀਤਾ ਹੈ। ਬਹੁਤ ਸਾਰੇ ਸਾਹਿਬਾਨ ਨੇ ਵੇਖਿਆ ਹੋਣਾ ਹੈ, ਜੇਕਰ ਨਹੀਂ ਵੇਖਿਆ ਤਾਂ ਵੇਖ ਲੈਣ। ਉਨ੍ਹਾਂ ਨੇ ਸੁਝਾਓ ਦਿੱਤੇ ਹਨ, ਉਨ੍ਹਾਂ ਵਿਚੋਂ ਕੁਝ ਸੁਝਾਓ ਮੈਂ ਇਥੇ ਰਖਣਾ ਚਾਹੁੰਦਾ ਹਾਂ। ਇਸ ਆਰਟੀਕਲ ਵਿਚ ਲਿਖਿਆ ਹੋਇਆ ਹੈ ਕਿ :—

"It is a national concern and any solution will have to eschew partisan political interests. Delaying measures until the coming elections in Haryana is not going to improve matters. It may save the Congress(I) from political embarrassment, but it will not save Punjab. The choice must be made whether Rajiv wants to save Punjab, even if it means making some concessions that may affect his party's chances in Haryana. There are no instant solutions. But he must seize the initiative and hammer out a new policy in the following manner"

ਉਹ ਸੁਜੈਸਟ ਕਰਦਾ ਹੈ। ਮਿਸ਼ਰਾ ਕਮਿਸ਼ਨ ਦੀ ਰਿਪੋਰਟ ਹੈ, ਜੋ ਕਿਲਿੰਗਜ਼ ਹੋਈਆਂ ਹਨ, ਉਸ ਰਿਪੋਰਟ ਤੇ ਅਮਲ ਨਾ ਕਰਣ ਦਾ ਕੋਈ ਜਵਾਬ ਨਹੀਂ ਹੈ। ਦਿੱਲੀ ਦੀ ਸਰਕਾਰ ਕੋਲ। ਮਿਸ਼ਰਾ ਕਮਿਸ਼ਨ ਸਰਕਾਰ ਨੇ ਐਪੁਆਇੰਟ ਕੀਤਾ ਹੈ, ਕਿਉਂ ਨਾ ਉਸ ਵਿਚ ਜੋ ਦੋਸ਼ੀ ਪਾਏ ਗਏ ਹਨ ਉਨ੍ਹਾਂ ਤੇ ਮੁਕੱਦਮੇ ਚਲਾਏ ਜਾਣ, ਦੋਸ਼ੀਆਂ ਦੇ ਖਿਲਾਫ ਕਿਉਂ ਨਾ ਕਾਰਵਾਈ ਕੀਤੀ ਜਾਵੇ? ਕਿਉਂ ਨਾ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ? ਇਨ੍ਹਾਂ ਭਾਈਆਂ (ਵਿਰੋਧੀ ਧਿਰ ਵਲ ਇਸ਼ਾਰਾ) ਔਰ ਦਿੱਲੀ ਦੀ ਸਰਕਾਰ ਕੋਲ ਕੋਈ ਜਵਾਬ ਨਹੀਂ ਹੈ। ਪੰਡਿਤ ਮੋਹਨ ਲਾਲ ਜੀ ਨੇ ਬੜਾ ਚੰਗਾ ਬਿਆਨ ਕੀਤਾ ਹੈ ਪਰ ਉਨ੍ਹਾਂ ਦੀ ਜ਼ਬਾਨ ਬੰਦ ਹੈ। ਇਹ ਪੱਖ ਉਨ੍ਹਾਂ ਨੇ ਵੀ ਟੱਚ ਨਹੀਂ ਕੀਤਾ, ਉਹ ਕਰ ਵੀ ਨਹੀਂ ਸਕਦੇ ਸੀ। ਇਸ ਤੋਂ ਅੱਗੇ ਅਖਬਾਰ ਲਿਖਦਾ ਹੈ ਕਿ ਜੋਧਪੁਰ ਦੀ ਜੇਲ੍ਹ ਵਿਚ ਜੋ ਲੋਕ ਰੱਖੇ ਹੋਏ ਹਨ, ਉਹ ਲੋਕ ਬੇਗੁਨਾਹ ਹਨ, ਉਹ ਲੋਕ ਜੋ ਦਰਸ਼ਨ ਕਰਨ ਅੰਮ੍ਰਿਤਸਰ ਸਾਹਿਬ ਗਏ ਉਨ੍ਹਾਂ ਲੋਕਾਂ ਨੂੰ ਜੋਧਪੁਰ ਜੇਲ੍ਹ ਵਿਚ ਬੰਦ ਰਖਿਆ ਹੈ। ਉਨ੍ਹਾਂ ਦੀ ਸਕਰੀਨਿੰਗ ਕਰਕੇ ਜੋ ਦੋਸ਼ੀ ਨਹੀਂ ਹਨ ਉਨ੍ਹਾਂ ਨੂੰ ਰੀਲੀਜ਼ ਕਰਨਾ ਚਾਹੀਦਾ ਹੈ।

ਚੰਡੀਗੜ੍ਹ ਪੰਜਾਬ ਨੂੰ ਦੇਣ ਬਾਰੇ ਇਸ ਆਰਟੀਕਲ ਵਿਚ ਲਿਖਿਆ ਹੈ:—

"Though the clause on territorial issues cannot be implemented because of inbuilt contradictions. Chandigarh should still be transferred and Haryana given 45,000 acres of Hindi-speaking area."

ਇਥੇ ਆਰਥਿਕਤਾ ਦੀ ਗਲ ਐਫ.ਐਮ. ਸਾਹਿਬ ਨੇ ਵੀ ਕੀਤੀ, ਹੋਰ ਵੀ ਕਈਆਂ ਨੇ ਕੀਤੀ ਹੈ। ਇਹ ਠੀਕ ਹੈ ਕਿ ਪੰਜਾਬ ਦੀ ਆਰਥਿਕਤਾ ਨੂੰ ਉਚਾ ਚੁਕਣਾ ਚਾਹੀਦਾ ਹੈ। ਪੰਜਾਬ ਨੂੰ ਇੰਡਸਟ੍ਰੀਲਾਈਜ਼ ਕਰਨਾ ਚਾਹੀਦਾ ਹੈ। ਇਸ ਦੇ ਬਾਰੇ ਸਾਰੇ ਸੁਝਾਵ ਇਸ ਆਰਟੀਕਲ ਵਿਚ ਦਿੱਤੇ ਹੋਏ ਹਨ। ਮੈਂ ਪੰਜਾਬ ਗੌਰਮਿੰਟ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਇਨ੍ਹਾਂ ਵਿਚ ਦਿੱਤੇ ਗਏ ਸੁਝਾਵਾਂ ਤੇ ਅਮਲ ਕਰਨਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਦੇ ਜੋ ਹਾਲਾਤ ਹਨ ਉਨ੍ਹਾਂ ਵਿਚ ਦਿੱਲੀ ਦੀ ਸਰਕਾਰ ਦਾ ਬਹੁਤ ਵੱਡਾ ਹੱਥ ਹੈ। ਉਦੋਂ ਤਕ ਪੰਜਾਬ ਦੇ ਹਾਲਾਤ ਨਹੀਂ ਸੁਧਰ ਸਕਦੇ ਜਦੋਂ ਤਕ ਕਿ ਜਿਹੜਾ ਅਕਾਰਡ ਹੋਇਆ ਹੈ ਉਸ ਤੇ ਪੂਰੀ ਤਰ੍ਹਾਂ ਅਮਲ ਨਹੀਂ ਕੀਤਾ ਜਾਵੇਗਾ। ਇਸ ਦੀ ਜ਼ਿਮੇਵਾਰੀ ਦਿੱਲੀ ਦੀ ਸਰਕਾਰ ਤੇ ਬਹੁਤ ਆਉਂਦੀ ਹੈ। ਪੰਜਾਬ ਦੇ ਅਕਾਰਡ ਨੂੰ ਇੰਪਲੀਮੈਂਟ ਨਾ ਕਰਨਾ ਪੰਜਾਬ ਦੇ ਹਾਲਾਤ ਨੂੰ ਹੋਰ ਵਿਗਾੜਨਾ ਹੈ। ਇਸ ਆਰਟੀਕਲ ਵਿਚ ਵੀ ਇਹ ਕਿਹਾ ਗਿਆ ਹੈ।

26 ਜਨਵਰੀ, 1986 ਨੂੰ ਪੰਜਾਬ ਨੂੰ ਚੰਡੀਗੜ੍ਹ ਟਰਾਂਸਫਰ ਹੋ ਜਾਣਾ ਸੀ ਪਰ ਇਹ ਨਹੀਂ ਹੋਇਆ। ਤੁਸੀਂ ਰਿਕਾਰਡ ਕਢਵਾ ਕੇ ਵੇਖ ਲਓ ਉਸ ਤੋਂ ਬਾਅਦ ਹਾਲਾਤ ਹੋਰ ਵਿਗੜੇ ਹਨ। ਇਹ ਸਟੈਟਿਸ-ਟਿਕਸ ਕਢਵਾ ਕੇ ਵੇਖ ਲਓ। 26 ਜਨਵਰੀ, 1986 ਤੋਂ ਬਾਅਦ ਪੰਜਾਬ ਦੇ ਹਾਲਾਤ ਹੋਰ ਵਿਗੜੇ ਹਨ। ਮੈਂ ਇਸ ਨੂੰ ਸਿਰਫ਼ ਪੁਲਿਟੀਕਲ ਮਸਲਾ ਹੀ ਨਹੀਂ ਸਮਝਦਾ, ਇਸ ਵਿਚ ਲਾਅ ਐਂਡ ਆਰਡਰ ਦੀ ਵੀ ਪਰਾਬਲਮ ਹੈ। ਪੁਲਿਟੀਕਲ ਪਰਾਬਲਮ ਵੀ ਇਸ ਵਿਚ ਬਹੁਤ ਜ਼ਰੂਰੀ ਹੈ। ਜਿਨ੍ਹਾਂ ਲੋਕਾਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਕਤਲ ਕੀਤਾ ਉਹ ਅਕਾਰਡ ਦੇ ਖਿਲਾਫ਼ ਸਨ। ਇਥੋਂ ਤਕ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਸੀ ਕਿ ਮੈਨੂੰ ਦੋ ਮਹੀਨੇ ਦੇ ਦਿਓ ਅਗਰ ਦੋ ਮਹੀਨੇ ਵਿਚ ਇਸ ਸਾਰੇ ਅਕਾਰਡ ਤੇ ਅਮਲ ਨਾ ਹੋਵੇ ਤਾਂ ਮੈਂ ਤੁਹਾਡੀ ਅਗਵਾਈ ਮਨਾਂਗਾ। ਪਰ ਕੁਝ ਜ਼ਾਲਮਾਂ ਨੂੰ ਇਹ ਵੀ ਪਸੰਦ ਨਾ ਆਇਆ ਔਰ ਉਨ੍ਹਾਂ ਸਿੱਖੀ ਹੀਣ ਲੋਕਾਂ ਨੇ ਉਨ੍ਹਾਂ ਨੂੰ ਵੀ ਕਤਲ ਕਰ ਦਿੱਤਾ। ਮੈਂ ਸਮਝਦਾ ਹਾਂ ਕਿ ਕੋਈ ਵੀ ਧਰਮ ਨੇਤਾ, ਸਿੱਖੀ ਇਜਾਜ਼ਤ ਨਹੀਂ ਦਿੰਦੀ ਕਿ ਕਿਸੇ ਦੇ ਨਾਲ ਵਿਚਾਰ ਨਾ ਮਿਲਦਾ ਹੋਵੇ ਤਾਂ ਉਸ ਦਾ ਕਤਲ ਕਰ ਦਿੱਤਾ ਜਾਵੇ, ਕਿਸੇ ਹੋਰ ਧਰਮ ਦਾ ਹੋਵੇ ਤਾਂ ਉਸ ਦਾ ਕਤਲ ਕਰ ਦਿੱਤਾ ਜਾਵੇ। ਜਿਨ੍ਹਾਂ ਨੇ ਗਿਆਨੀ ਜਗਜੀਤ ਸਿੰਘ ਜਰਨਲਿਸਟ ਦਾ ਕਤਲ ਕੀਤਾ ਉਹ ਸਿੱਖ ਨਹੀਂ ਹੋ ਸਕਦੇ। ਇਹ ਕਤਲ ਸਿਰਫ਼ ਇਸ ਕਰਕੇ ਕੀਤਾ ਕਿਉਂਕਿ ਉਹ ਆਪਣੇ ਆਰਟੀਕਲ ਵਿਚ ਜੋ ਬਿਆਨ ਦਿੰਦੇ ਸਨ ਉਹ ਬੜੇ ਦਲੀਲ ਅਤੇ ਖੁਲ੍ਹ ਦਿਲੀ ਨਾਲ ਦਿੰਦੇ ਸਨ। ਜਿਨ੍ਹਾਂ ਨੇ ਜਗਜੀਤ ਸਿੰਘ ਵਰਗੇ ਲੋਕਾਂ ਨੂੰ ਮਾਰਿਆ, ਉਹ ਸਿੱਖ ਨਹੀਂ ਕਹੇ ਜਾ ਸਕਦੇ। ਉਹ ਸਿੱਖੀ ਦੇ ਕਾਤਲ ਹਨ। ਅੱਜ ਪੰਜਾਬ ਵਿਚ ਕੁਝ ਹਿੰਦੂਆਂ ਨੂੰ ਮਾਰਕੇ ਹਿੰਦੂ ਧਰਮ ਨਹੀਂ ਮਰਦਾ ...... (ਵਿਘਨ) ਸਿੱਖ ਧਰਮ ਮਰਦਾ ਹੈ। ਸਿੱਖੀ ਕਤਲ ਹੁੰਦੀ ਹੈ ਮੇਰੇ ਕਹਿਣ ਦਾ ਮਤਲਬ ਹੈ ਕਿ ਜਦੋਂ ਹਿੰਦੂ ਦਾ ਕਤਲ ਹੁੰਦਾ ਹੈ ਤਾਂ ਹਜ਼ਾਰਾਂ ਸਿੱਖ ਉਸ ਤੇ ਦੁੱਖ ਪ੍ਰਗਟ ਕਰਦੇ ਹਨ, ਕੋਈ ਵੀ ਸਿੱਖ ਕਿਸੇ ਹੋਰ ਧਰਮ ਦੇ ਆਦਮੀ ਨੂੰ ਕਤਲ ਨਹੀਂ ਕਰ ਸਕਦਾ। ਸ਼ਿਵ ਚੰਦ ਜੀ ਮੇਰੀ ਗਲ ਨੂੰ ਸੁਣਨ ਦੀ ਖੇਚਲ ਕਰਨ। ਮੈਂ ਸਮਝਦਾ ਹਾਂ ਕਿ ਜਿਹੜੇ ਲੋਕ ਅਜਿਹਾ ਕੰਮ ਕਰਦੇ ਹਨ ਉਹ ਸਿੱਖੀ ਨੂੰ ਤਬਾਹ ਕਰ ਰਹੇ ਹਨ, ਜਿਹੜੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ 2 ਮਹੀਨੇ ਨਹੀਂ ਦੇ ਸਕੇ। 24 ਜੁਲਾਈ ਨੂੰ ਉਨ੍ਹਾਂ ਨੇ ਅਕਾਰਡ ਕੀਤਾ ਔਰ 23 ਅਗਸਤ ਨੂੰ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ, ਇਹ ਇਕ ਐਸਾ ਐਲੀਮੈਂਟ ਹੈ ਜਿਸ ਨੂੰ ਸਿੱਖ ਨਹੀਂ ਕਿਹਾ ਜਾ ਸਕਦਾ। ਮੈਂ ਸਮਝਦਾ ਹਾਂ ਕਿ ਅਜਿਹੇ ਐਲੀਮੈਂਟ ਨੂੰ ਕੰਟਰੋਲ ਕਰਨ ਲਈ ਲਾਅ ਐਂਡ ਆਰਡਰ ਦੀ ਮਸ਼ੀਨਰੀ ਨੂੰ ਹੋਰ ਮਜ਼ਬੂਤ ਕਰਨਾ ਪਵੇਗਾ। ਪੁਲਿਸ ਦੀ ਸਕਰੀਨਿੰਗ ਕਰਨੀ ਪਵੇਗੀ, ਪਿੰਡਾਂ ਦੀ ਸਕਰੀਨਿੰਗ ਕਰਨੀ ਪਵੇਗੀ, ਜਿਹੜੇ ਗੁਮਰਾਹ ਹੋਏ ਨੌਜਵਾਨ ਹਨ ਉਨ੍ਹਾਂ ਨੂੰ ਸਿੱਧੇ ਰਾਹ ਤੇ ਲਿਆਉਣਾ ਪਵੇਗਾ ਔਰ ਅਕਾਰਡ ਤੇ ਅਮਲ ਕਰਨਾ ਪਵੇਗਾ। ਜੋਧਪੁਰ ਦੇ ਜਿਹੜੇ ਕੈਦੀ ਹਨ ਉਨ੍ਹਾਂ ਨੂੰ ਛੱਡਣਾ ਪਵੇਗਾ। ਪੰਜਾਬ ਨੂੰ ਪਾਣੀ ਦੇ ਮਸਲੇ ਵਿਚ ਇਨਸਾਫ ਦੇਣਾ ਪਵੇਗਾ, ਚੰਡੀਗੜ੍ਹ ਪੰਜਾਬ ਨੂੰ ਦੇਣਾ ਪਵੇਗਾ। ਇਸ ਸਾਰੀ ਗਲ ਦੀ ਜ਼ਿਮੇਵਾਰੀ ਪ੍ਰਾਈਮ ਮਨਿਸਟਰ ਤੇ ਆਉਂਦੀ ਹੈ। ਰਾਜੀਵ ਗਾਂਧੀ ਨੂੰ ਖੁਲਦਿੱਲੀ ਨਾਲ ਪੰਜਾਬ ਦੇ ਮਸਲੇ ਨੂੰ ਹਲ ਕਰਨਾ ਚਾਹੀਦਾ ਹੈ। ਇਥੇ ਮਹਾਰਾਜਾ ਸਾਹਿਬ ਨੇ (ਕੈਪਟਨ ਅਮਰਿੰਦਰ ਸਿੰਘ ਵੱਲ ਇਸ਼ਾਰਾ) ਕਈ ਗਲਾਂ ਕੀਤੀਆਂ ਹਨ, ਬੜੇ ਅੱਛੇ ਢੰਗ ਨਾਲ ਸਪੀਚ ਕੀਤੀ ਹੈ ਪਰ ਇਨ੍ਹਾਂ ਦੀ ਦੋ ਰੰਗੀ ਸਪੀਚ ਹੈ। ਜਿਵੇਂ ਕਿ ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਵਿਖਾਉਣ ਦੇ ਹੋਰ (ਵਿਘਨ), ਇਸੇ ਤਰ੍ਹਾਂ ਦੋ ਰੰਗੀ ਸਪੀਚ ਇਨ੍ਹਾਂ ਨੇ ਕੀਤੀ ਹੈ। ਇਕ ਪਾਸੇ ਤਾਂ ਇਹ ਰਾਜੀਵ ਗਾਂਧੀ ਨਾਲ ਮੁਲਾਕਾਤਾਂ ਕਰਦੇ ਹਨ, ਉਨ੍ਹਾਂ ਦੇ ਨਾਲ ਪੜ੍ਹੇ ਹਨ, ਉਨ੍ਹਾਂ ਦੇ ਨਾਲ ਗਲਾਂ ਕੀਤੀਆਂ ਹਨ ਪਰ ਇਸ ਦੇ ਬਾਰੇ ਨਾ ਤਾਂ ਬਿਆਨ ਪ੍ਰਾਈਮ ਮਨਿਸਟਰ ਦਾ ਆਇਆ ਹੈ ਔਰ ਨਾ ਹੀ ਇਨ੍ਹਾਂ ਨੇ ਦਿੱਤਾ ਹੈ ਕਿ ਕੀ ਗਲਾਂ ਕੀਤੀਆਂ ਹਨ। ਇਹ ਅਖਬਾਰਾਂ ਵਿਚ

[ਸਰਦਾਰ ਕਰਨੈਲ ਸਿੰਘ ਡੋਡ]

ਆਇਆ ਹੈ ਔਰ ਇਸ ਆਰਟੀਕਲ ਦੇ ਵਿਚ ਵੀ ਇਸ ਨੂੰ ਡਿਸਕਸ ਕੀਤਾ ਹੈ। ਇਸ ਵਿਚ ਦਸਿਆ ਹੈ ਕਿ ਜਦੋਂ ਦਾ ਇਨ੍ਹਾਂ ਨੇ ਅਸਤੀਫਾ ਦਿੱਤਾ ਹੈ ......

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਸਪੀਚ ਕਰ ਰਹੇ ਹਨ ਇਹ ਅਖਬਾਰਾਂ ਰਾਹੀਂ ਜਾਂ ਇੰਡੀਆ ਟੂਡੇ ਦੇ ਅਧਾਰ ਤੇ ਆਪਣੇ ਵਿਚਾਰ ਦੇ ਰਹੇ ਹਨ। ਇਹ ਤਾਂ ਸਾਰਿਆਂ ਨੇ ਆਰਟੀਕਲ ਪੜ੍ਹੇ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜੋ ਕਿਹਾ ਹੈ ਕਿ ਮੈਂ ਪ੍ਰਧਾਨ ਮੰਤਰੀ ਨੂੰ ਮਿਲਿਆ ਹਾਂ, ਜੇ ਲੋੜ ਪਵੇ ਤਾਂ ਅਸੀਂ 20 ਵਾਰੀ ਜਾ ਕੇ ਮਿਲ ਸਕਦੇ ਹਾਂ ਪਰ ਮੈਂ ਅੱਜ ਤਕ ਇਕ ਵਾਰੀ ਉਨ੍ਹਾਂ ਨਾਲ ਮੁਲਾਕਾਤ ਨਹੀਂ ਕੀਤੀ। ਮੈਂ ਇਹ ਹਾਊਸ ਵਿਚ ਬਿਆਨ ਦੇ ਰਿਹਾ ਹਾਂ। ਪਰ ਫਿਰ ਵੀ ਜੇ ਅਖਬਾਰਾਂ ਵਿਚ ਆਈ ਜਾਵੇ ਤਾਂ ਕੋਈ ਕੀ ਕਰ ਸਕਦਾ ਹੈ।

ਸ੍ਰੀ ਸਪੀਕਰ: ਡੋਡ ਸਾਹਿਬ, ਤੁਸੀਂ ਹੁਣ ਆਪਣੀ ਸਪੀਚ ਕਨਕਲੂਡ ਕਰੋ ।

ਸਰਦਾਰ ਕਰਨੈਲ ਸਿੰਘ ਡੋਡ : ਮੈਂ ਦਸ ਰਿਹਾ ਸੀ ਕਿ ਇਹ ਦਿੱਲੀ ਜਾਕੇ ਕੁਝ ਕਹਿੰਦੇ ਹਨ ਅਤੇ ਇਥੇ ਆਕੇ ਕੁਝ ਕਹਿੰਦੇ ਹਨ। ਜਦ ਅਤਿਵਾਦੀਆਂ ਦੇ ਸਾਹਮਣੇ ਜਾਂਦੇ ਹਨ ਤਾਂ ਕੁਝ ਹੋਰ ਕਹਿੰਦੇ ਹਨ। ਇਹ ਇਥੇ ਵੀ ਅੱਜ ਬੋਲੇ ਹਨ ਤਾਂ ਐਕਸਟਰੀਮਿਜ਼ਮ ਨੂੰ ਟਚ ਨਹੀਂ ਕੀਤਾ। ਸਰਦਾਰ ਕਿਰਪਾਲ ਸਿੰਘ ਨੇ ਵੀ ਇਸ ਨੂੰ ਟਚ ਨਹੀਂ ਕੀਤਾ। ਹੋਰ ਹੋਰ ਗਲਾਂ ਕਰਦੇ ਰਹੇ। ਆਪ ਤਾਂ ਇਹ ਉਨ੍ਹਾਂ ਕਾਤਲਾਂ ਦੇ ਭੋਗਾਂ ਤੇ ਜਾ ਕੇ ਉਨ੍ਹਾਂ ਨੂੰ ਸ਼ਹੀਦ ਬਣਾਉਂਦੇ ਹਨ। ਸੰਤ ਲੌਂਗੋਵਾਲ ਦਾ ਜਿਨ੍ਹਾਂ ਨੇ ਕਤਲ ਕੀਤਾ ਉਸ ਨੂੰ ਇਨ੍ਹਾਂ ਨੇ ਸ਼ਹੀਦ ਬਣਾਇਆ (ਵਿਘਨ) (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਅਕਾਰਡ ਨੂੰ ਕਹਿੰਦੇ ਹਨ ਇਹ ਵੇਸਟ ਪੇਪਰ ਹੈ। ਗੁਰਦੁਆਰਾ ਦਾ ਕੋਈ ਸਤਿਕਾਰ ਨਹੀਂ । ਤੁਹਾਨੂੰ ਸਭ ਨੂੰ ਪਤਾ ਹੈ ਜਦੋਂ ਅਪ੍ਰੈਲ, 1979 ਵਿਚ ਇਥੇ ਬਾਦਲ ਸਾਹਿਬ ਚੀਫ ਮਨਿਸਟਰ ਸਨ ਤਾਂ ਸਰਾਏਨਾਗਾ ਪਿੰਡ ਦੇ ਇਕ ਇਤਿਹਾਸਿਕ ਗੁਰਦੁਆਰੇ ਵਿਚ ਸ਼ਾਮ ਨੂੰ 6 ਵਜੇ ਤੋਂ ਲੈ ਕੇ ਸਵੇਰੇ 11 ਵਜੇ ਤਕ ਪੁਲਿਸ ਗੋਲੀਆਂ ਚਲਾਉਂਦੀ ਰਹੀ, ਉਸ ਵੇਲੇ ਕੋਈ ਗੁਰਦੁਆਰੇ ਦੀ ਪਵਿੱਤਰਤਾ ਭੰਗ ਨਹੀਂ ਹੋਈ ਔਰ ਜਿਦਾਂ ਨਿਹੰਗ ਸਿੰਘਾਂ ਨੂੰ ਹਜ਼ਾਰਾਂ ਲੋਕਾਂ ਦੇ ਸਾਹਮਣੇ ਵਾਰੀ ਵਾਰੀ ਮਾਰਿਆ ਗਿਆ। ਪਰ ਅੱਜ ਇਹ ਗੁਰਦੁਆਰਿਆਂ ਦੀ ਪਵਿੱਤਰਤਾ ਦੀ ਗਲ ਕਰਦੇ ਹਨ। ਅਸਲ ਗਲ ਤਾਂ ਇਹ ਹੈ ਕਿ ਇਹ ਪਵਿੱਤਰਤਾ ਆਪ ਹੀ ਨਹੀਂ ਰੱਖਣਾ ਚਾਹੁੰਦੇ। ਸਰਦਾਰ ਕਾਬਲ ਸਿੰਘ ਦੀ ਜੋ ਸਟੇਟਮੈਂਟ ਹੈ ਜੋ ਗੁਰਦੁਆਰੇ ਦੀ ਮੈਨੇਜਮੈਂਟ ਬਾਰੇ ਬਿਆਨ ਆਇਆ ਹੈ ਭਾਵੇਂ ਉਹ ਅਖਬਾਰਾਂ ਨੇ ਕਿਹਾ ਹੈ ਕਿ ਅਨਟਾਈਮਲੀ ਸੀ ਪਰ ਉਹ ਠੀਕ ਹੈ। ਜਿਹੜੇ ਗੁਰਦੁਆਰੇ ਵਿਚ ਅਨਡੀਜ਼ਾਇਰੇਬਲ ਐਲੀਮੈਂਟ ਜਾ ਕੇ ਰਹੇ, ਸਮੱਗਲਰਜ਼ ਰਹਿਣ, ਬੰਬ ਬਣਾਏ ਜਾਣ ਔਰ ਫਿਰ ਕਿਹਾ ਜਾਵੇ ਕਿ ਪੁਲਿਸ ਦਾਖਲ ਨਾ ਹੋਵੇ, ਇਹ ਕੋਈ ਸਰਕਾਰ ਬਰਦਾਸ਼ਤ ਨਹੀਂ ਕਰ ਸਕਦੀ। ਕੋਈ ਆਦਮੀ ਕਤਲ ਕਰਕੇ ਕਿਸੇ ਪਿੰਡ ਦੇ ਗੁਰਦੁਆਰੇ ਵਿਚ ਚਲਾ ਜਾਵੇ ਔਰ ਪੁਲਿਸ ਦਾਖਲ ਨਾ ਹੋਵੇ, ਇਹ ਕੋਈ ਕਾਨੂੰਨ ਨਹੀਂ ਕਹਿੰਦਾ। ਇਸ ਕਰਕੇ ਲੜਾਈ ਸਹੀ ਤੌਰ ਤੇ ਕੁਰਸੀ ਦੀ ਹੈ। 27 ਸਤੰਬਰ ਨੂੰ ਲੀਡਰ ਦੀ ਇਲੈਕਸ਼ਨ ਹੋਣੀ ਸੀ। ਅਖਬਾਰ ਵਾਲਿਆਂ ਨੇ ਮਿਸਿਜ਼ ਬਾਦਲ ਨੂੰ ਪੁਛਿਆ ਕਿ ਪੰਜਾਬ ਦਾ ਚੀਫ ਮਨਿਸਟਰ ਕੌਣ ਹੋਵੇਗਾ ਤਾਂ ਉਹ ਕਹਿਣ ਲਗੀ ਬਾਦਲ ਸਾਹਿਬ ਤੋਂ ਸਿਵਾਏ ਹੋਰ ਕੌਣ ਹੋ ਸਕਦਾ ਹੈ ਅਤੇ ਹੋਰ ਕੋਈ ਨਹੀਂ ਬਣ ਸਕਦਾ। ਜਦੋਂ ਬਾਦਲ ਸਾਹਿਬ ਚੀਫ ਮਨਿਸਟਰ ਨਹੀਂ ਬਣੇ ਤਾਂ ਉਨ੍ਹਾਂ ਨੇ 30 ਅਪ੍ਰੈਲ ਨੂੰ ਪੁਲਿਸ ਐਕਸ਼ਨ ਦਾ ਬਹਾਨਾ ਬਣਾ ਲਿਆ ਅਤੇ ਅਲੱਗ ਹੋ ਗਏ। ਜਦੋਂ ਬਾਦਲ ਸਾਹਿਬ, ਚੀਫ ਮਨਿਸਟਰ ਸਨ ਤਾਂ ਉਨ੍ਹਾਂ ਨੇ ਪਿੰਡ ਸਰਾਏਨਾਗਾ ਦੇ ਗੁਰਦੁਆਰੇ ਵਿਚ 17 ਘੰਟੇ ਗੋਲੀਆਂ ਚਲਾਈਆਂ ਅਤੇ ਜ਼ਿੰਦਾ ਨਿਹੰਗ ਸਿੰਘਾਂ ਨੂੰ ਪਕੜ ਕੇ ਮਾਰਿਆ ਸੀ। ਇਨ੍ਹਾਂ ਦੀ

ਗੱਲ ਇਸ ਤਰ੍ਹਾਂ ਹੈ ਜਿਵੇਂ ਰੋਵੇ ਯਾਰਾਂ ਨੂੰ ਨਾਂ ਲੈ ਕੇ ਭਰਾਵਾਂ ਦੇ। ਬਾਦਲ ਸਾਹਿਬ ਦੀ ਪਾਰਟੀ ਦੇ ਡਿਪਟੀ ਲੀਡਰ ਨੇ ਬੋਲਣਾ ਹੈ, ਉਹ ਇਸ ਦਾ ਜਵਾਬ ਦੇਣ। ਬਾਦਲ ਸਾਹਿਬ ਨੇ ਸੋਚਿਆ ਕਿ ਹੁਣ ਗੇਂਦ ਮੇਰੇ ਕੋਲ ਹੈ ਅਤੇ 30 ਅਪ੍ਰੈਲ ਦਾ ਬਹਾਨਾ ਬਣਾ ਲਿਆ ਕਿ ਪੁਲਿਸ ਐਕਸ਼ਨ ਕਿਉਂ-ਹੋਇਆ ਹੈ। ਜੋ ਘੱਟ ਤੋਂ ਘੱਟ ਐਕਸ਼ਨ ਹੋ ਸਕਦਾ ਸੀ ਉਹ ਉਥੇ ਹੋਇਆ। ਉਸ ਵੇਲੇ ਲਾਅਲੈਸਨੈਸ ਹੋ ਗਈ ਸੀ। ਜਦੋਂ ਕੁਝ ਲੋਕਾਂ ਨੇ ਹਿੰਦ ਸਰਕਾਰ ਦੇ ਖਿਲਾਫ਼ ਦਰਬਾਰ ਸਾਹਿਬ ਤੋਂ ਐਲਾਨੇ ਜੰਗ ਕਰ ਦਿੱਤਾ ਤਾਂ ਪੁਲਿਸ ਨੂੰ ਅੰਦਰ ਭੇਜਣਾ ਪਿਆ ਅਤੇ ਐਕਸ਼ਨ ਪੁਲਿਸ ਨੂੰ ਲੈਣਾ ਪਿਆ। ਮੈਂ 1947 ਤੋਂ ਪਹਿਲਾਂ, 1945 ਵਿਚ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੀ ਐਗਜ਼ੈਕਟਿਵ ਦਾ ਮੈਂਬਰ ਰਿਹਾ ਸੀ। (ਵਿਘਨ) (ਘੰਟੀ) ਮੈਂ 1955 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦਾ ਮੈਂਬਰ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਦਾ ਮੈਂਬਰ ਸੀ। ਮੇਰਾ ਭਾਵ ਹੈ ਕਿ ਸਾਡੇ ਵਿਚ ਵੀ ਸਿੱਖੀ ਜਜ਼ਬਾ ਇਨ੍ਹਾਂ ਜਿੰਨ੍ਹਾਂ ਹੀ ਹੈ।

ਸ੍ਰੀ ਸਪੀਕਰ : ਡੋਡ ਸਾਹਿਬ, ਤੁਸੀਂ ਬਹੁਤ ਟਾਈਮ ਲਿਆ ਹੈ। ਤੁਸੀਂ ਹੁਣ ਆਪਣੀ ਸਪੀਚ ਖਤਮ ਕਰੋ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨਗੀ ਹੋਈ। (ਵਿਘਨ) ਐਕਸਟਰੀਮਿਜ਼ਮ ਬਾਰੇ ਇਨ੍ਹਾਂ ਦੀ ਪੁਲੀਟੀਕਲ ਅਪਰੋਚ ਕੀ ਹੈ ? (ਘੰਟੀ), ਮੈਂ ਇਥੇ ਇਕ ਹੀ ਗੱਲ ਕਹਿਣੀ ਹੈ ਕਿ ਬਰਨਾਲਾ ਸਾਹਿਬ ਨੂੰ ਸਿੱਖੀ ਦਾ ਸਬਕ ਮਹਾਰਾਜਾ ਸਾਹਿਬ ਪੜ੍ਹਾ ਰਹੇ ਹਨ। ਇਹ ਸੁਣ ਕੇ ਹੈਰਾਨੀ ਹੁੰਦੀ ਹੈ ਕਿ ਮੋਤੀ ਮਹੱਲ ਦਾ ਸ਼ਹਿਜ਼ਾਦਾ ਬਰਨਾਲਾ ਸਾਹਿਬ ਨੂੰ ਸਿੱਖੀ ਦਾ ਸਬਕ ਸਿਖਾ ਰਿਹਾ ਹੈ। ਸੁਰਜੀਤ ਸਿੰਘ ਬਰਨਾਲਾ ਜਦ ਵਿਦਿਆਰਥੀ ਸੀ ਤਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਵਰਕਰ ਸੀ ਤੇ ਅਕਾਲੀ ਦਲ ਦਾ ਪੁਰਾਣਾ ਸੇਵਾਦਾਰ ਹੈ, ਪੱਕਾ ਸਿੱਖ ਹੈ। ਇਸ ਮਸਲੇ ਦਾ ਕੋਈ ਪੁਲੀਟੀਕਲ ਹੱਲ ਲੱਭਣਾ ਚਾਹੀਦਾ ਹੈ। ਇਹ ਪਾਰਟੀ ਤੋਂ ਉਪਰ ਉਠ ਕੇ ਲੋਕਾਂ ਨੂੰ ਇਸ ਮਸਲੇ ਤੇ ਐਜੂਕੇਟ ਕਰਕੇ ਹੱਲ ਕੀਤਾ ਜਾ ਸਕਦਾ ਹੈ। ਐਕਸਟਰੀਮਿਜ਼ਮ ਪੰਥ ਦਾ ਦੋਸਤ ਨਹੀਂ ਹੈ। ਇਹ ਪੰਥ ਦਾ ਦੁਸ਼ਮਣ ਹੈ ਅਤੇ ਇਹ ਸਿੱਖਾਂ ਦਾ ਦੁਸ਼ਮਣ ਹੈ। ਐਕਸਟਰੀਮਿਜ਼ਮ ਨੂੰ ਖਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਇਕੱਠਾ ਹੋਣਾ ਪਵੇਗਾ ਅਤੇ ਪੰਜਾਬੀਆਂ ਨੂੰ ਸੈਕਰੀਫਾਈਸ ਕਰਨ ਲਈ ਤਿਆਰ ਹੋਣਾ ਪਵੇਗਾ ਤਦ ਹੀ ਇਹ ਐਕਸਟਰੀ-ਮਿਜ਼ਮ ਖਤਮ ਹੋ ਸਕਦਾ ਹੈ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਰਾਜਾ ਨਰਿੰਦਰ ਸਿੰਘ (ਨਾਭਾ) : ਸਪੀਕਰ ਸਾਹਿਬ, ਦਰਅਸਲ ਮਸਲਾ ਹਰ ਆਦਮੀ ਕਹਿੰਦਾ ਹੈ ਕਿ ਬੜਾ ਗੰਭੀਰ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ। ਸਰਦਾਰ ਕਿਰਪਾਲ ਸਿੰਘ ਇਥੇ ਕਾਫੀ ਕੁਝ ਕਹਿ ਗਿਆ ਹੈ ਉਸ ਦਾ ਧਿਆਨ ਰੱਖਣਾ। ਮੇਰੀ ਬੇਨਤੀ ਹੈ ਕਿ ਮੇਰੇ ਸੱਜੇ ਪਾਸੇ ਬੈਠੇ ਦੋਸਤ ਜਿਹੜੇ ਕਾਂਗਰਸ ਪਾਰਟੀ ਦੇ ਹਨ ਉਨ੍ਹਾਂ ਨਾਲ ਸਾਨੂੰ ਕੋਈ ਗਿਲਾ ਨਹੀਂ ਹੈ ਕਿਉਂਕਿ ਉਨ੍ਹਾਂ ਦੀ ਪਾਰਟੀ ਨੇ ਉਨ੍ਹਾਂ ਨੂੰ ਜਮਾਂਬੰਦੀ ਕੀਤੀ ਹੋਈ ਹੈ। ਇਧਰ ਮੇਰੇ ਖੱਬੇ ਪਾਸੇ ਬੈਠੇ ਮੈਂਬਰ ਸਾਹਿਬਾਨ, ਇਹ ਤਾਂ ਮੇਰੀ ਹੀ ਪਾਰਟੀ ਦੇ ਸਨ, ਉਹ ਮੈਨੂੰ ਫੁੱਲ ਮਾਰਨ ਤਾਂ ਮੈਨੂੰ ਦੁਖ ਹੁੰਦਾ ਹੈ। ਮੈਨੂੰ ਗੋਲੀ ਮਾਰਨ ਤਾਂ ਮੈਨੂੰ ਦੁਖ ਨਹੀਂ ਹੈ। ਕਾਰਣ ਇਹ ਹੈ ਕਿ ਸਾਡੀ ਸਿੱਖੀ ਨੂੰ ਇਹ ਤਾਂ ਸਮਝ ਸਕਦੇ ਹਨ। ਦਿੱਲੀ ਤੇ ਤਾਜ ਤੇ ਬੈਠੇ ਸ਼ਾਇਦ ਸਾਡੀ ਸਿੱਖੀ ਨੂੰ ਨਾ ਸਮਝ ਸਕੇ। ਸਿੱਖੀ ਦੇ ਘਰ ਜਨਮ ਲੈਣ ਵਾਲਾ, ਸਿੱਖੀ ਦਾ ਉਪਦੇਸ਼ ਲੈਣ ਵਾਲਾ, ਚੰਗੇ ਪੁਰਸ਼ਾਂ ਦੀ ਸੋਹਬਤ ਵਿਚ ਬੈਠਣ ਵਾਲਾ ਅਤੇ ਜਿਸ ਨੇ ਸਿੱਖ ਹਿਸਟਰੀ ਪੜ੍ਹੀ ਹੋਵੇ ਅਤੇ ਜਾਣਦਾ ਹੋਵੇ ਕਿ ਸਿੱਖ ਹਿਸਟਰੀ ਕਿਵੇਂ ਆਈ., ਮੇਰੀ ਮੁਰਾਦ ਬਰਨਾਲਾ ਸਾਹਿਬ ਤੋਂ ਹੈ, ਇਹ ਸਿੱਖ ਕੌਮ ਜਿਹੜੀ ਔਰੰਗਜ਼ੇਬ ਦੇ ਅੱਗੇ ਨਹੀਂ ਝੁੱਕੀ, ਨਾ ਬਾਬਰ

[ਰਾਜਾ ਨਰਿੰਦਰ ਸਿੰਘ]

ਅੱਗੇ ਝੁੱਕੀ ਅਤੇ ਨਾ ਹੀ ਅੰਗਰੇਜ਼ੀ ਸਾਮਰਾਜ ਦੇ ਅੱਗੇ ਇਹ ਝੁਕੀ ਅਤੇ ਆਪਣੇ ਧਰਮ ਦੀ ਖਾਤਰ ਲੜਦੀ ਰਹੀ ਅਤੇ ਦੇਸ਼ ਦੀ ਖਾਤਿਰ ਲੜਦੀ ਰਹੀ ਹੈ। ਇਹ ਕੌਮ ਦੇਸ਼ ਦਾ ਕੇਵਲ 1.5% ਹਿੱਸਾ ਹੈ। ਸਾਡੀ ਗਿਣਤੀ ਦੇਸ਼ ਵਿਚ ਵਸਦੀ ਕੌਮ ਵਿਚ 1.8% ਹੈ। ਇਸ ਦੇ ਵਿਚ ਬਹੁਤ ਸਾਰੇ ਕਾਂਗਰਸੀ ਹਨ, ਕੁਝ ਨਿਰੰਕਾਰੀ ਹਨ, ਕੁਝ ਨਾਮਧਾਰੀ ਹਨ ਅਤੇ ਕੁਝ ਕਾਮਰੇਡ ਹਨ ਜਿਹੜੇ ਸਿੱਖੀ ਨੂੰ ਨਹੀਂ ਮੰਨਦੇ। ਸਾਡੀ ਗਿਣਤੀ ਕੇਵਲ ਦੇਸ਼ ਵਿਚ 1% ਹੀ ਰਹਿ ਜਾਂਦੀ ਹੈ। ਅਗਰ ਇਹ ਕੌਮ ਹਕੂਮਤ ਦੇ ਅੱਗੇ ਖੜੀ ਨਾ ਹੁੰਦੀ ਤਾਂ ਇਹ ਕੌਮ ਮਿੱਟ ਜਾਂਦੀ। ਇਨ੍ਹਾਂ ਸਿੱਖਾਂ ਨੇ ਧਰਮ ਦੀ ਖਾਤਰ ਅਤੇ ਦੇਸ਼ ਦੀ ਖਾਤਰ ਆਪਣੀ ਜਾਨ ਦੇ ਟੋਟੇ ਕਰਵਾਏ, ਬੀਬੀਆਂ ਨੇ ਆਪਣੇ ਪੁੱਤਾਂ ਦੇ ਕਤਲ ਕਰਵਾਏ, ਸਿੱਖੀ ਦੀ ਖਾਤਰ ਪੁੱਤ ਸ਼ਹੀਦ ਕਰਵਾਏ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਸ ਤੋਂ ਬਰਨਾਲਾ ਸਾਹਿਬ ਨੂੰ ਸਬਕ ਲੈਣਾ ਚਾਹੀਦਾ ਹੈ। ਮੇਰੀ ਮੁਰਾਦ ਇਸ ਪਾਰਟੀ ਦੇ ਲੀਡਰ ਤੋਂ ਹੈ। ਬਰਨਾਲਾ ਸਾਹਿਬ ਨੂੰ ਇਸ ਤੋਂ ਸਬਕ ਲੈ ਕੇ ਰਾਜੀਵ ਗਾਂਧੀ ਨੂੰ ਸਮਝਾਉਣਾ ਚਾਹੀਦਾ ਸੀ। ਠੀਕ ਹੈ ਕਿ ਇਕ ਅਕਾਰਡ ਸੰਤ ਜੀ ਅਤੇ ਰਾਜੀਵ ਗਾਂਧੀ ਦੇ ਵਿਚਕਾਰ ਹੋਇਆ। ਇਸ ਅਕਾਰਡ ਉਤੇ ਕਿਸੇ ਨੇ ਕੋਈ ਰਾਏ ਪ੍ਰਗਟ ਕੀਤੀ ਸੀ ਅਤੇ ਕਿਸੇ ਨੇ ਕੋਈ ਰਾਏ ਪ੍ਰਗਟ ਕੀਤੀ ਸੀ। ਜਿਵੇਂ ਮਹਾਰਾਜਾ ਸਾਹਿਬ ਨੇ ਕਿਹਾ ਹੈ ਕਿ ਆਖਿਰ ਗੱਲਬਾਤ ਮੇਜ਼ ਤੇ ਹੋਣੀ ਸੀ। ਇੰਟਰ ਨੈਸ਼ਨਲ ਅਕਾਰਡ ਹੁੰਦੇ ਹਨ ਅਤੇ ਇਹ ਤਾਂ ਇੰਟਰਨਲ ਅਕਾਰਡ ਸੀ। ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ ਅਤੇ ਤੁਸੀਂ ਵੀ ਸੰਤ ਜੀ ਨੂੰ ਮਿਲਦੇ ਰਹੇ ਹੋ ਅਤੇ ਅਸੀਂ ਵੀ ਮਿਲਦੇ ਰਹੇ ਹਾਂ, ਉਹ ਕਿਹਾ ਕਰਦੇ ਸਨ ਕਿ ਇਸ ਅਕਾਰਡ ਨੂੰ ਮੈਂ 2 ਮਹੀਨਿਆਂ ਦੇ ਵਿਚ ਇੰਪਲੀਮੈਂਟ ਕਰਵਾ ਲੈਣਾ ਹੈ ਅਤੇ ਜੇਕਰ 2 ਮਹੀਨਿਆਂ ਦੇ ਵਿਚ ਅਕਾਰਡ ਨੂੰ ਲਾਗੂ ਨਾ ਕਰਵਾਇਆ ਤਾਂ ਇਹ ਅਕਾਰਡ ਗਲਤ ਕਹਿ ਦੇਣਾ, ਕਿਉਂਕਿ ਉਹ ਕਹਿੰਦੇ ਸਨ ਕਿ ਮੇਰੀਆਂ ਰਾਜੀਵ ਗਾਂਧੀ ਦੇ ਨਾਲ ਕੁਝ ਗੱਲਾਂ ਲਿਖਤੀ ਹੋਈਆਂ ਹਨ ਜਿਹੜੀਆਂ ਅਕਾਰਡ ਵਿਚ ਹਨ ਅਤੇ ਕੁਝ ਗੱਲਾਂ ਅਲਿਖਤੀ ਹੋਈਆਂ ਹਨ ਜਿਸ ਨੂੰ ਉਨ੍ਹਾਂ ਨੇ ਮੰਨਿਆਂ ਹੈ। ਉਹ ਕਹਿੰਦੇ ਸਨ ਕਿ ਪ੍ਰਧਾਨ ਮੰਤਰੀ ਇਕ ਧਰਮਾਤਮਾ ਪੁਰਸ਼ ਹੈ, ਉਹ ਸਾਰੀਆਂ ਗੱਲਾਂ ਨੂੰ ਨਿਭਾਏਗਾ। ਅਸੀਂ ਵੀ ਕਿਹਾ ਠੀਕ ਹੋਇਆ ਹੈ। ਜਦੋਂ ਸੰਤ ਜੀ ਦਾ ਕਤਲ ਹੋਇਆ ਉਸ ਵੇਲੇ ਕੁਝ ਸਿਆਸੀ ਪੰਡਿਤਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਸੰਤ ਜੀ ਦੇ ਗੁਜ਼ਰ ਜਾਣ ਦਾ ਸਾਨੂੰ ਦੁੱਖ ਹੈ। ਕੁਝ ਸਿਆਸੀ ਪੰਡਿਤਾਂ ਨੇ ਕਿਹਾ ਕਿ ਹੁਣ ਅਕਾਰਡ ਸਿਰੇ ਨਹੀਂ ਚੜ੍ਹਨਾ ਕਿਉਂਕਿ ਉਹ ਕਿਹਾ ਕਰਦੇ ਸਨ ਕਿ ਇਸ ਅਕਾਰਡ ਨੂੰ 2 ਮਹੀਨਿਆਂ ਦੇ ਵਿਚ ਲਾਗੂ ਕਰਵਾਉਣਾ ਹੈ। ਅੱਜ ਉਹ ਹੀ ਗੰਭੀਰ ਮਸਲਾ ਖੜ੍ਹਾ ਹੋਇਆ ਹੈ। ਪੰਜਾਬ ਸਰਕਾਰ ਨੇ ਉਨ੍ਹਾਂ ਦੇ ਕਤਲ ਦੀ ਇਨਵੈਸਟੀਗੇਸ਼ਨ ਨੂੰ ਆਪਣੇ ਹੱਥ ਵਿਚ ਨਹੀਂ ਰਖਿਆ ਔਰ ਇਸ ਦੀ ਇਨਵੈਸਟੀਗੇਸ਼ਨ ਸੀ.ਬੀ.ਆਈ. ਨੂੰ ਦੇ ਦਿੱਤੀ ਹੈ ਤਾਕਿ ਕੇਸ ਉਤੇ ਪਰਦਾ ਪੈ ਜਾਵੇ। ਇਸ ਕਤਲ ਦੇ ਕੇਸ ਨੂੰ ਪੰਜਾਬ ਸਰਕਾਰ ਨੂੰ ਆਪਣੇ ਪਾਸ ਰਖਣਾ ਚਾਹੀਦਾ ਸੀ। ਇਹ ਗੱਲ ਅੱਜ ਨਹੀਂ ਤਾਂ ਕਲ ਨੂੰ ਅਤੇ ਜੇ ਕਲ ਨੂੰ ਨਹੀਂ ਤਾਂ ਪਰਸੋਂ ਨੂੰ ਬਾਹਰ ਆ ਜਾਣੀ ਹੈ। ਇਸ ਅਕਾਰਡ ਨੂੰ ਮਲੀਆਮੇਟ ਕਰਨ ਲਈ ਉਨ੍ਹਾਂ ਦਾ ਕਤਲ ਹੋਇਆ । ਅਸਲ ਵਿਚ ਇਹ ਅਕਾਰਡ ਖਤਮ ਹੋ ਚੁੱਕਾ ਹੈ ਅਤੇ ਇਹ ਹੁਣ ਅਕਾਰਡ ਦੀ ਲਾਸ਼ ਨੂੰ ਚੁੱਕੀ ਫਿਰਦੇ ਹਨ। ਇਸ ਅਕਾਰਡ ਕਰਕੇ ਇਥੇ ਅਕਾਲੀ ਪਾਰਟੀ ਦੀ ਸਰਕਾਰ ਬਣੀ ਸੀ।

ਇਸ ਅਕਾਰਡ ਤੋਂ ਬਾਅਦ ਗੁਰਦੇਵ ਸਿੰਘ ਕਮਿਸ਼ਨ ਬੈਠਾ ਸੀ ਜਿਸ ਕੋਲ ਬਰਨਾਲਾ ਸਾਹਿਬ ਬਤੌਰ ਵਕੀਲ ਅਕਾਲੀ ਪਾਰਟੀ ਦੇ ਪੇਸ਼ ਹੁੰਦੇ ਰਹੇ ਹਨ। ਉਸ ਕਮਿਸ਼ਨ ਦੀ ਰਿਪੋਰਟ ਨੇ ਇਹ ਇੰਡਿਕੇਟ ਕੀਤਾ ਕਿ ਫਲਾਣੇ ਫਲਾਣੇ ਅਫਸਰ ਨੇ ਫਲਾਣੇ ਫਲਾਣੇ ਮਾਸੂਮਾਂ ਦਾ ਕਤਲ ਕੀਤਾ ਹੈ ਅਤੇ ਮਾਰਿਆ ਹੈ । ਉਹ ਹੀ ਵਕੀਲ ਹੁਣ ਉਸੇ ਪਾਰਟੀ ਦਾ ਲੀਡਰ ਹੋਵੇ ਤਾਂ ਉਸ ਕਮਿਸ਼ਨ

ਦੀ ਰਿਪੋਰਟ ਦਾ ਕੀ ਨਤੀਜਾ ਨਿਕਲਿਆ ਹੈ ? ਨਤੀਜਾ ਇਹ ਨਿਕਲਿਆ ਕਿ ਜਿਹੜੇ ਅਫਸਰ ਦੋਸ਼ੀ ਪਾਏ ਗਏ ਸਨ ਉਨ੍ਹਾਂ ਨੂੰ ਪਰਮੋਟ ਕੀਤਾ ਗਿਆ ਅਤੇ ਤਰੱਕੀਆਂ ਦਿੱਤੀਆਂ ਗਈਆਂ। ਫੇਰ ਅਸੀਂ ਰਾਜੀਵ ਗਾਂਧੀ ਤੇ ਕਿਉਂ ਗਿਲਾ ਕਰੀਏ ਅਤੇ ਕਿਉਂ ਉਸ ਦੇ ਗਲ ਪਈਏ। ਫੇਰ ਅਸੀਂ ਇਕ ਫੈਸਲਾ ਕੀਤਾ ਕਿ ਜਿਹੜਾ ਟਿਵਾਣਾ ਜਸਟਿਸ ਨੇ ਆਪਣੀ ਫਾਈਂਡਿੰਗਜ਼ ਵਿਚ ਲੱਡਾ ਕੋਠੀ ਦੇ ਵਿਚ ਟਾਰਚਰ ਬਾਰੇ ਦਿੱਤਾ ਸੀ, ਉਥੇ ਨੌਜਵਾਨਾਂ ਨੂੰ ਬਹੁਤ ਟਾਰਚਰ ਕੀਤਾ ਗਿਆ ਸੀ। (ਵਿਘਨ)

ਸਪੀਕਰ ਸਾਹਿਬ, ਕਮਿਸ਼ਨ ਦੀ ਰਿਪੋਰਟ ਇਨ੍ਹਾਂ ਕੋਲ ਆਈ ਹੋਈ ਹੈ। ਇਸ ਰਿਪੋਰਟ ਨੂੰ ਆਏ ਨੂੰ 6 ਮਹੀਨੇ ਹੋ ਗਏ ਹਨ। ਇਹ ਕਮਿਸ਼ਨ ਦੀ ਰਿਪੋਰਟ ਲੋਕਾਂ ਦੇ ਸਾਹਮਣੇ ਨਹੀਂ ਆ ਰਹੀ। ਉਨ੍ਹਾਂ ਲੋਕਾਂ ਨੂੰ ਕਿਸ ਤਰ੍ਹਾਂ ਟਾਰਚਰ ਕੀਤਾ ਜਾ ਰਿਹਾ ਹੈ। ਸਿੱਖ ਨੌਜਵਾਨਾਂ ਨੂੰ ਟਾਰਚਰ ਕੀਤਾ ਜਾ ਰਿਹਾ ਹੈ। ਸਪੀਕਰ ਸਾਹਿਬ, ਤੁਹਾਨੂੰ ਵੀ ਸਿੱਖਾਂ ਬਾਰੇ ਪਤਾ ਹੈ। ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਚੰਡੀਗੜ੍ਹ ਖਾਤਰ ਵਰਤ ਰਖਿਆ ਸੀ ਤਾਂ ਉਸ ਵੇਲੇ ਸਰਦਾਰ ਗੁਰਮੁੱਖ ਸਿੰਘ ਮੁਸਾਫਿਰ ਨੇ ਫੇਰੂਮਾਨ ਨੂੰ ਆ ਕੇ ਰੋਂਦੇ ਹੋਏ ਕਿਹਾ ਕਿ ਤੁਸੀਂ ਆਪਣੀ ਜਾਨ ਨਾ ਦਿਓ ਔਰ ਆਪਣਾ ਵਰਤ ਛੱਡ ਦਿਓ। ਤਦ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਕਿਹਾ ਕਿ ਤੁਸੀਂ ਮੈਨੂੰ ਨਾ ਸਮਝਾਓ ਬਲਕਿ ਦਿੱਲੀ ਵਿਚ ਜਾ ਕੇ ਕਹੋ, ਮੈਂ ਤਾਂ ਅਰਦਾਸ ਕੀਤੀ ਹੈ। ਮੈਂ ਤਾਂ ਗੁਰੂ ਦੇ ਸਾਹਮਣੇ ਇਕ ਵਾਅਦਾ ਕੀਤਾ ਸੀ ਔਰ ਮੈਂ ਉਸ ਵਾਅਦੇ ਨੂੰ ਭੰਗ ਕਰਕੇ ਨਰਕਾਂ ਦਾ ਭਾਗੀ ਨਹੀਂ ਹੋਣਾ। ਜਦੋਂ ਭਾਈ ਮਨੀ ਸਿੰਘ ਦੇ ਬੰਦ ਬੰਦ ਕਟਣ ਲਗੇ ਤਾਂ ਉਸ ਵੇਲੇ ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਤੁਹਾਨੂੰ ਹੁਕਮ ਬੰਦ, ਬੰਦ ਕੱਟਣ ਦੇ ਹੋਏ ਹਨ। ਇਹ ਸਿੱਖ ਸਾਈਕੀ ਹੈ। ਅੱਜ ਉਹ ਲੋਕ ਮਰ ਨਹੀਂ ਗਏ। ਬੇਸ਼ੱਕ ਮੇਰੇ ਵਰਗੇ ਕਈ ਕਮਜ਼ੋਰ ਹੋਣਗੇ। ਇਸ ਨੂੰ ਬੇਸ਼ੱਕ ਦਰਿਆਫਤ ਕਰ ਲਉ। ਚੀਫ਼ ਮਨਿਸਟਰ ਸਾਹਿਬ, ਬਹੁਤ ਵਡੀਆਂ ਬਾਹਾਂ ਵਾਲੇ ਹਨ। ਹੋਮ ਮਨਿਸਟਰ ਸਾਹਿਬ ਵੀ ਵੱਡੀਆਂ ਬਾਹਾਂ ਵਾਲੇ ਹਨ। ਅੱਜ ਪੁਲਿਸ ਮੁੰਡਿਆਂ ਨੂੰ ਟਾਰਚਰ ਕਰਦੀ ਹੈ। ਇਕ ਕੇਸ ਮੇਰੇ ਨੋਟਿਸ ਵਿਚ ਆਇਆ ਹੈ। ਵੈਸੇ ਤਾਂ ਬਹੁਤ ਸਾਰੇ ਅਜਿਹੇ ਕੇਸ ਹੋਣਗੇ। ਇਕ ਲੜਕਾ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ। ਪੁਲਿਸ ਨੇ ਉਸ ਲੜਕੇ ਨੂੰ ਟਾਰਚਰ ਕੀਤਾ। ਫਿਰ ਵੀ ਉਹ ਲੜਕਾ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ। ਪੁਲਿਸ ਨੇ ਫਿਰ ਉਸ ਤੋਂ ਬਾਅਦ ਵੀ ਉਸ ਲੜਕੇ ਨੂੰ ਦੋਬਾਰਾ ਟਾਰਚਰ ਕੀਤਾ। ਫਿਰ ਵੀ ਉਹ ਲੜਕਾ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ। ਉਸ ਦਾ ਹਾਰਟ ਫੇਲ੍ਹ ਹੋ ਗਿਆ, ਪਰ ਸਪੀਕਰ ਸਾਹਿਬ, ਉਹ ਸੁਖਮਨੀ ਸਾਹਿਬ ਦਾ ਪਾਠ ਕਰਨ ਤੋਂ ਨਹੀਂ ਹਟਿਆ। ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਵੇਲੇ ਵੱਧ ਤੋਂ ਵੱਧ ਕੁਰਬਾਨੀਆਂ ਕੀਤੀਆਂ ਅਤੇ ਹਸਦੇ ਹਸਦੇ ਫਾਂਸੀ ਤੇ ਚੜ੍ਹੇ ਪਰ ਅਫਸੋਸ ਦੀ ਗੱਲ ਹੈ ਕਿ ਅੱਜ ਦਿੱਲੀ ਵਾਲੇ ਕਹਿਣ ਕਿ ਸਿੱਖ ਕੌਮ ਦੇਸ਼ ਧਰੋਹੀ ਹੈ। ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਨਾ ਧਰਮ ਵਿਚ ਵਿਸ਼ਵਾਸ ਰਖਦੇ ਹਨ ਅਤੇ ਨਾਂ ਸਿਆਸਤ ਵਿਚ। ਪੰਡਿਤ ਜੀ ਨੂੰ ਮੈਂ ਕੀ ਕਹਾਂ ਕਿਉਂਕਿ ਉਹ ਮੇਰੇ ਉਸਤਾਦ ਹਨ ਔਰ ਵੱਡੀ ਉਮਰ ਦੇ ਹਨ। ਲਛਮਣ ਸਿੰਘ ਗਿੱਲ ਮਨਿਸਟਰੀ ਵੇਲੇ ਇਨ੍ਹਾਂ ਨੇ ਵਾਅਦਾ ਕੀਤਾ ਸੀ। ਅੱਜ ਲਛਮਣ ਸਿੰਘ ਗਿੱਲ ਨਹੀਂ ਹਨ ਪਰ ਮੈਂ ਤਾਂ ਜਿਉਂਦਾ ਹਾਂ। ਉਨ੍ਹਾਂ ਨੇ ਗੁਟਕਾ , ਪੰਜ ਗ੍ਰੰਥੀ ਅਤੇ ਗੀਤਾ ਇਕੱਠੀਆਂ ਕਰਕੇ ਸਹੁੰ ਖਾਧੀ ਸੀ ਕਿ ਗਿੱਲ ਸਾਹਿਬ ਨੂੰ ਦੋ ਸਾਲ ਲਈ ਨਹੀਂ ਹਟਾਉਂਦੇ, ਤੁਹਾਨੂੰ ਦੋ ਸਾਲ ਕੁਝ ਨਹੀਂ ਕਹਿੰਦੇ ਪਰ ਮੈਂ ਤਾਂ ਅਜੇ ਮਰਿਆ ਨਹੀਂ, ਪਰ 9 ਮਹੀਨਿਆਂ ਵਿਚ ਹੀ ਉਸ ਨੂੰ ਲਾਹ ਦਿੱਤਾ। ਉਨ੍ਹਾਂ ਨੂੰ ਪੁਲ ਡਾਊਨ ਕਰ ਦਿੱਤਾ। ਸਪੀਕਰ ਸਾਹਿਬ, ਇਨ੍ਹਾਂ ਨੇ ਧਰਮ ਵੀ ਛੱਡ ਦਿੱਤਾ, ਔਰ ਇਨ੍ਹਾਂ ਦੀ ਕਿਸੇ ਨਾਲ ਦੋਸਤੀ ਵੀ ਨਹੀਂ। ਸਪੀਕਰ ਸਾਹਿਬ, ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਵੀ ਕਤਲ ਕਰਵਾ

[ਰਾਜਾ ਨਰਿੰਦਰ ਸਿੰਘ]

ਦਿਤਾ। ਇਨ੍ਹਾਂ ਨੂੰ ਨਾ ਦੇਸ਼ ਨਾਲ ਪਿਆਰ ਹੈ ਔਰ ਨਾ ਹੀ ਧਰਮ ਨਾਲ ਅਤੇ ਨਾ ਹੀ ਇਹ ਕੋਈ ਵਾਅਦਾ ਔਨਰ ਕਰਦੇ ਹਨ। ਇਨ੍ਹਾਂ ਨੇ ਸਾਡੇ ਭੋਲੇ ਭਾਲੇ ਲੀਡਰ ਨੂੰ ਲਪੇਟ ਲਿਆ ਹੈ। ਜਦੋਂ ਚੰਡੀਗੜ੍ਹ ਬਦਲੇ 70,000 ਏਕੜ ਜ਼ਮੀਨ ਬਾਰੇ ਕਮਿਸ਼ਨ ਨੇ ਫੈਸਲਾ ਕਰ ਦਿੱਤਾ, ਅਸੀਂ ਬਾਵਜੂਦ ਇਨ੍ਹਾਂ ਦਾ ਵਿਰੋਧ ਕਰਦੇ ਹੋਏ ਇਨ੍ਹਾਂ ਨੂੰ ਕਿਹਾ ਕਿ ਵੇਖ ਲੈਣਾ ਕਦੀ ਇਹ ਗੱਲ ਨਾ ਮੰਨਣਾ ਔਰ ਅਸੀਂ ਤੁਹਾਡੀ ਪਿੱਠ ਤੇ ਖੜ੍ਹੇ ਹਾਂ। ਸਾਡਾ ਇਨ੍ਹਾਂ ਨੂੰ ਪੂਰਾ ਹੌਂਸਲਾ ਸੀ। ਜੇਕਰ ਪੰਜਾਬ ਸਰਕਾਰ ਕਮਿਸ਼ਨ ਦਾ ਫੈਸਲਾ ਮੰਨ ਲੈਂਦੀ ਤਾਂ ਫਿਰ ਕਦੇ ਵੀ ਅਸੀਂ ਮੁੜ ਕੇ ਇਹ ਗੱਲ ਨਹੀਂ ਖੋਲ੍ਹ ਸਕਦੇ ਸੀ। (ਹਾਸਾ) ਜੇਕਰ, ਸਪੀਕਰ ਸਾਹਿਬ, ਰਾਜਸਥਾਨ ਨੂੰ ਪਾਣੀ ਦੇ ਦਿੱਤਾ, ਹਰਿਆਣੇ ਵਾਲਿਆਂ ਨੂੰ ਪਾਣੀ ਦੇ ਦਿਤਾ ਤਾਂ ਮੁੜ ਕੇ ਅਸੀਂ ਵਾਪਿਸ ਨਹੀਂ ਲੈ ਸਕਣਾ। ਇਸ ਲਈ ਤੁਸੀਂ ਕਮਿਸ਼ਨ ਦੇ ਫੈਸਲੇ ਨੂੰ ਕਬੂਲ ਨਾ ਕਰੋ। ਸਪੀਕਰ ਸਾਹਿਬ, ਭਾਵੇਂ ਅਸੀਂ ਕਿਸੇ ਲਿਹਾਜ਼ ਨਾਲ ਵੀ ਇਨ੍ਹਾਂ ਨਾਲੋਂ ਵਖਰੇ ਬੈਠੇ ਹਾਂ ਪਰ ਇਥੇ ਕਿਸੇ ਮੇਰੇ ਦੋਸਤ ਨੂੰ ਚੀਫ ਮਨਿਸਟਰ ਸਾਹਿਬ ਤਕ ਗਰਜ਼ ਹੈ। ਇਸ ਲਈ ਕੋਈ ਨਾ ਕੋਈ ਉਨ੍ਹਾਂ ਦੇ ਹੱਕ ਵਿਚ ਕੋਈ ਗੱਲ ਕਹਿ ਜਾਂਦਾ ਹੈ। ਸਪੀਕਰ ਸਾਹਿਬ, ਇਨਸਾਨ ਖੁਸ਼ਾਮਦ ਪਸੰਦ ਹੈ। ਤੁਸੀਂ ਸਾਰੇ ਪੜ੍ਹੇ ਲਿਖੇ ਹੋ ਅਤੇ ਮੇਰਾ ਖਿਆਲ ਹੈ ਕਿ ਤੁਸੀਂ ਇਹ ਕਿਤਾਬ ਵਿਚ ਜੋ ਲਿਖਿਆ ਹੈ, ਪੜ੍ਹਿਆ ਹੋਵੇਗਾ : ਜੇ ਕਿਸੇ ਨੂੰ ਇਹ ਕਿਹਾ ਜਾਵੇ ਕਿ You hate flattery, that means you have given him maximum dose of flattery.

ਇਹ ਠੀਕ ਹੈ ਕਿ ਇਨਸਾਨ ਖੁਸ਼ਾਮਦ ਪਸੰਦ ਤਾਂ ਹੈ। ਇਹ ਅਸਲ ਗੱਲ ਜੋ ਹੈ, ਪੰਜਾਬ ਦਾ ਜੋ ਮਸਲਾ ਹੈ, ਉਸ ਵੱਲ ਧਿਆਨ ਸਹੀ ਤਰੀਕੇ ਦੇ ਨਾਲ ਨਹੀਂ ਦਿੰਦੇ। ਅਸੀਂ ਚੰਡੀਗੜ੍ਹ ਬਦਲੇ 70,000 ਏਕੜ ਜ਼ਮੀਨ ਨਹੀਂ ਦਿਆਂਗੇ। ਪਾਣੀ ਦਾ ਮਸਲਾ ਹੈ। ਸਪੀਕਰ ਸਾਹਿਬ, ਜਨਸੰਘ ਵਾਲੇ ਕਹਿੰਦੇ ਹਨ ਕਿ ਨੌਜਵਾਨਾਂ ਨੂੰ ਅੰਦਰ ਹੀ ਰਹਿਣ ਦਿਓ। ਕਾਂਗਰਸ ਵਾਲਿਆਂ ਨੇ ਵੀ ਪੰਜਾਬ ਨੂੰ ਲੁੱਟ ਲਿਆ ਹੈ। ਜਨਸੰਘ ਵਾਲੇ ਕਹਿੰਦੇ ਹਨ ਕਿ ਇਨ੍ਹਾਂ ਨੂੰ ਕੁਚਲ ਦਿਓ ਪਰ ਸਾਨੂੰ ਬੜੀਆਂ ਸਦੀਆਂ ਤੋਂ ਕੁਚਲਿਆ ਜਾ ਰਿਹਾ ਹੈ। 300 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਅਸੀਂ ਕੁਚਲੇ ਨਹੀਂ ਗਏ। ਸਿੱਖ ਸਾਈਕੀ ਹੈ। ਇਸ ਬਾਰੇ ਬਹੁਤ ਸਾਰੀਆਂ ਮਿਸਾਲਾਂ ਹਨ। ਸਿੱਖਾਂ ਉਤੇ ਸੱਚਰ ਸਾਹਿਬ ਨੇ ਬਹੁਤ ਅਤਿਆਚਾਰ ਕੀਤੇ। ਆਈ.ਜੀ. ਅਸ਼ਵਨੀ ਨੇ ਦਰਬਾਰ ਸਾਹਿਬ ਵਿਚ ਪੁਲਿਸ ਭੇਜੀ ਅਤੇ ਅਤਿਆਚਾਰ ਕੀਤੇ। ਮੈਂ ਵੀ ਉਸ ਮੂਵਮੈਂਟ ਵਿਚ ਅੰਮ੍ਰਿਤਸਰ ਜੇਲ੍ਹ ਵਿਚ ਸੀ। ਸੱਚਰ ਨੂੰ ਸਮਝਾਉਣ ਵਾਲਾ ਸਹੀ ਆਦਮੀ ਨਹੀਂ ਸੀ। ਸਰਦਾਰ ਕ੍ਰਿਪਾਲ ਸਿੰਘ ਜੀ ਨੇ ਰੀਮੋਟ ਕੰਟਰੋਲ ਦਾ ਸਹੀ ਜ਼ਿਕਰ ਕੀਤਾ ਸੀ। ਪ੍ਰਧਾਨ ਮੰਤਰੀ ਨੂੰ ਸਮਝਾਇਆ ਗਿਆ ਕਿ ਤੁਸੀਂ ਦਰਬਾਰ ਸਾਹਿਬ ਜਾ ਕੇ ਮਾਫੀ ਮੰਗ ਲਓ। ਅੰਗਰੇਜ਼ਾਂ ਨੇ ਵੀ ਜਦੋਂ ਜੰਗ ਕੀਤੀ ਤਾਂ ਸਿੱਖਾਂ ਨੂੰ ਕਿਹਾ ਗਿਆ ਸੀ ਕਿ ਤੁਸੀਂ ਕੁਝ ਮੰਗ ਲਵੋ ਪਰ ਸਿੱਖਾਂ ਨੇ ਕਿਹਾ ਕਿ ਸਾਡੇ ਕੋਲ ਸਭ ਕੁਝ ਹੈ। ਸਾਨੂੰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ ਹੈ। ਅਗਰੇਜ਼ਾਂ ਨੇ ਫਿਰ ਦੋਬਾਰਾ ਕਿਹਾ ਕਿ ਤੁਸੀਂ ਕੁਝ ਮੰਗ ਲਵੋ। ਬਾਰ ਬਾਰ ਕਰਿਣ ਤੇ ਸਿੱਖਾਂ ਨੇ ਸਿਰਫ ਕਿਹਾ ਕਿ ਤੁਸੀਂ 11 ਰੁਪਏ ਦਾ ਕੜਾਹ ਪ੍ਰਸ਼ਾਦ ਚੜ੍ਹਾ ਦਿਓ। ਸਿੱਖਾਂ ਕੋਲ ਸਭ ਕੁਝ ਹੈ। ਉਹ ਦੇਸ਼ ਲਈ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹਨ। ਪਰ ਬੇਅਦਬੀ ਨਾਲ ਕੁਝ ਵੀ ਕਰਨ ਨੂੰ ਤਿਆਰ ਨਹੀਂ। (ਥੰਪਿਗ) ਬਾਵਜੂਦ ਇਨ੍ਹਾਂ ਕੁਝ ਹੋਣ ਦੇ ਅਸੀਂ ਇਨ੍ਹਾਂ ਦਾ ਸਾਥ ਦੇ ਰਹੇ ਹਾਂ। ਪਿਛੇ ਸਾਡੀ ਹਿਸਟਰੀ ਗਵਾਹ ਹੈ। ਸਪੀਕਰ ਸਾਹਿਬ, ਗੌਰਮਿੰਟ ਇਨ੍ਹਾਂ ਦੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਇਸ਼ਾਰੇ ਤੇ ਸਭ ਕੁਝ ਕਰੀ ਜਾ ਰਹੀ ਹੈ। ਇਹ ਉਧਰੋਂ ਇਧਰ ਆਉਣਾ ਚਾਹੁੰਦੇ ਹਨ। ਇਹ ਕਦੋਂ ਅਤੇ ਕਿਸ ਤਰ੍ਹਾਂ ਆਉਣਗੇ ? ਜਿਹੜੀ ਚੀਜ਼, ਸਪੀਕਰ ਸਾਹਿਬ, ਕਹੀ ਜਾ ਰਹੀ ਹੈ, ਉਹ ਸਾਰੀ ਰਿਕਾਰਡ ਤੇ ਆ

ਰਹੀ ਹੈ। ਟੇਪ ਵੀ ਹੋ ਰਹੀ ਹੈ। ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਨੂੰ ਇਨ੍ਹਾਂ ਨੇ ਅੰਬ ਦੀ ਗੁਠਲੀ ਦੀ ਤਰ੍ਹਾਂ ਚੂਸ ਕੇ ਸੁਟ ਦੇਣਾ ਹੈ (ਹਾਸਾ) ਸਪੀਕਰ ਸਾਹਿਬ, ਇਹ ਭਰਾ ਉਦੋਂ ਯਾਦ ਆਉਣਗੇ ਜਦੋਂ ਇਹ ਗਿਰ ਪੈਣਗੇ। ਫਿਰ ਅਸੀਂ ਇਨ੍ਹਾਂ ਦਾ ਸਾਥ ਦੇਣਾ ਹੈ। ਸਪੀਕਰ ਸਾਹਿਬ, ਅਸੀਂ ਬੇ-ਅਸੂਲੀ ਤੇ ਸਾਥ ਨਹੀਂ ਦੇ ਸਕਦੇ। ਪੰਡਿਤ ਜੀ ਕਹਿਣ ਲੱਗੇ ਕਿ ਜੇ ਦੇਖੋ ਤਾਂ ਇਹ ਕੁਰਸੀ ਦੀ ਜੰਗ ਹੈ। ਇਹ ਤਾਂ ਇਕੱਲੇ ਬਰਨਾਲਾ ਸਾਹਿਬ ਨੂੰ ਹਟਾਉਣਾ ਚਾਹੁੰਦੇ ਹਨ। ਜੇ ਅਸੀਂ ਕਹਿ ਦੇਈਏ ਕਿ ਫਲਾਣੀ ਗੱਲ ਬੇਅਸੂਲੀ ਹੈ ਅਤੇ ਉਨ੍ਹਾਂ ਨੇ ਇਹ ਗਲਤੀ ਕੀਤੀ ਹੈ, ਤਾਂ ਕੀ ਠੀਕ ਨਹੀਂ ਹੈ ? ਜੇ ਉਨ੍ਹਾਂ ਨੇ ਗਲਤੀ ਨਹੀਂ ਕੀਤੀ ਸੀ ਤਾਂ ਗੁਰਦਵਾਰਿਆਂ ਅੰਦਰ ਉਹ ਜੋੜੇ ਝਾੜਨ ਕਿਉਂ ਗਏ ਸਨ। ਜਦੋਂ ਉਹ ਜੋੜੇ ਝਾੜਨ ਜਾਂਦੇ ਸਨ ਤਾਂ ਉਸ ਗੁਰਦਵਾਰੇ ਨੂੰ ਆਮ ਸੰਗਤਾਂ ਲਈ ਬੰਦ ਕਰ ਦਿੱਤਾ ਜਾਂਦਾ ਸੀ ਅਤੇ ਸਭ ਦਰਵਾਜਿਆਂ ਤੇ ਪੁਲਿਸ ਖੜੀ ਹੁੰਦੀ ਸੀ। ਸਾਨੂੰ ਪੁਲਿਸ ਵਾਲੇ ਕਹਿਣ ਲੱਗੇ ਕਿ ਸਾਡੇ ਨਾਲ ਰਲ ਕੇ ਤੁਸੀਂ ਬੈਠ ਨਹੀਂ ਸਕਦੇ ਕਿਉਂਕਿ ਸਾਡੇ ਜੋੜੇ ਤਾਂ ਚੀਫ ਮਨਿਸਟਰ ਝਾੜਦਾ ਹੈ। ਜਿਸ ਗੱਲ ਤੋਂ ਇਨ੍ਹਾਂ ਨੇ ਮੁਆਫੀ ਮੰਗੀ, ਕੀ ਉਹ ਗੱਲ ਗਲਤ ਨਹੀਂ ਸੀ ?

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਇਹ ਅਕਾਲ ਤਖਤ ਸਾਹਿਬ ਦਾ ਹੁਕਮ ਅਤੇ ਸੰਗਤਾਂ ਦੇ ਜੋੜੇ ਝਾੜਨ ਦੀ ਗੱਲ ਸਿੱਖ ਮਰਿਆਦਾ ਦੀ ਬਾਤ ਹੈ। ਮੈਂ ਹੈਰਾਨ ਹਾਂ ਕਿ ਰਾਜਾ ਨਰਿੰਦਰ ਸਿੰਘ ਇਕ ਗੁਰਮੁਖ ਸਿੱਖ ਦੇ ਸਾਹਿਬਜ਼ਾਦੇ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੇ ਇਹ ਗੱਲ ਤੌਹੀਨ ਨਾਲ, ਠੱਠਾ ਅੜਾ ਕੇ ਕਰਨੀ ਚਾਹੀ ਜੋ ਕਿ ਇਨ੍ਹਾਂ ਨੂੰ ਨਹੀਂ ਕਰਨੀ ਚਾਹੀਦੀ।

ਸ਼੍ਰੀ ਸਪੀਕਰ : ਰਾਜਾ ਨਰਿੰਦਰ ਸਿੰਘ ਜੀ, ਤੁਸੀਂ ਕਨਕਲੂਡ ਕਰੋ।

ਰਾਜਾ ਨਰਿੰਦਰ ਸਿੰਘ : ਮੈਂ ਜੇ ਕਹਾਂ ਕਿ ਇਨ੍ਹਾਂ ਨੇ ਤਾਂ ਜੋੜੇ ਝਾੜ ਕੇ ਵੀ ਫੇਰ ਮੁੜ ਕੇ ਕਿੰਨੇ ਹੀ ਗੁਰਦਵਾਰਿਆਂ ਵਿੱਚ ਪੁਲਿਸ ਭੇਜ ਦਿੱਤੀ ਤਾਂ ਕੀ ਇਹ ਗੱਲ ਗਲਤ ਹੈ ? ਉਨ੍ਹਾਂ ਨੇ ਫੇਰ ਤਰਨਤਾਰਨ, ਪਟਿਆਲਾ, ਚਮਕੌਰ ਸਾਹਿਬ, ਮਸਤੂਆਨਾ ਸਾਹਿਬ ਅਤੇ 20–25–30 ਗੁਰਦਵਾਰਿਆਂ ਵਿੱਚ ਪੁਲਿਸ ਭੇਜ ਦਿੱਤੀ। ਇਹ ਤਾਂ ਰਿਵਾਜ ਹੀ ਪੈ ਗਿਆ। ਅਸੀਂ ਸਹੇ ਨੂੰ ਨਹੀਂ ਰੋਂਦੇ, ਪਹੇ ਨੂੰ ਰੋਂਦੇ ਹਾਂ। ਗਲਤ ਰਿਵਾਜ ਪੈ ਰਿਹਾ ਹੈ ਅਤੇ ਇਹ ਗਲਤ ਰਿਵਾਜ ਮੇਰੇ ਇਧਰ ਬੈਠੇ ਭਰਾ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਪੁਆ ਰਹੇ ਹਨ। ਫੇਰ ਇਹ ਕਹਿੰਦੇ ਹਨ ਕਿ ਤੁਸੀਂ ਪਾਟ ਗਏ। ਤੁਹਾਨੂੰ ਰਾਜ ਕਰਨਾ ਨਹੀਂ ਆਉਂਦਾ। ਪਰ ਇਹ ਸਿੱਖ ਨੂੰ ਨਹੀਂ ਜਾਣਦੇ। ਇਕ ਵਾਰ ਦਿੱਲੀ ਤੇ ਬੈਠ ਗਏ ਤਾਂ ਫੇਰ ਇਨ੍ਹਾਂ ਨੂੰ ਪੰਜਾਬ ਵਿੱਚ ਰਾਜ ਕਰਨ ਦਾ ਮੌਕਾ ਨਹੀਂ ਮਿਲੇਗਾ। ਸਪੀਕਰ ਸਾਹਿਬ, ਅਸੀਂ ਤਾਂ ਰੋਜ਼ ਸਵੇਰੇ ਉਠ ਕੇ ਸਤਿਗੁਰੂ ਤੋਂ ਮੰਗਦੇ ਹਾਂ ਕਿ

'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।
ਖਵਾਰ ਹੋਇ ਸਭ ਮਿਲੇਂਗੇ ਬਚੇ ਸ਼ਰਣ ਜੁ ਹੋਇ॥

ਅਸੀਂ ਖਾਲਸਾ ਕਹਿੰਦੇ ਹਾਂ, ਨਾਖਾਲਸ ਨਹੀਂ ਕਹਿੰਦੇ। ਖਾਲਸਾ ਉਹ ਹੈ, ਜਿਵੇਂ ਕਿਰਪਾਲ ਸਿੰਘ ਨੇ ਮਿਸਾਲ ਦਿੱਤੀ ਹੈ, ਜਿਸ ਖਾਲਸੇ ਦੇ ਸਿਰ ਉੱਤੇ ਗੁਰੂ ਗੋਬਿੰਦ ਸਿੰਘ ਜੀ ਦਾ ਸਿਰ ਹੈ, ਉਹ ਹਿੰਦੂ, ਸਿੱਖ, ਮੁਸਲਮਾਨ ਤੇ ਮਜ਼ਲੂਮਾਂ ਦਾ ਕਾਤਲ ਨਹੀਂ ਹੁੰਦਾ, ਰਿਸ਼ਵਤਖੋਰ ਨਹੀਂ ਹੈ, ਅਸੂਲ ਤੇ ਚਲਦਾ ਹੈ, ਉਹੀ ਅਸਲ ਸਿੱਖ ਹੈ, ਉਹੀ ਖਾਲਸਾ ਦਿੱਲੀ ਤੇ ਰਾਜ ਕਰਨਾ ਚਾਹੁੰਦਾ ਹੈ। ਅੱਗੇ ਤੋਂ ਤੁਸੀਂ ਦੇਖਣਾ, ਜੋ ਦਿੱਲੀ ਦੇ ਤਖਤ ਦੇ ਲਾਇਕ ਹੋਵੇਗਾ, ਉਹੀ ਉਥੇ ਬੈਠੇਗਾ।

ਪ੍ਰੋਫੈਸਰ ਦਰਬਾਰੀ ਲਾਲ : ** ** **

ਰਾਜਾ ਨਰਿੰਦਰ ਸਿੰਘ : ** ** **

**Expunged as ordered by the Chair.

[ਰਾਜਾ ਨਰਿੰਦਰ ਸਿੰਘ]

ਤੁਹਾਡੀ ਮੇਰੀ ਲੜਾਈ ਤੇ ਨਾ ਹੋਈ ਹੈ ਤੇ ਨਾ ਹੋਣੀ ਹੈ। ਤੁਸੀਂ ਦਾਦ ਦਿਓ ਪੰਜਾਬ ਦੇ ਵਿੱਚ ਪਿੰਡ ਵਿੱਚ ਬੈਠਣ ਵਾਲੇ ਸਿੱਖਾਂ ਨੂੰ ਜਿਥੇ ਇਕੱਲਾ ਬਾਣੀਆਂ ਹੈ ਅਤੇ 99 ਘਰ ਸਿੱਖਾਂ ਦੇ ਹੁੰਦੇ ਹਨ। ਉਥੇ ਜਾ ਕੇ ਮੇਰੇ ਕਾਂਗਰਸ ਦੇ ਭਰਾ ਪੁੱਛਣ ਕਿ ਉਸ ਨਾਲ ਕਦੇ ਕਿਸੇ ਨੇ ਉਚੀ ਗੱਲ ਕੀਤੀ ਹੈ, ਕਦੇ ਓਏ ਵੀ ਕਹੀ ਹੈ। ਮੈਂ ਤੁਹਾਨੂੰ ਆਪਣੇ ਹਲਕੇ ਦੇ ਪਿੰਡਾਂ ਵਿੱਚ ਲੈ ਕੇ ਚਲਦਾ ਹਾਂ। ਅਸੀਂ ਉਨ੍ਹਾਂ ਦੇ ਹਰ ਦੁਖ ਤਕਲੀਫ ਨੂੰ ਆਪਣਾ ਸਮਝਦੇ ਹਾਂ। (ਘੰਟੀ)

ਸ੍ਰੀ ਸਪੀਕਰ : ਤੁਸੀਂ ਖ਼ਤਮ ਕਰੋ ਜੀ।

ਰਾਜਾ ਨਰਿੰਦਰ ਸਿੰਘ : ਮੈਂ 2 ਮਿੰਟ ਹੋਰ ਲਵਾਂਗਾ ਜੀ। ਏਥੇ ਮੇਰੇ ਦੋਸਤ ਨੇ 20 ਮਿੰਟ ਲੈ ਲਏ ਹਨ। ਇਨਟੈਨਸ਼ਨ ਦਿੱਲੀ ਦੇ ਤਾਜ਼ਦਾਰ ਦੀ ਕੀ ਸੀ ? ਉਨ੍ਹਾਂ ਦੇ ਮਨ ਦੀ ਦਿਸ਼ਾ ਉਹ ਸੀ ਜਿਹੜੀ ਕਿਰਪਾਲ ਸਿੰਘ ਨੇ ਇਕ ਦਰਖਤ ਵਾਲੀ ਗੱਲ ਕਹੀ ਹੈ ਅਤੇ ਦੂਜੇ ਇੰਟਰਨੈਸ਼ਨਲ ਵਰਲਡ ਵਿੱਚ ਸਾਡੇ ਪ੍ਰਾਈਮ ਮਨਿਸਟਰ ਜਾਂਦੇ ਸਨ। ਉਥੇ ਗੁਰੂ ਨਾਨਕ ਦਾ ਨਾਮ ਲੈਣ ਵਾਲੇ ਜਿਹੜੇ ਬੈਠੇ ਹਨ, ਉਹ ਡਿਮੋਂਸਟਰੇਸ਼ਨਜ਼ ਕਰਦੇ ਸਨ। ਉਨ੍ਹਾਂ ਨੂੰ ਰੋਕਣ ਵਾਸਤੇ ਅਕਲਮੰਦੀ ਦਾ ਰਸਤਾ ਕੱਢਣਾ ਸੀ। ਉਸ ਵਕਤ ਦਰਬਾਰ ਸਾਹਿਬ ਵਿੱਚ ਕੋਈ ਅਤਿਵਾਦੀ ਨਹੀਂ ਸੀ, ਹਥਿਆਰ ਨਹੀਂ ਸਨ। ਮੈਂ ਕਿਸੇ ਅਫਸਰ ਦਾ ਨਾਂ ਨਹੀਂ ਲੈਂਦਾ, ਸੀ.ਐਮ. ਸਾਹਿਬ ਏਅਰਪੋਰਟ ਤੇ ਪਹੁੰਚੇ ਸਨ, ਪੰਜਾਬ ਦਾ ਡੀ.ਜੀ., ਉੱਚੇ ਉੱਚੇ ਅਧਿਕਾਰੀ ਸਾਰੇ ਸਨ, ਮੈਂ ਕਿਸੇ ਦਾ ਨਾਂ ਨਹੀਂ ਲੈਂਦਾ, ਸਾਰਿਆਂ ਨੇ ਉਨ੍ਹਾਂ ਨੂੰ ਕਹਿ ਦਿੱਤਾ ਸੀ, ਰਿਬੈਰੋ ਦੇ ਵਿਰੁੱਧ ਅਸੀਂ ਹਾਂ ਕਿ ਉਹ ਬੱਚੇ ਮਰਵਾ ਰਿਹਾ ਹੈ, ਲੇਕਿਨ ਉਸਦੀ ਰਾਏ ਵੀ ਇਹੀ ਸੀ ਕਿ ਅੰਦਰ ਨਾ ਹਥਿਆਰ ਹੈ, ਨਾ ਅਤਿਵਾਦੀ ਤੇ ਨਾ ਹੀ ਕੋਈ ਪੰਜ ਮੈਂਬਰੀ ਕਮੇਟੀ ਹੈ। ਫੇਰ ਸੀ.ਐਮ. ਸਾਹਿਬ ਨੂੰ ਵਾੜਿਆ ਕਿਸਨੇ ? ਅਰਜਨ ਸਿੰਘ ਨੇ ਵਾੜਿਆ ਅਤੇ ਕਿਹਾ "ਆਪ ਦਿੱਲੀ ਮੇਂ ਕਿਆ ਵਾਇਦਾ ਕਰਕੇ ਆਏ ਹੋ ?" (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਮਤਲਬ ਇਹ ਹੈ ਕਿ ਇਹ ਪੁਲਿਸ ਅੰਦਰ ਭੇਜਣ ਅਤੇ ਦਲ ਦੇ ਦੋ ਧੜੇ ਹੋ ਜਾਣਗੇ ਕਿਉਂਕਿ ** ** ਇਹ ਮੈਂ ਡੋਡ ਸਾਹਿਬ ਦੇ ਕਹੇ ਹੋਏ ਸ਼ਬਦ ਡਿਬੇਟ ਵਿਚੋਂ ਪੜ੍ਹ ਦੇਂਦਾ ਹਾਂ......

ਸ੍ਰੀ ਸਪੀਕਰ : ਤੁਸੀਂ ਬਹੁਤ ਸਮਾਂ ਲੈ ਚੁਕੇ ਹੋ। ਹੁਣ ਬੈਠ ਜਾਓ।

ਰਾਜਾ ਨਰਿੰਦਰ ਸਿੰਘ : ਡੋਡ ਸਾਹਿਬ ਨੇ ਆਪਣੀ ਸਪੀਚ ਵਿੱਚ ਕਿਹਾ ਹੋਇਆ ਹੈ ਬਜਟ ਸੈਸ਼ਨ ਦੇ ਦੌਰਾਨ ਕਿ ਦਰਬਾਰ ਸਾਹਿਬ ਵਿੱਚ ਪੁਲਿਸ ਵੜਨ ਨੂੰ ਕੰਡੈਮ ਕੀਤਾ ਜਾਵੇਗਾ ਅਤੇ ਉਨ੍ਹਾਂ ਨੇ ਕੰਡੈਮ ਕੀਤਾ। (ਸ਼ੇਮ ਸ਼ੇਮ ਦੀਆਂ ਆਵਾਜ਼ਾ) ਸੀ.ਐਮ. ਸਾਹਿਬ ਨੇ ਆਪਣੇ ਭਾਸ਼ਨ ਵਿੱਚ ਕੰਡੈਮ ਕੀਤਾ, ਆਨੰਦਪੁਰ ਸਾਹਿਬ ਵਿੱਚ ਜਿਥੇ ਸਰਬਤ ਖਾਲਸਾ ਹੋਇਆ ਉਥੇ ਕੰਡੈਮ ਕੀਤਾ। ਪੰਡਿਤ ਜੀ ਜ਼ਿਕਰ ਕਰਦੇ ਸਨ ਕਿ ਦਰਬਾਰ ਸਾਹਿਬ ਵਿੱਚ ਪੁਲਿਸ ਗਈ ਤਾਂ ਦੋ ਧੜੇ ਹੋ ਜਾਣਗੇ। ਫਿਰ ਕੋਈ ਇਹ ਗੱਲਾਂ ਕਰਨ ਦੇ ਬਾਵਜੂਦ ਗੁਰਦਵਾਰਿਆਂ ਅੰਦਰ ਪੁਲਿਸ ਭੇਜ ਦੇਵੇ ਤਾਂ ਕੀ ਅਸੀਂ ਗਲਤ ਗੱਲ ਨਹੀਂ ਕਹਾਂਗੇ ?

ਸ੍ਰੀ ਸਪੀਕਰ : ਹੁਣ ਤੁਸੀਂ ਬੈਠੋ।

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਇਕੋ ਗੱਲ ਕਹਿ ਕੇ ਖਤਮ ਕਰ ਦੇਵਾਂਗਾ। ਇਕੋ ਗੱਲ ਇਹ ਹੈ ਕਿ ਕਿਸੇ ਥੋੜ੍ਹੇ ਜਿਹੇ ਦੌਲਤ ਵਾਲੇ ਪਿੰਡ ਵਿਚ ਇਕ ਬੰਦਾ ਮਕਾਨ ਪਾ ਕੇ ਚੰਗਾ ਗੁਜ਼ਰਾਨ ਕਰਦਾ ਸੀ, ਬੜਾ ਖੁਸ਼ਹਾਲ ਸੀ ਅਤੇ ਚੰਗੀ ਕੁ ਪੂੰਜੀ ਵੀ ਸੀ। ਇਕ ਦਿਨ ਉਸਦੇ ਘਰ ਚੋਰੀ ਹੋ ਗਈ। ਪੁਲਿਸ ਵਾਲੇ ਰਪਟ ਲਿਖਣ ਆ ਗਏ ਤਾਂ ਉਸ ਨੇ ਕਿਹਾ ਕਿ ਕੀ ਕਰਦਾ, ਚੋਰ ਤੇ ਕੁੱਤੀ ਦੋਵੇਂ ਰਲ ਗਏ।

**Expunged as odered by the Chair.

PERSONAL EXPLANATION BY PANDIT MOHAN LAL

ਪੰਡਿਤ ਮੋਹਨ ਲਾਲ : ਆਨ ਏ ਪਰਸਨਲ ਐਕਸਪਲੇਨੇਸ਼ਨ, ਸਪੀਕਰ ਸਾਹਿਬ ।

ਸ੍ਰੀ ਸਪੀਕਰ : ਹਾਊਸ ਨੇ 4 ਵਜੇ ਤੱਕ ਚਲਣਾ ਹੈ। ਸਾਢੇ ਤਿੰਨ ਵਜੇ ਤੋਂ ਚਾਰ ਵਜੇ ਤੱਕ ਚੀਫ ਮਨਿਸਟਰ ਸਾਹਿਬ ਨੇ ਜਵਾਬ ਦੇਣਾ ਹੈ। ਲੀਡਰ ਆਫ ਦੀ ਅਪੋਜ਼ੀਸ਼ਨ ਨੇ ਵੀ ਸਮਾਂ ਲਣਾ ਹੈ।

ਕੁਝ ਅਵਾਜ਼ਾਂ : ਹਾਊਸ ਦਾ ਸਮਾਂ ਵਧਾ ਲਓ।

ਸ੍ਰੀ ਸਪੀਕਰ : ਜੇ ਹਾਊਸ ਦੀ ਇੱਛਾ ਹੋਵੇਗੀ, ਤਾਂ ਵਧਾ ਲਵਾਂਗੇ । ਪੰਡਿਤ ਮੋਹਨ ਲਾਲ ਜੀ।

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਰਾਜਾ ਜੀ ਨੇ ਮੇਰੀ ਗੌਰਵ ਸ਼ਾਨੀ ਕੀਤੀ ਮੇਰੇ ਮੁਤੱਲਕ ਕਿ ਮੈਂ ਲਛਮਣ ਸਿੰਘ ਗਿੱਲ ਜੀ ਦੇ ਨਾਲ ਜਦੋਂ ਉਨ੍ਹਾਂ ਨੂੰ ਅਸੀਂ ਚੀਫ ਮਨਿਸਟਰ ਬਣਾਇਆ, ਕੋਈ ਸੌਂ ਖਾਧੀ ਸੀ, ਉਥੇ ਸੀ। ਪਰ ਮੈਂ ਇਸ ਤੋਂ ਜ਼ਿਆਦਾ ਕੋਈ ਲਫਜ਼ ਨਹੀਂ ਕਹਿਣਾ ਚਾਹੁੰਦਾ ਕਿ ਇਨ੍ਹਾਂ ਦੀ ਯਾਦਦਾਸ਼ਤ ਬਿਲਕੁਲ ਫੇਲ੍ਹ ਹੋ ਗਈ ਹੈ ਕਿਉਂਕਿ ਮੈਂ ਨਾ ਉਸ ਵੇਲੇ ਕਹੀਂ ਮੌਜੂਦ ਸੀ ਜਦੋਂ ਉਨ੍ਹਾਂ ਨਾਲ ਇਹ ਗੱਲ ਹੋਈ ਹੈ ਅਤੇ ਨਾ ਹੀ ਕਿਸੇ ਹੋਰ ਮੌਕੇ ਤੇ ਗੱਲ ਹੋਈ ਹੈ। ਇਹ ਆਪਣੀ ਯਾਦਦਾਸ਼ਤ ਨੂੰ ਜ਼ਰਾ ਠੀਕ ਕਰ ਲੈਣ।

MOTION UNDER RULE 77—DISCUSSION ON LAW AND ORDER SITUATION (*Resumption*)

ਸਹਿਕਾਰਤਾ ਮੰਤਰੀ (ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ) : ਹਾਊਸ ਵਿਚ ਅੱਜ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਤੇ ਬਹਿਸ ਹੋ ਰਹੀ ਹੈ। ਮੈਂ ਸਮਝਦਾ ਹਾਂ ਕਿ ਕਿਸੇ ਸੂਬੇ ਲਈ, ਕਿਸੇ ਸੂਬੇ ਦੀ ਸਰਕਾਰ ਲਈ ਲਾਅ ਐਂਡ ਆਰਡਰ ਦਾ ਮਸਲਾ ਜਿਹੜਾ ਹੈ ਉਹ ਬਹੁਤ ਅਹਿਮ ਅਤੇ ਵੱਡਾ ਮਸਲਾ ਹੁੰਦਾ ਹੈ। ਮੈਂ ਸਮਝਦਾ ਹਾਂ ਕਿ ਇਸ ਮਸਲੇ ਨੂੰ ਅੱਜ ਦੀ ਸਥਿੱਤੀ ਅਨੁਸਾਰ ਬਹਿਸ ਕਰਨ ਲੱਗਿਆਂ ਦੋ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਸੀ। ਪਹਿਲੀ ਗੱਲ ਇਹ ਕਿ ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਪੰਜਾਬ ਦੀ ਧਰਤੀ ਤੇ ਬਣੀ ਉਸ ਤੋਂ ਪਹਿਲਾਂ ਪੰਜਾਬ ਦੇ ਕਿਹੋ ਜਿਹੇ ਹਾਲਾਤ ਸਨ। ਦੂਜੇ ਇਹ ਕਿ ਹਿੰਦੁਸਤਾਨ ਭਰ ਵਿਚ ਦੂਜਿਆਂ ਸੂਬਿਆਂ ਵਿਚ ਕੀ ਹਾਲਾਤ ਹਨ। ਮੈਂ ਸਮਝਦਾ ਹਾਂ ਕਿ ਪੰਜਾਬ ਦੀ ਧਰਤੀ ਤੇ ਪੰਜਾਬ ਦੇ ਲੋਕਾਂ ਨੇ ਜਦੋਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ, ਇਸ ਤੋਂ ਪਹਿਲਾਂ ਪੰਜਾਬ ਅੱਗ ਦੀਆਂ ਲਪੇਟਾਂ ਵਿਚ ਸੀ ਜਿਨ੍ਹਾਂ ਵਿਚੋਂ ਪੰਜਾਬ ਦੇ ਲੋਕਾਂ ਨੂੰ ਲੰਘਣਾ ਪੈ ਰਿਹਾ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਪੰਜਾਬ ਦਾ ਸਮਝੌਤਾ ਕਰਾਕੇ ਔਰ ਆਪਣੀ ਸ਼ਹਾਦਤ ਦੇਕੇ ਪੰਜਾਬ ਵਿਚ ਸ਼ਾਂਤੀ ਅਮਨ ਕਾਇਮ ਕਰਨ ਦੀ ਕੋਸ਼ਿਸ਼ ਕੀਤੀ।ਸਰਕਾਰ ਨੇ ਉਨ੍ਹਾਂ ਭਾਵਨਾਵਾਂ ਨਾਲ ਔਰ ਇਥੇ ਸ਼ਾਂਤੀ ਕਰਨ ਲਈ ਪੰਜਾਬ ਦੇ ਵਾਤਾਵਰਣ ਨੂੰ ਚੰਗਾ ਬਣਾਉਣ ਦੀ ਕੋਸ਼ਿਸ਼ ਕੀਤੀ। ਹਿੰਦੁਸਤਾਨ ਦੇ ਦੂਜਿਆਂ ਸੂਬਿਆਂ ਦੀ ਗੱਲ ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਅਤੇ ਬਾਕੀ ਸੂਬਿਆਂ ਵਿਚ ਫਰਕ ਇਤਨਾ ਹੈ ਕਿ ਇਥੇ ਫਾਇਰ ਆਰਮਜ਼ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਜਦ ਕਿ ਦੂਜਿਆਂ ਸੂਬਿਆਂ ਵਿਚ ਚਾਕੂਆਂ ਦੀ ਵਰਤੋਂ ਔਰ ਦੀਆ ਸਲਾਈ ਨਾਲ ਗਰੀਬਾਂ ਦੀਆਂ ਝੁਗੀਆਂ ਆਦਿ ਜਲਾਉਣ ਦੀਆਂ ਗਲਾਂ ਕੀਤੀਆਂ ਜਾਂਦੀਆਂ ਹਨ। ਐਸੇ ਹਾਲਾਤ ਹਿੰਦੁਸਤਾਨ ਦੇ ਸੂਬਿਆਂ ਵਿਚ ਬਣੇ ਹੋਏ ਹਨ ਜੋ ਕਿ ਚਿੰਤਾ-ਜਨਕ ਔਰ ਇਨ੍ਹਾਂ ਨੂੰ ਸੁਧਾਰਨ ਦਾ ਯਤਨ ਕਰਨਾ ਚਾਹੀਦਾ ਹੈ। ਕਾਂਗਰਸੀ ਭਰਾਵਾਂ ਨੇ ਕਾਂਗਰਸ ਸਰਕਾਰ ਦੀ ਵਕਾਲਤ ਕੀਤੀ, ਉਨ੍ਹਾਂ ਦੀਆਂ ਗੱਲਾਂ ਤੋਂ ਇਹ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਪੰਜਾਬ ਦੇ ਕਿਸੇ ਗੀਤ-ਕਾਰ ਨੇ ਲਿਖਿਆ ਹੋਵੇ :—

"ਆਪਣੇ ਦਿਨ ਭੁਲਕੇ ਸੱਸਾਂ ਨੂੰਹਾਂ ਕਰਨ ਤਾਂਗੜੀਆਂ"

[ਸਹਿਕਾਰਤਾ ਮੰਤਰੀ]

ਕਾਂਗਰਸ ਵੇਲੇ ਬਹੁਤ ਕਿਸਮ ਦੀਆਂ ਗੱਲਾਂ ਦੇਖੀਆਂ ਪਰ ਮੈਂ ਸਿਰਫ ਉਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਜਦੋਂ ਕਾਂਗਰਸ ਸਰਕਾਰ ਵੇਲੇ ਪੰਜਾਬ ਦੀ ਧਰਤੀ ਤੇ ਵਾਪਰਿਆ। ਕਿਵੇਂ ਬੜਵੇਵੇਂ ਮੰਡੀ ਵਿਚ ਨਿਰਦੋਸ਼ਾਂ ਦਾ ਖੂਨ ਡੋਲ੍ਹਿਆ ਗਿਆ, ਬਲਿਊਸਟਾਰ ਓਪਰੇਸ਼ਨ ਵੇਲੇ ਹਜ਼ਾਰਾਂ ਗਭਰੂਆਂ, ਬੀਬੀ-ਆਂ ਨੂੰ ਸ਼ਹੀਦ ਕੀਤਾ ਗਿਆ। ਇਕ ਦਿਨ ਅਜਿਹਾ ਹਾਦਸਾ ਹੋਇਆ ਜਿਸ ਕਰਕੇ ਕੇਂਦਰ ਦੀ ਸਰਕਾਰ ਨੂੰ ਉਸ ਕਾਂਗਰਸ ਸਰਕਾਰ ਨੂੰ ਤੋੜਨਾ ਪਿਆ। ਹੁਣ ਮੈਂ ਦੂਜੇ ਰਾਜ ਦੀ ਗੱਲ ਕਰਨਾ ਚਾਹਾਂਗਾ। ਪੰਜਾਬ ਦੀ ਧਰਤੀ ਤੇ ਖਾਸ ਤੌਰ ਤੇ ਪੈਪਸੂ ਦੇ ਲੋਕਾਂ ਨੂੰ, ਪਟਿਆਲਾ ਰਿਆਸਤ ਦੇ ਲੋਕਾਂ ਨੂੰ ਉਹ ਬਦਕਿਸਮਤੀ ਵਾਲੇ ਦਿਨ ਵੇਖਣੇ ਪਏ, ਉਨ੍ਹਾਂ ਦੀ ਵਕਾਲਤ ਕੈਪਟਨ ਅਮਰਿੰਦਰ ਸਿੰਘ ਨੇ ਕੀਤੀ ਹੈ। ਅੱਜ ਵੀ ਇਨ੍ਹਾਂ ਨੇ ਆਪਣੇ ਨਾਂ ਅੱਗੇ ਮਹਾਰਾਜਾ ਲਿਖ ਕੇ ਉਸੇ ਤਰ੍ਹਾਂ ਦੇ ਹਾਲਾਤ ਪੈਦਾ ਕਰਨੇ ਚਾਹੇ ਹਨ। ਉਸ ਰਾਜ ਵਿਚ ਧੀਆਂ, ਭੈਣਾਂ ਦੀ ਇਜ਼ਤ ਮਹਿਫੂਜ਼ ਨਹੀਂ ਸੀ। ਉਸ ਵੇਲੇ ਧੀਆਂ ਦੀ ਇਜ਼ਤ ਲੁਟੀ ਜਾਂਦੀ ਸੀ (ਸ਼ੇਮ, ਸ਼ੇਮ) ਮੈਂ ਇਥੇ ਯਾਦ ਦਿਲਾਉਣਾ ਚਾਹੁੰਦਾ ਹਾਂ ਕਿ ਉਸ ਵੇਲੇ ਲੋਕਾਂ ਦੇ ਘਰ ਢਾਹੇ ਜਾਂਦੇ ਸਨ ਔਰ ਲੋਕਾਂ ਨੂੰ ਗੁਲਾਮ ਬਣਾਇਆ ਜਾਂਦਾ ਸੀ (ਵਿਘਨ) (ਸ਼ੋਰ) ਉਸ ਰਾਜ ਦਾ ਪ੍ਰਬੰਧ ਕੈਪਟਨ ਅਮਰਿੰਦਰ ਸਿੰਘ ਦੇ ਖਾਨਦਾਨ ਨਾਲ ਸਬੰਧ ਰਖਦਾ ਹੈ। ਮੈਂ ਫਿਰ ਕਹਿ ਰਿਹਾ ਹਾਂ ਕਿ ਉਸ ਰਾਜ ਦੀ ਯਾਦ ਤਾਜ਼ਾ ਕਰਾਉਣ ਲਈ ਅੱਜ ਵੀ ਮਹਾਰਾਜਾ ਦਾ ਨਾਂ ਇਨ੍ਹਾਂ ਲਈ ਲਿਖਿਆ ਜਾਂਦਾ ਹੈ। ਉਸ ਰਾਜ ਵਿਚ ਲੋਕਾਂ ਦੇ ਘਰ ਢਾਹੇ ਗਏ ਔਰ ਲੋਕਾਂ ਨੂੰ ਗੁਲਾਮ ਬਣਾਇਆ ਗਿਆ। ਲੋਕਾਂ ਦੀ ਸੋਨੇ ਵਰਗੀ ਕਣਕ ਘੋੜਿਆਂ ਦੇ ਪੈਰਾਂ ਥਲੇ ਲਿਤਾੜੀ ਗਈ। ਬੜੀ ਅਫਸੋਸ ਨਾਕ ਗੱਲ ਹੈ ਕਿ ਉਹ ਦਿਨ ਡਕਾਲਾ ਮੇਰੇ ਹਲਕੇ ਦੇ ਲੋਕਾਂ ਨੂੰ ਦੇਖਣੇ ਪਏ। ਉਸ ਖਾਨਦਾਨ ਨੇ ਗੁਰਦਵਾਰਿਆਂ ਤੇ ਪਾਬੰਦੀ ਲਗਾ ਦਿੱਤੀ ਸੀ। (ਸ਼ੇਮ, ਸ਼ੇਮ) ਬਹੁਤ ਸ਼ਰਮ ਆਉਂਦੀ ਹੈ। ਇਸ ਗੱਲ ਦਾ ਅਫਸੋਸ ਹੈ ਕਿ ਅੱਜ ਫਿਰ ਇਹ ਲੋਕ ਇਹੋ ਜਿਹੀਆਂ ਗੱਲਾਂ ਕਰਦੇ ਹਨ। ਦੂਜੀ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਲਾਅ ਐਂਡ ਆਰਡਰ ਦੀ ਪ੍ਰਾਬਲਮ ਨੂੰ ਹਲ ਕਰਨ ਵਾਸਤੇ ਕਾਂਗਰਸ ਵਾਲਿਆਂ ਨੇ, ਭਾਜਪਾ ਵਾਲਿਆਂ ਨੇ ਔਰ ਇਹ ਸਾਡੇ ਦੋਸਤਾਂ ਨੇ ਸਾਂਝੇ ਰਲਕੇ ਐਸੀਆਂ ਗੱਲਾਂ ਕੀਤੀਆਂ ਹਨ। ਇਸ ਤੋਂ ਪਹਿਲਾਂ ਵੀ ਇਹ ਕਰਦੇ ਰਹੇ ਹਨ। ਗਵਰਨਰੀ ਰਾਜ ਦੀਆਂ ਗੱਲਾਂ ਕਰਦੇ ਹਨ। ਸਰਹੱਦੀ ਪੱਟੀ ਦੀਆਂ ਗਲਾਂ ਕਰਦੇ ਹਨ, ਫੌਜ ਬੁਲਾਉਣ ਦੀਆਂ ਗੱਲਾਂ ਕਰਦੇ ਹਨ। ਇਹ ਸੌਂਕਣਾਂ ਵਾਂਗੂ ਤਾਹਨੇ ਦੇਣ ਵਾਲੀਆਂ ਗੱਲਾਂ ਕਰਦੇ ਹਨ :—

"ਲਗਦੀ ਕਿਸੇ ਨਾ ਦੇਖੀ,
ਟੁਟਦੀ ਨੂੰ ਜੱਗ ਜਾਣਦਾ।"

ਸੌਂਕਣਾਂ ਵਾਂਗੂ ਲੜਾਈ ਕਰਕੇ ਇੱਕ ਦੂਜਿਆਂ ਨੂੰ ਦੋਸ਼ੀ ਠਹਿਰਾਈ ਜਾਂਦੇ ਹਨ ਅਤੇ ਇਹ ਸਾਬਤ ਕਰ ਦਿੱਤਾ ਹੈ ਕਿ ਇਹ ਪੰਜਾਬ ਦੇ ਮਸਲੇ ਨੂੰ ਹਲ ਕਰਨ ਵਿਚ ਸਹਾਇਕ ਸਿੱਧ ਨਹੀਂ ਹੋ ਰਹੇ। ਇਹ ਮਸਲੇ ਨੂੰ ਗੁੰਝਲਦਾਰ ਬਣਾ ਰਹੇ ਹਨ ਅਤੇ ਉਲਝਾ ਰਹੇ ਹਨ। ਇਨ੍ਹਾਂ ਭਰਾਵਾਂ ਨੂੰ ਸੋਚਣਾ ਚਾਹੀਦਾ ਹੈ ਅਤੇ ਸਮਝਣਾ ਚਾਹੀਦਾ ਹੈ। ਦੂਜੀ ਗੱਲ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਝੂਠੇ ਪੁਲਿਸ ਮੁਕਾਬਲੇ ਦਿਖਾਏ ਜਾ ਰਹੇ ਹਨ। ਮੈਂ ਇਸ ਦਾ ਵਿਰੋਧੀ ਹਾਂ ਅਤੇ ਚਾਹੁੰਦਾ ਹਾਂ ਕਿ ਨਿਰਦੋਸ਼ਾਂ ਦਾ ਖੂਨ ਨਹੀਂ ਡੋਲ੍ਹਣਾ ਚਾਹੀਦਾ। ਕਿਸੇ ਨਾਲ ਧੱਕਾ ਨਹੀਂ ਹੋਣਾ ਚਾਹੀਦਾ, ਅਨਿਆਏਂ ਨਹੀਂ ਹੋਣਾ ਚਾਹੀਦਾ ਔਰ ਕਾਨੂੰਨੀ ਕਾਰਵਾਈ ਨਾਲ ਸਜ਼ਾ ਮਿਲਣੀ ਚਾਹੀਦੀ ਹੈ। ਸ਼ਾਹਕੋਟ, ਜਾਲੰਧਰ ਔਰ ਅੰਮ੍ਰਿਤਸਰ ਵਿਖੇ ਪੁਲਿਸ ਦੀ ਕਾਰਵਾਈ ਬਾਰੇ ਕਿਹਾ ਗਿਆ ਹੈ। ਮੈਂ ਕਹਿੰਦਾ ਹਾਂ ਕਿ ਕੈਪਟਨ ਸਾਹਿਬ ਬਾਰੇ ਇੱਕ ਪੰਜਾਬੀ ਦਾ ਗੀਤ ਹੈ :—

"ਛੱਜ ਤਾਂ ਬੋਲੇ ਛਾਨਣੀ ਕੀ ਬੋਲੇ"

ਉਹ ਕਿਵੇਂ ਕਹਿ ਸਕਦੇ ਹਨ ਕਿ ਝੂਠੇ ਮੁਕੱਦਮੇ ਬਣਾਏ ਗਏ। ਪਟਿਆਲਾ ਵਿਖੇ ਮਾਲ ਰੋਡ ਤੇ ਫੁਆਰਾ ਤੇ ਸੇਵਾ ਸਿੰਘ ਠੀਕਰੀਵਾਲਾ ਦਾ ਬੁੱਤ ਲੱਗਾ ਹੋਇਆ ਹੈ ਜੋ ਕਿ ਪਟਿਆਲਾ ਦੇ ਰਾਜ ਮਹਿਲ ਤੇ ਇੱਕ ਧੱਬਾ ਹੈ। ਪੰਜਾਬ ਦੇ ਇਨਸਾਫ ਪਸੰਦ ਬੰਦੇ, ਪੰਜਾਬ ਦੀ ਆਜ਼ਾਦੀ ਲਈ ਲੜਨ ਵਾਲੇ ਬੰਦੇ ਔਰ ਹਿੰਦੁਸਤਾਨ ਦੀ ਆਜ਼ਾਦੀ ਲਈ ਲੜਨ ਵਾਲੇ ਬੰਦੇ ਸ਼ਹੀਦ ਠੀਕਰੀਵਾਲਾ ਦੇ ਬੁੱਤ ਕੋਲੋਂ ਦੀ ਜਦੋਂ ਲੰਘਦੇ ਹਾਂ ਤਾਂ ਖੂਨ ਖੋਲ ਜਾਂਦਾ ਹੈ। ਪਟਿਆਲੇ ਦੇ ਜਾਗੀਰਦਾਰ, ਰਾਜਵਾੜਾ-ਸ਼ਾਹੀ ਨੂੰ ਅੱਜ ਅਜਿਹੀਆਂ ਗੱਲਾਂ ਕਰਨ ਦਾ ਕੋਈ ਹੱਕ ਨਹੀਂ ਜਿਨ੍ਹਾਂ ਨੇ ਪਹਿਲਾਂ ਐਨੀਆਂ ਜ਼ਿਆਦ-ਤੀਆਂ ਕੀਤੀਆਂ ਹੋਣ। ਅਗਰ ਕੋਈ ਐਸਾ ਮਸਲਾ ਹੋਵੇ ਤਾਂ ਘਰ ਵਿਚ ਬੈਠ ਕੇ ਗਲ ਕਰਨੀ ਚਾਹੀਦੀ ਹੈ। ਮੈਂ ਇੱਕ ਗਲ ਨਾਲ ਕੈਪਟਨ ਸਾਹਿਬ ਨਾਲ ਸਹਿਮਤ ਹਾਂ ਕਿ ਕਾਂਗਰਸ ਦੀ ਡਿਵਾ-ਈਡ ਐਂਡ ਰੂਲ ਦੀ ਪਾਲੀਸੀ ਕਰਕੇ ਹੀ ਅੱਜ ਦਾ ਮਸਲਾ ਪੈਦਾ ਹੋਇਆ ਹੈ। ਮੈਂ ਇਸ ਕਰਕੇ ਸਹਿਮਤ ਹਾਂ ਕਿ "ਘਰ ਦਾ ਭੇਤੀ ਲੰਕਾ ਢਾਹੇ" ਜਿਹੜਾ ਏਜੰਟ ਹੁੰਦਾ ਹੈ ਉਸ ਨੂੰ ਸਾਰੀ ਗੱਲ ਦਾ ਪਤਾ ਹੁੰਦਾ ਹੈ। ਇਹ ਸੈਂਟਰ ਦੇ ਏਜੰਟ ਸਨ ਇਨ੍ਹਾਂ ਨੂੰ ਸਾਰਾ ਪਤਾ ਸੀ (ਥੰਪਿਗ) ਇਹ ਗਲ ਠੀਕ ਹੈ ਕਿ ਕਿਸੇ ਧਾਰਮਿਕ ਭਾਵਨਾਂ ਨੂੰ ਜਦੋਂ ਠੇਸ ਲਗੇ ਤਾਂ ਰੋਸ ਕਰਨਾ ਜ਼ਰੂਰੀ ਹੁੰਦਾ ਹੈ। ਕੈਪਟਨ ਅਮਰਿੰਦਰ ਸਿੰਘ ਵਰਗੇ ਬੰਦੇ ਕਹਿੰਦੇ ਹਨ ਕਿ ਅਸੀਂ ਸੈਂਟਰ ਵਿਚ ਮਿਲ ਕੇ ਨਹੀਂ ਆਏ। ਭਾਰਤ ਸਰਕਾਰ ਦਾ ਸਾਬਕਾ ਮੰਤਰੀ ਸ੍ਰੀ ਅਰੁਨ ਨਹਿਰੂ ਨੂੰ ਕੌਣ ਮਿਲਿਆ ਸੀ ਉਨ੍ਹਾਂ ਪ੍ਰਧਾਨ ਮੰਤਰੀ ਜੀ ਨੂੰ ਕਹਿ ਦਿੱਤਾ ਕਿ ਤੁਸੀਂ ਸਿੱਖਾਂ ਨੂੰ ਜਿਨਾਂ ਕੁਟੋਗੇ ਉਨ੍ਹਾਂ ਅੱਛਾ ਹੈ, ਗਭਰੂਆਂ ਨੂੰ ਗੋਲੀ ਦਾ ਨਿਸ਼ਾਨਾ ਬਣਾਉਣਾ ਚਾਹੀਦਾ ਹੈ ਅਤੇ ਗੁਰਦਵਾਰਿਆਂ ਤੇ ਪੈਟਨ ਟੈਂਕ ਚਲਾਏ ਜਾਣ, ਧੀਆਂ ਭੈਣਾਂ ਦੀ ਬੇਇਜ਼ਤੀ ਕੀਤੀ ਜਾਏ, ਸਿੱਖਾਂ ਦੀਆਂ ਦਾੜ੍ਹੀਆਂ ਕੱਟੀਆਂ ਜਾਣ (ਵਿਘਨ)।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਦੀ ਆਪਸ ਦੀ ਲੜਾਈ ਹੈ ਪਰ ਕਾਂਗਰਸ ਦੇ ਉਤੇ ਇਹ ਐਵੇਂ ਹੀ ਕਈ ਕਿਸਮ ਦੇ ਦੋਸ਼ ਲਗਾਉਂਦੇ ਹਨ। ਸਾਰੀਆਂ ਧੀਆਂ ਭੈਣਾਂ ਦੀ ਇਜ਼ਤ ਨੂੰ ਲੁੱਟਣ ਵਾਸਤੇ ਉਦੋਂ ਇਹ ਉਥੇ ਅਰੁਨ ਨਹਿਰੂ ਕੋਲ ਬੈਠੇ ਸਨ ਜਿਸ ਵੇਲੇ ਉਨ੍ਹਾਂ ਨੇ ਆਰਡਰ ਦਿੱਤਾ ਸੀ। ਕੀ ਇਹ ਉਦੋਂ ਉਥੇ ਬੈਠੇ ਸਨ ? ਇਹ ਸੋਚ ਸਮਝ ਕੇ ਗੱਲ ਕਰਨ। ਫਿਰ ਰਾਜਾ ਨਰਿੰਦਰ ਸਿੰਘ ਨੇ ** ** ਉਹ ਚੰਗੇ ਪੜ੍ਹੇ ਲਿਖੇ ਹਨ, ਉਨ੍ਹਾਂ ਨੂੰ ਅਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ** ** ਐਕਸਪੰਜ ਕਰਨੀ ਚਾਹੀਦੀ ਹੈ।

ਸ੍ਰੀ ਸਪੀਕਰ : ਇਹ ਲਫਜ਼ ਐਕਸਪੰਜ ਕੀਤੇ ਜਾਂਦੇ ਹਨ।

ਸਹਿਕਾਰਤਾ ਮੰਤਰੀ: ਇਹ ਪੰਜਾਬ ਦੇ ਹੀ ਨਹੀਂ ਸਗੋਂ ਹਿੰਦੁਸਤਾਨ ਦੇ ਲੋਕ ਕਹਿੰਦੇ ਹਨ ਕਿ ਪੰਜਾਬ ਸਮਝੌਤਾ ਕਰਨ ਲੱਗਿਆਂ ਇਨ੍ਹਾਂ ਨੇ ਕਿੰਨੇ ਅੜਿਕੇ ਡਾਹੇ। ਇਹ ਪੰਜਾਬ ਦੇ ਲੋਕਾਂ ਨੂੰ, ਸਿੱਖਾਂ ਨੂੰ ਮਲੀਆਮੇਟ ਕਰਨਾ ਚਾਹੁੰਦੇ ਸਨ। ਮੈਂ ਇਹ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਅੱਜ ਹਾਲਾਤ ਐਸੇ ਬਣ ਗਏ ਹੋਏ ਹਨ ਕਿ ਇਨ੍ਹਾਂ ਹਾਲਾਤ ਵਿਚ ਅਗਰ ਕਿਸੇ ਦੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ-ਦੀ ਹੈ ਤਾਂ ਉਸ ਦਾ ਰੋਸ ਕਰਨ ਦਾ ਹੱਕ ਹੈ। (ਵਿਘਨ) (ਸ਼ੋਰ)

ਕੈਪਟਨ ਅਮਰਿੰਦਰ ਸਿੰਘ : ਪੁਆਇੰਟ ਆਫ ਆਰਡਰ, ਸਰ।

Mr. Speaker: Captain Sahib is on a point of order.

**Expunged as ordered by the Chair

ਕੈਪਟਨ ਅਮਰਿੰਦਰ ਸਿੰਘ: ਸਪੀਕਰ ਸਾਹਿਬ, ਮੇਰੀ ਅਤੇ ਸ਼੍ਰੀ ਅਰੁਨ ਨਹਿਰੂ ਦੀ ਮੁਲਾਕਾਤ ਦੀ ਗੱਲ ਕੀਤੀ ਗਈ ਹੈ, ਇਸ ਲਈ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਇਹ ਗੱਲ ਠੀਕ ਹੈ ਕਿ ਮੁਲਾਕਾਤ ਹੋਈ। ਮੁਲਾਕਾਤ ਕਿਵੇਂ ਹੋਈ, ਉਹ ਮੈਂ ਦੱਸਣਾ ਚਾਹੁੰਦਾ ਹਾਂ। ਸਾਡੀ ਪਾਰਟੀ ਮੀਟਿੰਗ ਕਰ ਰਹੀ ਸੀ ** ** **

Chief Minister: On a Point of Order. This cannot form part of the record and it can not be discussed in the House. What has been said about the Governor's House can not be discussed here.

ਸ਼੍ਰੀ ਸਪੀਕਰ: ਗਵਰਨਰ ਦੇ ਬਾਰੇ ਜੋ ਕਿਹਾ ਗਿਆ ਹੈ, ਉਹ ਕੱਟ ਦਿਤਾ ਜਾਵੇ। ਅੱਗੇ ਰਾਸ਼ਟਰਪਤੀ ਦੇ ਬਾਰੇ ਕੁਝ ਕਿਹਾ ਗਿਆ ਸੀ ਉਹ ਵੀ ਡਿਲੀਟ ਕਰ ਦਿਤਾ ਜਾਵੇ।

ਸ਼੍ਰੀ ਰਾਮ ਪ੍ਰਕਾਸ਼ ਬਾਲੀ: ਜਿਹੜਾ ਪ੍ਰਧਾਨ ਮੰਤਰੀ ਦੇ ਬਾਰੇ ਕਿਹਾ ਗਿਆ ਸੀ ਉਹ ਵੀ ਕਟ ਦਿੱਤਾ ਜਾਵੇ।

ਕੈਪਟਨ ਅਮਰਿੰਦਰ ਸਿੰਘ: ** ** ** (ਵਿਘਨ) (ਸ਼ੋਰ)

Finance Minister: The Governor should not be discussed.

Chief Minister: On a Point of Order. The Governor should not be discussed. Whatever has been said about the Governor should be deleted.

ਸ਼੍ਰੀ ਸਪੀਕਰ: ਗਵਰਨਰ ਦੇ ਬਾਰੇ ਜਾਂ ਗਵਰਨਰ ਹਾਊਸ ਦੇ ਬਾਰੇ ਜੋ ਕੁਝ ਕਿਹਾ ਗਿਆ ਹੈ, ਉਹ ਪ੍ਰੋਸੀਡਿੰਗਜ਼ ਦਾ ਭਾਗ ਨਹੀਂ ਬਣੇਗਾ।

ਸ਼੍ਰੀ ਰਾਮ ਪ੍ਰਕਾਸ਼ ਬਾਲੀ: ** ** ਵਾਲੀ ਗੱਲ ਰਿਕਾਰਡ ਵਿਚੋਂ ਕੱਟੀ ਜਾਵੇ। (ਵਿਘਨ) (ਸ਼ੋਰ)

Mr. Speaker: I want to draw the attention of the Members to Rule 93 of the Rules of Procedure which says :—

"93. (2) A member while speaking shall not xx xx xx

(ii) use the name of persons in high authority for the purpose of influencing the debate."

ਕੈਪਟਨ ਅਮਰਿੰਦਰ ਸਿੰਘ: ਅਸੀਂ ਨਾਮ ਨਹੀਂ ਲੈਂਦੇ।

ਸ਼੍ਰੀ ਸਪੀਕਰ: ਗਵਰਨਰ ਦੇ ਬਾਰੇ ਜੋ ਕਿਹਾ ਗਿਆ ਹੈ, ਉਹ ਕੱਟ ਦਿੱਤਾ ਜਾਵੇ। ਰਾਸ਼ਟਰ-ਪਤੀ ਦੇ ਬਾਰੇ ਜਿਹੜੇ ਲਫਜ਼ ਕਹੇ ਗਏ ਸਨ, ਉਹ ਐਕਸਪੰਜ ਕੀਤੇ ਜਾਂਦੇ ਹਨ।

ਕੈਪਟਨ ਅਮਰਿੰਦਰ ਸਿੰਘ: ਮੇਰਾ ਨਾਮ ਲੈ ਕੇ ਦੋਸ਼ ਲਗਾਏ ਗਏ ਹਨ ਮੇਰਾ ਰਾਈਟ ਬਣਦਾ ਹੈ ਐਕਸਪਲੇਨੇਸ਼ਨ ਦੇਣ ਦਾ। ਮੈਂ ਕਿਸੇ ਦਾ ਨਾਮ ਨਹੀਂ ਲਵਾਂਗਾ। (ਵਿਘਨ) ਮੈਂ ਦੱਸ ਰਿਹਾ ਸੀ ਕਿ ** ** **

** Expunged as ordered by the Chair.

ਸ੍ਰੀ ਸਪੀਕਰ : ਇਸ ਤਰ੍ਹਾਂ ਦੇ ਜੋ ਲਫਜ਼ ਦੁਬਾਰਾ ਕਹੇ ਜਾ ਰਹੇ ਹਨ, ਉਹ ਪ੍ਰੋਸੀਡਿੰਗਜ਼ ਦਾ ਪਾਰਟ ਨਾ ਬਣਨ।

ਕੈਪਟਨ ਅਮਰਿੰਦਰ ਸਿੰਘ : ਇਹ ਦੋਸ਼ ਲਾਉਂਦੇ ਹਨ, ਫਿਰ ਮੇਰੀ ਗੱਲ ਨਹੀਂ ਸੁਣਦੇ। (ਵਿਘਨ) (ਸ਼ੋਰ) ਮੈਂ ਕਿਹਾ ਕਿ ਮੈਂ ਰੀਜ਼ਾਈਨ ਕਰਨਾ ਹੈ, ਉਨ੍ਹਾਂ ਨੇ ਮੈਨੂੰ ਕਿਹਾ ਕਿ ਰੀਜ਼ਾਈਨ ਨਾ ਕਰੋ। ਉਨ੍ਹਾਂ ਨੇ ਕਿਹਾ ਕਿ ਮੈਂ ਤੁਹਾਨੂੰ ਕਨਵੇ ਕਰਨਾ ਚਾਹੁੰਦਾ ਸੀ ਕਿ ਤੁਸੀਂ ਉਨ੍ਹਾਂ ਨਾਲ ਗਲ ਕਰੋ। (ਵਿਘਨ) (ਸ਼ੋਰ)

Mr. Speaker : Please take your seat.

ਕੈਪਟਨ ਅਮਰਿੰਦਰ ਸਿੰਘ : ਮੈਂ ਉਥੇ ਗਿਆ। ਸਵੇਰੇ 7 ਵਜੇ ਉਨ੍ਹਾਂ ਨੂੰ ਮਿਲਿਆ। (ਵਿਘਨ)

Chief Minister : On a Point of Order. This is not a matter under issue. Why are you hearing him? He should be asked to stop.

Mr. Speaker: Captain Amarinder Singh, please take your seat.

Chief Minister : This is no Point of Order. He should be stopped.

Mr. Speaker : Captain Amarinder Singh, please take your seat.

ਸੌਰੀ, ਸਪੀਚ ਕਰਨ ਲਈ ਮੌਕਾ ਨਹੀਂ ਦਿਤਾ ਜਾ ਸਕਦਾ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਇਨ੍ਹਾਂ ਦਾ ਬਿਆਨ ਬਿਲਕੁਲ ਐਕਸ-ਪੰਜ ਹੋਣਾ ਚਾਹੀਦਾ ਹੈ। ਉਹ ਗਵਰਨਰ ਦੇ ਬਾਰੇ ਕਹਿ ਰਹੇ ਸਨ......

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਖੜੇ ਹੋ ਕੇ ਕੁਝ ਬੋਲ ਰਹੇ ਸਨ ਪਰ ਸਦਨ ਵਿਚ ਕਾਫੀ ਸ਼ੋਰ ਪੈਣ ਕਾਰਨ ਸਾਫ-ਸੁਣਾਈ ਨਹੀਂ ਸੀ ਦੇ ਰਿਹਾ।)

ਸ੍ਰੀ ਸਪੀਕਰ : ਚੰਦੂ ਮਾਜਰਾ ਜੀ, ਮੈਂ ਤੁਹਾਨੂੰ ਵੀ ਬੇਨਤੀ ਕਰਾਂਗਾ ਕਿ ਤੁਸੀਂ ਲਿਮਿਟ ਵਿਚ ਰਹਿ ਕੇ ਕਨਕਲੂਡ ਕਰ ਦਿਓ।

ਸਹਿਕਾਰਤਾ ਮੰਤਰੀ : ਜਿਹੜੀ ਗੱਲ ਕਹੀ ਸੀ ਉਹ ਮੰਨ ਗਏ ਹਨ। ਫਿਰ ਉਨ੍ਹਾਂ ਨੇ ਅਸਤੀਫਾ ਦਿਤਾ। (ਵਿਘਨ) (ਸ਼ੋਰ)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਖੜੇ ਹੋ ਕੇ ਬੋਲ ਰਹੇ ਸਨ ਪਰ ਸਦਨ ਵਿਚ ਕਾਫੀ ਸ਼ੋਰ ਪੈਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ। ** ** **)

ਸ੍ਰੀ ਸਪੀਕਰ : ਤੁਸੀਂ ਆਪਸ ਵਿਚ ਬਹਿਸ ਨਾ ਕਰੋ। ਤੁਸੀਂ ਚੇਅਰ ਨੂੰ ਐਡਰੈਸ ਕਰੋ। ਇਹ ਜੋ ਕੁਝ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਦਾ ਭਾਗ ਨਹੀਂ ਬਣੇਗਾ।

ਸਹਿਕਾਰਤਾ ਮੰਤਰੀ : ਜੋ ਕੁਝ ਮੈਂ ਕਿਹਾ ਸੀ ਉਹ ਸਾਬਤ ਹੋ ਰਿਹਾ ਹੈ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਤੁਸੀਂ ਕੋਆਪ੍ਰੇਟ ਕਰੋ। ਚੇਅਰ ਨੂੰ ਐਡਰੈਸ ਕਰੋ।

**Expunged as ordered by the Chair.

ਸਹਿਕਾਰਤਾ ਮੰਤਰੀ : ਜੋ ਮੈਂ ਕਿਹਾ ਸੀ ਉਹ ਸਾਰਾ ਸਾਬਤ ਹੋਇਆ ਹੈ। (ਵਿਘਨ) (ਸ਼ੋਰ) ਇਸ ਦਾ ਮਤਲਬ ਹੈ ਕਿ ਇਹ ਜਾਕੇ ਉਨ੍ਹਾਂ ਨੂੰ ਮਿਲੇ।

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਹਾਊਸ ਦੀਆਂ ਪ੍ਰੰਪਰਾਵਾਂ ਹਨ ਉਨ੍ਹਾਂ ਨੂੰ ਕਾਇਮ ਰੱਖਿਆ ਜਾਵੇ। ਹਾਊਸ ਦਾ ਡੈਕੋਰਮ ਕਾਇਮ ਰੱਖਿਆ ਜਾਵੇ। ਕੈਪਟਨ ਸਾਹਿਬ ਨੇ ਟਾਈਮ ਮੰਗਿਆ ਸੀ ਅਤੇ ਮੈਂ ਉਨ੍ਹਾਂ ਨੂੰ ਟਾਈਮ ਦੇ ਦਿਤਾ। ਉਹ ਪੁਆਇੰਟ ਆਫ ਆਰਡਰ ਤੇ ਖੜ੍ਹੇ ਹੋਏ ਸੀ ਪਰ ਉਹ ਪਰਸਨਲ ਐਕਸਪਲੇਨੇਸ਼ਨ ਦੇ ਰਹੇ ਹਨ।

Captain Amarinder Singh : I have a right to make a personal explanation.

Mr. Speaker : I will give you time for Personal Explanation

Captain Amarinder Singh : Now I want to speak.

Mr. Speaker : I have given you time on a Point of Order and not for Personal Explanation.

Captain Amarinder Singh : I want to say on that issue only.

Mr. Speaker : No, I will not allow.

ਸਹਿਕਾਰਤਾ ਮੰਤਰੀ : ਮੈਂ ਇਨ੍ਹਾਂ ਨੂੰ ਕਹਿਣਾ ਚਾਹਾਂਗਾ ਕਿ ਘਰ ਦੀ ਬਿਲੀ ਘਰ ਨੂੰ ਮਿਆਉਂ। ਇਹ ਮਸਲਾ ਪੰਜਾਬ ਦਾ ਹੈ। ਇਸ ਦੇ ਨਾਲ ਬਾਹਰਲੇ ਦੇਸ਼ਾਂ ਦਾ ਕੀ ਸਬੰਧ ਹੈ।

(ਇਸ ਵਕਤ ਕੈਪਟਨ ਅਮਰਿੰਦਰ ਸਿੰਘ ਜੀ ਅਤੇ ਕੁਝ ਹੋਰ ਮਾਨਯੋਗ ਮੈਂਬਰਜ਼ ਖੜੇ ਸਨ।)

Mr. Speaker : Captain Sahib, please take your seat. Please co-operate.

ਸਹਿਕਾਰਤਾ ਮੰਤਰੀ : ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜਲੂਸ ਬਾਰੇ ਇਨ੍ਹਾਂ ਨੇ ਕੋਈ ਆਵਾਜ਼ ਨਹੀਂ ਉਠਾਈ। ਇਨ੍ਹਾਂ ਵਿਚੋਂ ਕੋਈ ਨਹੀਂ ਬੋਲਿਆ। ਜੇ ਇਹ ਬਰਨਾਲਾ ਸਾਹਿਬ ਦੀ ਸਰਕਾਰ ਵਾਸਤੇ ਜਾ ਸਕਦੇ ਹਨ ਕਿ ਇਹ ਨਾ ਰਹੇ (ਵਿਘਨ) (ਸ਼ੋਰ)

ਸ੍ਰੀ ਸਪੀਕਰ : ਸਾਰੇ ਸਜਣਾਂ ਵਿਚੋਂ ਕੋਈ ਪੁਆਇੰਟ ਆਫ਼ ਆਰਡਰ ਤੇ ਬੋਲਣਾ ਚਾਹੁੰਦਾ ਹੈ। ਦੱਸੋ ਰਾਜਾ ਜੀ, ਪੁਆਇਟ ਆਫ ਆਰਡਰ ਤੇ ਬੋਲਣਾ ਚਾਹੁੰਦੇ ਹੋ ? ਦੱਸੋ ਕੈਪਟਨ ਸਾਹਿਬ ? ਚੰਦੂਮਾਜਰਾ ਜੀ, ਤੁਸੀਂ ਬੈਠੋ, ਪਲੀਜ਼।

Captian Amarinder Singh : You must allow me to make my full explanation. I have been accused, Mr. Speaker. ਇਨ੍ਹਾਂ ਨੇ ਮੇਰੇ ਤੇ ਦੋਸ਼ ਲਾਏ ਹਨ, ਮੇਰਾ ਬੋਲਣ ਦਾ ਹੱਕ ਬਣਦਾ ਹੈ।

Mr. Speaker : You took sufficient time.

Captain Amarinder Singh : Let me say something.

Mr. Speaker : Of course, you can say. ਕੋਈ ਫਰੈਸ਼ ਗਲ ਦਸੋ।

Captain Amarinder Singh : Let me say something. (Interruptions) ਮੈਂ ਅਰੁਨ ਨਹਿਰੂ ਨੂੰ ਮਿਲ ਕੇ ਆਇਆ ਸੀ। (ਵਿਘਨ)

Mr. Speaker : I have given you sufficient time.

Minister of State for the Welfare of Schedules Castes and Backward Classes: Let the Speaker....

Captain Amarinder Singh: ਉਨ੍ਹਾ ਨੇ ਮੈਨੂੰ ਕਿਹਾ ਕਿ ਤੁਸੀਂ ਕੀ ਕਰੋਗੇ, ਮੈਂ ਕਿਹਾ ਕਿ ਮੈਂ ਇਸ ਮੰਤਰੀ ਮੰਡਲ ਤੋਂ ਰੀਜ਼ਾਇਨ ਕਰਾਂਗਾ Then he said it will be considered an unfriendly act. I said, if you consider this as unfriendly act, then I am very sory. He asked me not to resign and support Mr. Barnala, but I said 'No'. ਮੇਰੇ ਦਰਬਾਰ ਸਾਹਿਬ ਦੀ ਤੌਹੀਨ ਹੋਈ ਹੈ, ਮੈਂ ਰੀਜ਼ਾਈਨ ਜ਼ਰੂਰ ਕਰਾਂਗਾ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ** ** **

Mr. Speaker : Please take your seat. This is no point of order

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਮੈਂ ਜੋ ਗੱਲ ਕਹਿ ਰਿਹਾ ਸੀ,ਮੈਂ ਜੋ ਬਿਆਨ ਕਰ ਰਿਹਾ ਸੀ ਮੈਨੂੰ ਖੁਸ਼ੀ ਹੈ ਕਿ ਸਾਡੇ ਮਾਨਯੋਗ ਮੈਂਬਰ, ਕੈਪਟਨ ਅਮਰਿੰਦਰ ਸਿੰਘ ਨੇ ਉਹ ਗੱਲ ਸਵੀਕਾਰ ਕਰ ਲਈ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਮਸਲਾ ਹੈ ਪੰਜਾਬ ਦਾ ਇਹ ਹਿੰਦੁਸਤਾਨ ਦਾ ਮਸਲਾ ਹੈ। ਪੰਜਾਬ ਦੀ ਜੋ ਸਥਿੱਤੀ ਹੈ ਇਸ ਸਥਿੱਤੀ ਵਿੱਚ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਇਸ ਦੇ ਬਾਰੇ ਸੋਚੀਏ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਭਾਰਤ ਦੇ ਪ੍ਰਧਾਨ ਮੰਤਰੀ ਸਾਹਿਬ ਨੇ ਵੀ ਇਹ ਗੱਲ ਸਵੀਕਾਰ ਕੀਤੀ ਹੈ ਕਿ ਇਸ ਦੇ ਵਿੱਚ ਬਾਹਰ ਦੇ ਮੁਲਕ ਦਾ ਹੱਥ ਹੈ, ਉਨ੍ਹਾਂ ਦੀ ਇੰਟਰਵੈਨਸ਼ਨ ਨਾਲ ਪੰਜਾਬ ਵਿੱਚ ਇਹ ਸਮੱਸਿਆ ਖੜੀ ਹੋਈ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਜਾਏ ਇਸ ਦੇ ਕਿ ਇਹ ਕਹਿਣ ਕਿ ਇਥੇ ਗਵਰਨਰੀ ਰਾਜ ਲਾਗੂ ਕਰੋ, ਫੌਜ ਲਾਓ ਜਾਂ ਸਰਹੱਦੀ ਪੱਟੀ ਬਣਾਓ, ਇਨ੍ਹਾਂ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਬਾਹਰਲੀ ਜੋ ਇੰਟਰਵੈਨਸ਼ਨ ਹੈ ਉਸ ਨੂੰ ਰੋਕੋ। ਇਨ੍ਹਾਂ ਨੂੰ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਬੇਵਿਸਾਹੀ ਦਾ ਮਤਾ ਜੋ ਲਿਆਉਣਾ ਸੀ ਜ਼ਰੂਰ ਲਿਆਓ ਪਰ ਇਹ ਵੀ ਦੇਖਣਾ ਚਾਹੀਦਾ ਹੈ ਕਿ ਜੋ ਤਸ਼ੱਦਦ ਹੋਏ ਹਨ ਉਹ ਕਿਉਂ ਹੋਏ ?ਗੁਰੂ ਤੇਗ ਬਹਾਦੁਰ ਸਾਹਿਬ ਦਾ ਸ਼ਹੀਦੀ ਗੁਰਪੁਰਬ ਦਾ ਜਲੂਸ ਕਿਉਂ ਨਹੀਂ ਕੱਢਣ ਦਿੱਤਾ ? ਇਸ ਦੇ ਬਾਰੇ ਵੀ ਉਨ੍ਹਾਂ ਨਾਲ ਕੋਈ ਗੱਲ ਕਰ ਲੈਂਦੇ। ਜੇ ਇਹ ਉਥੇ ਦਿੱਲੀ ਵਿੱਚ ਆਪੋਜ਼ੀਸ਼ਨ ਦੀ ਸਪੋਰਟ ਲੈਣ ਜਾਂਦੇ ਹਨ ਤਾਂ ਇਨ੍ਹਾਂ ਨੇ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਇਹ ਕਾਹਦੇ ਲਈ ਜਾਂਦੇ ਹਨ। ਮੇਰੇ ਕਹਿਣ ਦਾ ਭਾਵ ਹੈ ਕਿ ਲਾਅ ਐਂਡ ਆਰਡਰ ਦੀ ਪ੍ਰਾਬਲਮ ਜੋ ਹੈ ਉਸ ਦਾ ਇਨ੍ਹਾਂ ਨੂੰ ਕੁਝ ਨਹੀਂ ਹੈ। ਪੰਜਾਬ ਸਰਕਾਰ ਜਿਸ ਵਧੀਆ ਢੰਗ ਨਾਲ, ਜਿਸ ਵਧੀਆ ਤਰੀਕੇ ਨਾਲ ਇਸ ਮਸਲੇ ਨੂੰ ਨਿਪਟਾ ਰਹੀ ਹੈ ਇਹ ਹੋਰ ਵੀ ਵਧੀਆ ਢੰਗ ਨਾਲ ਨਿਪਟਾ ਸਕਦੀ, ਹਿੰਦੁਸਤਾਨ ਦੇ ਲੋਕਾਂ ਵਿੱਚ ਪਾਈਆਂ ਵਿੱਥਾਂ ਨੂੰ ਦੂਰ ਕਰਨ ਵਾਸਤੇ ਹੋਰ ਵੀ ਮਦਦ ਮਿਲ ਸਕਦੀ ਜੇ ਸਮਝੌਤਾ ਲਾਗੂ ਕੀਤਾ ਜਾਂਦਾ।

ਕੈਪਟਨ ਅਮਰਿੰਦਰਸਿੰਘ : ** ** **

Mr. Speaker : This is no point of order. Chandumajra to continue.

****Expunged as ordered by the Chair.**

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਜੋ ਗੱਲ ਅਖ਼ਬਾਰਾਂ ਵਿੱਚ ਆਈ ਹੈ, ਜੋ ਸੁਰਖੀਆਂ ਅਖ਼ਬਾਰਾਂ ਵਿੱਚ ਆਈਆਂ ਹਨ ਉਨ੍ਹਾਂ ਦੀ ਬਿਨਾ ਤੇ ਮੈਂ ਕਿਹਾ ਹੈ। ਕੈਪਟਨ ਸਾਹਿਬ ਕੋਲ ਜੇ ਅਖ਼ਬਾਰਾਂ ਦੀਆਂ ਕਟਿੰਗਜ਼ ਹਨ ਤਾਂ ਸਾਡੇ ਪਾਸ ਵੀ ਕਟਿੰਗਜ਼ ਹਨ, ਉਨ੍ਹਾਂ ਦੇ ਆਧਾਰ ਤੇ ਅਸੀਂ ਕਿਹਾ ਹੈ। ਸਪੀਕਰ ਸਾਹਿਬ, ਇਹ ਸਦਭਾਵਨਾ ਹੋਰ ਵੀ ਚੰਗੀ ਹੋ ਸਕਦੀ ਹੈ। ਜੇ ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਨਾਲ ਜੋ ਸਮਝੌਤਾ ਕੀਤਾ ਗਿਆ ਸੀ ਉਹ ਨੇਪਰੇ ਚਾੜ੍ਹਿਆ ਜਾਂਦਾ ਔਰ ਖਾਸ ਤੌਰ ਤੇ ਉਸ ਸਮਝੌਤੇ ਅਨੁਸਾਰ ਜੋ ਵਾਇਦੇ ਕੀਤੇ ਸਨ, ਜੋ ਵਚਨ ਦਿੱਤੇ ਸਨ ਉਹ ਪੂਰੇ ਕੀਤੇ ਜਾਂਦੇ । ਜੋ ਬੇਦੋਸ਼ੇ ਜੇਲ੍ਹਾਂ ਵਿੱਚ ਦਿੱਤੇ ਹੋਏ ਹਨ ਜਿਨ੍ਹਾਂ ਨਾਲ ਮੈਂ ਵੀ ਨਾਭੇ ਦੀ ਜੇਲ੍ਹ ਵਿੱਚ ਰਿਹਾ ਹਾਂ, ਜੋ ਨਿਰਦੋਸ਼ ਹਨ ਉਹ ਰਿਹਾਅ ਕੀਤੇ ਜਾਂਦੇ, ਜਿਹੜੇ ਜੋਧਪੁਰ ਜੇਲ੍ਹ ਵਿਚ ਬੰਦ ਕੀਤੇ ਹੋਏ ਹਨ ਉਹ ਰਿਹਾਅ ਕੀਤੇ ਜਾਂਦੇ ਤਾਂ ਇਹ ਸਦਭਾਵਨਾ ਦਾ ਮਾਹੌਲ ਹੋਰ ਵੀ ਅੱਛਾ ਹੋ ਸਕਦਾ ਸੀ। ਇਹ ਸਦਭਾਵਨਾ ਦਾ ਮਾਹੌਲ ਹੋਰ ਵੀ ਅੱਛਾ ਹੋ ਸਕਦਾ ਸੀ ਜੇ ਫੌਜੀ ਵੀਰ ਜਿਹੜੇ ਡੀਜ਼ਰਟਰਜ਼ ਹਨ, ਭਾਵੇਂ 2 ਢਾਈ ਸੌ ਨੂੰ ਨੌਕਰੀਆਂ ਤੇ ਲਾ ਦਿੱਤਾ ਹੈ ਜਿਹੜੀ ਕਿ ਪ੍ਰਸ਼ੰਸਾ ਵਾਲੀ ਗੱਲ ਹੈ ਪਰ ਜੇ ਬਾਕੀਆਂ ਨੂੰ ਸਜ਼ਾਵਾਂ ਮੁਆਫ ਕਰਕੇ ਮਦਦ ਕੀਤੀ ਹੁੰਦੀ ਤਾਂ ਇਸ ਦੇ ਨਾਲ ਸਦਭਾਵਨਾਂ ਵਾਲਾ ਮਾਹੌਲ ਹੋਰ ਵੀ ਵੱਧ ਸਕਦਾ ਸੀ। ਇਸੇ ਤਰ੍ਹਾਂ ਜਿਹੜੇ ਦਿੱਲੀ ਵਿੱਚ ਜੋ ਰਾਇਟਸ ਹੋਏ ਸਨ ਉਨ੍ਹਾਂ ਦੇ ਵਿੱਚ ਜੋ ਦੋਸ਼ੀ ਹਨ ਉਨ੍ਹਾਂ ਦੋਸ਼ੀਆਂ ਨੂੰ ਅਗਰ ਸਜ਼ਾਵਾਂ ਦਿੱਤੀਆਂ ਜਾਂਦੀਆਂ ਤਾਂ ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਪੰਜਾਬ ਸਰਕਾਰ ਦੇ ਹੋਰ ਹੱਥ ਮਜ਼ਬੂਤ ਹੋਣੇ ਸੀ ਔਰ ਪੰਜਾਬ ਦਾ ਵਾਤਾਵਰਣ ਹੋਰ ਵੀ ਸਦਭਾਵਨਾਂ ਵਾਲਾ ਹੋਣਾ ਸੀ। ਇਤਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਜੇ ਹਾਊਸ ਮੁਨਾਸਿਬ ਸਮਝੇ ਤਾਂ ਅਸੀਂ ਪਹਿਲਾਂ ਮਿਸਿਜ਼ ਬਰਾੜ ਨੂੰ ਸੁਣ ਲਈਏ ਔਰ ਮਿਸਿਜ਼ ਬਰਾੜ ਤੋਂ ਬਾਅਦ ਸੀ.ਐਮ. ਸਾਹਿਬ ਬੋਲ ਲੈਣ। ਲੀਡਰ ਆਫ ਦੀ ਅਪੋਜ਼ੀਸ਼ਨ 10 ਮਿੰਟ ਦਾ ਟਾਈਮ ਲੈ ਲੈਣ, ਫਿਰ 15 ਮਿੰਟ ਸੀ.ਐਮ. ਸਾਹਿਬ ਬੋਲ ਲੈਣਗੇ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਟਾਈਮ ਦੀ ਕੋਈ ਗੱਲ ਨਹੀਂ। ਇਤਨਾ ਵਡਾ ਮਸਲਾ ਹੈ। ਬਹੁਤ ਸਾਰਾ ਵਕਤ ਤਾਂ ਇਸ ਤਰ੍ਹਾਂ ਹੀ ਜ਼ਾਇਆ ਹੋ ਗਿਆ ਹੈ, ਇਨ੍ਹਾਂ ਦੀ ਆਪਸ ਵਿੱਚ ਲੜਾਈ ਨੇ ਹੀ ਇਤਨਾ ਵਕਤ ਜ਼ਾਇਆ ਕਰ ਦਿੱਤਾ ਹੈ। ਮੇਰੀ ਪਾਰਟੀ ਵੱਲੋਂ ਤਾਂ 2 ਮੈਂਬਰ ਸਾਹਿਬ ਹੀ ਬੋਲੇ ਹਨ।

ਸ੍ਰੀ ਸਪੀਕਰ : ਇਧਰੋਂ ਵੀ 2 ਹੀ ਬੋਲੇ ਹਨ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਇਹ ਤਾਂ ਰੂਲਿੰਗ ਪਾਰਟੀ ਹੈ, ਬੋਲਣਾਂ ਤਾਂ ਅਪੋਜ਼ੀਸ਼ਨ ਨੇ ਹੀ ਹੁੰਦਾ ਹੈ।

ਸ੍ਰੀ ਸਪੀਕਰ : ਜੇ ਹਾਊਸ ਦੀ ਮਰਜ਼ੀ ਹੋਵੇ ਤਾਂ ਅੱਧੇ ਘੰਟੇ ਲਈ ਹਾਊਸ ਦਾ ਸਮਾਂ ਹੋਰ ਵਧਾ ਦਿੱਤਾ ਜਾਏ।

ਕੁਝ ਅਵਾਜ਼ਾਂ : ਨਹੀਂ ਜੀ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਜੇ ਹਾਊਸ ਦੀ ਇੱਛਾ ਨਹੀਂ ਲਗਦੀ ਤਾਂ ਬਰਾੜ ਸਾਹਿਬਾ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀ ਸਪੀਚ ਦਸ ਮਿੰਟਾਂ ਵਿਚ ਹੀ ਮੁਕਾ ਦੇਣ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜੇ ਇਹ ਕਹਿੰਦੇ ਹਨ ਕਿ ਕਾਂਗਰਸ ਵਾਲਿਆਂ ਨਾਲ ਸਾਡੀ ਕੋਈ ਗੱਲ ਨਹੀਂ ਤਾਂ ਇਹ ਆਪਣੇ ਲੀਡਰ ਦੀ ਸੌਂਹ ਚੁਕਣ ਜਿਸ ਤਰ੍ਹਾਂ ਸਾਡੇ ਲੀਡਰ ਨੇ ਕੀਤਾ। ਇਹ ਸਰਹਾਲ ਸਾਹਿਬ ਬੈਠੇ ਹਨ ਇਨ੍ਹਾਂ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਚਲੋ ਸਾਡੇ ਨਾਲ ਅਸੀਂ ਤੁਹਾਨੂੰ ਵਜ਼ੀਰ ਬਣਾਵਾਂਗੇ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਬੈਠੋ ਜੀ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਸਾਡੇ ਵੀ ਅਜੇ ਦੋ ਮੈਂਬਰ ਬੋਲਣੇ ਹਨ।

ਸ਼੍ਰੀ ਸਪੀਕਰ : ਹਾਊਸ ਦੀ ਇੱਛਾ।

ਕੁਝ ਅਵਾਜ਼ਾਂ : ਨਹੀਂ ਜੀ, ਨਹੀਂ ਜੀ।

ਸ਼੍ਰੀ ਸਪੀਕਰ : ਮਿਸਿਜ਼ ਬਰਾੜ, ਕੋਸ਼ਿਸ਼ ਕਰੋ ਕਿ ਸਮੇਂ ਦੇ ਅੰਦਰ ਅੰਦਰ ਬੋਲ ਲਵੋ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਮੈਂ ਤਾਂ ਕਹਿੰਦੀ ਹਾਂ ਕਿ ਹਾਊਸ ਦਾ ਸਮਾਂ ਅਧਾ ਘੰਟਾ ਵਧਾ ਦਿਓ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਕੀ ਹਾਊਸ ਦਾ ਸਮਾਂ ਵਧਾ ਦਿੱਤਾ ਹੈ ?

ਸ਼੍ਰੀ ਸਪੀਕਰ : ਅਜੇ ਨਹੀਂ ਵਧਾਇਆ। ਮੈਂ ਬੇਨਤੀ ਕਰਾਂਗਾ ਕਿ ਸਮੇਂ ਦੇ ਅੰਦਰ ਅੰਦਰ ਮੁਕਾ ਦਿਓ।

ਡਾਕਟਰ ਕੇਵਲ ਕ੍ਰਿਸ਼ਨ (ਮੁਕੇਰੀਆਂ) : ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੇ ਸਬੰਧ ਵਿਚ ਅੱਜ ਪੰਜਾਬ ਦੇ ਇਕ ਕਰੋੜ ਸੱਤਰ ਲੱਖ ਲੋਕ ਪੰਜਾਬ ਅਸੰਬਲੀ ਵਲ ਬੜੀ ਕਿਊਰੀਆਸਿਟੀ ਨਾਲ ਔਰ ਬੜੀ ਉਤਸੁਕਤਾ ਨਾਲ ਵੇਖ ਰਹੇ ਹਨ, ਰੇਡਿਓ, ਟੈਲੀਵੀਜ਼ਨ, ਵਿੱਚ ਸੁਣ ਰਹੇ ਹਨ ਔਰ ਅਖ਼ਬਾਰਾਂ ਵਿਚ ਗੱਲਾਂ ਛਪਦੀਆਂ ਹਨ ਕਿ ਕਿਸ ਤਰ੍ਹਾਂ ਪੰਜਾਬ ਦੇ ਵਿਚ ਕਤਲੇਆਮ ਹੋ ਰਿਹਾ ਹੈ। ਵੇਖਦੇ ਹਾਂ ਕਿ ਇਨ੍ਹਾਂ ਘਟਨਾਵਾਂ ਦੀਆਂ ਹੋਈਆਂ ਸ਼ਿਕਾਰ ਸੈਂਕੜੇ ਵਿਦਵਾਵਾਂ ਇਹ ਕਹਿੰਦੀਆਂ ਹਨ ਕਿ ਮੇਰੇ ਨਾਲ ਜੋ ਹੋਇਆ ਕਿਸੇ ਹੋਰ ਨਾਲ ਨਾ ਹੋਵੇ। ਉਹ ਸਾਰੇ ਲੋਕ ਜਦੋਂ ਇਸ ਹਾਊਸ ਦੀ ਲੜਾਈ ਸਵੇਰੇ ਪੜ੍ਹਨਗੇ ਕਿ ਸਾਰੇ ਪੱਖਾਂ ਤੋਂ ਇਕ ਦੂਸਰੇ ਤੇ ਨੁਕਤਾਚੀਨੀ ਤੋਂ ਬਗੈਰ ਹੋਰ ਕੁਝ ਨਹੀਂ ਕੀਤਾ। ਸਾਡੇ ਚੁਣੇ ਹੋਏ ਮੈਂਬਰਾਂ ਨੇ ਜਿਹੜੇ ਅਸੰਬਲੀ ਵਿਚ ਗਏ ਸੀ, ਉਨ੍ਹਾਂ ਨੂੰ ਬੇਹੱਦ ਸਦਮਾ ਹੋਵੇਗਾ, ਨਾ ਸਿਰਫ਼ ਪੰਜਾਬ ਦੇ ਲੋਕਾਂ ਨੂੰ, ਬਲਕਿ ਸਾਰੇ ਹਿੰਦੁਸਤਾਨ ਦੇ ਲੋਕਾਂ ਨੂੰ। 15 ਤਾਰੀਖ ਤੋਂ 18 ਤਾਰੀਖ ਤੱਕ, ਜਦੋਂ ਪੰਜਾਬ ਦੇ ਲਾਅ ਐਂਡ ਆਰਡਰ ਤੇ ਬਹਿਸ ਹੋ ਰਹੀ ਹੈ ਅਗਰ ਇਸ ਦਿਨ ਅਸੀਂ ਆਪਣੇ ਸਿਆਸੀ ਹੱਦਾਂ ਤੋਂ ਬਾਹਰ, ਸਮਾਜਿਕ ਹੱਦਾਂ ਤੋਂ ਬਾਹਰ, ਧਾਰਮਿਕ ਕੁੜੱਤਨ ਤੋਂ ਬਾਹਰ ਆ ਕੇ ਨਹੀਂ ਸੋਚਦੇ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਦੀਆਂ ਆਉਣ ਵਾ-ਲੀਆਂ ਨਸਲਾਂ ਚੁਣੇ ਹੋਏ ਸਾਡੇ ਸਾਰੇ ਮੈਂਬਰਾਂ ਨੂੰ ਹਜ਼ਾਰਾਂ ਸਾਲਾਂ ਤੱਕ ਲਾਹਨਤ ਭੇਜਣਗੀਆਂ ਔਰ ਕਹਿਣਗੀਆਂ ਕਿ ਤੁਸੀਂ ਠੀਕ ਕਦਮ ਨਹੀਂ ਉਠਾਏ ਜਿਸ ਨਾਲ ਪੰਜਾਬ ਦੇ ਵਿਚ ਬਲਦੀ ਹੋਈ ਅੱਗ ਬੁਝ ਸਕਦੀ। ਜੋ ਗੱਲਾਂ ਬਾਤਾਂ ਦੋਨਾਂ ਪਾਸਿਆਂ ਤੋਂ ਹੋਈਆਂ, ਮੈਨੂੰ ਇੰਜ ਲਗਦਾ ਹੈ ਕਿ ਲੋਕਾਂ

[ਡਾਕਟਰ ਕੇਵਲ ਕ੍ਰਿਸ਼ਨ]

ਦੇ ਦਿਲਾਂ ਵਿਚ ਸਹੀ ਸਦਮਾ ਹੈ ਜੋ ਬਹੁਤ ਸਾਰੇ ਲੋਕ ਮਹਿਸੂਸ ਕਰ ਰਹੇ ਹਨ, ਸਰਕਾਰ ਮਹਿਸੂਸ ਕਰ ਰਹੀ ਹੈ। ਮੈਨੂੰ ਪਤਾ ਹੈ ਮਾਨ ਸਾਹਿਬ ਇਧਰ ਆਏ ਸਨ ਔਰ ਦੱਸਿਆ ਸੀ ਕਿ ਅਸੀਂ ਸਾਰੇ ਚਿੰਤਤ ਹਾਂ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੇ ਵਿਚ ਸ਼ਾਂਤੀ ਹੋਵੇ ਮਗਰ :

ਕਿਸ਼ਤੀਆਂ ਟੂਟ ਚੁਕੀ ਹੈਂ ਸਾਰੀ, ਅਬ ਯੇਹ ਫਿਰਤਾ ਹੈ ਦਰੀਆ।

ਅੱਤਵਾਦ ਜਿਸ ਤਰ੍ਹਾਂ ਅੱਜ ਫੈਲਿਆ ਹੋਇਆ ਹੈ ਔਰ ਜੋ ਪੰਜਾਬ ਦੇ ਹਾਲਾਤ ਹਨ ਕੋਈ ਆਦਮੀ ਆਪਣੇ ਆਪ ਨੂੰ ਸੁਰਖਸ਼ਿਤ ਮਹਿਸੂਸ ਨਹੀਂ ਕਰਦਾ। ਉਹ ਇਸ ਕਦਰ ਮਹਿਸੂਸ ਕਰ ਰਿਹਾ ਹੈ :

ਇਸ ਕਦਰ ਫੈਲੀ ਹੈ ਦਹਿਸ਼ਤ ਹਰ ਤਰਫ਼ ਪੰਜਾਬ ਮੇਂ,
ਗੋਲੀਆਂ, ਬਾਰੂਦ ਔਰ ਲਾਸ਼ੇਂ ਦਿਖ ਰਹੀ ਹੈ ਖਾਬ ਮੇਂ।

ਅੱਜ ਬੱਚੇ, ਲੋਕ ਡਰ ਡਰ ਕੇ ਉਠਦੇ ਹਨ, ਦਰਵਾਜ਼ਾ ਤੱਕ ਨਹੀਂ ਖੋਲ੍ਹਦੇ ਕਿ ਕੋਈ ਹਾਦਸਾ ਨਾ ਹੋ ਜਾਏ। ਅਸੀਂ ਸਾਰੇ ਰੋਜ਼ ਦੇਖਦੇ ਹਾਂ, ਮਹਿਸੂਸ ਕਰਦੇ ਹਾਂ। ਅੱਜ ਵਕਤ ਐਸਾ ਆ ਗਿਆ ਹੈ ਕਿ ਅਸੀਂ ਸੋਚੀਏ ਇਹ ਅੱਤਵਾਦ ਕਿਉਂ ਫੈਲਿਆ। ਜਿਸ ਵਕਤ ਇਸ ਦੇ ਕਾਰਨ ਲਭ ਲਵਾਂਗੇ ਇਸ ਦਾ ਇਲਾਜ ਵੀ ਲਭ ਲਵਾਂਗੇ। ਜੇਕਰ ਅਸੀਂ ਕਾਰਨਾਂ ਤੇ ਮੁਤਫ਼ਿਕ ਨਹੀਂ ਹੋਏ ਅਤੇ ਸਿਆਸੀ ਵਿਤਕਰੇ ਰਹਿਣਗੇ ਅਤੇ ਜੇ ਇਹ ਦੂਰ ਨਾ ਕੀਤੇ ਤਾਂ ਅਸੀਂ ਕਾਮਯਾਬ ਨਹੀਂ ਹੋ ਸਕਾਂਗੇ। ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਇਹ ਠੀਕ ਹੈ ਕਿ ਇਸ ਅੱਤਵਾਦ ਦੇ ਪਿਛੇ ਡੀਪ-ਰੂਟਿਡ ਕੰਸਪੀਰੇਸੀ ਹੈ। ਪਾਕਿਸਤਾਨ ਬਦਲਾ ਲੈਣਾ ਚਾਹੁੰਦਾ ਹੈ। ਪਾਕਿਸਤਾਨ ਦੀ ਮਦਦ ਅਮਰੀਕਾ ਕਰਦਾ ਹੈ, ਚਾਈਨਾ ਕਰਦਾ ਹੈ, ਹੋਰ ਵੀ ਕੰਟਰੀ ਕਰਦੇ ਹਨ ਇਸ ਵਿਚ ਕੋਈ ਦੋ ਰਾਵਾਂ ਨਹੀਂ। ਇਹ ਵੀ ਠੀਕ ਹੈ ਕਿ ਪੰਜਾਬ ਦਾ ਐਕਸ਼ਨ ਔਰ ਰੀਐਕਸ਼ਨ ਹੁੰਦਾ ਹੈ। ਇਹ ਕਹਿਣਾ ਮੁਸ਼ਕਿਲ ਹੈ ਕਿ ਅੱਤਵਾਦ ਪਹਿਲਾਂ ਕਿਸ ਨੇ ਫੈਲਾਇਆ। ਮੈਂ ਸਮਝਦਾ ਹਾਂ ਔਰ ਅਸੀਂ ਸਾਰੇ ਸਮਝਦੇ ਹਾਂ ਜੇ ਅਸੀਂ ਕਹੀਏ ਕਿ 1978 ਵਿਚ ਨਿਰੰਕਾਰੀਆਂ ਤੇ ਹਮਲਾ ਹੋਇਆ ਜਾਂ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵੇਲੇ ਹੋਇਆ ਔਰ ਇਸ ਤੋਂ ਪਹਿਲਾਂ ਨਹੀਂ ਸੀ, ਮੈਂ ਸਮਝਦਾ ਹਾਂ ਕਿ ਇਸ ਝਗੜੇ ਵਿਚ ਨਾ ਪਈਏ ਤਾਂ ਅੱਛਾ ਰਹੇਗਾ। ਅਗਰ ਪਿਛਲਾ ਸਮਾਂ ਦੇਖੀਏ ਤਾਂ ਅਸੀਂ ਸਾਰੇ ਪੰਜਾਬੀ ਪੰਜਾਬ ਦੇ ਅੱਤਵਾਦ ਲਈ ਜ਼ਰੂਰ ਜ਼ਿਮੇਵਾਰ ਹਾਂ। ਇਸ ਦੇ ਵਿੱਚ ਐਕਸ਼ਨ ਰੀਐਕਸ਼ਨ ਹੁੰਦਾ ਹੈ।

ਤੀਸਰੀ ਗੱਲ ਇਹ ਹੈ, ਮੇਰੇ ਨਾਲ ਅਕਾਲੀ ਵੀਰ ਸ਼ਾਇਦ ਮੁਤਫ਼ਿਕ ਹੋਣਗੇ, ਮੈਂ ਉਨ੍ਹਾਂ ਤੋਂ ਖਿਮਾਂ ਮੰਗਦਾ ਹਾਂ, ਇਹ ਜ਼ਰੂਰ ਕਹਾਂਗਾ ਕਿ ਅੱਤਵਾਦ ਦੇ ਪਿੱਛੇ ਕਮਿਊਨਲਿਜ਼ਮ, ਫਿਰਕਾ ਪ੍ਰਸਤੀ ਦਾ ਕਾਫ਼ੀ ਹੱਥ ਹੈ। ਇਸ ਕਮਿਊਨਲਿਜ਼ਮ ਨੇ ਪੰਜਾਬ ਨੂੰ ਸੈਂਕੜੇ ਸਾਲ ਗੁਲਾਮ ਰਖਿਆ। ਸਪੀਕਰ ਸਾਹਿਬ, ਇਸ ਨੇ ਸਾਰੇ ਹਿੰਦੁਸਤਾਨ ਨੂੰ ਸੈਂਕੜੇ ਸਾਲ ਗੁਲਾਮ ਰਖਿਆ। ਸਮਾਂ ਆਇਆ ਜਦੋਂ ਮਜ਼ਹਬ ਅਤੇ ਧਰਮ ਦੀਆਂ ਦੀਵਾਰਾਂ ਤੋੜ ਦਿੱਤੀਆਂ ਔਰ ਹਿੰਦੁਸਤਾਨ ਦੀ ਆਜ਼ਾਦੀ ਲਈ ਅੰਗਰੇਜ਼ਾਂ ਨਾਲ ਸਾਰੇ ਹਿੰਦੁਸਤਾਨੀ ਇਕ ਹੋ ਕੇ ਜੂਝੇ ਔਰ ਹਿੰਦੁਸਤਾਨ ਆਜ਼ਾਦ ਕਰਾਇਆ। ਮੈਂ ਕਹਿੰਦਾ ਹਾਂ ਕਿ ਸਿਖ ਧਰਮ ਸੈਕੂਲਰ ਹੈ। ਮੈਂ ਕਹਿੰਦਾ ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਧਰਮ ਚਲਾਇਆ ਉਹ ਧਰਮ ਸੈਕੂਲਰਇਜ਼ਮ ਤੇ ਆਧਾਰਿਤ ਹੈ। ਗੁਰੂ ਗ੍ਰੰਥ ਸਾਹਿਬ ਸੈਕੂਲਰਇਜ਼ਮ ਦੇ ਸਾਖਸ਼ੀ ਹਨ। ਗੁਰੂ ਨਾਨਕ ਦੇਵ ਜੀ ਨੇ ਬਾਲਾ ਔਰ ਮਰਦਾਨਾ ਦੋਨੋਂ ਨਾਲ ਰਖੇ, ਇਹ ਸੈਕੂਲਰਇਜ਼ਮ ਸੀ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਲਾਹੌਰ ਵਾਲਿਆਂ ਤੋਂ ਰਖਵਾਈ। ਉਸ ਵੇਲੇ ਸੈਕੂਲਰਇਜ਼ਮ ਦੀਆਂ ਦੀਵਾਰਾਂ ਧਰਮ ਤੋਂ ਉੱਚੀਆਂ ਹੋ ਗਈਆਂ ਸਨ।

ਅੱਜ ਸਾਡੀ ਅਕਾਲੀ ਪਾਰਟੀ ਦੇ ਦੋਨੋਂ ਗਰੁਪ ਇਧਰ ਬੈਠੇ ਹੋਏ ਅਤੇ ਉਧਰ ਬੈਠੇ ਹੋਏ ਉਹ ਫਿਰਕਾਪ੍ਰਸਤੀ ਦੇ ਜ਼ਹਿਰ ਨਾਲ ਭਰੇ ਹੋਏ ਹਨ, ਸਿਰਫ ਭਰੇ ਹੋਏ ਨਹੀਂ ਬਲਕਿ ਮੈਂ ਕਹਾਂਗਾ ਕਿ ਇਹ ਸਿਧਾਂਤ ਜੋ ਦੋਨਾਂ ਨੇ ਅਪਣਾਇਆ ਹੈ ਉਹ ਧਰਮ ਔਰ ਸਿਆਸਤ ਨੂੰ ਮਿਲਾਕੇ ਚਲ ਰਹੇ ਹਨ ਔਰ ਇਹ ਕੁੜੱਤਣ ਵਧ ਰਹੀ ਹੈ। ਇਸ ਦਾ ਮੇਨ ਕਾਰਨ ਮੈਂ ਸਮਝਦਾ ਹਾਂ ਕਿ ਜਿਸ ਵੇਲੇ ਅਕਾਰਡ ਹੋਇਆ ਅਗਰ ਇਹ ਉਸ ਵੇਲੇ ਬਾਦਲ ਸਾਹਿਬ ਨੂੰ ਨਾਲ ਲੈ ਜਾਂਦੇ ਅਤੇ ਟੌਹਰਾ ਸਾਹਿਬ ਨੂੰ ਵੀ ਨਾਲ ਲੈ ਜਾਂਦੇ ਤਾਂ ਅੱਜ ਇਹ ਹਾਲਾਤ ਨਾ ਹੁੰਦੇ। ਇਹ ਉਨ੍ਹਾਂ ਦੋਨਾਂ ਨੂੰ ਨਾਲ ਨਹੀਂ ਲੈ ਕੇ ਗਏ ਔਰ ਉਨ੍ਹਾਂ ਨੇ ਸ਼ੁਰੂ ਤੋਂ ਹੀ ਅਕਾਰਡ ਦੀ ਮੁਖ਼ਾਲਫਤ ਕੀਤੀ ਕਿ ਸਾਨੂੰ ਕਾਨਫੀਡੈਂਸ ਵਿਚ ਨਹੀਂ ਲਿਆ। ਇਹ ਬਲਵੰਤ ਸਿੰਘ ਹੋਰੀਂ ਹੁਸ਼ਿਆਰ ਹਨ ਉਨ੍ਹਾਂ ਨੂੰ ਨਹੀਂ ਲੈ ਕੇ ਗਏ, ਹੋਰਾਂ ਨੂੰ ਲੈ ਗਏ। ਇਨ੍ਹਾਂ ਦੇ ਸਾਰੇ ਇਸ ਝਗੜੇ ਨੂੰ ਅਸੀਂ ਦੇਖਿਆ ਤੁਸੀਂ ਦੇਖਿਆ ਕਿ ਕਾਂਗਰਸ (ਆਈ) ਨੇ ਤਾਂ ਇਨ੍ਹਾਂ ਨੂੰ ਇਕੱਠੇ ਰੱਖਣ ਲਈ ਬਹੁਤ ਸਮਾਂ ਦਿੱਤਾ ਹੈ ਔਰ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜੀ, ਜਿਹੜੇ ਇਸ ਹਿੰਦੁਸਤਾਨ ਨੂੰ 21ਵੀਂ ਸਦੀ ਵਿਚ ਦੁਨੀਆਂ ਦਾ ਸਭ ਤੋਂ ਅਗਾਂਹ ਵਧੂ ਦੇਸ਼ ਬਣਾਉਣਾ ਚਾਹੁੰਦੇ ਹਨ ਉਹ ਚਾਹੁੰਦੇ ਹਨ ਕਿ ਦੇਸ਼ ਅਗਾਂਹ ਵੱਧੇ, ਪੰਜਾਬ ਵਿਚੋਂ ਬਿਟਰਨੈਸ ਖਤਮ ਹੋਵੇ ਔਰ ਇਸ ਕਰਕੇ 73 ਸੀਟਾਂ ਇਨ੍ਹਾਂ ਭਰਾਵਾਂ ਨੂੰ ਦਿੱਤੀਆਂ। ਉਸ ਪਿੱਛੇ ਲੌਂਗੋਵਾਲ ਜੀ ਦੀ ਸ਼ਹਾਦਤ ਹੈ। ਉਨ੍ਹਾਂ ਦੀ ਇੱਛਾ ਸੀ ਕਿ ਪੰਜਾਬ ਵਿਚ ਖੁਸ਼ਹਾਲੀ ਆਵੇ, ਉਸ ਦੇ ਵਾਸਤੇ ਉਨ੍ਹਾਂ ਨੇ ਆਪਣਾ ਖੂਨ ਡੋਲ੍ਹਿਆ, ਆਪਣੀ ਕੁਰਬਾਨੀ ਦਿੱਤੀ। ਇਸ ਵਿਚ ਕੋਈ ਸ਼ੱਕ ਨਹੀਂ। ਸਰਦਾਰ ਪਾਂਧੀ ਸਾਹਿਬ ਦਾ ਬਿਆਨ ਸੀ, ਉਹ ਅਕਲਮੰਦ ਹਨ, ਸਮਝਦਾਰ ਹਨ ਕਿ ਅਕਾਲੀਆਂ ਨੂੰ ਰਾਜ ਲੈਣਾ ਆਉਂਦਾ ਹੈ, ਕਰਨਾ ਨਹੀਂ ਆਉਂਦਾ। ਸਿੱਖ ਸਾਈਕੀ ਦਾ ਬੜਾ ਜ਼ਿਕਰ ਆਇਆ। ਮੈਂ ਰੀਪੀਟ ਨਹੀਂ ਕਰਦਾ। ਸਿੱਖ ਸੀਈਕੀ ਦੀ ਸਰਕਾਰ ਹੈ। ਸਾਡੇ ਪ੍ਰਧਾਨ ਮੰਤਰੀ ਜੀ ਨੇ ਕਿਹਾ ਕਿ ਇਨ੍ਹਾਂ ਦਾ ਝਗੜਾ ਹੈ, 26/27 ਇਧਰ ਹਨ, 25/26 ਉਧਰ ਹਨ, ਤਾਂ ਰਾਜੀਵ ਗਾਂਧੀ ਜੀ ਨੇ ਕਿਹਾ ਕਿ ਬਰਨਾਲਾ ਸਰਕਾਰ ਗਿਰਨੀ ਨਹੀਂ ਚਾਹੀਦੀ ਔਰ ਕਾਂਗਰਸ ਵਾਲਿਆਂ ਨੂੰ ਉਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ। (ਥੰਪਿੰਗ) ਇਸ ਕਰਕੇ ਪੰਜਾਬ ਦੇ ਸਿੱਖ ਸਾਈਕੀ ਨੂੰ ਇਹ ਖਿਆਲ ਨਾ ਹੋਵੇ, ਪੰਜਾਬ ਦੀਆਂ ਸਿੱਖ ਸੰਗਤਾਂ ਇਹ ਮਹਿਸੂਸ ਨਾ ਕਰਨ ਕਿ 73 ਮੈਂਬਰ ਬਣ ਗਏ ਸਨ ਪਰ ਸੈਂਟਰ ਦੀ ਸਰਕਾਰ ਨੇ ਉਨ੍ਹਾਂ ਨੂੰ ਦਬਾ-ਸ਼ੱਟ ਤੋੜ ਕੇ ਰੱਖ ਦਿੱਤਾ ਹੈ। ਉਨ੍ਹਾਂ ਜਜ਼ਬਾਤ ਨੂੰ ਸਮਝਦੇ ਹੋਏ, ਪੰਜਾਬ ਵਿਚ ਸ਼ਾਂਤੀ ਆਵੇ ਇਹ ਚਾਹੁੰਦੇ ਹੋਏ, ਇਹ ਸੋਚ ਕੇ ਕਿ ਜਿਹੜੀ ਬਿਟਰਨੈਸ ਆਈ ਹੈ, ਚਾਹੇ ਉਹ ਬਲਿਊ ਸਟਾਰ ਉਪ੍ਰੇਸ਼ਨ ਤੋਂ ਬਾਅਦ ਆਈ ਹੈ ਔਰ ਚਾਹੇ ਰਾਇਟਸ ਵਿਚ ਆਈ ਹੈ, ਇਹ ਕਦਮ ਉਠਾਇਆ ਹੈ। 700 ਕਤਲ ਹੋਏ ਹਨ, ਉਨ੍ਹਾਂ ਵਿਚ ਹਿੰਦੂ ਵੀ, ਸਿੱਖ ਵੀ ਹਨ, ਕਰਮਚਾਰੀ ਵੀ ਹਨ, ਟੀਚਰਜ਼ ਵੀ ਹਨ ਔਰ ਅਫਸਰ ਵੀ ਹਨ। ਉਹ ਸਾਰੀਆਂ ਘਟਨਾਵਾਂ, ਸਪੀਕਰ ਸਾਹਿਬ, ਪੰਜਾਬ ਵਿਚ ਹੋ ਰਹੀਆਂ ਹਨ ਔਰ ਅੱਜ ਅਸੀਂ ਬੈਠੇ ਹਾਂ ਕਿ ਇਹ ਚਿੰਤਾ ਕਿਸ ਤਰ੍ਹਾਂ ਦੂਰ ਹੋਵੇ। ਕਿਸੇ ਦਾ ਸੁਹਾਗ ਨਾ ਉਜੜੇ, ਬੈਂਕ ਲੁਟਿਆ ਨਾ ਜਾਵੇ, ਸਿੱਖ ਭਰਾਵਾਂ ਵਿਚ ਜੋ ਬਿਟਰਨੈਸ ਹੈ, ਹਿੰਦੂ ਭਰਾਵਾਂ ਵਿਚ ਗੁੱਸਾ ਹੈ, ਉਹ ਖਤਮ ਹੋ ਜਾਵੇ। ਇਹ ਸੋਚਣ ਵਾਸਤੇ ਇਥੇ ਬੈਠੇ ਹਾਂ। ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲੀ ਸੁਜੈਸ਼ਨ ਬਾਰੇ ਕਹਾਂਗਾ ਕਿ ਬਿਟਰਨੈਸ ਹਿੰਦੂਆਂ ਵਲੋਂ, ਸਿੱਖ ਭਰਾਵਾਂ ਵਿਚੋਂ ਦੂਰ ਕਰਨ ਦੀ ਜ਼ਿਮੇ-ਵਾਰੀ ਅਸੀਂ ਸਾਰੇ ਚੁੱਕੀਏ। ਇਮਾਨਦਾਰੀ ਨਾਲ ਚੁੱਕੀਏ ਤਾਕਿ ਇਹ ਦੂਰ ਹੋ ਸਕੇ। ਪਰ ਵੇਖਿਆ ਗਿਆ ਹੈ ਕਿ ਅਮਨ ਕਮੇਟੀਆਂ ਦੀਆਂ ਮੀਟਿੰਗਾਂ ਹੁੰਦੀਆਂ ਹਨ, ਅਮਨ ਕਮੇਟੀ ਦੀ ਮੀਟਿੰਗ ਮੁੱਖ ਮੰਤਰੀ ਜੀ ਬੁਲਾਉਂਦੇ ਹਨ ਪਰ ਉਹ ਬਣ ਜਾਂਦੀ ਹੈ ਸਿਆਸੀ ਡਿਬੇਟ। ਡੀ.ਸੀਜ਼ ਵੀ ਮੀਟਿੰਗਾਂ ਬੁਲਾਉਂਦੇ ਹਨ। ਉਥੇ ਵੀ ਇਹੋ ਹੀ ਹੁੰਦਾ ਹੈ। ਅਕਾਲੀ ਵੀਰ ਕਹਿੰਦੇ ਹਨ ਸਮਝੌਤਾ ਪੂਰਾ ਹੁੰਦਾ ਨਹੀਂ ਹੈ, ਚਾਹੇ 8 ਕਲਾਜ਼ਾਂ ਹੋ ਗਈਆਂ ਹਨ। (ਵਿਘਨ) ਫਿਰ ਦੂਸਰੇ ਪਾਸਿਉਂ ਇਹ ਕਿਹਾ ਜਾਂਦਾ ਹੈ ਕਿ ਮਸਲਾ ਲਾਅ ਐਂਡ ਆਰਡਰ ਦਾ ਹੈ ਹੋਰ ਨਹੀਂ। ਤੀਸਰਾ ਕਹਿੰਦਾ ਹੈ ਕਿ ਫਲਾਣੀ

[ਡਾਕਟਰ ਕੇਵਲ ਕ੍ਰਿਸ਼ਨ]

ਘਟਨਾ ਹੋ ਗਈ ਹੈ, ਫਲਾਣੇ ਨੇ ਇਹ ਕੀਤਾ ਹੈ। ਇਸ ਤਰ੍ਹਾਂ ਦੀ ਡਿਬੇਟ ਬਣ ਜਾਂਦੀ ਹੈ। ਸਿਵਾਏ ਸਿਆਸੀ ਦੇ ਹੋਰ ਕੋਈ ਸੁਝਾਓ ਉਥੇ ਨਹੀਂ ਦੇਵੇਗਾ, ਇਸ ਲਈ ਮੈਂ ਸੁਝਾਓ ਦੇਵਾਂਗਾ ਕਿ ਪਹਿਲਾਂ ਸਿਆਸੀ ਪਾਰਟੀਆਂ, ਸਮਾਜਕ ਪਾਰਟੀਆਂ, ਧਾਰਮਿਕ ਜਥੇਬੰਦੀਆਂ ਕੋਡ ਆਫ ਕਾਂਡਕਟ ਬਣਾਉਣ। ਧਰਮਾਂ ਦੇ ਬੰਧਨਾਂ ਤੋਂ ਦੂਰ ਹਟ ਕੇ, ਸਿਆਸਤ ਤੋਂ ਦੂਰ ਹਟ ਕੇ ਪੰਜਾਬ ਵਿਚ ਜਲ ਰਹੀ ਅੱਗ ਨੂੰ ਬੁਝਾਉਣ ਵਾਸਤੇ ਅੱਗੇ ਵਧਣਾ ਹੈ ਤਾਕਿ ਪੰਜਾਬ ਵਿਚ ਅਮਨ ਹੋਵੇ ਔਰ ਉਸ ਦੇ ਨਾਲ ਮੈਂ ਜ਼ਰੂਰ ਕਹਾਂਗਾ ਕਿ ਉਸ ਦੇ ਵਿਚ ਜੋ ਫਿਰਕਾਪ੍ਰਸਤੀ ਦਾ ਨਜ਼ਰੀਆ ਹੈ ਉਹ ਛਡਣਾ ਪਵੇਗਾ।

ਮੈਂ ਤਾਰੀਫ ਕਰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਸਾਨੂੰ ਖਾਲਿਸਤਾਨ ਨਹੀਂ ਚਾਹੀਦਾ। ਇਹ ਜਿਹੜੀ ਚੀਜ਼ ਸੀ ਸਭ ਤੋਂ ਪਹਿਲਾਂ ਸੰਤ ਲੌਂਗੋਵਾਲ ਜੀ ਨੇ ਕਹੀ ਔਰ ਫਿਰ ਸਾਰਿਆਂ ਨੇ ਕਹੀ ਹੈ, ਅਸੀਂ ਸਵਾਗਤ ਕਰਦੇ ਹਾਂ। ਵੱਖਵਾਦ ਦਾ ਜ਼ਹਿਰ ਜੋ ਹੈ, ਇਸ ਦਾ ਬਹੁਤ ਵੱਡਾ ਹਮਲਾ ਪੰਜਾਬ ਤੇ ਨਹੀਂ ਬਲਕਿ ਹਿੰਦੁਸਤਾਨ ਵਿਚ ਹੋਇਆ ਹੈ। ਦੋਵੇਂ ਅਕਾਲੀ ਪਾਰਟੀਜ਼ ਇਕੱਠੇ ਹੋ ਕੇ ਚਾਹੁੰ-ਦੀਆਂ ਹਨ ਕਿ ਮੁਕਾਬਲਾ ਇਸ ਦਾ ਕਰਨਾ ਚਾਹੀਦਾ ਹੈ। ਧਰਮ ਸਥਾਨ ਤੇ ਕੋਈ ਜਾਵੇ, ਉਹ ਉਥੇ ਪੂਜਾ ਕਰੇ, ਮੰਦਰ ਵਿਚ ਜਾਵੇ, ਰਹੇ, ਪੂਜਾ ਕਰੇ ਪਰ ਜੇਕਰ ਮੰਦਰ ਦਾ ਪੁਜਾਰੀ, ਮੰਦਰ ਵਿਚ ਕੋਈ ਗਲਤ ਆਦਮੀ ਆ ਜਾਵੇ, ਤੇ ਉਸ ਦੀ ਮਦਦ ਕਰੇ ਤਾਂ ਮੈਂ ਸਮਝਦਾ ਹਾਂ ਕਿ ਉਹ ਪੂਜਾ ਦਾ ਸਥਾਨ ਪਵਿੱਤਰ ਨਹੀਂ ਰਹਿ ਜਾਂਦਾ। ਪਵਿੱਤਰਤਾ ਤਾਂ ਰਹਿੰਦੀ ਹੈ ਜੇਕਰ ਨੇਕ ਆਦਮੀ ਉਥੇ ਆਉਣ, ਪੂਜਾ ਕੋਰਨ, ਸ਼ਰਨ ਲੈਣ ਤਾਂ ਠੀਕ ਹੈ ਪਰ ਜੇਕਰ ਉਹ ਅੱਡਾ ਹਥਿਆਰਾਂ ਦਾ ਬਣ ਜਾਵੇ, ਜੇਕਰ ਉਹ ਸਥਾਨ ਅਪਵਿੱਤਰ ਹੋ ਜਾਵੇ ਤਾਂ ਠੀਕ ਨਹੀਂ ਹੈ। ਮੈਂ ਸਮਝਦਾ ਹਾਂ ਕਿ ਬਰਨਾਲਾ ਸਾਹਿਬ ਨੇ ਜੁਰੱਤ ਕਰਕੇ ਉਹ ਧਰਮ ਸਥਾਨ ਖਾਲੀ ਕਰਵਾਇਆ ਹੈ। (ਥੰਪਿੰਗ) ਧਰਮ ਸਥਾਨ ਨੂੰ ਕੋਈ ਅਜਿਹੀ ਜਗਾਹ ਨਹੀਂ ਬਣਾਉਣੀ ਚਾਹੀਦੀ ਜਿਸ ਨਾਲ ਉਹ ਅਪਵਿੱਤਰ ਹੁੰਦਾ ਹੋਵੇ। ਇਨ੍ਹਾਂ ਨੇ ਜੁਰੱਤ ਨਾਲ ਇਹ ਕੰਮ ਕੀਤਾ ਹੈ। ਦੋਨਾਂ ਪਾਰਟੀਆਂ ਨੇ ਅੱਤਵਾਦ ਤੇ ਵੱਖਵਾਦ ਦੀ ਨਿੰਦਾ ਕੀਤੀ ਹੈ, ਔਰ ਜੋ ਘਟਨਾਵਾਂ ਇਥੇ ਹੋਈਆਂ ਉਨ੍ਹਾਂ ਦੀ ਨਿੰਦਾ ਕੀਤੀ ਹੈ। ਜਦੋਂ ਦੋਨਾਂ ਦਾ ਇਹੋ ਆਦਰਸ਼ ਹੋਵੇ, ਦੋਨਾਂ ਦੇ ਸਾਹਮਣੇ ਇਹ ਆਦਰਸ਼ ਹੋਵੇ ਤਾਂ ਮੈਂ ਜਾਨਣਾ ਚਾਹਵਾਂਗਾ ਕਿ ਅੜੱਚਣ ਕੀ ਹੈ, ਪੰਜਾਬ ਦੀ ਹਾਲਤ ਠੀਕ ਕਰਨ ਵਾਸਤੇ ? ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ, ਬਰਨਾਲਾ ਸਰਕਾਰ ਨੂੰ ਛੇ ਮਹੀਨੇ ਸਾਡੀ ਸਪੋਰਟ ਮਿਲੀ ਹੈ। (ਵਿਘਨ) ਸਾਡੀ ਸਪੋਰਟ ਮੈਂ ਇਸ ਕਰਕੇ ਕਹਿੰਦਾ ਹਾਂ ਕਿ ਉਹ ਕਹਿੰਦੇ ਹਨ ਕਿ ਅਸੀਂ ਤਾਂ ਸਪੋਰਟ ਮੰਗਦੇ ਨਹੀਂ। ਲੋਕ ਸਾਨੂੰ ਕਹਿੰਦੇ ਹਨ ਕਿ ਕਾਂਗਰਸੀਓ, ਤੁਸੀਂ ਇਹ ਕੰਮ ਕਰਾਉਂਦੇ ਹੋ, ਤੁਹਾਡੇ ਹੱਥ ਖੂਨ ਨਾਲ ਰੰਗੇ ਹੋਏ ਹਨ। ਜਦੋਂ ਤੁਹਾਨੂੰ ਆਪੋਜ਼ੀਸ਼ਨ ਵਿਚ ਬਿਠਾਇਆ ਸੀ ਤੁਸੀਂ ਆਪੋਜ਼ੀਸ਼ਨ ਕਰਦੇ, ਤੁਸੀਂ ਮੱਦਦ ਕਰ ਰਹੇ ਹੋ ਸਾਨੂੰ ਮੁਜਰਮ ਠਹਿਰਾਉਂਦੇ ਹਨ। ਸਾਡੀ ਪੁਜ਼ੀਸ਼ਨ ਜਿਹੜੀ ਹੈ ਉਹ ਇਹ ਹੈ। ਦੋਨੋਂ ਇਹ ਇਕੱਠੇ ਹੋ ਜਾਣ, ਸਾਨੂੰ ਖੁਸ਼ੀ ਹੈ। ਅਸੀਂ ਬਤੌਰ ਆਪੋਜ਼ੀਸ਼ਨ ਪਾਰਟੀ ਦੇ ਨੁਕਤਾਚੀਨੀ ਕਰਾਂਗੇ, ਜਵਾਬਦੇਹ ਹੋਵਾਂਗੇ। ਲੋਕਾਂ ਦੇ ਸਾਹਮਣੇ ਅਸੀਂ ਕਹਾਂਗੇ ਕਿ ਇਨ੍ਹਾਂ ਨੇ ਇਹ ਚੀਜ਼ਾਂ ਕੀਤੀਆਂ ਹਨ ਲੇਕਿਨ ਸਾਡੇ ਲਈ ਮੈਂ ਸਮਝਦਾ ਹਾਂ ਕਿ ਮੁਸ਼ਕਿਲ ਹੈ, ਇਨ੍ਹਾਂ ਨੂੰ ਇਕੱਠੇ ਕਰਨ ਵਾਸਤੇ, ਆਪਣੀ ਕੁਰਬਾਨੀ ਕਰ ਰਹੇ ਹਾਂ ਔਰ ਲੋਕਾਂ ਦੀਆਂ ਅੱਖਾਂ ਵਿਚ ਮੁਜਰਮ ਹਾਂ। (ਵਿਘਨ) ਮੇਰਾ ਕਹਿਣਾ ਹੈ, ਜਦੋਂ ਖਿਆਲਾਤ ਮਿਲਦੇ ਹਨ ਫਿਰ ਲੜਾਈ ਕੁਰਸੀ ਦੀ ਹੈ ? ਬਰਨਾਲਾ ਸਾਹਿਬ ਹਟ ਜਾਣ ਤਾਂ ਸੁਲਾਹ ਹੋ ਜਾਂਦੀ ਹੈ ਪਰ ਇਹ ਇਨ੍ਹਾਂ ਦੀ ਪਾਰਟੀ ਨੇ ਆਪ ਵੇਖਣਾ ਹੈ ਕਿ ਕੀ ਹੈ। ਕੁਰਸੀ ਦੀ ਲੜਾਈ ਤੋਂ ਇਸ ਤਰ੍ਹਾਂ ਲਗਦਾ ਹੈ—

"ਮਰਜ਼ ਕੇ ਮੁੱਖ ਮੰਤਰੀ ਬੈਠੇ ਹੈਂ ਬਰਨਾਲਾ ਜੀ,
ਮਰਜ਼ ਬੜ੍ਹਤਾ ਗਿਆ ਜੂੰ ਜੂੰ ਦਵਾ ਕੀ।" (ਹਾਸਾ)

ਅੱਜ ਸਟੇਟ ਦੀ ਜਿਹੜੀ ਸਰਕਾਰ ਹੈ, ਬਰਨਾਲਾ ਸਾਹਿਬ ਦੀ ਜਿਹੜੀ ਸਰਕਾਰ ਹੈ ਇਹ ਆਪ ਵੀ ਅਤੇ ਇਨ੍ਹਾਂ ਦੇ ਵਜ਼ੀਰ ਵੀ ਅੱਜ ਉਹ ਗੱਲ ਆਪਣੀ ਭੁਲ ਗਏ ਹਨ ਜਿਹੜੀ ਇਨ੍ਹਾਂ ਨੇ ਕਸਮ ਖਾਧੀ ਸੀ ਵਜ਼ੀਰ ਬਣਨ ਵੇਲੇ ਕਿ ਅਸੀਂ ਕਾਂਸਟੀਚਿਊਸ਼ਨ ਦੀ ਰਾਖੀ ਕਰਾਂਗੇ ਐਰ ਗੌਰਮਿੰਟ ਦੀ ਜ਼ਿਮੇਵਾਰੀ ਨੂੰ ਪੂਰੀ ਤਰ੍ਹਾਂ ਨਾਲ ਨਿਭਾਵਾਂਗੇ। ਗੌਰਮਿੰਟ ਦੀ ਜ਼ਿਮੇਵਾਰੀ ਹੈ ਕਿ ਜਾਨ ਮਾਲ ਦੀ ਹਿਫਾਜ਼ਤ ਕਰਨੀ ਹੈ। ਕਾਂਸਟੀਚਿਊਸ਼ਨ ਦਾ ਅਰਟੀਕਲ 21 ਇਹ ਕਹਿੰਦਾ ਹੈ ਕਿ ਸਰਕਾਰ ਦੀ ਇਹ ਜ਼ਿਮੇਵਾਰੀ ਹੈ। ਇਨ੍ਹਾਂ ਨੇ ਇਹ ਹਲਫ਼ ਵੀ ਲਿਆ ਸੀ ਕਿ ਅਸੀਂ ਨਿਰਪੱਖ ਹੋ ਕੇ, ਧਰਮ, ਮਜ਼ਹਬ, ਰਿਸ਼ਤੇਦਾਰੀ ਸਭ ਤੋਂ ਨਿਰਪੱਖ ਹੋ ਕੇ ਪੰਜਬ ਦੇ ਲੋਕਾਂ ਦੀ ਰਾਖੀ ਕਰਾਂਗੇ। ਪਰ ਅੱਜ ਇਹ ਗੱਲ ਪੰਜਾਬ ਦੀ ਹਰ ਜ਼ਬਾਨ ਤੇ ਹੈ ਕਿ ਇਹ ਪੰਥਕ ਸਰਕਾਰ ਹੈ ਐਰ ਇਹ ਸਰਕਾਰ ਆਪ ਵੀ ਕਹਿੰਦੀ ਹੈ ਕਿ ਅਸੀਂ ਪੰਥਕ ਸਰਕਾਰ ਹਾਂ। ਇਸ ਤਰ੍ਹਾਂ ਨਾਲ ਤਾਂ ਸਿਰਫ਼ ਇਕ ਧਰਮ ਨੂੰ ਬੜ੍ਹਾਵਾ ਦੇਣਾ ਹੈ। ਪੰਜਾਬ ਨੂੰ ਬੜ੍ਹਾਵਾ ਨਹੀਂ ਦੇਣਾ, ਇਨ੍ਹਾਂ ਨੇ ਪੰਥਕ ਦਾ ਨਾਅਰਾ ਦੇਕੇ ਪੰਥ ਦੀ ਸੇਵਾ ਹੀ ਕਰਨੀ ਹੈ। ਜਦੋਂ ਇਹ ਸਰਕਾਰ ਬਣੀ ਸੀ ਤਾਂ ਇਹ ਸਰਕਾਰ ਪੰਜਾਬੀਆਂ ਦੀ ਸੀ ਕਿਸੇ ਇਕ ਪੰਥ ਦੀ ਨਹੀਂ ਸੀ। ਪਰ ਅੱਜ ਪੰਥਕ ਸਰਕਾਰ ਤੇ ਇਲਜ਼ਾਮ ਲਗ ਰਹੇ ਹਨ। ਸਾਡੇ ਐਫ.ਐਮ. ਸਾਹਿਬ ਵੀ ਇਹ ਕਹਿੰਦੇ ਹਨ ਕਿ ਕੋਰੀਡੋਰ ਬਣਨੇ ਚਾਹੀਦੇ ਹਨ ਜਿਹੜੇ ਬਾਹਰ ਤੋਂ ਆਉਂਦੇ ਹਨ ਉਥੇ ਰਖਣੇ ਚਾਹੀਦੇ ਹਨ ਐਰ ਦੂਜੇ ਪਾਸੇ ਜ਼ੋਰ ਨਾਲ ਕਿਹਾ ਜਾਂਦਾ ਹੈ ਕਿ ਪਾਕਿਸਤਾਨ ਦਖਲ ਦੇ ਰਿਹਾ ਹੈ, ਪਾਕਿਸਤਾਨ ਵਿਚ 26 ਟਰੇਨਿੰਗ ਸੈਂਟਰਜ਼ ਹਨ ਜਿਥੋਂ ਟਰੇਨਿੰਗ ਲੈਕੇ ਇਥੇ ਆਉਂਦੇ ਹਨ। ਫਿਰ ਜੋ ਮੌਜੂਦਾ ਸਿਕਓਰਿਟੀ ਫੋਰਸਿਜ਼ ਉਨ੍ਹਾਂ ਦਾ ਮੁਕਾਬਲਾ ਕਰਦੀਆਂ ਹਨ ਤਾਂ ਇਸ ਵਾਸਤੇ ਇਨ੍ਹਾਂ ਦੇ ਮਨਿਸਟਰ ਵੱਖ ਵੱਖ ਬਿਆਨ ਦਿੰਦੇ ਹਨ ਐਰ ਬਰਨਾਲਾ ਸਾਹਿਬ ਅਰਾਮ ਨਾਲ ਸੁਣਦੇ ਹਨ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਹੁਣ ਬੈਠੋ। ਬਹੁਤ ਹੋ ਗਿਆ ਹੈ।

ਡਾਕਟਰ ਕੇਵਲ ਕ੍ਰਿਸ਼ਨ : ਅੰਤ ਵਿਚ ਮੈਂ ਇਹ ਜ਼ਰੂਰ ਕਹਾਂਗਾ ਕਿ ਬਰਨਾਲਾ ਸਾਹਿਬ ਨੂੰ ਆਪਣੇ ਹਾਊਸ ਨੂੰ ਠੀਕ ਕਰਨਾ ਚਾਹੀਦਾ ਹੈ, ਆਪਣੇ ਹਾਊਸ ਨੂੰ ਆਰਡਰ ਵਿਚ ਰਖਣਾ ਚਾਹੀਦਾ ਹੈ। ਵੱਖਰੀਆਂ ਵੱਖਰੀਆਂ ਬੋਲੀਆਂ ਨਹੀਂ ਬੋਲਣੀਆਂ ਚਾਹੀਦੀਆਂ। ਪਰ ਇਨ੍ਹਾਂ ਦੀ ਸਰਕਾਰ ਨੇ ਇਕ ਸੁਗਾਤ ਦਿੱਤੀ ਹੈ ਉਹ ਸੁਗਾਤ ਹੈ ਮਾਈਗਰੇਸ਼ਨ ਦੀ। ਸੈਂਕੜੇ ਹਜ਼ਾਰਾਂ ਟੱਬਰ ਜਿਹੜੇ ਸੈਂਕੜੇ ਸਾਲਾਂ ਤੋਂ ਇਥੇ ਰਹਿ ਰਹੇ ਸਨ ਉਹ ਇਥੋਂ ਚਲੇ ਗਏ ਹਨ। ਇਸ ਨੂੰ ਰੋਕਣ ਦਾ ਕੋਈ ਉਪਰਾਲਾ ਨਹੀਂ ਕੀਤਾ ਗਿਆ ਐਰ ਜਿਹੜੇ ਆ ਰਹੇ ਹਨ ਮੈਂ ਸਮਝਦਾ ਹਾਂ ਕਿ ਆਇਆਂ ਨੂੰ ਸ਼ਰਨ ਜ਼ਰੂਰ ਦੇਣੀ ਚਾਹੀਦੀ ਹੈ ਪਰ ਬਿਨਾਂ ਸੋਚੇ ਸਮਝੇ ਨਹੀਂ। 1984 ਵਾਲੇ ਰਾਇਟਸ ਦੀ ਰਜਿਸਟਰੇਸ਼ਨ ਵੀ ਹੋ ਰਹੀ ਹੈ। ਪਰ ਉਨ੍ਹਾਂ ਤੋਂ ਇਲਾਵਾ 24--26 ਹਜ਼ਾਰ ਫੈਮਿਲੀਜ਼ ਆ ਢੁੱਕੀਆਂ ਹਨ। ਹੁਣ ਤੁਸੀਂ, ਸਪੀਕਰ ਸਾਹਿਬ, ਆਪ ਦਸੋ ਕਿ ਪੰਜਾਬ ਦੀ ਹਾਲਤ ਕਿਵੇਂ ਸੁਧਰੇਗੀ ?

EXTENSION OF TIME OF THE SITTING

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਬੈਠੋ ਬਹੁਤ ਸਮਾਂ ਹੋ ਗਿਆ ਹੈ। 4 ਵਜੇ ਤਕ ਹਾਊਸ ਦੇ ਸਮੇਂ ਦੀ ਪਰਵਾਨਗੀ ਸੀ ਇਸ ਮਸਲੇ ਤੇ ਡੀਬੇਟ ਕਰਨ ਲਈ। ਕਿਉਂਕਿ ਅੱਧਾ ਘੰਟਾ ਸੀ.ਐਮ. ਸਾਹਿਬ ਨੇ ਵੀ ਬੋਲਣਾ ਹੈ, Please conclude your speech ਇਕ ਮਿੰਟ ਵਿਚ ਖਤਮ ਕਰ ਦਿਓ। ਮੈਂ ਬੇਨਤੀ ਕਰਾਂਗਾ ਕਿ ਅਗਰ ਹਾਊਸ ਦੀ ਮਰਜ਼ੀ ਹੋਵੇ ਤਾਂ ਅੱਧਾ ਘੰਟਾ ਸਮਾਂ ਹੋਰ ਵਧਾ ਲਿਆ ਜਾਵੇ ?

(**ਆਵਾਜ਼ਾਂ :** ਹਾਂ ਜੀ, ਹਾਂ ਜੀ।)

Mr. Speaker : The time of the sitting of the House is extended upto 4.30 P.M.

ਪੰਡਿਤ ਮੋਹਨ ਲਾਲ : ਮੈਡਮ ਨੇ ਵੀ ਹਾਲੇ ਬੋਲਣਾ ਹੈ। ਹਾਊਸ ਦਾ ਸਮਾਂ 45 ਮਿੰਟ ਲਈ ਵਧਾ ਦਿਓ।

ਸ੍ਰੀ ਸਪੀਕਰ : ਮੈਂ ਉਨ੍ਹਾਂ ਨੂੰ ਪਹਿਲਾਂ ਕਿਹਾ ਸੀ ਕਿ ਬੋਲ ਲਓ। ਉਹ ਨਹੀਂ ਬੋਲੇ। 3 ਮੈਂਬਰ ਤੁਹਾਡੇ ਬੋਲੇ ਹਨ, ਤਿੰਨ ਮੈਂਬਰ ਉਨ੍ਹਾਂ ਦੇ ਬੋਲੇ ਹਨ। ਹੁਣ ਅੱਧਾ ਘੰਟਾ ਹਾਊਸ ਦਾ ਸਮਾਂ ਵਧਾਇਆ ਹੈ। ਹੁਣ ਸੀ.ਐਮ. ਬੋਲਣਗੇ।

MOTION UNDER RULE 77—
DISCUSSIN ON LAW AND ORDER SITUATION
(Resumption)

ਡਾਕਟਰ ਕੇਵਲ ਕ੍ਰਿਸ਼ਨ : ਮੈਂ ਇਕ ਦੋ ਸੁਝਾਵ ਦੇਣਾ ਚਾਹਵਾਂਗਾ। ਅਕਾਰਡ ਤੇ ਅਮਲ ਕੀਤਾ ਜਾਵੇ, ਪੁਲਿਸ ਦੀ ਸਕਰੀਨਿੰਗ ਕੀਤੀ ਜਾਵੇ, ਜਿਹੜੀ ਲਾਇਸੈਂਸ ਦੇਣ ਦੀ ਡਿਫੈਕਟਿਵ ਪਾਲਿਸੀ ਹੈ ਉਸ ਨੂੰ ਠੀਕ ਕੀਤਾ ਜਾਵੇ ਔਰ ਜੇ ਕੋਈ ਨੈਗੋਸੀਏਸ਼ਨ ਕਰਕੇ ਗਲਬਾਤ ਬਣਦੀ ਹੈ ਤਾਂ ਜ਼ਰੂਰ ਕੀਤੀ ਜਾਵੇ। ਅਤਿਵਾਦ ਦੀ ਬੁਰਾਈ ਕਰਨੀ ਚਾਹੀਦੀ ਹੈ ਪਰ ਬੰਦਿਆਂ ਨਾਲ ਨਫ਼ਰਤ ਨਹੀਂ ਕਰਨੀ ਚਾਹੀਦੀ।

Mr. Speaker : Please conclude.

ਡਾਕਟਰ ਕੇਵਲ ਕ੍ਰਿਸ਼ਨ : ਕਮਿਸ਼ਨ ਦੇ ਫੈਸਲਿਆਂ ਦੀ ਰਿਜੈਕਸ਼ਨ ਜਿਹੜੀ ਹੈ ਇਹ ਬਹੁਤ ਖਤਰਨਾਕ ਚੀਜ਼ ਹੈ, ਆਖੀਰ ਵਿਚ ਮੈਂ ਇਹ ਕਹਿਣਾ ਚਾਹਵਾਂਗਾ......

ਸ੍ਰੀ ਸਪੀਕਰ : ਤੁਸੀਂ ਬੈਠ ਜਾਓ ਜੀ। ਤੁਹਾਡਾ ਸਮਾਂ ਹੋ ਗਿਆ ਹੈ।

ਡਾਕਟਰ ਕੇਵਲ ਕ੍ਰਿਸ਼ਨ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਿਹਾ ਜਾ ਰਿਹਾ ਹੈ ਇਹ ਰਿਕਾਰਡ ਨਾ ਕੀਤਾ ਜਾਵੇ। ਡਾਕਟਰ ਸਾਹਿਬ, ਰਿਕਾਰਡ ਨਹੀਂ ਹੋ ਰਿਹਾ।

(ਇਸ ਵੇਲੇ ਸਰਦਾਰਨੀ ਗੁਰਬਿੰਦਰ ਕੌਰ ਬਰਾੜ ਬੋਲਣ ਲਈ ਖੜੇ ਹੋਏ।)

ਸ੍ਰੀ ਸਪੀਕਰ : ਤੁਸੀਂ ਪੁਆਇੰਟ ਆਫ ਆਰਡਰ ਤੇ ਬੋਲਣਾ ਹੈ, ਬੋਲ ਲਓ। ਸਪੀਚ ਦਾ ਸਮਾਂ ਨਹੀਂ। ਮੈਂ ਤੁਹਾਨੂੰ ਟਾਈਮ ਦਿੱਤਾ ਸੀ ਬੋਲਣ ਲਈ, ਤੁਸੀਂ 'ਬੋਲੇ ਨਹੀਂ'। ਤੁਸੀਂ ਆਪਣਾ ਰਾਈਟ ਫੋਰਗੋ ਕਰ ਦਿੱਤਾ ਹੈ। ਹੁਣ ਸੀ.ਐਮ. ਸਾਹਿਬ ਬੋਲਣਗੇ। (ਵਿਘਨ) (ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਉਠ ਕੇ ਬੋਲਣ ਲਗ ਪਏ।) ਜਿਸ ਵੇਲੇ ਲੀਡਰ ਆਫ਼ ਦੀ ਹਾਊਸ ਬੋਲਣਾ ਸ਼ੁਰੂ ਕਰ ਦੇਣ, ਉਸ ਵੇਲੇ ਕੁਝ ਨਹੀਂ ਕਿਹਾ ਜਾ ਸਕਦਾ। ਸੀ.ਐਮ. ਸਾਹਿਬ ਬੋਲਣ ਲਈ ਖੜੇ ਹਨ। ... (ਵਿਘਨ)

**Not recorded as ordered by the Chair.

STATEMENT BY CHIEF MINISTER RE. HARASSMENT OF EMPLOYEES OF PUNJAB VIDHAN SABHA SECRETARIAT AND MALPRACTICIES BY THE POLICE PERSONNEL

Chief Minister (Sardar Surjit Singh Barnala): Sir, you had asked me to make a statement. I am making that statement.

In this regard, it is submitted that Secretary, Vidhan Sabha, brought to the notice of D.I.G. Security some cases of harassment of employees of Vidhan Sabha Secretariat and malpractices by the police personnel while carrying out security check. Matter has already been taken up with I.G. and S.P. /C.I.D. of the Union Territory who have been requested to look into the complaints and to take stern action against those found guilty. In fact, one official namely Ram Sarup, Sub-Inspector, C.I.D. has already been placed under suspension and further action in the matter is being initiated under the rules. On receipt of reference from the Hon'ble Speaker, I.G. Intelligence has been requested to finalise the enquiry in the matter early and initiate action against any official found guilty of harassment to the members of the staff of Punjab Vidhan Sabha or their families.

ਸ਼੍ਰੀ ਸਪੀਕਰ : ਜਿਹੜਾ ਮਾਮਲਾ ਢੀਂਡਸਾ ਸਾਹਿਬ ਨੇ ਉਠਾਇਆ ਸੀ, ਚੀਫ਼ ਮਨਿਸਟਰ ਸਾਹਿਬ ਦੇ ਜਵਾਬ ਤੋਂ ਉਹ ਸੰਤੁਸ਼ਟ ਹੋ ਗਏ ਹੋਣਗੇ।

MOTION UNDER RULE 77— DISCUSSION ON LAW AND ORDER SITUATION

(*Resumption*)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਤੁਸੀਂ ਹਾਊਸ ਅੱਧੇ ਘੰਟੇ ਲਈ ਐਕਸਟੈਂਡ ਕੀਤਾ ਹੈ। ਤੁਸੀਂ ਇਸ ਨੂੰ ਘੰਟੇ ਵਾਸਤੇ ਐਕਸਟੈਂਡ ਕਰ ਲਵੋ ਤਾਕਿ ਮੇਰੀ ਪਾਰਟੀ ਦੇ ਮੈਂਬਰਾਂ ਨੂੰ 5–5 ਮਿੰਟ ਮਿਲ ਜਾਣਗੇ।

ਸ਼੍ਰੀ ਸਪੀਕਰ : 40 ਮਿੰਟ ਕੈਪਟਨ ਸਾਹਿਬ ਨੇ ਲੈ ਲਏ ਸਨ ਅਤੇ 25 ਮਿੰਟ ਰਾਜਾ ਸਾਹਿਬ ਨੇ ਲਏ ਹਨ। ਤੁਹਾਨੂੰ ਪਹਿਲੇ ਹੀ ਕਾਫੀ ਟਾਈਮ ਮਿਲ ਚੁੱਕਾ ਹੈ। (ਸ਼ੋਰ)

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਮੈਂ ਇਥੇ ਇਕ ਗੱਲ ਹਾਊਸ ਵਿਚ ਕਹੀ ਸੀ ਕਿ ਲਾਅ ਐਂਡ ਆਰਡਰ ਉਤੇ ਡਿਸਕਸ਼ਨ ਕਰ ਲਵੋ। ਇਥੇ ਜ਼ਿਕਰ ਆਇਆ ਕਿ ਜੋ ਲੋਕ ਬਾਹਰ ਚਲੇ ਗਏ ਹਨ ਉਨ੍ਹਾਂ ਨੂੰ ਵਾਪਸ ਲਿਆਂਦਾ ਜਾਵੇ। ਇਸ ਦੇ ਲਈ ਹਾਊਸ ਦੇ ਮੈਂਬਰਾਂ ਦੀ ਇਕ ਕਮੇਟੀ ਬਣਾ ਦਿੱਤੀ ਗਈ ਜਿਹੜੀ ਕੋਸ਼ਿਸ਼ ਕਰੇਗੀ ਕਿ ਉਨ੍ਹਾਂ ਨੂੰ ਵਾਪਿਸ ਆਪਣੇ ਆਪਣੇ ਘਰਾਂ ਵਿਚ ਲਿਆਂਦਾ ਜਾਵੇ। ਦੂਜਾ ਇਹ ਕਮੇਟੀ ਨੀਅਤ ਕੀਤੀ ਹੈ ਇਸ ਦੀ ਪ੍ਰਵਾਨਗੀ ਲਈ ਆਪ ਅੱਗੇ ਪੇਸ਼ ਹੈ। ਇਸ ਦੇ ਮੈਂਬਰ ਇਸ ਤਰ੍ਹਾਂ ਹੋਣਗੇ — ਸਰਦਾਰ ਮੇਜਰ ਸਿੰਘ ਉਬੋਕੇ, ਮਾਲ ਮੰਤਰੀ ਜਿਹੜੇ ਇਸ ਕਮੇਟੀ ਦੇ ਇਨਚਾਰਜ ਹੋਣਗੇ, ਪ੍ਰੋਫੈਸਰ ਦਰਬਾਰੀ ਲਾਲ, ਸਰਦਾਰ ਕਿਰਪਾਲ ਸਿੰਘ ਢਿਲੋਂ, ਵੈਦ ਓਮ ਪ੍ਰਕਾਸ਼ ਦੱਤਾ, ਬੀ.ਜੇ. ਪੀ., ਸ਼੍ਰੀ ਰਾਮ ਕਿਸ਼ਨ ਕਟਾਰੀਆ, ਕੈਪਟਨ ਅਮਰਿੰਦਰ ਸਿੰਘ, ਸਰਦਾਰ ਕਿਰਪਾਲ ਸਿੰਘ, ਜਨਤਾ ਪਾਰਟੀ ਅਤੇ ਸ਼੍ਰੀ ਪ੍ਰੇਮ ਗੁਪਤਾ, ਰਾਜ ਮੰਤਰੀ, ਕਿਰਤ ਤੇ ਰੁਜ਼ਗਾਰ ਹੋਣਗੇ। ਇਸ ਕਮੇਟੀ ਦੀਆਂ ਜਿਹੜੀਆਂ ਮਾਡੈਲਟੀਜ਼, ਹੋਣਗੀਆਂ ਉਹ ਅਸੀਂ ਬਾਅਦ ਵਿਚ ਤਹਿ ਕਰ ਲਵਾਂਗੇ।

ਪੰਡਿਤ ਮੋਹਨ ਲਾਲ: ਸਪੀਕਰ ਸਾਹਿਬ, ਜੋ ਕਮੇਟੀ ਬਣਾਈ ਗਈ ਹੈ, ਇਸ ਸਿਲਸਿਲੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ। ਜਿਹੜੇ ਇੰਡੀਪੈਂਡੈਂਟ ਇਕ ਇਕ ਮੈਂਬਰ ਹਨ ਅਤੇ ਜਨਤਾ ਪਾਰਟੀ ਦਾ ਇਕ ਮੈਂਬਰ ਹੈ ਉਸ ਨੂੰ ਇਸ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ। ਉਨ੍ਹਾਂ ਨੂੰ ਓਵਰ ਰਿਪ੍ਰੇਜ਼ੈਂਟੇਸ਼ਨ ਦਿੱਤੀ ਜਾ ਰਹੀ ਹੈ। ਇਸ ਦੇ ਵਿਚ 2 ਇੰਡੀਪੈਂਡੈਂਟਸ ਹਨ ਅਤੇ ਇਕ ਜਨਤਾ ਪਾਰਟੀ ਦਾ ਮੈਂਬਰ ਹੈ। ਇਸ ਲਈ ਇਹ ਉਚਿਤ ਨਹੀਂ ਹੈ। ਇਸ ਦੇ ਵਿਚ ਪਾਰਟੀਆਂ ਨੂੰ ਪਰਾਪਰ ਰਿਪ੍ਰੇਜ਼ੈਂਟੇਸ਼ਨ ਦੇਣੀ ਚਾਹੀਦੀ ਹੈ।

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਮਿਸਿਜ਼ ਬਰਾੜ ਦੇ ਨਾਲ ਮਿਲ ਕੇ ਕਮੇਟੀ ਬਣਾਈ ਹੈ। ਬਾਕੀ ਤੁਸੀਂ ਜਿਸ ਨੂੰ ਮੈਂਬਰ ਬਣਾਉਣਾ ਚਾਹੁੰਦੇ ਹੋ, ਉਸ ਨੂੰ ਪਾ ਲੈਂਦੇ ਹਾਂ।

ਸ਼੍ਰੀ ਸ਼ਿਵ ਚੰਦ ਮਲੋਟ : ਸਪੀਕਰ ਸਾਹਿਬ, ਇਸ ਦੇ ਵਿਚ ਸ਼ਡਿਊਲਡ ਕਾਸਟਸ ਨੂੰ ਕੋਈ ਰਿਪ੍ਰੇਜ਼ੈਂਟੇਸ਼ਨ ਨਹੀਂ ਦਿੱਤੀ ਗਈ।

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਕਮੇਟੀ ਵਿਚ ਸ਼੍ਰੀ ਸ਼ਿਵ ਚੰਦ ਦਾ ਨਾਂ ਪਾ ਲੈਂਦੇ ਹਾਂ।

ਡਾਕਟਰ ਕੇਵਲ ਕ੍ਰਿਸ਼ਨ: ਸਪੀਕਰ ਸਾਹਿਬ, ਅੱਜ ਦੀ ਡੀਬੇਟ ਅਧੂਰੀ ਰਹੇਗੀ ਜੇਕਰ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਟਾਈਮ ਨਾ ਦਿੱਤਾ ਗਿਆ।

ਸ਼੍ਰੀ ਸਪੀਕਰ: ਮੇਰੀ ਦਿਲੀ ਇੱਛਾ ਸੀ ਮਿਸਿਜ਼ ਬਰਾੜ ਨੂੰ ਟਾਈਮ ਦੇਣ ਦੀ ਪਰ ਉਹ ਆਪ ਹੀ ਨਹੀਂ ਬੋਲੇ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ: ਸਪੀਕਰ ਸਾਹਿਬ, ਮੈਂ ਆਪਣਾ ਰਾਈਟ ਫੋਰਗੋ ਨਹੀਂ ਕੀਤਾ। ਕਿਉਂਕਿ ਪੰਡਿਤ ਜੀ ਅਤੇ ਡਾਕਟਰ ਸਾਹਿਬ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਤੁਅੱਲਕ ਰੱਖਦੇ ਹਨ ਇਸ ਲਈ ਉਨ੍ਹਾਂ ਨੂੰ ਪਹਿਲੇ ਬੋਲਣ ਦਾ ਮੌਕਾ ਦਿੱਤਾ ਸੀ। ਬਾਕੀ ਤੁਹਾਡੀ ਮਰਜ਼ੀ ਹੈ।

ਸ਼੍ਰੀ ਸਪੀਕਰ: ਹਾਊਸ ਦਾ ਟਾਈਮ ਅੱਧੇ ਘੰਟੇ ਲਈ ਐਕਸਟੈਂਡ ਕੀਤਾ ਹੈ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ: ਸਪੀਕਰ ਸਾਹਿਬ, ਤੁਸੀਂ ਹਾਊਸ ਨੂੰ ਹੋਰ ਅੱਧੇ ਘੰਟੇ ਲਈ ਐਕਸਟੈਂਡ ਕਰ ਲਵੋ।

ਮੁੱਖ ਮੰਤਰੀ: ਸਪੀਕਰ ਸਾਹਿਬ, ਕਾਫੀ ਤੱਤੀ ਡੀਬੇਟ ਅੱਜ ਹੋਈ ਹੈ। ਇਸ ਮਸਲੇ ਉੱਤੇ ਕਾਫੀ ਬਹਿਸ ਹੋਈ ਹੈ ਅਤੇ ਖੁਲ੍ਹ ਕੇ ਮੌਕਾ ਦਿੱਤਾ ਗਿਆ ਹੈ। ਮੈਂ ਉਸ ਦਿਨ ਬੇਨਤੀ ਕੀਤੀ ਸੀ ਕਿ ਮੈਂਬਰ ਸਾਹਿਬਾਨ ਨੂੰ ਅੱਛੇ ਸੁਝਾਅ ਦੇਣੇ ਚਾਹੀਦੇ ਹਨ। ਇਸ ਲਈ 2 ਦਿਨ ਦਾ ਗੈਪ ਸੀ ਤਾਕਿ ਅੱਛੇ ਸੁਝਾਅ ਆ ਸਕਣ। ਜਿਨ੍ਹਾਂ ਹਾਲਾਤ ਵਿਚ ਟੈਰੋਰਿਜ਼ਮ ਹੈ ਇਸ ਨੂੰ ਅਸੀਂ ਸਾਰੇ ਜਾਣਦੇ ਹਾਂ। ਕਈ ਨਿਰਦੋਸ਼ ਲੋਕ ਮਾਰੇ ਜਾਂਦੇ ਹਨ ਤੇ ਕਈਆਂ ਦੀ ਹੱਤਿਆ ਕੀਤੀ ਜਾਂਦੀ ਹੈ ਅਤੇ ਪੰਜਾਬ ਵਿਚ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਬਾਹਰ ਤੋਂ ਲੋਕ ਆਏ ਹਨ। ਇਸ ਬਾਰੇ ਸਾਨੂੰ ਕੀ ਕਰਨਾ ਚਾਹੀਦਾ ਹੈ? ਇਸ ਬਾਰੇ ਸਾਰੇ ਹਾਊਸ ਦੇ ਮੈਂਬਰਾਂ ਦੀ ਰਾਏ ਮੰਗੀ ਸੀ। ਇਸ ਡਿਸਕਸ਼ਨ ਵਿਚ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਮੌਕਾ ਦਿੱਤਾ ਗਿਆ ਲੇਕਿਨ ਕੋਈ ਕਨਕਰੀਟ ਸੁਝਾਅ ਨਹੀਂ ਆਇਆ। ਕੋਈ ਬਹੁਤੇ ਚੰਗੇ ਸੁਝਾਅ ਨਹੀਂ ਆਏ ਹਨ। ਇਹ ਮਸਲਾ ਕੇਵਲ ਪੰਜਾਬ ਦਾ ਹੀ ਮਸਲਾ

ਨਹੀਂ ਹੈ ਇਹ ਮਸਲਾ ਇਕ ਦੇਸ਼ ਦਾ ਮਸਲਾ ਬਣ ਗਿਆ ਹੈ। ਇਕ ਨੇਸ਼ਨ ਦਾ ਮਸਲਾ ਹੈ ਅਤੇ ਇਹ ਇਕ ਨੈਸ਼ਨਲ ਇਸ਼ੂ ਹੈ। ਅਸੀਂ ਇਥੇ ਲੜਾਈ ਲੜ ਰਹੇ ਹਾਂ। ਇਹ ਕੋਈ ਲੋਕਲ ਲੜਾਈ ਨਹੀਂ ਰਹੀ। ਇਹ ਇਕ ਅਸੀਂ ਨੈਸ਼ਨਲ ਫਾਈਟ ਕਰ ਰਹੇ ਹਾਂ। ਅਸੀਂ ਨੇਸ਼ਨ ਦੀ ਖਾਤਰ ਹੀ ਲੜ ਰਹੇ ਹਾਂ ਕਿਉਂਕਿ ਮਸਲਾ ਦੇਸ਼ ਨੂੰ ਟੋਟੇ ਟੋਟੇ ਕਰਨ ਦਾ ਹੋ ਗਿਆ ਹੈ। ਦੇਸ਼ ਦੀ ਏਕਤਾ ਨੂੰ ਖਤਮ ਕਰਨ ਦਾ ਹੋ ਗਿਆ ਹੈ। ਇਸ ਗੱਲ ਨੂੰ ਤੁਸੀਂ ਸਾਰੇ ਜਾਣਦੇ ਹੋ। ਪਾਰਲੀਮੈਂਟ ਵਿਚ ਵੀ ਇਹ ਮਸਲਾ ਉਠਿਆ, ਉਥੇ ਵੀ ਇਸ ਮਸਲੇ ਉਤੇ ਬਹਿਸ ਹੁੰਦੀ ਰਹੀ। ਉਥੇ ਗਿਲਾ ਕੀਤਾ ਗਿਆ ਪਰ ਕੋਈ ਚੰਗਾ ਸੁਝਾਅ ਨਹੀਂ ਦੇ ਸਕੇ। ਕਾਫੀ ਵੱਡੀ ਕਾਂਸਟੀਚਿਊਐਂਸੀ ਨੂੰ ਰਿਪ੍ਰੇਜ਼ੈਂਟ ਕਰਦੇ ਸਨ ਅਤੇ ਕਾਫੀ ਅਰਸੇ ਤੋਂ ਮੈਂਬਰ ਹਨ, ਸ਼ਾਇਦ ਸਾਡੇ ਨਾਲੋਂ ਜ਼ਿਆਦਾ ਸਿਆਣੇ ਹੋਣਗੇ। ਅੱਜ ਕੁਝ ਸੁਝਾਅ ਆਏ ਹਨ ਜਿਸ ਤਰ੍ਹਾਂ ਇਕ ਸੁਝਾਅ ਸੁਰਖਿਆ ਪੱਟੀ ਦਾ ਆਇਆ ਸੀ। ਕਿਸੇ ਨੇ ਕਿਹਾ ਕਿ ਇਥੇ ਪੰਜਾਬ ਵਿਚ ਫੌਜ ਲਗਾ ਦਿਓ। ਫੌਜ ਦਾ ਟੈਸਟ ਪੰਜਾਬ ਦੇ ਲੋਕ ਲੈ ਚੁਕੇ ਹਨ ਅਤੇ ਉਹ ਮਸਲਾ ਹੱਲ ਨਹੀਂ ਕਰ ਸਕੇ। ਸੁਰਖਿਆ ਪੱਟੀ ਬਾਰੇ ਵਿਚਾਰ ਆਇਆ ਕਿ ਇਸ ਨੂੰ 5 ਕਿਲੋ-ਮੀਟਰ ਜਾਂ 10 ਕਿਲੋਮੀਟਰ ਦੀ ਬਣਾ ਦਿੱਤੀ ਜਾਵੇ ਇਸ ਤਰ੍ਹਾਂ ਬਾਹਰਲੇ ਦੇਸ਼ਾਂ ਤੋਂ ਜਿਹੜੇ ਬੰਦੇ ਆਉਂਦੇ ਹਨ ਇਸ ਨਾਲ ਉਨ੍ਹਾਂ ਨੂੰ ਰੋਕਿਆ ਜਾ ਸਕੇਗਾ। ਇਸ ਲਈ ਫ਼ੌਜ ਦੇ ਆ ਜਾਣ ਨਾਲ ਪੰਜਾਬ ਦੇ ਲੋਕਾਂ ਨੂੰ ਹੋਰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ, ਮਸਲਾ ਹੱਲ ਨਹੀਂ ਹੋਵੇਗਾ ਅਤੇ ਇਸ ਨੂੰ ਪੰਜਾਬ ਦੇ ਲੋਕਾਂ ਨੇ ਰਿਜੈਕਟ ਕੀਤਾ ਹੈ। ਫੌਜ ਦੇ ਇਥੇ ਆਜਾਣ ਨਾਲ ਅੱਤਵਾਦ ਜ਼ਿਆਦਾ ਵਧਿਆ ਸੀ। ਪਿੰਡਾਂ ਵਿਚ ਗਿਣਤੀ ਹੋਣ ਲਗ ਗਈ ਸੀ ਨੌਜਵਾਨਾਂ ਦੀਆਂ ਕਾਪੀਆਂ, ਰਜਿਸਟਰ ਬਣ ਗਏ ਸਨ ਜਿਸ ਉਤੇ ਨਾਂ ਦਰਜ ਕੀਤੇ ਗਏ ਸਨ। ਲੋਕ ਇਹ ਸਮਝਦੇ ਹਨ ਕਿ ਨੌਜਵਾਨਾਂ ਨੂੰ ਇਕੱਠਾ ਕੀਤਾ ਜਾ ਰਿਹਾ ਹੈ। ਕਿਸ ਤਰ੍ਹਾਂ ਨੌਜਵਾਨਾਂ ਨੂੰ ਤਸੀਹੇ ਦਿੱਤੇ ਗਏ ਸਨ। ਇਨ੍ਹਾਂ ਹਾਲਾਤ ਦੇ ਵਿਚ ਬਹੁਤ ਸਾਰੇ ਨੌਜਵਾਨ ਗਵਾਂਢੀ ਦੇਸ਼ ਪਾਕਿਸਤਾਨ ਵਿਚ ਚਲੇ ਗਏ। ਕਿਉਂਕਿ ਉਧਰ ਜਾਣ ਵਿਚ ਕੋਈ ਅੜਿਕਾ ਨਹੀਂ ਸੀ ਜਿਸ ਕਰਕੇ ਉਹ ਪਾਕਿਸਤਾਨ ਡਰਦੇ ਮਾਰੇ ਚਲੇ ਗਏ। ਨੌਜਵਾਨਾਂ ਨੇ ਫੌਜ ਦੇ ਹੱਥੋਂ ਕਾਫੀ ਪਰੇਸ਼ਾਨੀ ਕੱਟੀ। ਮੇਰੀ ਕਈ ਫੌਜ ਦੇ ਅਫਸਰਾਂ ਨਾਲ ਗੱਲਬਾਤ ਹੋਈ ਹੈ ਅਤੇ ਉਹ ਕਹਿੰਦੇ ਹਨ ਕਿ ਸਾਨੂੰ ਸਿਵਿਲ ਐਡਮਨਿਸਟਰੇਸ਼ਨ ਚਲਾਉਣ ਦੀ ਕੋਈ ਟਰੇਨਿੰਗ ਨਹੀਂ ਦਿੱਤੀ ਜਾਂਦੀ ਅਤੇ ਅਸੀਂ ਤਾਂ ਇਕ ਦਿਹਾੜੇ, ਦੋ ਦਿਹਾੜੇ ਵਾਸਤੇ ਸਿਵਿਲ ਐਡਮਨਿਸਟਰੇਸ਼ਨ ਨੂੰ ਅਸਿਸਟੈਂਸ ਦੇ ਸਕਦੇ ਹਾਂ। ਸੁਰਖਿਆ ਪੱਟੀ ਦੀ ਚਰਚਾ ਨੂੰ ਵੇਖਦੇ ਹੋਏ ਮੈਂ ਆਪਣੇ ਪੁਲਿਸ ਅਤੇ ਸਿਵਿਲ ਅਫਸਰਾਂ ਦੇ ਨਾਲ ਵਿਚਾਰ ਕੀਤਾ ਅਤੇ ਪੁਛਿਆ ਕਿ ਕੀ ਸੁਰਖਿਆ ਪੱਟੀ ਦੇ ਨਾਲ ਇਹ ਪੰਜਾਬ ਦਾ ਮਸਲਾ ਹੱਲ ਹੋ ਸਕਦਾ ਹੈ। ਇਹ ਮਸਲਾ ਮੁਕਤਸਰ ਹਤਿਆ ਕਾਂਡ ਤੋਂ ਸ਼ੁਰੂ ਹੋਇਆ ਸੀ। ਪਾਰਲੀਮੈਂਟ ਵਿਚ ਆਰਟੀਕਲ 249 ਦੇ ਥੱਲੇ ਅਧਿਕਾਰ ਦਿੱਤੇ ਗਏ ਸਨ ਕਿ ਤੁਸੀਂ ਇਸ ਤਰ੍ਹਾਂ ਦੀ ਕਾਰਵਾਈ ਕਰ ਸਕਦੇ ਹੋ। ਸੁਰੱਖਿਆ ਪੱਟੀ ਬਣਾਉਣ ਲਈ ਪਾਰਲੀਮੈਂਟ ਦੇ ਰਾਹੀਂ ਸਰਕਾਰ ਨੂੰ ਅਧਿਕਾਰ ਮਿਲ ਗਏ ਸਨ ਕਿ ਕਾਨੂੰਨ ਬਣਾਕੇ, ਇਨ੍ਹਾਂ ਗੱਲਾਂ ਵਿਚ ਤੁਸੀਂ ਸੂਬਿਆਂ ਵਿਚ ਦਖਲ ਦੇ ਸਕਦੇ ਹੋ। ਸਾਨੂੰ ਆਪਣੀ ਚਿੰਤਾ ਸੀ ਕਿਉਂਕਿ ਸਾਡੇ ਹਿਸਾਬ ਨਾਲ ਸੁਰਖਿਆ ਪੱਟੀ ਦੀ ਗਲਤ ਗੱਲ ਸੀ। ਇਹ ਐਕਸ਼ਨ ਕਿਸ ਤਰ੍ਹਾਂ ਹੋਵੇਗਾ, ਕਿੰਨੇ ਅਫਸਰ ਹੋਣਗੇ, ਕਿੰਨੀ ਜਗ੍ਹਾਂ ਇਸ ਪੱਟੀ ਲਈ ਲੈਣਗੇ, ਇਹ ਸਾਰਾ ਕੁਝ ਸੁਰਖਿਆ ਪੱਟੀ ਬਣਾਉਣ ਵਾਸਤੇ ਸੀ। ਇਹ ਇਕ ਕਿਲੋ-ਮੀਟਰ ਦੀ ਹੋ ਸਕਦੀ ਹੈ, 5 ਕਿਲੋਮੀਟਰ ਦੀ ਹੋ ਸਕਦੀ ਹੈ, 10 ਕਿਲੋਮੀਟਰ ਵੀ ਹੋ ਸਕਦੀ ਹੈ। ਇਸ ਦਾ ਕਾਨਸੈਪਟ ਕੀ ਹੋਵੇਗਾ ? ਫੇਰ ਮੈਂ ਸਵਾਲ ਕੀਤਾ ਕਿ ਇਥੇ ਕੀ ਕਰਨਾ ਚਾਹੀਦਾ ਹੈ। ਕੀ ਇਹ ਨਵਾਂ ਹੀ ਸੈਟ ਅਪ ਹੋਵੇਗਾ ਅਤੇ ਇਹ ਕਿਸ ਤਰ੍ਹਾਂ ਦਾ ਹੋਵੇਗਾ ? ਕੀ ਨਵੀਆਂ ਜੇਲ੍ਹਾਂ

ਬਣਾਉਗੇ ਅਤੇ ਨਵੇਂ ਥਾਣੇ ਬਣਾਉਗੇ ? ਇਸ ਦਾ ਕਾਨਸੈਪਟ ਕਲੀਅਰ ਨਹੀਂ ਸੀ। ਇਥੇ ਜ਼ਿਕਰ ਆ ਗਿਆ ਸੁਰੱਖਿਆ ਪੱਟੀ ਬਣਾਉਣ ਦਾ, ਇਸ ਦੇ ਨਾਲ ਮਸਲਾ ਹੱਲ ਨਹੀਂ ਹੋ ਸਕਦਾ। ਮੇਰੇ ਅਫਸਰਾਂ ਨੇ ਵੀ ਸੋਚਿਆ ਕਿ ਇਹ ਵਰਕ ਆਊਟ ਕਿਵੇਂ ਹੋਵੇਗਾ। ਇਸ ਸੁਰੱਖਿਆ ਪੱਟੀ ਦੀ ਅਸੀਂ ਵਿਰੋਧਤਾ ਕੀਤੀ ਕਿ ਇਸ ਦੇ ਨਾਲ ਮਸਲਾ ਹੱਲ ਨਹੀਂ ਹੋ ਸਕਦਾ। ਇਸ ਦੇ ਨਾਲ ਲੋਕਾਂ ਨੂੰ ਹੋਰ ਨੁਕਸਾਨ ਹੋ ਜਾਵੇਗਾ। ਸਾਡੇ ਵਿਚਾਰ ਨੂੰ ਰਖਦੇ ਹੋਏ ਸੈਂਟਰਲ ਗੌਰਮਿੰਟ ਨੇ ਇਸ ਦਾ ਇਰਾਦਾ ਛੱਡ ਦਿੱਤਾ ਅਤੇ ਪਿਛੇ ਹੱਟ ਗਈ। ਸੁਰਖਿਆ ਪੱਟੀ ਦੀ ਗੱਲ ਚਲਦੀ ਰਹੀ ਹੈ ਅਤੇ ਇਸ ਗੱਲ ਨੂੰ ਸੈਂਟਰਲ ਗੌਰਮਿੰਟ ਨੇ ਛੱਡ ਦਿੱਤਾ ਹੈ। ਇਸ ਦਾ ਜ਼ਿਕਰ ਹਾਊਸ ਵਿਚ ਆਇਆ ਸੀ।

ਸਪੀਕਰ ਸਾਹਿਬ, ਜੇਕਰ ਗੋਲ ਮੇਜ਼ ਕਾਨਫਰੰਸ ਦੀ ਗਲ ਕਰ ਲਈ ਜਾਵੇ ਤਾਂ ਕੋਈ ਮਾੜੀ ਗੱਲ ਨਹੀਂ। ਪਹਿਲਾਂ ਵੀ ਗੋਲ ਮੇਜ਼ ਕਾਨਫਰੰਸਾਂ ਹੁੰਦੀਆਂ ਰਹੀਆਂ ਹਨ। ਇਹ ਕੋਈ ਮਾੜੀ ਗੱਲ ਨਹੀਂ ਔਰ ਇਹ ਬਾਹਰਲੀਆਂ ਸਰਕਾਰਾਂ ਨਾਲ ਵੀ ਹੁੰਦੀਆਂ ਹਨ। ਇਸ ਗੋਲ ਮੇਜ਼ ਕਾਨਫਰੰਸ ਦਾ ਕਿਸੇ ਨੂੰ ਗਿਲਾ ਨਹੀਂ ਹੋਣਾ ਚਾਹੀਦਾ। ਇਥੇ ਮੀਜ਼ੋ ਦਾ ਜ਼ਿਕਰ ਕੀਤਾ ਗਿਆ ਔਰ ਆਸਾਮ ਦੇ ਨੌਜਵਾਨਾਂ ਦਾ ਜ਼ਿਕਰ ਕੀਤਾ ਗਿਆ। ਅਸੀਂ ਖੁਦ ਵੀ ਕਹਿੰਦੇ ਰਹੇ ਹਾਂ। ਸਪੀਕਰ ਸਾਹਿਬ, ਗੱਲ ਮੁਕਾਉਣੀ ਚਾਹੀਦੀ ਹੈ। ਡੈਮੋਕਰੇਸੀ ਵਿਚ ਇਸ ਤਰ੍ਹਾਂ ਹੁੰਦਾ ਹੈ। ਸਾਰਿਆਂ ਨਾਲ ਗੱਲ ਕਰਨੀ ਚਾਹੀਦੀ ਹੈ। ਅਸੀਂ ਗੱਲ ਕਰਨ ਵਿਚ ਵਿਸ਼ਵਾਸ ਰਖਦੇ ਹਾਂ। ਅਸੀਂ ਗੋਲੀ ਦੀ ਤਾਕਤ ਤੇ ਵਿਸ਼ਵਾਸ ਨਹੀਂ ਕਰਦੇ। ਸਪੀਕਰ ਸਾਹਿਬ, ਇਕ ਸਟੇਜ ਐਸੀ ਆਈ ਸੀ ਕਿ ਅਸੀਂ ਯਤਨ ਕੀਤੇ ਸ਼ੁਰੂ ਸ਼ੁਰੂ ਵਿਚ ਕਿ ਨੌਜਵਾਨਾਂ ਨਾਲ ਗਲਬਾਤ ਕਰੀਏ। ਆਖਿਰ ਨੌਜਵਾਨ ਸਾਡੇ ਹਨ, ਉਹ ਮੁੰਡੇ ਸਾਡੇ ਹਨ। ਇਨ੍ਹਾਂ ਨੌਜਵਾਨਾਂ ਨੂੰ ਸਹੀ ਰਾਹ ਤੇ ਲਿਆਂਦਾ ਜਾ ਸਕਦਾ ਹੈ। ਅਸੀਂ ਕਈ ਤਰੀਕਿਆਂ ਦੇ ਨਾਲ ਗੱਲ ਕਰਨ ਦੇ ਯਤਨ ਕੀਤੇ। ਜਦੋਂ, ਸਪੀਕਰ ਸਾਹਿਬ, ਸੁਨੇਹਾ ਮੇਰੇ ਕੋਲ ਪਹੁੰਚਿਆ ਤਾਂ ਮੈਂ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਗੱਲ ਕਰਨ ਲਈ ਉਨ੍ਹਾਂ ਕੋਲ ਭੇਜਿਆ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਗੱਲ ਕਰ ਲਓ। ਉਨ੍ਹਾਂ ਨੇ ਥੋੜ੍ਹੀ ਬਹੁਤ ਗੱਲ ਕੀਤੀ ਔਰ ਹੁਣ ਮੈਂ ਉਸ ਡੀਟੇਲ ਵਿਚ ਨਹੀਂ ਜਾਵਾਂਗਾ। ਜਦੋਂ, ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਮੰਤਰੀ ਸਨ ਅਸੀਂ ਬੜੀ ਕੋਸ਼ਿਸ਼ ਕੀਤੀ ਕਿ ਉਹ ਕਿਸੇ ਤਰੀਕੇ ਦੇ ਨਾਲ ਰਾਹ ਤੇ ਆ ਜਾਣ ਪਰ ਕਾਮਯਾਬੀ ਨਹੀਂ ਹੋਈ। ਅਸੀਂ ਯਤਨ ਕਰਦੇ ਰਹੇ ਔਰ ਸਪੀਕਰ ਸਾਹਿਬ, 3200 ਦੇ ਕਰੀਬ ਕੈਦੀਆਂ ਨੂੰ ਛਡਿਆ ਗਿਆ। ਕਈਆਂ ਨੇ ਇਸ ਦੀ ਵਿਰੋਧਤਾ ਕੀਤੀ ਔਰ ਕਈਆਂ ਨੇ ਇਸ ਦੀ ਸਰਾਹਨਾ ਕੀਤੀ ਕਿ ਸਹੀ ਚੀਜ਼ ਹੈ। ਉਨ੍ਹਾਂ ਵਿਚੋਂ ਸਿਰਫ 12–13 ਬੰਦਿਆਂ ਨੂੰ ਛਡ ਕੇ, ਜੋ ਕੁਰਾਹੇ ਪਏ ਨੇ, ਬਾਕੀ ਸਾਰੇ ਆਪਣੇ ਧੰਦਿਆਂ ਵਿਚ ਲੱਗ ਗਏ ਹਨ। ਸਪੀਕਰ ਸਾਹਿਬ, ਐਸਾ ਵੀ ਸਮਾਂ ਆਇਆ ਕਿ ਜੋ ਨੌਜਵਾਨ ਪਾਕਿਸਤਾਨ ਗਏ ਅਸੀਂ ਉਨ੍ਹਾਂ ਨੂੰ ਵਾਪਿਸ ਬੁਲਾਉਣ ਦਾ ਸੱਦਾ ਦਿੱਤਾ ਜੋ ਕਿ ਉਧਰ ਚਲੇ ਗਏ ਸਨ। ਸਪੀਕਰ ਸਾਹਿਬ, ਸਾਨੂੰ ਰਿਪੋਰਟਾਂ ਪਹੁੰਚ ਚੁਕੀਆਂ ਸਨ ਕਿ ਪਾਕਿਸਤਾਨ ਵਿਚ ਉਨ੍ਹਾਂ ਨੌਜਵਾਨਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਅਸੀਂ ਉਨ੍ਹਾਂ ਨੌਜਵਾਨਾਂ ਨੂੰ ਕਿਹਾ ਕਿ ਤੁਸੀਂ ਵਾਪਿਸ ਪੰਜਾਬ ਵਿਚ ਆਵੋ ਤਾਂ ਅਸੀਂ ਤੁਹਾਨੂੰ ਵਸਣ ਵਾਸਤੇ ਸਹੂਲਤਾਂ ਦੇਵਾਂਗੇ। ਉਨ੍ਹਾਂ ਨੌਜਵਾਨਾਂ ਦੀ ਹਫਤਾ ਜਾਂ 10–10 ਦਿਨ ਇੰਟੈਰੋਗੇਸ਼ਨ ਹੋਈ ਅਤੇ ਕਾਫੀ ਦਿਨ ਸਵਾਲ ਜਵਾਬ ਹੁੰਦੇ ਰਹੇ ਔਰ ਉਸ ਤੋਂ ਬਾਅਦ ਪਤਾ ਲਗਾ ਕਿ ਵਾਕਿਆ ਹੀ ਉਹ ਘਰ ਬੈਠਣ ਵਾਸਤੇ ਆਏ ਹਨ ਅਤੇ ਖਰਾਬੀ ਕਰਨ ਵਾਸਤੇ ਨਹੀਂ ਆਏ। ਅਸੀਂ ਉਨ੍ਹਾਂ ਦੇ ਘਰ ਜਾਣ ਦਾ ਪ੍ਰਬੰਧ ਕੀਤਾ। ਉਨ੍ਹਾਂ 32 ਨੌਜਵਾਨਾਂ ਵਿਚੋਂ 10–11 ਬੰਦਿਆਂ ਨੂੰ

ਨੌਕਰੀਆਂ ਵੀ ਦਿੱਤੀਆਂ ਹਨ। ਉਨ੍ਹਾਂ ਵਾਸਤੇ ਸੈਲਫ ਇੰਪਲਾਇਮੈਂਟ ਵਾਸਤੇ ਸਾਧਨ ਪੈਦਾ ਕੀਤੇ। ਡੇਅਰੀ ਫਾਰਮ, ਪੋਲਟਰੀ ਫਾਰਮ ਅਤੇ ਉਨ੍ਹਾਂ ਨੂੰ ਅੰਡਿਆਂ ਦੇ ਧੰਦੇ ਵਿਚ ਪਾ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਦੁੱਧ ਦੇ ਕੰਮ ਵਿਚ ਪਾ ਦਿੱਤਾ ਜਾਂਦਾ ਹੈ। ਜੇ ਬੰਦਾ 99 ਦੇ ਚਕਰ ਵਿਚ ਫਸ ਜਾਂਦਾ ਹੈ ਤਾਂ ਉਹ ਉਸੇ ਪਾਸੇ ਨੂੰ ਲਗਿਆ ਰਹਿੰਦਾ ਹੈ। ਬਹੁਤ ਹੱਦ ਤੱਕ ਅਸੀਂ ਕਾਮਯਾਬ ਹੋਏ ਹਾਂ। ਸਾਨੂੰ ਕਿਸੇ ਨਾਲ ਕੋਈ ਇਤਰਾਜ਼ ਨਹੀਂ। ਮੈਂ ਇਕ ਸਟੇਟਮੈਂਟ ਦਿੱਤੀ ਹੈ। ਸਪੀਕਰ ਸਾਹਿਬ, ਉਹ ਗੋਲ ਮੇਜ਼ ਕਾਨਫਰੰਸ ਸਾਡੇ ਨਾਲ ਕਰ ਲੈਣ ਜਾਂ ਸੈਂਟਰਲ ਗੌਰਮਿੰਟ ਦੇ ਨਾਲ ਕਰ ਲੈਣ। ਮੈਂ ਅਖਬਾਰਾਂ ਵਿਚ ਬਿਆਨ ਪੜ੍ਹ ਲੈਂਦਾ ਹਾਂ। ਕਈ ਸਾਡੇ ਤੇ ਇਤਰਾਜ਼ ਕਰ ਲੈਂਦੇ ਹਨ। ਜੇਕਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸੈਂਟਰਲ ਗੌਰਮਿੰਟ ਨਾਲ ਗੱਲ ਕਰ ਲਈ ਅਤੇ ਤੁਸੀਂ ਫਲਾਣੇ ਨਾਲ ਗੱਲ ਕਰ ਲਈ ਹੈ, ਜੇਕਰ ਸੰਤ ਲੌਂਗੋਵਾਲ ਨੇ ਗੱਲ ਕਰਕੇ ਕੋਈ ਮਸਲਾ ਹੱਲ ਕੀਤਾ ਹੈ ਤਾਂ ਉਹ ਕੋਈ ਮਾੜਾ ਨਹੀਂ। ਕਈ ਭਰਾ ਕਹਿੰਦੇ ਹਨ ਕਿ ਇਹ ਮਾੜਾ ਹੋ ਗਿਆ ਹੈ। ਜੇਕਰ ਤੁਸੀਂ ਕੋਈ ਗੱਲ ਕਰੋ ਤਾਂ ਸਹੀ ਹੈ। ਜੇਕਰ ਅਸੀਂ ਕੋਈ ਗੱਲ ਕਰੀਏ ਤਾਂ ਉਹ ਗਲਤ ਹੋ ਜਾਂਦੀ ਹੈ।

ਸਪੀਕਰ ਸਾਹਿਬ, ਇਥੇ ਕਾਫੀ ਸਮਾਂ ਕਨਸਟਰਕਟਿਵ ਸੁਝਾਓ ਤੇ ਨਹੀਂ ਲਗਾਇਆ ਬਲਕਿ ਨੋਕ-ਟੋਕ ਤੇ ਗੁਜ਼ਾਰ ਦਿੱਤਾ ਹੈ। ਜਦੋਂ ਅਸੀਂ ਇਕ ਫੈਕਟਸ ਦੀ ਕਾਪੀ ਇਥੇ ਦਿੱਤੀ ਹੈ ਤਾਂ ਇਹ ਇਸ ਫੈਕਟਸ ਨੂੰ ਗਲਤ ਕਰਕੇ ਦਸਦੇ ਹਨ ਕਿ ਪੰਜਾਬ ਵਿਚ ਬਦਅਮਨੀ ਹੈ। ਅਸੀਂ ਫੈਕਟਸ, ਸਪੀਕਰ ਸਾਹਿਬ, ਇਨ੍ਹਾਂ ਨੂੰ ਇਸ ਕਰਕੇ ਦਸੇ ਹਨ ਤਾਕਿ ਹਿੰਦੁਸਤਾਨ ਅਤੇ ਦੂਸਰੇ ਸੂਬਿਆਂ ਬਾਰੇ ਇਨ੍ਹਾਂ ਨੂੰ ਜਾਣਕਾਰੀ ਹੋ ਜਾਵੇ। ਅਸੀਂ ਇਹ ਫੈਕਟਸ ਪਾਰਲੀਮੈਂਟ ਅਤੇ ਹੋਰ ਥਾਵਾਂ ਤੇ ਵੀ ਭੇਜੇ ਜਿਥੇ ਕਿ ਉਨ੍ਹਾਂ ਨੇ ਇਨ੍ਹਾਂ ਫੈਕਟਸ ਦੀ ਪ੍ਰਸ਼ੰਸਾ ਕੀਤੀ ਪਰ ਇਨ੍ਹਾਂ ਨੇ ਉਨ੍ਹਾਂ ਫੈਕਟਸ ਨੂੰ ਤਰੋੜ ਮਰੋੜ ਕੇ ਗਲਤ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਇਹ ਅੰਕੜੇ ਇਨ੍ਹਾਂ ਨੂੰ ਅਸਾਨੀ ਨਾਲ ਸਮਝ ਨਹੀਂ ਆ ਸਕਦੇ। (ਵਿਘਨ) ਸਪੀਕਰ ਸਾਹਿਬ, ਪਹਿਲੇ ਪੇਜ ਤੇ ਦਿੱਤਾ ਹੋਇਆ ਹੈ ਕਿ ਪੰਜਾਬ ਦੀ ਪੁਜ਼ੀ-ਸ਼ਨ ਕੀ ਹੈ ? ਜੇਕਰ ਪਿਛਲੇ ਮਈ ਤੱਕ ਪੰਜ ਮਹੀਨਿਆਂ ਦਾ ਹਿਸਾਬ ਲਗਾਈਏ ਅਤੇ ਕਿਸੇ ਸੂਬੇ ਦੇ ਚਾਰ ਮਹੀਨਿਆਂ ਦਾ ਅਪ੍ਰੈਲ ਤਕ ਹਿਸਾਬ ਲਗਾਈਏ ਅਤੇ ਕਿਸੇ ਦਾ ਪਿਛਲੇ ਤਿੰਨ ਮਹੀਨਿਆਂ ਦਾ ਹਿਸਾਬ ਲਗਾਈਏ ਤਾਂ ਸਾਰੇ ਅੰਕੜਿਆਂ ਤੋਂ ਸਹੀ ਚੀਜ਼ ਦਾ ਪਤਾ ਲਗਦਾ ਹੈ। ਕੈਪਟਨ ਅਮਰਿੰਦਰ ਸਿੰਘ ਹੋਰਾਂ ਨੇ ਦੱਸਣਾ ਸ਼ੁਰੂ ਕਰ ਦਿੱਤਾ ਕਿ ਯੂ.ਪੀ. ਬਹੁਤ ਵੱਡਾ ਸੂਬਾ ਹੈ। ਇਸ ਲਈ ਅਸੀਂ ਮਾੜੇ ਹਾਂ। ਯੂ.ਪੀ. ਦੀ ਆਬਾਦੀ 11 ਕਰੋੜ ਦੀ ਹੈ, ਸਾਡੇ ਪੰਜਾਬ ਦੀ ਪੌਣੇ ਦੋ ਕਰੋੜ ਦੀ ਆਬਾਦੀ ਹੈ। ਸਾਡੇ ਮਹੀਨੇ ਵਿਚ 82 ਕਤਲ ਹੋਏ ਪਰ ਯੂ.ਪੀ. ਵਿਚ ਇਕ ਮਹੀਨੇ ਵਿਚ 513 ਕਤਲ ਹੋਏ, ਬਿਹਾਰ ਵਿਚ 253; ਮੱਧਪ੍ਰਦੇਸ਼ ਵਿਚ ਤਿੰਨ ਮਹੀਨਿਆਂ ਵਿਚ 203, ਸਾਡੇ ਨਾਲੋਂ ਉਹ ਅਗਾਂਹ ਹਨ। ਡਕੈਤੀਆਂ ਮਈ ਤੱਕ ਪੰਜ ਮਹੀਨਿਆਂ ਵਿਚ 13 ਹੋਈਆਂ ਹਨ। ਯੂ.ਪੀ. ਵਿਚ ਚਾਰ ਮਹੀਨਿਆਂ ਵਿਚ 885 ਡਕੈ-ਤੀਆਂ ਹੋਈਆਂ ਹਨ। ਬਿਹਾਰ ਵਿਚ ਡਕੈਤੀਆਂ ਤਿੰਨ ਮਹੀਨਿਆਂ ਵਿਚ 789 ਹੋਈਆਂ ਹਨ। ਰੌਬਰੀਜ਼ ਪੰਜ ਮਹੀਨਿਆਂ ਵਿਚ ਸਾਡੇ 104 ਹੋਈਆਂ ਹਨ। ਯੂ.ਪੀ. ਵਿਚ ਚਾਰ ਮਹੀਨੇ ਵਿਚ 2565 ਰੌਬਰੀਜ਼ ਹੋਈਆਂ ਹਨ। ਇਸੇ ਤਰ੍ਹਾਂ ਰੇਪ ਦੇ ਕੇਸਿਜ਼ ਪੰਜ ਮਹੀਨਿਆਂ ਦੇ ਸਾਡੇ 25 ਹੋਏ ਹਨ। ਯੂ.ਪੀ. ਦੇ ਚਾਰ ਮਹੀਨਿਆਂ ਦੇ 414 ਕੇਸਿਜ਼ ਹੋਏ ਹਨ। ਸਪੀਕਰ ਸਾਹਿਬ, ਤਕਰੀਬਨ ਹਰ ਸੂਬੇ ਵਿਚ ਸਾਡੇ ਨਾਲੋਂ ਵੱਧ ਹਨ। ਫੈਕਟਸ ਅਬਾਊਟ ਦੀ ਸਿਚੂਏਸ਼ਨ ਇਨ ਪੰਜਾਬ ਦੇ ਸਫਾ 2 ਤੇ ਅਤਿਵਾਦੀਆਂ ਹੱਥੋਂ ਮਰਨ ਵਾਲਿਆਂ ਦੀ ਗਿਣਤੀ 1 ਅਕਤੂਬਰ, 1985 ਤੋਂ 31 ਅਕਤੂਬਰ, 1986 ਤਕ ਕੁਲ 409 ਬਣਦੀ ਹੈ, ਜਿਨ੍ਹਾਂ ਵਿਚੋਂ ਹਿੰਦੂ 261, ਸਿੱਖ 144 ਅਤੇ 4 ਵੱਖ ਵੱਖ ਜਾਤੀਆਂ ਦੇ ਈਸਾਈ ਵਗੈਰਾ ਹਨ। ਪਰ, ਸਪੀਕਰ ਸਾਹਿਬ, ਇਥੇ ਹਾਊਸ ਵਿਚ ਕਈਆਂ ਨੇ ਅਤਿਵਾਦੀਆਂ ਹਥੋਂ ਮਰਨ ਵਾਲਿਆਂ ਦੀ ਗਿਣਤੀ 1400 ਦੀ ਦੱਸ ਦਿੱਤੀ ਹੈ। ਇਹ ਸਾਰੀਆਂ ਫਿਗਰਜ਼ ਇਕੱਠੀਆਂ ਕਰ ਲੈਂਦੇ ਹਨ ਜੋ ਕਿ

[ਮੁੱਖ ਮੰਤਰੀ]

ਬਾਰਡਰ ਤੇ ਵੀ ਮਾਰੇ ਜਾਂਦੇ ਹਨ। ਕਈ ਖਬਰਾਂ ਅਖਬਾਰਾਂ ਵਿਚ ਵੀ ਆਉਂਦੀਆਂ ਰਹਿੰਦੀਆਂ ਹਨ। ਸਪੀਕਰ ਸਾਹਿਬ, ਜਿਹੜੇ ਬਾਰਡਰ ਤੇ ਮਰਦੇ ਹਨ, ਉਨ੍ਹਾਂ ਦਾ ਮੈਂ ਪਤਾ ਕੀਤਾ ਹੈ ਕਿ ਉਨ੍ਹਾਂ ਦੇ ਮਰਨ ਵਾਲਿਆਂ ਦਾ ਪੋਸਟ ਮਾਰਟਮ ਹੁੰਦਾ ਹੈ। ਪੋਸਟ ਮਾਰਟਮ ਤੋਂ ਪਤਾ ਲੱਗ ਜਾਂਦਾ ਹੈ ਕਿ ਬੰਗਲਾ-ਦੇਸ਼ੀ ਮਰਿਆ ਹੈ ਜਾਂ ਸਿੱਖ ਮਰਿਆ ਹੈ ਜਾਂ ਹਿੰਦੂ ਮਰਿਆ ਹੈ। ਸਪੀਕਰ ਸਾਹਿਬ, ਮੁਸਲਮਾਨ ਨੂੰ ਕਬਰ ਪੁੱਟ ਕੇ ਦਫਨਾਇਆ ਜਾਂਦਾ ਹੈ। ਬਾਹਰ ਇਹ ਲੋਕ ਭਾਸ਼ਣ ਕਰਦੇ ਹਨ, ਜਲਸੇ ਕਰਦੇ ਹਨ। ਸਪੀਕਰ ਸਾਹਿਬ, ਅੱਜ ਹਾਊਸ ਵਿਚ ਇਨ੍ਹਾਂ ਨੇ ਇਥੇ ਕਹਿ ਦਿੱਤਾ ਕਿ 1400 ਬੰਦੇ ਮਰ ਗਏ ਹਨ। ਇਸ ਨਾਲ ਫਿਜ਼ਾ ਵਿਗੜਦੀ ਹੈ। ਇਨ੍ਹਾਂ ਗੱਲਾਂ ਤੋਂ ਵਿਗਾੜ ਪੈਂਦਾ ਤੁਰਿਆ ਜਾਂਦਾ ਹੈ।

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਵੱਲੋਂ ਮੇਰੀ ਤਕਰੀਰ ਦਾ ਜ਼ਿਕਰ ਕੀਤਾ ਗਿਆ ਹੈ।

Chief Minister : I do not give way like this. This is not a running debate. He has spoken for a long time. It is my time. He cannot do like this.

ਫਿਰ ਇਹ ਜਮਹੂਰੀਅਤ ਦੀ ਗੱਲ ਕਰਨ ਲਗੇ। ਜਮਹੂਰੀਅਤ ਦੀ ਗੱਲ ਤਾਂ ਤੁਸੀਂ ਆਪ ਪਿਛਲੇ ਸੈਸ਼ਨ ਵੇਲੇ ਦੇਖ ਲਈ ਹੋਣੀ ਹੈ ਜਦੋਂ ਅਸੀਂ ਤੁਹਾਨੂੰ ਸਪੀਕਰ ਬਣਾ ਕੇ ਬਿਠਾਇਆ ਸੀ ਤਾਂ ਜਮਹੂਰੀਅਤ ਦੀਆਂ ਗੱਲਾਂ ਕਰਨ ਵਾਲੇ ਸਿੱਧੇ ਭੱਜ ਕੇ ਪੱਗ ਨੂੰ ਪੈ ਗਏ। ਇਹ ਤਾਂ ਏਥੇ ਕਰਦੇ ਹਨ, ਬਾਹਰ ਪਤਾ ਨਹੀਂ ਕੀ ਕਰਦੇ ਹਨ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਹ ਜਮਹੂਰੀਅਤ ਦੀ ਗੱਲ ਕਰਦੇ ਹਨ ਕਿ ਸਾਡੀ ਤਲਾਸ਼ੀ ਹੋ ਗਈ ਹੈ। ਇਹ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਤੁਹਾਡੀ ਇੱਜ਼ਤ ਦਾ ਸਵਾਲ ਹੈ।

ਸ੍ਰੀ ਸਪੀਕਰ : ਰਿਸਪੈਕਟ ਹਾਊਸ ਦੀ ਹੈ, ਪ੍ਰੈਸਟਿਜ ਹਾਊਸ ਦੀ ਹੈ।

ਹੁਣ 3-4 ਮਿੰਟ ਰਹਿ ਗਏ ਹਨ। ਸੀ.ਐਮ. ਸਾਹਿਬ, ਤੁਸੀਂ ਹੋਰ ਕਿੰਨਾ ਟਾਈਮ ਲਉਗੇ ?

ਮੁੱਖ ਮੰਤਰੀ : ਮੈਂ ਜੀ ਕੋਈ ਅੱਧਾ ਘੰਟਾ ਹੋਰ ਲਵਾਂਗਾ।

EXTENSION OF TIME OF THE SITTING

ਸ੍ਰੀ ਸਪੀਕਰ: 5 ਵਜੇ ਤੱਕ ਹਾਊਸ ਦਾ ਟਾਈਮ ਹਾਊਸ ਦੀ ਸਹਿਮਤੀ ਨਾਲ ਐਕਸਟੈਂਡ ਕੀਤਾ ਜਾਂਦਾ ਹੈ।

ਕੁਝ ਆਵਾਜ਼ਾਂ : ਸਪੀਕਰ ਸਾਹਿਬ, ਇਹ ਕੋਈ ਜਸਟਿਸ ਨਹੀਂ ਹੈ।

ਸ੍ਰੀ ਸਪੀਕਰ : ਜਸਟਿਸ ਤਾਂ ਤਦ ਹੀ ਹੋਵੇਗਾ ਜੇ ਤੁਸੀਂ ਦੋਨੋਂ ਪਾਸੇ ਦੀ ਗੱਲ ਸੁਣ ਲਉਗੇ। (ਵਿਘਨ)

MOTION UNDER RULE 77—DISCUSSION ON LAW AND ORDER SITUATION (*Resumption*)

ਮੁੱਖ ਮੰਤਰੀ : ਇਹ ਦੋ ਕਿਸਮ ਦੀਆਂ ਬੋਲੀਆਂ ਬੋਲਦੇ ਰਹੇ ਹਨ। ਹੁਣ ਇਹ ਆਪ ਖੁਦ ਮਹਿਸੂਸ ਕਰਦੇ ਹਨ ਕਿ ਬਾਹਰ ਅਸੀਂ ਕੁਝ ਗਲਤ ਗੱਲਾਂ ਕਰਦੇ ਰਹੇ ਹਾਂ। ਮੈਂ ਕੈਪਟਨ ਅਮਰਿੰਦਰ

ਸਿੰਘ ਦਾ ਜੋ ਸਟੇਟਮੈਂਟ ਅਖਬਾਰ ਇੰਡੀਅਨ ਐਕਸਪ੍ਰੈਸ ਵਿੱਚ ਆਇਆ, ਜਿਹੜਾ ਕਿ ਉਨ੍ਹਾਂ ਨੇ ਬਾਦਲ ਸਾਹਿਬ ਨੂੰ ਚਿੱਠੀ ਲਿਖ ਕੇ ਦਿੱਤਾ, ਉਹ ਪੜ੍ਹ ਰਿਹਾ ਹਾਂ। ਕਿਉਂਕਿ ਇਨ੍ਹਾਂ ਨੂੰ ਮਹਿਸੂਸ ਹੋ ਗਿਆ ਕਿ ਬਹੁਤ ਸਾਰੀਆਂ ਗਲਤ ਗੱਲਾਂ ਆਖੀਆਂ ਜਾ ਰਹੀਆਂ ਹਨ। According to Indian Express:

> "Mr. Amarinder Singh has taken a strong exception to the recent statement of the party leaders eulogising, charging with assassination attempts or saying that the attempts were expected or would be undertaken again and made it absolutely clear that he does not subscribe to this view neither does he stand for any type of terrorism of State or of any individual."

ਇਹ ਬਿਆਨ ਸਨ ਜਿਹੜੇ ਇਨ੍ਹਾਂ ਨੇ ਮਜ਼ਬੂਰ ਹੋ ਕੇ ਦਿੱਤੇ ਕਿਉਂਕਿ ਇਨ੍ਹਾਂ ਦੀ ਪਾਰਟੀ ਦੇ ਵਰਕਰ ਅਤੇ ਨੇਤਾ ਗਲਤ ਗੱਲਾਂ ਕਹਿ ਰਹੇ ਸਨ। Again :

> "They had from the very first day made it clear that they were committed to preservation of the unity and integrity of the country and that their party would function under accepted democratic norms of the Constitution. Of late, some statements have been made which indicated that "we were exceeding those bonds'."

Then, he said :

> "Today, the Sikhs have been isolated in the country and are being looked with suspicion abroad also. If this situation is not brought under control, it can have serious repercussions for our community in the country and overseas."

ਇਹ ਸਾਰਾ ਕੁਝ ਇਨ੍ਹਾਂ ਨੇ ਆਪ ਮੰਨਿਆਂ। ਇਸ ਚਿੱਠੀ ਵਿੱਚ ਬਹੁਤ ਸਹੀ ਗੱਲ ਸੀ, ਸਹੀ ਰਾਹ ਸੀ, ਉਹੀ ਰਾਹ ਸੀ ਜਿਸ ਤੇ ਅਸੀਂ ਚਲ ਰਹੇ ਸੀ। ਇਹ ਗੱਲ ਇਨ੍ਹਾਂ ਨੇ ਮਹਿਸੂਸ ਕੀਤੀ ਕਿਉਂਕਿ ਇਨ੍ਹਾਂ ਨੂੰ ਆਪ ਜਾਣ ਦਾ ਮੌਕਾ ਮਿਲਿਆ ਫਾਰੇਨ ਵਿੱਚ ਜਾ ਕੇ ਸਿੱਖਾਂ ਦੀ ਹਾਲਤ ਦੇਖੀ। ਹਰ ਸਿੱਖ ਨੂੰ ਸਸਪੀਸ਼ੀਅਨ ਦੀ ਨਿਗਾਹ ਨਾਲ ਦੇਖਿਆ ਜਾ ਰਿਹਾ ਹੈ। ਹਰ ਦੇਸ਼ ਵਿੱਚ ਸਿੱਖਾਂ ਨੂੰ ਟੈਰੋਰਿਸਟ ਦੇ ਤੌਰ ਤੇ ਸਮਝਿਆ ਜਾ ਰਿਹਾ ਹੈ, ਦੇਸ਼ ਦੇ ਸੂਬਿਆਂ ਵਿੱਚ ਵੀ ਇਸੇ ਨਿਗਾਹ ਨਾਲ ਦੇਖਿਆ ਜਾ ਰਿਹਾ ਹੈ। ਇਨ੍ਹਾਂ ਗੱਲਾਂ ਤੋਂ ਮਜ਼ਬੂਰ ਹੋ ਕੇ ਪਾਰਟੀ ਦੇ ਸਟੈਂਡ ਦੇ ਖਿਲਾਫ ਇਨ੍ਹਾਂ ਨੇ ਸਟੇਟਮੈਂਟ ਦਿੱਤੀ, ਚਿੱਠੀ ਬਾਦਲ ਸਾਹਿਬ ਨੂੰ ਲਿਖ ਕੇ ਦੇਣੀ ਪਈ, ਜਿਸ ਨਾਲ ਥੋੜ੍ਹਾ ਬਹੁਤ ਵਿਗਾੜ ਆਪਸ ਵਿੱਚ ਪਿਆ। ਅੱਜ ਤੁਸੀਂ ਵੀ, ਸਪੀਕਰ ਸਾਹਿਬ, ਦੇਖਿਆ ਜਦੋਂ ਇਨ੍ਹਾਂ ਦੀ ਕਿਸੇ ਗੱਲ ਤੇ ਕਿੰਤੂ ਹੁੰਦਾ ਸੀ ਤਾਂ ਇਨ੍ਹਾਂ ਵਿੱਚ ਹੀ ਦੋ ਗਰੁਪ ਬਣੇ ਹੋਏ ਸੀ। ਜਿਹੜੇ ਤਾਂ ਬਾਦਲ ਸਾਹਿਬ ਅਤੇ ਟੌਹੜਾ ਸਾਹਿਬ ਦੇ ਹਮਾਇਤੀ ਸਨ ਉਹ ਤਾਂ ਚੁਪ ਬੈਠੇ ਰਹਿੰਦੇ ਸਨ ਅਤੇ ਦੂਜੇ ਕੁਝ ਬੋਲਦੇ ਸਨ। ਵਿਚੋਂ ਹੀ ਸੋਚਦੇ ਸਨ ਕਿ ਚੰਗਾ ਹੋ ਰਿਹਾ ਹੈ। ਮੈਂ ਉਦੋਂ ਮਹਿਸੂਸ ਕਰ ਰਿਹਾ ਸੀ ਕਿ ਐਸੀ ਹੀ ਸਿਚੂਏਸ਼ਨ ਹੈ। ਇਨ੍ਹਾਂ ਨੇ ਏਥੇ ਆਖਿਆ ਕਿ ਅਸੀਂ ਕਿਸੇ ਅਸੂਲ ਦੀ ਬਿਨਾ ਤੇ ਚਲੇ ਗਏ। ਪਰ ਜਿਵੇਂ ਹੁਣ ਸਾਰਿਆਂ ਨੂੰ ਹੀ ਪਤਾ ਹੈ ਕਿ ਇਨ੍ਹਾਂ ਦੀ ਗੱਲ ਕਿਸੇ ਸੈਂਟਰ ਦੇ ਮਨਿਸਟਰ ਨਾਲ ਹੋਈ ਸੀ। ਐਵੇਂ ਹੋਈ ਅਤੇ ਐਵੇਂ ਨਹੀਂ ਹੋਈ, ਇਹ ਸਾਰੀ ਗੱਲ ਪੁੱਛਣ ਤੋਂ ਬਾਅਦ ਫੈਸਲਾ ਕੀਤਾ ਗਿਆ ਕਿ ਅਸਤੀਫਾ ਦੇਣਾ ਹੈ। ਜਹਾਜ਼ ਵੀ ਸਰਕਾਰੀ ਇਥੋਂ ਲੈ ਕੇ ਗਏ। ਇਸ ਤਰ੍ਹਾਂ ਹੁੰਦਾ ਰਿਹਾ। ਸਾਰੀ ਗੱਲ ਤੇ ਆਗਿਆ ਨਾਲ ਹੁੰਦਾ ਰਿਹਾ ਹੈ ਕਿ ਕਿਵੇਂ ਦੋ ਫਾੜ ਪਾਈ ਜਾਵੇ ਲੋਕਾਂ ਨੇ ਤਾਂ ਮਜ਼ਬੂਤ ਪਾਰਟੀ ਬਣਾ ਕੇ ਭੇਜੀ ਸੀ। 73 ਆਦਮੀ ਕਦੇ ਵੀ ਅੱਗੇ ਨਹੀਂ ਆਏ ਸਨ। ਕੁਝ ਉਸ ਦਿਨ ਤੋਂ ਹੀ ਚਾਹੁਣ ਲੱਗ ਪਏ ਕਿ ਕਿਵੇਂ ਪਾੜ ਪਾਈ ਜਾਵੇ। ਅੱਜ ਕਹਿਣ ਲੱਗੇ ਹਨ ਕਿ ਅਸੂਲਾਂ ਦੇ ਆਧਾਰ ਤੇ ਕਿ ਗੁਰਦਵਾਰਿਆਂ ਅੰਦਰ ਪੁਲਿਸ ਚਲੀ ਗਈ ਸੀ, ਤਾਂ ਚਲੇ ਗਏ ਹਾਂ। ਰਿਆਸਤ ਵਿੱਚ ਤਾਂ ਫੈਸਲਾ ਕੀਤਾ ਹੋਇਆ ਸੀ ਕਿ ਕੋਈ ਗੁਰਦਵਾਰਾ ਨਾ ਬਣਾਇਆ ਜਾਵੇ। ਇਨ੍ਹਾਂ ਦੀ ਰਿਆਸਤ ਵਿੱਚ ਤਾਂ ਪਾਬੰਦੀ ਲੱਗੀ ਹੋਈ ਸੀ। ਮੈਨੂੰ ਡਕਾਲੇ ਵਿਚ ਕਿਸੇ ਪਾਰਟੀ ਇਲੈਕਸ਼ਨ

[ਮੁੱਖ ਮੰਤਰੀ]

ਨੂੰ ਲੜਨ ਦਾ ਮੌਕਾ ਮਿਲਿਆ। ਡਕਾਲੇ ਦੇ ਹਲਕੇ ਵਿਚ ਦੋ ਜਗ੍ਹਾ ਪੁਰਾਣੀਆਂ ਇੱਟਾਂ ਲਗੀਆਂ ਹੋਈਆਂ ਸਨ। ਮੈਂ ਕਿਹਾ ਕਿ ਇਹ ਇੱਟਾਂ ਕਿਉਂ ਰਹਿ ਗਈਆਂ, ਤਾਂ ਪਤਾ ਲਗਾ ਕਿ ਇਥੇ ਗੁਰਦਵਾਰੇ ਬਣਨ ਦੀ ਇਜਾਜ਼ਤ ਨਹੀਂ ਹੈ। ਅੱਜ ਤੋਤ ਸਾਹਿਬ ਨੇ ਆਪਣੇ ਹਲਕੇ ਦੀ ਗੱਲ ਕਰ ਦਿੱਤੀ, ਭੈਣ ਜੀ ਦੇ ਹਲਕੇ ਦੀ ਗੱਲ ਕਰ ਦਿੱਤੀ ਪਰ ਬਾਦਲ ਸਾਹਿਬ ਦੀ ਸਰਕਾਰ ਸਮੇਂ 11 ਘੰਟੇ ਗੁਰਦੁਆਰਿਆਂ ਤੇ ਗੋਲੀ ਚਲਦੀ ਰਹੀ ਤੇ ਗੁਰਦਵਾਰਿਆਂ ਦੇ ਅੰਦਰ ਨਿਹੰਗ ਮਾਰ ਦਿੱਤੇ ਗਏ ਸਨ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਮੁੱਖ ਮੰਤਰੀ : ਮੈਂ ਤਾਂ ਸਾਧਾਰਨ ਜਿਹੇ ਬੰਦੇ ਦਾ ਪੁੱਤਰ ਹਾਂ। ਮੈਂ ਕਿਸੇ ਰਾਜੇ ਰਜਵਾੜੇ ਦਾ ਪੁੱਤਰ ਨਹੀਂ। ਮੈਨੂੰ ਢੀਂਡਸਾ ਸਾਹਿਬ ਦਾ ਸਾਰਾ ਪਤਾ ਹੈ ਅਤੇ ਉਨ੍ਹਾਂ ਨੂੰ ਮੇਰਾ ਵੀ ਪਤਾ ਹੈ। ਅਸੀਂ ਤਾਂ ਸਾਧਾਰਨ ਜਿਹੇ ਬੰਦਿਆਂ ਦੇ ਲੜਕੇ ਹਾਂ। ਇਥੇ ਸਹੀ ਗੱਲਾਂ ਵੀ ਕਈਆਂ ਨੇ ਆਖੀਆਂ ਮਹਿਜ਼ ਇਸ ਕਰਕੇ ਕਿ ਇਹ ਏਥੇ ਨਹੀਂ ਬੈਠ ਸਕੇ, ਤਾਂ ਇਹ ਸਾਰਾ ਸਿਲਸਿਲਾ ਚਲਿਆ। ਇਹ ਸੀਟ ਛੱਡ ਦਿਓ ਤਾਂ ਫਿਰ ਠੀਕ ਹੈ। ਇਨ੍ਹਾਂ ਦਾ ਧਿਆਨ ਏਥੇ ਲੱਗਾ ਹੋਇਆ ਹੈ, ਇਹ ਬੌਂਦਲ ਗਏ ਹਨ। ਖਿਆਲ ਇਨ੍ਹਾਂ ਦਾ ਸੀ ਕਿ ਅਸੀਂ ਇਸ ਕੁਰਸੀ ਨੂੰ ਕਾਬੂ ਕਰ ਲਵਾਂਗੇ, ਕੁਰਸੀ ਕਾਬੂ ਵਿੱਚ ਆ ਜਾਵੇਗੀ, ਸੈਂਟਰ ਤੋਂ ਸਪੋਰਟ ਮਿਲ ਰਹੀ ਹੈ ਅਸਤੀਫਾ ਜਿਨ੍ਹਾਂ ਤੋਂ ਦਿਵਾਇਆ ਹੈ, ਉਹ ਸਪੋਰਟ ਕਰਨਗੇ, ਪਰ ਸਪੋਰਟ ਕੋਈ ਨਹੀਂ ਮਿਲੀ ਅਤੇ ਇਹ ਹਾਏ ਕੁਰਸੀ ਕਰਦੇ ਰਹਿ ਗਏ। ਅੱਜ ਵੀ, ਸਪੀਕਰ ਸਾਹਿਬ, ਮੈਂ ਦੇਖਿਆ ਹੈ ਕਿ ਇਧਰੋਂ ਰਾਜੇ ਰਜਵਾੜੇ ਹੀ ਬੋਲੇ ਹਨ। ਦੋਵੇਂ ਹੀ ਖੜੇ ਹੋ ਗਏ। ਰਾਜਾ ਨਰਿੰਦਰ ਸਿੰਘ ਨੇ ਵੀ ਬੜਾ ਕਿਹਾ ਕਿ ਅਸੀਂ ਤਾਂ ਅਸੂਲ ਤੇ ਚਲੇ ਹਾਂ। ਅਸੂਲ ਦੇ ਲਫਜ਼ ਨੂੰ ਬੜਾ ਲੰਬਾ ਕਰਕੇ ਕਿਹਾ। ਅਸੀਂ ਨਹੀਂ ਦੇਖਿਆ ਪਰ ਕਿਸੇ ਨੇ ਦੱਸਿਆ ਹੈ ਕਿ ਗੁਰਨਾਮ ਸਿੰਘ ਦੀ ਮਨਿਸਟਰੀ ਤੋੜਨ ਵਾਲਿਆਂ ਵਿਚੋਂ ਇਹ ਰਹੇ ਹਨ। (ਥੰਪਿੰਗ) ਪਹਿਲੀ ਵਾਰ ਅਕਾਲੀ ਸਰਕਾਰ ਬਣੀ ਔਰ ਸਰਦਾਰ ਗੁਰਨਾਮ ਸਿੰਘ, ਚੀਫ ਮਨਿਸਟਰ ਬਣੇ। ਉਨ੍ਹਾਂ ਦੀ ਸਰਕਾਰ ਨੂੰ ਦੋ ਪਾੜ ਕਰਕੇ ਔਰ ਗਿੱਲ ਸਾਹਿਬ ਨੂੰ ਨਾਲ ਲੈ ਕੇ ਚਲੇ ਗਏ। ਪੰਡਿਤ ਜੀ ਨੂੰ ਐਵੇਂ ਹੀ ਕਹੀ ਜਾਂਦੇ ਹਨ। ਸਰਹਾਲ ਨੂੰ ਕਹਿ ਰਹੇ ਸਨ ਕਿ ਸਾਡੇ ਕੋਲ ਆ ਜਾ ਇਧਰ ਤੈਨੂੰ ਚੇਅਰਮੈਨੀ ਮਿਲੀ ਹੋਈ ਹੈ। ਅਸੀਂ ਤੈਨੂੰ ਵਜ਼ੀਰ ਬਣਾ ਦਿਆਂਗੇ।

ਰਾਜਾ ਨਰਿੰਦਰ ਸਿੰਘ : ਮੇਰਾ, ਸਪੀਕਰ ਸਾਹਿਬ, ਇਨ੍ਹਾਂ ਨੇ ਨਾਂ ਲਿਆ ਹੈ ਕਿ ਮੈਂ ਗਿੱਲ ਨਾਲ ਮਿਲਕੇ ਇਹ ਕੀਤਾ (ਵਿਘਨ) ਇਹ ਹੁਣ ਕਿਸ ਨਾਲ ਰਖੇ ਹੋਏ ਹਨ? (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਥੇ ਕਿਹਾ ਗਿਆ ਕਿ ਇਰੀਟੇਂਟਸ ਕਰਕੇ ਸਿੱਖਾਂ ਤੇ ਅਸਰ ਪੈਂਦਾ ਹੈ। ਇੱਕ ਵੱਡਾ ਇਰੀਟੈਂਟ ਸੀ ਕਿ ਅਕਾਰਡ ਸਿਰੇ ਨਹੀਂ ਚੜ੍ਹਿਆ। ਇਹ ਅਕਾਰਡ ਵਧੀਆ ਬਣਿਆ ਸੀ ਔਰ ਇਸੇ ਅਕਾਰਡ ਨੇ ਇਨ੍ਹਾਂ ਨੂੰ ਇਲੈਕਸ਼ਨਜ਼ ਵਿਚ ਜਿਤਾਇਆ ਪਰ ਇਹ ਸਿਰੇ ਨਹੀਂ ਚੜ੍ਹ ਸਕਿਆ। ਵਿਚ ਕਮਿਸ਼ਨ ਆ ਗਏ। ਸਰਦਾਰ ਬਲਵੰਤ ਸਿੰਘ ਨੇ ਇਸ ਬਾਰੇ ਜ਼ਿਕਰ ਕੀਤਾ ਹੈ ਔਰ ਇਸ ਲਈ ਮੈਂ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ।

**Expunged as ordered by the Chair.

ਸਰਦਾਰ ਕਿਰਪਾਲ ਸਿੰਘ ਨੇ ਕਿਹਾ ਕਿ ਅਕਾਰਡ ਦੀ ਇੰਪਲੀਮੈਂਟੇਸ਼ਨ ਹੋਣੀ ਚਾਹੀਦੀ ਹੈ। ਇਸ ਦੀ ਇੰਪਲੀਮੈਂਟੇਸ਼ਨ ਲੈਟਰ ਐਂਡ ਸਪਿਰਟ ਵਿਚ ਹੋਣੀ ਚਾਹੀਦੀ ਹੈ। ਅਸੀਂ ਰੈਜ਼ੋਲਿਊਸ਼ਨ ਕੀਤਾ ਹੋਇਆ ਹੈ। ਸਾਰੀਆਂ ਪਾਰਟੀਆਂ ਨੂੰ, ਸਾਰੇ ਗਰੁਪਾਂ ਨੂੰ ਰਲਕੇ ਇਸ ਦੀ ਇੰਪਲੀਮੈਂਟੇਸ਼ਨ ਵਾਸਤੇ ਜ਼ੋਰ ਲਗਾਉਣਾ ਚਾਹੀਦਾ ਹੈ। ਇਸ ਨਾਲ ਪੰਜਾਬ ਦੀ ਭਲਾਈ ਹੋਏਗੀ। ਚੰਡੀਗੜ੍ਹ ਸਾਨੂੰ ਮਿਲ ਜਾਣਾ ਚਾਹੀਦਾ ਹੈ। ਦੇਸ਼ ਦੇ ਦੋਸਤ ਥੋੜ੍ਹੇ ਹਨ ਔਰ ਇਥੋਂ ਦੇ ਮਹੌਲ ਨੂੰ ਖਰਾਬ ਕਰਨ ਵਾਲੇ ਬਹੁਤੇ ਹਨ। ਗਵਾਂਢ ਵਿਚ ਹਰਿਆਣਾ ਵਿਚ ਇਲੈਕਸ਼ਨਜ਼ ਆ ਗਏ ਹਨ। ਉਸ ਨੂੰ ਮੱਦੇਨਜ਼ਰ ਰਖਦਿਆਂ ਹੋਇਆਂ ਵੀ ਗਲਾਂ ਕੀਤੀਆਂ ਜਾਂਦੀਆਂ ਹਨ। ਕਮਿਊਨਲ ਬੇਸਿਜ਼ ਤੇ ਵੋਟ ਮੰਗੇ ਜਾਂਦੇ ਹਨ। ਇਸ ਬਾਰੇ ਜ਼ਿਕਰ ਪਾਰਲੀਮੈਂਟ ਵਿਚ ਆਇਆ ਔਰ ਅਸੰਬਲੀ ਵਿਚ ਆਇਆ ਹੈ। ਕਮਿਊਨਲ ਬੇਸਿਜ਼ ਤੇ ਬਹੁਤੀਆਂ ਵੋਟਾਂ ਕਿਵੇਂ ਕਾਬੂ ਕਰ ਸਕਦੇ ਹਾਂ। ਸਾਡੀ ਘਟ ਗਿਣਤੀ ਹੈ ਅਤੇ ਇਸ ਨਾਲ ਸਾਡਾ ਨੁਕਸਾਨ ਹੋ ਜਾਂਦਾ ਹੈ। ਸਾਰੀਆਂ ਪਾਰਟੀਆਂ ਰਲਕੇ ਸੈਂਟਰਲ ਗੌਰਮਿੰਟ ਤੇ ਜ਼ੋਰ ਪਾਈਏ ਕਿ ਅਕਾਰਡ ਦੀ ਇੰਪਲੀਮੈਂਟੇਸ਼ਨ ਕਰਨੀ ਚਾਹੀਦੀ ਹੈ। ਥੋੜ੍ਹਾ ਬਹੁਤ ਇਧਰ ਉਧਰ ਕਰਨਾ ਪਏ ਤਾਂ ਕਰ ਦੇਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਦੇਸ਼ ਦਾ ਭਲਾ ਹੈ ਔਰ ਸੂਬੇ ਦਾ ਭਲਾ ਹੋ ਸਕਦਾ ਹੈ (ਥੰਪਿੰਗ)।

ਜੋਧਪੁਰ ਡੇਟੇਨਿਊਜ਼ ਬਾਰੇ ਚੰਦੂਮਾਜਰਾ ਜੀ ਨੇ ਕਿਹਾ ਹੈ। ਸਾਡੇ ਜ਼ਿਲ੍ਹੇ ਦੇ ਵੀ ਕਈ ਮਾਰੇ ਗਏ ਔਰ ਗੋਲੀਆਂ ਨਾਲ ਮਾਰੇ ਗਏ। 18 ਬੰਦੇ ਅਜੇ ਵੀ ਉਥੇ ਜੇਲ੍ਹ ਵਿਚ ਹਨ। ਕਈਆਂ ਨੇ ਤਾਂ ਬੰਦੂਕਾਂ ਤਕ ਨਹੀਂ ਦੇਖੀਆਂ ਸਨ। ਬਹੁਤ ਸਾਰੇ ਸ਼੍ਰੋਮਣੀ ਕਮੇਟੀ ਦੇ ਸੇਵਾਦਾਰ ਸਨ। ਉਨ੍ਹਾਂ ਵਿਚ 2 ਲੜਕੀਆਂ ਵੀ ਹਨ ਜਿਨ੍ਹਾਂ ਬਾਰੇ ਬਾਰ ਬਾਰ ਜ਼ੋਰ ਦਿੰਦੇ ਰਹੇ ਕਿ ਉਨ੍ਹਾਂ ਨੂੰ ਛਡਿਆ ਜਾਏ। ਢਾਈ ਸਾਲ ਹੋ ਗਏ ਹਨ ਜਦੋਂ ਦੇ ਇਹ ਜੋਧਪੁਰ ਜੇਲ੍ਹ ਵਿਚ ਹਨ। ਮੈਨੂੰ ਮੌਕਾ ਮਿਲਿਆ ਸੀ ਬਤੌਰ ਵਕੀਲ ਦੇ ਮੈਂ ਪੇਸ਼ੀ ਕਰਕੇ ਆਇਆ ਸੀ ਅਤੇ ਉਨ੍ਹਾਂ ਨਾਲ ਮੁਲਾਕਾਤ ਵੀ ਕੀਤੀ ਸੀ। ਕਰੜੇ ਤੋਂ ਕਰੜੇ ਕੇਸਾਂ ਵਿਚ ਵੀ ਛੱਡ ਦਿੱਤਾ ਜਾਂਦਾ ਹੈ। ਇਨ੍ਹਾਂ ਨੂੰ ਵੀ ਛੱਡ ਦੇਣਾ ਚਾਹੀਦਾ ਹੈ। ਇਸ ਲਈ ਸਾਰੀਆਂ ਪਾਰਟੀਆਂ ਰਲ ਕੇ ਜ਼ੋਰ ਪਾਉਣ। ਮੈਨੂੰ ਖੁਸ਼ੀ ਹੈ ਕਿ ਪਾਰਲੀਮੈਂਟ ਵਿਚ ਬਹੁਤ ਸਾਰੇ ਲੋਕਾਂ ਨੇ ਇਹ ਮਸਲਾ ਉਠਾਇਆ ਔਰ ਪ੍ਰਧਾਨ ਮੰਤਰੀ ਜੀ ਨੂੰ ਕਿਹਾ ਕਿ ਇਨ੍ਹਾਂ ਨੂੰ ਛਡਿਆ ਜਾਏ। ਇਸ ਹਾਊਸ ਵਿਚ ਵੀ ਸਾਰਿਆਂ ਨੂੰ ਇਕੱਠਾ ਹੋ ਕੇ ਜੋਧਪੁਰ ਜੇਲ੍ਹ ਵਿਚ ਜੋ ਹਨ ਉਨ੍ਹਾਂ ਨੂੰ ਛੁਡਾਉਣ ਬਾਰੇ ਜ਼ੋਰ ਪਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਉਥੇ ਰਹਿੰਦੇ ਢਾਈ ਸਾਲ ਹੋ ਗਏ ਹਨ।

ਡੇਜ਼ਰਟਰਜ਼ ਬਾਰੇ ਕਚਹਿਰੀਆਂ ਵਿਚ ਧਰਨਾ ਮਾਰਿਆ ਗਿਆ ਹੈ। ਸੈਸ਼ਨ ਜੱਜ ਆਦਿ ਡੇਜ਼ਰਟ-ਰਜ਼ ਨੂੰ ਕਿਵੇਂ ਛੱਡ ਸਕਦੇ ਹਨ। ਉਨ੍ਹਾਂ ਨੂੰ ਕਿਸੇ ਨੇ ਕੀ ਛੁੜਾਉਣਾ ਹੈ। ਇਹ ਤਾਂ ਸਿਰਫ ਪੁਲੀ-ਟੀਕਲ ਕਵਰ ਦਿੱਤਾ ਜਾਂਦਾ ਹੈ। ਇਹ ਸਾਡੀ ਪਰਸਿਸਟੈਂਟ ਐਫਰਟ ਦਾ ਨਤੀਜਾ ਹੈ ਕਿ ਉਨ੍ਹਾਂ ਵਿਚੋਂ 2300 ਬੰਦੇ ਨੌਕਰੀਆਂ ਤੇ ਬਹਾਲ ਹੋ ਗਏ ਹਨ (ਥੰਪਿੰਗ) ਕੁਝ ਬੰਦੇ 46-47 ਦੇ ਕਰੀਬ ਰਾਹ ਵਿਚ ਮਾਰੇ ਗਏ ਸਨ। ਸੂਬੇ ਦੀ ਸਰਕਾਰ ਨੇ ਉਨ੍ਹਾਂ ਨੂੰ ਕੰਪਨਸੇਟ ਕੀਤਾ ਹੈ ਪਰ ਇਹ ਕਾਫੀ ਨਹੀਂ। ਇਸ ਲਈ ਗਰੁਪ ਇਨਸ਼ੋਰੈਂਸ ਵਿਚ ਇਨ੍ਹਾਂ ਦੀਆਂ ਫੈਮਿਲੀਜ਼ ਨੂੰ 60,000 ਰੁਪਿਆ ਦੇਣ ਬਾਰੇ ਪ੍ਰਬੰਧ ਕੀਤਾ ਹੈ। ਇਨ੍ਹਾਂ ਦੀਆਂ ਸਜ਼ਾਵਾਂ ਘਟਾਉਣ ਵਾਸਤੇ ਵਕੀਲ ਕਰ ਰਹੇ ਹਾਂ। ਅੱਜ ਦੇ ਅਖਬਾਰ ਪੰਜਾਬੀ ਟ੍ਰੀਬਿਊਨ ਵਿਚ ਜ਼ਿਕਰ ਸੀ ਕਿ ਬੈਰਿਕ ਛੱਡਣ ਵਾਲੇ ਕਈ ਫੌਜੀਆਂ ਦੀ ਸਜ਼ਾ ਵਿਚ ਕਮੀ। ਉਨ੍ਹਾਂ ਨੂੰ ਪੈਰੋਲ ਨਹੀਂ ਸੀ ਮਿਲਦੀ। ਚੀਫ ਆਫ ਆਰਮੀ ਨਾਲ ਮੈਂ ਗਲਬਾਤ ਕੀਤੀ। ਪੈਰੋਲ ਦਾ ਬੰਦੋਬਸਤ ਹੋ ਗਿਆ ਅਤੇ ਉਹ ਪੈਰੋਲ ਤੇ ਜਾਣ ਲਗਣਗੇ। ਇਨ੍ਹਾਂ ਦੇ ਘਰ ਵਾਲਿਆਂ ਨੂੰ ਪੈਨਸ਼ਨਾਂ ਵਗੈਰਾ ਇਹ ਲੰਬੀ ਗਲ ਹੈ।

[ਮੁੱਖ ਮੰਤਰੀ]

ਮਿਸ਼ਰਾ ਕਮਿਸ਼ਨ ਦੀ ਗਲ ਚਲੀ। ਅਸੀਂ ਜ਼ੋਰ ਲਗਾਇਆ ਸੀ ਕਿ ਇਹ ਨੀਯਤ ਹੋਣਾ ਚਾਹੀਦਾ ਹੈ। ਇਹ ਨੀਯਤ ਹੋ ਗਿਆ ਔਰ ਇਸ ਦੀ ਰਿਪੋਰਟ ਬਣ ਕੇ ਆ ਗਈ। ਮਿਸ਼ਰਾ ਕਮਿਸ਼ਨ ਲੌਂਗੋਵਾਲ ਕਮਿਸ਼ਨ ਦਾ ਹਿੱਸਾ ਬਣਿਆ। ਪਾਰਲੀਮੈਂਟ ਨੇ ਪਾਸ ਕਰ ਦਿੱਤਾ ਕਿ ਰਿਪੋਰਟ ਸਦਨ ਦੀ ਮੇਜ਼ ਤੇ ਰਖੋ ਜਾਂ ਨਾ ਰਖੋ ਇਹ ਉਨ੍ਹਾਂ ਦੀ ਮਰਜ਼ੀ ਹੈ। ਸਰਦਾਰ ਕ੍ਰਿਪਾਲ ਸਿੰਘ ਨੇ ਇਤਰਾਜ਼ ਕੀਤਾ। ਇਸ ਵੇਲੇ ਉਹ ਇਥੇ ਹੈ ਨਹੀਂ ਉਨ੍ਹਾਂ ਨੇ ਕਿਹਾ ਕਿ ਸਰਕਾਰ ਕੁਝ ਨਹੀਂ ਕਰ ਰਹੀ, ਬਰਨਾਲਾ ਸਰਕਾਰ ਕੁਝ ਨਹੀਂ ਕਰ ਰਹੀ। ਮੈਂ ਹਾਊਸ ਵਿਚ ਦਸਿਆ ਸੀ ਕਿ ਮੈਂ ਐਫਰਟ ਕੀਤੀ ਹੈ। ਮੈਂ ਚਿੱਠੀ ਲਿਖੀ ਸੀ ਇਹ ਰਿਪੋਰਟ ਰਿਲੀਜ਼ ਕਰਨ ਬਾਰੇ ਔਰ ਅੱਜ ਹੀ ਪ੍ਰਾਈਮ ਮਨਿਸਟਰ ਦੀ ਚਿੱਠੀ ਮੈਨੂੰ ਮਿਲੀ ਹੈ, ਉਸ ਵਿਚ ਲਿਖਿਆ ਹੈ :—

"Dear Barnala,

This is with reference to your letter dated 17th November.

The report of the Mishra Commission will be laid on the Table of the House in Parliament."

ਇਹ ਅੱਜ ਹੀ ਚਿੱਠੀ ਮਿਲੀ ਹੈ। ਕਿਉਂਕਿ ਇਹ ਹਾਊਸ ਦੀ ਮੰਗ ਸੀ ਇਸ ਲਈ ਮੈਂ ਗਲ ਕਰ ਦਿੱਤੀ ਹੈ।

ਬਾਰਡਰਜ਼ ਦੀ ਕਿਲਿੰਗਜ਼ ਦੀ ਗਲ ਚਲੀ ਹੈ। ਬਾਰਡਰ ਤੇ ਬੰਦੇ ਮਾਰੇ ਜਾ ਰਹੇ ਹਨ। ਇਸ ਬਾਰੇ ਮੈਨੂੰ ਤਕਲੀਫ ਹੈ ਔਰ ਹਰ ਪੰਜਾਬੀ ਨੂੰ ਔਖ ਲਗਦੀ ਹੈ ਜਦ ਕੋਈ ਬਾਰਡਰ ਤੇ ਮਾਰਿਆ ਜਾਂਦਾ ਹੈ। ਲੋਕ ਸਮਝਦੇ ਹਨ ਕਿ ਬੇਗੁਨਾਹ ਮਾਰੇ ਗਏ ਹਨ। ਮੈਂ ਟੇਕ ਅਪ ਕਰਦਾ ਰਿਹਾ ਹਾਂ ਕਿ ਬਾਰਡਰ ਤੇ ਕਿਲਿੰਗਜ਼ ਨਾ ਹੋਣ। ਬੰਗਲਾ ਦੇਸ਼ੀ 5400 ਦੇ ਕਰੀਬ ਉਧਰੋਂ ਆਏ। ਉਨ੍ਹਾਂ ਵਿਚੋਂ ਬਹੁਤ ਸਾਰੇ ਪਿਛਾਂਹ ਧੱਕ ਦਿੱਤੇ, ਬਹੁਤ ਸਾਰੇ ਫੜ ਲਏ ਅਤੇ ਬਹੁਤ ਸਾਰੇ ਮਾਰੇ ਗਏ। ਐਨੀ ਤਾਦਾਦ ਵਿਚ ਲੋਕ ਆਉਂਦੇ ਜਾਂਦੇ ਹਨ ਕਿ ਉਥੇ ਕੁਝ ਮਾਰੇ ਵੀ ਜਾਂਦੇ ਹਨ। ਸਾਡੀ ਐਫਰਟ ਇਹ ਹੁੰਦੀ ਹੈ ਕਿ ਇਹ ਨਾ ਹੋਵੇ ਕਿ ਉਹ ਜਾ ਕੇ ਲੋਕਾਂ ਦਾ ਅਮਨ ਖਰਾਬ ਕਰਨ ਅਤੇ ਖਲਬਲੀ ਪੈਦਾ ਨਾ ਕਰਨ ਤਾਕਿ ਸੂਬੇ ਵਿਚ ਸ਼ਾਂਤੀ ਹੋ ਜਾਵੇ। ਅਸੀਂ ਪਾਕਿਸਤਾਨ ਦਾ ਹੱਥ ਇਸ ਵਿਚ ਕਹਿੰਦੇ ਰਹੇ ਹਾਂ। ਪਹਿਲੇ ਅਸੀਂ ਕਹਿੰਦੇ ਸੀ ਪਰ ਹੁਣ ਪ੍ਰਾਈਮ ਮਨਿਸਟਰ ਸਾਡੇ ਨਾਲ ਸਹਿਮਤ ਹਨ ਕਿ ਪਾਕਿਸਤਾਨ ਦਾ ਹੱਥ ਹੈ। ਪ੍ਰਾਈਮ ਮਨਿਸਟਰ ਸਾਹਿਬ ਨੇ ਬਿਆਨ ਦਿੱਤਾ ਹੈ। ਇਹ ਬਿਆਨ ਇੰਡੀਅਨ ਐਕਸਪ੍ਰੈਸ ਵਿਚ ਆਇਆ ਹੈ, ਉਹ ਮੈਂ ਕੋਟ ਕਰ ਰਿਹਾ ਹਾਂ, ਜੋ ਕਿ ਇਸ ਪ੍ਰਕਾਰ ਹੈ :—

The Prime Minister repeated the charge that Pakistan was helping the Sikh terrorists and told the magazine "If Pakistan played absolutely no role I think terrorism in Punjab would be down to less than 10 percent of the current number of incidents".

10% ਤੇ ਆ ਜਾਏ, ਇਹ ਉਨ੍ਹਾਂ ਦਾ ਅੰਦਾਜ਼ਾ ਹੈ। ਅਸੀਂ ਵੀ ਸਮਝਦੇ ਹਾਂ ਅਤੇ ਕਹਿੰਦੇ ਰਹੇ ਹਾਂ, ਉਹ ਵੀ ਸਮਝਦੇ ਹਨ ਅਤੇ ਕਹਿੰਦੇ ਹਨ ਕਿ ਇਸ ਵਿਚ ਪਾਕਿਸਤਾਨ ਦਾ ਹੱਥ ਹੈ। ਪਾਕਿਸਤਾਨ ਟਰੇਂਡ ਕਰਕੇ ਭੇਜ ਰਿਹਾ ਹੈ। ਪਾਕਿਸਤਾਨ ਉਨ੍ਹਾਂ ਨੂੰ ਹਥਿਆਰ ਦੇ ਕੇ ਭੇਜ ਰਿਹਾ ਹੈ। ਇਸ ਲਈ ਅਸੀਂ ਬਾਰ ਬਾਰ ਕਹਿੰਦੇ ਰਹੇ ਹਾਂ। ਅਸੀਂ ਸੈਂਟਰਲ ਗੌਰਮਿੰਟ ਨੂੰ ਕਹਿੰਦੇ ਰਹੇ ਹਾਂ ਤੁਸੀਂ ਡਿਪਲੋ-ਮੈਟਿਕ ਲੈਵਲ ਤੇ ਪਾਕਿਸਤਾਨ ਨਾਲ ਗੱਲ ਕਰੋ। ਸਰਦਾਰ ਬਲਵੰਤ ਸਿੰਘ ਹੋਰੀਂ ਕਹਿ ਰਹੇ ਸਨ ਪਰ ਡਾਕਟਰ ਸਾਹਿਬ ਨੇ ਇਤਰਾਜ਼ ਕੀਤਾ। ਅਸੀਂ ਸੈਂਟਰਲ ਗੌਰਮਿੰਟ ਨੂੰ ਕਿਹਾ ਕਿ ਤੁਸੀਂ ਪਾਕਿਸਤਾਨ

ਨਾਲ ਡਿਪਲੋਮੈਟਿਕ ਲੈਵਲ ਤੇ ਗੱਲ ਕਰੋ ਤਾਕਿ ਉਹ ਉਨ੍ਹਾਂ ਨੂੰ ਟਰੇਂਡ ਨਾ ਕਰਨ ਅਤੇ ਹਥਿਆਰ ਨਾ ਦੇਣ। ਪਾਕਿਸਤਾਨ ਉਨ੍ਹਾਂ ਲੋਕਾਂ ਨੂੰ ਹਰ ਕਿਸਮ ਦੀ ਟਰੇਨਿੰਗ ਦੇ ਕੇ, ਉਨ੍ਹਾਂ ਨੂੰ ਕੁਝ ਸੁਝਾਓ ਦੇ ਕੇ ਅਤੇ ਹਥਿਆਰ ਦੇ ਕੇ ਇਥੇ ਭੇਜਦਾ ਹੈ। ਇਸ ਲਈ ਇਸ ਚੀਜ਼ ਨੂੰ ਬੰਦ ਕੀਤਾ ਜਾਵੇ।

ਇਥੇ ਕਾਰੀਡੋਰ ਦਾ ਜ਼ਿਕਰ ਆਇਆ। ਅਸੀਂ ਕਿਹਾ ਕਿ ਕਾਰੀਡੋਰ ਬਣ ਜਾਵੇ, ਮੋਰੀ ਬਣ ਜਾਵੇ ਤਾਕਿ ਜੇ ਕਿਸੇ ਨੇ ਆਉਣਾ ਹੈ ਤਾਂ ਉਹ ਆ ਜਾਵੇ। ਇਸ ਦਾ ਮਤਲਬ ਇਹੀ ਨਹੀਂ ਕਿ ਉਹ ਆਪਣੀ ਮਰਜ਼ੀ ਨਾਲ ਜਿਥੇ ਜਾਣਾ ਚਾਹੁਣ ਜਾ ਸਕਣ। ਅੱਗੇ ਪੁਲਿਸ ਵਾਲੇ ਖੜੇ ਹੁੰਦੇ ਹਨ। ਉਨ੍ਹਾਂ ਨੇ ਪੁਲਿਸ ਕੋਲ ਜਾਣਾ ਹੁੰਦਾ ਹੈ ਅਤੇ ਦੱਸਣਾ ਹੁੰਦਾ ਹੈ ਕਿ ਮੈਂ ਕੌਣ ਹਾਂ। ਉਸ ਨੂੰ ਗੋਲੀ ਨਹੀਂ ਮਾਰੀ ਜਾਵੇਗੀ। ਉਸ ਨੂੰ ਫੜਕੇ ਇਨਟੈਰੋਗੇਸ਼ਨ ਸੈਂਟਰ ਤੇ ਲਿਜਾਕੇ ਇਨਟੈਰੋਗੇਸ਼ਨ ਟੀਮ ਜਿਸ ਵਿਚ ਦਿੱਲੀ ਦੀ ਵੀ ਟੀਮ ਹੁੰਦੀ ਹੈ, ਉਹ ਟੀਮ ਇਨਟੈਰੋਗੇਸ਼ਨ ਕਰਦੀ ਹੈ। ਜੇ ਤਾਂ ਉਹ ਆਦਮੀ ਠੀਕ ਨਿਕਲੇ ਤਾਂ ਉਹ ਘਰ ਜਾਵੇਗਾ, ਜੇ ਠੀਕ ਨਾ ਨਿਕਲੇ ਤਾਂ ਜੇਲ੍ਹ ਜਾਵੇਗਾ। ਇਸ ਕਰਕੇ ਸੁਜੈਸ਼ਨ ਦਿੱਤੀ ਸੀ ਕਿ ਮੋਰੀ (ਕਾਰੀਡੋਰ) ਰੱਖੀ ਜਾਵੇ। ਇਹ ਨਹੀਂ ਕਿ ਉਨ੍ਹਾਂ ਨੂੰ ਖੁਲ੍ਹਾ ਛੱਡ ਦਿਉ। (ਥੰਪਿੰਗ) ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਬਾਰਡਰ ਨੂੰ ਸੀਲ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਮਾਈਨਾਂ ਨਾਲ ਸੀਲ ਕਰ ਦਿੱਤਾ ਜਾਵੇ। ਮੈਂ ਇਸ ਨਾਲ ਸਹਿਮਤ ਨਹੀਂ ਹਾਂ।

ਇਕ ਆਵਾਜ਼ : ਡੇਰਾ ਬਾਬਾ ਨਾਨਕ ਵਿਚ 10 ਬੰਦੇ ਮਾਰ ਦਿੱਤੇ ਗਏ। ਇਸ ਬਾਰੇ 3 ਮਨਿਸਟਰਜ਼ ਨੇ ਰਿਪੋਰਟ ਤਿਆਰ ਕੀਤੀ ਸੀ, ਉਸ ਦੇ ਮੁਤੱਲਕ ਜ਼ਿਕਰ ਨਹੀਂ ਆਇਆ।

ਮੁੱਖ ਮੰਤਰੀ : ਉਹ ਜਿਹੜੀ ਅਸੀਂ ਕਮੇਟੀ ਨਿਯੁਕਤ ਕੀਤੀ ਸੀ ਉਸ ਕਮੇਟੀ ਵਿਚ ਕਾਹਲੋਂ ਜੀ ਸਟੇਟ ਮਨਿਸਟਰ ਸਨ। ਦੂਜੇ ਕੈਪਟਨ ਸਾਹਿਬ, ਮਨਿਸਟਰ ਆਫ ਸਟੇਟ ਫਾਰ ਹੋਮ ਸਨ ਅਤੇ ਤੀਜੇ ਦਾਲਮ ਜੀ ਸਨ। ਉਨ੍ਹਾਂ ਨੇ ਰਿਪੋਰਟ ਤਿਆਰ ਕਰਕੇ ਮੈਨੂੰ ਦਿੱਤੀ। ਮੇਰੇ ਪਾਸ ਰਿਪੋਰਟ ਆਈ। ਮੈਂ ਉਹ ਸਾਰੀ ਦੇਖੀ ਹੈ। ਕਿਉਂਕਿ ਉਹ ਪਾਰਟੀ ਦੀ ਰਿਪੋਰਟ ਸੀ, ਇਥੇ ਇਸ ਬਾਰੇ ਸਵਾਲ ਆਇਆ ਪਰ ਮੈਂ ਉਸ ਦਾ ਜਵਾਬ ਦਿੱਤਾ ਕਿ ਮੈਂ ਇਸ ਹਾਊਸ ਵਿਚ ਉਸ ਨੂੰ ਰੱਖਣ ਵਾਸਤੇ ਤਿਆਰ ਨਹੀਂ ਹਾਂ।

ਮਾਈਨਜ਼ ਨਾਲ ਲੋਕ ਮਰ ਜਾਂਦੇ ਹਨ। 540 ਕਿਲੋ ਮੀਟਰ ਬਾਰਡਰ ਸਾਰਾ ਮਾਈਨਜ਼ ਲਾਕੇ ਬੰਦ ਨਹੀਂ ਕਰ ਸਕਦੇ। ਲੇਕਿਨ ਮੈਂ ਜੋ ਸੁਜੈਸ਼ਨ ਦਿੱਤੀ ਸੀ ਉਸ ਉਤੇ ਅਮਲ ਹੋ ਰਿਹਾ ਹੈ ਕਿ ਚੈਕ ਪੋਸਟਾਂ ਨੇੜੇ ਲਿਆਂਦੀਆਂ ਜਾਣ। ਉਨ੍ਹਾਂ ਨੂੰ ਉਥੇ ਪੂਰਾ ਇਕੁਇਪਮੈਂਟ ਅਤੇ ਹੋਰ ਵਾਇਰਲੈਸ ਆਦਿ ਚੰਗੇ ਦਿਤੇ ਜਾ ਰਹੇ ਹਨ ਤਾਕਿ ਉਨ੍ਹਾਂ ਦੀ ਗਾਰਡਿੰਗ ਅੱਛੀ ਹੋ ਸਕੇ। ਇਸ ਤਰ੍ਹਾਂ ਬਾਰਡਰ ਵੀ ਪੂਰਾ ਸੀਲ ਹੋ ਜਾਵੇਗਾ ਅਤੇ ਇਹ ਮਸਲਾ ਵੀ ਹੱਲ ਹੋ ਜਾਵੇਗਾ। ਇਸ ਤਰ੍ਹਾਂ 90% ਮਸਲਾ ਹੱਲ ਹੋ ਸਕਦਾ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਜਸਟਿਸ ਸਰਕਾਰੀਆ ਦੇ ਬਾਰੇ ਕੋਈ ਗੱਲ ਕਰੋ ?

ਮੁੱਖ ਮੰਤਰੀ : ਜਦੋਂ ਕਿਸੇ ਗੱਲ ਦਾ ਫਾਇਦਾ ਨਹੀਂ ਹੁੰਦਾ ਫਿਰ ਇਹ ਗੱਲ ਕਰਦੇ ਹਨ। (ਵਿਘਨ) ਪਾਤੜ ਕਮਿਸ਼ਨ ਦੀ ਰਿਪੋਰਟ ਬਾਰੇ ਕਿਹਾ ਗਿਆ। (ਵਿਘਨ) ਪਾਤੜ ਕਮਿਸ਼ਨ ਦੀ ਸਾਰੀ ਦੀ ਸਾਰੀ ਰਿਪੋਰਟ ਅਫਸਰਾਂ ਦੇ ਹੱਕ ਵਿਚ ਗਈ ਹੈ। (ਵਿਘਨ) (ਸ਼ੋਰ) ਪਾਤੜ ਕਮਿਸ਼ਨ ਨੇ ਸਾਰੇ ਅਫਸਰਾਂ ਨੂੰ ਛੱਡ ਦਿੱਤਾ ਹੈ। ਇਨ੍ਹਾਂ ਨੇ ਪੜ੍ਹਨ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਡਿਬੇਟ

[ਮੁੱਖ ਮੰਤਰੀ]

ਵਿਚ ਇਨ੍ਹਾਂ ਨੇ ਇਕ ਅੱਖਰ ਇਸ ਬਾਰੇ ਨਹੀਂ ਕਿਹਾ ਕਿ ਟੈਰੋਰਿਸਟ ਕਰਾਈਮ ਘੱਟ ਹੋਣਾ ਚਾਹੀਦਾ ਹੈ ਜਾਂ ਇਸ ਨੂੰ ਘੱਟ ਕਰਨ ਦਾ ਕੀ ਤਰੀਕਾ ਹੈ। ਇਸ ਬਾਰੇ ਇਨ੍ਹਾਂ ਨੇ ਇਕ ਅੱਖਰ ਨਹੀਂ ਕਿਹਾ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ** ** **

ਸ੍ਰੀ ਸਪੀਕਰ : ਤੁਸੀਂ ਪੁਰਾਣੇ ਮਨਿਸਟਰ ਵੀ ਰਹੇ ਹੋ, ਤੁਹਾਡਾ ਪੁਆਇੰਟ ਆਫ ਆਰਡਰ ਕੀ ਹੋਇਆ ? ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਮੁੱਖ ਮੰਤਰੀ : ਉਹ ਕਮਿਸ਼ਨ ਅਸੀਂ ਮੁਕੱਰਰ ਕੀਤਾ ਸੀ। (ਵਿਘਨ) ਸਪੀਕਰ ਸਾਹਿਬ, ਇਕ ਗੱਲ ਇਨ੍ਹਾਂ ਵਲੋਂ ਬੜੀ ਅਜੀਬ ਕੀਤੀ ਗਈ ਕਿ ਇਹ ਉਨ੍ਹਾਂ ਦੇ ਭੋਗਾਂ ਤੇ ਜਾਂਦੇ ਰਹੇ। ਇਨ੍ਹਾਂ ਨੇ ਉਨ੍ਹਾਂ ਨੂੰ ਅਮਰ ਸ਼ਹੀਦ ਕਿਹਾ। ਇਨ੍ਹਾਂ ਨੇ ਉਨ੍ਹਾਂ ਨੂੰ ਸ਼ਹਿ ਦਿੱਤੀ। ਇਨ੍ਹਾਂ ਨੇ ਉਨ੍ਹਾਂ ਲੋਕਾਂ ਦਾ ਬਿਲਕੁਲ ਕਵਰ ਦਿੱਤਾ, ਨਹੀਂ ਤਾਂ ਉਨ੍ਹਾਂ ਲੋਕਾਂ ਨੇ ਪਿਛੇ ਹਟ ਜਾਣਾ ਸੀ। (ਵਿਘਨ) (ਸ਼ੋਰ) ਇਹ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਰਹੇ ਹਨ। ਫਿਰ ਇਨ੍ਹਾਂ ਨੇ ਕਿਹਾ ਕਿ ਦਰਬਾਰ ਸਾਹਿਬ ਵਿਚ ਪੁਲਿਸ ਭੇਜੀ ਗਈ। ਮੈਂ ਇਨ੍ਹਾਂ ਨੂੰ ਸਵਾਲ ਕਰਾਂ ਕਿ ਜੇ ਦਰਬਾਰ ਸਾਹਿਬ ਵਿਚ ਜਾ ਕੇ ਖਾਲਿਸਤਾਨ ਦਾ ਐਲਾਨ ਕੀਤਾ ਜਾਵੇ, ਦੇਸ਼ ਦੇ ਖਿਲਾਫ ਜੰਗ ਦਾ ਐਲਾਨ ਕੀਤਾ ਜਾਵੇ ਅਤੇ ਕੈਪਟਨ ਸਾਹਿਬ ਤੁਹਾਡੀ ਸਰਕਾਰ ਹੋਵੇ ਤਾਂ ਤੁਸੀਂ ਦੱਸੋ ਕਿ What will you do ? ਕੀ ਤੁਸੀਂ ਹੱਥ ਜੋੜੀ ਜਾਉਗੇ? ਪਹਿਲਾਂ ਰੈਜ਼ੋਲਿਊਸ਼ਨ ਪਾਸ ਕੀਤਾ ਗਿਆ। ਉਦੋਂ ਇਹ ਸਾਡੀ ਕੈਬਨਿਟ ਵਿਚ ਸਣ। ਰੈਜ਼ੋਲਿਊਸ਼ਨ ਕੈਬਨਿਟ ਵਿਚ ਪਾਸ ਕੀਤਾ ਗਿਆ that we have to fight these elements to the finish:

ਇਸ ਰੈਜ਼ੋਲਿਊਸ਼ਨ ਦੇ ਨਾਲ ਇਹ ਸਹਿਮਤ ਸਨ।

We had to fight these elements to the finish.

ਇਸ ਕਰਕੇ ਮੈਂ ਅਰਜ਼ ਕਰਾਂਗਾ ਕਿ ਜੇ ਐਸੀ ਸਿਚੂਏਸ਼ਨ ਹੋਵੇ ਤਾਂ ਉਸ ਦੇ ਵਿਚ ਇਹ ਕੀ ਕਰਨਗੇ ? (ਵਿਘਨ) (ਸ਼ੋਰ)

ਕੈਪਟਨ ਅਮਰਿੰਦਰ ਸਿੰਘ : ਪਰਸਨਲ ਐਕਸਪਲੇਨੇਸ਼ਨ, ਸਰ। (ਵਿਘਨ) (ਸ਼ੋਰ)

ਮੁੱਖ ਮੰਤਰੀ : ਉਥੇ ਜਿਹੜੇ ਸੇਵਾਦਾਰ ਸਨ, ਜਿਹੜੇ ਫੌਜੀ ਬੈਰਕਾਂ ਛੱਡ ਕੇ ਆਏ ਸਨ, ਉਨ੍ਹਾਂ ਨੂੰ ਨੌਕਰੀ ਦੀ ਲੋੜ ਸੀ ਅਤੇ ਅਸੀਂ ਉਨ੍ਹਾਂ ਨੂੰ ਨੌਕਰੀ ਦੇ ਕੇ ਉਥੇ ਉਨ੍ਹਾਂ ਨੂੰ ਸੇਵਾਦਾਰ ਲਾ ਦਿਤਾ ਇਨ੍ਹਾਂ ਦੀ ਪਾਰਟੀ ਨੇ ਉਥੇ ਕਾਨਫਰੰਸ ਕੀਤੀ। ਕਾਨਫਰੰਸ ਕਰਕੇ ਲੋਕਾਂ ਨੂੰ ਉਕਸਾਇਆ। ਕਾਨਫਰੰਸ ਵਿਚ ਬੜੀਆਂ ਬੜੀਆਂ ਤਕਰੀਰਾਂ ਕੀਤੀਆਂ ਗਈਆਂ। ਉਸ ਦਾ ਨਤੀਜਾ ਇਹ ਹੋਇਆ ਕਿ ਲੋਕਾਂ ਨੇ ਉਥੇ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਦੇ ਅੰਦਰ ਇਕ ਸੇਵਾਦਾਰ ਦਾ ਕਤਲ ਕਰ ਦਿੱਤਾ। ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ। (ਵਿਘਨ) (ਸ਼ੋਰ) ਉਹ ਸੇਵਾਦਾਰ ਬੈਰਕਾਂ ਛੱਡ ਕੇ ਆਇਆ ਸੀ। ਫਿਰ ਇਨ੍ਹਾਂ ਨੇ ਉਨ੍ਹਾਂ ਸੇਵਾਦਾਰਾਂ ਨੂੰ ਬਾਹਿਰ ਕੱਢ ਦਿੱਤਾ ਜਿਨ੍ਹਾਂ ਨੂੰ ਅਸੀਂ ਨੌਕਰੀ ਦਿੱਤੀ ਸੀ। ਇਨ੍ਹਾਂ ਦੇ ਬੰਦਿਆਂ ਨੇ ਪ੍ਰਕਰਮਾ ਵਿਚ ਜਾ ਕੇ ਸੇਵਾਦਾਰ ਦਾ ਕਤਲ ਕਰ

**Expunged as ordered by the Chair.

ਦਿਤਾ। ਫਿਰ ਇਹ ਕਹਿੰਦੇ ਹਨ ਕਿ ਉਥੇ ਪੁਲਿਸ ਕਿਉਂ ਭੇਜੀ ਗਈ। (ਵਿਘਨ) (ਸ਼ੋਰ) ਇਨ੍ਹਾਂ ਨੇ ਗੁਰਦੁਆਰੇ ਦੀ ਪਵਿੱਤਰਤਾ ਆਪ ਭੰਗ ਕੀਤੀ। ਪ੍ਰਕਰਮਾ ਵਿਚ ਕਤਲ ਕੀਤਾ। ਜਿਹੜੇ ਉਥੇ ਮੁਲਾਜ਼ਮ ਰੱਖੇ ਸੀ ਉਨ੍ਹਾਂ ਨੂੰ ਭਗੌੜੇ ਕਿਹਾ ਗਿਆ।

(ਇਸ ਸਮੇਂ ਅਕਾਲੀ ਪਾਰਟੀ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਖੜੇ ਹੋ ਕੇ ਬੋਲ ਰਹੇ ਸਨ ਪਰ ਸਦਨ ਵਿਚ ਕਾਫੀ ਸ਼ੋਰ ਪੈਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

ਮੁੱਖ ਮੰਤਰੀ : ਅੱਤਵਾਦ ਨੂੰ ਸ਼ਹਿ ਨਹੀਂ ਦੇਣ ਦਿਆਂਗੇ। (ਵਿਘਨ) (ਸ਼ੋਰ)

ਸਰਦਾਰ ਬਚਿੱਤਰ ਸਿੰਘ : ** ** **

Mr. Speaker : This is no point of order.

ਮੁੱਖ ਮੰਤਰੀ : ਅੱਤਵਾਦ ਨੂੰ ਸ਼ਹਿ ਨਹੀਂ ਦੇਣ ਦਿਆਂਗੇ।

ਮੈਂ ਇਸ ਗਲ ਦਾ ਫੈਸਲਾ ਕੀਤਾ ਹੈ ਕਿ ਉਨ੍ਹਾਂ ਦਾ ਨੰਬਰ 23 ਦੇ ਕਰੀਬ ਹੈ, ਉਨ੍ਹਾਂ ਨੂੰ ਪਰੋਟੈਕਸ਼ਨ ਦਿੱਤੀ ਜਾਵੇ। ਉਨ੍ਹਾਂ ਨੂੰ ਗਨਮੈਨ ਪਰੋਵਾਈਡ ਕੀਤੇ ਜਾਣਗੇ। ਉਨ੍ਹਾਂ ਦੇ ਘਰਾਂ ਤੇ ਵੀ ਗਾਰਡ ਰਖੀ ਜਾਵੇਗੀ। ਸਟਾਫ਼ ਕਾਰ ਉਨ੍ਹਾਂ ਵਾਸਤੇ ਮੁਹੱਈਆ ਕਰਨ ਦਾ ਯਤਨ ਕਰ ਰਹੇ ਹਾਂ। ਉਨ੍ਹਾਂ ਦੇ ਘਰਾਂ ਵਿਚ ਟੈਲੀਫੋਨ ਲਾਉਣ ਦਾ ਵੀ ਯਤਨ ਹੈ। (ਵਿਘਨ) (ਸ਼ੋਰ) (ਇਸ ਵਕਤ ਕੈਪਟਨ ਅਮਰਿੰਦਰ ਸਿੰਘ ਜੀ ਤੇ ਹੋਰ ਬਹੁਤ ਸਾਰੇ ਮਾਨਯੋਗ ਮੈਂਬਰਜ਼ ਖੜੇ ਸਨ) ਇਨ੍ਹਾਂ ਨੇ ਮੇਰੇ ਬਾਰੇ ਵੀ ਕਿਹਾ ਹੈ ਕਿ ਜਾਂ ਇਸ ਨੂੰ ਰੱਬ ਚਕੇਗਾ ਜਾਂ ਇਸ ਨੂੰ ਕੋਈ ਰੱਬ ਦਾ ਸਿੱਖ ਚਕੇਗਾ। ਮੈਂ, ਸਪੀਕਰ ਸਾਹਿਬ, ਆਪਣੀ ਗਲ ਖ਼ਤਮ ਕਰਦਾ ਹੋਇਆ ਇਹ ਕਹਾਂਗਾ ਕਿ ਸਾਡੇ ਸੂਬੇ ਨੂੰ ਅੱਜ ਲੋੜ ਹੈ ਕਿ ਅਸੀਂ ਸਾਰੇ ਰੱਲ ਕੇ ਸੰਘਰਸ਼ ਕਰੀਏ।

Sardar Bachittar Singh : ** ** **

Mr. Speaker : Please don't read it . This is no point of order.

(ਇਸ ਵਕਤ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਕੁਝ ਮਾਨਯੋਗ ਮੈਂਬਰ ਸਾਹਿਬਾਨ ਬੋਲ ਰਹੇ ਸਨ। ਕੁਝ ਮਾਨਯੋਗ ਮੈਂਬਰਜ਼ ਨਾਹਰੇ ਲਗਾ ਰਹੇ ਸਨ ** ** **)

ਸ੍ਰੀ ਸਪੀਕਰ : ਇਹ ਰਿਕਾਰਡ ਤੇ ਨਾ ਆਵੇ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਇਕ ਕਨਵੈਨਸ਼ਨ ਹੈ ਕਿ ਜਦੋਂ ਹਾਊਸ ਦੇ ਵਿੱਚ ਲੀਡਰ ਆਫ ਦੀ ਹਾਊਸ ਬੋਲ ਰਿਹਾ ਹੋਵੇ ਤਾਂ ਕੋਈ ਇਸ ਤਰ੍ਹਾਂ ਨਹੀਂ ਬੋਲਦਾ। (ਸ਼ੋਰ) (ਵਿਘਨ) ਪੰਜਾਬ ਦੇ ਵਿੱਚ ਸਾਨੂੰ ਸਾਰਿਆਂ ਨੂੰ ਪਾਰਟੀ ਲੈਵਲ ਤੋਂ ਉਪਰ ਉਠ ਕੇ ਅਤਿਵਾਦ ਦੇ ਖਿਲਾਫ਼ ਲੜਨਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਗਲ ਖ਼ਤਮ ਕਰਦਾ ਹਾਂ।

(ਇਸ ਵਕਤ ਵੀ ਕੁਝ ਮਾਨਯੋਗ ਮੈਂਬਰ ਸਾਹਿਬਾਨ ਨਾਹਰੇ ਲਾ ਰਹੇ ਸਨ ** ** **)


ਸ੍ਰੀ ਸਪੀਕਰ : ਨਾਹਰੇ ਰਿਕਾਰਡ ਨਾ ਕੀਤੇ ਜਾਣ।

Mr. Speaker : The House stands adjourned *sine die.*

*4·58 P. M. | (The Sabha then *adjourned *sine die*)

**Expunged not recorded as ordered by the Chair.

24481 PVS—Govt. Press, Chd. (U. T.)





Published under the authority of the Punjab Vidhan Sabha and printed by the Controller, Govt. Press, U T., Chandigarh.

1|0

ANNEXURE


TO

Punjab Vidhan Sabha Debates

18th December, 1986

Vol. IV—No. 5

OFFICIAL REPORT



Thursday, the 18th December, 1986

Punjab Vidhan Sabha Secretariat, Chandigarh

Price : Rs :

R 20-50

PUNJAB VIDHAN SABHA

Thursday, the 18th December, 1986

Annexure

This Annexure contains Unstarred Questions (converted as such from being Starred Questions) and Answers for the meeting dated 18th December, 1986

UNSTARRED QUESTIONS (CONVERTED AS SUCH FROM BEING STARRED QUESTIONS) AND ANSWERS FOR THE 18TH DECEMBER, 1986

Alternative means of carrying refuse by the sweepers

***434. (C.U.) Shri Jagjit Singh** : Will the Minister of State for Welfare of Scheduled Castes and Backward Classes be pleased to state whether the Government have evolved any alternative means of carriage of refuse etc. by the sweepers instead of carrying the same in buckets on their heads; if so, the details thereof ?

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ (ਰਾਜ ਮੰਤਰੀ, ਸਥਾਨਕ ਸਰਕਾਰ) : ਨਗਰਪਾਲਕਾਵਾਂ ਗੰਦ ਆਦਿ ਨੂੰ ਟੋਕਰੀਆਂ ਵਿਚ ਸਿਰਾਂ ਤੇ ਚੁਕਣ ਦੇ ਰਵਾਇਤੀ ਢੰਗ ਨੂੰ ਖਤਮ ਕਰਨ ਲਈ ਹੇਠ ਲਿਖੀਆਂ ਸਕੀਮਾਂ ਤੇ ਅਮਲ ਕਰ ਰਹੀਆਂ ਹਨ :—

1. ਗੰਦ ਆਦਿ ਨੂੰ ਕੂੜੇ ਦੇ ਢੋਲਾਂ ਜਾਂ ਹਾਈਡਰੋਲਿਕ ਕਨਟੇਨਰਜ਼, ਜੋ ਕਿ ਵੱਖ ਵੱਖ ਥਾਵਾਂ ਉਤੇ ਇਸ ਕੰਮ ਲਈ ਰਖੇ ਜਾਂਦੇ ਹਨ, ਤਕ ਲਿਜਾਉਣ ਲਈ ਸਫਾਈ ਸੇਵਕਾਂ ਨੂੰ ਹੱਥ ਰੇਹੜੀਆਂ ਦਿਤੀਆਂ ਜਾਂਦੀਆਂ ਹਨ ;

2. ਇਸ ਬੁਰਾਈ ਨੂੰ ਬਿਲਕੁਲ ਖਤਮ ਕਰਨ ਲਈ ਸ਼ਹਿਰਾਂ ਵਿਚ ਸੀਵਰ ਲਾਈਨਾਂ ਵਿਛਾਈਆਂ ਜਾ ਰਹੀਆਂ ਹਨ ;

3. 6 ਸ਼ਹਿਰਾਂ ਵਿਚ "ਲੋ ਕਾਸਟ ਸੈਨੀਟੇਸ਼ਨ ਸਕੀਮ" ਲਾਗੂ ਕੀਤੀ ਜਾ ਰਹੀ ਹੈ। ਜਿਸ ਰਾਹੀਂ ਗੰਦ ਆਪਣੇ ਆਪ ਜ਼ਮੀਨ ਦੋਜ਼ ਸੀਵਰੇਜ ਖੱਡ ਵਿੱਚ ਚਲਾ ਜਾਂਦਾ ਹੈ।

4. "ਫਸਟ ਸੈਨੀਟੇਸ਼ਨ ਪਰੋਜੈਕਟ" ਸਕੀਮ ਅਧੀਨ ਰਾਜ ਦੇ 9 ਮੁੱਖ ਸ਼ਹਿਰਾਂ ਨੂੰ ਕਮਪੋਸਟ ਪਲਾਂਟ ਦੇਣ ਲਈ ਕਦਮ ਚੁਕੇ ਜਾ ਰਹੇ ਹਨ ।

Setting up of separate Directorates for the Scheduled Castes and Backward Classes

***435. (C.U.) Shri Jagjit Singh** : Will the Minister of State for Welfare of Scheduled Castes and Backward Classes be pleased to state whether there is any proposal under the consideration of the Government to set up separate Directorates for the Scheduled Castes and Backward Classes; if so, the time by which it is likely to be done ?

ਸਰਦਾਰ ਦਲੀਪ ਸਿੰਘ ਪਾਂਧੀ : ਹਾਂ ਜੀ ।

Act for making reservation for recruitment of Scheduled Caste candidates

*436. (C.U.) **Shri Jagjit Singh :** Will the Minister of State for Welfare of Scheduled Castes and Backward Classes be pleased to State whether there is any proposal under the consideration of the Government to make Act for making reservation for the recruitment of the candidates belonging to Scheduled Castes; if so, the time by which it is likely to be done ?

ਸਰਦਾਰ ਦਲੀਪ ਸਿੰਘ ਪਾਂਧੀ : ਇਸ ਮਾਮਲੇ ਬਾਰੇ ਸਰਕਾਰ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ ਅਤੇ ਛੇਤੀ ਹੀ ਕੋਈ ਫੈਸਲਾ ਲੈਣ ਦੀ ਸੰਭਾਵਨਾ ਹੈ ।

Erosion of Agricultural land by floods in Chakki River

*438. (C.U.) **Master Mohan Lal :** Will the Minister for Revenue and Rehabilitation be pleased to state whether it is a fact that agricultural land of many villages in Pathankot Sub-Division was eroded by floods in Chakki River during the months of July and August, 1986 ; if so, the number and names of villages affected thereby alongwith the details of compensation, if any, paid by the Government to the affected people ?

ਸਰਦਾਰ ਮੇਜਰ ਸਿੰਘ ਉਬੋਕੇ : ਨਹੀਂ ਜੀ ।

Acquisition of land etc.in Dhar Block for construction of Thein Dam

*439. (C.U.) **Master Mohan Lal :** Will the Chief Minister be pleased to state —

(a) whether it is a fact that land, houses and trees of the land owners of the Dhar Block area in Pathankot Sub-Division have been acquired for the construction of the Thein Dam ;

(b) if the reply to part (a)above be in the affirmative, whether compensation has been paid to the land owners concerned; if not, the reasons therefor ;

(c) the details of the steps taken or proposed to be taken by the Government to rehabilitate the persons referred to in parts (a) and (b) above ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਹਾਂ ਜੀ ।

(ਅ) 2,509.72 ਏਕੜ ਰਕਬੇ ਦੇ ਐਵਾਰਡ ਸੁਣਾਏ ਜਾ ਚੁੱਕੇ ਹਨ ਅਤੇ ਭੂਮੀ ਮਾਲਕਾਂ ਨੂੰ, ਜੋ ਭੋਂ ਪ੍ਰਾਪਤੀ ਕੁਲੈਕਟਰ ਕੋਲ ਮੁਆਵਜ਼ਾ ਲੈਣ ਲਈ ਪੇਸ਼ ਹੋਏ, ਮੁਆਵਜ਼ਾ ਦੇ ਦਿਤਾ ਗਿਆ ਹੈ। ਸਾਰੇ ਮਕਾਨਾਂ ਦਾ ਮੁਆਵਜ਼ਾ ਸਿਵਾਇ 7 ਮਕਾਨਾਂ ਦੇ ਜਿਨ੍ਹਾਂ ਬਾਰੇ ਦਿਵਾਨੀ ਮੁਕੱਦਮੇ ਚਲਦੇ ਹਨ, ਦੇ ਦਿੱਤਾ ਗਿਆ ਹੈ । ਸਾਰੀਆਂ ਸਕੀਮਾਂ, ਸਿਵਾਏ ਟਨਲ ਅਤੇ ਪੋਰਟਲ ਏਰੀਆ ਅਤੇ ਸਟਾਫ ਕਲੋਨੀ ਵਿਚ ਵਾਧਾ ਸਕੀਮਾਂ ਦੇ ਜਿਨ੍ਹਾਂ ਵਿਚ ਕਿ ਬਾਗਬਾਨੀ ਵਿਭਾਗ ਵਲੋਂ ਅਜੇ ਮੁਆਵਜ਼ੇ ਦਾ ਅਨੁਮਾਨ ਲਾਏ ਜਾਣ ਦਾ ਇੰਤਜ਼ਾਰ ਹੈ, ਅਧੀਨ ਆਉਂਦੇ ਦਰਖ਼ਤਾਂ ਅਤੇ ਫਲਦਾਰ ਦਰਖ਼ਤਾਂ ਦਾ ਮੁਆਵਜ਼ਾ ਦੇ ਦਿਤਾ ਗਿਆ ਹੈ ।

(ੲ) ਦੂਸਰੇ ਰਾਜਾਂ, ਜਿਨ੍ਹਾਂ ਦਾ ਰਕਬਾ ਵੀ ਐਕਵਾਇਰ ਕੀਤਾ ਜਾ ਰਿਹਾ ਹੈ, ਨਾਲ ਸਲਾਹ-ਮਸ਼ਵਰਾ ਕਰਕੇ ਬਣਾਈਆਂ ਵਖੋ ਵਖ ਤਜਵੀਜ਼ਾਂ ਸਰਕਾਰ ਦੇ ਵਿਚਾਰ ਅਧੀਨ ਹਨ । ਫਿਰ ਵੀ ਉਜੜੇ ਲੋਕਾਂ ਨੂੰ ਪ੍ਰਜੈਕਟ ਤੇ ਤਰਜੀਹੀ ਆਧਾਰ ਤੇ ਨੌਕਰੀ ਦਿਤੀ ਜਾਂਦੀ ਹੈ ਬਸ਼ਰਤੇ ਕਿ ਉਹ ਯੋਗਤਾ ਸਬੰਧੀ ਸ਼ਰਤਾਂ ਪੂਰੀਆਂ ਕਰਦੇ ਹੋਣ ।

Training to Auxiliary Nurses Midwives

***440. (C.U.) Master Mohan Lal :** Will the Minister of State for Health and Family Welfare be pleased to state—

(a) whether Auxiliary Nurses Midwives have to undergo Training for promotions to the posts of State Nurses Grade - I ; if so, the number of such Auxiliary Nurses Midwives who are trained every year for the said purpose ;

(b) whether it is a fact that during their period of training they are paid salaries ?

ਸਰਦਾਰ ਸੁਖਦੇਵ ਸਿੰਘ ਢਿੱਲੋਂ : (ੳ) ਹਾਂ ਜੀ, ਪਰੰਤੂ ਸੀਟਾਂ ਦੀ ਕੋਈ ਨਿਸਚਿਤ ਗਿਣਤੀ ਨਹੀਂ ਹੈ ।

(ਅ) ਨਹੀਂ । ਉਨ੍ਹਾਂ ਨੂੰ ਸਿਖਲਾਈ ਦੌਰਾਨ ਬਣਦੀ ਛੁਟੀ ਦਿਤੀ ਜਾਂਦੀ ਹੈ ।

Quota fixed for Recruitment of workers for Thein Dam project

***441. (C.U.) Master Mohan Lal :** Will the Chief Minister be pleased to state—

(a) whether it is a fact that a quota has been fixed in employment for people of Dhar Area in the recruitment of workers for the Thein Dam Project ; if so, the details thereof ;

(b) whether the said quota is being adhered to ; if not, the reasons therefore and the steps taken or proposed to be taken to follow the same ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਹਾਂ ਜੀ । 10 ਪ੍ਰਤੀਸ਼ਤ ਕੋਟਾ ਪੰਜਾਬ ਗੌਰਮਿੰਟ ਨੇ ਥੀਨ ਡੈਮ ਪ੍ਰੋਜੈਕਟ ਦੇ ਸਥਾਨੀ ਲੋਕਾਂ ਲਈ ਰੱਖਿਆ ਹੈ ਜਿਸ ਵਿਚ ਧਾਰ ਬਲਾਕ ਸ਼ਾਮਲ ਹੈ ।

(ਅ) ਹਾਂ ਜੀ ।

Circle Education Office

***446. (C.U.) Shri Sewa Ram Arora :** Will the Minister for Education be pleased to state—

(a) whether it is a fact that Circle Education Office exists at each Divisional Headquarters ;

[Shri Sewa Ram Arora]

(b) if the reply to part (a) above be in the negative, the name of the division, where the said office does not exist alongwith the reasons thereof ?

ਸਰਦਾਰ ਸੁਰੇਜੀਤ ਸਿੰਘ ਬਰਨਾਲਾ (ਮੁੱਖ ਮੰਤਰੀ) : (ੳ) ਨਹੀਂ ।

(ਅ) ਫਿਰੋਜ਼ਪੁਰ ਮੰਡਲ ਵਿਚ ਸਿਖਿਆ ਵਿਭਾਗ ਦਾ ਕੋਈ ਮੰਡਲ ਸਿਖਿਆ ਦਫਤਰ ਨਹੀਂ ਹੈ। ਇਸ ਮੰਡਲ ਸਿਖਿਆ ਦਫਤਰ ਨੂੰ ਖੋਲ੍ਹਣ ਦਾ ਕੇਸ ਪੈਸੇ ਦੀਆਂ ਔਕੜਾਂ ਨੂੰ ਮਹਿਸੂਸ ਕਰਦੇ ਹੋਏ ਅੱਗੇ ਪਾ ਦਿੱਤਾ ਗਿਆ ਸੀ। ਰਾਜ ਸਰਕਾਰ ਵਲੋਂ ਖੇਦ ਕਰਦੇ ਹੋਏ ਅਸਮਰਥਾ ਪ੍ਰਗਟ ਕੀਤੀ ਗਈ ਹੈ, ਕਿ ਉਪਰੋਕਤ ਕਾਰਨਾਂ ਕਰਕੇ ਇਸ ਦਫਤਰ ਦਾ ਖੋਲ੍ਹਣਾ ਹਾਲ ਦੀ ਘੜੀ ਮੁਮਕਿਨ ਨਹੀਂ ।

Delegation of Powers of D.D.O. to the District Education Officers (Primary)

*448(C.U.) **Shri Sewa Ram Arora :** Will the Minister for Education be pleased to state whether there is any proposal under consideration of the Government to delegate the power of drawing and disbursing officer to the District Education Officers (Primary) in the State on the pattern of District Education Officers (Schools) ; if so, the time by which that is likely to be done ?

ਸਰਦਾਰ ਸੁਰਜੀਤ ਸਿੰਘ ਬਰਨਾਲਾ (ਮੁੱਖ ਮੰਤਰੀ) : ਹਾਂ ਜੀ। ਜਿੰਨਾਂ ਜਲਦੀ ਹੋ ਸਕਿਆ ਫੈਸਲਾ ਲੈ ਲਿਆ ਜਾਵੇਗਾ ।

Provision of Telephones in the Offices of the District Education Officers (Primary)

*449 (C.U.). **Shri Sewa Ram Arora :** Will the Minister for Education be pleased to state—

(a) whether all the District Education Officers have been provided with telephones in their respective offices ;

(b) if the reply to part (a) above be in the negative, the reasons therefor and the time by which they are likely to be provided with telephones ?

ਸਰਦਾਰ ਸੁਰਜੀਤ ਸਿੰਘ ਬਰਨਾਲਾ (ਮੁੱਖ ਮੰਤਰੀ) : (ੳ) ਹਾਂ ਜੀ। ਕਿਉਂ ਜੋ ਜ਼ਿਲ੍ਹਾ ਸਿਖਿਆ ਅਫਸਰ (ਪ੍ਰਾ) ਅਤੇ ਸੈਕੰਡਰੀ ਦੇ ਦਫਤਰ ਜ਼ਿਲ੍ਹਾ ਪੱਧਰ ਤੇ ਇਕ ਹੀ ਬਿਲਡਿੰਗ ਵਿੱਚ ਹਨ ਅਤੇ ਉਨ੍ਹਾਂ ਨੂੰ ਐਕਸਟੈਨਸ਼ਨ ਦੀ ਸੁਵਿਧਾ ਮਿਲੀ ਹੋਈ ਹੈ ।

(ਅ) 'ੳ' ਮੁਤਾਬਿਕ ਜੀ ।

Construction of Ramps over choes near village Nanowal, etc.

*466 (C.U). **Shri Ram Kishan Kataria :** Will the Minister of State for Public Works be pleased to state —

(a) whether any request has been received by the Government from the Legislator of Balachaur on 14th November, 1986 for the construction of ramps over choes near villages Nanowal and Chandiani Khurd in Saroa block of District Hoshiarpur ;

(b) if the reply to part (a) above be in the affirmative, the action so far taken thereon ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : (ੳ) ਹਾਂ ਜੀ। ਮਾਨਯੋਗ ਮੈਂਬਰ ਵਲੋਂ ਨੈਨੋਵਾਲ ਚੋਣ ਅਤੇ ਚੰਦਿਆਨੀ ਖੁਰਦ ਚੋਆਂ ਤੇ ਪੁਲ/ਕਾਜਵੇਜ਼ ਦੀ ਉਸਾਰੀ ਸਬੰਧੀ ਮੰਗ ਪੱਤਰ ਤਰਤੀਬਵਾਰ ਨਵੰਬਰ, 1985 ਅਤੇ ਮਾਰਚ 1986 ਵਿਚ ਆਏ ਸਨ।

(ਅ) ਪ੍ਰਸ਼ਨ ਵਿੱਚ ਉਠਾਏ ਦੋਵੇਂ ਕੰਮ ਪੇਂਡੂ ਲਿੰਕ ਸੜਕਾਂ ਦੇ ਹਨ। ਸਰਕਾਰੀ ਨੀਤੀ ਅਨੁਸਾਰ ਇਨ੍ਹਾਂ ਲਈ ਧੰਨ ਦੀ ਰਾਸ਼ੀ ਪੰਜਾਬ ਖੇਤੀ ਬਾੜੀ ਮੰਡੀਕਰਨ ਬੋਰਡ ਵਲੋਂ ਕੀਤੀ ਜਾਣੀ ਹੈ। ਬੋਰਡ ਵਲੋਂ ਧਨ ਜਮ੍ਹਾਂ ਕਰਾਉਣ ਤੇ ਇਹ ਕੰਮ ਹੱਥ ਵਿੱਚ ਲਏ ਜਾਣਗੇ।

Dams under Irrigation-cum-Flood Control Scheme

*467. (C.U.) **Shri Ram Kishan Kataria :** Will the Chief Minister be pleased to state the names and site of each Choe in district Hoshiarpur where dams under Irrigation-cum-Flood Control Scheme are proposed to be constructed by Kandi Watershed and Area Development Project, Punjab ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਚੋਅ ਜਿਨ੍ਹਾਂ ਦੀ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਬਣਾਉਣ ਦੀ ਤਜਵੀਜ਼ ਹੈ, ਫੰਡ ਦੀ ਉਪਲੱਬਧਤਾ ਹੋਣ ਤੇ, ਦੇ ਨਾਂ ਅਤੇ ਥਾਵਾਂ ਦਾ ਵੇਰਵਾ ਹੇਠਾਂ ਦਰਸਾਇਆ ਗਿਆ ਹੈ :—

ਲੜੀ ਨੰਬਰ	ਡੈਮ ਦੀ ਥਾਂ/ਚੋਅ
1.	ਲਾਲਦਾਂ
2.	ਮੈਲੀ
3.	ਸਲੇਰਾਂ
4.	ਰੋਹਾਲ
5.	ਡਮਸਾਲ
6.	ਜਨੌਰੀ
7.	ਢੋਲਬਾਹਾ

Blocks Selected under the Cattle Exchange Programme

*468. (C.U.) **Shri Ram Kishan Kataria :** Will the Minister of State for Animal Husbandry, Dairy Development and Fisheries be pleased to state—

(a) the number of blocks selected in district Hoshiarpur under the cattle exchange programme during the last 4 years;

(b) the number of productive animals given under the said scheme to the beneficiaries ;

(c) whether there is any proposal under consideration of the Government to extend the said scheme in other blocks of the said district; if so, the names thereof ?

ਸਰਦਾਰ ਜਗਦੇਵ ਸਿੰਘ ਤਾਜਪੁਰੀ : (ੳ) ਹੁਸ਼ਿਆਰਪੁਰ ਜ਼ਿਲ੍ਹੇ ਦੇ ਭੁੰਗਾ, ਮਹਿਲਪੁਰ ਅਤੇ ਹੁਸ਼ਿਆਰਪੁਰ ਬਲਾਕਾਂ ਦੇ 28 ਪਿੰਡ ਇਸ ਸਕੀਮ ਤਹਿਤ ਚੁਣੇ ਗਏ ਹਨ।

(ਅ) ਪਿਛਲੇ ਚਾਰ ਸਾਲਾਂ ਦੇ ਦੌਰਾਨ ਯਾਨਿ ਕਿ ਸਾਲ 1982-83 ਤੋਂ 1985-86 ਤੱਕ 1392 ਉਤਪਾਦਕ ਪਸ਼ੂ ਜ਼ਿਲਾ ਹੁਸ਼ਿਆਰਪੁਰ ਵਿਚ ਸਪਲਾਈ ਕੀਤੇ ਗਏ ਸਨ ।

(ੲ) ਇਸ ਸਕੀਮ ਨੂੰ ਹੁਸ਼ਿਆਰਪੁਰ ਜ਼ਿਲੇ ਦੇ ਦਸੂਹਾ, ਤਲਵਾੜਾ ਅਤੇ ਮੁਕੇਰੀਆਂ ਬਲਾਕਾਂ ਵਿਚ ਅਗਲੇ ਸਾਲਾਂ ਵਿਚ ਲਾਗੂ ਕਰਨ ਦੀ ਤਜਵੀਜ਼ ਹੈ ।

Construction of Work on the Dasuya-Ramgarh Road

*470. (C.U.) **Shri Romesh Chander Dogra** : Will the Minister of State for Public Works be pleased to state—

(a) the date on which the construction work on the Dasuya Ramgarh road (via Sansarpur Chhattarpur Dharampur) in Tehsil Dasuya, district Hoshiarpur was undertaken;

(b) the details of the portion of the said road which has since been completed and the time by which the remaining portion there is likely to be completed ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : (ੳ) ਦਸੂਹਾ ਤੋਂ ਰਾਮਗੜ੍ਹ ਸੜਕ ਦੀ ਉਸਾਰੀ ਦਾ ਕੰਮ ਜੁਲਾਈ, 1978 ਵਿੱਚ ਆਰੰਭ ਕੀਤਾ ਗਿਆ ਸੀ ।

(ਅ) ਦਸੂਹਾ ਤੋਂ ਚੁਮਾਹੀ (26.82 ਕਿਲੋ ਮੀਟਰ) ਵਿੱਚ ਸਰਫੇਸਿੰਗ ਤੇ ਪ੍ਰੀਮਿਕਸ ਕਾਰਪੇਟ ਦਾ ਕੰਮ ਪੂਰਾ ਹੋ ਚੁੱਕਾ ਹੈ ਅਤੇ ਵੀਅਰਿੰਗ ਕੋਟ ਦਾ ਕੰਮ ਚੁਮਾਹੀ ਤੋਂ ਧਰਮਪੁਰ (4.00 ਕਿਲੋ ਮੀਟਰ) ਦਾ ਕੰਮ ਵੀ ਪੂਰਾ ਹੋ ਚੁੱਕਾ ਹੈ। ਧਰਮਪੁਰ ਤੋਂ ਰਾਮਗੜ੍ਹ ਦੇ 4 ਕਿਲੋ ਮੀਟਰ ਦੇ ਹਿੱਸੇ ਵਿਚ ਮਿਟੀ ਦਾ ਕੰਮ ਵੀ ਪੂਰਾ ਕਰ ਦਿੱਤਾ ਗਿਆ ਸੀ ਪਰ ਬਾਰਸ਼ਾ ਕਾਰਨ ਇਸ ਦਾ ਕੁਝ ਹਿੱਸਾ ਰੁੜ੍ਹ ਗਿਆ ਹੈ। ਬਾਕੀ ਦਾ ਕੰਮ ਫੰਡਾਂ ਦੀ ਘਾਟ ਕਰਕੇ ਪੂਰਾ ਨਹੀਂ ਕੀਤਾ ਜਾ ਸਕਿਆ ਜਿਹੜਾ ਕਿ ਸਬੰਧਤ ਐਗਰੀ-ਕਲਚਰਲ ਮਾਰਕੀਟ ਕਮੇਟੀ ਵਲੋਂ ਜਮ੍ਹਾਂ ਕਰਵਾਇਆ ਜਾਣਾ ਹੈ । ਇਹ ਕੰਮ ਪ੍ਰਵਾਨਗੀ ਅਤੇ ਸਬੰਧਤ ਮਾਰਕੀਟ ਬੋਰਡ/ਮਾਰਕੀਟ ਕਮੇਟੀ ਵਲੋਂ ਫੰਡ ਜਮ੍ਹਾਂ ਕਰਾਉਣ ਉਪਰੰਤ ਮੁਕੰਮਲ ਕਰ ਦਿਤਾ ਜਾਵੇਗਾ।

Arrests from the Golden Temple Complex during the Operation Blue Star

*479. (C.U.) **Sardar Kuldip Singh Wadala** : Will the Chief Minister be pleased to state —

(a) the number of persons arrested from the Golden Temple Complex during the operation Blue Star in 1984 ;

(b) whether challans were filed against the persons referrred to in part (a) above by the Punjab Police ;

(c) whether there is any proposal under the consideration of Government to withdraw the challans referred to in part (b) above ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਓਪਰੇਸ਼ਨ ਬਲਿਊ ਸਟਾਰ ਦੇ ਦੌਰਾਨ 369 ਵਿਅਕਤੀ ਗ੍ਰਿਫਤਾਰ ਕੀਤੇ ਗਏ ਸਨ ।

(ਅ) ਨਹੀਂ ਜੀ ।

(ੲ) ਨਹੀਂ ਜੀ ।

Release of Army Deserters

*480. (C.U.) **Sardar Kuldip Singh Wadala :** Will the Chief Minister be pleased to state the setps taken by the Punjab Government to get the Army deserters who left their barracks during the operation Blue Star released in terms of the Rajiv -Gandhi -Longowal Accord ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਰਕਾਰ ਉਨ੍ਹਾਂ ਫੌਜੀਆਂ ਦੇ ਕੇਸਾਂ ਦੀ ਪੈਰਵੀ ਕਰਦੀ ਰਹੀ ਹੈ, ਜੋ ਓਪਰੇਸ਼ਨ ਬਲਿਊ ਸਟਾਰ ਕਾਰਣ ਅਨੁਸਾਸ਼ਨੀ ਕਾਰਵਾਈਆਂ ਵਿੱਚ ਉਲਝੇ ਹੋਏ ਹਨ। ਜਿਸ ਦੇ ਫਲਸਰੂਪ ਅਨੁਸਾਸ਼ਨੀ ਕੇਸਾਂ ਵਿਚ ਫਸੇ 2730 ਫੌਜੀਆਂ ਵਿੱਚੋਂ ਕੇਵਲ 219 ਅਜੇ ਵੀ ਕੈਦ ਵਿਚ ਹਨ। ਇਨ੍ਹਾਂ ਕੇਸਾਂ ਤੇ ਮੁੜ ਵਿਚਾਰ ਕੀਤੇ ਜਾਣ ਲਈ ਵੀ ਯਤਨ ਜਾਰੀ ਹਨ।

Confiscated Fire Arms

*481. (C.U.) **Sardar Kuldip Singh Wadala :** Will the Chief Minister be pleased to state —

(a) the criteria adopted for allotment of confiscated fire arms from the Government Armoury, Phillaur and fixing of prices thereof ;

(b) the names and addresses of persons who have been allotted the Fire Arms during the period from 29th September, 1985 to date alongwith the prices charged from each of them ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਜ਼ਬਤ ਕੀਤੇ ਅਗਨ-ਸ਼ਸਤਰ ਰਾਜ ਸਰਕਾਰ ਦੁਆਰਾ ਅਪਣਾਈ ਗਈ ਨਿਮਨ ਲਿਖਤ ਵਿਧੀ ਅਨੁਸਾਰ ਅਲਾਟ ਕੀਤੇ ਜਾਂਦੇ ਹਨ :—

1.	ਕਰਮਚਾਰੀਆਂ ਲਈ :	
	(ੳ) ਗਜ਼ਟਿਡ ਅਫਸਰ (ਆਈ.ਏ.ਐਸ. ਤੇ ਆਈ.ਪੀ.ਐਸ. ਕਰਮਚਾਰੀਆਂ ਲਈ)	... 10 ਪ੍ਰਤੀਸ਼ਤ
	(ਅ) ਨਾਨ-ਗਜ਼ਟਿਡ ਕਰਮਚਾਰੀ	... 15 ਪ੍ਰਤੀਸ਼ਤ
	(ੲ) ਮਿਲਟਰੀ ਅਫਸਰ/ਜਵਾਨ	... 5 ਪ੍ਰਤੀਸ਼ਤ
2.	ਗ਼ੈਰ ਸਰਕਾਰੀ ਵਿਅਕਤੀਆਂ ਲਈ	... 30 ਪ੍ਰਤੀਸ਼ਤ
3.	ਨਿਲਾਮੀ ਲਈ	... 40 ਪ੍ਰਤੀਸ਼ਤ

ਹਥਿਆਰਾਂ ਦੀ ਦਸ਼ਾ ਨੂੰ ਵਿਚਾਰ ਗੋਚਰੇ ਰਖਕੇ ਇਨ੍ਹਾਂ ਦੀ ਕੀਮਤ ਮੁਲੰਕਣ ਕਮੇਟੀ, ਜਿਸ ਵਿਚ ਗ੍ਰਹਿ ਤੇ ਵਿੱਤ ਵਿਭਾਗ ਦੇ ਪ੍ਰਤੀਨਿਧ ਅਫਸਰ-ਇੰਚਾਰਜ ਰਾਜ ਅਗਨ-ਸ਼ਸਤਰ ਬਿਊਰੋ ਅਤੇ ਮਾਹਿਰ ਹਥਿਆਰ ਡੀਲਰ ਹੁੰਦੇ ਹਨ, ਦੁਆਰਾ ਨਿਯਤ ਕੀਤੀ ਜਾਂਦੀ ਹੈ।

(ਅ) ਜਿਨ੍ਹਾਂ ਵਿਅਕਤੀਆਂ ਨੂੰ 29 ਸਤੰਬਰ, 1985 ਤੋਂ ਅੱਜ ਤਕ ਦੇ ਸਮੇਂ ਦੌਰਾਨ ਜ਼ਬਤ ਕੀਤੇ ਅਗਨ-ਸ਼ਸਤਰ ਅਲਾਟ ਕੀਤੇ ਗਏ ਹਨ ਉਨ੍ਹਾਂ ਦੇ ਨਾਵਾਂ ਅਤੇ ਉਨ੍ਹਾਂ ਪਾਸੋਂ ਲਈ ਗਈ ਕੀਮਤ ਦੀ ਸੂਚੀ ਅਨੁਲੱਗ ਵਿਚ ਨਾਂ ਨਾਲ ਨੱਥੀ ਹੈ ।

[Chief Minister]

List of weapons allotted from State Firearms Bureau, Pb. Phillaur from 29th September, 1985 to date

Serial No.	Butt. No.	Particulars of weapons	Cost	Names & addresses of allottees
1	2	3	4	5
1	13381	Gun No. BG II	400	Sh. Vinod Kumar Gupta, Distt. Attorney, Jalandhar
2	13881	Gun No. 17355/1500	500	Sh. B. D. Arora, Asstt., Jail Br., Sectt., Chandigarh.
3	29-1	Pistol No. 11776[illegible]	125	Sh. R. C. Joshi Supdt., Home, Chd.
4	14012	Pistol No. 4529	450	Sh. K. C. Mahajan Dy. Secy., Chd.
5	13359	Rev. No. 789372/309818	600	Sh. M. C. Trikha, IPS., IGP Intelligence, Pb., Chd.
6	10752	Pistol No. 12057	250	Sh. Ranbir Singh Sethi, Asstt., Sectt. Chd.
7	14019	Pistol No. FAB 14019	350	Sh. M. C. Joshi, Distt. Manager, Tel. Chd.
8	13379	Gun No. 14728	350	Sh. Gurcharan Singh, Asstt. Supdt. Jail, Ferozepur.
9	13527	Gun No. 2193	200	Sh. Garib Dass, Asstt. D. C. Office, Ropar
10	13760	Gun No. 278/69, 278/68/23	200	Sh. Karnail Singh, JBT Teacher, GPS, Sanghanwala, Moga.
11	13893	Gun No. SS 2209	200	Sh. Jagjit Kumar Handa, D. C. Office, Jalandhar.
12	13800	Gun No. 82075	475	Sh. Raj Bahadur Singh, Steno, Sectt.. Chd.
13	13797	Gun No. 5173	175	Sh. Gurcharan Singh, Tech. Asstt. -do-
14	13528	Gun No. 1982/70-71	200	Sh. Ansuya Parshad, Peon, Sectt. Chd.
15	13877	Gun No. 79838	450	Sh. Gurmukh Singh, Armourer, No. 122/PTC, Phillaur.
16	416—7	Gun No. 13445	650	Sh. Rajinder Lal, SI, FAB, Phillaur.
17	13985	Gun No. 36860/524	500	Sh. Hardial Gupta, XEN Irrigation Deptt. Amritsar.

18	13945	Gun No. 763-B/9	200	Sh. Laxmi Chand, Sr. Steno, Sectt. Chd.
19	13871	Gun No. 42999	425	Sh. R. N. Goel, PA Home Secy., Pb, Chd.
20	13728	Gun No. 71184	500	Sh. Pritam Singh Cholakia, Supdt., Press Branch.
21	13887	Gun No. 87419	800	Sh. Mohinder Singh Pannu, Asstt. Sectt. Chd.
22	13251	Gun No. 77573	300	Sh. Jasbir Singh Driver, Sectt. Chd.
23	13819	Gun No. 9687/126491	225	Sh. Vijay Kumar Bharti, Peon, Sectt., Chd.
24	13874	Gun No. 6093	600	Sh. K. K. Gupta, Supdt., Engg. Canal Colony Hoshiarpur.
25	13986	Gun No. 84543	500	Sh. S. K. Sinha, D. C. Patiala.
26	13525	Gun No. 936 ZT	250	Sh. Parkash Chand Head Constable.
27	13849	Gun No. 69271	400	Sh. Sawarna Ram Driver, Sectt. Chd.
28	13586	Gun No. 3611	200	Sh. Shamsher Singh, PA Joint Secy. Fin. Pb., Chd.
29	13920	Gun No. 671-70	200	Sh. G. S. Mann, Supdt., Accounts Sectt., Chd.
30	13959	Rifle No. 8548	1100	Sh. Gokal Patnaik, M. D., Markfed, Pb. Chd.
31	13762	Gun No. 1422-68	150	Sh. Chaman Lal Driver O/O MC Zoological Park, Chhatbir.
32	13533	Gun No. FI 7352	200	Sh. Nahar Singh Gate keeper Sectt., Chd.
33	13969	Pistol No. 598076	300	Sh. Sri Singh Sahib Jethedar C/O Sri Darbar Sahib, AS.
34	13839	Pistol No. FAB 13839/2974	300	Sh. Sri Jethedar Kirpal Singh, Singh Sahib, Akal Takhat.
35	13879	Gun No. 70555	450	Sh. Hardip Singh, PA, Pb., Sectt.
36	13899	Gun No. 40907	250	Sh. Bakshish Singh Punn, Supdt., Fin. Pb. Chd.
37	13918	Gun No. 6028-70	250	Sh. A. S. Bhinder Director, MC Zoological Park, Chhatbir.
38	13773	Pistol No. 298767	200	Sh. Surinder Singh, MLA Dhuri.

[Chief Minister]

1	2	3	4	5
39	13833	Gun No. FAB 13833	450	Sh. Gobind Singh Kanjala, MLA
40	13845	Gun No. 66052	400	Sh. Gurmail Singh S/O Zaildar Thaman Singh, VPO Sareshta, Jullundur.
41	13846	Gun No. 48851	450	Sh. Sukhdev Singh S/O -do- -do-
42	13749	Gun No. 88182	450	Sh. Gurnam Singh S/O Sh. Parma Nand Singh VPO Kanjala, Sangrur
43	13857	Gun No. 9676	450	Sh. Parmanand Singh S/O Sh. Jai Ram Singh -do-
44	13753	Gun No. 6663	300	Sh. Sukhwant Singh S/O Sh. Parmanand Singh -do-
45	13858	Gun/Rifle No. 81901	200	Sh. Surinder Pal Singh S/o Mohinder Singh -do-
46	13748	Gun No. 62845	350	Sh. Mohinder Singh Sandhu Ex. Asstt. Dev. Officer, Faridkot.
47	13958	Rifle No. 7828	1000	Sh. Amrik Singh S/O Hazara Singh, Takhat Sri Kesh Garh Sahib
48	13960	Rifle No. 3796	1050	Sh. Balwant Singh Sarhal, MLA
49	13580	Gun No. 62048	450	Sh. Gurdial Singh S/O Inder Singh V. Santokhpura, Sangrur.
50	13754	Gun No. 66222	250	Buta Singh V. Kaler, Faridkot.
51	13992	Gun No. 10643	300	Sh. Puran Singh Gate keeper, Secretariat, Chandigarh.
52	14057	30 Cal Carbine No. 1345278	1000	Sh. Kasturi Lal Minister, Punjab.
53	13813	Gun No. 77693	450	Sh. Giani Sahib Singh s/o Inder Singh Chowak Ghantaghar, Amritsar.
54	13844	Gun No. 3602/71	250	Sh. Jang Singh s/o Sh. Inder Singh, VPO Jangiana, Sangrur.
55	14316	Rev. No. 82114	1000	Sh. Piara Singh, s/o Sh. Naranjan Singh Patti, MLA.
56	14314	Rev. No. B 35013	1500	Sh. Surjit Singh Minhas, Speaker, Vidhan Sabha, Punjab.

57	14317	Rev. No. 280176	1500	Sh. Major APS Sandhu, OSD, Pb. Govt., Chandigarh.
58	14213	Gun No. 147368	600	Sh. Sawaran Singh, Vjalowal New Colony, Jalandhar.
59	14077	Gun No. 4878	400	Sh. Bakshish Singh s/o Sh. Jagir Singh, V. Mari Gaur Singh, Amritsar.
60	14315	Rev. No. 0708	1200	Sh. Kuldip Singh, Pvt. Secy., C.M. Pb., Chandigarh.
61	11079	Gun No. 91145	600	Sh. J.F. Riberio, IPS, D.G.P., Punjab, Chandigarh
62	14113	Rifle No. 74/1457	450	Sh. Baldev Singh s/o Sh. Narinder Singh, 488, Mohan Nagar, Amritsar.
63	14225	Gun No. 113716	400	Sh. Bishan Singh s/o Sher Singh, V. Bakhopir, Sangur.
64	14116	Rifle No. 4618	450	Sh. Iqbal Singh s/o Sh. Surjit Singh, Wara Pahuwindian, Ferozepur.
65	14026	Gun No 21347-A/9	500	Sh. Bhgwan Singh s/o Sh. Bharat Singh V, Kishan Singh Wala, Kapurthala.
66	14212	Gun No. 70496	500	Sh. Darshan Singh s/o Gurdev Singh, VPO Nangal, Sangrur.
67	14081	Gun No. 60277	600	Sh. Sohan Singh s/o Bhagat Singh, Moh. Gobind Nagar, Hoshiarpur.
68	14114	Rifle No. 6662	450	Sh. Himat Singh, V. Langriah, Sangrur.
69	14025	Gun No. 22160	700	Sh. Pritam Singh, Head Granthi, Akal Takhat, Amritsar.
70	14111	Rifle No. 4820	450	Smt. Avtar Kaur wife of Jathedar G.S. Mahlon, Takhat Sri Keshgarh.
71	14214	Gun No. 3017	400	Sh. Harcharan Singh Mahloan, Jathedar -do-
72	14223	Gun No. 18017	500	Sh. Davinder Singh, H.No. 1693, S. Punjab Singh Chowak Bawa Sahib, Asr.
73	14112	Rifle No. 8492	450	Sh. Bir Singh, Member SGPC 74, Garden Colony, Model Town, Jalandhar.
74	14227	Gun No. 42340	500	Sh. Jagdish Singh, s/o Shamsher Singh, VPO, Barnala.
75	14120	30 Cal Carbine No. 1077673	1200	Sh. Karnail Singh Doad, MLA.
76	14683	Rev. No. 77796	2500	Sh. Nasrut Ali Khan, Minister, Punjab.
77	14645	Rev. No. ESC 320/1938	1500	Sh. Gurdip Singh, MLA.

[Chief Minister]

1	2	3	4	5
78	13843	Gun. No. 74171	450	Members of Task Force SGPC, Amritsar.
79	13868	Gun. No. 36077-1971	300	
80	13869	Gun. No. 49228	400	
81	14027	Gun. No. 56655	600	
82	14047	Gun No. 94484	700	
83	14073	Gun No. 2620	400	
84	14216	Gun No. 68811	700	
85	13341	Gun No. 547-65	125	
86	13344	Gun No. 01482	500	
87	13345	Gun No. FI 2217	175	
88	133346	Gun No. SS 2916	125	
89	13348	Gun No. 867-66	125	
90	14242	Gun. No. 2911	300	
91	14244	Gun No. 41431	300	
92	14266	Gun No. 2549	250	
93	14275	Gun. No 3027	300	
94	13115	Rifle No. 3083	450	
95	14117	Rifle No. 6859	450	
96	14069	Pistol No. FAB 14069	500	

New Hospitals and Dispensaries

*482. (C.U.) **Sardar Kuldip Singh Wadala :** Will the Minister of State for Health and Family Welfare be pleased to state—

(a) the blockwise names of the villages where new Hospitals and Dispensaries have been sanctioned during the period from 29th September, 1987 to date ;

(b) the names of the villages out of those referred to in part (a) above to whom funds have been sanctioned for the construction of the building for the said Hospitals/Dispensaries.

ਸਰਦਾਰ ਸੁਰਜੀਤ ਸਿੰਘ ਬਰਨਾਲਾ (ਮੁੱਖ ਮੰਤਰੀ) : (ੳ) ਨਿਲ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

New Education Policy

*151. (C.U.) **Sardar Ranjit Singh Balian :** Will the Minister for Education be pleased to state—

(a) whether the Government has received New Education Policy from the Government of India, if so, a copy thereof be laid on the table of the House ;

(b) whether the Government has agreed to adopt the said new Education Policy ; if so ; from which academic year ?

ਸਰਦਾਰ ਸੁਰਜੀਤ ਸਿੰਘ ਬਰਨਾਲਾ (ਮੁੱਖ ਮੰਤਰੀ) : (ੳ) ਹਾਂ ਜੀ, ਨਵੀਂ ਸਿਖਿਆ ਨੀਤੀ ਦੀਆਂ ਕਾਪੀਆਂ ਭਾਰਤ ਸਰਕਾਰ ਤੋਂ ਪ੍ਰਾਪਤ ਹੋ ਗਈਆਂ ਹਨ। ਇਸ ਛਪੇ ਹੋਏ ਕਿਤਾਬਚੇ ਦੀਆਂ ਕਾਪੀਆਂ ਵੰਡਣ ਲਈ ਕਾਫੀ ਮਿਕਦਾਰ ਵਿਚ ਤਿਆਰ ਕੀਤੀਆਂ ਜਾ ਰਹੀਆਂ ਹਨ। ਪਰੰਤੂ ਮਾਨਯੋਗ ਮੈਂਬਰ ਦੀ ਜਾਣਕਾਰੀ ਲਈ ਇਸ ਕਿਤਾਬਚੇ ਦੀਆਂ 2 ਕਾਪੀਆਂ ਵਿਧਾਨ ਸਭਾ ਦੀ ਲਾਇਬਰੇਰੀ ਵਿਚ ਰੱਖੀਆਂ ਜਾਂਦੀਆਂ ਹਨ ।

(ਅ) ਹਾਂ ਜੀ, ਰਾਜ ਸਰਕਾਰ ਨੇ ਇਸੇ ਸਾਲ ਨਵੀਂ ਨੀਤੀ ਲਾਗੂ ਕਰਨ ਲਈ ਕਾਰਵਾਈ ਆਰੰਭ ਕਰ ਦਿਤੀ ਹੈ ।

Domestic Water Supply Connections in Rural Areas

*512. (C.U.) **Sardar Ranjit Singh Balian :** Will the Minister of State for Public Health be pleased to state—

(a) whether the Government has imposed any restriction for giving water supply connections for domestic use in the rural areas ;

[Sardar Ranjit Singh Balian]

(b) if the reply to part (a) above be in the affirmative whether the Government will reconsider a proposal for giving new water connections according to the demand to the residents of the villages in the State ?

ਸਰਦਾਰ ਸ਼ਸ਼ਪਾਲ ਸਿੰਘ : (ੳ) ਪੇਂਡੂ ਜਲ ਸਪਲਾਈ ਪਰੋਗਰਾਮ ਅਧੀਨ ਪਾਣੀ ਦੀ ਵੰਡ ਕੇਵਲ ਪਬਲਿਕ ਸਟੈਂਡ ਪੋਸਟਾਂ ਰਾਹੀਂ ਹੁੰਦੀ ਹੈ ਅਤੇ ਇਸ ਤਰ੍ਹਾਂ ਪੇਂਡੂ ਜਲ ਸਪਲਾਈ ਸਕੀਮਾਂ ਵੰਡ ਲਈ ਯੋਗ ਵਾਟਰ ਅਲਾਊਂਸ ਨਾਰਮਾਂ ਦੇ ਆਧਾਰ ਤੇ ਡਿਜ਼ਾਇਨ ਕੀਤੀਆਂ ਗਈਆਂ ਹਨ। ਫਿਰ ਵੀ ਗ੍ਰਾਮੀਣਾਂ ਦੀ ਮੰਗ ਨੂੰ ਮੁੱਖ ਰਖਦੇ ਹੋਏ ਪਿੰਡਾਂ ਵਿਚ ਮਿਲਣਯੋਗ ਪਾਣੀ ਦੀ ਮਿਕਦਾਰ ਦੇ ਆਧਾਰ ਤੇ ਸੀਮਿਤ ਪ੍ਰਾਈਵੇਟ ਕੁਨੈਕਸ਼ਨ ਜਿਹੜੇ ਕਿ 10 ਹਜ਼ਾਰ ਦੀ ਆਬਾਦੀ ਪਿਛੇ 10 ਹਨ, ਦੀ ਇਜ਼ਾਜ਼ਤ ਦਿਤੀ ਗਈ ਹੈ।

(ਅ) 'ੳ' ਦੇ ਉਤਰ ਨੂੰ ਮੁੱਖ ਰਖਦੇ ਹੋਏ ਸਵਾਲ ਹੀ ਪੈਦਾ ਨਹੀਂ ਹੁੰਦਾ।

Increase in the Building Fund

***513. (C.U.) Sardar Ranjit Singh Balian :** Will the Minister for Education be pleased to state whether there is any proposal under the consideration of the Government to withdraw the increase in the Building Fund, being charged from the students in the schools in the State ?

ਸਰਦਾਰ ਸੁਰਜੀਤ ਸਿੰਘ ਬਰਨਾਲਾ (ਮੁੱਖ ਮੰਤਰੀ) : ਦਸਵੀਂ ਕਲਾਸ ਤਕ ਬਿਲਡਿੰਗ ਫ਼ੰਡ ਦੀਆਂ ਦਰਾਂ ਵਿਚ ਅਕੈਡਮਿਕ ਸੈਸ਼ਨ 1986-87 ਤੋਂ ਕੋਈ ਵਾਧਾ ਨਹੀਂ ਕੀਤਾ ਗਿਆ ਸੀ। ਸਕੂਲ ਲੈਵਲ ਤੇ +2 ਸਿਸਟਮ ਕਲਾਸਾਂ ਲਈ ਜੋ ਵਾਧਾ ਕੀਤਾ ਗਿਆ ਸੀ ਉਹ ਪਹਿਲਾਂ ਹੀ 29 ਸਤੰਬਰ, 1986 ਤੋਂ ਵਾਪਿਸ ਲਿਆ ਜਾ ਚੁਕਾ ਹੈ।

Shifting of Industrial Units from the State

***516. (C.U.) Vaid Om Parkash Datta :** Will the Minister for Finance be pleased to state—

(a) whether industrialists are shifting their industries from Punjab to other states due to terrorist activities ; if so, the steps being taken by the Government to stop this tendency ;

(b) the number of such units shifted out of the State during the year, 1985-86 ?

ਸਰਦਾਰ ਬਲਵੰਤ ਸਿੰਘ : (ੳ) ਨਹੀਂ ਜੀ।

(ਅ) ਉਪਰੋਕਤ 'ੳ' ਅਨੁਸਾਰ ਲਾਗੂ ਨਹੀਂ ਹੁੰਦਾ।

Recommendations of the Central Pay Commission

***518. (C.U.) Shri Balmukand Sharma :** Will the Chief Minister be pleased to state—

(a) whether there is any proposal under the consideration of the Government to accept the recommendations of the Central Pay Commission *in toto* and make them applicable to its employees *mutatis mutandis* ;

(b) if the reply to part (a) above be in the negative, the basis on which the D.A. instalments are likely to be reckoned/paid to the Government employees in future ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਨਹੀਂ ਜੀ।

(ਅ) ਮਾਮਲੇ ਉਤੇ ਅਜੇ ਵਿਚਾਰ ਕੀਤਾ ਜਾਣਾ ਹੈ।

Government College at Kahnuwan

***520.(C.U.) Sardar Johar Singh :** Will the Minister for Education be pleased to state—

(a) whether there is any proposal under the consideration of the Government to establish a Government College at Kahnuwan, Tehsil and District Gurdaspur ;

(b) if the reply to part (a) above is in the affirmative ; the details of the steps being taken in that direction ?

ਸਰਦਾਰ ਸੁਰਜੀਤ ਸਿੰਘ ਬਰਨਾਲਾ (ਮੁੱਖ ਮੰਤਰੀ): (ਏ): ਹਾਂ ਜੀ।

(ਬੀ) ਵਿਭਾਗੀ ਕਮੇਟੀ ਨੇ ਇਲਾਕੇ ਦਾ ਸਰਵੇਖਣ ਕੀਤਾ ਹੈ ਅਤੇ ਕਮੇਟੀ ਦੀ ਰਿਪੋਰਟ ਸਰਕਾਰ ਦੇ ਵਿਚਾਰ ਅਧੀਨ ਹੈ।

Drain in Kahnuwan Block

***521. (C.U.) Sardar Johar Singh :** Will the Chief Minister be pleased to state —

(a) whether there is any proposal under the consideration of the Government to dig out a drain in Kanuwan Block in District Gurdaspur to drain out the rainy water therefrom ;

(b) if the reply to part (a) above be in the affirmative ; the details of the steps being taken in this direction ?

ਸਰਦਾਰ ਹਰੀ ਸਿੰਘ ਜ਼ੀਰਾ (ਰਾਜ ਮੰਤਰੀ, ਸਿੰਚਾਈ ਅਤੇ ਮਕਾਨ ਉਸਾਰੀ): (ੳ) : ਨਹੀਂ ਜੀ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

Checking of Private Buses by the General Managers and Divisional Managers

***529. (C.U.) Sardar Dilbagh Singh :** Will the Minister of State for Transport be pleased to state—

(a) whether the General Managers and Divisional Managers of Punjab Roadways are authorised to check the private buses in the State ; if so, the reasons thereof ;

[Sardar Dilbagh Singh]

(b) whether the Government is aware of the fact that the General Managers and the Divisional Managers harass the private operators and register false challans ;

(c) the steps being taken by the Government to stop the checking of the private buses by the said Officers ?

ਸਰਦਾਰ ਹਰਦੀਪਇੰਦਰ ਸਿੰਘ : (ੲ) ਹਾਂ ਜੀ, ਪੰਜਾਬ ਰੋਡਵੇਜ਼ ਦੇ ਡਵੀਜ਼ਨਲ ਮੈਨੇਜਰ ਅਤੇ ਜਨਰਲ ਮੈਨੇਜਰ ਜੋ ਕਿ ਪੀ.ਸੀ.ਐਸ. (ਐਗਜ਼ੈਕਟਿਵ ਬਰਾਂਚ) ਕਾਡਰ ਦੇ ਹਨ ਉਨ੍ਹਾਂ ਨੂੰ ਰਾਜ ਵਿਚ ਮੋਟਰ ਵਹੀਕਲ ਐਕਟ ਦੇ ਵੱਖ ਵੱਖ ਧਾਰਾਵਾਂ ਦੀ ਠੀਕ ਤਾਮੀਲ ਲਈ ਸਭ ਮੋਟਰ ਗੱਡੀਆਂ (ਪ੍ਰਾਈਵੇਟ ਬੱਸਾਂ ਸਮੇਤ) ਦੀ ਟਰੈਫਿਕ ਚੈਕਿੰਗ ਦੀਆਂ ਪਾਵਰਾਂ ਦਿਤੀਆਂ ਗਈਆਂ ਹਨ।

(ਬੀ) ਪੰਜਾਬ ਰੋਡਵੇਜ਼ ਦੇ ਪੀ.ਸੀ. ਐਸ. ਜਨਰਲ ਮੈਨੇਜਰਾਂ ਅਤੇ ਡਵੀਜ਼ਨਲ ਮੈਨੇਜਰਾਂ ਵੱਲੋਂ ਪ੍ਰਾਈਵੇਟ ਉਪਰੇਟਰਾਂ ਨੂੰ ਟਰੈਫਿਕ ਚੈਕਿੰਗ ਸਬੰਧੀ ਤੰਗ ਕਰਨ ਦੀ ਅਜਿਹੀ ਕੋਈ ਸ਼ਿਕਾਇਤ ਨੋਟਿਸ ਵਿਚ ਨਹੀਂ ਆਈ ਹੈ।

(ਸੀ) ਇਸ ਦਾ ਸਵਾਲ ਹੀ ਨਹੀਂ।

Link Roads in the State

***530. (C.U.) Sardar Dilbagh Singh :** Will the Minister of State for Public Works be pleased to state—

(a) the criteria adopted by the Government for constructing the link roads in the State ;

(b) the name of the link roads constructed in the Nawanshahar Sub-Division during the year, 1985-86 and the current financial year (upto date)?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : (ੳ) ਵਰਤਮਾਨ ਨੀਤੀ ਅਨੁਸਾਰ, ਮੰਡੀਕਰਣ ਬੋਰਡ/ਮਾਰਕੀਟ ਕਮੇਟੀਆਂ ਵੱਲੋਂ ਦਿਤੇ ਧੰਨ ਨਾਲ ਲਿੰਕ ਸੜਕਾਂ ਬਣਾਈਆਂ ਜਾਂਦੀਆਂ ਹਨ। ਲੋੜੀਂਦੇ ਧੰਨ ਜਮ੍ਹਾਂ ਕਰਾਉਣ ਉਪਰੰਤ ਇਸ ਕੰਮ ਨੂੰ ਭਵਨ ਤੇ ਮਾਰਗ ਸ਼ਾਖਾ ਹੱਥ ਵਿੱਚ ਲੈਂਦੀ ਹੈ। ਜ਼ਿਲ੍ਹਾ ਰੋਡ ਕਮੇਟੀ ਦੀ ਮੀਟਿੰਗ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਹਰ ਮਹੀਨੇ ਹੁੰਦੀ ਹੈ ਜਿਸ ਵਿੱਚ ਕੰਮਾਂ ਦੀ ਪਰੋਗਰੈਸ ਮਾਹਵਾਰੀ ਰਵਿਊ ਕੀਤੀ ਜਾਂਦੀ ਹੈ। ਕੁੱਝ ਪੇਂਡੂ ਸੜਕਾਂ ਮੰਡੀਕਰਣ ਬੋਰਡ ਵੱਲੋਂ ਆਪਣੇ ਇੰਜਨੀਅਰਜ਼ ਵਿੰਗ ਰਾਹੀਂ ਬਣਾਈਆ ਜਾ ਰਹੀਆਂ ਹਨ।

(ਅ) ਨਵਾਂ ਸ਼ਹਿਰ ਸਬ-ਡਵੀਜ਼ਨ ਵਿੱਚ ਜਿਹੜੀਆਂ ਸੜਕਾਂ ਲੋਕ ਨਿਰਮਾਣ ਵਿਭਾਗ ਵੱਲੋਂ ਸਾਲ 1985-86 ਅਤੇ 1986-87 ਵਿਚ ਬਣਾਈਆਂ ਗਈਆਂ ਹਨ, ਉਨ੍ਹਾਂ ਦੀ ਲਿਸਟ ਥਲੇ ਦਿਤੀ ਜਾਂਦੀ ਹੈ।

List of completed Roads for the year, 1985-86 in Nawanshahar Division District Jalandhar

(1) Constg. Shahpur to Dopalpur.

(2) Constg. Chakdana to Burj Tahal Dass.

(3) Constg. Chak Illahi Bakash Majoor.

(4) Constg. Karimpur to Subajpur.

(5) Constg. Raragpur to Bajion.

(6) Constg. Punnu Mazar to Langroya.

(7) Constg. Mazara Kalan to Rahon Jadla.

(8) Constg. Rahon Matewara to Bharta Khurd road.

(9) Constg. Musapur to N/Shahar Banga N/Shahar Kariha.

(10) Constg. Jandiala Harijan Basti.

(11) Constg. Kariha to Maanguwal.

(12) Constg. Lakhpur to Beeka.

(13) Constg. Dhehan Bus Stand to Langori.

(14) Constg. Khat Kar Kalan to Thandian.

(15) Constg. Sal Kalan to Harijan Basti.

(16) Constg. Chakdana to Dakhlour.

List of completed Roads for the year, 1986-87 in Nawanshahar Division District Jalandhar

(1) Constg. Chakli Sujat Dopalpur.

(2) Constg. Rahon Machhiwara to Barsal.

(3) Constg. Phool Makauri Nangal Shama.

(4) Constg. Charan Kanwal road.

(5) Constg. Pannu Mazara to Barsian.

(6) Constg. Kharkuwal Julah Mazara road.

(7) Meon Happowal Paddi Matwali.

(8) Bains to Bhootan.

(9) Constg. Rahon to Jandewal road.

(10) Constg. Bhodala Bazietpur Garhpadhana.

(11) Constg. Sajawalpur to Shahpur.

Roads in the Nawanshahar Sub-Division

***531. (C.U.) Sardar Dilbagh Singh :** Will the Minister of State for Public Works be pleased to state whether there is any proposal under the consideration of the State Government to repair the dilapidated link roads falling in the Nawanshahar Sub-Division ; if so, the time by which these link roads are likely to be repaired ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : ਪਿੰਡ ਦੀਆਂ ਲਿੰਕ ਸੜਕਾਂ ਦੀ ਉਸਾਰੀ ਅਤੇ ਸੰਭਾਲ ਖੇਤੀਬਾੜੀ ਮੰਡੀਕਰਨ ਕਮੇਟੀਆਂ ਵਲੋਂ ਦਿੱਤੇ ਜਾਣ ਵਾਲੇ ਧਨ ਨਾਲ ਕੀਤੀ ਜਾਂਦੀ ਹੈ ਕਿਉਂਕਿ ਸੜਕਾਂ ਦੀ ਮੁਰਮੰਤ ਲਈ ਕਾਫੀ ਧਨ ਦੀ ਲੋੜ ਹੈ, ਇਸ ਕੰਮ ਨੂੰ ਪੜਾਵਾਂ ਵਿਚ ਕਰਨ ਦਾ ਵਿਚਾਰ ਹੈ। 54.48 ਲੱਖ ਰੁਪਏ ਦੇ ਤਖਮੀਨੇ ਤਿਆਰ ਕਰਕੇ ਪੰਜਾਬ ਖੇਤੀਬਾੜੀ ਮੰਡੀਕਰਨ ਬੋਰਡ ਨੂੰ ਪ੍ਰਸ਼ਾਸ਼ਕੀ ਪਰਵਾਨਗੀ ਲਈ ਭੇਜੇ ਹੋਏ ਹਨ। ਇਹ ਕੰਮ ਦੀ ਸ਼ੁਰੂਆਤ (execution) ਲੋੜੀਂਦਾ ਧਨ ਜਮਾਂ ਕਰਾਉਣ ਤੇ ਨਿਰਭਰ ਹੋਵੇਗਾ।

Bridge over Drain Near Village Mehnian in District Amritsar

***534. (C.U.) Doctor Dalbir Singh :** Will the Chief Minister be pleased to state—

(a) whether it is a fact that village Jathuwal in the Verka Assembly Constituency in district Amritsar is linked with village Mehnian with a metalled road and there is no bridge on the drain passing between the said villages ;

(b) whether there is any proposal to construct the bridge referred to in part (a) above, if so, the time by which it is likely to be constructed ; if not, the reasons therefor?

ਸਰਦਾਰ ਹਰੀ ਸਿੰਘ ਜ਼ੀਰਾ (ਰਾਜ ਮੰਤਰੀ, ਸਿੰਚਾਈ ਅਤੇ ਮਕਾਨ ਉਸਾਰੀ) : (ੳ) ਹਾਂ ਜੀ।

(ਅ) ਨਹੀਂ ਜੀ। ਇਸ ਪੁਲ ਦੀ ਉਸਾਰੀ ਦੀ ਜ਼ਿੰਮੇਵਾਰੀ ਲੋਕ ਨਿਰਮਾਣ (ਭਵਨ ਅਤੇ ਮਾਰਗ) ਵਿਭਾਗ ਜਾਂ ਅੰਮ੍ਰਿਤਸਰ ਮਾਰਕੀਟਿੰਗ ਕਮੇਟੀ ਦੀ ਹੈ। ਮਾਰਕੀਟ ਕਮੇਟੀ ਨੇ ਡਰੇਨੇਜ ਆਰਗੇਨਾਈਜ਼ੇਸ਼ਨ ਨੂੰ ਬੇਨਤੀ ਕੀਤੀ ਹੈ ਕਿ ਇਹ ਪੁਲ ਉਨ੍ਹਾਂ ਦੇ ਖ਼ਰਚੇ ਤੇ ਉਸਾਰਿਆ ਜਾਵੇ। ਜੇਕਰ ਮਾਰਕੀਟ ਕਮੇਟੀ ਨੇ ਪੈਸੇ ਜਮ੍ਹਾਂ ਕਰਵਾ ਦਿੱਤੇ ਤਾਂ ਕੰਮ ਹੱਥ ਵਿਚ ਲਿਆ ਜਾ ਸਕਦਾ ਹੈ।

Persons killed near Village Chagawan by C.R.P.F.

***542. (C.U.) Sardar Kirpal Singh (Amritsar) :** Will the Chief Minister be pleased to state--

(a) whether it is a fact that two young persons were killed by the C.R.P.F. personnel near village Chagawan, Police Station Lapoke in District Amritsar in the third week of November, 1986 ; if so, the details of the action taken by the Government against the C.R.P.F. personnel who committed the crime ;

(b) whether any steps have been taken by the Government to avoid such incidents in future ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਸੀ.ਆਰ.ਪੀ. ਐਫ. ਦੀ ਇਕ ਪੈਟਰੋਲ ਪਾਰਟੀ ਨੇ ਮਿਤੀ 24 ਅਤੇ 25 ਨਵੰਬਰ, 1986 ਦੀ ਦਰਮਿਆਨੀ ਰਾਤ ਨੂੰ ਖਿਆਲਾ, ਪੁਲਿਸ ਸਟੇਸ਼ਨ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਨੇੜੇ ਇਕ ਕਾਰ ਨੂੰ ਰੁਕਣ ਦਾ ਸੰਕੇਤ ਕੀਤਾ ਸੀ। ਕਾਰ ਨਾ ਰੁਕੀ। ਪੈਟਰੋਲ ਪਾਰਟੀ ਨੂੰ ਕਾਰ ਵਿਚ ਬੈਠੇ ਆਦਮੀਆਂ ਦੇ ਅਤਿਵਾਦੀ ਹੋਣ ਦਾ ਸ਼ੱਕ ਹੋਇਆ ਅਤੇ ਉਨ੍ਹਾਂ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਕਾਰ ਵਿਚ ਸਵਾਰ ਆਦਮੀਆਂ ਵਿੱਚੋਂ 2 ਮਾਰੇ ਗਏ। ਪੁਲਿਸ ਸਟੇਸ਼ਨ ਲੋਪੋਕੇ ਵਿਚ ਸੀ.ਆਰ.ਪੀ.ਐਫ. ਦੀ ਰਿਪੋਰਟ ਤੇ ਇਸ ਬਾਰੇ ਇਕ ਕੇਸ ਰਜਿਸਟਰ ਕੀਤਾ ਗਿਆ ਸੀ ਅਤੇ ਤਫ਼ਤੀਸ਼ ਹੇਠ ਹੈ।

(ਅ) ਪੈਰਾ ਮਿਲਟਰੀ ਫੋਰਸਿਜ਼ ਅਤੇ ਦੂਸਰਾ ਪੁਲਿਸ ਕਰਮਚਾਰੀਆਂ ਨੂੰ ਇਹ ਸਖ਼ਤ ਹਦਾਇਤਾਂ ਹਨ ਕਿ ਉਹ ਆਪਣੇ ਫਰਜ਼ ਦੀ ਪਾਲਣਾ ਦੌਰਾਨ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਕਿਸੇ ਬੇਗੁਨਾਹ ਵਿਅਕਤੀ ਨੂੰ ਨੁਕਸਾਨ ਨਾ ਪੁਜੇ ਅਤੇ ਨਾ ਹੀ ਕੋਈ ਬੇਗੁਨਾਹ ਵਿਅਕਤੀ ਮਾਰਿਆ ਜਾਵੇ। ਇਹਨਾਂ ਫੋਰਸਿਜ਼ ਵੱਲੋਂ ਕੀਤੀ ਕਿਸੇ ਗੈਰ ਕਾਨੂੰਨੀ ਅਤੇ ਅਪਰਾਧੀ ਘਟਨਾਂ ਦੇ ਨੋਟਿਸ ਵਿਚ ਆਉਣ ਤੇ ਦੋਸ਼ੀ ਕਰਮਚਾਰੀਆਂ ਵਿਰੁੱਧ ਜ਼ਰੂਰੀ ਕਾਨੂੰਨੀ ਅਤੇ ਮਿਹਕਮਾਨਾਂ ਕਾਰਵਾਈ ਸਦਾ ਕੀਤੀ ਜਾਂਦੀ ਹੈ।

Supply of Cooking Gas

*543. **Sardar Kirpal Singh (Amritsar) :** Will the Chief Minister be pleased to state—

(a) whether it has come to the notice of the Government that there is corruption in the supply of cooking gas in the State ; if so, the steps taken/proposed to be taken to remove this evil ;

(b) the steps taken by the Government for the regular supply of cooking gas to the consumers in the state ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਅਜਿਹੇ ਦੋਸ਼ਾਂ ਦੀ ਪੜਤਾਲ ਤੇਲ ਕੰਪਨੀਆਂ ਅਤੇ ਭਾਰਤ ਸਰਕਾਰ ਵੱਲੋਂ ਕੀਤੀ ਜਾਂਦੀ ਹੈ।

(ਅ) ਖਾਣਾ ਬਣਾਉਣ ਵਾਲੀ ਗੈਸ ਦੀ ਸਪਲਾਈ ਅਤੇ ਵੰਡ ਤੇ ਸਮੁੱਚਾ ਕੰਟਰੋਲ ਤੇਲ ਕੰਪਨੀਆਂ ਦਾ ਹੈ। ਪੰਜਾਬ ਸਰਕਾਰ ਖਾਣਾ ਬਣਾਉਣ ਵਾਲੀ ਗੈਸ ਖਪਤਕਾਰਾਂ ਨੂੰ ਉਪਲਬੱਧ ਕਰਾਉਣ ਲਈ ਰਾਜ ਸੰਯੋਜਕ, ਭਾਰਤੀ ਤੇਲ ਕੰਪਨੀ (State Coordinator, IOC) ਨਾਲ ਲਗਾਤਾਰ ਸੰਪਰਕ ਰਖਦੀ ਹੈ ਅਤੇ ਇਸ ਗੈਸ ਦੀ ਸਪਲਾਈ ਨੂੰ ਚਾਲੂ ਰਖਣ ਲਈ ਪੰਜਾਬ ਵਿਚ ਇਸ ਤੇ ਆਪਣੀ ਕੰਟਰੋਲ ਕਰਨ ਲਈ ਆਪਣਾ ਕੰਟਰੋਲ ਆਰਡਰ ਬਣਾਉਣਾ/ਲਾਗੂ ਕਰਨ ਸਬੰਧੀ ਭਾਰਤ ਸਰਕਾਰ ਨਾਲ ਲਿਖਾ-ਪੜ੍ਹੀ ਕਰ ਰਹੀ ਹੈ।

Survey by Committee of Experts

*572. (C.U.) **Sardar Kirpal Singh (Amritsar) :** Will the Minister of State for Local Bodies be pleased to state—

(a) whether the Government proposes to get any survey conducted by a Committee of experts to the effect that the amount imposed on the house owners to whom the sewerage connections have been given is not on the higher side of the cost of material used and the labour charges etc ;

(b) if the reply to part (a) above be in the affirmative, whether the amount, if found to have been recovered in excess, would be refunded to the persons concerned ?

ਸਰਦਾਰ ਮਹਿੰਦਰ ਸਿੰਘ ਸਾਏਆਂਵਾਲਾ : (ੳ) ਨਹੀਂ ਜੀ।

(ਅ) ਸਵਾਲ ਪੈਦਾ ਨਹੀਂ ਹੁੰਦਾ।

Representation against the Gram Panchayat Chatamali

***573. (C.U.) Doctor Dalbir Singh :** Will the Minister of State for Rural Development and Panchayats be pleased to state whether the Government has received any representation from the residents of village Chatamali, Block, Majri, District Roopnagar regarding irregularities committed by the Gram Panchayat of the said village in the pavement of streets and drains of the said village ; if so, the details of the action taken thereon ?

ਸਰਦਾਰ ਬਲਦੇਵ ਸਿੰਘ ਖਿਆਲਾ : ਹਾਂ ਜੀ, ਪੜਤਾਲ ਕਰਵਾਈ ਜਾ ਰਹੀ ਹੈ। ਪੜਤਾਲ ਦੇ ਸਿੱਟੇ ਦੇ ਆਧਾਰ ਤੇ ਗਰਾਮ ਪੰਚਾਇਤ ਵਿਰੁੱਧ ਯੋਗ ਕਾਰਵਾਈ ਕੀਤੀ ਜਾਵੇਗੀ।

26898 PVS—Govt. Press, Chd.

Published under the authority of the Punjab Vidhan Sabha and printed by the Controller, Printing and Stationery Department (U.T.), Chd.

ਕਾਰਵਾਈ ।ਅਮ ਪ੍ਰਕਾਰ
ਮਿਸਲ ਰਿਕਾਰਡ ਕੀਤੀ ਗਈ
ਅਤੇ ਉਸ ਦਾ ਸੰਭਾਲ ਸਮਾ
'A' 'B' or 'C' proceedings in which the file was recorded and its retention period

ਕੀ ਕੇਸ ਸਬੰਧੀ ਨੋਟ ਸ਼ਾਖਾ/ ਸੈਕਸ਼ਨ ਦੀ ਨੋਟ ਬੁੱਕ ਵਿਚ ਰੱਖਿਆ ਹੋਇਆ ਹੈ ਜਾਂ ਨਹੀਂ
Whether note regarding case has been kept in the Branch/Sectional Note Book or not

ਸਬੰਧਤ ਸਹਾਇਕ ਦੇ ਹਸਤਾਖਰ
Initials of the concerned Assistant

ਰਿਕਾਰਡਰ ਦੇ ਹਸਤਾਖਰ
Initials of the Recorder

ਪਿਛਲੇ ਹਵਾਲੇ Previous References	ਬਾਅਦ ਦੇ ਹਵਾਲੇ Later References